SUPREME AUDIT INSTITUTION OF INDIA
लोकहितार्थ सत्यनिष्ठा
Dedicated to Truth in Public Interest

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ

ਪੰਜਾਬ ਖੇਤੀਬਾੜੀ ਯੂਨੀਵਰਸਿਟੀ

ਅਤੇ

ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਠੋਸ ਰਹਿੰਦ-ਖੂੰਹਦ ਪ੍ਰਬੰਧਨ ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆਵਾਂ ਦੀ ਰਿਪੋਰਟ

ਪੰਜਾਬ ਸਰਕਾਰ

2025 ਦੀ ਰਿਪੋਰਟ ਨੰ. 5

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ

ਪੰਜਾਬ ਖੇਤੀਬਾੜੀ ਯੂਨੀਵਰਸਿਟੀ

ਅਤੇ

ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਠੋਸ ਰਹਿੰਦ-ਖੂੰਹਦ ਪ੍ਰਬੰਧਨ ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆਵਾਂ ਦੀ ਰਿਪੋਰਟ

ਪੰਜਾਬ ਸਰਕਾਰ

2025 ਦੀ ਰਿਪੋਰਟ ਨੰ. 5

ਵਿਸ਼ਾ ਸਾਰਣੀ

ਵੇਰਵਾ	ਹਵਾਲਾ	
	ਪੈਰ੍ਹਾ	ਪੰਨਾ
ਭੂਮਿਕਾ	iii	
ਕਾਰਜਕਾਰੀ ਸਾਰ	v-xii	
ਕਾਰਗੁਜ਼ਾਰੀ ਲੇਖਾ ਪ੍ਰੀਖਿਆ I: ਪੰਜਾਬ ਖੇਤੀਬਾੜੀ ਯੂਨੀਵਰਸਿਟੀ		
ਜਾਣ ਪਛਾਣ	1.1	1
ਯੋਜਨਾਬੰਦੀ ਅਤੇ ਵਿੱਤੀ ਪ੍ਰਬੰਧਨ	1.2	6
ਅਕਾਦਮਿਕ ਗਤੀਵਿਧੀਆਂ	1.3	24
ਖੋਜ ਗਤੀਵਿਧੀਆਂ	1.4	49
ਖੇਤੀਬਾੜੀ ਤਕਨਾਲੋਜੀਆਂ ਦਾ ਵਿਸਥਾਰ	1.5	87
ਕਾਰਗੁਜ਼ਾਰੀ ਲੇਖਾ ਪ੍ਰੀਖਿਆ II: ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਠੋਸ ਰਹਿੰਦ-ਖੂੰਹਦ ਪ੍ਰਬੰਧਨ		
ਜਾਣ-ਪਛਾਣ	2.1	103
ਲੇਖਾ ਪ੍ਰੀਖਿਆ ਢਾਂਚਾ	2.2	108
ਰਣਨੀਤੀ ਅਤੇ ਯੋਜਨਾ	2.3	112
ਠੋਸ ਰਹਿੰਦ-ਖੂੰਹਦ ਪ੍ਰਬੰਧਨ ਪ੍ਰੋਸੈਸ ਦੀ ਪ੍ਰਭਾਵਸ਼ੀਲਤਾ	2.4	125
ਐਸ ਡਬਲਯੂ ਐਮ ਪ੍ਰੋਜੈਕਟਾਂ ਨੂੰ ਲਾਗੂ ਕਰਨਾ	2.5	174
ਨਿਗਰਾਨੀ ਅਤੇ ਮੁਲਾਂਕਣ	2.6	195
ਅੰਤਿਕਾਵਾਂ		211

ਭੂਮਿਕਾ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਅਪ੍ਰੈਲ 2017 ਤੋਂ ਮਾਰਚ 2022 ਤੱਕ ਦੇ ਸਮੇਂ ਲਈ ਇਹ ਰਿਪੋਰਟ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਪੰਜਾਬ ਦੇ ਰਾਜਪਾਲ ਜੀ ਨੂੰ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ।

ਇਸ ਰਿਪੋਰਟ ਵਿੱਚ ਦੋ ਕਾਰਗੁਜ਼ਾਰੀ ਲੇਖਾ ਪ੍ਰੀਖਿਆਵਾਂ 'ਪੰਜਾਬ ਖੇਤੀਬਾੜੀ ਯੂਨੀਵਰਸਿਟੀ' ਅਤੇ 'ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਠੋਸ ਰਹਿੰਦ-ਖੂੰਹਦ ਪ੍ਰਬੰਧਨ' ਦੇ ਨਤੀਜੇ ਸ਼ਾਮਲ ਹਨ।

ਇਹ ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਜਾਰੀ ਕੀਤੇ ਗਏ ਲੇਖਾ ਪ੍ਰੀਖਿਆ ਮਿਆਰਾਂ ਦੀ ਅਨੁਕੂਲਤਾ ਵਿੱਚ ਸੰਚਾਲਤ ਕੀਤੀ ਗਈ ਹੈ।

ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜ਼ੀ ਕਥਨ ਨੂੰ ਪ੍ਰਮਾਣਿਕ ਮੰਨਿਆ ਜਾਵੇ ਜੀ।

ਕਾਰਜਕਾਰੀ ਸਾਰ

ਕਾਰਜਕਾਰੀ ਸਾਰ

ਇਸ ਰਿਪੋਰਟ ਵਿੱਚ ਦੋ ਕਾਰਗੁਜ਼ਾਰੀ ਲੇਖਾ ਪ੍ਰੀਖਿਆਵਾਂ ਭਾਵ "ਪੰਜਾਬ ਖੇਤੀਬਾੜੀ ਯੂਨੀਵਰਸਿਟੀ" ਅਤੇ "ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਠੋਸ ਰਹਿੰਦ-ਖੂੰਹਦ ਪ੍ਰਬੰਧਨ" ਸ਼ਾਮਲ ਹਨ।

ਕਾਰਗੁਜ਼ਾਰੀ ਲੇਖਾ ਪ੍ਰੀਖਿਆ-I: ਪੰਜਾਬ ਖੇਤੀਬਾੜੀ ਯੂਨੀਵਰਸਿਟੀ

ਲੁਧਿਆਣਾ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਦੀ ਸਥਾਪਨਾ ਸਾਲ 1962 ਵਿੱਚ ਰਾਜ ਵਿਧਾਨ ਸਭਾ ਦੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ ਰਾਹੀਂ ਕੀਤੀ ਗਈ ਸੀ। ਕਾਰਗੁਜ਼ਾਰੀ ਲੇਖਾ ਪ੍ਰੀਖਿਆ ਇਸ ਗੱਲ ਦੀ ਪੁਸ਼ਟੀ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਸੀ ਕਿ ਕੀ i) ਵਿੱਤੀ ਪ੍ਰਬੰਧਨ ਕੁਸ਼ਲ ਅਤੇ ਪ੍ਰਭਾਵਸ਼ਾਲੀ ਸੀ, ਅਤੇ ਵਿੱਤੀ ਸਰੋਤਾਂ ਨੂੰ ਜੁਟਾਇਆ ਅਤੇ ਵਧੀਆ ਢੰਗ ਨਾਲ ਵਰਤਿਆਂ ਗਿਆ ਸੀ; ii) ਖੇਤੀਬਾੜੀ, ਖੇਤੀਬਾੜੀ ਇੰਜੀਨੀਅਰਿੰਗ ਅਤੇ ਸਬੰਧਤ ਖੇਤਰਾਂ ਵਿੱਚ ਅਕਾਦਮਿਕ ਕਾਰਜ ਕੁਸ਼ਲਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤੇ ਗਏ ਸਨ; iii) ਫੰਡਿੰਗ ਏਜੰਸੀਆਂ ਦੀਆਂ ਸ਼ਰਤਾਂ ਅਨੁਸਾਰ ਖੇਤੀਬਾੜੀ, ਖੇਤੀਬਾੜੀ ਇੰਜੀਨੀਅਰਿੰਗ ਅਤੇ ਸਬੰਧਤ ਖੇਤਰਾਂ ਵਿੱਚ ਖੋਜ ਗਤੀਵਿਧੀਆਂ ਕੀਤੀਆਂ ਗਈਆਂ ਸਨ; ਅਤੇ iv) ਵੱਖ-ਵੱਖ ਵਿਸਥਾਰ ਪ੍ਰੋਗਰਾਮਾਂ ਰਾਹੀਂ ਕਿਸਾਨਾਂ ਨੂੰ ਖੇਤੀਬਾੜੀ ਤਕਨਾਲੋਜੀਆਂ ਦਾ ਪ੍ਰਸਾਰ ਕੁਸ਼ਲਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ ਸੀ। ਪੀ ਏ ਯੂ ਨੇ ਭਾਰਤ ਵਿੱਚ "ਹਰੀ ਕ੍ਰਾਂਤੀ" ਵਿੱਚ ਮੋਹਰੀ ਭੂਮਿਕਾ ਨਿਭਾਈ। ਦੇਸ਼ ਵਿੱਚ ਆਪਣੇ ਸ਼ਾਨਦਾਰ ਯੋਗਦਾਨਾਂ ਨੂੰ ਮਾਨਤਾ ਦਿੰਦੇ ਹੋਏ, ਪੀ ਏ ਯੂ ਪਹਿਲੀ ਖੇਤੀਬਾੜੀ ਯੂਨੀਵਰਸਿਟੀ ਸੀ ਜਿਸ ਨੂੰ ਸਾਲ 1995 ਅਤੇ ਫਿਰ 2017 ਵਿੱਚ ਭਾਰਤੀ ਖੇਤੀਬਾੜੀ ਖੋਜ ਪਰਿਸ਼ਦ (ਆਈ ਸੀ ਏ ਆਰ) ਦੁਆਰਾ "ਸਰਬੋਤਮ ਸੰਸਥਾ ਪੁਰਸਕਾਰ" ਨਾਲ ਸਨਮਾਨਿਤ ਕੀਤਾ ਗਿਆ ਸੀ। ਹਾਲਾਂਕਿ, ਪੀ ਏ ਯੂ ਦੀ ਰਾਸ਼ਟਰੀ ਸੰਸਥਾਗਤ ਦਰਜਾਬੰਦੀ ਫਰੇਮਵਰਕ (ਐਨ ਆਈ ਆਰ ਐਫ) ਭਾਰਤ ਦੀਆਂ 100 ਯੂਨੀਵਰਸਿਟੀਆਂ ਵਿੱਚੋਂ 24 (2017) ਤੋਂ ਘੱਟ ਕੇ 51 (2019) ਹੋ ਗਈ; ਅਤੇ ਭਾਰਤ ਦੀਆਂ 100 ਸੰਸਥਾਵਾ ਅਤੇ ਯੂਨੀਵਰਸਿਟੀਆਂ (ਸੰਯੁਕਤ) ਵਿੱਚੋਂ 40 (2017) ਤੋਂ 75 (2019) ਹੋ ਗਈ।

ਪੀ ਏ ਯੂ ਦੀ 2017-18 ਤੋਂ 2021-22 ਦੀ ਮਿਆਦ ਨੂੰ ਕਵਰ ਕਰਨ ਵਾਲੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਜੂਨ 2022 ਅਤੇ ਫਰਵਰੀ 2023 ਦੇ ਵਿਚਕਾਰ ਕੀਤੀ ਗਿਆ ਸੀ। ਯੂਨੀਵਰਸਿਟੀ ਕੈਂਪਸ ਵਿੱਚ ਰਜਿਸਟਰਾਰ, ਕੰਪਟਰੋਲਰ, ਖੋਜ ਨਿਰਦੇਸ਼ਕ, ਵਿਸਥਾਰ ਨਿਰਦੇਸ਼ਕ, ਕਾਲਜਾਂ ਦੇ ਡੀਨ ਅਤੇ ਹੋਰ ਨਿਯੰਤਰਣ ਦਫਤਰਾਂ, ਪੰਜ ਕਾਲਜਾਂ ਦੇ 35 ਵਿਭਾਗਾਂ ਵਿੱਚੋਂ 12, 18 ਕ੍ਰਿਸ਼ੀ ਵਿਗਿਆਨ ਕੇਂਦਰਾਂ (ਕੇ ਵੀ ਕੇ) ਵਿੱਚੋਂ ਛੇ, ਨੌਂ ਖੋਜ ਕੇਂਦਰਾਂ ਵਿੱਚੋਂ ਤਿੰਨ ਅਤੇ ਛੇ ਬੀਜ ਫਾਰਮਾਂ (ਲਾਗੂ ਕਰਨ ਵਾਲੀਆਂ ਇਕਾਈਆਂ) ਵਿੱਚ ਦੋ ਦੇ ਦਫਤਰਾਂ ਵਿੱਚ ਰੱਖੇ ਗਏ ਰਿਕਾਰਡਜ਼ ਦੀ ਜਾਂਚ ਕੀਤੀ ਗਈ।

ਚਾਰ ਲੇਖਾ ਪ੍ਰੀਖਿਆ ਉਦੇਸ਼ਾਂ ਨਾਲ ਸਬੰਧਤ ਲੇਖਾ ਪ੍ਰੀਖਿਆ ਲੱਭਤਾਂ ਨੂੰ 'ਯੋਜਨਾਬੰਦੀ ਅਤੇ ਵਿੱਤੀ ਪ੍ਰਬੰਧਨ', 'ਅਕਾਦਮਿਕ ਗਤੀਵਿਧੀਆਂ', 'ਖੋਜ ਗਤੀਵਿਧੀਆਂ' ਅਤੇ 'ਖੇਤੀਬਾੜੀ ਤਕਨੀਕਾਂ ਦਾ ਵਿਸਥਾਰ' ਸਿਰਲੇਖਾਂ ਅਧੀਨ ਸੰਗਠਿਤ ਕੀਤਾ ਗਿਆ ਹੈ।

ਲੋੜੀਂਦਾ ਬਜਟ ਪ੍ਰਾਪਤ ਕਰਨ ਲਈ ਵਿੱਤੀ ਯੋਜਨਾਵਾਂ ਤੋਂ ਇਲਾਵਾ, ਮਾਪਣਯੋਗ ਟੀਚਿਆਂ, ਰਣਨੀਤੀਆਂ ਅਤੇ ਜ਼ਰੂਰਤਾਂ ਦਾ ਵਰਣਨ ਕਰਨ ਵਾਲੀ ਕੋਈ ਰਣਨੀਤਕ ਯੋਜਨਾ ਤਿਆਰ ਨਹੀਂ ਕੀਤੀ ਗਈ ਸੀ। ਯੂਨੀਵਰਸਿਟੀ ਨੇ 2017-22 ਦੌਰਾਨ ਕੁੱਲ ਉਪਲਬਧ ਫੰਡਾਂ ਦਾ 71 ਤੋਂ 86 *ਪ੍ਰਤੀਸ਼ਤ* ਖਰਚ ਕੀਤਾ। ਸਾਲ 2017-20 ਦੌਰਾਨ ਕਲੋਜ਼ਿੰਗ ਬੈਲੇਂਸ ਦੇ ਵਧਦੇ ਰੁਝਾਨ ਨੇ ਯੂਨੀਵਰਸਿਟੀ ਵੱਲੋਂ ਬਜਟ ਅਤੇ ਖਰਚ ਦੇ ਅਨੁਮਾਨ ਵਿੱਚ ਬੇਰੋਕ ਕਮੀਆਂ ਨੂੰ ਦਰਸਾਇਆ।

ਮੌਜੂਦਾ ਨਿਯਮਾਂ/ਹਦਾਇਤਾਂ ਦੀ ਉਲੰਘਣਾ ਕਰਦਿਆਂ ਭੁਗਤਾਨਾਂ ਦੀ ਵੰਡ ਦੀ ਲੋੜ ਨੂੰ ਯਕੀਨੀ ਬਣਾਏ ਬਿਨਾਂ ਨਿਯਮਤ ਅਧਾਰ ਤੇ ਅਸਥਾਈ ਪੇਸ਼ਗੀਆਂ ਲਈਆਂ ਗਈਆਂ। 31 ਮਾਰਚ 2022 ਤੱਕ, ₹ 64.61 ਕਰੋੜ ਦੀਆਂ ਅਸਥਾਈ ਪੇਸ਼ਗੀਆਂ ਨੂੰ ਐਡਜਸਟ ਨਹੀਂ ਕੀਤਾ ਗਿਆ ਸੀ, ਜਿਸ ਵਿੱਚੋਂ ₹ 13.42 ਕਰੋੜ ਪੰਜ ਸਾਲ ਤੋਂ ਵੱਧ ਪੁਰਾਣੇ ਸਮੇਂ ਭਾਵ 1971-72 ਤੋਂ 2016-17 ਨਾਲ ਸਬੰਧਤ ਸਨ। ਯੂਨੀਵਰਸਿਟੀ ਦੀਆਂ ਵਿੱਤੀ ਸਟੇਟਮੈਂਟਾਂ ਦੀ ਤਿਆਰੀ/ਸਾਂਭ-ਸੰਭਾਲ ਵਿੱਚ ਕਈ ਅਸਮਾਨਤਾਵਾਂ ਵੇਖੀਆਂ ਗਈਆਂ, ਜੋ ਕੋਡਲ ਪ੍ਰਬੰਧਾਂ ਦੇ ਅਨੁਕੂਲ ਨਹੀਂ ਸਨ।

ਰਾਸ਼ਟਰੀ ਖੇਤੀਬਾੜੀ ਸਿੱਖਿਆ ਮਾਨਤਾ ਬੋਰਡ (ਐਨ ਏ ਈ ਬੀ) ਕੋਲ ਮੁੜ ਮਾਨਤਾ ਲਈ ਅਰਜ਼ੀ ਦੇਣ ਵਿੱਚ ਦੇਰੀ ਕਾਰਨ ਯੂਨੀਵਰਸਿਟੀ ਪੰਜ ਮਹੀਨਿਆਂ ਤੋਂ ਵੱਧ ਸਮੇਂ ਲਈ ਭਾਰਤੀ ਖੇਤੀਬਾੜੀ ਖੋਜ ਪਰਿਸ਼ਦ (ਆਈ ਸੀ ਏ ਆਰ) ਦੀ ਲੋੜੀਂਦੀ ਮਾਨਤਾ ਤੋਂ ਬਿਨਾਂ ਰਹੀ। ਸਾਲ 2017-22 ਦੀ ਮਿਆਦ ਦੌਰਾਨ ਦਾਖਲਾ ਸਮਰੱਥਾ ਦੇ 14 ਤੋਂ 31 *ਪ੍ਰਤੀਸ਼ਤ* ਤੱਕ ਵਿਦਿਆਰਥੀਆਂ ਦੇ ਦਾਖਲੇ ਵਿੱਚ ਕਮੀ ਆਈ ਹੈ। ਇਸ ਤੋਂ ਇਲਾਵਾ ਅਪਾਹਜ ਵਿਅਕਤੀਆਂ (ਪੀ ਡਬਲਯੂ ਡੀ) ਸ਼੍ਰੇਣੀ ਵਿੱਚ ਵਿਦਿਆਰਥੀਆਂ ਦਾ ਦਾਖਲਾ 20 *ਪ੍ਰਤੀਸ਼ਤ* ਤੋਂ ਵੀ ਘੱਟ ਰਿਹਾ।

ਸਾਲ 2017-22 ਦੀ ਮਿਆਦ ਦੌਰਾਨ ਟੀਚਿੰਗ ਸਟਾਫ ਦੀ ਕੁੱਲ ਕਮੀ 39 ਅਤੇ 44 *ਪ੍ਰਤੀਸ਼ਤ* ਅਤੇ ਨਾਨ-ਟੀਚਿੰਗ ਸਟਾਫ ਦੀ 51 ਅਤੇ 58 *ਪ੍ਰਤੀਸ਼ਤ* ਦੇ ਵਿਚਕਾਰ ਸੀ। 31 ਮਾਰਚ 2022 ਤੱਕ ਟੀਚਿੰਗ ਸਟਾਫ ਕਾਡਰਾਂ ਵਿੱਚ ਕਮੀ 22 ਅਤੇ 44 *ਪ੍ਰਤੀਸ਼ਤ* ਦੇ ਵਿਚਕਾਰ ਸੀ। ਪੀ ਏ ਯੂ ਨੇ ਨਾ ਤਾਂ ਕੋਈ ਡਿਸਟੈਂਸ ਸਿੱਖਿਆ ਕੇਂਦਰ ਸਥਾਪਤ ਕੀਤਾ ਅਤੇ ਨਾ ਹੀ ਕੋਈ ਆਨਲਾਈਨ ਕੋਰਸ (ਫ੍ਰੈਂਚ ਭਾਸ਼ਾ ਨੂੰ ਛੱਡ ਕੇ) ਸ਼ੁਰੂ ਕੀਤਾ। ਸਾਲ 2017-22 ਦੀ ਮਿਆਦ ਦੌਰਾਨ ਪਲੇਸਮੈਂਟ ਦੀ ਮੰਗ ਕਰਨ ਵਾਲੇ 345 ਤੋਂ 682 ਵਿਦਿਆਰਥੀਆਂ ਦੇ ਮੁਕਾਬਲੇ 29 ਤੋਂ 71 *ਪ੍ਰਤੀਸ਼ਤ* ਵਿਦਿਆਰਥੀਆਂ ਨੂੰ ਪਲੇਸਮੈਂਟ ਮਿਲੀ।

ਯੂਨੀਵਰਸਿਟੀ ਵੱਲੋਂ ਪ੍ਰਸਤਾਵਿਤ ਕੁੱਲ 616 ਨਵੇਂ ਖੋਜ ਪ੍ਰੋਜੈਕਟਾਂ ਵਿੱਚੋਂ 2017-22 ਦੌਰਾਨ ਪ੍ਰੋਜੈਕਟ ਫੰਡਿੰਗ ਏਜੰਸੀਆਂ ਦੁਆਰਾ ਸਿਰਫ਼ 193 ਖੋਜ ਪ੍ਰੋਜੈਕਟਾਂ (31.33 *ਪ੍ਰਤੀਸ਼ਤ*) ਨੂੰ ਮਨਜ਼ੂਰੀ ਦਿੱਤੀ ਗਈ ਸੀ। ਯੂਨੀਵਰਸਿਟੀ ਨੇ ਫੰਡਿੰਗ ਏਜੰਸੀਆਂ ਦੁਆਰਾ ਖੋਜ ਪ੍ਰੋਜੈਕਟ ਪ੍ਰਸਤਾਵਾਂ ਨੂੰ ਪ੍ਰਵਾਨਗੀ ਨਾ ਦੇਣ ਦੇ ਕਾਰਨਾਂ ਦਾ ਪਤਾ ਲਗਾਉਣ/ਸਮੀਖਿਆ ਕਰਨ ਲਈ ਕੋਈ ਵਿਧੀ ਵਿਕਸਿਤ ਨਹੀਂ ਕੀਤੀ ਤਾਂ ਜੋ ਉਨ੍ਹਾਂ ਦੇ ਭਵਿੱਖ ਦੇ ਪ੍ਰੋਜੈਕਟ ਪ੍ਰਸਤਾਵਾਂ ਵਿੱਚ ਸੁਧਾਰ ਲਿਆਂਦਾ ਜਾ ਸਕੇ। ਫੰਡਿੰਗ ਏਜੰਸੀਆਂ ਤੋਂ ਫੰਡ ਉਪਲਬਧ ਹੋਣ ਦੇ ਬਾਵਜੂਦ, ਪੀ ਏ ਯੂ ਦੁਆਰਾ ਨਾਕਾਫੀ ਨਿਗਰਾਨੀ ਕਾਰਨ ਪ੍ਰੋਜੈਕਟਾਂ ਨੂੰ ਖਤਮ ਕਰਨ/ਪੂਰਾ ਨਾ ਕਰਨ ਦੇ ਮਾਮਲੇ ਵੀ ਵੇਖੇ ਗਏ।

ਪੀ ਏ ਯੂ ਟੈਕਨੋਲੋਜੀ ਮਾਰਕੀਟਿੰਗ ਅਤੇ ਬੌਧਿਕ ਜਾਇਦਾਦ ਅਧਿਕਾਰ (ਟੀ ਐਮ ਆਈ ਪੀ ਆਰ) ਸੈੱਲ ਕੋਲ ਸਮਰਪਿਤ ਪੂਰਾ ਸਮਾਂ ਨਹੀਂ ਸੀ। ਯੂਨੀਵਰਸਿਟੀ ਵੱਲੋਂ ਲਾਇਸੈਂਸ ਫੀਸ ਨਿਰਧਾਰਤ ਕਰਨ ਲਈ ਰਜਿਸਟ੍ਰੇਸ਼ਨ, ਤਕਨਾਲੋਜੀਆਂ/ਪੌਦਿਆਂ ਦੀਆਂ ਕਿਸਮਾਂ ਦੇ ਤਬਾਦਲੇ ਅਤੇ ਉਨ੍ਹਾਂ ਦੇ ਮੁਲਾਂਕਣ ਲਈ ਵਿਧੀ ਨਿਰਧਾਰਤ ਕਰਨ ਲਈ ਕੋਈ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ (ਐਸ ਓ ਪੀ) ਨਿਰਧਾਰਤ ਨਹੀਂ ਕੀਤੀ ਗਈ ਸੀ। ਵਿਕਸਤ, ਪੇਟੈਂਟ, ਰਜਿਸਟਰਡ (ਅਜੇ ਵਪਾਰੀਕਰਨ ਕੀਤਾ ਜਾਣਾ ਬਾਕੀ ਹੈ) ਤਕਨਾਲੋਜੀਆਂ/ਪੌਦਿਆਂ ਦੀ ਕਿਸਮਾਂ ਦੀ ਸਮੇਂ-ਸਮੇਂ ਤੇ ਰਿਪੋਰਟ ਕਰਨ ਦੀ ਕੋਈ ਪ੍ਰਣਾਲੀ ਉਪ ਕੁਲਪਤੀ ਅਤੇ ਬੋਰਡ ਆਫ ਮੈਨੇਜਮੈਂਟ (ਬੀ ਓ ਐਮ) ਕੋਲ ਨਹੀਂ ਸੀ ਤਾਂ ਜੋ ਇਨ੍ਹਾਂ ਤਕਨੀਕਾਂ/ਪੌਦਿਆਂ ਦੀਆਂ ਕਿਸਮਾਂ ਦੇ ਲਾਭਾਂ ਦਾ ਅੰਤਿਮ ਉਪਭੋਗਤਾਵਾਂ ਤੱਕ ਸਮੇਂ ਸਿਰ ਪ੍ਰਸਾਰ ਕਰਨ ਨੂੰ ਯਕੀਨੀ ਬਣਾਇਆ ਜਾ ਸਕੇ।

ਪੇਟੈਂਟ ਐਕਟ, 1970 ਅਧੀਨ ਲਾਗੂ 48 ਵਿਕਸਤ ਤਕਨੀਕਾਂ ਦੇ ਮੁਕਾਬਲੇ, ਨਵੰਬਰ 2022 ਤੱਕ 18 ਤਕਨੀਕਾਂ ਨੂੰ ਪੇਟੈਂਟ ਅਧਿਕਾਰ ਦਿੱਤੇ ਗਏ ਸਨ। ਇਨ੍ਹਾਂ ਵਿੱਚੋਂ ਪੀ ਏ ਯੂ ਅਤੇ ਆਈ ਸੀ ਏ ਆਰ ਦੀ ਸਹਿਯੋਗੀ ਖੋਜ ਵਾਲੇ ਚਾਰ ਮਾਮਲਿਆਂ ਵਿੱਚ ਪੇਟੈਂਟ ਸਰਟੀਫਿਕੇਟ ਸੰਯੁਕਤ ਰਜਿਸਟ੍ਰੇਸ਼ਨ ਦੀ ਬਜਾਏ ਆਈ ਸੀ ਏ ਆਰ ਦੇ ਨਾਮ 'ਤੇ ਦਿੱਤੇ ਗਏ ਸਨ।

ਪੌਦਿਆਂ ਦੀ ਕਿਸਮਾਂ ਦੀ ਸੁਰੱਖਿਆ ਅਤੇ ਕਿਸਾਨ ਅਧਿਕਾਰ (ਪੀ ਪੀ ਵੀ ਐਂਡ ਐਫ ਆਰ) ਐਕਟ, 2001 ਅਧੀਨ ਰਜਿਸਟ੍ਰੇਸ਼ਨ ਲਈ ਅਰਜ਼ੀਆਂ ਦੇਣ ਵਾਲੀਆਂ 97 ਵਿਕਸਤ ਪੌਦਿਆਂ ਦੀਆਂ ਕਿਸਮਾਂ ਵਿੱਚੋਂ 36 ਕਿਸਮਾਂ ਜੂਨ 2022 ਤੱਕ ਰਜਿਸਟਰ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ, 34 ਕਿਸਮਾਂ ਨੂੰ ਸੰਯੁਕਤ ਰਜਿਸਟ੍ਰੇਸ਼ਨ ਦੀ ਬਜਾਏ ਆਈ ਸੀ ਏ ਆਰ ਦੇ ਨਾਂਅ 'ਤੇ ਰਜਿਸਟਰ ਕੀਤਾ ਗਿਆ ਸੀ ਕਿਉਂਕਿ ਇਹ ਕਿਸਮਾਂ ਪੀ ਏ ਯੂ ਅਤੇ ਆਈ ਸੀ ਏ ਆਰ ਦੀ ਸਹਿਯੋਗੀ ਖੋਜ ਅਧੀਨ ਵਿਕਸਤ ਕੀਤੀਆਂ ਗਈਆਂ ਸਨ। ਸਾਲ 2017-22 ਦੌਰਾਨ ਪੌਦਿਆਂ ਦੀਆਂ 17 ਕਿਸਮਾਂ ਦਾ ਵਪਾਰੀਕਰਨ ਕੀਤਾ ਗਿਆ ਸੀ ਪਰ ਉਨ੍ਹਾਂ ਨੂੰ ਪੀ ਪੀ ਵੀ ਐਂਡ ਐਫ ਆਰ ਐਕਟ ਅਧੀਨ ਰਜਿਸਟਰ ਕੀਤੇ ਬਿਨ੍ਹਾਂ। ਇਸ ਤੋਂ ਇਲਾਵਾ, ਭੂਗੋਲਿਕ ਸੰਕੇਤ ਵਾਲੀਆਂ ਪੌਦਿਆਂ ਦੀਆਂ ਵੱਖ-ਵੱਖ ਕਿਸਮਾਂ ਨੂੰ ਯੂਨੀਵਰਸਿਟੀ ਦੁਆਰਾ ਜੀਓਗ੍ਰਾਫਿਕਲ ਇੰਡੀਕੇਸ਼ਨ ਆਫ ਗੁਡਜ਼ ਐਕਟ, 1999 ਅਧੀਨ ਰਜਿਸਟਰ ਨਹੀਂ ਕੀਤਾ ਗਿਆ ਸੀ।

ਯੂਨੀਵਰਸਿਟੀ ਨੂੰ ਜ਼ਮੀਨ ਦੇ ਥੋੜ੍ਹੇ ਸਮੇਂ ਲਈ ਤਬਾਦਲੇ ਦੇ ਮਾਮਲੇ ਵੀ ਵੇਖੇ ਗਏ ਜਿਸ ਨਾਲ ਖੋਜ ਕਾਰਜ ਅਤੇ ਬੀਜ ਉਤਪਾਦਨ ਲਈ ਯੂਨੀਵਰਸਿਟੀ ਦੇ ਖੇਤੀ ਯੋਗ ਖੇਤਰ 'ਤੇ ਅਸਰ ਪਿਆ। ਬੀ ਟੀ ਕਪਾਹ ਦੇ 1,274.77 ਕੁਇੰਟਲ ਗਰੇਡਡ ਬੀਜ ਦੇ ਝਾੜ ਦੇ ਮੁਕਾਬਲੇ, ਸਿਰਫ਼ 25.31 ਕੁਇੰਟਲ ਭਾਵ ਦੋ *ਪ੍ਰਤੀਸ਼ਤ* (ਸਾਲ 2017 ਵਿੱਚ ਬੀ ਟੀ 1 ਕਪਾਹ) ਬੀਜ ਵਜੋਂ ਵੇਚਿਆ ਗਿਆ ਸੀ ਅਤੇ ਬਾਕੀ 2017-21 ਦੀ ਮਿਆਦ ਦੌਰਾਨ ਉਪਜ ਵਜੋਂ ਵੇਚਿਆ ਗਿਆ ਸੀ। ਸਾਲ 2017-21 ਦੌਰਾਨ ਸਾਉਣੀ ਅਤੇ ਹਾੜ੍ਹੀ ਦੀਆਂ ਫਸਲਾਂ ਦੇ ਸਬੰਧ ਵਿੱਚ ਸ਼ੁੱਧੀਬੱਧ ਬੀਜਾਂ ਦੀ ਵਿਕਰੀ ਕਾਰਨ ਯੂਨੀਵਰਸਿਟੀ ਨੂੰ ₹ 7.26 ਕਰੋੜ ਦਾ ਨੁਕਸਾਨ ਹੋਇਆ ਹੈ।

ਸਾਲ 2017-22 ਦੌਰਾਨ ਲਾਜ਼ਮੀ ਲਾਇਸੈਂਸ ਪ੍ਰਾਪਤ ਕੀਤੇ ਬਿਨਾਂ ਦੋ ਕੀਟਨਾਸ਼ਕਾਂ ਦਾ ਨਿਰਮਾਣ ਅਤੇ ਵਿਕਰੀ ਦੇਖੀ ਗਈ। ਨੌਂ ਫਲਾਂ ਦੀਆਂ ਨਰਸਰੀਆਂ ਲਾਜ਼ਮੀ ਲਾਇਸੈਂਸ ਪ੍ਰਾਪਤ ਕੀਤੇ ਬਿਨ੍ਹਾਂ

ਚਲਾਈਆਂ ਜਾ ਰਹੀਆਂ ਸਨ। ਸੱਤ ਕਾਲਜਾਂ ਦੇ ਸਬੰਧ ਵਿੱਚ ਕੁੱਲ ਖੋਜ ਪ੍ਰਕਾਸ਼ਨਾਂ ਵਿੱਚੋਂ ਸਿਰਫ *ਪੰਜ* ਤੋਂ 52 *ਪ੍ਰਤੀਸ਼ਤ* ਨੂੰ 2017-22 ਦੀ ਮਿਆਦ ਦੌਰਾਨ 6.00+ ਦੇ ਸਕੋਰ ਦੇ ਨਾਲ ਥਾਮਸਨ ਰਾਇਟਰਜ਼ ਇਮਪੈਕਟ ਫੈਕਟਰ ਵਾਲੇ ਰਸਾਲਿਆਂ ਵਿੱਚ ਜਗ੍ਹਾ ਮਿਲ ਸਕੀ।

ਸਾਲ 2017-22 ਦੌਰਾਨ ਵਿਸਥਾਰ ਗਤੀਵਿਧੀਆਂ ਲਈ ਤੈਨਾਤ ਸਟਾਫ ਦੀ ਘਾਟ 44 *ਪ੍ਰਤੀਸ਼ਤ* ਅਤੇ 48 *ਪ੍ਰਤੀਸ਼ਤ* ਦੇ ਵਿਚਕਾਰ ਸੀ। 18 ਵਿੱਚੋਂ 17 ਕੇ ਵੀ ਕੇਜ਼ ਵਿੱਚ, ਆਈ ਸੀ ਏ ਆਰ ਨਾਲ ਸਬੰਧਤ ਸਹਿਮਤੀ ਪੱਤਰ (ਐਮ ਓ ਯੂ) ਵਿੱਚ ਲੋੜ ਅਨੁਸਾਰ ਇੱਕ ਤੋਂ 47.8 ਏਕੜ ਤੱਕ ਖੇਤੀ ਯੋਗ ਜ਼ਮੀਨ ਦੀ ਘਾਟ ਸੀ ਜਿਸ ਨਾਲ ਲਾਭਪਾਤਰੀਆਂ ਨੂੰ ਵਿਵਹਾਰਕ ਸਿਖਲਾਈ/ਕੰਮ ਦੇ ਤਜਰਬੇ ਦਾ ਪ੍ਰਸਾਰ ਪ੍ਰਭਾਵਿਤ ਹੋਇਆ।

ਫਿਰੋਜ਼ਪੁਰ ਵਿਖੇ ਦੋ ਕੇ ਵੀ ਕੇਜ਼ (ਕੋਰਸਾਂ ਅਤੇ ਭਾਗੀਦਾਰਾਂ ਦੀ ਗਿਣਤੀ ਦੇ ਸਬੰਧ ਵਿੱਚ ਟੀਚੇ ਪ੍ਰਾਪਤ ਕਰਨਾ) ਅਤੇ ਰੋਪੜ (ਭਾਗੀਦਾਰਾਂ ਦੇ ਮਾਮਲੇ ਵਿੱਚ ਟੀਚੇ ਪ੍ਰਾਪਤ ਕਰਨਾ) ਨੂੰ ਛੱਡ ਕੇ, ਬਾਕੀ ਚਾਰ ਚੁਣੇ ਗਏ ਕੇ ਵੀ ਕੇਜ਼ ਵਿੱਚੋਂ ਕੋਈ ਵੀ 2017-22 ਦੀ ਮਿਆਦ ਦੌਰਾਨ ਲਾਭਪਾਤਰੀਆਂ ਨੂੰ ਸਿਖਲਾਈ ਦੇਣ ਦੇ ਟੀਚਿਆਂ ਨੂੰ ਪ੍ਰਾਪਤ ਨਹੀਂ ਕਰ ਸਕਿਆ। ਇਸ ਤੋਂ ਇਲਾਵਾ, ਪ੍ਰਮੁੱਖ ਫਸਲਾਂ ਤੇ ਫਰੰਟਲਾਈਨ ਪ੍ਰਦਰਸ਼ਨ (ਐਫ ਐਲ ਡੀ) ਅਤੇ ਨਵੀਆਂ ਵਿਕਸਤ ਤਕਨਾਲੋਜੀਆਂ ਦੀ ਚੋਣਵੇਂ ਕੇ ਵੀ ਕੇਜ਼ ਵਿੱਚ ਘਾਟ ਸੀ।

ਪੀ ਏ ਯੂ ਵਿੱਚ ਸਥਾਪਤ ਖੇਤੀਬਾੜੀ ਤਕਨਾਲੋਜੀ ਸੂਚਨਾ ਕੇਂਦਰ (ਏ ਟੀ ਆਈ ਸੀ) ਨੇ ਕਿਸਾਨਾਂ ਅਤੇ ਹੋਰ ਅੰਤਮ ਉਪਭੋਗਤਾਵਾਂ ਲਈ ਤਕਨਾਲੋਜੀ ਉਤਪਾਦਾਂ, ਡਾਇਗਨੋਸਟਿਕ ਸੇਵਾਵਾਂ ਅਤੇ ਜਾਣਕਾਰੀ ਲਈ ਸਿੰਗਲ ਵਿੰਡੋ ਡਿਲੀਵਰੀ ਪ੍ਰਣਾਲੀ ਵਜੋਂ ਪੂਰੀ ਤਰ੍ਹਾਂ ਕੰਮ ਨਹੀਂ ਕੀਤਾ।

ਸਿਫਾਰਸ਼ਾਂ:

ਯੂਨੀਵਰਸਿਟੀ ਇਹ ਕਰ ਸਕਦੀ ਹੈ :

- *ਉਪਲਬਧ ਫੰਡਾਂ ਦੀ ਬਿਹਤਰ ਵਰਤੋਂ ਕਰਨ ਲਈ ਰਣਨੀਤਕ ਯੋਜਨਾ ਤਿਆਰ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣਾ;*
- *ਕੋਡਲ ਪ੍ਰਬੰਧਾਂ ਦੇ ਅਨੁਸਾਰ ਅਸਥਾਈ ਤਰੱਕੀ ਦੇ ਅਨੁਕੂਲਨ ਨੂੰ ਯਕੀਨੀ ਬਣਾਉਣਾ;*
- *ਯੂਨੀਵਰਸਿਟੀ ਦੀ ਸਹੀ ਅਤੇ ਸਹੀ ਵਿੱਤੀ ਸਥਿਤੀ ਨੂੰ ਦਰਸਾਉਣ ਲਈ ਵਿੱਤੀ ਸਟੇਟਮੈਂਟਾਂ ਦੀ ਤਿਆਰੀ ਨੂੰ ਸਹੀ ਢੰਗ ਨਾਲ ਤਿਆਰ ਕਰਨਾ;*
- *ਸਮਾਂਬੱਧ ਤਰੀਕੇ ਨਾਲ ਆਈ ਸੀ ਏ ਆਰ ਦੀ ਮਾਨਤਾ ਨੂੰ ਯਕੀਨੀ ਬਣਾਉਣਾ;*
- *ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਪ੍ਰਭਾਵਸ਼ਾਲੀ ਉਪਾਅ ਕਰਨਾ;*
- *ਫੰਡਿੰਗ ਏਜੰਸੀਆਂ ਨੂੰ ਸੌਂਪਣ ਤੋਂ ਪਹਿਲਾਂ ਖੋਜ ਪ੍ਰਸਤਾਵਾਂ ਦਾ ਮੁਲਾਂਕਣ ਕਰਨ ਅਤੇ ਗੈਰ-ਪ੍ਰਵਾਨਿਤ ਜਾਂ ਅਸਫਲ ਪ੍ਰੋਜੈਕਟਾਂ ਦੀ ਸਮੀਖਿਆ ਕਰਨ ਲਈ ਇੱਕ ਮਜ਼ਬੂਤ ਪ੍ਰਕਿਰਿਆ ਵਿਕਸਤ ਕਰਨਾ;*

- *ਆਪਣੀਆਂ ਵਿਕਸਤ ਤਕਨਾਲੋਜੀਆਂ ਅਤੇ ਪੌਦਿਆਂ ਦੀਆਂ ਕਿਸਮਾਂ ਦੀ ਸਮੇਂ ਸਿਰ ਰਜਿਸਟ੍ਰੇਸ਼ਨ ਅਤੇ ਵਪਾਰੀਕਰਨ ਨੂੰ ਯਕੀਨੀ ਬਣਾਉਣ ਲਈ ਤਕਨਾਲੋਜੀ ਮਾਰਕੀਟਿੰਗ ਅਤੇ ਬੌਧਿਕ ਜਾਇਦਾਦ ਅਧਿਕਾਰ (ਟੀ ਐਮ ਆਈ ਪੀ ਆਰ) ਸੈੱਲ ਨੂੰ ਮਜ਼ਬੂਤ ਕਰਨਾ;*
- *ਖੇਤੀ ਯੋਗ ਰਕਬਾ ਵਧਾਉਣ ਲਈ ਪ੍ਰਭਾਵਸ਼ਾਲੀ ਉਪਾਅ ਕਰਨਾ ਤਾਂ ਜੋ ਸਾਉਣੀ ਅਤੇ ਹਾੜ੍ਹੀ ਦੇ ਬੀਜਾਂ ਦਾ ਉਤਪਾਦਨ ਵਧਾਇਆ ਜਾ ਸਕੇ ਅਤੇ ਉਪਜ ਦੀ ਬਜਾਏ ਸ਼ੁੱਧ ਬੀਜਾਂ ਵਜੋਂ ਉਪਜ ਦੀ ਵੰਡ/ਵਿਕਰੀ ਨੂੰ ਯਕੀਨੀ ਬਣਾਇਆ ਜਾ ਸਕੇ;*
- *ਲਾਭਪਾਤਰੀਆਂ ਨੂੰ ਵਿਹਾਰਕ ਸਿਖਲਾਈ ਕਾਰਜ ਅਨੁਭਵ ਦੇ ਉਚਿਤ ਪ੍ਰਸਾਰ ਲਈ ਆਈ ਸੀ ਏ ਆਰ ਨਾਲ ਸਹਿਮਤੀ ਪੱਤਰਾਂ ਅਨੁਸਾਰ ਕੇ ਵੀ ਕੇਜ਼ ਕੋਲ ਲੋੜੀਂਦੀ ਜ਼ਮੀਨ ਨੂੰ ਯਕੀਨੀ ਬਣਾਉਣਾ; ਅਤੇ*
- *ਕਿਸਾਨਾਂ ਅਤੇ ਹੋਰ ਅੰਤਮ ਉਪਭੋਗਤਾਵਾਂ ਨੂੰ ਤਕਨਾਲੋਜੀ ਉਤਪਾਦ ਡਾਇਗਨੋਸਟਿਕ ਸੇਵਾਵਾਂ ਅਤੇ ਜਾਣਕਾਰੀ ਪ੍ਰਦਾਨ ਕਰਨ ਵਾਲੀ ਸਿੰਗਲ ਵਿੰਡੋ ਸਹਾਇਤਾ ਡਿਲੀਵਰੀ ਪ੍ਰਣਾਲੀ ਵਜੋਂ ਕੰਮ ਕਰਨ ਲਈ ਖੇਤੀਬਾੜੀ ਤਕਨਾਲੋਜੀ ਸੂਚਨਾ ਕੇਂਦਰ (ਏ ਟੀ ਆਈ ਸੀ) ਨੂੰ ਮਜ਼ਬੂਤ ਕਰਨਾ।*

ਕਾਰਗੁਜ਼ਾਰੀ ਲੇਖਾ ਪ੍ਰੀਖਿਆ-II: ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਠੋਸ ਰਹਿੰਦ-ਖੂੰਹਦ ਪ੍ਰਬੰਧਨ

ਸ਼ਹਿਰੀ ਖੇਤਰਾਂ ਵਿੱਚ ਮਿਉਂਸਪਲ ਠੋਸ ਰਹਿੰਦ-ਖੂੰਹਦ (ਐਮ ਐਸ ਡਬਲਯੂ) ਦਾ ਪ੍ਰਬੰਧਨ ਇੱਕ ਵੱਧ ਰਹੀ ਚੁਣੌਤੀ ਹੈ। ਇਹ ਨਾ ਸਿਰਫ਼ ਵਾਤਾਵਰਣ ਸਬੰਧੀ ਚਿੰਤਾਵਾ ਪੈਦਾ ਕਰਦਾ ਹੈ ਬਲਕਿ ਰਹਿੰਦ-ਖੂੰਹਦ ਦੇ ਅਣਉਚਿਤ ਪ੍ਰਬੰਧਨ ਅਤੇ ਨਿਪਟਾਰੇ ਕਾਰਨ ਜਨਤਕ ਸਿਹਤ ਨੂੰ ਵੀ ਖਤਰਾ ਪੈਦਾ ਕਰਦਾ ਹੈ। ਤੇਜ਼ੀ ਨਾਲ ਸ਼ਹਿਰੀਕਰਨ ਕਾਰਨ ਇਹ ਮੁੱਦਾ ਹੋਰ ਵਿਗੜ ਗਿਆ ਹੈ। ਐਮ ਐਸ ਡਬਲਯੂ ਵਿੱਚ ਵੱਖ-ਵੱਖ ਕਿਸਮਾਂ ਦਾ ਰਹਿੰਦ-ਖੂੰਹਦ ਸ਼ਾਮਲ ਹੈ, ਜਿਵੇਂ ਕਿ ਘਰੇਲੂ, ਸੈਨੇਟਰੀ, ਵਪਾਰਕ, ਸੰਸਥਾਗਤ, ਕੈਟਰਿੰਗ, ਮਾਰਕੀਟ ਅਤੇ ਗੈਰ-ਰਿਹਾਇਸ਼ੀ ਰਹਿੰਦ-ਖੂੰਹਦ। ਇਸ ਵਿੱਚ ਗਲੀਆਂ ਦੀ ਸਫਾਈ, ਨਾਲੀਆਂ ਤੋਂ ਗਾਰ, ਬਾਗਬਾਨੀ, ਖੇਤੀਬਾੜੀ ਅਤੇ ਡੇਅਰੀ ਰਹਿੰਦ-ਖੂੰਹਦ ਵੀ ਸ਼ਾਮਲ ਹੈ। ਰਹਿੰਦ-ਖੂੰਹਦ ਦੀ ਬਣਤਰ ਭੋਜਨ ਦੀਆਂ ਆਦਤਾਂ, ਜੀਵਨ ਸ਼ੈਲੀ, ਆਮਦਨ ਅਤੇ ਜਲਵਾਯੂ ਵਰਗੇ ਕਾਰਕਾਂ 'ਤੇ ਨਿਰਭਰ ਕਰਦੀ ਹੈ।

ਭਾਰਤ ਅਤੇ ਪੰਜਾਬ ਵਿੱਚ ਠੋਸ ਰਹਿੰਦ-ਖੂੰਹਦ ਜਨਰੇਸ਼ਨ:

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਦੀ ਰਿਪੋਰਟ (2021-22) ਅਨੁਸਾਰ:

- ਭਾਰਤ ਪ੍ਰਤੀ ਦਿਨ 1,70,339 ਮੀਟ੍ਰਿਕ ਟਨ (ਐਮ ਟੀ) ਠੋਸ ਰਹਿੰਦ-ਖੂੰਹਦ ਜਨਰੇਟ ਕਰਦਾ ਹੈ। ਇਸ ਵਿਚੋਂ, 92 *ਪ੍ਰਤੀਸ਼ਤ* (1,56,449 ਐਮ ਟੀ) ਇਕੱਤਰ ਕੀਤਾ ਜਾਂਦਾ ਹੈ, ਜਿਸ ਵਿਚੋਂ ਸਿਰਫ਼ 58 *ਪ੍ਰਤੀਸ਼ਤ* (91,511 ਐਮ ਟੀ) ਨੂੰ ਟਰੀਟ ਕੀਤਾ ਜਾਂਦਾ ਹੈ।
- ਪੰਜਾਬ ਵਿੱਚ, 2021-22 ਵਿੱਚ ਰੋਜ਼ਾਨਾ ਠੋਸ ਰਹਿੰਦ-ਖੂੰਹਦ ਦਾ ਜਨਰੇਸ਼ਨ 4,222 ਐਮ ਟੀ ਸੀ। ਇਸ ਵਿੱਚੋਂ, 4,207 ਐਮ ਟੀ ਇਕੱਤਰ ਕੀਤਾ ਗਿਆ ਸੀ, ਪਰ ਸਿਰਫ਼

35 *ਪ੍ਰਤੀਸ਼ਤ* (1,471 ਐਮ ਟੀ) ਨੂੰ ਟਰੀਟ ਕੀਤਾ ਗਿਆ ਸੀ। ਇਸ ਦਾ ਮਤਲਬ ਇਹ ਹੈ ਕਿ ਲਗਭਗ 65 *ਪ੍ਰਤੀਸ਼ਤ* ਰਹਿੰਦ-ਖੂੰਹਦ ਨੂੰ ਟਰੀਟ ਨਹੀਂ ਕੀਤਾ ਜਾਂਦਾ, ਜੋ ਠੋਸ ਰਹਿੰਦ-ਖੂੰਹਦ ਪ੍ਰਬੰਧਨ (ਐਸ ਡਬਲਯੂ ਐਮ) ਵਿੱਚ ਇੱਕ ਮਹੱਤਵਪੂਰਣ ਪਾੜੇ ਨੂੰ ਉਜਾਗਰ ਕਰਦਾ ਹੈ ਜਿਸ ਤੇ 166 ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀਜ਼) ਦੁਆਰਾ ਤੁਰੰਤ ਧਿਆਨ ਦੇਣ ਦੀ ਲੋੜ ਹੈ।

ਠੋਸ ਰਹਿੰਦ-ਖੂੰਹਦ ਨੂੰ ਆਮ ਤੌਰ ਤੇ ਬਾਇਓਡੀਗ੍ਰੇਡੇਬਲ ਰਹਿੰਦ-ਖੂੰਹਦ ਅਤੇ ਗੈਰ-ਬਾਇਓਡੀਗ੍ਰੇਡੇਬਲ ਰਹਿੰਦ-ਖੂੰਹਦ (ਵਿਕਰੀ ਯੋਗ ਰਹਿੰਦ-ਖੂੰਹਦ, ਰਿਫਿਊਜ਼ਡ ਡੇਰਾਈਵਡ ਫਿਊਲ, ਅਤੇ ਇਨਰਟਜ਼ ਸਮੇਤ) ਵਿੱਚ ਸ਼੍ਰੇਣੀਬੱਧ ਕੀਤਾ ਜਾਂਦਾ ਹੈ।

ਪੰਜਾਬ ਵਿੱਚ ਯੂ ਐਲ ਬੀ ਦੁਆਰਾ 2017 ਤੋਂ 2022 ਤੱਕ ਦੀ ਮਿਆਦ ਨੂੰ ਕਵਰ ਕਰਦੇ ਹੋਏ, ਐਸ ਡਬਲਯੂ ਐਮ ਦੀ ਕਾਰਗੁਜ਼ਾਰੀ ਅਗਸਤ 2022 ਅਤੇ ਮਾਰਚ 2023 ਦੇ ਵਿਚਕਾਰ ਕੀਤੀ ਗਈ ਸੀ। ਲੇਖਾ ਪ੍ਰੀਖਿਆ ਵਿੱਚ ਸਥਾਨਕ ਸਰਕਾਰਾਂ ਵਿਭਾਗਾਂ ਦੇ ਡਾਇਰੈਕਟਰ, ਪੰਜਾਬ ਮਿਉਂਸਪਲ ਇਨਫਰਾਸਟ੍ਰਕਚਰ ਡਿਵੈਲਪਮੈਂਟ ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ 20 ਚੁਣੇ ਹੋਏ ਯੂ ਐਲ ਬੀਜ਼ (ਪੰਜ ਨਗਰ ਨਿਗਮਾਂ, 10 ਮਿਉਂਸਪਲ ਕੌਂਸਲਾਂ ਅਤੇ ਪੰਜ ਨਗਰ ਪੰਚਾਇਤਾਂ) ਦੇ ਰਿਕਾਰਡਜ਼ ਦੀ ਸਮੀਖਿਆ ਕੀਤੀ ਗਈ।

25 ਡੰਪ ਸਾਈਟਾਂ ਅਤੇ ਰਹਿੰਦ-ਖੂੰਹਦ ਪ੍ਰੋਸੈਸਿੰਗ ਫਸਿਲਟੀਜ਼ ਦੀ ਸਾਂਝੀ ਭੌਤਿਕ ਜਾਂਚ ਵੀ ਕੀਤੀ ਗਈ ਸੀ।

ਲੇਖਾ ਪ੍ਰੀਖਿਆ ਦੁਆਰਾ ਜਾਂਚ ਕੀਤੀ ਗਈ: (i) ਐਸ ਡਬਲਯੂ ਐਮ ਲਈ ਯੋਜਨਾਬੰਦੀ ਪ੍ਰਕਿਰਿਆ; (ii) ਐਸ ਡਬਲਯੂ ਐਮ ਫੰਡਾਂ ਦਾ ਵਿੱਤੀ ਪ੍ਰਬੰਧਨ; (iii) ਰਹਿੰਦ-ਖੂੰਹਦ ਇਕੱਠਾ ਕਰਨ, ਵੱਖ ਕਰਨ, ਆਵਾਜਾਈ ਅਤੇ ਪ੍ਰੋਸੈਸਿੰਗ ਵਿੱਚ ਕੁਸ਼ਲਤਾ; ਅਤੇ (iv) ਐਸ ਡੀ ਜੀਜ਼ ਦੀ ਪ੍ਰਾਪਤੀ ਅਤੇ ਨਿਗਰਾਨੀ ਅਤੇ ਅੰਦਰੂਨੀ ਨਿਯੰਤਰਣ ਵਿਧੀਆਂ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਰਾਜ ਸਰਕਾਰ ਨੇ ਐਸ ਡਬਲਯੂ ਐਮ ਅਤੇ ਉਸਾਰੀ ਅਤੇ ਢਾਹੁਣ (ਸੀ ਐਂਡ ਡੀ) ਰਹਿੰਦ-ਖੂੰਹਦ ਪ੍ਰਬੰਧਨ ਨੀਤੀਆਂ ਸਮੇਂ ਸਿਰ ਤਿਆਰ ਨਹੀਂ ਕੀਤੀਆਂ। ਇਸ ਦੇ ਨਤੀਜੇ ਵਜੋਂ ਯੂ ਐਲ ਬੀਜ਼ ਦੁਆਰਾ ਉਪ-ਨਿਯਮ ਤਿਆਰ ਕਰਨ ਵਿੱਚ ਦੇਰੀ ਹੋਈ। ਨਤੀਜੇ ਵਜੋਂ, ਰਹਿੰਦ-ਖੂੰਹਦ ਨੂੰ ਵੱਖ ਕਰਨ, ਵਾਟਰਬਾਡੀ ਰਹਿੰਦ-ਖੂੰਹਦ ਦੀ ਰੋਕਥਾਮ, ਵਿਰਾਸਤੀ ਰਹਿੰਦ-ਖੂੰਹਦ ਪ੍ਰਬੰਧਨ ਅਤੇ ਐਸ ਡਬਲਯੂ ਐਮ ਬੁਨਿਆਦੀ ਢਾਂਚੇ ਦੀ ਸਥਾਪਨਾ ਵਰਗੀਆਂ ਪ੍ਰਮੁੱਖ ਗਤੀਵਿਧੀਆਂ ਨੂੰ ਕੁਸ਼ਲਤਾ ਨਾਲ ਹੱਲ ਨਹੀਂ ਕੀਤਾ ਗਿਆ। ਯੂ ਐਲ ਬੀਜ਼ ਐਸ ਡਬਲਯੂ ਐਮ ਲਈ ਢੁਕਵੀਂ ਕਾਰਜ ਯੋਜਨਾਵਾਂ ਤਿਆਰ ਨਹੀਂ ਕਰ ਸਕੇ। ਰਹਿੰਦ-ਖੂੰਹਦ ਦੇ ਜਨਰੇਸ਼ਨ ਅਤੇ ਰਚਨਾ ਦਾ ਮੁਲਾਂਕਣ ਨਿਰਧਾਰਤ ਨਿਯਮਾਂ ਦੀ ਪਾਲਣਾ ਵਿੱਚ ਨਹੀਂ ਕੀਤਾ ਗਿਆ ਸੀ, ਅਤੇ ਯੋਜਨਾਬੰਦੀ ਵਿੱਚ ਹਿੱਸੇਦਾਰਾਂ ਦੀ ਸ਼ਮੂਲੀਅਤ ਘੱਟ ਸੀ। ਯੂ ਐਲ ਬੀਜ਼ ਨੇ ਐਸ ਡਬਲਯੂ ਐਮ ਲਈ ਉਪਲਬਧ ਫੰਡਾਂ ਦੀ ਵਧੀਆਂ ਵਰਤੋਂ ਨਹੀਂ ਕੀਤੀ। 2017 ਅਤੇ 2022 ਦਰਮਿਆਨ ਐਸ ਡਬਲਯੂ ਐਮ ਲਈ ਨਿਰਧਾਰਤ ਕੀਤੇ ਗਏ ₹ 1,011.33 ਕਰੋੜ ਵਿੱਚੋਂ ਸਿਰਫ਼ ₹ 692.32 ਕਰੋੜ ਖਰਚ ਕੀਤੇ ਗਏ। ਇਸੇ ਤਰ੍ਹਾਂ, ਚੁਣੇ ਗਏ 20 ਯੂ ਐਲ ਬੀਜ਼, ਨੇ ₹ 620.18 ਕਰੋੜ ਦੇ ਉਪਲਬਧ ਫੰਡਾਂ ਦੇ ਮੁਕਾਬਲੇ ₹ 306.87 ਕਰੋੜ ਦੀ ਵਰਤੋਂ ਕੀਤੀ। ਇਸ ਤੋਂ ਇਲਾਵਾ, ਚੁਣੇ ਗਏ ਯੂ ਐਲ ਬੀਜ਼ ਨੇ ਉਪਭੋਗਤਾ

ਚਾਰਜਜ਼ ਵਜੋਂ ਸਿਰਫ਼ ₹ 1.06 ਕਰੋੜ (0.52 *ਪ੍ਰਤੀਸ਼ਤ*) ਇਕੱਤਰ ਕੀਤੇ, ਜੋ ਅਪ੍ਰੈਲ 2019 ਤੋਂ ਮਾਰਚ 2022 ਤੱਕ ਅਨੁਮਾਨਤ ₹ 204.84 ਕਰੋੜ ਤੋਂ ਘੱਟ ਹਨ।

ਰਹਿੰਦ-ਖੂੰਹਦ ਇਕੱਠਾ ਕਰਨ ਦੀ ਕੁਸ਼ਲਤਾ ਨਾਕਾਫੀ ਸੀ, ਜਿਸ ਵਿੱਚ ਰਹਿੰਦ-ਖੂੰਹਦ ਨੂੰ ਜਲ ਸਰੋਤਾਂ ਵਿੱਚ ਸੁੱਟਣ ਅਤੇ "ਗਾਰਬੇਜ ਵਲਨਿਰੇਬਲ ਪੁਆਇੰਟ" (ਜੀ ਵੀ ਪੀ) ਬਣਾਉਣ ਦੀਆਂ ਉਦਾਹਰਣਾਂ ਸਨ। ਇਸ ਤੋਂ ਇਲਾਵਾ, ਰਹਿੰਦ-ਖੂੰਹਦ ਨੂੰ ਵੱਖਰਾ ਕਰਨਾ ਅਸਮਰੱਥ ਸੀ, ਕਿਉਂਕਿ ਭੌਤਿਕ ਦੌਰਿਆਂ ਡੰਪਸਾਈਟਾਂ ਤੇ ਖਤਰਨਾਕ ਅਤੇ ਸੈਨੇਟਰੀ ਰਹਿੰਦ-ਖੂੰਹਦ ਸਮੇਤ ਅਲੱਗ-ਅਲੱਗ ਰਹਿੰਦ-ਖੂੰਹਦ ਪਾਇਆ ਗਿਆ ਸੀ। ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਲਈ ਲੋੜੀਂਦਾ ਬੁਨਿਆਦੀ ਢਾਂਚਾ, ਜਿਵੇਂ ਕਿ ਸਮੱਗਰੀ ਰਿਕਵਰੀ ਸਹੂਲਤਾਂ (ਐਮ ਆਰ ਐਫਜ਼) ਖਾਦ ਟੋਏ ਅਤੇ ਸੈਨੇਟਰੀ ਲੈਂਡਫਿਲ, ਨਾਕਾਫੀ ਸਨ। ਨਤੀਜੇ ਵਜੋਂ, ਇੱਕਤਰ ਕੀਤੇ ਰਹਿੰਦ-ਖੂੰਹਦ ਦਾ 68 *ਪ੍ਰਤੀਸ਼ਤ* ਬਿਨ੍ਹਾਂ ਪ੍ਰੋਸੈਸ ਕੀਤਾ ਰਹਿ ਗਿਆ, ਜਿਸ ਨਾਲ ਵਿਰਾਸਤੀ ਰਹਿੰਦ-ਖੂੰਹਦ ਇਕੱਠਾ ਹੋ ਗਿਆ। ਇਸ ਨਾਲ ਹਾਨੀਕਾਰਕ ਗੈਸਾਂ ਦਾ ਨਿਕਾਸ ਵੀ ਹੋਇਆ, ਜਿਵੇਂ ਕਿ ਮੀਥੇਨ- ਇੱਕ ਸ਼ਕਤੀਸਾਲੀ ਗ੍ਰੀਨਹਾਊਸ ਗੈਸ। ਇਸ ਤੋਂ ਇਲਾਵਾ, ਡੰਪਸਾਈਟਾਂ ਤੇ ਅੱਗ ਲੱਗਣ ਦੀਆਂ ਘਟਨਾਵਾਂ ਵੇਖੀਆਂ ਗਈਆਂ, ਇੱਕ ਘਟਨਾ ਦੇ ਨਤੀਜੇ ਵਜੋਂ ਸੱਤ ਲੋਕਾਂ ਦੀ ਦੁਖਦਾਈ ਮੌਤ ਹੋ ਗਈ, ਜਿਸ ਦੇ ਨਤੀਜੇ ਵਜੋਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ₹ 100 ਕਰੋੜ ਦਾ ਜੁਰਮਾਨਾ ਲਗਾਇਆ।

ਵਿਭਾਗ ਨੇ ਅੱਠ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ ਪੀ ਪੀ) ਪ੍ਰੋਜੈਕਟਾਂ ਦੀ ਪਛਾਣ ਕੀਤੀ, ਪਰ ਸਿਰਫ਼ ਇੱਕ ਹੀ ਚਾਲੂ ਸੀ। ਨਗਰ ਨਿਗਮ (ਕਾਰਪੋਰੇਸ਼ਨ) ਅੰਮ੍ਰਿਤਸਰ ਤਿੰਨ ਡੰਪਸਾਈਟਾਂ ਨੂੰ ਬੰਦ ਨਹੀਂ ਕਰ ਸਕਿਆ, ਸੈਕੰਡਰੀ ਕੁਲੈਕਸ਼ਨ ਪੁਆਇੰਟਾਂ ਨੂੰ ਖਤਮ ਨਹੀਂ ਕਰ ਸਕਿਆ, ਸੈਨੇਟਰੀ ਲੈਂਡਫਿਲ ਨਹੀਂ ਬਣਾ ਸਕਿਆ ਅਤੇ ਵੇਟਬ੍ਰਿਜ਼ ਸਥਾਪਤ ਨਹੀਂ ਕਰ ਸਕਿਆ। ਕਾਰਪੋਰੇਸ਼ਨ ਲੁਧਿਆਣਾ ਵਿੱਚ ₹ 8.48 ਕਰੋੜ ਦੀ ਲਾਗਤ ਨਾਲ ਬਣਾਇਆ ਗਿਆ ਮਾਡਰਨ ਕਾਰਕਾਸ ਯੂਟੀਲਾਈਜ਼ੇਸਨ ਪਲਾਂਟ ਲੋਕਾਂ ਦੇ ਵਿਰੋਧ ਕਾਰਨ ਬੰਦ ਪਿਆ ਹੈ। ਇਸ ਤੋਂ ਇਲਾਵਾ, ਚੁਣੇ ਹੋਏ ਯੂ ਐਲ ਬੀਜ਼ ਵਿੱਚ ਬੁੱਚੜਖਾਨੇ ਵਿਗਿਆਨਕ ਅਭਿਆਸਾਂ ਦੀ ਪਾਲਣਾ ਨਹੀਂ ਕਰਦੇ ਸਨ। ਲੁਧਿਆਣਾ ਵਿੱਚ ਇੱਕ ਆਧੁਨਿਕ ਬੁੱਚੜਖਾਨੇ 'ਤੇ ₹ 20.57 ਕਰੋੜ ਖਰਚ ਕਰਨ ਦੇ ਬਾਵਜੂਦ, ਇਸਦੀ ਘੱਟ ਵਰਤੋਂ ਕੀਤੀ ਗਈ। ਕਾਰਪੋਰੇਸ਼ਨ ਐਸ ਏ ਐਸ ਨਗਰ ਨੂੰ ਛੱਡ ਕੇ ਕਿਸੇ ਵੀ ਚੁਣੇ ਹੋਏ ਯੂ ਐਲ ਬੀਜ਼ ਵਿੱਚ ਸੀ ਐਂਡ ਡੀ ਵੇਸਟ ਮੈਨੇਜਮੈਂਟ ਨਹੀਂ ਕੀਤਾ ਗਿਆ ਸੀ ਜਿੱਥੇ ਸੀ ਐਂਡ ਡੀ ਰਹਿੰਦ-ਖੂੰਹਦ ਦੀ ਵਰਤੋਂ ਚੈਨਲਾਂ ਅਤੇ ਕਰਬਜ਼ ਦੇ ਨਿਰਮਾਣ ਲਈ ਕੀਤੀ ਜਾਂਣੀ ਸੀ।

ਇਸ ਰਿਪੋਰਟ ਵਿੱਚ ਦਰਸਾਏ ਗਏ ਯੂ ਐਲ ਬੀਜ਼ ਨੇ ਮਿਉਂਸਪਲ ਠੋਸ ਰਹਿੰਦ-ਖੂੰਹਦ ਨਿਯਮਾਂ ਅਧੀਨ ਲੋੜੀਂਦੇ ਰਿਕਾਰਡ ਨਹੀਂ ਰੱਖੇ। ਰਾਜ ਪੱਧਰੀ ਸਲਾਹਕਾਰ ਸੰਸਥਾ ਦੀ ਲੋੜੀਂਦੀ ਬਾਰੰਬਾਰਤਾ ਅਨੁਸਾਰ ਮੀਟਿੰਗ ਨਹੀਂ ਹੋਈ ਅਤੇ ਜ਼ਿਲ੍ਹਾਂ ਪ੍ਰਸ਼ਾਸਨ ਦੀਆਂ ਮੀਟਿੰਗਾਂ ਲੋੜ ਅਨੁਸਾਰ ਨਹੀਂ ਕੀਤੀਆਂ ਗਈਆਂ। 20 ਯੂ ਐਲ ਬੀਜ਼ ਦੀਆਂ 100 ਲੋੜੀਂਦੀਆਂ ਸਾਲਾਨਾ ਰਿਪੋਰਟਾਂ ਵਿੱਚੋਂ, 2017 ਅਤੇ 2022 ਦੇ ਵਿਚਕਾਰ ਸਿਰਫ਼ 74 ਰਿਪੋਰਟਾਂ ਉੱਚ ਅਧਿਕਾਰੀਆਂ ਨੂੰਸੌਂਪੀਆਂ ਗਈਆਂ ਸਨ। ਮੈਨੇਜਮੈਂਟ ਇਨਫਰਮੇਸ਼ਨ ਸਿਸਟਮ (ਐਮ ਆਈ ਐਸ) ਵਿੱਚ ਕੈਪਚਰ ਕੀਤੇ ਗਏ ਡਾਟਾ ਗਲਤ ਸੀ, ਜਿਸ ਵਿੱਚ ਯੂ ਐਲ ਬੀ ਰਿਕਾਰਡਜ਼ ਅਤੇ ਐਮ ਆਈ ਐਸ ਵਿੱਚ ਰਿਪੋਰਟ ਕੀਤੇ ਗਏ ਅੰਕੜਿਆਂ ਵਿੱਚ ਵਿਸੰਗਤੀਆਂ ਸਨ।

ਲੇਖਾ ਪ੍ਰੀਖਿਆ ਨੇ ਛੇ ਯੂ ਐਲ ਬੀਜ਼ ਵਿੱਚ ਠੋਸ ਰਹਿੰਦ-ਖੂੰਹਦ ਪ੍ਰਬੰਧਨ ਵਿੱਚ ਚੰਗੇ ਅਭਿਆਸਾਂ ਨੂੰ ਦੇਖਿਆ, ਜਿਵੇਂ ਕਿ ਹੇਠਾਂ ਉਜਾਗਰ ਕੀਤਾ ਗਿਆ ਹੈ:

- ਤਿੰਨ ਯੂ ਐਲ ਬੀਜ਼ ਵਿੱਚ-ਮਹਿਰਾਜ, ਐਸ ਬੀ ਐਸ ਨਗਰ ਅਤੇ ਰੂਪਨਗਰ-ਕੱਪੜੇ ਜਾਂ ਜੂਟ ਦੇ ਥੈਲੇ ਵੰਡੇ ਗਏ ਤਾਂ ਜੋ ਲੋਕਾਂ ਨੂੰ ਪਲਾਸਟਿਕ ਬੈਗਾਂ ਤੇ ਨਿਰਭਰਤਾ ਤੋਂ ਇਨਕਾਰ ਕਰਨ/ਘਟਾਉਣ ਲਈ ਉਤਸ਼ਾਹਤ ਕੀਤਾ ਜਾ ਸਕੇ।
- ਦੋ ਯੂ ਐਲ ਬੀਜ਼-ਫਿਰੋਜ਼ਪੁਰ ਅਤੇ ਸਰਹਿੰਦ ਨੇ ਡਿਸਪੋਜ਼ੇਬਲ ਦੀ ਥਾਂ ਲੋਕਾਂ ਲਈ ਸਟੀਲ ਦੇ ਭਾਂਡੇ ਖਰੀਦੇ ਅਤੇ ਵੰਡੇ।
- ਯੂ ਐਲ ਬੀ ਐਸ ਏ ਐਸ ਨਗਰ ਵਿੱਚ, ਨਿਰਮਾਣ ਅਤੇ ਢਾਹੁਣ ਵਾਲੇ ਰਹਿੰਦ-ਖੂੰਹਦ ਦੀ ਵਰਤੋਂ ਚੈਨਲਾਂ ਅਤੇ ਕਰਬਜ਼ ਨੂੰ ਬਣਾਉਣ ਲਈ ਕੀਤੀ ਜਾਂਦੀ ਸੀ।

ਸਿਫਾਰਸ਼ਾਂ:

ਰਾਜ ਸਰਕਾਰ/ਯੂ ਐਲ ਬੀਜ਼ ਇਹ ਯਕੀਨੀ ਬਣਾ ਸਕਦੇ ਹਨ:

- ਯੋਜਨਾਬੰਦੀ ਪ੍ਰਕਿਰਿਆ ਵਿੱਚ ਹਿੱਸੇਦਾਰਾਂ ਦੀ ਸ਼ਮੂਲੀਅਤ;
- ਐਸ ਡਬਲਯੂ ਐਮ ਲਈ ਬਿਹਤਰ ਨਾਗਰਿਕ ਸਹੂਲਤਾਂ ਪੈਦਾ ਕਰਨ ਲਈ ਉਪਲਬਧ ਫੰਡਾਂ ਦੀ ਸਰਵੋਤਮ ਅਤੇ ਪੂਰੀ ਵਰਤੋਂ;
- ਯੂ ਐਲ ਬੀਜ਼ ਦੀ ਵਿੱਤੀ ਸਥਿਰਤਾ ਲਈ ਰਹਿੰਦ-ਖੂੰਹਦ ਜਨਰੇਟਰਜ਼ ਤੋਂ ਬਕਾਇਆ ਉਪਭੋਗਤਾ ਚਾਰਜਜ਼ ਨੂੰ ਇਕੱਤਰ ਕਰਨਾ;
- ਜਨਤਕ ਅਤੇ ਵਾਤਾਵਰਣ ਨੂੰ ਬਿਨ੍ਹਾਂ ਇਲਾਜ ਵਾਲੇ ਰਹਿੰਦ-ਖੂੰਹਦ ਦੇ ਖਤਰਨਾਕ ਪ੍ਰਭਾਵਾਂ ਤੋਂ ਬਚਾਉਣ ਲਈ ਵਿਗਿਆਨਕ ਤਰੀਕੇ ਨਾਲ ਵਿਰਾਸਤੀ ਰਹਿੰਦ-ਖੂੰਹਦ ਸਮੇਤ ਠੋਸ ਰਹਿੰਦ-ਰਹਿੰਦ ਨੂੰ ਇਕੱਤਰ ਕਰਨ, ਵੱਖ ਕਰਨ, ਆਵਾਜਾਈ ਅਤੇ ਨਿਪਟਾਰੇ ਵਿੱਚ ਕੁਸ਼ਲਤਾ ਵਧਾਉਣ ਲਈ ਐਸ ਡਬਲਯੂ ਐਮ ਨਿਯਮਾਂ ਦੀ ਪਾਲਣਾ;
- ਨਿਯਮਾਂ ਅਧੀਨ ਲੋੜ ਅਨੁਸਾਰ ਹੋਰ ਰਹਿੰਦ-ਖੂੰਹਦ ਜਿਵੇਂ ਕਾਰਕਾਸ ਰਹਿੰਦ-ਖੂੰਹਦ, ਸੀ ਐਂਡ ਡੀ ਰਹਿੰਦ-ਖੂੰਹਦ ਅਤੇ ਬੁੱਚੜਖਾਨੇ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਇੱਕ ਏਕੀਕ੍ਰਿਤ ਲਾਗੂ ਕਰਨ ਦੀ ਯੋਜਨਾ ਤਿਆਰ ਕਰਨਾ;
- ਰਾਜ ਵਿੱਚ ਠੋਸ ਰਹਿੰਦ-ਖੂੰਹਦ ਦੇ ਵਿਗਿਆਨਕ ਪ੍ਰਬੰਧਨ ਲਈ ਵਿਵਹਾਰਕ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਪ੍ਰੋਜੈਕਟਾਂ ਦੀ ਪਛਾਣ ਅਤੇ ਇਨ੍ਹਾਂ ਪ੍ਰੋਜੈਕਟਾਂ ਦੇ ਪੇਸ਼ੇਵਰ ਪ੍ਰਬੰਧਨ; ਅਤੇ
- ਰਿਕਾਰਡਜ਼ ਅਤੇ ਡਾਟਾ ਦੀ ਉਚਿਤ ਸਾਂਭ-ਸੰਭਾਲ ਤਾਂ ਜੋ ਐਸ ਡਬਲਯੂ ਐਮ ਪ੍ਰਣਾਲੀ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕੀਤਾ ਜਾ ਸਕੇ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਉੱਤੇ

ਕਾਰਗੁਜ਼ਾਰੀ ਲੇਖਾ ਪ੍ਰੀਖਿਆ

1.1 ਜਾਣ-ਪਛਾਣ

1.1.1 ਪਿਛੋਕੜ

ਲੁਧਿਆਣਾ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਦੀ ਸਥਾਪਨਾ ਸਾਲ 1962 ਵਿੱਚ ਰਾਜ ਵਿਧਾਨ ਸਭਾ ਦੁਆਰਾ ਪਾਸ ਕੀਤੇ ਗਏ (ਅਕਤੂਬਰ 1961) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ ਰਾਹੀਂ ਕੀਤੀ ਗਈ ਸੀ। ਸ਼ੁਰੂ ਵਿੱਚ ਇਸ ਯੂਨੀਵਰਸਿਟੀ ਦੇ ਲੁਧਿਆਣਾ, ਹਿਸਾਰ ਅਤੇ ਪਾਲਮਪੁਰ ਵਿਖੇ ਹਰ ਥਾਂ 'ਤੇ ਇੱਕ-ਇੱਕ ਅਤੇ ਇਸ ਤਰ੍ਹਾਂ ਤਿੰਨ ਕੈਂਪਸ ਸਨ। ਪੀ ਏ ਯੂ ਨੂੰ ਸੰਸਦ ਦੇ ਇੱਕ ਐਕਟ[1] ਰਾਹੀਂ ਵੰਡ ਦਿੱਤਾ (ਫਰਵਰੀ 1970) ਗਿਆ ਸੀ ਜਿਸ ਵਿੱਚ ਲੁਧਿਆਣਾ ਵਿਖੇ ਪੀ ਏ ਯੂ ਅਤੇ ਹਿਸਾਰ ਵਿਖੇ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ (ਹੁਣ ਚੌਧਰੀ ਚਰਨ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ) ਸਥਾਪਤ ਕੀਤੀ ਗਈ ਸੀ। ਇਸ ਤੋਂ ਇਲਾਵਾ, ਪਾਲਮਪੁਰ ਵਿਖੇ ਖੇਤੀਬਾੜੀ ਕਾਲਜ ਜੋ ਕਿ ਪਹਿਲਾਂ ਪੀ ਏ ਯੂ ਲੁਧਿਆਣਾ ਦੇ ਅਧਿਕਾਰ ਖੇਤਰ ਵਿੱਚ ਸੀ, ਜੁਲਾਈ 1970 ਵਿੱਚ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਨੂੰ ਟਰਾਂਸਫਰ ਕਰ ਦਿੱਤਾ ਗਿਆ ਸੀ। ਅਪ੍ਰੈਲ 2006 ਵਿੱਚ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨਿਮਲ ਸਾਇੰਸਜ਼ ਯੂਨੀਵਰਸਿਟੀ ਨਾਮਕ ਇੱਕ ਨਵੀਂ ਯੂਨੀਵਰਸਿਟੀ ਨੂੰ ਲੁਧਿਆਣਾ ਵਿਖੇ ਪੀ ਏ ਯੂ ਤੋਂ ਵੱਖ ਕੀਤਾ ਗਿਆ ਸੀ।

ਪੀ ਏ ਯੂ ਨੇ, ਇਸ ਦੇ ਆਰੰਭ ਤੋਂ ਹੀ ਨਾ ਸਿਰਫ਼ ਰਾਜ ਵਿੱਚ, ਸਗੋਂ ਰਾਸ਼ਟਰੀ ਪੱਧਰ 'ਤੇ ਵੀ ਖੇਤੀ ਅਤੇ ਭੋਜਨ ਖੇਤਰ ਵਿੱਚ ਵੱਡਾ ਯੋਗਦਾਨ ਪਾਇਆ ਹੈ। 1960 ਅਤੇ 1970 ਦੌਰਾਨ ਪੰਜਾਬ ਵਿੱਚ ਖੇਤੀਬਾੜੀ ਉਤਪਾਦਕਤਾਂ ਅਤੇ ਰਾਸ਼ਟਰੀ ਭੋਜਨ ਸੁਰੱਖਿਆ 'ਤੇ ਨਵੀਆਂ ਤਕਨਾਲੋਜੀਆਂ ਅਤੇ ਉੱਚ-ਉਪਜ ਦੇਣ ਵਾਲੀਆਂ ਕਿਸਮਾਂ ਦੇ ਮਹੱਤਵਪੂਰਨ ਪ੍ਰਭਾਵ ਦੇ ਕਾਰਨ ਪੀ ਏ ਯੂ ਨੇ ਭਾਰਤ ਵਿੱਚ "ਹਰੀ ਕ੍ਰਾਂਤੀ" ਵਿੱਚ ਪ੍ਰਧਾਨ ਭੂਮਿਕਾ ਨਿਭਾਈ । ਰਾਸ਼ਟਰ ਨੂੰ ਇਸ ਦੇ ਵੱਡੇ ਯੋਗਦਾਨ ਦੇ ਸਨਮਾਨ ਵਿੱਚ, ਭਾਰਤੀ ਖੇਤੀਬਾੜੀ ਖੋਜ ਕੌਂਸਲ (ਆਈ ਸੀ ਏ ਆਰ) ਦੁਆਰਾ ਸਾਲ 1995 ਅਤੇ ਦੁਬਾਰਾ 2017 ਵਿੱਚ "ਸਰਵੋਤਮ ਸੰਸਥਾ ਅਵਾਰਡ" ਹਾਸਲ ਕਰਨ ਵਾਲੀ ਇਹ ਪਹਿਲੀ ਖੇਤੀਬਾੜੀ ਯੂਨੀਵਰਸਿਟੀ ਸੀ।

1.1.2 ਪੀ ਏ ਯੂ ਦਾ ਮੈਂਡੇਟ ਅਤੇ ਮਿਸ਼ਨ ਸਟੇਟਮੈਂਟ

ਪੀ ਏ ਯੂ ਦਾ ਮੈਂਡੇਟ ਹੈ:

- ਗੁਣਾਤਮਕ ਮਨੁੱਖੀ ਸਾਧਨਾਂ ਦੇ ਵਿਕਾਸ ਲਈ ਖੇਤੀਬਾੜੀ, ਖੇਤੀਬਾੜੀ ਇੰਜਨੀਅਰਿੰਗ, ਸਹਾਇਕ ਮੁਢਲੇ ਵਿਗਿਆਨਾਂ ਅਤੇ ਘਰੇਲੂ ਵਿਗਿਆਨ ਵਿੱਚ ਸਿੱਖਿਆ ਮੁਹੱਈਆ ਕਰਵਾਉਣਾ;
- ਖੇਤੀਬਾੜੀ ਅਤੇ ਸਹਾਇਕ ਖੇਤਰਾਂ ਵਿੱਚ ਉਭਰ ਰਹੀਆਂ ਸਮੱਸਿਆਵਾਂ ਦੇ ਹੱਲ ਲੱਭਣ ਲਈ ਖੋਜ ਦਾ ਸੰਚਾਲਨ ਕਰਨਾ; ਅਤੇ

[1] ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ, 1970

- ਵੱਖ-ਵੱਖ ਵਿਸਥਾਰ ਪ੍ਰੋਗਰਾਮਾਂ ਰਾਹੀਂ ਕਿਸਾਨਾਂ ਵਿਚਕਾਰ ਖੇਤੀਬਾੜੀ ਤਕਨਾਲੋਜੀਆਂ ਦਾ ਪ੍ਰਸਾਰ ਕਰਨਾ।

ਪੀ ਏ ਯੂ ਦਾ ਮਿਸ਼ਨ ਟਿਕਣਯੋਗ ਖੇਤੀਬਾੜੀ ਉਤਪਾਦਨ ਲਈ ਜਾਣਕਾਰੀ ਦੀ ਉਤਪਤੀ ਅਤੇ ਪ੍ਰਸਾਰ ਕਰਕੇ ਕਿਸਾਨ ਭਾਈਚਾਰੇ ਦੀ ਸੇਵਾ ਕਰਨਾ ਹੈ।


ਆਪਣੇ ਮੈਂਡੇਟ ਅਤੇ ਮਿਸ਼ਨ ਦੀ ਪਾਲਣਾ ਵਿੱਚ, ਯੂਨੀਵਰਸਿਟੀ ਖੇਤੀਬਾੜੀ, ਖੇਤੀਬਾੜੀ ਇੰਜਨੀਅਰਿੰਗ, ਹੋਮ ਸਾਇੰਸ ਅਤੇ ਹੋਰ ਸਹਾਇਕ ਮੁਢਲੇ ਵਿਗਿਆਨਾਂ ਵਿੱਚ ਸਿੱਖਿਆ ਮੁਹੱਈਆ ਕਰਵਾਉਂਦੀ ਹੈ, ਖੋਜ ਦਾ ਸੰਚਾਲਨ ਕਰਦੀ ਹੈ ਅਤੇ ਵਿਸਥਾਰ ਸੇਵਾਵਾਂ ਮੁਹੱਈਆ ਕਰਵਾਉਂਦੀ ਹੈ। ਪੀ ਏ ਯੂ ਲੁਧਿਆਣਾ ਵਿਖੇ 494 ਹੈਕਟੇਅਰ ਦੇ ਰਕਬੇ ਵਿੱਚ ਫੈਲੀ ਹੋਈ ਹੈ ਅਤੇ 1,793 ਹੈਕਟੇਅਰ ਦਾ ਆਫ਼ ਕੈਂਪਸ ਰਕਬਾ ਹੈ। ਪੀ ਏ ਯੂ ਦੇ 18 ਕ੍ਰਿਸ਼ੀ ਵਿਗਿਆਨ ਕੇਂਦਰ (ਕੇ ਵੀ ਕੇਜ਼) ਤੋਂ ਇਲਾਵਾ ਛੇ ਸੰਵਿਧਾਨਕ ਕਾਲਜ[2], ਨੌਂ ਖੋਜ ਸਟੇਸ਼ਨ (ਆਰ ਐਸਜ਼), ਛੇ ਬੀਜ ਫਾਰਮ ਹਨ, ਜਿਨ੍ਹਾਂ ਦਾ ਵੇਰਵਾ ***ਅੰਤਿਕਾ 1.1*** ਵਿੱਚ ਦਿੱਤਾ ਗਿਆ ਹੈ।

1.1.3 ਸੰਗਠਨਾਤਮਕ ਢਾਂਚਾ

ਪੰਜਾਬ ਦੇ ਰਾਜਪਾਲ ਇਸ ਯੂਨੀਵਰਸਿਟੀ ਦੇ ਕੁਲਪਤੀ ਅਤੇ ਆਨਰੇਰੀ ਚੇਅਰਮੈਨ ਹਨ, ਜਦੋਂ ਕਿ ਉਪ-ਕੁਲਪਤੀ (ਵੀ ਸੀ) ਯੂਨੀਵਰਸਿਟੀ ਦੇ ਮੁੱਖ ਕਾਰਜਕਾਰੀ ਹਨ ਅਤੇ ਬੋਰਡ ਆੱਫ ਮੈਨੇਜਮੈਂਟ (ਬੀ ਓ ਐਮ) ਦੇ ਚੇਅਰਮੈਨ ਵਜੋਂ ਕੰਮ ਕਰਦੇ ਹਨ। ਬੀ ਓ ਐਮ, ਯੂਨੀਵਰਸਿਟੀ ਦੀ ਸਰਵਉੱਚ ਸੰਸਥਾ ਹੈ, ਜੋ ਕਿ ਯੂਨੀਵਰਸਿਟੀ ਦੇ ਨੀਤੀਗਤ ਫੈਸਲੇ ਲੈਂਦੀ ਹੈ, ਸ਼ਾਸਨ ਪ੍ਰਬੰਧ ਲਈ ਅਗਵਾਈ ਪ੍ਰਦਾਨ ਕਰਦੀ ਹੈ, ਫੈਕਲਟੀ ਅਤੇ ਸਟਾਫ ਦੀ ਨਿਯੁਕਤੀ ਕਰਦੀ ਹੈ ਅਤੇ ਯੂਨੀਵਰਸਿਟੀ ਦੀਆਂ ਸੰਪਤੀਆ ਅਤੇ ਵਿੱਤਾਂ ਨੂੰ ਕੰਟਰੋਲ ਕਰਦੀ ਹੈ। ਆਮ ਪ੍ਰਬੰਧ ਲਈ ਰਜਿਸਟਰਾਰ ਅਤੇ ਵਿੱਤੀ ਪ੍ਰਬੰਧਨ ਲਈ ਕੰਪਟਰੋਲਰ, ਵੀ ਸੀ ਦੀ ਸਹਾਇਤਾ ਕਰਨ ਵਾਲੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਹਨ। ਵੱਖ-ਵੱਖ ਫੈਕਿਲਟੀਆਂ ਦੇ ਅੰਡਰ-ਗ੍ਰੈਜੂਏਟ ਅਧਿਆਪਨ ਪ੍ਰੋਗਰਾਮਾਂ ਦਾ ਪ੍ਰਬੰਧਨ ਸਬੰਧਤ ਕਾਲਜ ਡੀਨਜ਼ ਦੁਆਰਾ ਕੀਤਾ ਜਾਂਦਾ ਹੈ ਜਦੋਂ ਕਿ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਦਾ ਪ੍ਰਬੰਧਨ ਡੀਨ, ਪੋਸਟ ਗ੍ਰੈਜੂਏਟ ਸਟੱਡੀਜ਼ ਦੁਆਰਾ ਕੀਤਾ ਜਾਂਦਾ ਹੈ। ਅਕਾਦਮਿਕ ਕੌਂਸਲ, ਯੂਨੀਵਰਸਿਟੀ ਪੱਧਰ 'ਤੇ ਨਵੇਂ ਕੋਰਸ ਬਣਾਉਣ, ਕੋਰਸ ਸਮੱਗਰੀ ਵਿੱਚ ਸੁਧਾਰ ਕਰਨ ਅਤੇ ਹੋਰ ਅਕਾਦਮਿਕ ਮਾਮਲਿਆਂ ਲਈ ਜ਼ਿੰਮੇਵਾਰ ਹੈ। ਪੀ ਏ ਯੂ ਦਾ ਸੰਗਠਨਾਤਮਕ ਢਾਂਚਾ **ਚਾਰਟ** 1.1 ਵਿੱਚ ਦਰਸਾਇਆ ਗਿਆ ।

[2] (i) ਮੁਢਲਾ ਵਿਗਿਆਨ ਅਤੇ ਹਿਊਮੈਨਿਟੀਜ਼ ਕਾਲਜ; (ii) ਕਮਿਊਨਿਟੀ ਵਿਗਿਆਨ ਕਾਲਜ (ਹੋਮ ਸਾਇੰਸ); (iii) ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੌਜੀ ਕਾਲਜ; (iv) ਖੇਤੀਬਾੜੀ ਕਾਲਜ; (v) ਬਾਗਬਾਨੀ ਅਤੇ ਜੰਗਲਾਤ ਕਾਲਜ; ਅਤੇ (vi) ਬਲੌਵਾਲ ਸੌਂਖੜੀ, ਐਸ ਬੀ ਐਸ ਨਗਰ ਵਿਖੇ ਖੇਤੀਬਾੜੀ ਕਾਲਜ।

ਚਾਰਟ 1.1: ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦਾ ਸੰਗਠਨਾਤਮਕ ਢਾਂਚਾ



ਸ੍ਰੋਤ: ਪੰਜਾਬ ਖੇਤੀਬਾੜੀ ਯੂਨੀਵਰਸਿਟੀ

1.1.4 ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਵਿਧੀ

ਪੀ ਏ ਯੂ ਦੀ ਇਹ ਕਾਰਗੁਜ਼ਾਰੀ ਲੇਖਾ ਪ੍ਰੀਖਿਆ 2017-18 ਤੋਂ 2021-22 ਤੱਕ ਦੀ ਮਿਆਦ ਨੂੰ ਕਵਰ ਕਰਦਾ ਹੈ ਜੋ ਜੂਨ 2022 ਤੋਂ ਫਰਵਰੀ 2023 ਦੌਰਾਨ ਕੀਤੀ ਗਈ ਸੀ। ਯੂਨੀਵਰਸਿਟੀ ਕੈਂਪਸ ਵਿਖੇ ਰਜਿਸਟਰਾਰ, ਕੰਪਟਰੋਲਰ, ਡਾਇਰੈਕਟਰ ਖੋਜ, ਡਾਇਰੈਕਟਰ ਵਿਸਥਾਰ, ਕਾਲਜਾਂ ਦੇ ਡੀਨਜ਼ ਅਤੇ ਹੋਰ ਕੰਟਰੋਲਿੰਗ ਦਫਤਰਾਂ ਦੇ ਰਿਕਾਰਡ ਦੀ ਨਮੂਨਾ ਜਾਂਚ ਕੀਤੀ ਗਈ ਸੀ। ਇਸ ਤੋਂ ਇਲਾਵਾ, ਪੰਜ ਕਾਲਜਾਂ[3] ਦੇ 35 ਵਿਭਾਗਾਂ ਵਿਚੋਂ 12, 18 ਕੇ ਵੀ ਕੇਜ਼ ਵਿਚੋਂ ਛੇ, ਨੌਂ ਆਰ ਐਸਜ਼ ਵਿਚੋਂ ਤਿੰਨ ਅਤੇ ਛੇ ਬੀਜ ਫਾਰਮਾਂ (ਲਾਗੂ ਕਰਤਾ ਇਕਾਈਆਂ) ਵਿਚੋਂ ਦੋ ਨੂੰ ਵੀ ਨਮੂਨਾ ਜਾਂਚ ਲਈ ਚੁਣਿਆ[4] ਗਿਆ ਸੀ ਜਿਵੇਂ ਕਿ ***ਅੰਤਿਕਾ*** 1.1 ਵਿੱਚ ਵੇਰਵਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਯੂਨੀਵਰਸਿਟੀ ਅਤੇ ਕੇ ਵੀ ਕੇਜ਼ ਦੁਆਰਾ ਮੁਹੱਈਆ ਕਰਵਾਈਆਂ ਗਈਆਂ ਕ੍ਰਮਵਾਰ ਵੱਖ-ਵੱਖ ਸਹੂਲਤਾਂ ਅਤੇ ਵਿਸਥਾਰ ਸੇਵਾਵਾਂ ਲਈ ਹੁੰਗਾਰੇਆਂ ਦਾ ਮੁਲਾਂਕਣ ਕਰਨ ਲਈ ਵਿਦਿਆਰਥੀਆਂ ਅਤੇ ਕਿਸਾਨਾਂ ਦੇ ਸਰਵੇਖਣ ਵੀ ਕੀਤੇ ਗਏ ਸਨ।

ਅਗਸਤ 2022 ਵਿੱਚ ਯੂਨੀਵਰਸਿਟੀ (ਵੀ ਸੀ, ਰਜਿਸਟਰਾਰ ਅਤੇ ਕੰਪਟਰੋਲਰ) ਨਾਲ ਇੱਕ ਐਂਟਰੀ ਕਾਨਫਰੰਸ ਕੀਤੀ ਗਈ ਸੀ, ਜਿਸ ਵਿੱਚ ਲੇਖਾ ਪ੍ਰੀਖਿਆ ਦੇ ਉਦੇਸ਼ਾਂ, ਮਾਪਦੰਡ, ਦਾਇਰਾ ਅਤੇ ਵਿਧੀ ਦੀ ਚਰਚਾ ਕੀਤੀ ਗਈ ਸੀ। ਜੂਨ 2023 ਵਿੱਚ ਹੋਈ ਐਗਜ਼ਿਟ ਕਾਨਫਰੰਸ ਵਿੱਚ ਯੂਨੀਵਰਸਿਟੀ (ਵੀ ਸੀ, ਰਜਿਸਟਰਾਰ ਅਤੇ ਕੰਪਟਰੋਲਰ) ਨਾਲ ਲੇਖਾ ਪ੍ਰੀਖਿਆ ਲੱਭਤਾਂ 'ਤੇ ਚਰਚਾ ਕੀਤੀ ਗਈ ਸੀ ਅਤੇ ਉਨ੍ਹਾਂ ਵੱਲੋਂ ਪ੍ਰਾਪਤ ਹੋਏ ਜਵਾਬਾਂ ਨੂੰ ਢੁਕਵੇਂ ਤੌਰ ਤੇ ਰਿਪੋਰਟ ਵਿੱਚ ਸ਼ਾਮਲ ਕਰ ਲਿਆ ਗਿਆ ਸੀ।

ਪੀ ਏ ਯੂ ਲੁਧਿਆਣਾ ਦੇ 2000-05 ਦੀ ਮਿਆਦਾਂ ਦੇ ਕੰਮਕਾਜ ਦੀ ਪਹਿਲਾਂ ਸਮੀਖਿਆਂ ਕੀਤੀ ਗਈ ਸੀ, ਜਿਸ ਦਾ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾਕਾਰ ਦੀ 31 ਮਾਰਚ 2006 ਨੂੰ ਸਮਾਪਤ ਹੋਏ ਸਾਲ ਦੀ ਰਿਪੋਰਟ (ਸਿਵਲ)-ਪੰਜਾਬ ਸਰਕਾਰ ਵਿੱਚ ਜ਼ਿਕਰ ਕੀਤਾ ਗਿਆ ਸੀ। ਪੰਜਾਬ ਵਿਧਾਨਸਭਾ ਦੀ ਲੋਕ ਲੇਖਾ ਕਮੇਟੀ (ਪੀ ਏ ਸੀ) ਨੇ ਜਨਵਰੀ ਅਤੇ ਜੁਲਾਈ 2008 ਵਿੱਚ ਹੋਈਆਂ ਆਪਣੀਆਂ ਬੈਠਕਾਂ ਵਿੱਚ ਲੇਖਾ ਪ੍ਰੀਖਿਆ ਲੱਭਤਾਂ 'ਤੇ ਚਰਚਾ ਕੀਤੀ ਸੀ। ਇਸ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦਾ ਸੰਚਾਲਨ ਕਰਦੇ ਹੋਏ, ਇਸ ਸਬੰਧ ਵਿੱਚ ਪੀ ਏ ਸੀ ਦੀਆਂ ਸਿਫਾਰਸ਼ਾਂ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਸੀ।

1.1.5 ਲੇਖਾ ਪ੍ਰੀਖਿਆ ਦੇ ਉਦੇਸ਼

ਇਸ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦਾ ਉਦੇਸ਼ ਇਹ ਮੁਲਾਂਕਣ ਕਰਨਾ ਸੀ ਕਿ:

1. ਵਿੱਤੀ ਪ੍ਰਬੰਧਨ ਕੁਸ਼ਲ ਅਤੇ ਪ੍ਰਭਾਵਸ਼ਾਲੀ ਸੀ, ਅਤੇ ਵਿੱਤੀ ਸਾਧਨ ਸਰਵੋਤਮ ਤਰੀਕੇ ਨਾਲ ਜੁਟਾਏ ਅਤੇ ਵਰਤੇ ਗਏ ਸਨ;

---

[3] ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ, ਐਸ ਬੀ ਐਸ ਨਗਰ (ਛੇਵਾਂ ਕਾਲਜ) ਨੇ ਅਕਾਦਮਿਕ ਸਾਲ 2021-22 ਤੋਂ ਕੰਮ ਕਾਜ ਸ਼ੁਰੂ ਕੀਤਾ।

[4] ਵਿਭਾਗਾਂ, ਕੇ ਵੀ ਕੇਜ਼, ਆਰ ਐਸਜ਼ ਅਤੇ ਬੀਜ ਫਾਰਮਾਂ ਦੀ ਚੋਣ, ਖਰਚੇ ਨੂੰ ਮਾਪਦੰਡ ਮੰਨ ਕੇ, ਆਈ ਡੀ ਈ ਏ (ਇੰਟਰਐਕਟਿਵ ਡਾਟਾ ਐਕਸਟਰੈਕਸ਼ਨ ਅਤੇ ਵਿਸ਼ਲੇਸ਼ਣ) ਸਾਫਟਵੇਅਰ ਦੀ ਵਰਤੋਂ ਕਰਦੇ ਸਟ੍ਰੈਟੀਫਾਈਡ ਰੈਂਡਮ ਸੈਪਲਿੰਗ ਰਾਹੀਂ ਕੀਤੀ ਗਈ ਸੀ।

2. ਖੇਤੀਬਾੜੀ ਖੇਤਰ, ਖੇਤੀਬਾੜੀ ਇੰਜਨੀਅਰਿੰਗ ਅਤੇ ਸਹਾਇਕ ਖੇਤਰਾਂ ਵਿੱਚ ਅਕਾਦਮਿਕ ਕੰਮਕਾਜ ਕੁਸ਼ਲਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤੇ ਗਏ;
3. ਫੰਡ ਮੁਹੱਈਆ ਕਰਵਾਉਣ ਵਾਲੀਆਂ ਏਜੰਸੀਆਂ ਦੀਆਂ ਸ਼ਰਤਾਂ ਅਨੁਸਾਰ ਖੇਤੀਬਾੜੀ, ਖੇਤੀਬਾੜੀ ਇੰਜਨੀਅਰਿੰਗ ਅਤੇ ਸਹਾਇਕ ਖੇਤਰਾਂ ਵਿੱਚ ਖੋਜ ਗਤੀਵਿਧੀਆਂ ਕੀਤੀਆਂ ਗਇਆਂ; ਅਤੇ
4. ਵੱਖ-ਵੱਖ ਵਿਸਥਾਰ ਪ੍ਰੋਗਰਾਮਾਂ ਰਾਹੀਂ ਕਿਸਾਨਾਂ ਨੂੰ ਖੇਤੀਬਾੜੀ ਤਕਨਾਲੋਜੀਆਂ ਦਾ ਵਿਸਥਾਰ ਕੁਸ਼ਲਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ ਸੀ।

1.1.6 ਲੇਖਾ ਪ੍ਰੀਖਿਆ ਮਾਪਦੰਡ

ਲੇਖਾ ਪ੍ਰੀਖਿਆ ਮਾਪਦੰਡ ਮੁੱਖ ਤੌਰ 'ਤੇ ਹੇਠ ਲਿਖੇ ਸਰੋਤਾਂ ਤੋਂ ਲਏ ਗਏ ਸਨ:

- ਯੂਨੀਵਰਸਿਟੀ ਦਾ ਐਕਟ ਅਤੇ ਵਿਧਾਨ; ਯੂਨੀਵਰਸਿਟੀ ਲੇਖੇ ਕੋਡ; ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲਈ 2007 ਵਿੱਚ ਜਾਰੀ ਕੀਤੀ ਬੌਧਿਕ ਸੰਪਤੀ ਅਧਿਕਾਰ ਨੀਤੀ; ਪੰਜਾਬ ਖੇਤੀਬਾੜੀ ਯੂਨੀਵਰਸਿਟੀ ਪੈਨਸ਼ਨ ਸਕੀਮ 1991; ਯੂਨੀਵਰਸਿਟੀ ਦੀ 2009 ਵਿੱਚ ਜਾਰੀ ਸੋਧਿਤ ਖਰੀਦ ਪ੍ਰਕਿਰਿਆ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕਲੰਡਰ[5], 2003;
- ਭਾਰਤੀ ਖੇਤੀਬਾੜੀ ਖੋਜ ਕੌਂਸਲ (ਆਈ ਸੀ ਏ ਆਰ) ਅਤੇ ਅਕਾਦਮਿਕ, ਖੋਜ ਅਤੇ ਵਿਸਥਾਰ ਗਤੀਵਿਧੀਆਂ ਲਈ ਫੰਡ ਮੁੱਹਈਆ ਕਰਵਾਉਣ ਵਾਲੀਆਂ ਏਜੰਸੀਆਂ ਦੇ ਮਾਪਦੰਡ;
- ਯੋਜਨਾ ਅਤੇ ਬਜਟ ਅਨੁਮਾਨ, ਪ੍ਰੋਜੈਕਟ ਪ੍ਰਸਤਾਵ, ਬੀ ਓ ਐਮ ਅਤੇ ਅਕਾਦਮਿਕ ਕੌਂਸਲ ਦੀ ਮੀਟਿੰਗ ਦੇ ਮਿੰਟ;
- ਵੱਖ-ਵੱਖ ਐਕਟਾਂ ਦੀਆਂ ਸਬੰਧਤ ਉਪਬੰਧਾਂ ਭਾਵ ਪੌਦਿਆਂ ਦੀਆਂ ਕਿਸਮਾਂ ਦੀ ਰੱਖਿਆ ਅਤੇ ਕਿਸਾਨਾਂ ਦੇ ਅਧਿਕਾਰਾਂ ਐਕਟ, 2001; ਵਸਤਾਂ ਦੇ ਭੂਗੋਲਿਕ ਸੰਕੇਤ (ਰਜਿਸਟ੍ਰੇਸ਼ਨ ਅਤੇ ਸੁਰੱਖਿਆ) ਐਕਟ, 1999; ਕੀੜੇਮਾਰ ਦਵਾਈਆਂ ਐਕਟ, 1968; ਪੇਟੈਂਟਸ ਐਕਟ, 1970; ਪੰਜਾਬ ਫਲ ਨਰਸਰੀਆਂ ਐਕਟ, 1961; ਪੰਜਾਬ ਭੌਂ ਰੈਵੀਨਿਊ ਐਕਟ, 1887; ਦਿਵਿਆਂਗ ਵਿਅਕਤੀਆਂ ਦੇ ਅਧਿਕਾਰ ਐਕਟ, 2016; ਪੰਜਾਬ ਨਗਰਪਾਲਿਕਾ ਭਵਨ ਉਪ-ਨਿਯਮ, 2018; ਕੰਮਕਾਜ ਵਾਲੀ ਥਾਂ ਤੇ ਮਹਿਲਾਵਾਂ ਦੀ ਜਿਣਸੀ ਛੇੜ-ਛਾੜ (ਬਚਾਓ, ਰੋਕ ਅਤੇ ਹੱਲ) ਐਕਟ, 2013; ਅਤੇ ਪੰਜਾਬ ਜਨਤਕ ਖਰੀਦ ਵਿੱਚ ਪਾਰਦਰਸ਼ਤਾ ਐਕਟ, 2019; ਅਤੇ
- ਭਾਰਤ ਸਰਕਾਰ (ਜੀ ਓ ਆਈ), ਰਾਜ ਸਰਕਾਰ ਅਤੇ ਆਈ ਸੀ ਏ ਆਰ ਦੁਆਰਾ ਸਮੇਂ-ਸਮੇਂ ਤੇ ਜਾਰੀ ਕੀਤੇ ਦਿਸ਼ਾ-ਨਿਰਦੇਸ਼/ਹਦਾਇਤਾਂ/ਆਦੇਸ਼।

[5] ਪੀ ਏ ਯੂ ਕਲਡੰਰ ਵਿੱਚ ਯੂਨੀਵਰਸਿਟੀ ਅਧਿਕਾਰੀਆਂ ਦੁਆਰਾ ਵੱਖ-ਵੱਖ ਸਮੇਂ ਵਿੱਚ ਵੱਖ-ਵੱਖ ਵਿਸ਼ਿਆਂ ਤੇ ਨਿਯਮ ਅਤੇ ਵਿਨਿਯਮ ਸ਼ਾਮਲ ਹੁੰਦੇ ਹਨ।

1.1.7 ਲੇਖਾ ਪ੍ਰੀਖਿਆ ਲੱਭਤਾਂ ਦਾ ਸੰਗਠਨ

ਹਰੇਕ ਉਦੇਸ਼ ਨਾਲ ਸਬੰਧਤ ਲੇਖਾ ਪ੍ਰੀਖਿਆ ਲੱਭਤਾਂ, ਸਿੱਟੇ ਅਤੇ ਸਿਫਾਰਸ਼ਾਂ ਨੂੰ ਹੇਠਲੇ ਅਧਿਆਇਆਂ ਵਿੱਚ ਦੱਸਿਆ ਗਿਆ ਹੈ:

1.2	ਯੋਜਨਾਬੰਦੀ ਅਤੇ ਵਿੱਤੀ ਪ੍ਰਬੰਧਨ
1.3	ਅਕਾਦਮਿਕ ਗਤੀਵਿਧੀਆਂ
1.4	ਖੋਜ ਗਤੀਵਿਧੀਆਂ
1.5	ਖੇਤੀਬਾੜੀ ਤਕਨਾਲੋਜੀਆਂ ਦਾ ਵਿਸਥਾਰ

1.1.8 ਧੰਨਵਾਦ ਦਾ ਪ੍ਰਗਟਾਵਾ

ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦਾ ਸੰਚਾਲਨ ਕਰਨ ਵਿੱਚ ਆਰ ਐਸਜ਼, ਕੇ ਵੀ ਕੇਜ਼, ਬੀਜ ਫਾਰਮਾਂ, ਆਦਿ ਨਾਮਕ ਖੇਤਰੀ ਇਕਾਈਆਂ ਸਮੇਤ ਪੀ ਏ ਯੂ ਪ੍ਰਬੰਧਨ ਅਤੇ ਸਟਾਫ ਵਲੋਂ ਦਿੱਤੇ ਗਏ ਸਹਿਯੋਗ ਅਤੇ ਸਹਾਇਤਾ ਲਈ ਲੇਖਾ ਪ੍ਰੀਖਿਆ ਵਲੋਂ ਧੰਨਵਾਦ ਕੀਤਾ ਜਾਂਦਾ ਹੈ।

1.2 ਯੋਜਨਾਬੰਦੀ ਅਤੇ ਵਿੱਤੀ ਪ੍ਰਬੰਧਨ

ਯੂਨੀਵਰਸਿਟੀ ਦਾ ਕੰਪਟਰੋਲਰ ਵਿੱਤੀ ਪ੍ਰਬੰਧਨ ਅਤੇ ਵਿੱਤੀ ਸ੍ਰੋਤਾਂ ਦੀ ਸਰਵੋਤਮ ਵਰਤੋਂ ਲਈ ਉਪ-ਕੁਲਪਤੀ ਦੀ ਸਹਾਇਤਾ ਕਰਦਾ ਹੈ।

ਯੂਨੀਵਰਸਿਟੀ ਦੀ ਯੋਜਨਾਬੰਦੀ ਅਤੇ ਵਿੱਤੀ ਪ੍ਰਬੰਧਨ ਨਾਲ ਸਬੰਧਤ ਲੇਖਾ ਪ੍ਰੀਖਿਆ ਲੱਭਤਾਂ ਦੀ ਚਰਚਾ ਅਗਲੇ ਪੈਰ੍ਹਿਆਂ ਵਿੱਚ ਕੀਤੀ ਗਈ ਹੈ।

1.2.1 ਯੋਜਨਾਬੰਦੀ

ਬੋਰਡ ਆੱਫ ਮੈਨੇਜਮੈਂਟ (ਬੀ ਓ ਐਮ) ਨੇ ਆਪਣੀ 297ਵੀਂ ਮੀਟਿੰਗ (ਜੂਨ 2020) ਵਿੱਚ ਯੂਨੀਵਰਸਿਟੀ ਦੀ ਇੱਕ ਰਣਨੀਤਕ ਯੋਜਨਾ ਤਿਆਰ ਕਰਨ ਦੀ ਇੱਛਾ ਪ੍ਰਗਟਾਈ ਜੋ ਸ਼ੁਰੂ ਵਿੱਚ 2021-22 ਤੋਂ 2025-26 ਤੱਕ ਪੰਜ ਸਾਲਾਂ ਲਈ ਅਤੇ 2021-22 ਤੋਂ 2030-31 ਤੱਕ 10 ਸਾਲਾਂ ਦੀ ਯੋਜਨਾ ਹੋਵੇਗੀ। ਇਹ ਯੋਜਨਾ ਦ੍ਰਿਸ਼ਟੀ, ਮਾਪਣਯੋਗ ਟੀਚਿਆਂ ਅਤੇ ਰਣਨੀਤੀਆਂ ਅਤੇ ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਜ਼ਰੂਰਤਾਂ ਨੂੰ ਸਪਸ਼ਟ ਤੌਰ ਤੇ ਬਿਆਨ ਕਰਨ ਵਾਲੀ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ :

- ਲੇਖਾ ਪ੍ਰੀਖਿਆ ਦੀ ਮਿਆਦ ਦੌਰਾਨ ਮਾਪਣਯੋਗ ਟੀਚਿਆਂ, ਰਣਨੀਤੀਆਂ ਅਤੇ ਲੋੜਾਂ ਦਾ ਵਰਣਨ ਕਰਨ ਵਾਲੀ ਕੋਈ ਰਣਨੀਤਕ ਯੋਜਨਾ ਤਿਆਰ ਨਹੀਂ ਕੀਤੀ ਗਈ ਸੀ।
- ਪੀ ਏ ਯੂ ਨੇ ਗਤੀਵਿਧੀ-ਵਾਰ ਜਾਂ ਵਿਭਾਗ-ਵਾਰ ਕੋਈ ਵੀ ਭੌਤਿਕ ਟੀਚੇ ਨਿਰਧਾਰਤ ਨਹੀਂ ਕੀਤੇ ਜਿਵੇਂ ਕਿ ਖੋਜ ਪ੍ਰੋਜੈਕਟਾਂ ਦੀ ਸੰਖਿਆ, ਖੋਜ ਪੱਤਰਾਂ ਦੀ ਸੰਖਿਆ, ਵਿਕਸਿਤ ਕੀਤੀਆਂ ਜਾਣ ਵਾਲੀਆਂ ਤਕਨਾਲੋਜੀਆਂ ਅਤੇ ਕਿਸਮਾਂ, ਅਤੇ ਇਨ੍ਹਾਂ ਦਾ ਪੇਟੈਂਟ ਅਤੇ ਰਜਿਸਟ੍ਰੇਸ਼ਨ ਨਿਰਧਾਰਤ ਨਹੀਂ ਕੀਤੇ। ਇਸ ਦੀ ਅਣਹੋਂਦ ਵਿੱਚ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੁਆਰਾ ਚਲਾਈਆਂ ਜਾਂਦੀਆਂ ਗਤੀਵਿਧੀਆਂ ਦੀ ਨਿਗਰਾਨੀ ਦੀ ਪੁਸ਼ਟੀ ਨਹੀਂ ਕੀਤੀ ਜਾ ਸਕੀ।
- ਖੋਜ ਪ੍ਰੋਜੈਕਟਾਂ ਨੂੰ ਪੇਸ਼ ਕਰਨ ਅਤੇ ਲਾਗੂ ਕਰਨ ਲਈ ਫੈਕਲਟੀ/ਵਿਗਿਆਨੀ-ਵਾਰ ਕੋਈ ਟੀਚੇ ਨਿਰਧਾਰਤ ਨਹੀਂ ਕੀਤੇ ਗਏ ਸਨ।

ਪੀ ਏ ਯੂ ਨੇ (ਅਕਤੂਬਰ 2024) ਕਿਹਾ ਕਿ ਰਣਨੀਤਕ ਯੋਜਨਾਵਾਂ ਦੀ ਤਿਆਰੀ ਪ੍ਰਕਿਰਿਆ ਅਧੀਨ ਹੈ, ਅਤੇ ਖਰੜਾ ਸਮੇਂ ਸਿਰ ਬੀ ਓ ਐਮ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ ਬੀ ਓ ਐਮ ਦੀ ਪ੍ਰਵਾਨਗੀ ਤੋਂ ਬਾਅਦ ਰਣਨੀਤਕ ਯੋਜਨਾ ਨੂੰ ਉਸੇ ਅਨੁਸਾਰ ਅੰਤਿਮ-ਰੂਪ ਦਿੱਤਾ ਜਾਵੇਗਾ।

1.2.1.1 ਬੋਰਡ ਆੱਫ ਮੈਨੇਜਮੈਂਟ ਦੀ ਮੀਟਿੰਗ ਦਾ ਸੰਚਾਲਨ ਕਰਵਾਉਣ ਵਿੱਚ ਕਮੀ

ਹਰਿਆਣਾ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀਜ਼ ਐਕਟ 1970 ਦੀ ਧਾਰਾ 14(ਕੇ) ਬੋਰਡ ਦੀਆਂ ਸ਼ਕਤੀਆਂ ਅਤੇ ਕਰਤੱਵਾਂ ਦੀ ਵਿਵਸਥਾ ਕਰਦੀ ਹੈ ਕਿ ਬੋਰਡ ਨੂੰ ਅਜਿਹੇ ਸਮੇਂ ਅਤੇ ਜਿੰਨੀ ਵਾਰ ਵੀ ਜ਼ਰੂਰੀ ਸਮਝੇ ਮੀਟਿੰਗ ਕਰਨੀ ਚਾਹੀਦੀ ਹੈ, ਬਸ਼ਰਤੇ ਕਿ ਬੋਰਡ ਦੀਆਂ ਨਿਯਮਤ ਮੀਟਿੰਗ ਹਰ ਦੋ ਮਹੀਨਿਆਂ ਵਿੱਚ ਇੱਕ ਵਾਰ ਹੋਣੀਆਂ ਚਾਹੀਦੀਆਂ ਹਨ।

ਯੂਨੀਵਰਸਿਟੀ ਦੇ ਬੀ ਓ ਐਮ ਨੇ 2017-18 ਤੋਂ 2021-22 ਦੇ ਸਮੇਂ ਦੌਰਾਨ ਉਪਰੋਕਤ ਐਕਟ ਅਨੁਸਾਰ ਲੋੜੀਂਦੀਆਂ 30 ਮੀਟਿੰਗ ਬਦਲੇ 26 ਮੀਟਿੰਗ ਕੀਤੀਆਂ, ਇਸ ਦੇ ਨਤੀਜੇ ਵਜੋਂ ਚਾਰ ਮੀਟਿੰਗ ਦੀ ਘਾਟ ਹੋ ਗਈ।

ਪੀ ਏ ਯੂ ਦੇ ਰਜਿਸਟਰਾਰ ਨੇ (ਅਕਤੂਬਰ 2024) ਕਿਹਾ ਕਿ ਬੀ ਓ ਐਮ ਦੀ ਮੀਟਿੰਗ, ਮੀਟਿੰਗ ਵਿੱਚ ਚਰਚਾ ਕੀਤੇ ਜਾਣ ਵਾਲੇ ਏਜੰਡੇ ਦੀਆਂ ਚੀਜ਼ਾਂ ਦੀ ਉਪਲਬਧਤਾ ਅਤੇ ਮਹੱਤਤਾ ਅਤੇ ਮੁੱਖ ਸਕੱਤਰ, ਜੀ ਓ ਪੀ ਦੀ ਉਪਲਬਧਤਾ ਤੇ ਨਿਰਭਰ ਕਰਦੀ ਹੈ। ਰਜਿਸਟਰਾਰ ਨੇ ਅੱਗੇ ਕਿਹਾ ਕਿ 2022-24 ਦੌਰਾਨ 10 ਮੀਟਿੰਗ ਹੋਈਆਂ (2022-23: ਚਾਰ ਅਤੇ 2023-24: ਛੇ)।

ਐਕਟ ਦੇ ਅਨੁਸਾਰ ਲੋੜੀਂਦੀ ਸੰਖਿਆ ਵਿੱਚ ਮੀਟਿੰਗ ਦਾ ਸੰਚਾਲਨ ਨਾ ਕਰਵਾਉਣ ਨਾਲ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਪ੍ਰਸ਼ਾਸਨਿਕ ਢਾਂਚੇ ਨੂੰ ਪ੍ਰਭਾਵਤ ਕਰ ਸਕਦਾ ਹੈ।

1.2.1.2 ਪ੍ਰਾਪਤੀਆਂ ਅਤੇ ਖਰਚਾ

ਯੂਨੀਵਰਸਿਟੀ ਨੂੰ ਰਾਜ ਸਰਕਾਰ ਤੋਂ ਸਿੱਖਿਆ ਅਤੇ ਖੋਜ ਸਕੀਮਾਂ ਅਧੀਨ (ਸਹਾਇਤਾ-ਗ੍ਰਾਂਟ) (ਜੀ ਆਈ ਏ) ਵਜੋਂ ਫੰਡ ਪ੍ਰਾਪਤ ਹੁੰਦੇ ਹਨ। ਹਾਲਾਂਕਿ ਯੂਨੀਵਰਸਿਟੀ ਸਕੀਮ-ਵਾਰ ਬਜਟ ਅਨੁਮਾਨ ਤਿਆਰ ਕਰਦੀ ਹੈ, ਪਰ ਇਹ ਰਾਜ ਸਰਕਾਰ ਨੂੰ ਇੱਕਮੁਸ਼ਤ ਆਧਾਰ 'ਤੇ ਫੰਡਾਂ ਦੀ ਮੰਗ ਹੀ ਸੌਂਪਦੀ ਹੈ। ਇਸ ਨੂੰ ਰਾਜ ਸਰਕਾਰ ਤੋਂ ਸਮੇਂ-ਸਮੇਂ 'ਤੇ ਫੰਡ ਪ੍ਰਾਪਤ ਹੁੰਦੇ ਹਨ। ਇਸ ਤੋਂ ਇਲਾਵਾ, ਭਾਰਤੀ ਖੇਤੀਬਾੜੀ ਖੋਜ ਕੌਂਸਲ (ਆਈ ਸੀ ਏ ਆਰ) ਅਤੇ ਹੋਰ ਏਜੰਸੀਆਂ[6] "ਆਲ ਇੰਡੀਆ ਕੋਆਰਡੀਨੇਟਡ ਖੋਜ ਪ੍ਰੋਜੈਕਟਾਂ[7]" (ਏ ਆਈ ਸੀ ਆਰ ਪੀ) ਅਤੇ ਕੋਈ ਹੋਰ ਵੱਖ-ਵੱਖ ਖੋਜ ਪ੍ਰੋਜੈਕਟਾਂ, ਵਿਸਥਾਰ ਗਤੀਵਿਧੀਆਂ, ਆਦਿ ਲਈ ਕ੍ਰਿਸ਼ੀ ਵਿਗਿਆਨ ਕੇਂਦਰ (ਕੇ ਵੀ ਕੇਜ਼) ਦੀ ਸਥਾਪਨਾ ਅਤੇ ਸੰਚਾਲਨ ਆਦਿ ਲਈ ਫੰਡ ਵੀ ਪ੍ਰਦਾਨ ਕਰਦੀਆਂ ਹਨ। ਇਸ ਤੋਂ ਇਲਾਵਾ, ਯੂਨੀਵਰਸਿਟੀ ਆਪਣੇ ਸ੍ਰੋਤਾਂ[8] ਤੋਂ ਵੀ ਆਮਦਨ ਪੈਦਾ ਕਰਦੀ ਹੈ।

---

6 ਵਿਗਿਆਨ ਅਤੇ ਤਕਨਾਲੋਜੀ ਵਿਭਾਗ (ਭਾਰਤ ਸਰਕਾਰ), ਬਾਇਓਤਕਨਾਲੋਜੀ ਵਿਭਾਗ (ਜੀ ਓ ਆਈ), ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਅਤੇ ਜਨਤਕ ਅਤੇ ਨਿੱਜੀ ਖੇਤਰਾਂ ਦੀਆਂ ਹੋਰ ਏਜੰਸੀਆਂ ਵੱਖ-ਵੱਖ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਵੱਖ-ਵੱਖ ਕੰਪੋਨੈਂਟਾਂ ਜਿਵੇਂ ਕਿ ਖਰਚੇ, ਸਮਾਂ-ਸੀਮਾਂ ਆਦਿ ਨਾਲ ਸੰਬੰਧਤ ਵਿਸ਼ੇਸ਼ ਸ਼ਰਤਾਂ ਦੇ ਨਾਲ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ।

7 ਏ ਆਈ ਸੀ ਆਰ ਪੀ ਬਹੁ-ਸਥਾਨਕ ਅਜ਼ਮਾਇਸ਼ਾਂ ਰਾਹੀਂ ਤਕਨਾਲੋਜੀਆਂ ਦੇ ਵਿਕਾਸ/ਪਰੀਖਣ/ਪਛਾਣ ਲਈ ਭਾਰਤੀ ਖੇਤੀਬਾੜੀ ਖੋਜ ਕੌਂਸਲ ਦੀ ਇੱਕ ਸਕੀਮ ਹੈ।

8 ਐਪਲੀਕੇਸ਼ਨ ਫੀਸ, ਟਿਊਸ਼ਨ ਫੀਸ, ਪ੍ਰੀਖਿਆ ਫੀਸ, ਕਿਤਾਬ ਅਤੇ ਪ੍ਰਕਾਸ਼ਨ, ਬੈਂਕ ਵਿਆਜ ਦੀ ਆਮਦਨ, ਪੀ ਏ ਯੂ ਮਿਊਜ਼ੀਅਮ ਦੀ ਆਮਦਨ, ਦੁਕਾਨਾਂ ਦਾ ਕਿਰਾਇਆ, ਖੇਤੀ ਉਤਪਾਦਾਂ ਦੀ ਵਿਕਰੀ, ਫਲ, ਸਬਜ਼ੀਆਂ, ਆਦਿ।

2017-22 ਦੌਰਾਨ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਅਤੇ ਖਰਚਿਆਂ ਦਾ ਵੇਰਵਾ **ਸਾਰਣੀ** 1.1 ਵਿੱਚ ਦਰਸਾਇਆ ਗਿਆ ਹੈ।

ਸਾਰਣੀ 1.1: 2017-22 ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਅਤੇ ਖਰਚਾ

(₹ ਕਰੋੜ ਵਿੱਚ)

ਸਾਲ	ਮੁਢਲਾ ਬਕਾਇਆ	ਜਿਥੋਂ ਫੰਡ ਪ੍ਰਾਪਤ ਹੋਏ			ਆਪਣੀ ਆਮਦਨ	ਕੁੱਲ ਉਪਲਬਧ ਫੰਡ	ਖਰਚਾ (*ਪ੍ਰਤੀਸ਼ਤ*)	ਅੰਤਿਮ ਬਕਾਇਆ
		ਪੰਜਾਬ ਸਰਕਾਰ	ਆਈ ਸੀ ਏ ਆਰ	ਹੋਰ ਏਜੰਸੀਆਂ				
1	**2**	**3**	**4**	**5**	**6**	**7 (2+3+4+5+ 6)**	**8**	**9 (7-8)**
2017-18	57.12	364.96	81.79	32.70	80.76	617.32	529.26 (85.74)	88.06 (14.26)
2018-19	88.06	380.05	101.44	33.13	82.24	684.93	528.25 (77.12)	156.68 (22.88)
2019-20	156.68	379.75	97.43	32.18	87.11	753.16	554.58 (73.63)	198.58 (26.37)
2020-21	198.58	401.56	91.16	33.65	80.49	805.49	589.47 (73.19)	215.97 (26.81)
2021-22*	215.97	421.82	93.23	35.05	80.02	846.09	596.25 (71.12)	249.84 (29.53)
ਜੋੜ		**1,948.14**	**465.05**	**166.71**	**410.62**	**3,706.94**	**2,797.81**	

ਸ੍ਰੋਤ: ਪੀ ਏ ਯੂ ਦੁਆਰਾ ਮੁਹੱਈਆ ਕਰਵਾਇਆ ਗਿਆ ਡਾਟਾ

*2021-22 ਤੋਂ ਬਾਅਦ ਦੇ ਲੇਖੇ ਅਜੇ ਤਿਆਰ ਕੀਤੇ ਜਾਣੇ ਸਨ ਅਤੇ ਐਗਜ਼ਾਮੀਨਰ ਲੋਕਲ ਫੰਡ ਅਕਾਉਂਟਸ (ਈ ਐਲ ਐਫ ਏ), ਪੰਜਾਬ ਸਰਕਾਰ ਅੱਗੇ ਰੱਖੇ ਜਾਣੇ ਸਨ। *ਇਸ ਲਈ, 2021-22 ਦੇ ਸਾਲਾਂ ਲਈ ਗ੍ਰਾਂਟ, ਆਮਦਨ ਅਤੇ ਖਰਚੇ ਦੇ ਡਾਟਾ ਪੀ ਏ ਯੂ ਦੁਆਰਾ ਪ੍ਰਦਾਨ ਕੀਤੀ ਗਈ ਵਿਵਰਣੀ ਤੋਂ ਲਏ ਗਏ ਸਨ। ਪੀ ਏ ਯੂ ਨੇ ਸੂਚਿਤ ਕੀਤਾ ਕਿ ਇਹ ਆਂਕੜੇ ਗੈਰਨਸਾਇਲ ਅਤੇ ਲੇਖਾ ਪ੍ਰੀਖਿਆ ਦੇ ਅਧੀਨ ਸਨ।*

ਸਾਰਣੀ 1.1 ਦਰਸਾਉਂਦੀ ਹੈ ਕਿ ₹ 3,706.94 ਕਰੋੜ ਦੇ ਉਪਲਬਧ ਫੰਡਾਂ ਦੇ ਮੁਕਾਬਲੇ, 2017-22 ਦੀ ਮਿਆਦ ਦੌਰਾਨ ₹ 2,797.81 ਕਰੋੜ ਦਾ ਖਰਚਾ ਕੀਤਾ ਗਿਆ ਸੀ। ਇਸ ਪੰਜ ਸਾਲਾ ਸਮੇਂ ਦੌਰਾਨ, ਵਿੱਤੀ ਸਾਲ ਦੇ ਅੰਤ ਵਿੱਚ ਯੂਨੀਵਰਸਿਟੀ ਕੋਲ ਕੁੱਲ ਉਪਲੱਬਧ ਫੰਡਾਂ[9] ਦੇ ਅਣਖਰਚੇ ਫੰਡ 14 *ਪ੍ਰਤੀਸ਼ਤ* ਤੋਂ ਲਗਾਤਾਰ ਵੱਧ ਕੇ 29 *ਪ੍ਰਤੀਸ਼ਤ* ਹੋ ਗਏ। 2017-22 ਦੌਰਾਨ ਅੰਤਿਮ ਬਕਾਏ ਦੇ ਵੱਧ ਰਹੇ ਰੁਝਾਨ ਨੇ ਦਿਖਾਇਆ ਕਿ ਫੰਡਾਂ ਦੀ ਵਰਤੋਂ ਕਰਨ ਵਿੱਚ ਅਸਮਰਥ ਸੀ ਅਤੇ ਬਜਟਿੰਗ ਯਥਾਰਥਵਾਦੀ ਨਹੀਂ ਸੀ।


ਯੂਨੀਵਰਸਿਟੀ ਨੇ ਜਵਾਬ ਦਿੱਤਾ (ਅਕਤੂਬਰ 2024) ਕਿ ਪ੍ਰਾਪਤ ਫੰਡਾਂ ਅਤੇ ਕੀਤੇ ਗਏ ਖਰਚਿਆਂ ਦੇ ਸਾਲ-ਵਾਰ ਅੰਤਿਮ ਬਕਾਏ ਵਿੱਚ ਮੁੱਖ ਤੌਰ ਤੇ ਯੂਨੀਵਰਸਿਟੀ ਦੇ ਆਪਣੇ ਸ੍ਰੋਤਾਂ ਤੋਂ ਆਮਦਨ ਅਤੇ ਤਿੰਨ ਤੋਂ ਪੰਜ ਸਾਲਾਂ ਦੀ ਮਿਆਦ ਵਾਲੇ ਹੋਰ *ਐਡਹਾਕ* ਪ੍ਰੋਜੈਕਟ ਸ਼ਾਮਲ ਸਨ, ਜਿਸਦੀ ਵਰਤੋਂ ਰਾਜ ਸਰਕਾਰ ਦੁਆਰਾ ਯੂਨੀਵਰਸਿਟੀ ਨੂੰ ਸਾਹਇਤਾ-ਗ੍ਰਾਂਟ ਘੱਟ ਰਿਲੀਜ਼ ਦੇ ਵਿਰੁੱਧ ਕੀਤੀ ਗਈ ਸੀ।

[9] ਯੂਨੀਵਰਸਿਟੀ ਦੇ ਅੰਤਿਮ ਫੰਡਾਂ ਵਿੱਚ ਪੈਨਸ਼ਨ ਫੰਡ ਅਤੇ ਐਂਡੋਮੈਂਟ ਫੰਡ ਸ਼ਾਮਲ ਨਹੀਂ ਹਨ, ਜਿਵੇਂ ਕਿ ਇਸ ਰਿਪੋਰਟ ਵਿੱਚ *ਪੈਰੇ 1.2.1.4 ਅਤੇ 1.2.1.5 (v)* ਵਿੱਚ ਚਰਚਾ ਕੀਤੀ ਗਈ ਹੈ। ਇਹ ਦਸਣਾ ਉਚਿਤ ਹੈ ਕਿ ਪੈਨਸ਼ਨ ਫੰਡ ਇੱਕ ਰਜਿਸਟਰਡ ਪੈਨਸ਼ਨ ਫੰਡ ਜਾਂ ਪੈਨਸ਼ਨ ਟਰੱਸਟ ਨਹੀਂ ਸੀ ਅਤੇ ਯੂਨੀਵਰਸਿਟੀ ਦੁਆਰਾ ਆਪਣੇ ਆਪ ਪ੍ਰਬੰਧਿਤ ਕੀਤਾ ਜਾ ਰਿਹਾ ਸੀ। ਪੇਨਸ਼ਨ ਦਾ ਭੁਗਤਾਨ ਪੈਨਸ਼ਨ ਫੰਡ ਰਾਹੀਂ ਭੇਜਣ ਦੀ ਬਜਾਏ, ਯੂਨੀਵਰਸਿਟੀ ਦੇ ਲੇਖੇ ਵਿਚੋਂ ਜੀ ਆਈ ਏ ਵਿਚੋਂ ਕੀਤਾ ਜਾ ਰਿਹਾ ਸੀ। ਇਨ੍ਹਾਂ ਅੰਤਿਮ ਬਕਾਏ ਵਿੱਚ ਮੁੱਖ ਤੌਰ ਤੇ ਆਈ ਸੀ ਏ ਆਰ ਤੋਂ ਪ੍ਰਾਪਤ ਗ੍ਰਾਂਟਾਂ ਅਤੇ ਆਪਣੀ ਆਮਦਨ (ਰਿਵਾਲਵਿੰਗ ਫੰਡ ਅਤੇ ਸਲਾਹਕਾਰ ਅਤੇ ਸਵੈ-ਵਿਤੀ ਯੋਜਨਾਬੰਦੀ) ਤੋਂ ਅਣਵਰਤੀ ਰਾਸ਼ੀ ਸ਼ਾਮਲ ਸਨ।

1.2.1.3 ਵਿੱਤੀ ਪ੍ਰਬੰਧਨ


ਯੂਨੀਵਰਸਿਟੀ ਦੇ ਪ੍ਰਾਪਤੀ ਅਤੇ ਖਰਚੇ ਦੇ ਭਾਗਾਂ ਨੂੰ **ਚਾਰਟ** 1.2(ੳ) ਅਤੇ 1.2(ਅ) ਵਿੱਚ ਦਰਸਾਇਆ ਗਿਆ ਹੈ।

ਚਾਰਟ 1.2(ੳ) : 2017-22[10] ਦੌਰਾਨ ਔਸਤਨ ਪ੍ਰਾਪਤੀ ਸਰੋਤ (*ਪ੍ਰਤੀਸ਼ਤ* ਵਿੱਚ)



ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਸੂਚਨਾ

ਚਾਰਟ 1.2(ਅ): 2017-22 ਦੌਰਾਨ ਔਸਤਨ ਮੱਦ-ਵਾਰ ਖਰਚਾ (*ਪ੍ਰਤੀਸ਼ਤ* ਵਿੱਚ)



ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਸੂਚਨਾ

1.2.1.4 ਨਾਕਾਫੀ ਪੈਨੈਸ਼ਨ ਫੰਡ

ਯੂਨੀਵਰਸਿਟੀ ਦੇ ਬੋਰਡ ਆੱਫ ਮੈਨੇਜਮੈਂਟ ਨੇ 30 ਮਈ 1991 ਨੂੰ ਹੋਈ ਆਪਣੀ 134ਵੀਂ ਮੀਟਿੰਗ ਵਿੱਚ 1 ਜਨਵਰੀ 1986 ਤੋਂ ਆਪਣੇ ਕਰਮਚਾਰੀਆਂ ਲਈ ਪੈਨਸ਼ਨ ਸਕੀਮ ਨੂੰ ਪ੍ਰਵਾਨਗੀ ਦਿੱਤੀ। ਯੂਨੀਵਰਸਿਟੀ ਦੇ ਮੌਜੂਦਾ ਕਰਮਚਾਰੀਆਂ ਨੂੰ ਆਪਣੇ ਕੰਟਰੀਬਿਊਟਰੀ ਪੈਨਸ਼ਨ ਫੰਡ (ਸੀ ਪੀ ਐਫ) ਲੇਖੇ ਵਿੱਚ ਜਮ੍ਹਾਂ ਯੂਨੀਵਰਸਿਟੀ ਦੇ ਯੋਗਦਾਨ ਨੂੰ ਵਿਆਜ ਸਮੇਤ ਛੱਡ ਨੂੰ ਪੈਨਸ਼ਨ ਸਕੀਮ ਦੀ ਚੋਣ ਕਰਨ ਦਾ ਅਧਿਕਾਰ ਸੀ।

[10] ਸਾਲ 2017-18 ਤੋਂ 2020-21 ਦੇ ਲੇਖਿਆਂ ਨੂੰ ਅੰਤਿਮ ਰੂਪ ਦਿੱਤਾ ਗਿਆ ਸੀ। 2021-22 ਤੋਂ ਬਾਅਦ ਦੇ ਲੇਖੇ ਅਜੇ ਤਿਆਰ ਕੀਤੇ ਜਾਣੇ ਅਤੇ ਈ ਐਲ ਐਫ ਏ, ਜੀ ਓ ਪੀ ਦੇ ਸਾਹਮਣੇ ਰੱਖੇ ਜਾਣੇ ਬਾਕੀ ਸਨ।

ਪੀ ਏ ਯੂ ਪੈਨਸ਼ਨ ਸਕੀਮ (1991) ਵਿੱਚ ਵਿਵਸਥਾ ਕੀਤੀ ਗਈ ਸੀ ਕਿ ਪੀ ਏ ਯੂ ਕਰਮਚਾਰੀਆਂ ਲਈ ਇੱਕ ਕਾਰਪਸ ਫੰਡ (ਜਿਸ ਨੂੰ ਪੈਨਸ਼ਨ ਫੰਡ ਕਿਹਾ ਜਾਵੇਗਾ) ਦਾ ਗਠਨ ਯੂਨੀਵਰਸਿਟੀ ਦੁਆਰਾ ਕੀਤੇ ਗਏ ਸੀ ਪੀ ਐਫ ਯੋਗਦਾਨਾਂ ਅਤੇ ਇਸ 'ਤੇ ਲੱਗੇ ਵਿਆਜ ਸਮੇਤ ਨੂੰ ਟਰਾਂਸਫਰ ਕਰਕੇ ਕੀਤਾ ਜਾਵੇਗਾ। ਇਹ ਇਸ ਸ਼ਰਤ 'ਤੇ ਹੋਵੇਗਾ ਕਿ ਪੰਜਾਬ ਸਰਕਾਰ ਅਤੇ ਹੋਰ ਵਿੱਤੀ ਏਜੰਸੀਆਂ ਕਰਮਚਾਰੀਆਂ ਦੀਆਂ ਤਨਖਾਹਾਂ ਦਾ 10 *ਪ੍ਰਤੀਸ਼ਤ* ਯੋਗਦਾਨ ਪਾਉਣਗੀਆਂ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਪੀ ਏ ਯੂ ਕਰਮਚਾਰੀਆਂ ਨੂੰ ਪੈਨਸ਼ਨਰੀ ਲਾਭਾਂ ਦੇ ਭੁਗਤਾਨ ਲਈ ਸਾਲ 1992 ਵਿੱਚ ਬਣਾਇਆ ਗਿਆ ਪੈਨਸ਼ਨ ਫੰਡ 2007 ਵਿੱਚ ਸਮਾਪਤ ਹੋ ਗਿਆ ਸੀ, ਕਿਉਂਕਿ ਪੰਜਾਬ ਸਰਕਾਰ ਦੁਆਰਾ ਨਵੀਂ ਪੈਨਸ਼ਨ ਸਕੀਮ (2004) ਲਾਗੂ ਕਰਨ ਅਤੇ ਪੀ ਏ ਯੂ ਦੇ ਕੁੱਝ ਕਰਮਚਾਰੀਆਂ ਨੂੰ ਇਸਦੀ ਵੰਡ (2006) ਤੋਂ ਬਾਅਦ ਗੁਰੂ ਅੰਗਦ ਦੇਵ ਵੈਨਟਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ (ਜੀ ਏ ਡੀ ਵੀ ਏ ਐਸ ਯੂ) ਵਿੱਚ ਤਬਦੀਲ ਕਰਨ ਕਾਰਨ, ਉਪਲਬਧ ਮੈਚਿੰਗ ਹਿੱਸਾ ਮਹੀਨਾਵਾਰ ਪੈਨਸ਼ਨ ਦਾ ਭੁਗਤਾਨ ਕਰਨ ਲਈ ਕਾਫੀ ਨਹੀਂ ਸੀ। ਕਿਉਂਕਿ ਪੈਨਸ਼ਨ ਫੰਡ 2007 ਵਿੱਚ ਸਮਾਪਤ ਹੋ ਗਿਆ ਸੀ ਅਤੇ ਪੈਨਸ਼ਨ ਦੀ ਅਦਾਇਗੀ ਲਈ ਲੋੜੀਂਦੇ ਫੰਡ ਉਪਲਬਧ ਨਹੀਂ ਸਨ, ਇਸ ਲਈ ਪੀ ਏ ਯੂ ਪੈਨਸ਼ਨਰਜ਼ ਐਸੋਸੀਏਸ਼ਨ ਦੀ ਕਨਫੈਡਰੇਸ਼ਨ ਨੇ ਪੈਨਸ਼ਨ ਦੀ ਅਦਾਇਗੀ ਲਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸਿਵਲ ਰਿੱਟ ਪਟੀਸ਼ਨ (ਸੀ ਡਬਲਯੂ ਪੀ) ਦਾਇਰ ਕੀਤੀ (2008)। ਹਾਈਕੋਰਟ ਨੇ ਸੇਵਾਮੁਕਤ ਕਰਮਚਾਰੀਆਂ ਨੂੰ ਪੈਨਸ਼ਨਰੀ ਅਤੇ ਸੇਵਾਮੁਕਤੀ ਲਾਭਾਂ ਦੀ ਅਦਾਇਗੀ ਕਰਨ ਦਾ ਹੁਕਮ ਦਿੱਤਾ (ਮਈ 2008)। ਇਸ ਤੋਂ ਬਾਅਦ, ਪੈਨਸ਼ਨਰੀ ਲਾਭਾਂ ਦਾ ਭੁਗਤਾਨ, ਪੰਜਾਬ ਸਰਕਾਰ (ਜੀ ਓ ਪੀ) ਤੋਂ ਪ੍ਰਾਪਤ ਸਹਾਇਤਾ ਅਨੁਦਾਨਾਂ (ਜੀ ਆਈ ਏ) ਵਿਚੋਂ ਕੀਤਾ[11] ਜਾ ਰਿਹਾ ਸੀ। ਜਿਸ ਦਾ 2017-22 ਦੇ ਸਮੇਂ ਦਾ ਵੇਰਵਾ **ਸਾਰਣੀ 1.2** ਵਿੱਚ ਦਿੱਤਾ ਗਿਆ ਹੈ।

ਸਾਰਣੀ 1.2: 2017-22 ਦੌਰਾਨ ਪੰਜਾਬ ਸਰਕਾਰ ਤੋਂ ਪ੍ਰਾਪਤ ਜੀ ਆਈ ਏ ਵਿਚੋਂ ਭੁਗਤਾਨ ਕੀਤੇ ਪੈਨਸ਼ਨਰੀ ਲਾਭਾਂ ਦੇ ਵੇਰਵੇ

(₹ ਕਰੋੜ ਵਿੱਚ)

ਵੇਰਵੇ	2017-18	2018-19	2019-20	2020-21	2021-22
ਪੰਜਾਬ ਸਰਕਾਰ ਤੋਂ ਪ੍ਰਾਪਤ ਕੁੱਲ ਜੀ ਆਈ ਏ	364.96	380.05	379.75	401.56	421.82
ਪੈਨਸ਼ਨਰੀ ਲਾਭਾਂ ਦਾ ਭੁਗਤਾਨ	147.46	153.41	162.04	168.65	177.75
ਪੈਨਸ਼ਨਰੀ ਲਾਭਾਂ ਦੇ ਭੁਗਤਾਨ ਲਈ ਜੀ ਆਈ ਏ ਦੀ ਵਰਤੋਂ (*ਪ੍ਰਤੀਸ਼ਤ* ਵਿੱਚ)	40.40	40.37	42.67	42.00	42.14


ਸ੍ਰੋਤ: ਪੀ ਏ ਯੂ ਦੁਆਰਾ ਮੁਹੱਈਆ ਕਰਵਾਈ ਗਈ ਸੂਚਨਾ

2017-22 ਦੀ ਮਿਆਦ ਦੌਰਾਨ ਯੂਨੀਵਰਸਿਟੀ ਦੁਆਰਾ ਜੀ ਆਈ ਏ ਵਿਚੋਂ ਕੀਤੇ ਗਏ ਕੁੱਲ ਪੈਨਸ਼ਨ ਭੁਗਤਾਨਾਂ ਦੇ ਮੁਕਾਬਲੇ ਕਰਮਚਾਰੀਆਂ ਦੀਆਂ ਤਨਖਾਹਾਂ ਤੋਂ ਪ੍ਰਾਪਤ ਕੀਤੇ ਗਏ ਕੁੱਲ ਪੈਨਸ਼ਨ ਯੋਗਦਾਨਾਂ ਬਾਰੇ ਸਥਿਤੀ **ਚਾਰਟ 1.3** ਵਿੱਚ ਦਰਸਾਈ ਗਈ ਹੈ। 31 ਮਾਰਚ 2022 ਨੂੰ ਪੀ ਏ ਯੂ

[11] ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ (ਮਈ 2008) ਅਨੁਸਾਰ।


ਪੈਨਸ਼ਨ ਸਕੀਮ ਦੀ ਚੋਣ ਕਰਨ ਵਾਲੇ ਪੈਨਸ਼ਨਰਾਂ ਅਤੇ ਸੇਵਾ ਕਰ ਰਹੇ ਕਰਮਚਾਰੀਆਂ ਦੀ ਸਥਿਤੀ **ਚਾਰਟ** 1.4 ਵਿੱਚ ਦਰਸਾਈ ਗਈ ਹੈ।

ਚਾਰਟ 1.3 : 2017-22 **ਦੌਰਾਨ ਪੈਨਸ਼ਨ ਫ਼ੰਡ ਵਿੱਚ ਪੈਨਸ਼ਨ ਯੋਗਦਾਨਾਂ ਦੇ ਮੁਕਾਬਲੇ ਜੀ ਆਈ ਏ ਵਿਚੋਂ ਪੈਨਸ਼ਨ ਭੁਗਤਾਨ ਦੇਣਦਾਰੀ ਦੇ ਵੇਰਵੇ**



ਸ੍ਰੋਤ: ਪੀ ਏ ਯੂ ਦੁਆਰਾ ਮੁਹੱਈਆ ਕਰਵਾਈ ਗਈ ਸੂਚਨਾ

ਚਾਰਟ 1.4: 31 **ਮਾਰਚ** 2022 **ਤੱਕ ਪੀ ਏ ਯੂ ਪੈਨਸ਼ਨ ਸਕੀਮ ਦਾ ਵਿਕਲਪ ਚੁਣਨ ਵਾਲੇ ਕੁੱਲ ਪੈਨਸ਼ਨਰ ਅਤੇ ਕਰਮਚਾਰੀ**



ਸ੍ਰੋਤ: ਪੀ ਏ ਯੂ ਦੁਆਰਾ ਮੁਹੱਈਆ ਕਰਵਾਈ ਗਈ ਸੂਚਨਾ

ਇਹ ਵੇਖਿਆ ਗਿਆ ਸੀ ਕਿ 2008 ਵਿੱਚ ਕੋਰਟ ਦੇ ਫੈਸਲੇ ਦੇ ਬਾਅਦ 31 ਮਾਰਚ 2022 ਤੱਕ ਪੈਨਸ਼ਨ ਫੰਡ ਵਿੱਚ ₹ 247.16 ਕਰੋੜ ਦੀ ਰਾਸ਼ੀ ਜਮ੍ਹਾਂ ਹੋ ਗਈ ਸੀ, ਪਰ ਯੂਨੀਵਰਸਿਟੀ ਵੱਲੋਂ ਇਸ ਫੰਡ ਵਿਚੋਂ ਪੈਨਸ਼ਨ ਦੇਣਦਾਰੀਆਂ ਦੀ ਅਦਾਇਗੀ ਲਈ ਕੋਈ ਰਾਸ਼ੀ ਨਹੀਂ ਖਰਚੀ ਗਈ ਸੀ ਕਿਉਂਕਿ ਯੂਨੀਵਰਸਿਟੀ ਜੀ ਆਈ ਏ ਵਿਚੋਂ ਪੈਨਸ਼ਨਰੀ ਲਾਭਾਂ ਦਾ ਭੁਗਤਾਨ ਕਰ ਰਹੀ ਹੈ।

ਪਰਿਭਾਸ਼ਿਤ ਪੈਨਸ਼ਨਰੀ ਲਾਭਾਂ ਦੇ ਭੁਗਤਾਨ ਲਈ ਲੰਮੇ ਸਮੇਂ ਦੀ ਸਥਿਰਤਾ ਦਾ ਮੁਲਾਂਕਣ ਕਰਨ ਲਈ ਇਸ ਫੰਡ ਦਾ ਕੋਈ ਅਸਲ ਮੁਲਾਂਕਣ ਨਹੀਂ ਕੀਤਾ ਗਿਆ ਸੀ।

ਇਸ ਤੋਂ ਇਲਾਵਾ, ਇਹ ਦੇਖਿਆ ਗਿਆ ਕਿ ₹ 247.16 ਕਰੋੜ ਦੇ ਇੱਕਤਰ ਹੋਏ ਪੈਨਸ਼ਨ ਫੰਡ ਵਿਚੋਂ ₹ 245.93 ਕਰੋੜ ਦੀ ਰਾਸ਼ੀ ਦਾ ਐਫ ਡੀ ਆਰਜ਼ ਵਿੱਚ ਨਿਵੇਸ਼ ਕੀਤਾ ਗਿਆ ਸੀ ਅਤੇ ₹ 1.23 ਕਰੋੜ ਬੱਚਤ ਬੈਂਕ ਖਾਤੇ ਵਿੱਚ ਪਏ ਸਨ। ਹਾਲਾਂਕਿ, ਯੂਨੀਵਰਸਿਟੀ ਨੇ ਵਿੱਤ ਮੰਤਰਾਲੇ ਦੇ ਵਿੱਤੀ ਸੇਵਾਵਾਂ ਵਿਭਾਗ ਜੀ ਓ ਆਈ ਦੁਆਰਾ ਅਧਿਸੂਚਿਤ ਕੀਤੇ ਗਏ ਨਿਵੇਸ਼ ਪੈਟਰਨ[12] (ਮਾਰਚ 2015) ਦੇ ਅਨੁਸਾਰ ਪੈਨਸ਼ਨ ਫੰਡ ਦੀ ਰਾਸ਼ੀ ਵਿੱਚ ਵਿਭਿੰਨਤਾ ਨਹੀਂ ਕੀਤੀ, ਜੋ ਕਿ 01 ਅਪ੍ਰੈਲ 2015 ਤੋਂ ਗੈਰ-ਸਰਕਾਰੀ ਭਵਿੱਖ ਨਿਧੀ, ਸੇਵਾਮੁਕਤੀ ਫੰਡਾਂ ਅਤੇ ਗਰੈਚੁਟੀ ਫੰਡਾਂ ਲਈ ਅਪਣਾਇਆ ਜਾਣਾ ਸੀ। ਭਾਵੇਂ, ਰਾਜ ਸਰਕਾਰ ਕੋਲ ਇਸ ਕਿਸਮ ਦਾ ਨਿਰਧਾਰਤ ਨਿਵੇਸ਼ ਪੈਟਰਨ ਨਹੀਂ ਹੈ, ਪਰ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ, ਵਿੱਤੀ ਸੇਵਾਵਾਂ ਵਿਭਾਗ ਦੁਆਰਾ ਇੱਕ ਨਿਰਧਾਰਤ ਨਿਵੇਸ਼ ਪੈਟਰਨ ਅਧਿਸੂਚਿਤ ਕੀਤਾ ਗਿਆ ਸੀ (ਮਾਰਚ 2015)। ਇੱਕ ਸਾਲ ਤੋਂ ਘਟ ਨਾ ਹੋਣ ਵਾਲੀ ਮਿਆਦੀ ਜਮ੍ਹਾਂ ਰਾਸ਼ੀ ਲਈ ਨਿਰਧਾਰਤ ਸੀਮਾਂ ਫੰਡ ਦਾ ਸਿਰਫ਼ 35 ਤੋਂ 45 *ਪ੍ਰਤੀਸ਼ਤ* ਹੈ। ਯੂਨੀਵਰਸਿਟੀ ਨੇ ਫੰਡ ਦਾ 100 *ਪ੍ਰਤੀਸ਼ਤ* ਮਿਆਦੀ ਜਮ੍ਹਾਂ ਵਿੱਚ ਨਿਵੇਸ਼ ਕੀਤਾ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ 2004 ਵਿੱਚ ਨਵੀਂ ਪੈਨਸ਼ਨ ਸਕੀਮ ਦੇ ਲਾਗੂਕਰਣ ਤੋਂ ਬਾਅਦ ਪੀ ਏ ਯੂ ਦੀ ਪੈਨਸ਼ਨ ਸਕੀਮ ਦੀ ਚੋਣ ਕਰਨ ਵਾਲੇ ਕਰਮਚਾਰੀਆਂ ਦੀ ਸੰਖਿਆ ਘਟਣੀ ਸ਼ੁਰੂ ਹੋ ਗਈ ਜਿਵੇਂ ਕਿ (31 ਮਾਰਚ 2022: 1,059 ਅਤੇ 31 ਮਾਰਚ 2024: 923) ਅਤੇ ਸੇਵਾਮੁਕਤ ਲੋਕਾਂ ਦੀ ਸੰਖਿਆ ਵਧਣੀ ਸ਼ੁਰੂ ਹੋ ਗਈ (31 ਮਾਰਚ 2022: 4,006 ਅਤੇ 31 ਮਾਰਚ 2024: 4,046)। ਇਹ ਦੱਸਿਆ ਗਿਆ ਸੀ (ਅਕਤੂਬਰ 2024) ਕਿ ਅਪ੍ਰੈਲ 2024 ਤੋਂ ਪੈਨਸ਼ਨ ਦੀਆਂ ਮੰਗਾਂ ਯੂਨੀਵਰਸਿਟੀ ਦੁਆਰਾ ਜੀ ਆਈ ਏ (36 ਗੈਰ-ਤਨਖਾਹ) ਦੇ ਅਧੀਨ ਵੱਖਰੇ ਤੌਰ 'ਤੇ ਉਠਾਈਆਂ ਜਾਂਦੀਆਂ ਹਨ ਅਤੇ ਰਾਜ ਸਰਕਾਰ ਦੁਆਰਾ ਯੂਨੀਵਰਸਿਟੀ ਦੁਆਰਾ ਪ੍ਰਾਪਤ ਕੁੱਲ ਜੀ ਆਈ ਏ ਮਾਤਰਾ ਵਿੱਚ ਬਦਲਾਅ ਕੀਤੇ ਬਿਨ੍ਹਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਇਸ ਤਰ੍ਹਾਂ, ਨਾਕਾਫ਼ੀ ਪੈਨਸ਼ਨ ਫੰਡ ਦੇ ਮੱਦੇਨਜ਼ਰ, ਯੂਨੀਵਰਸਿਟੀ ਕੋਲ ਆਪਣੀਆਂ ਪੈਨਸ਼ਨ ਦੇਣਦਾਰੀਆਂ ਨੂੰ ਪੂਰਾ ਕਰਨ ਲਈ ਰਾਜ ਸਰਕਾਰ ਤੋਂ ਪ੍ਰਾਪਤ ਕੀਤੇ ਜਾ ਰਹੇ ਜੀ ਆਈ ਏ 'ਤੇ ਨਿਰਭਰ ਕਰਨ ਤੋਂ ਇਲਾਵਾ ਕੋਈ ਵਿਕਲਪ ਨਹੀਂ ਸੀ।

1.2.1.5 ਵਿੱਤੀ ਵਿਵਰਣੀਆਂ ਬਣਾਉਣਾ

ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ, 1970 ਦੀ ਧਾਰਾ 34(4) ਦੇ ਉਪਬੰਧਾਂ ਅਨੁਸਾਰ ਉਪ-ਕੁਲਪਤੀ ਦੁਆਰਾ ਬੋਰਡ ਆਫ਼ ਮੈਨੇਜਮੈਂਟ (ਬੀ ਓ ਐਮ) ਰਾਹੀਂ ਢੁਕਵੀਂ ਸਰਕਾਰ ਨੂੰ ਲੇਖੇ ਅਤੇ ਬੈਲੇਂਸ ਸ਼ੀਟ ਜਮ੍ਹਾਂ ਕਰਾਵਏ ਜਾਣਗੇ। ਜਿਨ੍ਹਾਂ ਦੀ ਐਗਜ਼ਾਮੀਨਰ, ਲੋਕਲ ਫੰਡ ਅਕਾਉਂਟਸ (ਈ ਐਲ ਐਫ ਏ) ਦੁਆਰਾ ਲੇਖਾ ਪ੍ਰੀਖਿਆ ਕੀਤੀ ਜਾਵੇਗੀ। ਹਾਲਾਂਕਿ, ਭਾਵੇਂ ਈ ਐਲ ਐਫ ਏ

[12] (i) ਸਰਕਾਰੀ ਪ੍ਰਤੀਭੂਤੀਆਂ ਅਤੇ ਸਬੰਧਤ ਨਿਵੇਸ਼ (ਘੱਟੋ ਘੱਟ 45 *ਪ੍ਰਤੀਸ਼ਤ* ਅਤੇ 50 *ਪ੍ਰਤੀਸ਼ਤ* ਤੱਕ); (ii) ਕਰਜ਼ੇ ਦੇ ਇਨਸਟਰੂਮੈਂਟਜ਼ ਅਤੇ ਸਬੰਧਤ ਨਿਵੇਸ਼ ਜਿਵੇਂ ਕਿ ਕਾਰਪੋਰੇਟ ਸੰਸਥਾ ਦੁਆਰਾ ਜਾਰੀ ਸੂਚੀਬੱਧ ਕਰਜ਼ਾ ਪ੍ਰਤੀਭੂਤੀਆਂ, ਬੇਸਲ-III ਟੀਅਰ-I ਬਾਂਡਜ਼, ਮਿਆਦੀ ਜਮ੍ਹਾਂ ਰਾਸ਼ੀ ਪ੍ਰਾਪਤੀਆਂ ਜੋ ਕਿ ਇੱਕ ਸਾਲ ਦੀ ਮਿਆਦ ਤੋਂ ਘੱਟ ਨਾ ਹੋਣ, ਮਿਊਚਲ ਫੰਡ ਦੇ ਯੂਨਿਟ, ਆਦਿ (ਘੱਟੋ-ਘੱਟ 35 *ਪ੍ਰਤੀਸ਼ਤ* ਅਤੇ 45 *ਪ੍ਰਤੀਸ਼ਤ* ਤੱਕ); (iii) ਥੋੜੇ ਸਮੇਂ ਦੇ ਕਰਜ਼ੇ ਦੇ ਇਨਸਟਰੂਮੈਂਟਜ਼ ਅਤੇ ਸਬੰਧਤ ਨਿਵੇਸ਼ ਜਿਵੇਂ ਕਿ ਮੁਦਰਾ ਬਜ਼ਾਰ ਸਾਧਨ, ਆਦਿ (ਪੰਜ *ਪ੍ਰਤੀਸ਼ਤ* ਤੱਕ); (iv) ਇਕਿਓਟੀਜ਼ ਅਤੇ ਸਬੰਧਤ ਨਿਵੇਸ਼ (ਘੱਟੋ-ਘੱਟ ਪੰਜ *ਪ੍ਰਤੀਸ਼ਤ* ਅਤੇ 15 *ਪ੍ਰਤੀਸ਼ਤ* ਤੱਕ); ਅਤੇ (v) ਸੰਪਤਿ ਸਮਰਥਿਤ, ਟਰਸਟ ਦੁਆਰਾ ਸੰਰਚਿਤ ਅਤੇ ਫੁਟਕਲ ਨਿਵੇਸ਼ (ਪੰਜ *ਪ੍ਰਤੀਸ਼ਤ* ਤੱਕ)।

ਯੂਨੀਵਰਸਿਟੀ ਦੇ ਲੇਖਿਆਂ (ਗ੍ਰਾਂਟਾਂ ਦੀ ਵਰਤੋਂ) ਦੀ ਲੇਖਾ ਪ੍ਰੀਖਿਆ ਕਰ ਰਿਹਾ ਸੀ, ਯੂਨੀਵਰਸਿਟੀ ਤੋਂ ਬੈਲੇਂਸ ਸ਼ੀਟ ਨਾ ਮਿਲਣ ਕਾਰਨ ਉਨ੍ਹਾਂ ਦੁਆਰਾ ਬੈਲੇਂਸ ਸ਼ੀਟ ਦੀ ਲੇਖਾ ਪ੍ਰੀਖਿਆ ਨਹੀਂ ਕੀਤੀ ਜਾ ਰਹੀ ਸੀ।

(i) ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ (ਜੀ ਏ ਡੀ ਵੀ ਏ ਐਸ ਯੂ) ਦੀ ਸਥਾਪਨਾ (ਅਗਸਤ 2005) ਲੁਧਿਆਣਾ ਵਿਖੇ ਪੰਜਾਬ ਵਿਧਾਨ ਸਭਾ ਦੇ 2005 ਦੇ ਐਕਟ ਨੰ.16 ਦੁਆਰਾ ਕੀਤੀ ਗਈ ਸੀ ਅਤੇ 21 ਅਪ੍ਰੈਲ 2006 ਨੂੰ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਜੀ ਏ ਡੀ ਵੀ ਏ ਐਸ ਯੂ ਨੂੰ ਪੀ ਏ ਯੂ ਤੋਂ ਬਣਾਇਆ ਗਿਆ ਸੀ ਜਿਸ ਵਿੱਚ ਸਟਾਫ ਅਤੇ ਸਰੋਤ ਦੋ ਸੰਸਥਾਵਾਂ ਵਿਚਕਾਰ ਵੰਡੇ ਹੋਏ ਸਨ।

ਰਿਕਾਰਡਾਂ ਦੀ ਨਮੂਨਾ-ਜਾਂਚ ਨੇ ਦਰਸਾਇਆ ਕਿ 2006-07 ਵਿੱਚ ਜੀ ਏ ਡੀ ਵੀ ਏ ਐਸ ਯੂ ਦੀ ਸਥਾਪਨਾ ਵੇਲੇ ₹ 13.12 ਕਰੋੜ ਦੀ ਰਾਸ਼ੀ ਨੂੰ ਪੀ ਏ ਯੂ ਦੇ ਪ੍ਰਮਾਣਿਤ ਲੇਖਿਆਂ[13] ਵਿੱਚ 1996-97 ਤੋਂ 2005-06 ਦੇ ਸਮੇਂ ਦੌਰਾਨ ਗੈਰ-ਪਲਾਨ ਵੈੱਟ ਸਕੀਮ 'ਤੇ ਕੀਤੇ ਗਏ ਵੱਧ ਖਰਚੇ ਕਾਰਣ ਜੀ ਏ ਡੀ ਵੀ ਏ ਐਸ ਯੂ ਤੋਂ ਵਸੂਲੀਯੋਗ ਦਰਸਾਇਆ ਗਿਆ ਸੀ। ਪਸ਼ੂ ਪਾਲਣ ਵਿਭਾਗ, ਪੰਜਾਬ ਸਰਕਾਰ ਦੁਆਰਾ ਵੱਧ ਖਰਚੇ ਦੇ ਸਮਾਯੋਜਨ ਲਈ ਯੂਨੀਵਰਸਿਟੀ ਦੀ ₹ 13.12 ਕਰੋੜ ਜਾਰੀ ਕਰਨ ਦੀ ਬੇਨਤੀ (ਸਤੰਬਰ 2009) ਨੂੰ ਰੱਦ ਕਰ ਦਿੱਤਾ ਗਿਆ ਸੀ (ਫਰਵਰੀ/ਅਪ੍ਰੈਲ 2011)। ਇਸ ਤੋਂ ਬਾਅਦ, ਯੂਨੀਵਰਸਿਟੀ ਦੇ ਰਿਕਾਰਡਾਂ ਵਿੱਚ ਇਹ ਸੰਕੇਤ ਨਹੀਂ ਸੀ ਕਿ ਰਕਮ ਦੀ ਵਸੂਲੀ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਜਦੋਂ ਕਿ, ਯੂਨੀਵਰਸਿਟੀ ਇਸ ਰਾਸ਼ੀ (₹ 13.12 ਕਰੋੜ) ਨੂੰ ਹਰੇਕ ਵਿੱਤੀ ਸਾਲ ਦੇ ਅਖੀਰ ਤੇ ਅਣਵਰਤੇ ਅਨੁਦਾਨਾਂ ਵਿਚੋਂ ਘੱਟ ਕਰਦੀ ਰਹੀ ਸੀ। ਇਸ ਦੇ ਨਤੀਜੇ ਵਜੋਂ ₹ 13.12 ਕਰੋੜ 2017-18 ਤੋਂ 2019-20 ਦੌਰਾਨ ਅਣਵਰਤੀ ਗ੍ਰਾਂਟਾਂ ਨੂੰ ਘੱਟ ਕਰਕੇ ਦਰਸਾਇਆ ਗਿਆ ਸੀ।

ਯੂਨੀਵਰਸਿਟੀ ਨੇ ਲੇਖਿਆਂ ਦੇ ਦੋ ਸੈਟ ਤਿਆਰ ਕੀਤੇ ਜਿਵੇਂ ਕਿ ਗ੍ਰਾਂਟਾਂ ਦੀ ਵਰਤੋਂ ਨਾਲ ਸਬੰਧਤ ਲੇਖੇ (ਈ ਐਲ ਐਫ ਏ ਦੁਆਰਾ ਲੇਖਾ ਪ੍ਰੀਖਿਆ ਕੀਤੀ ਗਈ) ਅਤੇ ਵਿੱਤੀ ਵਿਵਰਣੀਆਂ (ਚਾਰਟਰਡ ਅਕਾਊਂਟੈਂਟ ਦੁਆਰਾ ਲੇਖਾ ਪ੍ਰੀਖਿਆ ਕੀਤੀ ਗਈ)।

(ii) ਲੇਖਿਆਂ ਅਤੇ ਬੈਲੇਂਸ ਸ਼ੀਟ ਦੇ ਫਾਰਮੈਟ ਨੂੰ ਤਿਆਰ ਕਰਨ ਵਿੱਚ ਹੇਠ ਲਿਖੀਆਂ ਕਮੀਆਂ ਦੇਖੀਆਂ ਗਈਆਂ ਸਨ:

1. ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ, 1970 ਅਤੇ ਪੰਜਵੀਂ ਡੀਨਜ਼ ਕਮੇਟੀ ਦੇ ਵਿੱਤੀ ਸਾਲ ਦੀ ਸਮਾਪਤੀ ਤੋਂ ਬਾਅਦ ਛੇ ਮਹੀਨਿਆਂ ਦੇ ਅੰਦਰ ਲੇਖੇ ਅਤੇ ਬੈਲੇਂਸ ਸ਼ੀਟ ਤਿਆਰ ਕਰਨ/ਜਮ੍ਹਾਂ ਕਰਨ ਦੀ ਸਮਾਂ-ਸੀਮਾ, ਯਾਨੀ ਸਤੰਬਰ ਦੇ ਅੰਤ ਤੱਕ, ਦੇ ਉਪਬੰਧਾਂ ਦੀ ਪਾਲਣਾ ਯੂਨੀਵਰਸਿਟੀ ਦੁਆਰਾ ਨਹੀਂ ਕੀਤੀ ਗਈ ਸੀ, ਜਿਵੇਂ ਕਿ ਹੇਠਾਂ ਲਿਖੇ ਤੱਥਾਂ ਤੋਂ ਸਿੱਧ ਹੁੰਦਾ ਹੈ:
    - ਸਾਲ 2017-18 (₹ 529.26 ਕਰੋੜ), 2018-19 (₹ 528.25 ਕਰੋੜ), 2019-20 (₹ 554.58 ਕਰੋੜ) ਅਤੇ 2020-21 (₹ 589.47 ਕਰੋੜ) ਲਈ ਗ੍ਰਾਂਟ ਵਰਤੋਂ ਸਰਟੀਫਿਕੇਟਾਂ (ਜੀ ਯੂ ਸੀਜ਼) ਵਾਲੇ ਲੇਖਿਆਂ ਦੀ ਸਲਾਨਾ ਵਿਵਰਣੀ ਨੂੰ ਕ੍ਰਮਵਾਰ

[13] ਸਾਲ 2017-18 ਤੋਂ 2019-20 ਲਈ ਪ੍ਰਮਾਣਿਤ ਸਾਲਾਨਾ ਲੇਖਿਆਂ ਵਿੱਚ ਮਾਇਨਸ ਐਂਟਰੀ ਵਜੋਂ ਦਰਸਾਇਆ ਗਿਆ ਸੀ, ਕਿਉਂਕਿ ਸਾਲ 2020-21 ਅਤੇ 2021-22 ਦੇ ਲੇਖਿਆਂ ਨੂੰ ਅਜੇ ਅੰਤਿਮ ਰੂਪ ਦੇਣਾ ਬਾਕੀ ਹੈ (ਮਾਰਚ 2023)।

ਮਾਰਚ 2019, ਅਗਸਤ 2020, ਮਾਰਚ 2021 ਅਤੇ ਜੁਲਾਈ 2024 ਦੌਰਾਨ ਬੀ ਓ ਐਮ ਦੇ ਸਨਮੁੱਖ ਛੇ ਤੋਂ 33 ਮਹੀਨਿਆਂ ਦੀ ਦੇਰੀ ਨਾਲ ਪੇਸ਼ ਕੀਤਾ ਗਿਆ ਸੀ।

- ਸਾਲ 2021-22 ਲਈ ₹ 596.25 ਕਰੋੜ ਦੇ ਖਰਚੇ ਵਾਲੇ ਜੀ ਯੂ ਸੀਜ਼ ਨੂੰ ਬੀ ਓ ਐਮ ਦੇ ਸਨਮੁੱਖ ਨਹੀਂ ਰੱਖਿਆ ਗਿਆ ਸੀ (ਅਕਤੂਬਰ 2024) ਅਤੇ ਨਤੀਜੇ ਵਜੋਂ ਰਾਜ ਸਰਕਾਰ ਨੂੰ ਭੇਜਿਆ ਨਹੀਂ ਜਾ ਸਕਿਆ।

ਜੀ ਯੂ ਸੀਜ਼ ਪੇਸ਼ ਕਰਨ ਵਿੱਚ ਦੇਰੀ ਅਨੁਦਾਨਾਂ ਦੀ ਪ੍ਰਭਾਵੀ ਵਰਤੋਂ 'ਤੇ ਵਿਧਾਨ ਸਭਾ ਦੀ ਨਿਗਰਾਨੀ ਨੂੰ ਪ੍ਰਭਾਵਤ ਕਰ ਸਕਦੀ ਹੈ।

ਕੰਪਟਰੋਲਰ ਨੇ ਜੀ ਯੂ ਸੀਜ਼ ਜਮ੍ਹਾਂ ਕਰਵਾਉਣ ਵਿੱਚ ਦੇਰੀ ਦਾ ਕਾਰਨ ਈ ਐਲ ਐਫ ਏ ਵਿੱਚ ਸਟਾਫ ਦੀ ਘਾਟ ਨੂੰ ਦੱਸਿਆ (ਅਕਤੂਬਰ 2024) ਅਤੇ ਅੱਗੇ ਕਿਹਾ ਕਿ ਈ ਐਲ ਐਫ ਏ ਲੇਖਾ ਪ੍ਰੀਖਿਆ ਵਿੱਚ ਦੇਰੀ ਕਾਰਨ 2021-22 ਤੋਂ ਬਾਅਦ ਦੇ ਸਾਲਾਂ ਦੀ ਜੀ ਯੂ ਸੀਜ਼ ਅਜੇ ਵੀ ਲੰਬਿੰਤ ਹਨ।

2. ਆਈ ਸੀ ਏ ਆਰ ਦੀ ਪੰਜਵੀਂ ਡੀਨਜ਼ ਕਮੇਟੀ ਦੁਆਰਾ ਸਿਫ਼ਾਰਸ਼ ਕੀਤੇ ਗਏ (ਜੂਨ 2016) ਅਨੁਸਾਰ ਲੇਖਿਆਂ ਦੀ ਸਲਾਨਾ ਵਿਵਰਣੀ (ਬੈਲੈਂਸ ਸ਼ੀਟ) ਐਕਰੁਅਲ ਬੇਸਿਸ ਪ੍ਰਣਾਲੀ ਦੀ ਬਜਾਏ ਅਕਾਊਂਟਿੰਗ ਦੇ ਨਕਦ ਅਧਾਰ 'ਤੇ ਬਣਾਈ ਜਾ ਰਹੀ ਸੀ। ਪੀ ਏ ਯੂ ਨੇ ਜਾਰੀ ਕੀਤੇ ਪਰ ਕਲੀਅਰ ਨਾ ਹੋਏ ਚੈਕਾਂ, ਬੈਂਕਾਂ ਤੋਂ ਬਕਾਇਆ ਪ੍ਰਾਪਤੀਆਂ ਅਤੇ ਵਸੂਲੀਯੋਗ ਬੈਂਕ ਚਾਰਜਜ਼ ਦੇ ਵੇਰਵੇ ਤੋਂ ਸਿਵਾਏ ਯੂਨੀਵਰਸਿਟੀ ਦੁਆਰਾ ਅਕਰੂਡ ਹੋਣ ਵਾਲੇ ਅਤੇ ਇਸ ਵਲੋਂ ਅਦਾਇਗੀਯੋਗ ਰਾਸ਼ੀ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ । ਇਸ ਤੋਂ ਇਲਾਵਾ, 2020-21 ਅਤੇ 2021-22 ਦੇ ਸਲਾਨਾ ਲੇਖਿਆਂ ਨੂੰ ਹੁਣ ਤੱਕ ਪ੍ਰਮਾਣਿਤ ਨਹੀਂ ਕੀਤਾ ਗਿਆ ਸੀ (ਫਰਵਰੀ 2023)।

ਨੋਟਸ ਟੂ ਅਕਾਊਟਸ ਵਿੱਚ ਇੱਕ ਐਕਰੂਅਲ ਅਧਾਰਤ ਪ੍ਰਣਾਲੀ ਅਤੇ ਉਚਿਤ ਖੁਲਾਸੇ ਦੀ ਅਣਹੋਂਦ ਵਿੱਚ, ਯੂਨੀਵਰਸਿਟੀ ਦੀਆਂ ਸੰਪਤੀਆਂ ਅਤੇ ਦੇਣਦਾਰੀਆਂ ਦੀ ਸਹੀ ਅਤੇ ਨਿਰਪੱਖ ਸਥਿਤੀ ਦਾ ਪਤਾ ਨਹੀਂ ਲਗਾਇਆ ਜਾ ਸਕਿਆ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਯੂਨੀਵਰਸਿਟੀ ਦੇ ਲੇਖਿਆਂ ਨੂੰ ਤਿਆਰ ਕਰਨ ਲਈ ਲੇਖਾ ਜੋਖਾ ਦੇ ਐਕਰੂਅਲ ਅਧਾਰ ਨੂੰ ਅਪਣਾਉਣ ਲਈ ਐਂਟਰਪ੍ਰਾਈਜ਼ ਰਿਸੋਰਸ ਪਲਾਨਿੰਗ (ਈ ਆਰ ਪੀ) ਸਾਫਟਵੇਅਰ ਦੀ ਲੋੜ ਹੁੰਦੀ ਹੈ ਅਤੇ ਇਸ ਵਿੱਚ ਭਾਰੀ ਖਰਚਾ ਸ਼ਾਮਲ ਹੁੰਦਾ ਹੈ। ਈ ਆਰ ਪੀ ਪ੍ਰਣਾਲੀ ਨੂੰ ਰਾਜ ਸਰਕਾਰ ਤੋਂ ਗ੍ਰਾਂਟ ਪ੍ਰਾਪਤ ਕਰਨ ਤੋਂ ਬਾਅਦ ਲਾਗੂ ਕੀਤਾ ਜਾਵੇਗਾ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਸਿਰਫ਼ ਈ ਆਰ ਪੀ ਵਿੱਤੀ ਵਿਵਰਣੀਆਂ ਤਿਆਰ ਕਰਨ ਲਈ ਨਹੀਂ ਸੀ।

3. ਪੰਜਵੀਂ ਡੀਨਜ਼ ਕਮੇਟੀ ਦੀਆਂ ਸਿਫਾਰਸ਼ਾ ਦੇ ਅਨੁਸਾਰ (ਜੂਨ 2016), ਯੂਨੀਵਰਸਿਟੀ ਕੋਲ ਇੱਕ ਜਨਰਲ ਫੰਡ ਹੋਵੇਗਾ ਜਿਸ ਵਿੱਚ ਫੀਸ, ਐਂਡੋਮੈਂਟ ਅਤੇ ਗ੍ਰਾਂਟਾਂ ਤੋਂ ਆਮਦਨ ਅਤੇ ਯੂਨੀਵਰਸਿਟੀ ਦੀਆਂ ਸੰਪਤੀਆਂ ਤੋਂ ਆਮਦਨੀ ਨੂੰ ਕ੍ਰੈਡਿਟ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਆਈ ਸੀ ਏ ਆਰ ਨੂੰ ਪੇਸ਼ ਕੀਤੇ ਗਏ ਸਾਲ 2017 ਲਈ ਖੇਤੀਬਾੜੀ

ਯੂਨੀਵਰਸਿਟੀ ਦੀ ਰੈਂਕਿੰਗ ਲਈ ਮੁਲਾਂਕਣ ਪ੍ਰੋਫਾਰਮਾ ਦੇ ਅਨੁਸਾਰ, ਇਹ ਕਿਹਾ ਗਿਆ ਸੀ ਕਿ ਪੰਜਵੀ ਡੀਨਜ਼ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਯੂਨੀਵਰਸਿਟੀ ਨੇ ਅਗਸਤ 2011 ਵਿੱਚ ਇੱਕ ਐਂਡੋਮੈਂਟ ਫੰਡ ਬਣਾਇਆ ਸੀ। ਦਸਤਾਵੇਜ਼ਾਂ ਦੇ ਅਨੁਸਾਰ, ਫੰਡਾਂ ਦਾ ਦਰਸਾਇਆ ਗਿਆ ਉਦੇਸ਼ ਖੋਜ, ਅਧਿਆਪਨ ਅਤੇ ਵਿਸਥਾਰ ਸਿੱਖਿਆ ਲਈ ਕਾਰਪਸ 'ਤੇ ਕਮਾਏ ਵਿਆਜ ਦੀ ਵਰਤੋਂ ਕਰਨਾ ਸੀ। ਪੀ ਏ ਯੂ ਐਂਡੋਮੈਂਟ ਫੰਡ ਨੂੰ ਇੱਕ ਬਚਤ ਬੈਂਕ ਖਾਤੇ ਵਿੱਚ ਰੱਖ ਰਿਹਾ ਸੀ, ਜਿਸ ਵਿੱਚ ਪ੍ਰਾਪਤ ਹੋਏ ਯੋਗਦਾਨਾਂ ਨੂੰ ਕ੍ਰੈਡਿਟ ਕੀਤਾ ਜਾ ਰਿਹਾ ਸੀ। 31 ਮਾਰਚ 2022 ਤੱਕ, ਫੰਡ ਵਿਚੋਂ ₹ 8.24 ਕਰੋੜ ਦੀ ਰਾਸ਼ੀ (₹ 0.35 ਕਰੋੜ ਦੇ ਵਿਆਜ ਸਮੇਤ) ਐਫ ਡੀ ਆਰ ਵਿੱਚ ਨਿਵੇਸ਼ ਕੀਤੀ ਗਈ ਸੀ ਅਤੇ ₹ 0.33 ਕਰੋੜ ਬੱਚਤ ਬੈਂਕ ਖਾਤੇ ਵਿੱਚ ਪਏ ਸਨ। ਹਾਲਾਂਕਿ, ਪੰਜਵੀਂ ਡੀਨਜ਼ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ, ਐਂਡੋਮੈਂਟ ਫੰਡ ਨੂੰ ਜਨਰਲ ਫੰਡ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ। ਯੂਨੀਵਰਸਿਟੀ ਇਸ ਫੰਡ ਨੂੰ ਵੱਖਰੇ ਤੌਰ 'ਤੇ ਰੱਖਦੀ ਹੈ।

ਐਂਡੋਮੈਂਟ ਫੰਡ ਦੀ ਇੱਕਠੀ ਹੋਈ ਰਾਸ਼ੀ ਨੂੰ ਇਸਦੇ ਗਠਨ ਤੋਂ ਬਾਅਦ ਪਰਿਕਲਪਿਤ ਉਦੇਸ਼ਾਂ ਲਈ ਨਹੀਂ ਵਰਤਿਆ ਗਿਆ ਸੀ। ਸਿਰਫ਼ ਇੱਕ ਵਾਰ ਵਿੱਚ, ਇਸ ਫੰਡ ਵਿਚੋਂ ਸਾਲ 2012-13 ਦੌਰਾਨ ਤਰਜੀਹੀ ਖੇਤਰਾਂ 'ਤੇ ਖੋਜ ਨੂੰ ਮਜ਼ਬੂਤ ਕਰਨ 'ਤੇ ₹ 5.89 ਲੱਖ ਦੇ ਬਜਟ ਅਨੁਮਾਨ ਵਿਭਿੰਨਤਾ 101 (ਪੀ ਸੀ-4261) (ਪ੍ਰਾਇਮਰੀ ਯੂਨਿਟ: ਆਵਰਤੀ ਕੰਟੀਜੈਂਸੀ) ਦੀ ਕਲਪਨਾ ਕੀਤੀ ਗਈ ਸੀ। ਹਾਲਾਂਕਿ, ਇਸ ਸਕੀਮ (ਆਵਰਤੀ ਕੰਟੀਜੈਂਸੀ) ਦੇ ਖਰਚਿਆਂ ਨਾਲ ਸੰਬੰਧਤ ਰਿਕਾਰਡ ਉਪਲਬਧ ਨਹੀਂ ਕਰਵਾਏ ਗਏ ਸਨ।

ਯੂਨੀਵਰਸਿਟੀ ਨੇ ਸੂਚਿਤ ਕੀਤਾ (ਅਕਤੂਬਰ 2024) ਕਿ ਐਂਡੋਮੈਂਟ ਫੰਡ ਲਈ ਬੈਲੇਂਸ ਸ਼ੀਟ ਤਿਆਰ ਕਰਨ ਦੀ ਪ੍ਰਕਿਰਿਆ ਚੱਲ ਰਹੀ ਸੀ। 31 ਮਾਰਚ 2024 ਨੂੰ ਐਂਡੋਮੈਂਟ ਫੰਡ ਦਾ ਬਕਾਇਆ ₹ 9.57 ਕਰੋੜ ਸੀ। ਇਸ ਤੋਂ ਇਲਾਵਾ, 2022-23 ਅਤੇ 2023-24 ਦੌਰਾਨ ਐਂਡੋਮੈਂਟ ਫੰਡ ਵਿੱਚੋਂ ਕੋਈ ਰਾਸ਼ੀ ਖਰਚ ਨਹੀਂ ਕੀਤੀ ਗਈ ਸੀ।

4. ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ, 1970 ਦੀ ਧਾਰਾ 34(3) ਵਿੱਚ ਦਰਜ ਉਪਬੰਧਾਂ ਅਨੁਸਾਰ, ਵਿੱਤ ਕਮੇਟੀ ਨੂੰ ਯੂਨੀਵਰਸਿਟੀ ਦੇ ਸਾਲਾਨਾ ਲੇਖਿਆਂ ਦੀ ਜਾਂਚ ਕਰਨ ਅਤੇ ਸਮੇਂ-ਸਮੇਂ 'ਤੇ ਯੂਨੀਵਰਸਿਟੀ ਦੀ ਵਿੱਤੀ ਸਥਿਤੀ ਦੀ ਸਮੀਖਿਆ ਕਰਨ ਦੀ ਲੋੜ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 31 ਮਾਰਚ 2020[14] ਤੱਕ ਯੂਨੀਵਰਸਿਟੀ ਦੇ ਪੰਜ ਕਾਲਜਾਂ ਦੁਆਰਾ ₹ 4.01 ਕਰੋੜ ਦੇ ਬਕਾਏ ਵਾਲੇ 33 ਬੈਂਕ ਖਾਤਿਆਂ ਦੀ ਸਾਂਭ-ਸੰਭਾਲ ਕੀਤੀ ਜਾ ਰਹੀ ਸੀ ***(ਅੰਤਿਕਾ*** 1.2) ਪਰ ਇਨ੍ਹਾਂ ਖਾਤਿਆਂ ਦੇ ਅੰਤਿਮ ਬਕਾਏ ਯੂਨੀਵਰਸਿਟੀ ਦੇ ਲੇਖਿਆਂ ਦੀਆਂ ਕਿਤਾਬਾਂ ਵਿੱਚ ਦਿਖਾਈ ਨਹੀਂ ਦੇ ਰਹੇ ਸਨ। ਇਹ ਸੁਝਾਅ ਦੇਣ ਲਈ ਰਿਕਾਰਡ 'ਤੇ ਕੁੱਝ ਵੀ ਨਹੀਂ ਸੀ ਕਿ ਇਹ ਬੈਂਕ ਖਾਤਿਆਂ ਨੂੰ ਵਿੱਤ ਕਮੇਟੀ ਦੇ ਕੋਲ ਸਮੀਖਿਆ ਲਈ ਪੇਸ਼ ਕੀਤਾ ਗਿਆ ਸੀ। ਇਸ ਤਰ੍ਹਾਂ, ਯੂਨੀਵਰਸਿਟੀ ਦੀ ਬੈਲੇਂਸ ਸ਼ੀਟ ਵਿੱਚ ਵੱਡੀ ਰਾਸ਼ੀ ਨਾਂ ਦਰਸਾਉਣ ਨਾਲ ਯੂਨੀਵਰਸਿਟੀ ਦੀ ਵਿੱਤੀ ਸਥਿਤੀ ਦੀ ਸਹੀ ਤਸਵੀਰ ਸਾਹਮਣੇ ਨਹੀਂ ਆਈ।

---

[14] ਸਾਲ 2020-21 ਅਤੇ 2021-22 ਲਈ ਬੈਲੇਂਸ ਸ਼ੀਟਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਸੀ (ਮਾਰਚ 2023)।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਇਹ ਲੇਖੇ (ਕਾਲਜਾਂ ਨਾਲ ਸਬੰਧਤ) ਚੁੱਕਵੀਂ ਅਥਾਰਟੀ ਦੀ ਪ੍ਰਵਾਨਗੀ ਤੋਂ ਬਾਅਦ ਬੈਲੇਂਸ ਸ਼ੀਟ ਵਿੱਚ ਦਿਖਾਏ ਜਾਣਗੇ।

5. ਹੋਰ ਕਮੀਆਂ

(ੳ). ਲੇਖਿਆਂ ਅਤੇ ਬੈਲੇਂਸ ਸ਼ੀਟ ਦਾ ਫਾਰਮੈਟ ਨਾ ਤਾਂ ਐਕਟ ਵਿੱਚ ਨਿਰਧਾਰਤ ਕੀਤਾ ਗਿਆ ਸੀ ਅਤੇ ਨਾਂ ਹੀ ਬੀ ਓ ਐਮ ਦੁਆਰਾ ਮਨਜ਼ੂਰ ਕੀਤਾ ਗਿਆ ਸੀ।

(ਅ). ਪਿਛਲੇ ਸਾਲ ਦੇ ਡਾਟਾ ਬੈਲੇਂਸ ਸ਼ੀਟ ਅਤੇ ਆਮਦਨ ਅਤੇ ਖਰਚ ਦੇ ਲੇਖੇ ਵਿੱਚ ਨਹੀਂ ਦਰਸਾਇਆ ਗਿਆ ਸੀ।

(ੲ). ਲੇਖਿਆਂ ਦੀ ਅਨੁਸੂਚੀ ਵਿੱਚ ਬੈਲੇਂਸ ਸ਼ੀਟ ਅਤੇ ਆਮਦਨ ਅਤੇ ਖਰਚ ਲੇਖੇ ਦੀਆਂ ਸਾਰੀਆਂ ਮੱਦਾਂ ਦੇ ਵੇਰਵੇ ਨਹੀ ਦਿਖਾ ਰਹੀ ਸੀ।

(ਸ). ਸਾਰੀਆਂ ਮਹੱਤਵਪੂਰਨ ਲੇਖਾ ਨੀਤੀਆਂ ਦਾ ਖੁਲਾਸਾ ਸਬੰਧਤ ਅਨੁਸੂਚੀ ਵਿੱਚ ਨਹੀਂ ਕੀਤਾ ਗਿਆ ਸੀ।

(ਹ). 31 ਮਾਰਚ 2022[15] ਤੱਕ ਪੈਨਸ਼ਨ ਫੰਡ (₹ 247.16 ਕਰੋੜ) ਅਤੇ ਐਂਡੋਮੈਂਟ ਫੰਡ (₹ 8.24 ਕਰੋੜ) ਯੂਨੀਵਰਸਿਟੀ ਦੇ ਲੇਖਿਆਂ ਅਤੇ ਬੈਲੇਂਸ ਸ਼ੀਟ ਤੋਂ ਬਾਹਰ ਰੱਖੇ ਗਏ ਸਨ। ਲੇਖਿਆਂ ਅਤੇ ਬੈਲੇਂਸ ਸ਼ੀਟ ਦੋਵਾਂ ਵਿੱਚ ਫੰਡਾਂ ਦੀ ਰਾਸ਼ੀ ਦਾ ਪ੍ਰਤੀਬਿੰਬ ਨਾ ਹੋਣਾ ਯੂਨੀਵਰਸਿਟੀ ਦੀ ਵਿੱਤੀ ਸਥਿਤੀ ਦਾ ਸਹੀ ਅਤੇ ਨਿਰਪੱਖ ਦ੍ਰਿਸ਼ ਨਹੀਂ ਦਰਸਾਉਂਦਾ ਹੈ।

(ਕ). ਨੋਟਸ ਟੂ ਅਕਾਉਂਟਸ ਵਿੱਚ ਅਚਨਚੇਤੀ ਦੇਣਦਾਰੀਆਂ ਅਤੇ ਹੋਰ ਵਿਆਖਿਆਤਮਕ ਨੋਟਸ ਵਰਗੇ ਵੇਰਵੇ ਪ੍ਰਦਾਨ ਨਹੀਂ ਕੀਤੇ। ਯੂਨੀਵਰਸਿਟੀ ਨੇ ਨੋਟਸ ਟੂ ਅਕਾਉਂਟਸ ਵਿੱਚ ਪੈਨਸ਼ਨ ਫੰਡ ਅਤੇ ਐਂਡੋਮੈਂਟ ਫੰਡ ਦੇ ਵੇਰਵਿਆਂ ਦਾ ਵੀ ਜ਼ਿਕਰ ਨਹੀਂ ਕੀਤਾ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਬੈਲੇਂਸ ਸ਼ੀਟ ਦਾ ਮਿਆਰੀ/ਅਨੁਕੂਲਿਤ ਫਾਰਮੈਂਟ, ਜੇਕਰ ਲਾਗੂ ਹੁੰਦਾ ਹੈ, ਤਾਂ ਬੀ ਓ ਐਮ ਦੀ ਪ੍ਰਵਾਨਗੀ ਤੋਂ ਬਾਅਦ ਅਪਣਾਇਆ ਜਾਵੇਗਾ।

1.2.1.6 ਬਕਾਇਆ ਅਸਥਾਈ ਪੇਸ਼ਗੀਆਂ


ਯੂਨੀਵਰਸਿਟੀ ਅਕਾਉਂਟਸ ਕੋਡ ਦਾ ਪੈਰ੍ਹਾ 6.13 ਵਿਵਸਥਾ ਕਰਦਾ ਹੈ ਕਿ ਅਸਥਾਈ ਪੇਸ਼ਗੀਆਂ ਦੇ ਲੇਖੇ ਜਿੰਨੀ ਜਲਦੀ ਸੰਭਵ ਹੋ ਸਕੇ ਪੇਸ਼ ਕੀਤੇ ਜਾਣ ਅਤੇ ਨਾ ਖਰਚਿਆ ਬਕਾਇਆ, ਜੇ ਕੋਈ ਹੈ, ਉਸ ਹੀ ਵਿੱਤੀ ਸਾਲ ਦੌਰਾਨ ਵਾਪਸ ਕੀਤਾ ਜਾਵੇ।

ਯੂਨੀਵਰਸਿਟੀ ਨੇ ਕਢਵਾਈ ਗਈ ਪੇਸ਼ਗੀ ਅਤੇ ਸਮਾਯੋਜਨ ਕੀਤੀਆਂ ਪੇਸ਼ਗੀਆਂ ਦਾ ਸਾਲ-ਵਾਰ ਸਾਰ ਪੇਸ਼ ਕੀਤਾ। ਪ੍ਰਦਾਨ ਕੀਤੇ ਡਾਟਾ ਤੋਂ, ਲੇਖਾ ਪ੍ਰੀਖਿਆ ਨੇ ਵੇਖਿਆ ਕਿ ₹ 64.61 ਕਰੋੜ ਦੀਆਂ ਅਸਥਾਈ ਪੇਸ਼ਗੀਆਂ ਅਜੇ ਵੀ 31 ਮਾਰਚ 2022 ਨੂੰ ਅਸਮਾਯੋਜਿਤ ਪਈਆਂ ਸਨ, ਜਿਵੇਂ ਕਿ

[15] ਯੂਨੀਵਰਸਿਟੀ ਨੇ ਸਾਲ 2017-18 ਤੋਂ 2019-20 ਲਈ ਲੇਖੇ ਅਤੇ ਬੈਲੇਂਸ ਸ਼ੀਟ ਬਣਾਈ। ਯੂਨੀਵਰਸਿਟੀ ਦੇ ਸਾਲ 2020-21 ਅਤੇ 2021-22 ਲਈ ਲੇਖੇ ਅਤੇ ਬੈਲੇਂਸ ਸ਼ੀਟ ਸਤੰਬਰ 2023 ਤੱਕ ਤਿਆਰ/ਅੰਤਿਮ ਰੂਪ ਨਹੀਂ ਦਿੱਤੇ ਗਏ ਸਨ। ਹਾਲਾਂਕਿ, ਯੂਨੀਵਰਸਿਟੀ ਦੁਆਰਾ 31 ਮਾਰਚ 2022 ਤੱਕ ਤਿਆਰ ਕੀਤੇ ਅਪਡੇਟ ਅੰਕੜੇ ਲਏ ਗਏ ਹਨ।

ਅੰਤਿਕਾ 1.3 ਵਿੱਚ ਵੇਰਵਾ ਦਿੱਤਾ ਗਿਆ ਹੈ ਅਤੇ ਇਸ ਦਾ ਸਮਾਂ-ਵਾਰ ਨਿਖੇੜਾ **ਚਾਰਟ 1.5** ਵਿੱਚ ਦਰਸਾਇਆ ਗਿਆ ਹੈ।

ਚਾਰਟ 1.5 : 31 ਮਾਰਚ 2022 ਨੂੰ ਜਾਰੀ ਕੀਤੇ ਗਏ ਅਤੇ ਅਸਮਾਯੋਜਿਤ ਕੀਤੀਆਂ ਪਈਆਂ ਅਸਥਾਈ ਪੇਸ਼ਗੀਆਂ ਦਾ ਸਮਾਂ-ਵਾਰ ਨਿਖੇੜਾ



ਸ੍ਰੋਤ: ਪੀ ਏ ਯੂ ਰਿਕਾਰਡ

ਇਨ੍ਹਾਂ ਪੇਸ਼ਗੀਆਂ ਦੇ ਸਮਾਂ-ਵਾਰ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ ਕਿ ਕੁੱਲ ₹ 13.42 ਕਰੋੜ[16] ਦੀਆਂ ਅਸਥਾਈ ਪੇਸ਼ਗੀਆਂ ਬਹੁਤ ਪੁਰਾਣੀਆਂ ਸਨ ਅਤੇ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਬਕਾਇਆ ਸਨ। ਇਸ ਨਾਲ ਯੂਨੀਵਰਸਿਟੀ ਵਿੱਚ ਕਮਜ਼ੋਰ ਅਦਰੂਨੀ ਕੰਟਰੋਲ ਨੂੰ ਦਰਸਾਉਂਦਾ ਹੈ। ਇਨ੍ਹਾਂ ਪੇਸ਼ਗੀਆਂ ਦੇ ਨਿਪਟਾਰੇ ਨਾ ਹੋਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਪੀ ਏ ਯੂ ਨੇ ਬਕਾਇਆ ਅਸਥਾਈ ਪੇਸ਼ਗੀਆਂ ਦੇ ਸਾਲ-ਵਾਰ ਵੇਰਵੇ ਪੇਸ਼ ਕੀਤੇ, ਜਿਸ ਵਿੱਚ ਅਸਥਾਈ ਪੇਸ਼ਗੀਆਂ ਦੀ ਪੇਸ਼ਗੀ ਨੰਬਰ, ਰਾਸ਼ੀ ਅਤੇ ਦੇ ਕੁੱਲ ਲੇਖੇ ਮੱਦਾਂ ਵਰਗੇ ਵੇਰਵੇ ਸਨ।

ਜਿਵੇਂ ਕਿ ਉਪਰੋਕਤ ਚਾਰਟ ਤੋਂ ਸਪੱਸ਼ਟ ਹੈ, ਲੇਖਾ ਪ੍ਰੀਖਿਆ ਵਿੱਚ ਸ਼ਾਮਲ ਕੀਤੀ ਗਈ ਮਿਆਦ ਦੇ ਦੌਰਾਨ ਅਸਥਾਈ ਪੇਸ਼ਗੀਆਂ ਕਈ ਗੁਣਾ ਵੱਧ ਗਈਆਂ ਸਨ। ਪੇਸ਼ਗੀਆਂ ਦੇ ਵੇਰਵੇ ਤੋਂ ਪਤਾ ਲਗਦਾ ਹੈ ਕਿ ਇਹ ਅਸਥਾਈ ਪੇਸ਼ਗੀਆਂ ਬਹੁਤ ਸਾਰੇ ਮਾਮਲਿਆਂ ਵਿੱਚ ਲੰਮੇ ਸਮੇਂ ਦੇ ਨਿਰਮਾਣ ਪ੍ਰੋਜੈਕਟਾਂ ਲਈ ਵੀ ਕਢਵਾਈਆਂ ਗਈਆਂ ਸਨ। ਇਹ ਦਰਸਾਉਂਦਾਂ ਹੈ ਕਿ ਅਸਥਾਈ ਪੇਸ਼ਗੀਆਂ ਨਿਯਮ/ਹਦਾਇਤਾਂ ਦੀ ਉਲੰਘਣਾ ਕਰਦੇ ਹੋਏ, ਭੁਗਤਾਨਾਂ ਦੀ ਵੰਡ ਦੀ ਜ਼ਰੂਰਤ ਦਾ ਵਿਚਾਰ ਕੀਤੇ ਬਿਨ੍ਹਾਂ ਨਿਯਮਤ ਦੇ ਅਧਾਰ 'ਤੇ ਕਢਵਾਈਆਂ ਗਈਆਂ ਸਨ, ਜੋ ਵਿਵਸਥਾ ਕਰਦੇ ਹਨ ਕਿ ਅਸਥਾਈ ਪੇਸ਼ਗੀਆਂ ਦੇ ਲੇਖੇ ਨੂੰ ਜਿੰਨੀ ਜਲਦੀ ਹੋ ਸਕੇ ਪੇਸ਼ ਕੀਤਾ ਜਾਣਾ ਚਾਹੀਦਾ ਹੈ ਅਤੇ ਜੇਕਰ ਕੋਈ ਖਰਚ ਨਾ ਕੀਤਾ ਗਿਆ ਬਕਾਇਆ, ਹੋਵੇ ਤਾਂ ਉਸ ਹੀ ਵਿੱਤੀ ਸਾਲ ਦੌਰਾਨ ਵਾਪਸ ਕੀਤਾ ਜਾਣਾ ਚਾਹੀਦਾ ਹੈ।

---

[16] 1971-72 ਤੋਂ 1979-80 (₹ 0.15 ਕਰੋੜ); 1980-81 ਤੋਂ 1989-90 (₹ 0.16 ਕਰੋੜ); 1990-91 ਤੋਂ 1999-2000 (₹ 1.72 ਕਰੋੜ); 2000-01 ਤੋਂ 2009-10 (₹ 2.96 ਕਰੋੜ); 2010-11 ਤੋਂ 2016-17 (₹ 8.43 ਕਰੋੜ)।

ਇਸ ਤੋਂ ਇਲਾਵਾ, ਰਿਕਾਰਡ ਦੀ ਨਮੂਨਾ-ਜਾਂਚ ਨੇ ਦਰਸਾਇਆ ਕਿ ₹ 2.92 ਕਰੋੜ ਦੀਆਂ ਪੰਜ ਅਸਥਾਈ ਪੇਸ਼ਗੀਆਂ ਤਿੰਨ ਸਿਵਲ ਵਰਕਸ ਨੂੰ ਪੂਰਾ ਕਰਨ ਲਈ ਕਢਵਾਈਆਂ ਗਈਆਂ ਸਨ (ਮਾਰਚ 2016-ਜਨਵਰੀ 2018)। ਹਾਲਾਂਕਿ, ਇਹ ਵਰਕਸ ₹ 91.60 ਲੱਖ[17] ਦੀ ਅਣਖਰਚੀ ਰਾਸ਼ੀ ਛੱਡਦੇ ਹੋਏ ₹ 2.01 ਕਰੋੜ ਦਾ ਖਰਚਾ ਕਰਨ ਤੋਂ ਬਾਅਦ ਮੁਕੰਮਲ ਕੀਤੇ ਗਏ ਸਨ (ਅਕਤੂਬਰ 2018-ਮਈ 2019) ਅਤੇ, ਫਿਰ ਵੀ ₹ 2.92 ਕਰੋੜ ਦੀ ਅਸਥਾਈ ਪੇਸ਼ਗੀ ਦੀ ਸਾਰੀ ਰਾਸ਼ੀ ਮਾਰਚ 2022 ਦੀ ਸਥਿਤੀ ਅਨੁਸਾਰ ਅਸਮਾਯੋਜਿਤ ਪਈ ਸੀ। ਗੈਰ-ਸਮਾਯੋਜਨ ਦੇ ਕਾਰਨ ਰਿਕਾਰਡ ਵਿੱਚ ਨਹੀਂ ਪਾਏ ਗਏ ਸਨ।

ਲੰਮੇ ਸਮੇਂ ਲਈ ਬਾਕੀ ਅਸਮਾਯੋਜਿਤ ਪਈਆਂ ਅਸਥਾਈ ਪੇਸ਼ਗੀਆਂ ਉਨ੍ਹਾਂ ਦੀ ਅਣਜਾਣਤਾ ਦਾ ਕਾਰਨ ਬਣ ਸਕਦੀਆਂ ਹਨ ਜਿਸ ਨਾਲ ਫੰਡਾਂ ਦੀ ਦੁਰਵਰਤੋਂ ਦਾ ਖਤਰਾ ਪੈਦਾ ਹੋ ਸਕਦਾ ਹੈ।

ਲੋਕ ਲੇਖਾ ਕਮੇਟੀ (ਪੀ ਏ ਸੀ) ਨੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸਿਵਲ) ਸਮਾਪਤ ਹੋਏ ਸਾਲ 31 ਮਾਰਚ 2006 ਨੂੰ-ਪੰਜਾਬ ਸਰਕਾਰ ਲਈ ਰਿਪੋਰਟ ਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ (***ਪੈਰ੍ਹਾ 3.2.7***) 'ਤੇ ਚਰਚਾ ਕਰਦੇ ਹੋਏ ਪੰਜਾਬ ਸਰਕਾਰ ਨੇ ਵਸੂਲੀ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਅਤੇ ਵਸੂਲੀ ਉਸੇ ਸਾਲ ਜਿਸ ਵਿੱਚ ਇਹ ਵਸੂਲਣਯੋਗ ਸੀ ਵਿੱਚ ਕਰਨ 'ਤੇ ਜ਼ੋਰ ਦਿੱਤਾ (ਮਾਰਚ 2009)।

ਪੀ ਏ ਸੀ ਦੀਆਂ ਸਿਫਾਰਸ਼ਾਂ ਦੇ ਬਾਵਜੂਦ, ਮਾਰਚ 2022 ਨੂੰ ਅਸਥਾਈ ਪੇਸ਼ਗੀਆਂ ਦੀ ਵੱਡੀ ਰਾਸ਼ੀ ਅਸਮਾਯੋਜਿਤ ਪਈ ਸੀ।

ਐਗਜ਼ਿਟ ਕਾਨਫਰੰਸ ਵਿੱਚ, ਯੂਨੀਵਰਸਿਟੀ ਨੇ ਤੱਥਾਂ ਨੂੰ ਸਵੀਕਾਰਦੇ ਹੋਏ ਬਕਾਇਆ ਅਸਥਾਈ ਪੇਸ਼ਗੀਆਂ ਦੇ ਸਮਾਯੋਜਨ ਲਈ ਪ੍ਰਕਿਰਿਆ ਵਿੱਚ ਤੇਜੀ ਲਿਆਉਣ ਦਾ ਭਰੋਸਾ ਦਿੱਤਾ (ਜੂਨ 2023)। ਇਸ ਤੋਂ ਇਲਾਵਾ, ਯੂਨੀਵਰਸਿਟੀ ਨੇ ਜਵਾਬ ਦਿੱਤਾ (ਅਕਤੂਬਰ 2024) ਕਿ 31 ਮਾਰਚ 2024 ਤੱਕ ₹ 71.86 ਕਰੋੜ ਦੀ ਅਸਥਾਈ ਪੇਸ਼ਗੀ ਅਜੇ ਵੀ ਸਮਾਯੋਜਨ ਲਈ ਬਕਾਇਆ ਹੈ।

ਯੂਨੀਵਰਸਿਟੀ ਪ੍ਰੋਜੈਕਟਾਂ ਦੇ ਨਿਰਮਾਣ ਲਈ ਅਸਥਾਈ ਪੇਸ਼ਗੀਆਂ ਨੂੰ ਨਿਰਉਤਸ਼ਾਹਿਤ ਕਰ ਸਕਦੀ ਹੈ। ਇਸ ਦੀ ਬਜਾਏ, ਸਪੱਸ਼ਟ ਬਜਟ ਲਾਇਨਾਂ ਨੂੰ ਕਾਰਜਸ਼ੀਲ ਬਣਾਈਆ ਜਾਣਾ ਚਾਹੀਦਾ ਹੈ।

1.2.1.7 ਹੋਰ ਮਾਮਲੇ

(i) ਜ਼ਮੀਨ ਦੇ ਮੁਆਵਜ਼ੇ ਦੀ ਪ੍ਰਾਪਤੀ ਨਾ ਹੋਣਾ

ੳ) ਨੈਸ਼ਨਲ ਹਾਈਵੇਅਜ਼ ਅਥਾਰਟੀ ਆਫ ਇੰਡੀਆ (ਐਨ ਐਚ ਏ ਆਈ) ਨੇ ਯੂਨੀਵਰਸਿਟੀ ਬੀਜ ਫਾਰਮ (ਯੂ ਐਸ ਐਫ), ਲਾਡੋਵਾਲ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਤਿੰਨ ਪਿੰਡਾਂ ਅੱਲੋਵਾਲ, ਖਰਕ ਅਤੇ ਚੋਹਲੇ ਵਿੱਚ ਪੈਂਦੀ 20.85 ਹੈਕਟੇਅਰ ਜ਼ਮੀਨ (ਫਰਵਰੀ 2021 ਅਤੇ ਮਾਰਚ 2022 ਵਿਚਕਾਰ) ਐਕੁਆਇਰ ਕੀਤੀ। ਐਨ ਐਚ ਏ ਆਈ ਵੱਲੋਂ ਭੂਮੀ ਗ੍ਰਹਿਣ-ਕਮ-ਜਿਲ੍ਹਾ ਰੈਵੀਨਿਊ ਅਧਿਕਾਰੀ, ਲੁਧਿਆਣਾ (ਸਮਰੱਥ ਅਥਾਰਟੀ) ਨੇ (ਜੂਨ 2021-ਅਪ੍ਰੈਲ 2022) ₹ 15.29 ਕਰੋੜ

[17] ਪੀ ਏ ਯੂ ਲੁਧਿਆਣਾ ਵਿਖੇ ਅੰਤਰਰਾਸ਼ਟਰੀ ਹੋਸਟਲ ਦੀ ਉਸਾਰੀ, ਯੂਨੀਵਰਸਿਟੀ ਬੀਜ਼ ਫਾਰਮ, ਨਾਭਾ ਦੇ ਆਲੇ-ਦੁਆਲੇ ਚੇਨ ਲਿੰਕ ਫੈਂਸਿੰਗ ਅਤੇ ਗੇਟ ਨੰਬਰ 01, ਪੀ ਏ ਯੂ, ਲੁਧਿਆਣਾ ਵਿਖੇ ਬੀਜ ਵਿਕਰੀ ਕੇਂਦਰ ਦਾ ਵਿਸਥਾਰ।

ਵਿੱਚ ਉਕਤ ਜ਼ਮੀਨ ਦਾ ਅਵਾਰਡ ਘੋਸ਼ਿਤ ਕੀਤਾ। ਯੂਨੀਵਰਸਿਟੀ ਨੂੰ ਉਕਤ ਰਾਸ਼ੀ ਪ੍ਰਾਪਤ ਕਰਨ ਅਤੇ ਸਾਰੀ ਰਾਸ਼ੀ ਯੂਨੀਵਰਸਿਟੀ ਦੇ ਖਾਤਿਆਂ ਵਿੱਚ ਜਮ੍ਹਾਂ ਕਰਵਾਉਣ ਲਈ ਉਕਤ ਅਥਾਰਟੀ ਨਾਲ ਸੰਪਰਕ ਕਰਨ ਦੀ ਲੋੜ ਸੀ। ਹਾਲਾਂਕਿ, ਇਹ ਵੇਖਿਆ ਗਿਆ ਸਮਰੱਥ ਅਥਾਰਟੀ ਕੋਲ ਤੁਰੰਤ ਪਹੁੰਚ ਕਰਨ ਦੀ ਬਜਾਏ, ਪੀ ਏ ਯੂ ਨੇ ਦਸੰਬਰ 2022 ਵਿੱਚ (ਉਕਤ ਜ਼ਮੀਨ ਦਾ ਮੁਆਵਜ਼ਾ ਦੇਣ ਦੀ ਘੋਸ਼ਣਾ ਤੋਂ ਬਾਅਦ ਡੇਢ ਸਾਲ ਦੀ ਦੇਰੀ ਨਾਲ) ਮੁਆਵਜੇ ਦੇ ਬਦਲੇ ਬਟਾਵਾਂ ਜ਼ਮੀਨ ਪ੍ਰਾਪਤ ਕਰਨ ਲਈ ਪੰਜਾਬ ਸਰਕਾਰ ਦੇ ਵਧੀਕ ਮੁੱਖ ਸਕੱਤਰ ਕੋਲ ਮਾਮਲਾ ਉਠਾਇਆ। ਯੂਨੀਵਰਸਿਟੀ ਦੁਆਰਾ ਬਰਾਬਰ ਦੀ ਬਟਾਵਾਂ ਜ਼ਮੀਨ ਪ੍ਰਾਪਤ ਕਰਨ ਲਈ ਸਰਕਾਰ ਨਾਲ ਸਮੇਂ ਸਿਰ ਕਾਰਵਾਈ ਕਰਨ ਨੂੰ ਦਰਸਾਉਣ ਲਈ ਰਿਕਾਰਡ 'ਤੇ ਕੁੱਝ ਵੀ ਨਹੀਂ ਸੀ। ਇਸ ਤੋਂ ਇਲਾਵਾ, ਇਸ ਮਾਮਲੇ ਵਿੱਚ ਯੂਨੀਵਰਸਿਟੀ ਦੀ ਦੁੱਚਿਤੀ ਇਸ ਤੱਥ ਤੋਂ ਸਪੱਸ਼ਟ ਹੁੰਦੀ ਹੈ ਕਿ ਉਨ੍ਹਾਂ ਨੇ ਸ਼ੁਰੂਆਤੀ ਤੌਰ 'ਤੇ ਮੁਆਵਜੇ ਦੇ ਬਦਲੇ ਬਟਾਵਾਂ ਜ਼ਮੀਨ ਦੀ ਅਲਾਟਮੈਂਟ (ਫਰਵਰੀ 2021 ਅਤੇ ਮਾਰਚ 2022 ਵਿੱਚ ਸਮਰੱਥ ਅਥਾਰਟੀ ਦੁਆਰਾ ਜ਼ਮੀਨ ਗ੍ਰਹਿਣ ਕਰਨ ਤੋਂ ਬਾਅਦ) ਅਤੇ ਫਿਰ ਜ਼ਮੀਨ ਦੀ ਮੁਅਵਜ਼ਾ ਰਾਸ਼ੀ ਵਿੱਚ ਵਾਧੇ (ਅਪ੍ਰੈਲ 2023) ਦੇ ਮਾਮਲੇ ਦੀ ਪੈਰਵੀ ਰਾਜ ਸਰਕਾਰ ਕੋਲ ਕੀਤੀ ਸੀ (ਦਸੰਬਰ 2022)। ਜਦੋਂ ਸਮਰੱਥ ਅਥਾਰਟੀ ਦੁਆਰਾ ਮੁਆਵਜ਼ੇ ਦੀ ਰਾਸ਼ੀ ਵਧਾਉਣ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਗਿਆ (ਜੂਨ 2023), ਤਾਂ ਬੀ ਓ ਐਮ ਨੇ (ਅਗਸਤ 2023) ₹ 15.29 ਕਰੋੜ ਦੇ ਬਕਾਇਆ ਮੁਆਵਜ਼ੇ ਨੂੰ ਸਵੀਕਾਰ ਕਰਨ ਦਾ ਫੈਸਲਾ ਕੀਤਾ। ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਐਨ ਐਚ ਏ ਆਈ ਦੁਆਰਾ ਘੋਸ਼ਿਤ ₹ 15.29 ਕਰੋੜ ਦੀ ਰਾਸ਼ੀ ਵਿੱਚੋਂ, ਪੀ ਏ ਯੂ ਨੂੰ ₹ 14.91 ਕਰੋੜ ਪ੍ਰਾਪਤ ਹੋਏ ਹਨ। ਬਾਕੀ ਬਚੀ ਮੁਆਵਜ਼ਾ ਰਾਸ਼ੀ ਪ੍ਰਾਪਤ ਕਰਨ ਲਈ ਪ੍ਰਕਿਰਿਆ ਜਾਰੀ ਹੈ।

(ਅ) ਰਾਜ ਸਰਕਾਰ ਨੇ 25 ਏਕੜ ਜ਼ਮੀਨ ਜਿਸ 'ਤੇ ਕੇ ਵੀ ਕੇ, ਰੋਪੜ 2004 ਤੋਂ ਕੰਮ ਕਰ ਰਿਹਾ ਸੀ, ਭਾਰਤੀ ਤਕਨਾਲੋਜੀ ਸੰਸਥਾ (ਆਈ ਆਈ ਟੀ), ਰੋਪੜ ਨੂੰ ਟਰਾਂਸਫਰ ਕਰ ਦਿੱਤਾ ਸੀ (ਅਕਤੂਬਰ 2010)। ਇਸਦੇ ਬਦਲੇ ਵਿੱਚ, ਰਾਜ ਸਰਕਾਰ ਨੇ ਪਿੰਡ ਬੜਾ ਫੂਲ, ਰੋਪੜ ਵਿੱਚ 25 ਏਕੜ 01 *ਕਨਾਲ* ਅਤੇ 10 *ਮਰਲੇ* ਜ਼ਮੀਨ ਕੇ ਵੀ ਕੇ (ਪੀ ਏ ਯੂ) ਨੂੰ ₹ 25.00 ਲੱਖ ਦੇ ਮੁਆਵਜ਼ੇ ਸਮੇਤ ਅਲਾਟ ਕਰਨ ਦਾ ਫੈਸਲਾ ਕੀਤਾ (ਨਵੰਬਰ 2010)। ਹਾਲਾਂਕਿ ਕਿ ਅਲਾਟ ਕੀਤੀ ਜ਼ਮੀਨ (25 ਏਕੜ 01 *ਕਨਾਲ* ਅਤੇ 10 *ਮਰਲੇ*) 2013-14 ਤੋਂ ਕੇ ਵੀ ਕੇ ਰੋਪੜ ਦੇ ਕਬਜ਼ੇ ਵਿੱਚ ਸੀ, ਪਰ 11 ਏਕੜ 02 *ਕਨਾਲ* ਅਤੇ 01 *ਮਰਲੇ* ਜ਼ਮੀਨ ਦਾ ਇੰਤਕਾਲ ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਸੰਘ ਲਿਮਿਟਡ (ਮਿਲਕਫੈਡ) ਤੋਂ ਪੀ ਏ ਯੂ ਦੇ ਨਾਂਅ ਤੇ ਚੜ੍ਹਾਇਆ ਜਾਣ ਅਜੇ ਵੀ ਰਹਿੰਦਾ ਸੀ। ਇਸ ਤੋਂ ਇਲਾਵਾ, ਯੂਨੀਵਰਸਿਟੀ ਨੂੰ ₹ 25.00 ਲੱਖ ਦਾ ਮੁਆਵਜ਼ਾ ਅਜੇ ਵੀ ਯੂਨੀਵਰਸਿਟੀ ਦੁਆਰਾ ਪ੍ਰਾਪਤ ਹੋਣਾ ਬਾਕੀ ਸੀ (ਮਈ 2023)। ਅਸਟੇਟ ਅਫਸਰ, ਪੀ ਏ ਯੂ ਨੇ ਪੀ ਏ ਯੂ ਦੇ ਨਾਂਅ 'ਤੇ ਜ਼ਮੀਨ ਦਾ ਇੰਤਕਾਲ ਨਾ ਕਰਨ ਅਤੇ ਬਾਕੀ ਬਚੇ ਹੋਏ ਹਿੱਸੇ (11 ਏਕੜ 02 *ਕਨਾਲ* ਅਤੇ 01 *ਮਰਲਾ*) ਦੇ ਟਰਾਂਸਫਰ ਸੰਬਧੀ ਰਾਜ ਸਰਕਾਰ ਦੁਆਰਾ ਅਧਿਸੂਚਨਾ/ਆਦੇਸ਼ ਜਾਰੀ ਨਾਂ ਕਰਨ ਲਈ ਮੁਅਵਾਜ਼ੇ ਦੀ ਪ੍ਰਾਪਤੀ ਨਾ ਹੋਣ ਨੂੰ ਜ਼ਿੰਮੇਵਾਰ ਠਹਿਰਾਇਆ (ਮਈ 2023)।

ੲ) ਭਾਰਤ ਸਰਕਾਰ ਦੇ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ (ਐਮ ਓ ਆਰ ਟੀ ਐਚ) ਨੇ ਸੰਗਰੂਰ-ਪਾਤੜਾਂ-ਖਨੌਰੀ ਸੜਕ ਨੂੰ ਚਹੁੰ-ਮਾਰਗੀ ਬਣਾਉਣ ਲਈ ਜਮੀਨ ਐਕਵਾਇਰ ਲਈ

ਅਧਿਸੂਚਨਾ ਕੀਤੀ (ਫਰਵਰੀ 2014)। ਇਸ ਅਨੁਸਾਰ, ਪੀ ਏ ਯੂ ਅਧੀਨ ਪੈਂਦੀ ਕੇ ਵੀ ਕੇ ਖੇੜੀ (ਸੰਗਰੂਰ) ਦੀ 0.0354 ਹੈਕਟੇਅਰ ਜ਼ਮੀਨ ਦਾ ਕਬਜ਼ਾ ਫਰਵਰੀ 2016 ਵਿੱਚ ਐਮ ਓ ਆਰ ਟੀ ਐਚ ਦੁਆਰਾ ਲੈ ਲਿਆ ਸੀ, ਹਾਲਾਂਕਿ, ਪੀ ਏ ਯੂ[18] ਦੇ ਨਾਂਅ 'ਤੇ ਉਕਤ ਜ਼ਮੀਨ ਦਾ ਇੰਤਕਾਲ ਦਸੰਬਰ 2016 ਵਿੱਚ ਕੀਤਾ ਗਿਆ ਸੀ। ਬੀ ਓ ਐਮ ਨੇ ਜ਼ਮੀਨ ਟਰਾਂਸਫਰ ਕਰਨ ਲਈ ਕਾਰਜ ਉਪਰੰਤ ਪ੍ਰਵਾਨਗੀ ਦੇ ਦਿੱਤੀ ਸੀ (ਨਵੰਬਰ 2017)।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਹਾਲਾਂਕਿ ਯੂਨੀਵਰਸਿਟੀ ਨੇ ₹ 2.12 ਲੱਖ ਦੀ ਮੁਆਵਜ਼ਾ ਰਾਸ਼ੀ ਚਾਰ ਦਿਵਾਰੀ ਨੂੰ ਢਾਉਣ ਕਰਕੇ ਪ੍ਰਾਪਤ ਕੀਤੀ (ਅਪ੍ਰੈਲ 2018), ਪਰ ਉਨ੍ਹਾਂ ਨੂੰ ਐਮ ਓ ਆਰ ਟੀ ਐਚ ਦੁਆਰਾ ਕਬਜ਼ੇ ਵਿੱਚ ਲਈ ਗਈ 0.0354 ਹੈਕਟੇਅਰ ਜ਼ਮੀਨ ਨਾਲ ਸਬੰਧਤ ਕੋਈ ਮੁਆਵਜ਼ਾ ਨਹੀਂ ਮਿਲਿਆ। ਹਾਲਾਂਕਿ, ਯੂਨੀਵਰਸਿਟੀ ਨੇ ਜ਼ਮੀਨ ਦਾ ਬਣਦਾ ਮੁਆਵਜ਼ਾ ਲੈਣ ਲਈ ਸਬੰਧਤ ਅਥਾਰਟੀਆਂ ਕੋਲ ਮਾਮਲਾ ਨਹੀਂ ਉਠਾਇਆ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਉਪ-ਕੁਲਪਤੀ ਪੀ ਏ ਯੂ, ਕੇ ਵੀ ਕੇ, ਰੋਪੜ ਸਬੰਧੀ ਜ਼ਮੀਨ ਦੇ ਬਣਦੇ ਮੁਆਵਜੇ ਬਾਰੇ, ਰਾਜ ਸਰਕਾਰ ਨਾਲ ਨਿਯਮਤ ਤੌਰ 'ਤੇ ਇਸ ਮਾਮਲੇ ਦੀ ਪੈਰਵੀ ਕਰ ਰਿਹੀ ਸੀ, ਪਰ ₹ 25 ਲੱਖ ਦੀ ਟਰਾਂਸਫਰ ਕੀਤੀ ਗਈ ਜ਼ਮੀਨ ਦਾ ਮੁਆਵਜ਼ਾ ਅਤੇ ਬਾਕੀ ਜ਼ਮੀਨ ਦੇ ਟੁਕੜੇ ਦਾ ਇੰਤਕਾਲ ਅਜੇ ਵੀ ਵਿਚਾਰ ਅਧੀਨ ਸੀ। ਯੂਨੀਵਰਸਿਟੀ ਨੇ ਇਹ ਵੀ ਕਿਹਾ ਹੈ ਕਿ ਰਜਿਸਟਰਾਰ ਪੀ ਏ ਯੂ ਨੇ ਜ਼ਮੀਨ ਪ੍ਰਾਪਤੀ ਅਧਿਕਾਰੀ-ਕਮ-ਐਸ ਡੀ ਐਮ, ਸੰਗਰੂਰ ਨੂੰ ਕੇ ਵੀ ਕੇ, ਖੇੜੀ (ਸੰਗਰੂਰ); ਦੇ ਸਬੰਧ ਵਿੱਚ ਮੁਆਵਜਾ ਦੇਣ ਦੀ ਬੇਨਤੀ ਵੀ ਕੀਤੀ ਹੈ ਪਰ ਐਕੁਆਇਰ ਕੀਤੀ ਜਮੀਨ ਦਾ ਮੁਆਵਜ਼ਾ ਅਜੇ ਵੀ ਲੰਬਿੰਤ ਹੈ।

ਇਨ੍ਹਾਂ ਦੋਵਾਂ ਮਾਮਲਿਆਂ ਵਿੱਚ ਰਾਜ ਸਰਕਾਰ ਦੇ ਜਵਾਬ ਦੀ ਉਡੀਕ ਕੀਤੀ ਜਾ ਰਹੀ ਸੀ।

(ii) ਸਕਿਓਰਿਟੀ ਡਿਪਾਜ਼ਿਟ ਲੇਖੇ ਦੀ ਅਨਿਯਮਿਤ ਸਾਂਭ-ਸੰਭਾਲ

ਪੀ ਏ ਯੂ ਕੈਲੰਡਰ (ਅਧਿਆਇ III) ਦੇ ਵਿਦਿਆਰਥੀਆਂ ਦੁਆਰਾ ਸਕਿਓਰਿਟੀ ਡਿਪਾਜ਼ਿਟ ਦੇ ਨਿਯਮਾਂ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਸਮੈਸਟਰ ਦੇ ਅੰਤ ਤੋਂ ਬਾਅਦ ਤਿੰਨ ਅਕਾਦਮਿਕ ਸਮੈਸਟਰਾਂ ਲਈ ਦਾਅਵਾ ਨਾ ਕੀਤੀ ਗਈਆਂ ਸਕਿਓਰਿਟੀਜ਼ ਜਾਂ ਤਾਂ ਕਿਸੇ ਵਿਸ਼ੇਸ਼ ਕੋਰਸ ਨੂੰ ਪੂਰਾ ਕਰਕੇ ਜਾਂ ਕਿਸੇ ਹੋਰ ਤਰੀਕੇ ਨਾਲ ਸਮਾਪਤ ਹੋ ਜਾਣ ਗਈਆਂ। ਇਸ ਤਰ੍ਹਾਂ ਸਮਾਪਤ ਹੋਈ ਰਾਸ਼ੀ ਵਿਦਿਆਰਥੀ ਸਹਾਇਤਾ ਫੰਡ ਵਿੱਚ ਜਮ੍ਹਾਂ ਕੀਤੀ ਜਾਵੇਗੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- 31 ਮਾਰਚ 2022 ਤੱਕ, ਪੀ ਏ ਯੂ ਦੇ ਪੰਜ[19] ਸੰਸਥਾਵਾਂ {ਚਾਰ ਕਾਲਜ ਅਤੇ ਡਾਇਰੈਕਟਰ ਵਿਦਿਆਰਥੀ ਭਲਾਈ (ਡੀ ਐਸ ਡਬਲਯੂ)} ਦੇ ਸਕਿਓਰਿਟੀ ਡਿਪਾਜ਼ਿਟ ਖਾਤਿਆਂ ਵਿੱਚ ₹ 6.75 ਕਰੋੜ ਦੀ ਰਾਸ਼ੀ ਬਕਾਏ ਵਜੋਂ ਰੱਖੀ ਗਈ ਸੀ। ਇਨ੍ਹਾਂ ਸੰਸਥਾਵਾਂ ਦੇ ਬੈਂਕ ਖਾਤਿਆਂ

---

[18] ਇਸ ਤੋਂ ਪਹਿਲਾਂ ਇਹ ਜ਼ਮੀਨ ਬਾਗਬਾਨੀ ਵਿਭਾਗ, ਪੰਜਾਬ ਸਰਕਾਰ ਦੇ ਨਾਂਅ ਤੇ ਸੀ।

[19] (i) ਖੇਤੀਬਾੜੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ (₹ 0.64 ਕਰੋੜ); (ii) ਖੇਤੀਬਾੜੀ ਕਾਲਜ (₹ 1.81 ਕਰੋੜ); (iii) ਬਾਗਬਾਨੀ ਅਤੇ ਜੰਗਲਾਤ ਕਾਲਜ (₹ 0.28 ਕਰੋੜ); (iv) ਮੁਢਲਾ ਵਿਗਿਆਨ ਅਤੇ ਹਿਊਮੈਨਟੀਜ਼ ਕਾਲਜ (₹ 1.14 ਕਰੋੜ); ਅਤੇ (v) ਡਾਇਰੈਕਟਰ ਵਿਦਿਆਰਥੀ ਭਲਾਈ (₹ 2.88 ਕਰੋੜ-ਹੋਸਟਲ ਸਕਿਓਰਿਟੀ)।

ਵਿੱਚ ਪਈ ਸਕਿਓਰਿਟੀ ਡਿਪਾਜ਼ਿਟ ਰਾਸ਼ੀ ਦਾ ਸਕਿਓਰਿਟੀ ਡਿਪਾਜ਼ਿਟ ਰਜਿਸਟਰ ਵਿੱਚ ਦਰਸਾਏ ਗਏ ਨਾਲ ਮਿਲਾਨ ਨਹੀਂ ਕੀਤਾ ਗਿਆ ਸੀ। ਕਮਿਊਨਿਟੀ ਵਿਗਿਆਨ ਕਾਲਜ ਵਿਦਿਆਰਥੀਆਂ ਦੁਆਰਾ ਜਮ੍ਹਾਂ ਕੀਤੀਆਂ ਸਕਿਓਰਟੀਜ਼ ਲਈ ਵੱਖਰੇ ਖਾਤੇ ਵੀ ਨਹੀਂ ਰੱਖ ਰਿਹਾ ਸੀ; ਇਸ ਤਰ੍ਹਾਂ ਅੰਤਿਮ ਬਕਾਇਆ ਦਾ ਪਤਾ ਨਹੀਂ ਲਗਾਇਆ ਜਾ ਸਕਿਆ।

- ਉਪਰੋਕਤ ਨਿਯਮਾਂ ਦੇ ਅਨੁਸਾਰ ਲੇਖਾ ਪ੍ਰੀਖਿਆ ਮਿਆਦ (2017-22) ਦੌਰਾਨ ਸਕਿਓਰਿਟੀ ਡਿਪਾਜ਼ਿਟ ਨੂੰ ਸਮਾਪਤ ਹੋਣ ਦੀ ਘੋਸ਼ਣਾ ਕਰਨ ਲਈ ਸਬੰਧਤ ਕਾਲਜਾਂ/ਡੀ ਐਸ ਡਬਲਯੂ ਦੁਆਰਾ ਕੋਈ ਕੋਸ਼ਿਸ਼ ਨਹੀਂ ਕੀਤੀ ਗਈ, ਸਿਵਾਏ ਦੋ ਕਾਲਜਾਂ ਨੂੰ ਛੱਡ ਕੇ ਭਾਵ ਖੇਤੀਬਾੜੀ ਕਾਲਜ (ਸੀ ਓ ਏ) (2017-18, 2019-20 ਅਤੇ 2020-21) ਅਤੇ ਮੁਢਲਾ ਵਿਗਿਆਨ ਅਤੇ ਹਿਊਮੈਨਿਟੀਜ਼ ਕਾਲਜ (ਸੀ ਓ ਬੀ ਐਸ ਐਂਡ ਐਚ) (2017-18 ਅਤੇ 2018-19) ਨੂੰ ਜਿਸ ਨੇ ਸਕਿਓਰਿਟੀ ਡਿਪਾਜ਼ਿਟ ਰਾਸ਼ੀ ਨੂੰ ਰੁਕ-ਰੁਕ ਕੇ ਸਮਾਪਤ ਘੋਸ਼ਿਤ ਕੀਤਾ।

ਇਹ ਸਕਿਓਰਿਟੀ ਡਿਪਾਜ਼ਿਟ ਦੇ ਸਬੰਧ ਵਿੱਚ ਕਮਜ਼ੋਰ ਵਿੱਤੀ ਨਿਯੰਤਰਣ ਨੂੰ ਦਰਸਾਉਂਦਾ ਹੈ। ਉਪਰਕੋਤ ਨਿਯਮਾਂ ਅਨੁਸਾਰ ਸਮੇਂ ਸਿਰ ਸਮਾਪਤ ਹੋਣ ਵਾਲੀ ਸਕਿਓਰਿਟੀ ਡਿਪਾਜ਼ਿਟ ਦੀ ਘੋਸ਼ਣਾ ਨਾ ਕੀਤੇ ਜਾਣ ਕਾਰਨ ਲੋੜੀਂਦੀ ਰਾਸ਼ੀ ਵਿਦਿਆਰਥੀ ਸਹਾਇਤਾ ਫੰਡ ਵਿੱਚ ਟਰਾਂਸਫਰ ਨਹੀਂ ਕੀਤੀ ਜਾ ਸਕੀ, ਜਿਸ ਦੀ ਵਰਤੋਂ ਵਿਦਿਆਰਥੀਆਂ ਦੇ ਲਾਭ ਲਈ ਕੀਤੀ ਜਾ ਸਕਦੀ ਸੀ।

ਯੂਨੀਵਰਸਿਟੀ ਨੇ ਸੀ ਓ ਏ ਦੇ ਸਬੰਧ ਵਿੱਚ ਜਵਾਬ ਦਿੱਤਾ (ਅਕਤੂਬਰ 2024) ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ (ਸੀ ਓ ਏ ਈ ਐਂਡ ਟੀ) ਅਤੇ ਸੀ ਓ ਬੀ ਐਸ ਐਂਡ ਐਚ ਅਪ੍ਰੈਲ 2022 ਤੋਂ ਵਿਆਜ ਦੇ ਨਾਲ-ਨਾਲ ਲੈਪਸ ਹੋਈਆਂ ਸਕਿਓਰਿਟੀਆਂ ਦੀ ਰਾਸ਼ੀ ਨੂੰ ਨਿਯਮਤ ਆਧਾਰ 'ਤੇ ਵਿਦਿਆਰਥੀਆਂ ਸਹਾਇਤਾ ਫੰਡ ਵਿੱਚ ਟ੍ਰਾਂਸਫਰ ਕਰ ਰਹੇ ਸਨ। ਇਹ ਰਾਸ਼ੀ ਚਾਲੂ ਖਾਤੇ ਵਿੱਚ ਰੱਖੀ ਗਈ ਸੀ। ਹੋਰ ਦੋ ਕਾਲਜਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਹੈ।

1.2.2 ਅੰਦਰੂਨੀ ਲੇਖਾ ਪ੍ਰੀਖਿਆ

ਯੂਨੀਵਰਸਿਟੀ ਦੀ ਅੰਦਰੂਨੀ ਲੇਖਾ ਪ੍ਰੀਖਿਆ ਇਸ ਦੇ ਅੰਦਰੂਨੀ ਲੇਖਾ ਪ੍ਰੀਖਿਆ ਸ਼ਾਖਾ ਵੱਲੋਂ ਕੀਤੀ ਜਾ ਰਹੀ ਸੀ, ਜਿਸ ਵਿੱਚ ਇੱਕ ਇੰਚਾਰਜ ਅੰਦਰੂਨੀ ਲੇਖਾ ਪ੍ਰੀਖਿਆ (ਹਫਤੇ ਵਿੱਚ ਦੋ ਦਿਨ), ਇੱਕ ਸੈਕਸ਼ਨ ਅਫਸਰ ਅਤੇ ਇੱਕ ਲੇਖਾ ਪਰੀਖਕ (ਹਫਤੇ ਵਿੱਚ ਇੱਕ ਦਿਨ ਲਈ) ਸ਼ਾਮਲ ਸਨ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਅੰਦਰੂਨੀ ਲੇਖਾ ਪ੍ਰੀਖਿਆ ਸ਼ਾਖਾ ਬਿਨ੍ਹਾਂ ਮਨਜ਼ੂਰਸ਼ੁਦਾ ਸਟਾਫ ਦੇ ਕੰਮ ਕਰ ਰਹੀ ਸੀ। ਇੱਕ ਸਹਾਇਕ ਲੇਖਾ ਅਧਿਕਾਰੀ, ਇੱਕ ਸੁਪਰਡੰਟ ਅਤੇ ਚਾਰ ਲੇਖਾ ਪਰੀਖਕ ਪੂਰਣ ਸਮੇਂ ਦੇ ਅਧਾਰ 'ਤੇ ਤੈਨਾਤ ਸਨ ਅਤੇ ਇੱਕ ਇੰਚਾਰਜ ਅਤੇ ਸ਼ਾਖਾ ਵਿੱਚ ਦੋ ਲੇਖਾ ਪਰੀਖਕ ਵਧੀਕ ਡਿਊਟੀ 'ਤੇ ਸਨ। ਇਸ ਤਰ੍ਹਾਂ, ਯੂਨੀਵਰਸਿਟੀ ਦੇ ਕੰਮਕਾਜ ਦਾ ਨਿਰੰਤਰ ਅਤੇ ਅਲੋਚਨਾਤਮਕ ਮੁਲਾਂਕਣ ਅਤੇ ਨਿਰਧਾਰਤ ਨਿਯਮਾਂ, ਵਿਨਿਯਮਾਂ ਅਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਿਆ।

- ਯੂਨੀਵਰਸਿਟੀ ਨੇ ਨਾ ਤਾਂ ਕੋਈ ਅੰਦਰੂਨੀ ਲੇਖਾ ਪ੍ਰੀਖਿਆ ਮੈਨੂਅਲ ਬਣਾਇਆ ਸੀ ਅਤੇ ਨਾ ਹੀ ਅੰਦਰੂਨੀ ਲੇਖਾ ਪ੍ਰੀਖਿਆ ਯੋਜਨਾਬੰਦੀ ਪ੍ਰਕਿਰਿਆ; ਡਿਊਟੀਆਂ ਦੀ ਵੰਡ, ਕੀਤੀਆਂ ਜਾਣ ਵਾਲੀਆਂ ਜਾਂਚਾਂ, ਆਦਿ ਨੂੰ ਸਪਸ਼ਟ ਕਰਦੀ ਕੋਈ ਕੋਡੀਫਾਈਡ ਪ੍ਰਕਿਰਿਆ ਦਾ ਨਿਰਧਾਰਨ ਕੀਤਾ।
- ਕਵਰੇਜ ਦਾ ਵੇਰਵਾ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਕਿਸ ਸਮੇਂ ਤੱਕ ਕੀਤੀ ਗਈ ਸੀ, ਉਪਲਬਧ ਨਹੀਂ ਕਰਵਾਇਆ ਗਿਆ ਸੀ।
- ਅੰਦਰੂਨੀ ਲੇਖਾ ਪ੍ਰੀਖਿਆ ਸ਼ਾਖਾ ਦੁਆਰਾ ਕੋਈ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ ਨਹੀਂ ਬਣਾਈ ਗਈ ਸੀ।
- ਅੰਦਰੂਨੀ ਲੇਖਾ ਪ੍ਰੀਖਿਆ ਸ਼ਾਖਾ ਦੇ ਕੰਮਕਾਜ ਅਤੇ ਇਸ ਦੁਆਰਾ ਧਿਆਨ ਵਿੱਚ ਲਿਆਦੀਆਂ ਗਈਆਂ ਬੇਨਿਯਮੀਆਂ ਅਤੇ ਉੱਚ-ਪ੍ਰਬੰਧਨ ਦੁਆਰਾ ਉਨ੍ਹਾਂ ਉੱਤੇ ਕੀਤੀ ਗਈ ਕਾਰਵਾਈ, ਜੇਕਰ ਕੋਈ ਹੈ, ਦੀ ਨਿਗਰਾਨੀ ਕਰਨ ਲਈ ਕੋਈ ਪ੍ਰਣਾਲੀ ਸਥਾਪਿਤ ਨਹੀਂ ਕੀਤੀ ਗਈ ਸੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਇਸਦੇ ਲੇਖਿਆ ਦੀ ਪਹਿਲਾਂ ਐਗਜ਼ਾਮੀਨਰ ਲੋਕਲ ਫੰਡ ਅਕਾਊਂਟਸ (ਈ ਐਲ ਐਫ ਏ) ਦੁਆਰਾ ਇੱਕ ਰੈਜ਼ੀਡੈਂਟ ਲੇਖਾ ਪ੍ਰੀਖਿਆ ਐਗਜ਼ਾਮੀਨਰ/ਡਿਪਟੀ ਕੰਟਰੋਲਰ ਲੋਕਲ ਲੇਖਾ ਪ੍ਰੀਖਿਆ (ਡੀ ਸੀ ਐਲ ਏ) ਰਾਹੀਂ ਪ੍ਰੀ-ਲੇਖਾ ਪ੍ਰੀਖਿਆ ਕੀਤੇ ਜਾਂਦੇ ਸਨ ਅਤੇ ਕੋਈ ਅੰਦਰੂਨੀ ਲੇਖਾ ਪ੍ਰੀਖਿਆ ਵਿੰਗ ਮੌਜੂਦ ਨਹੀਂ ਸੀ। ਪੀ ਏ ਯੂ ਵਿਖੇ ਖੋਜ, ਅਧਿਆਪਨ ਵਿਸਥਾਰ ਅਤੇ ਪ੍ਰਬੰਧਕੀ ਗਤੀਵਿਧੀਆਂ ਦੀ ਵੱਡੀ ਮਾਤਾਰਾ ਦੇ ਕਾਰਨ ਪ੍ਰੀ-ਲੇਖਾ ਪ੍ਰੀਖਿਆ ਪ੍ਰਣਾਲੀ ਨੂੰ ਢੁਕਵਾਂ ਮੰਨਿਆ ਗਿਆ ਸੀ। ਹਾਲਾਂਕਿ, ਅਗਸਤ 2020 ਤੋਂ, ਪ੍ਰਸ਼ਾਸਨਿਕ ਕਾਰਨਾਂ ਅਤੇ ਈ ਐਲ ਐਫ ਏ ਵਿੱਚ ਸਟਾਫ ਦੀ ਕਮੀ ਦੇ ਕਾਰਨ, ਪੀ ਏ ਯੂ ਦੇ ਅੰਦਰੂਨੀ ਲੇਖਾ ਪ੍ਰੀਖਿਆ ਸੈੱਲ ਨੇ ਲੇਖਾ ਪ੍ਰੀਖਿਆ ਦਾ ਕੰਮ ਸੰਭਾਲਿਆ, ਅਤੇ ਕੁੱਝ ਬਿਲ ਈ ਐਲ ਐਫ ਏ (ਡੀ ਸੀ ਐਲ ਏ) ਦੁਆਰਾ ਪ੍ਰੋਸੈਸ ਕਰਨਾ ਜਾਰੀ ਰਿਹਾ।

ਹਾਲਾਂਕਿ, ਇਹ ਜਵਾਬ ਮੁੱਖ ਚਿੰਤਾ ਨੂੰ ਹੱਲ ਕਰਨ ਵਿੱਚ ਅਸਫਲ ਰਹਿੰਦਾ ਸੀ ਇੱਕ ਢੁਕਵੀਂ ਅੰਦਰੂਨੀ ਲੇਖਾ ਪ੍ਰੀਖਿਆ ਪ੍ਰਣਾਲੀ ਦੀ ਅਣਹੋਂਦ ਸੀ। ਇੱਕ ਰਸਮੀ ਢਾਂਚੇ, ਪਰਿਭਾਸ਼ਿਤ ਪ੍ਰਕਿਰਿਆਵਾਂ, ਜਾਂ ਇਕਸਾਰ ਰਿਪੋਰਟਿੰਗ ਤੋਂ ਬਿਨ੍ਹਾਂ ਅੰਦਰੂਨੀ ਲੇਖਾ ਪ੍ਰੀਖਿਆ ਸੈੱਲ ਨੂੰ ਪ੍ਰੀ-ਲੇਖਾ ਪ੍ਰੀਖਿਆ ਡਿਊਟੀਆਂ ਸੌਂਪਣਾਂ ਇੱਕ ਵਿਆਪਕ ਅੰਦਰੂਨੀ ਲੇਖਾ ਪ੍ਰੀਖਿਆ ਫੰਕਸ਼ਨ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ, ਜੋ ਕਿ ਪ੍ਰਭਾਵਸ਼ਾਲੀ ਜੋਖਮ ਪ੍ਰਬੰਧਨ ਅਤੇ ਪਾਲਣਾ ਲਈ ਮੱਹਤਵਪੂਰਨ ਹੈ।

1.2.3 ਸਿੱਟਾ

ਲੋੜੀਂਦਾ ਬਜਟ ਪ੍ਰਾਪਤ ਕਰਨ ਲਈ ਸਲਾਨਾ ਵਿੱਤੀ ਯੋਜਨਾਵਾਂ ਤਿਆਰ ਕਰਨ ਤੋਂ ਇਲਾਵਾ, ਮਾਪਣਯੋਗ ਟੀਚੇ, ਰਣਨੀਤੀਆਂ ਅਤੇ ਜ਼ਰੂਰਤਾਂ ਦਾ ਵਰਣਨ ਕਰਦੀ ਹੋਈ ਕੋਈ ਰਣਨੀਤਕ ਯੋਜਨਾ ਤਿਆਰ ਨਹੀਂ ਕੀਤੀ ਗਈ ਸੀ। ਯੂਨੀਵਰਸਿਟੀ ਨੇ 2017-22 ਦੌਰਾਨ ਕੁੱਲ ਉਪਲਬਧ ਫੰਡਾਂ ਦਾ

71 ਤੋਂ 86 *ਪ੍ਰਤੀਸ਼ਤ* ਖਰਚ ਕੀਤਾ। ਯੂਨੀਵਰਸਿਟੀ ਦੇ 2017-20 ਦੇ ਸਮੇਂ ਦੌਰਾਨ ਅੰਤਿਮ ਬਕਾਇਆਂ ਦੇ ਵੱਧ ਰਹੇ ਰੁਝਾਨ ਨੇ ਬਜਟ ਅਤੇ ਖਰਚੇ ਦੇ ਅਨੁਮਾਨਾਂ ਵਿੱਚ ਬਿਨ੍ਹਾਂ ਜਾਂਚ ਕੀਤੀਆਂ ਕਮੀਆਂ ਨੂੰ ਦਰਸਾਇਆ।

ਯੂਨੀਵਰਸਿਟੀ ਦੀ ਸਲਾਨਾ ਪੈਨਸ਼ਨ ਅਦਾਇਗੀ ਦੀ ਦੇਣਦਾਰੀ ₹ 147.46 ਕਰੋੜ ਅਤੇ ₹ 177.75 ਕਰੋੜ ਵਿਚਕਾਰ ਸੀ, ਜਦੋਂ ਕਿ ਪੈਨਸ਼ਨ ਫੰਡ ਨੂੰ ਸਲਾਨਾ ਯੋਗਦਾਨ ₹ 12.87 ਕਰੋੜ ਤੋਂ ₹ 19.20 ਕਰੋੜ ਦੇ ਵਿਚਕਾਰ ਸੀ, ਜੋ ਕਿ 2017-22 ਦੌਰਾਨ ਪੈਨਸ਼ਨ ਅਦਾਇਗੀ ਦੀ ਦੇਣਦਾਰੀ ਤੋਂ ਬਹੁਤ ਘੱਟ ਸੀ। ਇੱਕਠਾ ਹੋਇਆ ₹ 247.16 ਕਰੋੜ ਦਾ ਪੈਨਸ਼ਨ ਫੰਡ ਵਰਤਿਆ ਨਹੀਂ ਗਿਆ ਸੀ ਅਤੇ ਯੂਨੀਵਰਸਿਟੀ ਆਪਣੀਆਂ ਪੈਨਸ਼ਨ ਦੇਣਦਾਰੀਆਂ ਪੰਜਾਬ ਸਰਕਾਰ ਤੋਂ ਜੀ ਆਈ ਏ ਦੁਆਰਾ ਪੂਰੀਆਂ ਕਰ ਰਹੀ ਸੀ।

ਮੌਜੂਦਾ ਨਿਯਮਾਂ/ਨਿਰਦੇਸ਼ਾਂ ਦੀ ਉਲੰਘਣਾ ਕਰਦਿਆਂ ਭੁਗਤਾਨਾਂ ਦੀ ਵੰਡ ਦੀ ਲੋੜ ਨੂੰ ਯਕੀਨੀ ਬਣਾਏ ਬਗੈਰ ਨਿਯਮਤ ਅਧਾਰ 'ਤੇ ਅਸਥਾਈ ਪੇਸ਼ਗੀਆਂ ਲਗਾਤਾਰ ਕਢਵਾਈਆਂ ਜਾ ਰਹੀਆਂ ਸਨ। 31 ਮਾਰਚ 2022 ਨੂੰ, ₹ 64.61 ਕਰੋੜ ਦੀਆਂ ਅਸਥਾਈ ਪੇਸ਼ਗੀਆਂ ਅਸਮਾਯੋਜਿਤ ਪਈਆਂ ਸਨ, ਜਿਨ੍ਹਾਂ ਵਿਚੋਂ ₹ 13.42 ਕਰੋੜ ਪੰਜ ਸਾਲਾਂ ਤੋਂ ਵੱਧ ਸਮੇਂ, ਭਾਵ 1971-72 ਤੋਂ 2016-17 ਦੀ ਮਿਆਦ ਨਾਲ ਸਬੰਧਤ ਸਨ।

ਯੂਨੀਵਰਸਿਟੀ ਦੀਆਂ ਵਿੱਤੀ ਵਿਵਰਣੀਆਂ ਬਣਾਉਣ/ਰੱਖ-ਰਖਾਅ ਵਿੱਚ ਵੱਖ-ਵੱਖ ਅਸੰਗਤੀਆਂ ਵੇਖੀਆਂ ਗਈਆਂ ਸਨ, ਜੋ ਕਿ ਕੋਡਲ ਉਪਬੰਧਾਂ ਅਨੁਸਾਰ ਨਹੀਂ ਸਨ। ਸਾਲ 2021-22 ਲਈ ਗ੍ਰਾਂਟ ਦੇ ਵਰਤੋਂ ਸਰਟੀਫਿਕੇਟ ਸਮੇਤ ਲੇਖਿਆਂ ਦੀ ਸਲਾਨਾ ਵਿਵਰਣੀ ਨਹੀਂ ਬਣਾਈ ਗਈ ਸੀ (ਅਕਤੂਬਰ 2024)।

ਅੰਦਰੂਨੀ ਲੇਖਾ ਪ੍ਰੀਖਿਆ ਸ਼ਾਖਾ ਬਿਨ੍ਹਾਂ ਕਿਸੇ ਮਨਜ਼ੂਰਸ਼ੁਦਾ ਅਸਾਮੀਆਂ ਦੇ ਕੰਮ ਕਰ ਰਿਹਾ ਸੀ। ਯੂਨੀਵਰਸਿਟੀ ਨੇ ਨਾ ਤਾਂ ਕੋਈ ਅੰਦਰੂਨੀ ਲੇਖਾ ਪ੍ਰੀਖਿਆ ਮੈਨੂਅਲ ਬਣਾਇਆ ਅਤੇ ਨਾ ਹੀ ਅੰਦਰੂਨੀ ਲੇਖਾ ਪ੍ਰੀਖਿਆ ਨੂੰ ਸਪਸ਼ਟ ਕਰਦੀ ਕੋਈ ਕੋਡੀਫਾਈਡ ਪ੍ਰਕਿਰਿਆ ਦਾ ਨਿਰਧਾਰਨ ਕੀਤਾ ਸੀ। ਅੰਦਰੂਨੀ ਲੇਖਾ ਪ੍ਰੀਖਿਆ ਸ਼ਾਖਾ ਦੇ ਕੰਮਕਾਜ ਦੀ ਨਿਗਰਾਨੀ ਕਰਨ ਲਈ ਕੋਈ ਪ੍ਰਣਾਲੀ ਮੌਜੂਦ ਨਹੀਂ ਸੀ।

1.2.4 ਸਿਫਾਰਸ਼ਾਂ

ਲੇਖਾ ਪ੍ਰੀਖਿਆ ਲੱਭਤਾਂ ਦੀ ਰੋਸ਼ਨੀ, ਵਿੱਚ ਯੂਨੀਵਰਸਿਟੀ ਇਹ ਕਰ ਸਕਦੀ ਹੈ:

(i) ਉਪਲਬਧ ਫੰਡਾਂ ਦੀ ਸਰਵੋਤਮ ਵਰਤੋਂ ਕਰਨ ਲਈ ਅਤੇ ਇਸਦੇ ਆਦੇਸ਼ ਮਿਸ਼ਨ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਨ ਲਈ ਰਣਨੀਤਕ ਯੋਜਨਾ ਦੀ ਤਿਆਰੀ ਕਰਨ ਦੀ ਪ੍ਰਕਿਰਿਆ ਨੂੰ ਤੇਜ ਕਰਨਾ;

(ii) ਪੈਨਸ਼ਨ ਫੰਡ ਯੋਗਦਾਨਾਂ ਅਤੇ ਪੈਨਸ਼ਨ ਦੇਣਦਾਰੀਆਂ ਵਿਚਕਾਰ ਪਾੜੇ ਨੂੰ ਭਰਨ ਲਈ ਆਪਣੇ ਪੈਨਸ਼ਨ ਫੰਡ ਦਾ ਅਸਲ ਮੁਲਾਂਕਣ ਕਰਨਾ ;

(iii) ਯੂਨੀਵਰਸਿਟੀ ਦੀ ਅਸਲੀ ਅਤੇ ਸਹੀ ਵਿੱਤੀ ਸਥਿਤੀ ਨੂੰ ਦਰਸਾਉਣ ਲਈ ਵਿੱਤੀ ਵਿਵਰਣੀਆਂ ਨੂੰ ਸਹੀ ਢੰਗ ਨਾਲ ਤਿਆਰ ਕਰਨ ਨੂੰ ਯਕੀਨੀ ਬਣਾਉਣਾ;

(iv) ਕੋਡਲ ਉਪਬੰਧਾਂ ਦੇ ਅਨੁਸਾਰ ਅਸਥਾਈ ਪੇਸ਼ਗੀਆਂ ਦੇ ਸਮਾਯੋਜਨ ਨੂੰ ਯਕੀਨੀ ਬਣਾਉਣਾ; ਅਤੇ

(v) ਇੱਕ ਢਾਂਚਾਗਤ ਅੰਦਰੂਨੀ ਲੇਖਾ ਪ੍ਰੀਖਿਆ ਫੰਕਸ਼ਨ ਨੂੰ ਰਸਮੀ ਤੌਰ 'ਤੇ ਸਥਾਪਤ ਕਰਨ ਲਈ ਇਸਦੇ ਐਕਟ ਜਾਂ ਕਾਨੂੰਨ ਵਿੱਚ ਸੋਧਾਂ ਨੂੰ ਯਕੀਨੀ ਬਣਾਉਣਾ। ਇਸ ਵਿੱਚ ਹੋਰ ਚੀਜ਼ਾਂ ਦੇ ਨਾਲ-ਨਾਲ ਇਹ ਸ਼ਾਮਲ ਹੋ ਸਕਦੇ ਹਨ:

ੳ. ਪਰਿਭਾਸ਼ਿਤ ਮਨਜ਼ੂਰਸ਼ੁਦਾ ਅਸਾਮੀ ਅਤੇ ਢਾਂਚਾ

ਅ. ਦਾਇਰੇ; ਸੁੰਤਤਰਤਾ ਅਤੇ ਰਿਪੋਰਟਿੰਗ ਲਾਈਨਾਂ ਬਾਰੇ ਦਿਸ਼ਾ-ਨਿਰਦੇਸ਼

ੲ. ਯੂਨੀਵਰਸਿਟੀ ਦੇ ਕੰਮ ਕਾਜ ਦੇ ਇੱਕ ਯੋਜਨਾਬੱਧ ਅਤੇ ਮਿਆਰੀ ਮੁਲਾਂਕਣ ਨੂੰ ਯਕੀਨੀ ਬਣਾਉਣ ਲਈ ਅੰਦਰੂਨੀ ਲੇਖਾ ਪ੍ਰੀਖਿਆ ਸ਼ਾਖਾ ਦੀਆਂ ਭੂਮਿਕਾਵਾਂ, ਜ਼ਿੰਮੇਵਾਰੀਆਂ, ਦਾਇਰਾ, ਯੋਜਨਾਬੰਦੀ ਅਤੇ ਪ੍ਰਕਿਰਿਆਵਾਂ ਨੂੰ ਪਰਿਭਾਸ਼ਿਤ ਕਰਨਾ।

1.3 ਅਕਾਦਮਿਕ ਗਤੀਵਿਧੀਆਂ

ਯੂਨੀਵਰਸਿਟੀ ਦੇ ਅਕਾਦਮਿਕ ਪ੍ਰੋਗਰਾਮ ਇਸ ਦੇ ਛੇ ਸੰਵਿਧਾਨਕ ਕਾਲਜਾਂ ਰਾਹੀਂ ਚਲਾਏ ਜਾਂਦੇ ਹਨ, ਜਿਵੇਂ ਕਿ ਖੇਤੀਬਾੜੀ ਕਾਲਜ (ਸੀ ਓ ਏ), ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ (ਸੀ ਓ ਏ ਈ ਐਂਡ ਟੀ), ਮੁਢਲਾ ਵਿਗਿਆਨ ਅਤੇ ਹਿਊਮੈਨਿਟੀਜ਼ ਕਾਲਜ (ਸੀ ਓ ਬੀ ਐਸ ਐਂਡ ਐਚ), ਕਮਿਊਨਿਟੀ ਵਿਗਿਆਨ ਕਾਲਜ (ਸੀ ਓ ਸੀ ਐਸ), ਬਾਗਬਾਨੀ ਅਤੇ ਜੰਗਲਾਤ ਕਾਲਜ (ਸੀ ਓ ਐਚ ਐਂਡ ਐਫ) ਜੋ ਕਿ ਪੀ ਏ ਯੂ ਕੈਂਪਸ, ਲੁਧਿਆਣਾ ਵਿੱਚ ਸਥਿਤ ਹੈ ਅਤੇ ਬਲੌਵਾਲ ਸੌਂਖੜੀ[20] ਐਸ ਬੀ ਐਸ ਨਗਰ ਵਿਖੇ ਖੇਤੀਬਾੜੀ ਕਾਲਜ ਸਥਿਤ ਹੈ।

ਯੂਨੀਵਰਸਿਟੀ ਦੀਆਂ ਅਕਾਦਮਿਕ ਗਤੀਵਿਧੀਆਂ ਨਾਲ ਸਬੰਧਤ ਲੇਖਾ ਪ੍ਰੀਖਿਆ ਲੱਭਤਾਂ ਬਾਰੇ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

1.3.1 ਮਾਨਤਾ ਦੇ ਨਵਿਆਉਣ ਵਿੱਚ ਦੇਰੀ

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਰੈਗੂਲੇਸ਼ਨਜ਼, 2012 ਦੇ ਅਨੁਸਾਰ, ਸਾਰੀਆਂ ਯੂਨੀਵਰਸਿਟੀਆਂ ਲਈ ਮਾਨਤਾ ਲਾਜ਼ਮੀ ਹੈ। ਆਈ ਸੀ ਏ ਆਰ ਦਾ ਨੈਸ਼ਨਲ ਖੇਤੀਬਾੜੀ ਸਿੱਖਿਆ ਮਾਨਤਾ ਬੋਰਡ (ਐਨ ਏ ਈ ਏ ਬੀ) ਖੇਤੀਬਾੜੀ ਯੂਨੀਵਰਸਿਟੀਆਂ ਅਤੇ ਸਬੰਧਤ ਸੰਸਥਾਵਾਂ ਨੂੰ ਮਾਨਤਾ ਪ੍ਰਦਾਨ ਕਰਦਾ ਹੈ। ਮਾਨਤਾ ਦੀ ਵੈਧਤਾ ਪੰਜ ਸਾਲਾਂ ਲਈ ਹੈ। ਹਰੇਕ ਮਾਨਤਾ ਪ੍ਰਾਪਤ ਉੱਚ ਵਿਦਿਅਕ ਸੰਸਥਾ ਨੂੰ ਸਬੰਧਤ ਮਾਨਤਾ ਏਜੰਸੀ ਦੁਆਰਾ ਨਿਰਧਾਰਤ ਨਿਯਮਾਂ ਅਤੇ ਪ੍ਰਕਿਰਿਆਵਾਂ ਦੇ ਅਨੁਸਾਰ ਮੌਜੂਦਾ ਮਾਨਤਾ ਦੀ ਮਿਆਦ ਸਮਾਪਤ ਹੋਣ ਤੋਂ ਛੇ ਮਹੀਨੇ ਪਹਿਲਾਂ ਮੁੜ-ਮਾਨਤਾ ਲਈ ਅਰਜ਼ੀ ਦੇਣੀ ਪੈਂਦੀ ਹੈ। ਆਈ ਸੀ ਏ ਆਰ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਗ੍ਰਾਂਟ ਦੀ ਮੰਗ ਕਰਨ ਵਾਲੀ ਯੂਨੀਵਰਸਿਟੀ ਨੂੰ ਵਿੱਤੀ ਸਾਲ 2016-17 ਤੋਂ ਅੱਗੇ ਤੱਕ ਆਈ ਸੀ ਏ ਆਰ ਦੇ ਮਾਨਤਾ ਬੋਰਡ ਤੋਂ ਮਾਨਤਾ ਪ੍ਰਾਪਤ ਕਰਨਾ ਜ਼ਰੂਰੀ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਆਈ ਸੀ ਏ ਆਰ ਦੇ ਐਨ ਏ ਈ ਏ ਬੀ ਨੇ ਯੂਨੀਵਰਸਿਟੀ ਅਤੇ ਇਸ ਦੇ ਚਾਰ[21] ਸੰਵਿਧਾਨਕ ਕਾਲਜਾਂ ਨੂੰ ਮਾਨਤਾ ਦਿੱਤੀ ਸੀ (ਮਾਰਚ 2014) ਜੋ 10 ਮਾਰਚ 2019 ਤੱਕ ਪ੍ਰਮਾਣਿਕ ਸੀ। ਹਾਲਾਂਕਿ, ਯੂਨੀਵਰਸਿਟੀ ਨੇ ਉਕਤ ਉਪਬੰਧਾਂ ਦੀ ਉਲੰਘਣਾ ਕਰਦੇ ਹੋਏ

---

[20] ਅਕਾਦਮਿਕ ਸਾਲ 2021-22 ਤੋਂ ਕੰਮ ਕਰਨਾ ਸ਼ੁਰੂ ਕੀਤਾ ।

[21] ਹੋਰ ਦੋ ਕਾਲਜ ਜਿਵੇਂ ਬਾਗਬਾਨੀ ਅਤੇ ਜੰਗਲਾਤ ਕਾਲਜ; ਅਤੇ ਬਲੌਵਾਲ ਸੌਂਖੜੀ, ਐਸ ਬੀ ਐਸ ਨਗਰ ਵਿਖੇ ਖੇਤੀਬਾੜੀ ਕਾਲਜ, ਕ੍ਰਮਵਾਰ 2019 ਅਤੇ 2021 ਵਿੱਚ ਸਥਾਪਤ ਕੀਤੇ ਗਏ ਸਨ।

07 ਦਸੰਬਰ 2018 ਨੂੰ, ਭਾਵ ਨਿਰਧਾਰਤ ਮਿਤੀ (10 ਸਤੰਬਰ 2018) ਤੋਂ ਲਗਭਗ ਤਿੰਨ ਮਹੀਨਿਆਂ ਦੀ ਦੇਰੀ ਤੋਂ ਬਾਅਦ ਮੁੜ ਮਾਨਤਾ ਲਈ ਅਰਜ਼ੀ ਦਿੱਤੀ ਸੀ। ਇਸ ਤੋਂ ਬਾਅਦ, 30 ਅਗਸਤ 2019 ਨੂੰ ਐਨ ਏ ਈ ਬੀ ਦੁਆਰਾ ਮਾਨਤਾ ਨੂੰ ਨਵਿਆਇਆ ਗਿਆ ਸੀ।


ਮਾਰਚ 2019 ਤੋਂ ਅਗਸਤ 2019 ਦੀ ਮਿਆਦ ਦੌਰਾਨ ਮਾਨਤਾ ਨਾ ਮਿਲਣ ਦੇ ਕਾਰਨ ਪੀ ਏ ਯੂ ਦੇ ਵਿਦਿਆਰਥੀਆਂ ਨੂੰ ਹਿਮਾਚਲ ਪ੍ਰਦੇਸ਼ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਪੋਸਟ ਗ੍ਰੈਜੂਏਟ ਕੋਰਸਾਂ ਵਿੱਚ ਦਾਖਲਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ।

ਯੂਨੀਵਰਸਿਟੀ ਨੇ (ਅਕਤੂਬਰ 2024) ਕਿਹਾ ਕਿ ਪੀ ਏ ਯੂ ਦੀ ਮਾਨਤਾ ਨੂੰ 1 ਅਪ੍ਰੈਲ 2024 ਤੋਂ 31 ਮਾਰਚ 2029 ਤੱਕ ਸਫਲਤਾਪੂਰਵਕ ਨਵਿਆਇਆ ਗਿਆ ਸੀ। ਭਾਵੇਂ ਮਾਨਤਾ ਪਿਛਲੇ ਸਮੇਂ ਦੇ ਪ੍ਰਭਾਵ ਨਾਲ ਦਿੱਤੀ ਗਈ ਸੀ, ਪਰ ਜੇ ਤਰੁੰਤ ਕਾਰਵਾਈ ਕੀਤੀ ਜਾਂਦੀ ਤਾਂ ਵਿਦਿਆਰਥੀਆਂ ਦੁਆਰਾ ਅਨੁਭਵ ਕੀਤੇ ਗਏ ਸੰਕਟ ਤੋਂ ਬਚਿਆ ਜਾ ਸਕਦਾ ਸੀ।

1.3.2 ਵਿਦਿਆਰਥੀਆਂ ਦੇ ਦਾਖਲੇ ਵਿੱਚ ਕਮੀ

ਸਾਲ 2017-18 ਤੋਂ 2021-22 ਦੀ ਮਿਆਦ ਲਈ ਪੀ ਏ ਯੂ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੇ ਮੁਕਾਬਲੇ ਦਾਖਲੇ ਦੀ ਸਮਰੱਥਾ ਦੀ ਸਥਿਤੀ ਨੂੰ **ਚਾਰਟ 1.6** ਵਿੱਚ ਦਰਸਾਇਆ ਗਿਆ ਹੈ।

ਚਾਰਟ 1.6 : 2017-22 ਦੌਰਾਨ ਵਿਦਿਆਰਥੀਆਂ ਦੇ ਦਾਖਲੇ ਦੇ ਮੁਕਾਬਲੇ ਦਾਖਲੇ ਦੀ ਸਮਰੱਥਾ ਦੀ ਸਥਿਤੀ



ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ ਤੋਂ ਸੰਕਲਿਤ

2017-18 ਤੋਂ 2021-22 ਦੀ ਮਿਆਦ ਦੌਰਾਨ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਅੰਡਰਗ੍ਰੈਜੂਏਟ, ਗ੍ਰੈਜੂਏਟ ਅਤੇ ਡਾਕਟਰਲ (ਪੀ ਐਚ ਡੀ) ਪ੍ਰੋਗਰਾਮਾਂ ਵਿੱਚ ਦਾਖਲ ਹੋਏ ਵਿਦਿਆਰਥੀਆਂ ਦੇ ਮੁਕਾਬਲੇ ਦਾਖਲੇ ਦੀ ਸਮਰੱਥਾ ਦੀ ਸਾਲ-ਵਾਰ ਸਥਿਤੀ **ਸਾਰਣੀ** 1.3 ਵਿੱਚ ਦਿੱਤੀ ਗਈ ਹੈ।

ਸਾਰਣੀ 1.3: 2017-22 ਦੌਰਾਨ ਵੱਖ-ਵੱਖ ਪ੍ਰੋਗਰਾਮਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੇ ਮੁਕਾਬਲੇ ਦਾਖਲੇ ਦੀ ਸਮਰੱਥਾ ਦੀ ਸਥਿਤੀ

ਸਾਲ	ਦਾਖਲਾ ਸਮਰੱਥਾ			ਦਾਖਲ			ਕਮੀ		
	ਸਧਾਰਣ	ਐਸ ਐਸ ਪੀ	ਜੋੜ	ਸਧਾਰਣ	ਐਸ ਐਸ ਪੀ	ਜੋੜ	ਸਧਾਰਣ[22]	ਐਸ ਐਸ ਪੀ[23]	ਜੋੜ
ਅੰਡਰਗ੍ਰੈਜੂਏਟ ਪ੍ਰੋਗਰਾਮ									
2017-18	473	251	724	392	223	615	81	28	109(15)
2018-19	498	188	686	444	188	632	54	0	54(8)
2019-20	532	180	712	508	176	684	24	4	28(4)
2020-21	523	180	703	432	176	608	91	4	95(14)
2021-22	610	180	790	430	170	600	180	10	190(24)
ਪੋਸਟ ਗ੍ਰੈਜੂਏਟ ਪ੍ਰੋਗਰਾਮ									
2017-18	600	140	740	417	104	521	183	36	219(30)
2018-19	529	120	649	415	84	499	114	36	150(23)
2019-20	577	120	697	441	87	528	136	33	169(24)
2020-21	576	80	656	434	43	477	142	37	179(27)
2021-22	597	90	687	363	39	402	234	51	285(41)
ਡਾਕਟਰਲ (ਪੀ ਐਚ ਡੀ) ਪ੍ਰੋਗਰਾਮ									
2017-18	125		125	111		111	14		14(11)
2018-19	131		131	128		128	3		3(2)
2019-20	225	ਨਿੱਲ	225	166	ਨਿੱਲ	166	59	ਨਿੱਲ	59(26)
2020-21	231		231	175		175	56		56(24)
2021-22	219		219	165		165	54		54(25)

ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

ਜਿਵੇਂ ਕਿ **ਸਾਰਣੀ** 1.3 ਤੋਂ ਸਪਸ਼ਟ ਹੈ, 2017-22 ਦੌਰਾਨ ਦਾਖਲੇ ਦੀ ਕਮੀ ਵੱਖ-ਵੱਖ ਪ੍ਰੋਗਰਾਮਾਂ (ਅੰਡਰਗ੍ਰੈਜੂਏਟ: ਚਾਰ ਤੋਂ 24 *ਪ੍ਰਤੀਸ਼ਤ*); ਪੋਸਟ ਗ੍ਰੈਜੂਏਟ 23 ਤੋਂ 41 *ਪ੍ਰਤੀਸ਼ਤ*) ਅਤੇ ਡਾਕਟਰਲ ਪ੍ਰੋਗਰਾਮਾਂ (ਦੋ ਤੋਂ 26 *ਪ੍ਰਤੀਸ਼ਤ*) ਵਿੱਚ ਦੋ ਤੋਂ 41 *ਪ੍ਰਤੀਸ਼ਤ* ਦੇ ਵਿਚਕਾਰ ਸੀ।

ਦਾਖਲੇ ਵਿੱਚ ਗਿਰਾਵਟ ਦਾ ਕਾਰਨ, ਹੋਰਨਾਂ ਦੇ ਨਾਲ, ਫੈਕਲਟੀ ਦੀ ਘਾਟ (***ਪੈਰ੍ਹਾ 1.3.4***), ਘੱਟ ਪਲੇਸਮੈਂਟ (***ਪੈਰ੍ਹਾ 1.3.7***) ਅਤੇ ਮਾੜੀ ਹੋਸਟਲ, ਭੋਜਨ ਸਹੂਲਤਾਂ (***ਪੈਰ੍ਹਾ 1.3.14***) ਅਤੇ ਰਾਸ਼ਟਰੀ ਸੰਸਥਾਗਤ ਰੈਂਕਿੰਗ ਫਰੇਮਵਰਕ (ਐਨ ਆਈ ਆਰ ਐਫ) ਰੈਂਕਿੰਗ[24] ਵਿੱਚ ਗਿਰਾਵਟ ਵਰਗੀਆਂ ਵੱਖ-ਵੱਖ ਕਮੀਆਂ ਹੋ ਸਕਦੀਆਂ ਹਨ{***ਪੈਰ੍ਹਾ 1.3.15 (i)***}।

ਕੋਰਸ-ਵਾਰ ਵਿਸ਼ਲੇਸ਼ਨ ਤੋਂ ਪਤਾ ਲੱਗਾ ਹੈ ਕਿ 2017-18 ਅਤੇ 2019-20 ਵਿੱਚ ਬੀ ਐਸ ਸੀ (ਆਨਰਜ਼) ਖੇਤੀਬਾੜੀ (4 ਸਾਲ); 2020-21 ਅਤੇ 2021-22 ਵਿੱਚ ਬੀ ਐਸ ਸੀ (ਆਨਰਜ਼) ਬਾਗਬਾਨੀ (4 ਸਾਲ); 2017-22 ਦੌਰਾਨ ਬੀ ਐਸ ਸੀ (ਆਨਰਜ਼) ਖੇਤੀਬਾੜੀ (2+4 ਸਾਲ); 2017-22 ਦੌਰਾਨ ਬੀ ਟੈਕ-ਫੂਡ ਟੈਕ (4 ਸਾਲ); 2017-18 ਅਤੇ 2018-19 ਵਿੱਚ ਬੀ ਟੈਕ (ਬਾਇਓਟੈਕ); 2017-18 ਤੋਂ 2020-21 ਤੱਕ ਬੀ ਐਸ ਸੀ (ਆਨਰਜ਼) ਪੋਸ਼ਣ ਅਤੇ ਖੁਰਾਕ ਵਿਗਿਆਨ (4 ਸਾਲ); ਅਤੇ 2019-22 ਦੌਰਾਨ ਐਮ ਐਸ ਸੀ ਬਾਗਬਾਨੀ ਅਤੇ ਜੰਗਲਾਤ ਵਿੱਚ 100 *ਪ੍ਰਤੀਸ਼ਤ* ਦਾਖਲਾ ਸੀ। ਹਾਲਾਂਕਿ, 2017-22 ਦੀ ਮਿਆਦ ਲਈ ਐਮ ਟੈਕ

22 ਸਧਾਰਣ।

23 ਸਵੈ-ਸਹਾਇਤਾ ਪ੍ਰੋਗਰਾਮ।

24 ਪੀ ਏ ਯੂ ਦੀ ਐਨ ਆਈ ਆਰ ਐਫ ਰੈਂਕਿੰਗ ਭਾਰਤ ਦੀਆਂ 100 ਯੂਨੀਵਰਸਿਟੀਆਂ ਵਿਚੋਂ 24 (2017) ਤੋਂ ਘੱਟ ਕੇ 51 (2019) ਹੋ ਗਈ; ਅਤੇ ਭਾਰਤ ਵਿੱਚ 100 ਸੰਸਥਾਵਾਂ ਅਤੇ ਯੂਨੀਵਰਸਿਟੀਆਂ (ਸੰਯੁਕਤ) ਵਿਚੋਂ 40 (2017) ਤੋਂ 75 (2019) ਹੋ ਗਈ, ਜਿਵੇਂ ਕਿ ਪੈਰ੍ਹਾ 1.3.15 ਵਿੱਚ ਵਿਸਥਾਰਤ ਕੀਤਾ ਗਿਆ ਹੈ।

(45-67 *ਪ੍ਰਤੀਸ਼ਤ*); ਐਮ ਐਸ ਸੀ ਮੁਢਲਾ ਵਿਗਿਆਨ ਅਤੇ ਹਿਊਮੈਨਟੀਜ਼ (25-60 *ਪ੍ਰਤੀਸ਼ਤ*); ਵਪਾਰ ਪ੍ਰਸ਼ਾਸਨ (ਖੇਤੀ ਕਾਰੋਬਾਰ) (10-50 *ਪ੍ਰਤੀਸ਼ਤ*); ਵਪਾਰ ਪ੍ਰਸ਼ਾਸਨ (22-74 *ਪ੍ਰਤੀਸ਼ਤ*); ਐਮ ਐਸ ਸੀ ਹੋਮ ਸਾਇੰਸ/ਕਮਿਊਨਿਟੀ ਵਿਗਿਆਨ(36-67 *ਪ੍ਰਤੀਸ਼ਤ*); ਅਤੇ ਪੰਜ ਸਾਲਾਂ ਏਕੀਕ੍ਰਿਤ ਐਮ ਐਸ ਸੀ (ਆਨਰਜ਼) (5-57 *ਪ੍ਰਤੀਸ਼ਤ*) ਵਿੱਚ ਕਮੀ ਸੀ, ਜਿਵੇਂ ਕਿ ***ਅੰਤਿਕਾ 1.4*** ਵਿੱਚ ਵੇਰਵਾ ਦਿੱਤਾ ਗਿਆ ਹੈ।

ਯੂਨੀਵਰਸਿਟੀ ਨੇ ਸੂਚਿਤ ਕੀਤਾ (ਜੁਲਾਈ 2024 ਅਤੇ ਅਕਤੂਬਰ 2024) ਕਿ ਸਾਲ 2023-24 ਤੋਂ, ਉਨ੍ਹਾਂ ਨੇ ਅੰਡਰਗ੍ਰੈਜੂਏਟ ਪ੍ਰੋਗਰਾਮਾਂ (ਆਲ-ਇੰਡੀਆਂ ਅਧਾਰ 'ਤੇ 10+ 2 ਮੈਰਿਟ) ਦੇ ਨਾਲ-ਨਾਲ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਲਈ ਤੀਜੀ ਕਾਊਂਸਲਿੰਗ ਕਰਵਾਉਣੀ ਸ਼ੁਰੂ ਕਰ ਦਿੱਤੀ ਹੈ। ਇਹ ਵੀ ਕਿਹਾ ਗਿਆ ਕਿ ਉਨ੍ਹਾਂ ਨੂੰ ਪਿਛਲੇ ਸਾਲ ਦੇ ਮੁਕਾਬਲੇ 2023-24 ਦੌਰਾਨ ਦੁੱਗਣੇ ਅਰਜ਼ੀ ਫਾਰਮ ਪ੍ਰਾਪਤ ਹੋਏ ਸਨ। ਇਸ ਤੋਂ ਇਲਾਵਾ, ਯੂਨੀਵਰਸਿਟੀ ਨੇ ਜਵਾਬ ਦਿੱਤਾ ਕਿ ਸਾਲ 2024-25 ਲਈ ਅੰਡਰਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਲਗਭਗ 96 *ਪ੍ਰਤੀਸ਼ਤ* ਸੀਟਾਂ ਭਰੀਆਂ ਗਈਆਂ ਸਨ।

ਯੂਨੀਵਰਸਿਟੀ ਦਾ ਜਵਾਬ, ਜਿਸ ਵਿੱਚ ਕਿਹਾ ਗਿਆ ਸੀ ਕਿ ਅਕਾਦਮਿਕ ਸਾਲ 2024-25 ਲਈ ਅੰਡਰਗ੍ਰੈਜੂਏਟ ਦੀਆਂ 96 *ਪ੍ਰਤੀਸ਼ਤ* ਸੀਟਾਂ ਭਰੀਆਂ ਗਈਆਂ ਸਨ, ਪ੍ਰਦਾਨ ਕੀਤੇ ਗਏ ਦਾਖਲੇ ਦੇ ਡਾਟਾ ਦੁਆਰਾ ਸਮਰਥਿਤ ਨਹੀਂ ਸੀ। ਪੀ ਏ ਯੂ ਦੇ ਆਪਣੇ ਅੰਕੜਿਆਂ ਅਨੁਸਾਰ ਅੰਡਰਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਅਕਾਦਮਿਕ ਸਾਲ 2022-23, 2023-24 ਅਤੇ 2024-25 ਵਿੱਚ ਕ੍ਰਮਵਾਰ 22, 25 ਅਤੇ 13 *ਪ੍ਰਤੀਸ਼ਤ* ਦੀ ਦਾਖਲੇ ਦੀ ਕਮੀ ਆਈ ਸੀ। ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਹੋਰ ਵੀ ਵੱਡੀਆਂ ਕਮੀਆਂ ਦਿਖਾਈਆਂ ਗਈਆਂ ਸਨ, ਜਿਸ ਵਿੱਚ ਉਸੇ ਅਕਾਦਮਿਕ ਸਾਲਾਂ ਲਈ ਦਾਖਲੇ ਵਿੱਚ 46, 51 ਅਤੇ 45 *ਪ੍ਰਤੀਸ਼ਤ* ਦਾ ਅੰਤਰ ਸੀ। ਪੀ ਐਚ ਡੀ ਪ੍ਰੋਗਰਾਮਾਂ ਨੂੰ 2022-23 ਵਿੱਚ 39 *ਪ੍ਰਤੀਸ਼ਤ* ਅਤੇ 2023-24 ਵਿੱਚ 35 *ਪ੍ਰਤੀਸ਼ਤ* ਦਾਖਲੇ ਦੀ ਘਾਟ ਦਾ ਸਾਹਮਣਾ ਕਰਨਾ ਪਿਆ ਸੀ, 2024-25 ਲਈ ਦਾਖਲੇ ਅਜੇ ਵੀ ਜਾਰੀ ਹਨ। ਇਹ ਨਿਰੰਤਰ ਘੱਟ ਦਾਖਲੇ ਨੇ ਦਾਖਲਾ ਸਮਰੱਥਾ ਅਤੇ ਅਸਲ ਵਿਦਿਆਰਥੀਆਂ ਦਾਖਲੇ ਵਿਚਕਾਰ ਚੱਲ ਰਹੇ ਪਾੜੇ ਨੂੰ ਉਜਾਗਰ ਕੀਤਾ ਹੈ, ਜਿਸ ਨੂੰ ਯੂਨੀਵਰਸਿਟੀ ਦੇ ਯਤਨਾਂ ਦੁਆਰਾ ਪੂਰੀ ਤਰ੍ਹਾਂ ਹੱਲ ਨਹੀਂ ਕੀਤਾ ਗਿਆ ਸੀ, ਜਿਸ ਵਿੱਚ ਕਾਊਂਸਲਿੰਗ ਦੇ ਤੀਜੇ ਦੌਰ ਨੂੰ ਜੋੜਨਾ ਵੀ ਸ਼ਾਮਲ ਸੀ।

1.3.3 ਅਪਾਹਜ ਵਿਅਕਤੀਆਂ ਦਾ ਘੱਟ ਦਾਖਲਾ ਅਨੁਪਾਤ

ਅਪਾਹਜ ਵਿਅਕਤੀਆਂ ਦਾ ਅਧਿਕਾਰ ਐਕਟ, 2016 (ਇਸ ਵਾਸਤੇ ਪੀ ਡਬਲਯੂ ਡੀ ਐਕਟ ਵਜੋਂ ਜਾਣਿਆ ਜਾਂਦਾ ਹੈ) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਹਰੇਕ ਸੰਸਥਾ ਆਪਣੇ ਦੁਆਰਾ ਕੀਤੇ ਜਾਣ ਵਾਲੇ ਪ੍ਰਸਤਾਵਿਤ ਉਪਾਵਾਂ ਦਾ ਵੇਰਵਾ ਦਿੰਦੇ ਹੋਏ ਬਰਾਬਰ ਮੌਕੇ ਦੀ ਨੀਤੀ ਨੂੰ ਅਧਿਸੂਚਿਤ ਕਰੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਭਾਵੇਂ ਯੂਨੀਵਰਸਿਟੀ ਨੇ ਪੀ ਡਬਲਯੂ ਡੀ ਐਕਟ ਨੂੰ ਲਾਗੂ ਕਰਨ ਲਈ ਅਧਿਸੂਚਨਾ ਜਾਰੀ ਕੀਤੀ ਸੀ (ਦਸੰਬਰ 2017) ਪਰ ਇਸ ਨੇ ਐਕਟ ਦੀਆਂ ਧਾਰਾਵਾਂ ਦੇ ਅਨੁਸਾਰ ਅਪਾਹਜ ਵਿਅਕਤੀਆਂ ਲਈ ਕੋਈ ਬਰਾਬਰ ਦੇ ਮੌਕੇ ਦੀ ਨੀਤੀ ਨਹੀਂ ਬਣਾਈ।

(i) 2017-18 ਤੋਂ 2021-22 ਦੀ ਮਿਆਦ ਦੌਰਾਨ ਪੀ ਡਬਲਯੂ ਡੀਜ਼ ਸ਼੍ਰੇਣੀ ਦੇ ਸਬੰਧ ਵਿੱਚ ਵਿਦਿਆਰਥੀਆਂ ਦੇ ਦਾਖਲੇ ਅਤੇ ਸਟਾਫ ਦੀ ਭਰਤੀ ਦੀ ਸਥਿਤੀ **ਸਾਰਣੀ** 1.4 ਵਿੱਚ ਦਿੱਤੀ ਗਈ ਹੈ।

ਸਾਰਣੀ 1.4: ਪੀ ਡਬਲਯੂ ਡੀ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੀ ਸਥਿਤੀ

ਸਾਲ	ਪੀ ਡਬਲਯੂ ਡੀ ਵਿਦਿਆਥੀਆਂ* ਲਈ ਕੁੱਲ ਰਾਖਵੀਆਂ ਸੀਟਾਂ	ਪੀ ਡਬਲਯੂ ਡੀ ਸ਼੍ਰੇਣੀ ਵਿੱਚ ਬਿਨੈ ਪੱਤਰ ਦੇਣ ਵਾਲੇ ਵਿਦਿਆਰਥੀ ਦੀ ਸੰਖਿਆ	ਦਾਖਲ ਹੋਏ ਪੀ ਡਬਲਯੂ ਡੀ ਵਿਦਿਆਰਥੀ	ਪੀ ਡਬਲਯੂ ਡੀ ਵਿਦਿਆਰਥੀਆਂ ਲਈ ਕੁੱਲ ਰਾਖਵੀਆਂ ਸੀਟਾਂ ਦੀ ਸੰਖਿਆ ਦੇ ਹਵਾਲੇ ਨਾਲ ਦਾਖਲੇ ਦੀ ਪ੍ਰਤੀਸ਼ਤਤਾ
2017-18	59	17	5	8.5
2018-19	57	17	10	17.5
2019-20	65	22	12	18.5
2020-21	65	17	7	10.8
2021-22	71	10	5	7.0

ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

** ਪੀ ਡਬਲਯੂ ਡੀ ਐਕਟ ਅਨੁਸਾਰ, ਕੁੱਲ ਸੀਟਾਂ ਦਾ ਪੰਜ ਪ੍ਰਤੀਸ਼ਤ ਸੀਟਾਂ ਪੀ ਡਬਲਯੂ ਡੀ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਰਾਖਵੀਆਂ ਹਨ।*

(ii) ਐਕਟ ਦੀ ਧਾਰਾ 16(ii) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਸਾਰੀਆਂ ਵਿਦਿਅਕ ਸੰਸਥਾਵਾਂ ਇਮਾਰਤਾਂ, ਕੈਂਪਸ ਅਤੇ ਵੱਖ-ਵੱਖ ਸਹੂਲਤਾਂ ਨੂੰ ਪਹੁੰਚਯੋਗ ਬਣਾਉਣਗੀਆਂ। ਧਾਰਾ 45 ਅਜਿਹੇ ਨਿਯਮਾਂ ਦੀ ਅਧਿਸੂਚਨਾ ਦੀ ਮਿਤੀ ਤੋਂ ਪੰਜ ਸਾਲਾਂ ਤੋਂ ਵੱਧ ਨਾ ਹੋਣ ਦੀ ਮਿਆਦ ਦੇ ਅੰਦਰ ਮੌਜੂਦਾ ਬੁਨਿਆਦੀ ਢਾਂਚੇ ਅਤੇ ਇਮਾਰਤਾਂ ਨੂੰ ਨਿਯਮਾਂ ਅਨੁਸਾਰ ਪਹੁੰਚਯੋਗ ਬਣਾਉਣ ਲਈ ਇੱਕ ਸਮਾਂ ਸੀਮਾ ਪ੍ਰਦਾਨ ਕਰਦੀ ਹੈ। ਧਾਰਾ 45 ਵਿੱਚ ਅੱਗੇ ਇਹ ਵੀ ਵਿਵਸਥਾ ਕੀਤੀ ਗਈ ਹੈ ਕਿ ਕੇਂਦਰ ਸਰਕਾਰ ਰਾਜਾਂ ਨੂੰ ਉਨ੍ਹਾਂ ਦੀ ਤਿਆਰੀ ਦੀ ਸਥਿਤੀ ਅਤੇ ਹੋਰ ਸਬੰਧਤ ਮਾਪਦੰਡਾਂ ਦੇ ਅਧਾਰ ਤੇ ਇਸ ਵਿਵਸਥਾ ਦੀ ਪਾਲਣਾ ਕਰਨ ਲਈ ਕੇਸ-ਟੂ-ਕੇਸ ਆਧਾਰ 'ਤੇ ਸਮਾਂ ਵਧਾ ਸਕਦੀ ਹੈ। ਭਾਰਤ ਸਰਕਾਰ ਨੇ 15 ਜੂਨ 2017 ਦੀ ਅਧਿਸੂਚਨਾ ਰਾਹੀਂ ਐਕਟ ਦੇ ਅਧੀਨ ਨਿਯਮ ਬਣਾਏ। ਨਿਯਮਾਂ ਵਿੱਚ ਪ੍ਰਬੰਧ ਕੀਤਾ ਗਿਆ ਸੀ ਕਿ ਬੁਨਿਆਦੀ ਢਾਂਚਾ ਫਰਵਰੀ 2016 ਵਿੱਚ ਜਾਰੀ ਕੀਤੇ ਗਏ ਸੰਗਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੋਣਾ ਚਾਹੀਦਾ ਹੈ।

ਇਸ ਤਰ੍ਹਾਂ, ਨਿਯਮਾਂ ਵਿੱਚ ਇਹ ਵਿਵਸਥਾ ਕੀਤੀ ਗਈ ਸੀ ਕਿ ਵਿਦਿਅਕ ਸੰਸਥਾਵਾਂ ਨੂੰ 15 ਜੂਨ 2022 ਤੱਕ ਬੁਨਿਆਦੀ ਢਾਂਚੇ ਨੂੰ ਪਹੁੰਚਯੋਗ ਬਣਾਉਣਾ ਚਾਹੀਦਾ ਸੀ। ਇਨ੍ਹਾਂ ਦਿਸ਼ਾਂ-ਨਿਰਦੇਸ਼ਾਂ ਦੇ ਨਾਲ-ਨਾਲ ਪੰਜਾਬ ਮਿਊਂਸਪਲ ਬਿਲਡਿੰਗ ਉਪ-ਨਿਯਮ 2018 ਵਿੱਚ ਹੋਰ ਗੱਲਾਂ ਦੇ ਨਾਲ ਨਾਲ ਪੌੜੀਆਂ ਤੋਂ ਇਲਾਵਾ ਲਿਫਟਾਂ ਜਾਂ ਰੈਂਪਾਂ ਦੀ ਲੋੜ, ਪੌੜੀਆਂ ਦੇ ਦੋਵੇਂ ਪਾਸੇ ਹੈਂਡਰੇਲ, ਵਿਸ਼ੇਸ਼ ਪਖਾਨੇ, ਪੀਣ ਵਾਲੇ ਪਾਣੀ ਦੀ ਸਹੂਲਤ ਅਤੇ ਵ੍ਹੀਲ ਚੇਅਰ ਉਪਭੋਗਤਾਵਾਂ ਲਈ ਰੁਕਾਵਟ ਮੁਕਤ ਐਂਟਰੀ/ਐਗਜ਼ਿਟ ਦੀ ਵਿਵਸਥਾ ਕਰਦੇ ਹਨ।

ਲੇਖਾ ਪ੍ਰੀਖਿਆ ਨੇ ਵੇਖਿਆ, ਯੂਨੀਵਰਸਿਟੀ ਦੇ ਚੁਣੇ ਹੋਏ ਵਿਭਾਗਾਂ/ਕੇ ਵੀ ਕੇਜ਼/ਆਰ ਐਸਜ਼/ਬੀਜ ਫਾਰਮਾਂ/ਹੋਸਟਲਾਂ ਵਿੱਚ ਉਪਰੋਕਤ ਨਿਯਮਾਂ ਦੀਆਂ ਵਿਵਸਥਾਵਾਂ ਅਨੁਸਾਰ ਅਪਾਹਜ ਵਿਅਕਤੀਆਂ ਨੂੰ ਇਹ ਸਹੂਲਤਾਂ ਪ੍ਰਦਾਨ ਕਰਨ ਵਿੱਚ ਹੇਠ ਲਿਖੀਆਂ ਕਮੀਆਂ ਪਾਈਆਂ ਗਈਆਂ:

- ਯੂਨੀਵਰਸਿਟੀ ਦੀਆਂ ਚੁਣੀਆਂ ਗਈਆਂ ਇਕਾਈਆਂ ਦੀਆਂ ਕਿਸੇ ਵੀ ਇਮਾਰਤ ਵਿੱਚ ਅਪਾਹਜ ਵਿਅਕਤੀਆਂ (ਪੀ ਡਬਲਯੂ ਡੀਜ਼) ਲਈ ਪਖਾਨੇ ਅਤੇ ਪੀਣ ਵਾਲੇ ਪਾਣੀ ਦਾ ਵਿਸ਼ੇਸ਼ ਪ੍ਰਬੰਧ ਨਹੀਂ ਸੀ।
- ਨੌਂ ਵਿਭਾਗਾਂ[25], ਗਿਆਰਾਂ ਹੋਸਟਲਾਂ[26], ਦੋ ਕੇ ਵੀ ਕੇਜ਼[27] ਅਤੇ ਦੋ ਆਰ ਐਸਜ਼[28] ਦੀਆਂ ਬਹੁ-ਮੰਜ਼ਲਾਂ ਇਮਾਰਤਾਂ ਵਿੱਚ ਪੌੜੀਆਂ ਤੋਂ ਇਲਾਵਾ ਲਿਫਟਾਂ ਜਾਂ ਰੈਂਪ ਨਹੀਂ ਸਨ।
- ਦੋ ਵਿਭਾਗਾਂ[29], ਅੱਠ ਹੋਸਟਲਾਂ[30], ਇੱਕ ਕੇ ਵੀ ਕੇ (ਨੂਰਮਹਿਲ) ਅਤੇ ਇੱਕ ਆਰ ਐਸ (ਅਬੋਹਰ) ਦੀਆਂ ਬਹੁ-ਮੰਜ਼ਲਾਂ ਇਮਾਰਤਾਂ ਵਿੱਚ ਪੌੜੀਆਂ ਦੇ ਦੋਵੇਂ ਪਾਸੇ ਹੈਂਡਰੇਲ ਨਹੀਂ ਸਨ।
- ਛੇਂ ਹੋਸਟਲਾਂ[31], ਦੋ ਕੇ ਵੀ ਕੇਜ਼[32], ਦੋ ਆਰ ਐਸਜ਼[33] ਅਤੇ ਇੱਕ ਬੀਜ ਫਾਰਮ (ਲਾਡੋਵਾਲ) ਦੀਆਂ ਇਮਾਰਤਾਂ ਦੇ ਸਬੰਧ ਵਿੱਚ ਐਂਟਰੀ/ਐਗਜ਼ਿਟ ਵੀਲ੍ਹਚੇਅਰ ਉਪਭੋਗਤਾਵਾਂ ਲਈ ਰੁਕਾਵਟ-ਮੁਕਤ ਨਹੀਂ ਸੀ।

ਕੇਂਦਰ ਸਰਕਾਰ ਦੁਆਰਾ ਪੀ ਏ ਯੂ ਨੂੰ ਇਨ੍ਹਾਂ ਉਪਾਵਾਂ ਨੂੰ ਆਪਣੀਆਂ ਇਮਾਰਤਾਂ ਅਤੇ ਕੈਂਪਾਂ ਵਿੱਚ ਲਾਗੂ ਕਰਨ ਦੀ ਸਮਾਂ ਸੀਮਾ ਵਿੱਚ ਕੋਈ ਵਾਧਾ ਰਿਕਾਰਡ ਤੇ ਨਹੀਂ ਵੇਖਿਆ ਗਿਆ ਸੀ। ਇਨ੍ਹਾਂ ਉਪਬੰਧਾਂ ਦੀ ਗੈਰ ਪਾਲਣਾ ਨਾਲ ਯੂਨੀਵਰਸਿਟੀ ਨੇ ਨਾ ਸਿਰਫ਼ ਨਿਯਮਾਂ ਦੀ ਉਲੰਘਣਾ ਕੀਤੀ ਬਲਕਿ ਪੀ ਡਬਲਯੂ ਡੀ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਵੀ ਪ੍ਰਭਾਵਿਤ ਕੀਤਾ।

ਯੂਨੀਵਰਸਿਟੀ ਨੇ (ਜੂਨ 2023) ਪੀ ਡਬਲਯੂ ਡੀ ਬੁਨਿਆਦੀ ਢਾਂਚੇ ਨੂੰ ਜਲਦੀ ਤੋਂ ਜਲਦੀ ਸੁਧਾਰਨ ਦਾ ਭਰੋਸਾ ਦਿੱਤਾ। ਇਸ ਤੋਂ ਬਾਅਦ, ਡਾਇਰੈਕਟਰ ਵਿਦਿਆਰਥੀ ਭਲਾਈ (ਅਕਤੂਬਰ 2024) ਨੇ ਦੱਸਿਆ ਕਿ ਅੱਠ ਹੋਸਟਲਜ਼ ਵਿੱਚ ਰੈਂਪ ਅਤੇ ਛੇ ਹੋਸਟਲਜ਼ ਵਿੱਚ ਵਾਸ਼ਰੂਮਜ਼ ਦੀ ਉਸਾਰੀ ਅਜੇ ਵਿਚਾਰ ਅਧੀਨ ਹੈ। ਹਾਲਾਂਕਿ, ਲੋਕ ਨਿਰਮਾਣ ਵਿਭਾਗ ਲਈ ਰਾਖਵੀਆਂ ਸੀਟਾਂ ਨੂੰ ਭਰਨ ਨਾਲ ਸਬੰਧਤ ਡਾਟੇ 2022-24 ਦੀ ਮਿਆਦ ਲਈ ਪ੍ਰਦਾਨ ਨਹੀਂ ਕੀਤੇ ਗਏ ਸਨ।

---

25 (i) ਸਬਜੀ ਵਿਗਿਆਨ; (ii) ਫੁੱਲਾਂ ਦੀ ਖੇਤੀ ਅਤੇ ਲੈਂਡਸਕੇਪਿੰਗ; (iii) ਸਿਵਲ ਇੰਜੀਨੀਅਰਿੰਗ; (iv) ਪ੍ਰੋਸੈਸਿੰਗ ਅਤੇ ਫੂਡ ਇੰਜੀਨੀਅਰਿੰਗ; (v) ਭੋਜਨ ਅਤੇ ਪੋਸ਼ਣ; (vi) ਵਿਸਥਾਰ ਸਿੱਖਿਆ ਅਤੇ ਸੰਚਾਰ ਪ੍ਰਬੰਧਨ; (vii) ਸਬਜੀ ਵਿਗਿਆਨ; (viii) ਰਸਾਇਣ ਵਿਗਿਆਨ; ਅਤੇ (xi) ਗਣਿਤ, ਅੰਕੜਾ ਵਿਗਿਆਨ ਅਤੇ ਭੌਤਿਕ ਵਿਗਿਆਨ।

26 (i) ਹੋਸਟਲ ਨੰਬਰ 1; (ii) ਹੋਸਟਲ ਨੰਬਰ 2; (iii) ਹੋਸਟਲ ਨੰਬਰ 4; (iv) ਹੋਸਟਲ ਨੰਬਰ 5; (v) ਹੋਸਟਲ ਨੰਬਰ 7; (vi) ਹੋਸਟਲ ਨੰਬਰ 13; (vii) ਹੋਸਟਲ ਨੰਬਰ 10; (viii) ਹੋਸਟਲ ਨੰਬਰ 14; (ix) ਹੋਸਟਲ ਨੰਬਰ 15; (x) ਹੋਸਟਲ ਨੰਬਰ 16; ਅਤੇ (xi) ਅੰਤਰਰਾਸ਼ਟਰੀ ਹੋਸਟਲ।

27 (i) ਰੋਪੜ; ਅਤੇ (ii) ਨੂਰਮਹਿਲ (ਜਲੰਧਰ)।

28 (i) ਬਲੋਵਾਲ ਸੌਂਖੜੀ, (ਐਸ ਬੀ ਐਸ ਨਗਰ); ਅਤੇ (ii) ਅਬੋਹਰ।

29 (i) ਸਿਵਲ ਇੰਜੀਨੀਅਰਿੰਗ; ਅਤੇ (ii) ਪ੍ਰੋਸੈਸਿੰਗ ਅਤੇ ਫੂਡ ਇੰਜੀਨੀਅਰਿੰਗ।

30 (i) ਹੋਸਟਲ ਨੰਬਰ 1; (ii) ਹੋਸਟਲ ਨੰਬਰ 2; (iii) ਹੋਸਟਲ ਨੰਬਰ 6; (iv) ਹੋਸਟਲ ਨੰਬਰ 12; (v) ਹੋਸਟਲ ਨੰਬਰ 13; (vi) ਹੋਸਟਲ ਨੰਬਰ 15; (vii) ਹੋਸਟਲ ਨੰਬਰ 16; ਅਤੇ (viii) ਅੰਤਰਰਾਸ਼ਟਰੀ ਹੋਸਟਲ ।

31 (i) ਹੋਸਟਲ ਨੰਬਰ 1; (ii) ਹੋਸਟਲ ਨੰਬਰ 5; (iii) ਹੋਸਟਲ ਨੰਬਰ 10; (iv) ਹੋਸਟਲ ਨੰਬਰ 11; (v) ਹੋਸਟਲ ਨੰਬਰ 13; ਅਤੇ (vi) ਹੋਸਟਲ ਨੰਬਰ 16 ।

32 (i) ਫਰੀਦਕੋਟ; ਅਤੇ (ii) ਨੂਰਮਹਿਲ (ਜਲੰਧਰ)।

33 (i) ਬਹਾਦਰਗੜ੍ਹ; ਅਤੇ (ii) ਬਲੋਵਾਲ ਸੌਂਖੜੀ, (ਐਸ ਬੀ ਐਸ ਨਗਰ)।

1.3.4 ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ ਦੀ ਸਥਿਤੀ

2017-22 ਦੀ ਮਿਆਦ ਲਈ ਪੀ ਏ ਯੂ ਦੇ ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ ਦੀ ਸਮੁੱਚੀ ਸਥਿਤੀ ਨੂੰ **ਸਾਰਣੀ** 1.5 ਅਤੇ **ਚਾਰਟ** 1.7 ਵਿੱਚ ਦਰਸਾਇਆ ਗਿਆ ਹੈ।


ਸਾਰਣੀ 1.5: ਆਊਟਸੋਰਸ ਸਟਾਫ ਨੂੰ ਛੱਡਕੇ ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ ਦੀ ਸਥਿਤੀ

ਸਾਲ	ਅਧਿਆਪਨ ਸਟਾਫ			ਗੈਰ-ਅਧਿਆਪਨ ਸਟਾਫ		
	ਐਸ ਐਸ	ਪੀ ਆਈ ਪੀ	ਕਮੀ	ਐਸ ਐਸ	ਪੀ ਆਈ ਪੀ	ਕਮੀ
2017-18	1,382	782	600	4,327	2,135	2,192
2018-19	1,359	758	601	4,273	1,946	2,327
2019-20	1,362	792	570	4,244	1,916	2,328
2020-21	1,355	822	533	4,193	1,796	2,397
2021-22	1,364	834	530	4,168	1,735	2,433

ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ ਐਸ ਐਸ= ਮਨਜ਼ੂਰਸ਼ੁਦਾ ਅਸਾਮੀਆਂ; ਪੀ ਆਈ ਪੀ=ਭੈਨਾਤ ਨਫਰੀ

ਨੋਟ: ਇਸ ਵਿੱਚ ਆਊਟਸੋਰਸਡ ਸਟਾਫ ਸ਼ਾਮਲ ਨਹੀਂ ਹੈ ਕਿਉਂਕਿ ਇਸ ਦੀ ਸਥਿਤੀ ਯੂਨੀਵਰਸਿਟੀ ਦੁਆਰਾ ਪ੍ਰਦਾਨ ਨਹੀਂ ਕੀਤੀ ਗਈ ਸੀ।

ਚਾਰਟ 1.7: ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ ਦੀ ਪ੍ਰਤੀਸ਼ਤਤਾ ਵਿੱਚ ਕਮੀ




ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

ਜਿਵੇਂ ਕਿ ਉਪਰੋਕਤ ਚਾਰਟ ਤੋਂ ਵੇਖਿਆ ਜਾ ਸਕਦਾ ਹੈ ਕਿ, 2017-22 ਦੀ ਮਿਆਦ ਦੌਰਾਨ ਅਧਿਆਪਨ ਸਟਾਫ ਅਤੇ ਗੈਰ-ਅਧਿਆਪਨ ਸਟਾਫ ਦੀ ਵੱਡੀ ਸਮੁੱਚੀ ਕਮੀ ਸੀ। ਇਹ ਵੇਖਿਆ ਗਿਆ ਸੀ ਕਿ ਬੀ ਓ ਐਮ ਦੀਆਂ ਹਦਾਇਤਾਂ (ਮਾਰਚ 2019) ਦੇ ਬਾਵਜੂਦ, ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ ਦੀ ਕਾਡਰ ਸਮਰੱਥਾ ਦੀ ਸਮੀਖਿਆ ਨਹੀਂ ਕੀਤੀ ਗਈ ਸੀ। ਯੂਨੀਵਰਸਿਟੀ ਨੇ ਫਰਵਰੀ 2023 ਵਿੱਚ ਇਸ ਤੱਥ ਨੂੰ ਸਵੀਕਾਰ ਕੀਤਾ ਸੀ। ਇਸ ਤੋਂ ਇਲਾਵਾ, ਨਿਰਧਾਰਤ ਉਦੇਸ਼ਾਂ ਅਤੇ ਟੀਚਿਆਂ ਦੇ ਮੱਦੇਨਜ਼ਰ ਫੈਕਲਟੀ ਦੀ ਮੌਜੂਦਾ ਪ੍ਰੋਫਾਈਲ ਅਤੇ ਹੋਰ ਮਨੁੱਖੀ ਸਰੋਤਾਂ ਅਤੇ ਭਵਿੱਖ ਦੀਆਂ ਜ਼ਰੂਰਤਾਂ ਨੂੰ ਦਰਸਾਉਣ ਵਾਲੀ ਪੰਜ-ਸਾਲਾਂ ਮਨੁੱਖੀ ਸਰੋਤ (ਐਚ ਆਰ) ਯੋਜਨਾ ਭਾਵੇਂ ਸ਼ੁਰੂ ਕੀਤੀ ਗਈ ਸੀ, ਪਰ ਬੀ ਓ ਐਮ ਦੀ ਇੱਛਾ ਅਨੁਸਾਰ (ਜੂਨ 2020) ਅੰਤਿਮ ਰੂਪ ਨਹੀਂ ਦਿੱਤਾ ਗਿਆ ਸੀ (ਫਰਵਰੀ 2023)।

31 ਮਾਰਚ 2022 ਤੱਕ ਅਧਿਆਪਨ ਸਟਾਫ ਦੀ ਕਾਡਰ-ਵਾਰ ਸਥਿਤੀ **ਚਾਰਟ 1.8** ਵਿੱਚ ਦਿੱਤੀ ਗਈ ਹੈ।

ਚਾਰਟ 1.8: 31 ਮਾਰਚ 2022 ਨੂੰ ਅਧਿਆਪਨ ਸਟਾਫ ਦੀ ਕਾਡਰ-ਵਾਰ ਸਥਿਤੀ



ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

ਜਿਵੇਂ ਕਿ **ਚਾਰਟ 1.8** ਤੋਂ ਵੇਖਿਆ ਜਾ ਸਕਦਾ ਹੈ 31 ਮਾਰਚ 2022 ਤੱਕ ਅਧਿਆਪਨ ਸਟਾਫ ਦੇ ਵੱਖ-ਵੱਖ ਕਾਡਰਾਂ ਵਿੱਚ ਭਾਰੀ ਕਮੀ ਸੀ ਜੋ ਪ੍ਰੋਫੈਸਰਾਂ ਦੇ ਮਾਮਲੇ ਵਿੱਚ 21.69 *ਪ੍ਰਤੀਸ਼ਤ* ਅਤੇ ਐਸੋਸੀਏਟ ਪ੍ਰੋਫੈਸਰਾਂ ਦੇ ਮਾਮਲੇ ਵਿੱਚ 44.29 *ਪ੍ਰਤੀਸ਼ਤ* ਅਤੇ ਸਹਾਇਕ ਪ੍ਰੋਫੈਸਰਾਂ ਦੇ ਮਾਮਲੇ ਵਿੱਚ 44.41 *ਪ੍ਰਤੀਸ਼ਤ* ਸੀ। ਅਗਸਤ 2019 ਵਿੱਚ ਆਈ ਸੀ ਏ ਆਰ ਦੀ ਪੀਅਰ ਰਿਵਿਊ ਟੀਮ ਦੁਆਰਾ ਅਸਾਮੀਆਂ ਵਿੱਚ ਖਾਲੀ ਅਸਾਮੀਆਂ ਦੇ ਮੁੱਦੇ ਵੱਲ ਵੀ ਇਸ਼ਾਰਾ ਕੀਤਾ ਗਿਆ ਸੀ। ਇਸ ਨੇ ਖੋਜ ਅਤੇ ਅਧਿਆਪਨ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਇਨ੍ਹਾਂ ਨੂੰ ਸਮਾਂਬੱਧ ਤਰੀਕੇ ਨਾਲ ਭਰਨ ਦੀ ਸਿਫਾਰਸ਼ ਕੀਤੀ ਸੀ।

ਅਧਿਆਪਨ ਸਟਾਫ ਦੀ ਘਾਟ ਨਾ ਸਿਰਫ਼ ਵਿਦਿਆਰਥੀਆਂ ਦੇ ਦਾਖਲੇ (***ਪੈਰ੍ਹਾ 1.3.2***) ਅਤੇ ਪਲੇਸਮੈਂਟ ਨੂੰ ਪ੍ਰਭਾਵਿਤ ਕਰਦੀ ਹੈ (***ਪੈਰ੍ਹਾ 1.3.7***), ਸਗੋਂ ਯੂਨੀਵਰਸਿਟੀ ਦੀ ਰੈਂਕਿੰਗ (***ਪੈਰ੍ਹਾ 1.3.16***) ਨੂੰ ਵੀ ਪ੍ਰਭਾਵਿਤ ਕਰਦੀ ਹੈ।

ਐਗਜ਼ਿਟ ਕਾਨਫੰਰਸ ਵਿੱਚ, ਯੂਨੀਵਰਸਿਟੀ ਨੇ ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ ਦੀਆਂ ਖਾਲੀ ਅਸਾਮੀਆਂ ਦਾ ਕਾਰਨ ਵਿੱਤੀ ਰੁਕਾਵਟਾਂ ਨੂੰ ਦੱਸਿਆ (ਜੂਨ 2023); ਅਤੇ ਕਿਹਾ ਕਿ ਉਹ ਜਲਦੀ ਹੀ ਕਾਡਰ ਦੀ ਸਮੀਖਿਆ ਕਰਨਗੇ। ਇਹ ਵੀ ਕਿਹਾ ਗਿਆ ਕਿ ਯੂਨੀਵਰਸਿਟੀ ਲੋੜ ਦੇ ਆਧਾਰ 'ਤੇ ਖੇਤੀਬਾੜੀ ਉਦਯੋਗਾਂ ਦੇ ਗੈਸਟ ਫੈਕਲਟੀ ਅਤੇ ਮਾਹਰਾਂ ਨੂੰ ਬੁਲਾਉਣ ਅਤੇ ਅੰਤਿਮ ਸਾਲ ਦੇ ਪੀ ਐਚ ਡੀ ਵਿਦਿਆਰਥੀਆਂ ਨੂੰ ਅਧਿਆਪਕਾਂ ਵਜੋਂ ਸ਼ਾਮਲ ਕਰਨ ਲਈ ਨਿਯੁਕਤ ਕਰਨ 'ਤੇ ਵੀ ਵਿਚਾਰ ਕਰ ਰਹੀ ਹੈ ਤਾਂ ਜੋ ਅਧਿਆਪਨ ਸਟਾਫ ਵਿੱਚ ਪਾੜੇ ਨੂੰ ਪੂਰਾ ਕੀਤਾ ਜਾ ਸਕੇ।

ਯੂਨੀਵਰਸਿਟੀ ਨੇ ਅੱਗੇ ਜਵਾਬ ਦਿੱਤਾ (ਅਕਤੂਬਰ 2024) ਕਿ ਲੋੜ ਪੈਣ 'ਤੇ ਗੈਰ-ਅਧਿਆਪਨ ਅਸਾਮੀਆਂ ਦੀ ਕਾਡਰ ਸਮੀਖਿਆ ਕੀਤੀ ਜਾਵੇਗੀ। ਹਾਲਾਂਕਿ, ਯੂਨੀਵਰਸਿਟੀ ਦੀ ਵਿੱਤੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਯੂਨੀਵਰਸਿਟੀ ਵਿੱਚ ਗੈਰ-ਅਧਿਆਪਨ ਸਟਾਫ ਦੀਆਂ ਲੋੜ ਅਧਾਰਤ

ਅਸਾਮੀਆਂ ਭਰੀਆਂ ਜਾ ਰਹੀਆਂ ਹਨ। ਯੂਨੀਵਰਸਿਟੀ ਨੇ ਅੱਗੇ ਦੱਸਿਆ ਕਿ ਯੂਨੀਵਰਸਿਟੀ ਦੁਆਰਾ ਅਪ੍ਰੈਲ 2023 ਤੋਂ ਸਤੰਬਰ 2024 ਤੱਕ 33 ਸਹਾਇਕ ਪ੍ਰੋਫੈਸਰ ਪੱਧਰ 'ਤੇ ਅਧਿਆਪਕਾਂ ਅਤੇ 66 ਕਲਰਕਾਂ ਦੀ ਭਰਤੀ ਕੀਤੀ ਗਈ ਹੈ।

ਪੀ ਏ ਯੂ ਦਾ ਜਵਾਬ ਤਸੱਲੀਬਖਸ਼ ਨਹੀਂ ਹੈ ਕਿਉਂਕਿ ਖਾਲੀ ਅਸਾਮੀਆਂ ਨੂੰ ਭਰਨ ਲਈ ਕੀਤੇ ਗਏ ਯਤਨ ਕਾਫੀ ਨਹੀਂ ਸਨ ਕਿਉਂਕਿ ਮਨਜ਼ੂਰਸ਼ੁਦਾ ਅਸਾਮੀਆਂ ਅਤੇ ਤੈਨਾਤ ਨਫਰੀ ਵਿੱਚ ਅਜੇ ਵੀ ਕਾਫੀ ਪਾੜਾ ਹੈ।

1.3.5 ਖਾਲੀ ਪਈਆਂ ਮੁੱਖ ਅਸਾਮੀਆਂ ਵਿਰੁੱਧ ਵਧੀਕ ਚਾਰਜ

ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਐਕਟ, 1970 ਦੀ ਧਾਰਾ 11(ਬੀ) ਵਿੱਚ ਉੱਪ-ਕੁਲਪਤੀ, ਡੀਨ ਪੋਸਟ ਗ੍ਰੈਜੂਏਟ ਸਟੱਡੀਜ਼; ਕਾਲਜਾਂ ਦੇ ਡੀਨਜ਼; ਡਾਇਰੈਕਟਰ ਖੋਜ; ਡਾਇਰੈਕਟਰ ਖੇਤੀਬਾੜੀ ਵਿਸਥਾਰ ਸਿੱਖਿਆ; ਡਾਇਰਕੈਟਰ ਵਿਦਿਆਰਥੀ ਭਲਾਈ; ਰਜਿਸਟਰਾਰ; ਕੰਪਟਰੋਲਰ; ਅਸਟੇਟ ਅਫਸਰ; ਲਾਇਬ੍ਰੇਰੀਅਨ; ਅਤੇ ਯੂਨੀਵਰਸਿਟੀ ਦੀ ਸੇਵਾ ਵਿੱਚ ਅਜਿਹੇ ਹੋਰ ਵਿਅਕਤੀਆਂ ਵਰਗੇ ਪ੍ਰਮੁੱਖ ਅਹੁਦਿਆਂ ਦੀ ਵਿਵਸਥਾ ਹੈ, ਜਿੰਨ੍ਹਾਂ ਨੂੰ ਵਿਧਾਨਾਂ ਦੁਆਰਾ ਯੂਨੀਵਰਸਿਟੀ ਦੇ ਪੂਰੇ ਸਮੇਂ ਅਧਿਕਾਰੀ ਘੋਸ਼ਿਤ ਕੀਤਾ ਜਾ ਸਕਦਾ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ (ਨਵੰਬਰ 2022) ਕਿ ਯੂਨੀਵਰਸਿਟੀ ਦੇ ਅਧਿਕਾਰੀਆਂ ਦੀਆਂ ਹੇਠ ਲਿਖੀਆਂ ਅਸਾਮੀਆਂ ਇੱਕ ਸਾਲ ਤੋਂ 21 ਸਾਲ (ਮਈ 2023) ਤੱਕ ਦੀ ਮਿਆਦ ਲਈ ਨਿਯਮਤ ਨਿਯੁਕਤੀਆਂ ਲਈ ਸੇਵਾਮੁਕਤੀ/ਮਿਆਦ ਦੇ ਪੂਰਾ ਹੋਣ/ਅਸਧਾਰਨ ਛੁੱਟੀ ਕਾਰਨ ਲੰਬਿਤ ਸਨ, ਅਤੇ ਇਨ੍ਹਾਂ ਦੀ ਦੇਖਭਾਲ ਪੀ ਏ ਯੂ ਦੇ ਹੋਰ ਡੀਨਜ਼/ਪ੍ਰੋਫੈਸਰਾਂ ਅਤੇ ਵਿਗਿਆਨੀਆਂ ਦੁਆਰਾ ਕੀਤੀ ਜਾ ਰਹੀ ਸੀ, ਜਿਵੇਂ ਕਿ **ਸਾਰਣੀ 1.6** ਵਿੱਚ ਵੇਰਵਾ ਦਿੱਤਾ ਗਿਆ ਹੈ।

ਸਾਰਣੀ 1.6 : ਮਈ 2023 ਤੱਕ ਹੋਰ ਸਟਾਫ ਦੁਆਰਾ ਸੰਭਾਲੀਆਂ ਜਾ ਰਹੀਆਂ ਖਾਲੀ ਮੁੱਖ ਅਸਾਮੀਆਂ ਦੇ ਵੇਰਵੇ

ਲੜੀ ਨੰ.	ਅਸਾਮੀ ਦਾ ਨਾਂਅ	ਉਦੋਂ ਤੋਂ ਨਿਯਮਤ ਨਿਯੁਕਤੀ ਲਈ ਲੰਬਿਤ ਹੈ	ਨਿਯਮਤ ਨਿਯੁਕਤੀ ਲਈ ਲੰਬਿਤ ਹੋਣ ਦੀ ਮਿਆਦ (ਸਾਲ/ਮਹੀਨਿਆਂ ਵਿੱਚ)	ਵਰਤਮਾਨ ਵਿੱਚ ਦੇਖਭਾਲ ਕਿਸ ਦੁਆਰਾ ਕੀਤੀ ਜਾ ਰਹੀ ਸੀ
1.	ਰਜਿਸਟਰਾਰ	01/12/2021	ਇੱਕ ਸਾਲ ਛੇ ਮਹੀਨੇ	ਡੀਨ, ਸੀ ਓ ਐਚ ਐਂਡ ਐਫ
2.	ਕੰਪਟਰੋਲਰ	01/09/2013	ਨੌ ਸਾਲ ਨੌ ਮਹੀਨੇ	ਡੀਨ, ਸੀ ਓ ਬੀ ਐਸ ਐਂਡ ਐਚ
3.	ਡੀਨ, ਪੋਸਟ ਗ੍ਰੈਜੂਏਟ ਅਧਿਐਨ (ਪੀ ਜੀ ਐਸ)	01/08/2021	ਇੱਕ ਸਾਲ ਦੱਸ ਮਹੀਨੇ	ਪ੍ਰੋਫੈਸਰ, ਕੀਟ ਵਿਗਿਆਨ
4.	ਡੀਨ, ਖੇਤੀਬਾੜੀ ਕਾਲਜ (ਸੀ ਓ ਏ)	04/08/2020	ਦੋ ਸਾਲ ਦੱਸ ਮਹੀਨੇ	ਪ੍ਰੋਫੈਸਰ, ਵਿਸਥਾਰ ਸਿੱਖਿਆ
5.	ਡਾਇਰੈਕਟਰ, ਵਿਸਥਾਰ ਸਿੱਖਿਆ (ਡੀ ਈ ਈ)	24/01/2022	ਇੱਕ ਸਾਲ ਚਾਰ ਮਹੀਨੇ	ਵਧੀਕ ਡਾਇਰੈਕਟਰ, ਵਿਸਥਾਰ ਸਿੱਖਿਆ
6.	ਡਾਇਰੈਕਟਰ ਖੋਜ (ਡੀ ਓ ਆਰ)	29/05/2021	ਦੋ ਸਾਲ	ਵਧੀਕ ਡਾਇਰੈਕਟਰ ਖੋਜ, (ਐਚ ਐਂਡ ਐਫ ਐਸ)
7.	ਯੂਨਿਵਰਸਿਟੀ ਲਾਇਬ੍ਰੇਰੀਅਨ	20/08/2004	18 ਸਾਲ ਨੌ ਮਹੀਨੇ	ਪ੍ਰਿੰਸੀਪਲ, ਸੋਇਲ ਕੈਮਿਸਟ
8.	ਅਸਟੇਟ ਅਫਸਰ	07/06/2002	21 ਸਾਲ	ਪ੍ਰਿੰਸੀਪਲ ਵਿਗਿਆਨੀ, ਐਗਰੋਫੋਰੈਸਟਰੀ

ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

ਲੜੀ ਨੰ. 1-6, ਅਸਾਮੀਆਂ ਦੇ ਸਬੰਧ ਵਿੱਚ, ਐਕਟ ਵਿੱਚ ਵਿਸ਼ੇਸ਼ ਤੌਰ 'ਤੇ ਇਹ ਵਿਵਸਥਾ ਕੀਤੀ ਗਈ ਹੈ ਕਿ ਇਸ ਅਹੁਦੇ ਦੀ ਮੌਜੂਦਾ ਅਸਾਮੀ ਇੱਕ ਪੂਰੇ ਸਮੇਂ ਦਾ ਅਧਿਕਾਰੀ ਹੋਵੇਗਾ।

ਯੂਨੀਵਰਸਿਟੀ ਨੇ ਜਵਾਬ ਦਿੱਤਾ (ਅਕਤੂਬਰ 2024) ਕਿ ਪ੍ਰਮੁੱਖ ਅਸਾਮੀਆਂ ਜਿਵੇਂ ਕਿ ਰਜਿਸਟਰਾਰ, ਡੀਨ ਪੀ ਜੀ ਐਸ, ਡਾਇਰੈਕਟਰ ਖੋਜ, ਡੀਨ ਖੇਤੀਬਾੜੀ ਕਾਲਜ ਅਤੇ ਡਾਇਰੈਕਟਰ ਵਿਸਥਾਰ ਸਿੱਖਿਆ ਨਵੰਬਰ/ਦਸੰਬਰ 2023 ਵਿੱਚ ਭਰੇ ਗਏ ਸਨ। ਹਾਲਾਂਕਿ, ਕੰਪਟਰੋਲਰ, ਯੂਨੀਵਰਸਿਟੀ ਲਾਇਬ੍ਰੇਰੀਅਨ ਅਤੇ ਅਸਟੇਟ ਅਫਸਰ ਦੀਆਂ ਪ੍ਰਮੁੱਖ ਅਸਾਮੀਆਂ ਅਜੇ ਵੀ ਖਾਲੀ ਪਈਆਂ ਸਨ।

1.3.6 ਡਿਸਟੈਂਸ ਸਿੱਖਿਆ ਕੇਂਦਰ ਦੀ ਸਥਾਪਨਾ ਨਾ ਕਰਨਾ

ਚੌਥੀ ਡੀਨਜ਼ ਕਮੇਟੀ ਦੀ ਰਿਪੋਰਟ (2006) ਦੇ ਅਨੁਸਾਰ, ਕਾਲਜਾਂ ਨੂੰ ਗੈਰ-ਰਸਮੀ ਸਿਖਲਾਈ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ ਜੋ ਲੋੜ ਅਧਾਰਤ, ਅਨੁਕੂਲਿਤ ਅਤੇ ਸਵੈ-ਵਿੱਤੀ ਹਨ। ਕਮੇਟੀ ਹਾਰਡਵੇਅਰ ਸਮੱਗਰੀ ਦੇ ਵਿਕਾਸ ਲਈ ਫੰਡਾਂ ਦੇ ਪ੍ਰਬੰਧ ਕਰਨ ਅਤੇ ਹਰੇਕ ਰਾਜ ਖੇਤੀਬਾੜੀ ਯੂਨੀਵਰਸਿਟੀ/ਡੀਮਡ ਯੂਨੀਵਰਸਿਟੀ ਵਿੱਚ ਡਿਸਟੈਂਸ ਸਿੱਖਿਆ ਕੇਂਦਰ ਸਥਾਪਤ ਕਰਨ ਦੀ ਵੀ ਸਿਫਾਰਸ਼ ਕੀਤੀ ਸੀ। ਇਸ ਤੋਂ ਇਲਾਵਾ, ਪੰਜਵੀ ਡੀਨਜ਼ ਕਮੇਟੀ ਨੇ ਇਹ ਵੀ ਸਿਫਾਰਸ਼ ਕੀਤੀ (ਜੂਨ 2016) ਕਿ ਵਿਅਕਤੀਗਤ ਯੂਨੀਵਰਸਿਟੀਆਂ ਨੂੰ ਆਪਣੇ ਵਿਦਿਆਰਥੀਆਂ ਦੀਆਂ ਹੁਨਰ ਲੋੜਾਂ ਨੂੰ ਪੂਰਾ ਕਰਨ ਲਈ ਕਸਟਮ-ਡਿਜ਼ਾਈਨ ਕੀਤੇ ਮੈਸਿਵ ਓਪਨ ਆਨਲਾਈਨ ਕੋਰਸ ਵਿਕਸਤ ਕਰਨੇ ਚਾਹੀਦੇ ਹਨ, ਜਿਵੇਂ ਕਿ ਸਕਿੱਲ ਇੰਡੀਆ ਇਨੀਸ਼ੀਏਟਿਵ ਦੇ ਅਧੀਨ ਲੋੜੀਂਦਾ ਹੈ।

ਲੇਖਾ ਪ੍ਰੀਖਿਆ ਵਿੱਚ ਵੇਖਿਆ ਗਿਆ ਕਿ ਪੀ ਏ ਯੂ ਨੇ ਨਾ ਤਾ ਡਿਸਟੈਂਸ ਸਿੱਖਿਆ ਪ੍ਰਦਾਨ ਕਰਨ ਲਈ ਡਿਸਟੈਂਸ ਸਿੱਖਿਆ ਕੇਂਦਰ ਸਥਾਪਤ ਕੀਤਾ ਅਤੇ ਨਾ ਹੀ ਚੌਥੀ ਅਤੇ ਪੰਜਵੀਂ ਡੀਨਜ਼ ਕਮੇਟੀਆਂ ਦੀਆਂ ਸਿਫਾਰਸ਼ਾਂ ਅਨੁਸਾਰ ਆਨਲਾਈਨ ਕੋਰਸ ਸ਼ੁਰੂ ਕੀਤਾ। ਇਸ ਤਰ੍ਹਾਂ, ਯੂਨੀਵਰਸਿਟੀ ਉਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਨਹੀਂ ਕਰ ਸਕੀ ਜੋ ਵੱਖ-ਵੱਖ ਕਾਰਨਾਂ ਕਰਕੇ ਸਰੀਰਕ ਤੌਰ 'ਤੇ ਯੂਨੀਵਰਸਿਟੀ ਆਉਣ ਵਿੱਚ ਅਸਮਰੱਥ ਸਨ। ਇਸ ਤੋਂ ਇਲਾਵਾ, ਕੋਵਿਡ-19 ਮਹਾਂਮਾਰੀ ਦੇ ਸਮੇਂ ਦੌਰਾਨ, ਜਦੋਂ ਸਰੀਰਕ ਪਰਸਪਰ ਸੰਪਰਕ ਘੱਟ ਹੋ ਗਿਆ ਸੀ ਅਤੇ ਡਿਜੀਟਲ ਪਹਿਲ ਕਦਮੀਆਂ ਦੇ ਨਾਲ-ਨਾਲ ਆਈ ਟੀ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਲੋੜ ਕਈ ਗੁਣਾ ਵੱਧ ਗਈ ਸੀ, ਤਾਂ ਡਿਸਟੈਂਸ ਸਿੱਖਿਆ ਸਿੱਖਣ ਨਾਲ ਵਿਦਿਆਰਥੀਆਂ ਨੂੰ ਬਹੁਤ ਲਾਭ ਹੁੰਦਾ। ਹਾਲਾਂਕਿ, ਲੇਖਾ ਪ੍ਰੀਖਿਆ ਮਿਆਦ ਦੇ ਦੌਰਾਨ ਪੀ ਏ ਯੂ ਦੁਆਰਾ ਅਜਿਹਾ ਕੋਈ ਕੋਰਸ ਤਿਆਰ ਨਹੀਂ ਕੀਤਾ ਗਿਆ ਸੀ।

ਇਸ ਤਰ੍ਹਾਂ, ਖੇਤੀਬਾੜੀ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਲਈ ਰਾਜ ਦੇ ਕਰਮਚਾਰੀਆਂ ਨੂੰ ਖੇਤੀਬਾੜੀ ਅਤੇ ਖੇਤੀਬਾੜੀ ਤਕਨਾਲੋਜੀਆਂ ਵਿੱਚ ਡਿਸਟੈਂਸ ਸਿੱਖਿਆ ਨਹੀਂ ਦਿੱਤੀ ਜਾ ਸਕਦੀ।

ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਹੋਰ ਖੇਤੀਬਾੜੀ ਯੂਨੀਵਰਸਿਟੀਆਂ ਜਿਵੇਂ ਕਿ ਆਚਾਰਿਆ ਐਨ ਜੀ ਰੰਗਾ ਖੇਤੀਬਾੜੀ ਯੂਨੀਵਰਸਿਟੀ, ਗੰਟੂਰ, ਆਂਧਰਾ ਪ੍ਰਦੇਸ਼ ਅਤੇ ਕੇਰਲਾ ਖੇਤੀਬਾੜੀ ਯੂਨੀਵਰਸਿਟੀ, ਥ੍ਰਿਸ਼ੂਰ ਸਿੱਖਿਆ ਕੇਂਦਰਾਂ ਰਾਹੀਂ ਡਿਸਟੈਂਸ ਕੋਰਸ ਪ੍ਰਦਾਨ ਕਰ ਰਹੀਆਂ ਸਨ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਪੀ ਏ ਯੂ ਇੱਕ ਖੋਜ ਅਧਾਰਤ ਯੂਨੀਵਰਸਿਟੀ ਸੀ ਅਤੇ ਇਸਦੇ ਜ਼ਿਆਦਾਤਰ ਡਿਗਰੀ ਪ੍ਰੋਗਰਾਮ ਵਿਹਾਰਕ ਅਧਾਰਤ ਸਨ। ਇਸ ਲਈ ਵਿਆਰਥੀਆਂ ਨੂੰ

ਵਿਗਿਆਨ ਵਿੱਚ ਡਿਸਟੈਂਸ ਸਿੱਖਿਆ ਪ੍ਰਦਾਨ ਕਰਨ ਲਈ ਇੱਕ ਡਿਸਟੈਂਸ ਸਿੱਖਿਆ ਕੇਂਦਰ ਸਥਾਪਤ ਕਰਨਾ ਸੰਭਵ ਨਹੀਂ ਸੀ। ਹਾਲਾਂਕਿ, ਇਹ ਪਰੈਕਟੀਕਲ ਓਰੀਐਂਟੇਸ਼ਨ ਤੋਂ ਬਿਨ੍ਹਾਂ ਕੋਰਸਾਂ ਵਿੱਚ ਸਥਾਪਤ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਸ਼ਹਿਰ ਤੋਂ ਬਾਹਰ ਰਹਿਣ ਵਾਲੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ, ਅਕਾਦਮਿਕ ਕੌਂਸਲ ਦੁਆਰਾ ਫ੍ਰੈਂਚ ਵਿੱਚ ਇੱਕ ਸਾਲ ਦਾ ਸਰਟੀਫਿਕੇਟ ਕੋਰਸ (ਆਨਲਾਈਨ ਮੋਡ) ਦੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਗਈ ਸੀ ਅਤੇ ਉਕਤ ਕੋਰਸ ਲਈ ਦਾਖਲਾ ਨੋਟਿਸ ਦਾ ਇਸ਼ਤਿਹਾਰ ਦਿੱਤਾ ਗਿਆ ਸੀ।

ਪੀ ਏ ਯੂ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਹੋਰ ਖੇਤੀਬਾੜੀ ਯੂਨੀਵਰਸਿਟੀਆਂ ਪਹਿਲਾਂ ਹੀ ਡਿਸਟੈਂਸ ਸਿੱਖਿਆ ਕੇਂਦਰ ਸਥਾਪਤ ਕਰ ਚੁੱਕੀਆਂ ਹਨ ਅਤੇ ਉਨ੍ਹਾਂ ਰਾਹੀਂ ਵੱਖ-ਵੱਖ ਕੋਰਸ ਪੇਸ਼ ਕਰ ਰਹੀਆਂ ਸਨ।

1.3.7 ਕਾਊਂਸਲਿੰਗ ਅਤੇ ਪਲੇਸਮੈਂਟ ਗਾਈਡੈਂਸ ਸੈੱਲ


ਪੀ ਏ ਯੂ ਕੋਲ ਪਲੇਸਮੈਂਟ ਪ੍ਰਾਪਤ ਕਰਨ ਲਈ ਵਿਦਿਆਰਥੀਆਂ ਨੂੰ ਕੈਰੀਅਰ ਕਾਊਂਸਲਿੰਗ ਅਤੇ ਪਲੇਸਮੈਂਟ ਸਹਾਇਤਾ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਕਾਊਂਸਿਲੰਗ ਅਤੇ ਪਲੇਸਮੈਂਟ ਗਾਈਡੈਂਸ ਸੈੱਲ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਕਾਊਂਸਲਿੰਗ ਅਤੇ ਪਲੇਸਮੈਂਟ ਗਾਈਡੈਂਸ ਸੈੱਲ ਲਈ ਸਟਾਫ ਦੀ ਕੋਈ ਮਨਜ਼ੂਰਸ਼ੁਦਾ ਅਸਾਮੀ ਨਹੀਂ ਸੀ।
- ਡਾਇਰੈਕਟਰ, ਵਿਦਿਆਰਥੀ ਭਲਾਈ ਸੈੱਲ ਦਾ ਵਾਧੂ ਚਾਰਜ ਸੰਭਾਲ ਰਿਹਾ ਸੀ ਅਤੇ ਹੋਰ ਕਰਮਚਾਰੀ ਠੇਕੇ ਦੇ ਆਧਾਰ 'ਤੇ ਕੰਮ ਕਰ ਰਹੇ ਸਨ। ਜਿਵੇਂ ਕਿ ਸਿੱਟਾ ਕੱਢਿਆ ਜਾ ਸਕਦਾ ਹੈ, ਪਲੇਸਮੈਂਟ ਸੈੱਲ ਨੂੰ *ਐਡਹਾਕ* ਆਧਾਰ 'ਤੇ ਚਲਾਇਆ ਜਾ ਰਿਹਾ ਸੀ।
- ਪਲੇਸਮੈਂਟ ਸੈੱਲ ਨੇ ਪਾਸ ਹੋਏ ਵਿਦਿਆਰਥੀਆਂ, ਪਲੇਸਮੈਂਟ ਦੀ ਮੰਗ ਕਰਨ ਵਾਲੇ ਅਤੇ ਜੁਲਾਈ 2019 ਤੋਂ ਪਹਿਲਾਂ ਰੱਖੇ ਗਏ ਵਿਦਿਆਰਥੀਆਂ ਦਾ ਕਾਲਜ-ਵਾਰ/ਕੋਰਸ-ਵਾਰ ਡਾਟਾਬੇਸ ਨਹੀਂ ਰੱਖਿਆ। ਹਾਲਾਂਕਿ, ਪੀ ਏ ਯੂ ਨੇ ਸਾਲ ਦੌਰਾਨ ਰਜਿਸਟਰਡ ਵਿਦਿਆਰਥੀਆ ਅਤੇ ਪਲੇਸਮੈਂਟ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਸਾਲ-ਵਾਰ ਸੰਖਿਆ ਪੇਸ਼ ਕੀਤੀ। ਇਥੋ ਤੱਕ ਕਿ ਜੁਲਾਈ 2019 ਤੋਂ ਬਾਅਦ ਰੱਖੇ ਜਾਣ ਵਾਲੇ ਵਿਦਿਆਰਥੀਆਂ ਦੇ ਕਾਲਜ-ਵਾਰ/ਕਰੋਸ-ਵਾਰ ਵੇਰਵੇ ਵੀ ਲੇਖਾ ਪ੍ਰੀਖਿਆ ਨੂੰ ਨਹੀਂ ਦਿੱਤੇ ਗਏ ਸਨ।

2017-22 ਦੀ ਮਿਆਦ ਦੌਰਾਨ ਵਿਦਿਆਰਥੀਆਂ ਦੀ ਪਲੇਸਮੈਂਟ ਦੀ ਸਥਿਤੀ ਨੂੰ **ਚਾਰਟ 1.9** ਵਿੱਚ ਦਰਸਾਇਆ ਗਿਆ ਹੈ।

ਚਾਰਟ 1.9: 2017-22 ਦੀ ਮਿਆਦ ਦੌਰਾਨ ਵਿਦਿਆਰਥੀਆਂ ਦੀ ਪਲੇਸਮੈਂਟ ਦੀ ਸਥਿਤੀ



ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

ਜਿਵੇਂ ਕਿ ਚਾਰਟ ਤੋਂ ਦੇਖਿਆ ਜਾ ਸਕਦਾ ਹੈ, ਯੂਨੀਵਰਸਿਟੀ ਕੈਂਪਸ ਪਲੇਸਮੈਂਟ ਦੌਰਾਨ ਆਪਣੇ ਇੱਛੁਕ ਵਿਦਿਆਰਥੀਆਂ ਨੂੰ ਵੀ ਰੱਖਣ ਦੇ ਯੋਗ ਨਹੀਂ ਸੀ, ਕਿਉਂਕਿ 2017-18 ਤੋਂ 2021-22 ਦੌਰਾਨ ਵਿਦਿਆਰਥੀਆਂ ਦੀ ਜਗ੍ਹਾਂ ਦੀ ਪ੍ਰਤੀਸ਼ਤਤਾ 28.59 ਅਤੇ 71.01 ਦੇ ਵਿਚਕਾਰ ਸੀ।

ਯੂਨੀਵਰਸਿਟੀ ਨੇ ਸਭ ਤੋਂ ਵੱਧ, ਦਰਮਿਆਨੇ ਅਤੇ ਸਭ ਤੋਂ ਘੱਟ ਪੈਕੇਜ ਦਾ ਡਾਟਾ ਪ੍ਰਦਾਨ ਕੀਤਾ। ਹਾਲਾਕਿ, ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੌਰਾਨ 259 ਵਿਦਿਆਰਥੀਆਂ 'ਤੇ ਕੀਤੇ ਗਏ ਸਰਵੇਖਣ ਨੇ ਦਰਸਾਇਆ ਕਿ 53 *ਪ੍ਰਤੀਸ਼ਤ* ਵਿਦਿਆਰਥੀ ਕੈਂਪਸ ਪਲੇਸਮੈਂਟ ਬਾਰੇ ਜਾਗਰੂਕ ਨਹੀਂ ਸਨ, ਜਦੋਂ ਕਿ 47 *ਪ੍ਰਤੀਸ਼ਤ* ਜੋ ਜਾਗਰੂਕ ਸਨ (121), ਕੈਂਪਸ ਪਲੇਸਮੈਂਟ ਅਤੇ ਪੈਕੇਜ ਦੀ ਪੇਸ਼ਕਸ਼ ਤੋਂ ਸੰਤੁਸ਼ਟ ਨਹੀਂ ਸਨ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਪਲੇਸਮੈਂਟ ਦੀ ਮੰਗ ਕਰਨ ਵਾਲੇ ਅੰਤਿਮ ਸਾਲ ਦੇ ਵਿਦਿਆਰਥੀਆਂ ਦਾ ਡਾਟਾਬੇਸ ਤਿਆਰ ਕਰਨ ਲਈ ਸਾਰੇ ਸੰਵਿਧਾਨਕ ਕਾਲਜਾਂ ਤੋਂ ਜਾਣਾਕਰੀ ਇਕੱਤਰ ਕੀਤੀ ਗਈ ਸੀ। ਨਿਯਮਤ ਅਧਾਰ 'ਤੇ ਕੈਂਪਸ ਪਲੇਸਮੈਂਟ ਲਈ ਵੱਖ-ਵੱਖ ਸੰਸਥਾਵਾਂ ਨਾਲ ਸੰਪਰਕ ਕੀਤਾ ਗਿਆ ਅਤੇ ਸੱਦਾ ਦਿੱਤਾ ਗਿਆ ਸੀ। ਯੂਨੀਵਰਸਿਟੀ ਕਾਊਂਸਲਿੰਗ ਅਤੇ ਪਲੇਸਮੈਂਟ ਗਾਈਡੈਂਸ ਸੈਲ ਨੇ ਪੀ ਏ ਯੂ ਦੇ ਵਿਦਿਆਰਥੀਆਂ ਦੀ ਪਲੇਸਮੈਂਟ ਨੂੰ ਹੁਲਾਰਾ ਦੇਣ ਲਈ 11 ਅਕਤੂਬਰ 2024 ਨੂੰ ਪੀ ਏ ਯੂ ਕੈਂਪਸ ਵਿੱਚ "ਰੁਜ਼ਗਾਰ ਮੇਲਾ" ਵੀ ਆਯੋਜਿਤ ਕੀਤਾ।


ਯੂਨੀਵਰਸਿਟੀ ਦੇ ਜਵਾਬ ਵਿੱਚ, ਸੰਵਿਧਾਨਕ ਕਾਲਜਾਂ ਤੋਂ ਡਾਟਾ ਇਕੱਤਰ ਕਰਨ ਅਤੇ ਅਕਤੂਬਰ 2024 ਵਿੱਚ ਆਯੋਜਿਤ ਹਾਲ ਹੀ ਵਿੱਚ ਰੁਜ਼ਗਾਰ ਮੇਲੇ ਦਾ ਹਵਾਲਾ ਦਿੰਦੇ ਹੋਏ, ਪਛਾਣੇ ਗਏ ਬੁਨਿਆਦੀ ਚਿੰਤਾਵਾਂ ਨੂੰ ਹੱਲ ਨਹੀਂ ਕੀਤਾ ਗਿਆ ਸੀ। ਜਦੋਂ ਕਿ, ਰੁਜ਼ਗਾਰ ਮੇਲੇ ਦਾ ਆਯੋਜਨ ਕਰਨਾ ਅਤੇ ਪਲੇਸਮੈਂਟ ਲਈ ਸੰਸਥਾਵਾਂ ਨਾਲ ਸੰਪਰਕ ਕਰਨਾ ਸ਼ਲਾਘਾਯੋਗ ਕਦਮ ਸਨ, ਪਰ ਉਹ ਪ੍ਰਣਾਲੀਗਤ ਮੁਦਿਆਂ ਦੀ ਭਰਪਾਈ ਕਰਨ ਲਈ ਨਾਕਾਫੀ ਸਨ। ਪਲੇਸਮੈਂਟ 'ਤੇ ਕਾਲਜ-ਵਾਰ ਅਤੇ ਕੋਰਸ-ਵਾਰ ਡਾਟਾ ਤੋਂ ਬਿਨ੍ਹਾਂ ਯੂਨੀਵਰਸਿਟੀ ਆਪਣੀਆਂ ਪਲੇਸਮੈਂਟ ਗਤੀਵਿਧੀਆਂ ਦੀ ਸਫਲਤਾ ਦੀ

ਪ੍ਰਭਾਵਸ਼ਾਲੀ ਢੰਗ ਨਾਲ ਨਿਗਰਾਨੀ, ਨਿਰਧਾਰਣ ਜਾਂ ਸੁਧਾਰ ਨਹੀਂ ਕਰ ਸਕਦੀ ਸੀ ਜਾਂ ਹਰੇਕ ਕੋਰਸ ਲਈ ਵਿਸ਼ੇਸ਼ ਉਦਯੋਗ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦੀ ਸੀ। *ਐਡਹਾਕ* ਸਟਾਫਿੰਗ 'ਤੇ ਨਿਰਭਰ ਹੋਣਾ, ਜਿਸ ਵਿੱਚ ਕੋਈ ਮਨਜ਼ੂਰਸ਼ੁਦਾ ਅਸਾਮੀਆਂ ਨਹੀਂ ਹਨ ਅਤੇ ਡਾਇਰੈਕਟਰ, ਵਿਦਿਆਰਥੀ ਭਲਾਈ ਦੁਆਰਾ ਵਾਧੂ ਡਿਊਟੀਆਂ ਵਜੋਂ ਮੁੱਖ ਜ਼ਿੰਮੇਵਾਰੀਆਂ ਨਿਭਾਈਆਂ ਗਈਆਂ ਹਨ, ਪਲੇਸਮੈਂਟ ਸੈੱਲ ਲਈ ਸਮਰਪਿਤ ਸਹਾਇਤਾ ਦੀ ਘਾਟ ਨੂੰ ਦਰਸਾਉਂਦੀਆਂ ਹਨ।

1.3.8 ਵਿਦਿਆਰਥੀਆਂ ਅਤੇ ਸਟਾਫ਼ ਨੂੰ ਮੈਡੀਕਲ ਸਹੂਲਤਾਂ

ਪੀ ਏ ਯੂ ਦੇ ਕੈਂਪਸ ਵਿੱਚ 1962 ਤੋਂ ''ਪੀ ਏ ਯੂ ਹਸਪਤਾਲ'' (20 ਬਿਸਤਰਿਆਂ ਦੀ ਅੰਦਰੂਨੀ ਸਮਰੱਥਾ ਵਾਲਾ ਜੋ ਕਿ 24 ਘੰਟੇ ਕੰਮ ਕਰਦਾ ਹੈ) ਨਾਂਅ ਦਾ ਇੱਕ ਹਸਪਤਾਲ ਹੈ ਜੋ ਆਪਣੇ ਸਟਾਫ਼ (ਮੌਜੂਦਾ ਅਤੇ ਸੇਵਾਮੁਕਤ), ਉਨ੍ਹਾਂ ਦੇ ਆਸ਼ਰਿਤਾਂ ਅਤੇ ਵਿਦਿਆਰਥੀਆਂ ਨੂੰ ਮੈਡੀਕਲ ਸਹੂਲਤਾਂ ਪ੍ਰਦਾਨ ਕਰਦਾ ਹੈ। 30 ਮਾਰਚ 2021 ਤੋਂ "ਪੀ ਏ ਯੂ ਹਸਪਤਾਲ" ਦਾ ਨਾਂਅ ਬਦਲ ਕੇ ਪੀ ਏ ਯੂ ਹੈਲਥ ਸੈਂਟਰ ਕੀਤਾ ਗਿਆ ਸੀ ਜਿਸਦੀ ਸਮਰੱਥਾ ਘੱਟਾ ਕੇ 12 ਬਿਸਤਰਿਆਂ ਦੀ ਕਰ ਦਿੱਤੀ ਗਈ।
ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਵੱਖ-ਵੱਖ ਕਾਡਰਾਂ (7 ਮੈਡੀਕਲ ਅਤੇ 21 ਪੈਰਾਮੈਡੀਕਲ) ਵਿੱਚ 28 ਅਸਾਮੀਆਂ ਦੀ ਮੂਲ ਤੌਰ 'ਤੇ ਮਨਜ਼ੂਰਸ਼ੁਦਾ ਨਫਰੀ ਦੇ ਮੁਕਾਬਲੇ, 31 ਮਾਰਚ 2022 ਤੱਕ 10 ਵਿਅਕਤੀਆਂ (3 ਮੈਡੀਕਲ ਅਤੇ 7 ਪੈਰਾਮੈਡੀਕਲ) ਤੈਨਾਤ ਸਨ। ਤਿੰਨ ਮੈਡੀਕਲ ਅਫਸਰ (ਐਮ ਓ) ਫਾਰਮਾਸਿਸਟ-ਕਮ ਸਟੋਰ ਕੀਪਰ, ਨਰਸ, ਸੀਨੀਅਰ ਰੇਡੀਓਗ੍ਰਾਫਰ, ਡਾਰਕ ਰੂਮ ਅਟੈਂਡੈਂਟ, ਮੇਡ ਅਟੈਂਡੈਂਟ ਅਤੇ ਲੈਬ ਅਟੈਂਡੈਂਟ ਦੀਆਂ ਮੁੱਖ ਅਸਾਮੀਆਂ 9-20 (31 ਮਾਰਚ 2021 ਤੱਕ) ਸਾਲਾਂ ਤੋਂ ਖਾਲੀ ਸਨ। ਯੂਨੀਵਰਸਿਟੀ ਨੇ ਕਿਹਾ (ਨਵੰਬਰ 2022) ਕਿ ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਸੀ।
- ਯੂਨੀਵਰਸਿਟੀ ਦੁਆਰਾ 30 ਮਾਰਚ 2021 ਤੋਂ ਸਿਹਤ ਕੇਂਦਰਾਂ ਦੀ ਸਮਰੱਥਾ ਘਟਾਉਣ ਵੇਲੇ ਪ੍ਰਵਾਨਿਤ ਸਮਰੱਥਾ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਸੀ।
- ਐਕਸ-ਰੇ ਮਸ਼ੀਨ ਉਪਲਬਧ ਸੀ, ਪਰ ਮਸ਼ੀਨ ਨੂੰ ਚਲਾਉਣ ਲਈ ਟੈਕਨੀਸ਼ੀਅਨ ਉਪਲਬਧ ਨਹੀਂ ਸਨ। ਇਸੇ ਤਰ੍ਹਾਂ, ਅੱਖਾਂ ਦੀ ਜਾਂਚ ਕਰਨ ਵਾਲੇ ਉਪਕਰਣ ਅਤੇ ਦੰਦਾਂ ਦੇ ਉਪਰਕਣ ਉਪਲਬਧ ਸਨ ਪਰ ਸਬੰਧਤ ਡਾਕਟਰ ਉਪਲਬਧ ਨਹੀਂ ਸਨ। ਇੱਕ ਸਰਜਨ ਦੀ ਉਪਲਬਧਤਾ ਨਾ ਹੋਣ ਕਾਰਨ ਆਪਰੇਸ਼ਨ ਥੀਏਟਰ ਗੈਰ-ਕਾਰਜਸ਼ੀਲ ਸੀ।



ਫੋਟੋ 1: ਟੇਕਨੀਸ਼ੀਅਨ ਦੀ ਉਪਲਬਧਤਾ ਨਾ ਹੋਣ ਕਾਰਨ ਬੇਕਾਰ ਪਈ ਐਕਸ-ਰੇ ਮਸ਼ੀਨ (31 ਅਗਸਤ 2022)

ਮੁੱਖ ਮੈਡੀਕਲ ਅਫਸਰ, ਪੀ ਏ ਯੂ ਲੁਧਿਆਣਾ ਨੇ (ਅਕਤੂਬਰ 2024) ਸੂਚਿਤ ਕੀਤਾ ਕਿ ਤਿੰਨ ਐਮ ਓਜ਼ ਦੀਆਂ ਅਸਾਮੀਆਂ ਅਤੇ ਐਮ ਓ (ਡੈਂਟਲ) ਦੀਆਂ ਅਸਾਮੀਆਂ ਵਿੱਤੀ ਸੰਕਟ ਜਾਂ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਬਜਟ ਅਲਾਟ ਨਾ ਕੀਤੇ ਜਾਣ ਕਾਰਨ ਖਾਲੀ ਪਈਆਂ ਸਨ। ਰੇਡੀਓਗ੍ਰਾਫੀ ਟੈਕਨੀਸ਼ੀਅਨ, ਡਾਇਟ ਅਸਿਸਟੈਂਟ ਅਤੇ ਫਿਜ਼ੀਓਥੈਰੇਪੀ ਅਸਿਸਟੈਂਟ ਦੀਆਂ ਅਸਾਮੀਆਂ ਰਜਿਸਟਰਾਰ ਪੀ ਏ ਯੂ ਵੱਲੋਂ ਭਰੀਆਂ ਗਈਆਂ ਹਨ। ਇਸ ਤੋਂ ਇਲਾਵਾ, ਮਲਟੀਪਰਪਜ਼ ਹੈਲਥ ਵਰਕਰ (ਮਹਿਲਾ) ਮੈਡੀਕਲ ਲੈਬ ਟੈਕਨੀਸ਼ੀਅਨ ਅਤੇ ਲੈਬਾਰਟਰੀ ਅਟੈਂਡੈਂਟ ਦੀਆਂ ਅਸਾਮੀਆਂ ਲਈ ਭਰਤੀ ਪ੍ਰਕਿਰਿਆ ਅਧੀਨ ਸੀ।

ਇਹ ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਯੂਨੀਵਰਸਿਟੀ ਨੇ ਆਪਰੇਸ਼ਨ ਥੀਏਟਰ, ਅੱਖਾਂ ਦੀ ਜਾਂਚ ਕਰਨ ਵਾਲੇ ਉਪਰਕਣਾਂ ਅਤੇ ਦੰਦਾਂ ਦੇ ਉਪਕਰਣਾਂ ਦੀ ਸਥਿਤੀ ਦਾ ਵੇਰਵਾ ਨਹੀਂ ਦਿੱਤਾ। ਇਸ ਤੋਂ ਇਲਾਵਾ, ਯੂਨੀਵਰਸਿਟੀ ਨੇ ਕੋਈ ਸਬੂਤ ਨਹੀਂ ਦਿੱਤਾ ਜਿਸ ਤੋਂ ਇਹ ਸੰਕੇਤ ਮਿਲਦਾ ਹੋਵੇ ਕਿ ਉਸ ਨੇ ਤਿੰਨ ਐਮ ਓ ਅਤੇ ਇਕ ਐਮ ਓ (ਡੈਂਟਲ) ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਬਜਟ ਅਲਾਟਮੈਂਟ ਲਈ ਕੋਈ ਕੋਸ਼ਿਸ਼ ਕੀਤੀ ਸੀ।

ਇਸ ਤਰ੍ਹਾਂ, ਗੈਰ-ਕਾਰਜਸ਼ੀਲ ਮੈਡੀਕਲ ਬੁਨਿਆਦੀ ਢਾਂਚੇ ਨੇ ਮੈਡੀਕਲ ਐਮਰਜੈਂਸੀ ਦੌਰਾਨ ਆਪਣੇ ਸਟਾਫ ਅਤੇ ਉਹਨਾ ਦੇ ਆਸ਼ਰਿਤਾਂ ਨੂੰ ਯੂਨੀਵਰਸਿਟੀ ਕੈਂਪਸ ਵਿੱਚ ਲੋੜੀਂਦੀਆਂ ਮੈਡੀਕਲ ਸਹੂਲਤਾਂ ਤੋਂ ਵੀ ਵਾਂਝਾ ਕਰ ਦਿੱਤਾ।

1.3.9 ਅੰਦਰੂਨੀ ਗੁਣਵੱਤਾ ਭਰੋਸਾ ਸੈੱਲ ਦੀ ਸਥਾਪਨਾ ਨਾ ਕਰਨਾ

ਯੂ ਜੀ ਸੀ ਰੈਗੂਲੇਸ਼ਨਜ਼, 2010 ਦੇ ਰੈਗੂਲੇਸ਼ਨ ਨੰ. 6.0.11 ਨੇ ਯੂ ਜੀ ਸੀ/ਰਾਸ਼ਟਰੀ ਮੁਲਾਂਕਣ ਅਤੇ ਮਾਨਤਾ ਕੌਂਸਲ (ਐਨ ਏ ਏ ਸੀ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਾਰੀਆਂ ਯੂਨੀਵਰਸਿਟੀਆਂ/ਕਾਲਜਾਂ ਵਿੱਚ ਇੱਕ ਅੰਦਰੂਨੀ ਗੁਣਵੱਤਾ ਭਰੋਸਾ ਸੈੱਲ (ਆਈ ਕਿਊ ਏ ਸੀ) ਦੀ ਸਥਾਪਨਾ ਨਿਰਧਾਰਤ ਕੀਤੀ ਹੈ। ਆਈ ਕਿਊ ਏ ਸੀ ਨੂੰ ਸੰਸਥਾ ਲਈ ਦਸਤਾਵੇਜ਼ਾਂ ਅਤੇ ਰਿਕਾਰਡ ਰੱਖਣ ਵਾਲੇ ਸੈੱਲ ਦੇ ਤੌਰ 'ਤੇ ਕੰਮ ਕਰਨਾ ਚਾਹੀਦਾ ਹੈ, ਜਿਸ ਵਿੱਚ ਏ ਪੀ ਆਈ ਮਾਪਦੰਡ-ਅਧਾਰਤ ਕਾਰਗੁਜ਼ਾਰੀ ਅਧਾਰਤ ਮੁਲਾਂਕਣ ਪ੍ਰਣਾਲੀ (ਪੀ ਬੀ ਏ ਐਸ) ਦੇ ਵਿਕਾਸ ਵਿੱਚ ਸਹਾਇਤਾ ਸ਼ਾਮਲ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਯੂਨੀਵਰਸਿਟੀ ਨੇ ਇੱਕ ਆਈ ਕਿਊ ਏ ਸੀ ਦੀ ਸਥਾਪਨਾ ਨਹੀਂ ਕੀਤੀ ਜੋ ਕਿ ਅਕਾਦਮਿਕ, ਪ੍ਰਸ਼ਾਸਨਿਕ ਅਤੇ ਵਿੱਤੀ ਕਾਰਜਾਂ ਨੂੰ ਇਕੋ ਥਾਂ 'ਤੇ ਇਕੱਠਾ ਕਰਨ ਲਈ ਇੱਕ ਤਾਲਮੇਲ ਸੈੱਲ ਵਜੋਂ ਕੰਮ ਕਰਦਾ ਹੈ, ਜਿਸ ਨਾਲ ਉਹ ਗੁਣਵੱਤਾ ਸੁਧਾਰ ਤੋਂ ਵਾਂਝੇ ਰਹਿ ਗਏ। ਇਸ ਤੋਂ ਇਲਾਵਾ, ਆਈ ਕਿਊ ਏ ਸੀ ਦਾ ਗਠਨ ਨਾ ਹੋਣ ਕਾਰਨ, ਮਾਨਤਾ ਬੋਰਡ ਦੁਆਰਾ ਲੋੜੀਂਦੀ ਅਕਾਦਮਿਕ ਅਤੇ ਪ੍ਰਸ਼ਾਸਨਿਕ ਲੇਖਾ ਪ੍ਰੀਖਿਆ ਵੀ ਨਹੀਂ ਕੀਤੀ ਜਾ ਸਕੀ। ਨਤੀਜੇ ਵਜੋਂ, ਯੂਨੀਵਰਸਿਟੀ ਸੰਸਥਾ ਦੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਗੁਣਵੱਤਾ ਸਭਿਆਚਾਰ, ਸੁਧਾਰ ਅਤੇ ਏਕੀਕਰਨ ਦੇ ਅੰਦਰੂਨੀਕਰਨ ਨੂੰ ਯਕੀਨੀ ਨਹੀਂ ਬਣਾ ਸਕੀ ਅਤੇ ਸੰਸਥਾਗਤ ਕੰਮਕਾਜ ਨੂੰ ਬਿਹਤਰ ਬਣਾਉਣ ਲਈ ਚੰਗੇ ਪ੍ਰਚਲਨਾਂ ਨੂੰ ਸੰਸਥਾਗਤ ਰੂਪ ਦੇਣ ਨੂੰ ਯਕੀਨੀ ਨਹੀਂ ਬਣਾ ਸਕੀ।

ਇਸ ਤੋਂ ਇਲਾਵਾ, ਆਈ ਕਿਊ ਏ ਸੀ ਦੀ ਸਥਾਪਨਾ ਨਾ ਹੋਣ ਕਾਰਨ ਸਟਾਫ਼ ਦੀ ਘਾਟ, ਮਾੜੀ ਪਲੇਸਮੈਂਟ ਦੇ ਕਾਰਨ, ਰੈਂਕਿੰਗ ਵਿੱਚ ਗਿਰਾਵਟ ਅਤੇ ਵਿਦਿਆਰਥੀਆਂ ਦੇ ਦਾਖਲੇ ਦੇ ਪ੍ਰਭਾਵ ਦਾ

ਮੁਲਾਂਕਣ ਨਹੀਂ ਕੀਤਾ ਜਾ ਸਕਿਆ ਅਤੇ ਸੁਧਾਰਾਤਮਕ ਕਾਰਵਾਈ ਕਰਨ ਲਈ ਪ੍ਰਬੰਧਨ ਨੂੰ ਰਿਪੋਰਟ ਨਹੀਂ ਕੀਤਾ ਜਾ ਸਕੀ।

ਯੂਨੀਵਰਸਿਟੀ ਨੇ ਦੱਸਿਆ (ਅਕਤੂਬਰ 2024) ਕਿ ਜਨਵਰੀ 2023 ਵਿੱਚ ਪੀ ਏ ਯੂ ਵਿਖੇ ਇੱਕ ਆਈ ਕਿਊ ਏ ਸੀ ਦੀ ਸਥਾਪਨਾ ਕੀਤੀ ਗਈ ਸੀ ਤਾਂ ਜੋ ਇਸ ਦੇ ਅਕਾਦਮਿਕ ਅਤੇ ਪ੍ਰਸ਼ਾਸਕੀ ਕਾਰਗੁਜ਼ਾਰੀ ਵਿੱਚ ਸੁਧਾਰ ਲਈ ਸੁਚੇਤ, ਨਿਰੰਤਰ ਅਤੇ ਉਤਪ੍ਰੇਰਕ ਕਾਰਜ ਯੋਜਨਾਵਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਹਾਲਾਂਕਿ, ਮਾਨਤਾ ਬੋਰਡ ਦੁਆਰਾ ਲਾਜ਼ਮੀ ਤੌਰ 'ਤੇ ਆਈ ਕਿਊ ਏ ਸੀ ਦੁਆਰਾ ਕੀਤੇ ਜਾਣ ਵਾਲੇ ਅਕਾਦਮਿਕ ਅਤੇ ਪ੍ਰਸ਼ਾਸਕੀ ਲੇਖਾ ਪ੍ਰੀਖਿਆ ਨਾਲ ਸਬੰਧਤ ਵੇਰਵੇ ਅਕਤੂਬਰ 2024 ਤੱਕ ਲੇਖਾ ਪ੍ਰੀਖਿਆ ਨੂੰ ਪ੍ਰਦਾਨ ਨਹੀਂ ਕੀਤੇ ਗਏ ਸਨ।

1.3.10 ਸ਼ਿਕਾਇਤ ਨਿਵਾਰਣ ਤੰਤਰ

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦਾ ਨਿਵਾਰਣ) ਰੈਗੂਲੇਸ਼ਨਜ਼, 2019 ਦੇ ਅਨੁਸਾਰ, ਸਾਰੀਆਂ ਉਚੇਰੀ ਸਿੱਖਿਆ ਸੰਸਥਾਵਾਂ, ਭਾਵੇਂ ਉਹ ਕੇਂਦਰੀ ਐਕਟ ਜਾਂ ਰਾਜ ਐਕਟ ਦੁਆਰਾ ਜਾਂ ਅਧੀਨ ਸਥਾਪਤ ਜਾਂ ਸ਼ਾਮਲ ਕੀਤੀਆਂ ਗਈਆਂ ਹੋਣ, ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਕਾਲਜੀਏਟ ਵਿਦਿਆਰਥੀ ਸ਼ਿਕਾਇਤ ਨਿਵਾਰਣ ਕਮੇਟੀ (ਸੀ ਐਸ ਜੀ ਆਰ ਸੀ), ਵਿਭਾਗੀ ਵਿਦਿਆਰਥੀ ਸ਼ਿਕਾਇਤ ਨਿਵਾਰਣ ਕਮੇਟੀ (ਡੀ ਐਸ ਜੀ ਆਰ ਸੀ), ਸੰਸਥਾਗਤ ਵਿਦਿਆਰਥੀ ਸ਼ਿਕਾਇਤ ਨਿਵਾਰਣ ਕਮੇਟੀ (ਆਈ ਐਸ ਜੀ ਆਰ ਸੀ) ਅਤੇ ਯੂਨੀਵਰਸਿਟੀ ਵਿਦਿਆਰਥੀ ਸ਼ਿਕਾਇਤ ਨਿਵਾਰਣ ਕਮੇਟੀਆਂ (ਯੂ ਐਸ ਜੀ ਆਰ ਸੀ) ਦਾ ਗਠਨ ਕਰੇਗੀ। ਯੂ ਜੀ ਸੀ (ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦਾ ਨਿਵਾਰਣ) ਰੈਗੂਲੇਸ਼ਨਜ਼ 2019 (06 ਮਈ 2019 ਨੂੰ ਅਧਿਸੂਚਿਤ ਹੋਇਆ) ਦੇ ਪੈਰ੍ਹਾ 8(i) ਦੇ ਅਨੁਸਾਰ, ਅਧਿਸੂਚਨਾ ਜਾਰੀ ਕਰਨ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੀ ਮਿਆਦ ਦੇ ਅੰਦਰ ਇੱਕ ਆਨਲਾਈਨ ਪੋਰਟਲ ਸਥਾਪਤ ਕਰੇਗੀ ਜਿਥੇ ਕੋਈ ਵੀ ਪੀੜਤ ਵਿਅਕਤੀ ਆਪਣੀ ਸ਼ਿਕਾਇਤ ਦੇ ਨਿਵਾਰਣ ਲਈ ਅਰਜ਼ੀ ਦੇ ਸਕਦਾ ਹੈ।

ਲੇਖਾ ਪ੍ਰੀਖਿਆ ਨੇ 2017-18 ਤੋਂ 2021-22 ਦੌਰਾਨ ਵੇਖਿਆ ਕਿ:

- ਯੂਨੀਵਰਸਿਟੀ ਵਿੱਚ ਯੂ ਜੀ ਸੀ ਦੇ ਉਪਰੋਕਤ ਨਿਯਮਾਂ ਅਨੁਸਾਰ ਅਜਿਹੀਆਂ ਕੋਈ ਕਮੇਟੀਆਂ ਨਹੀਂ ਬਣਾਈਆਂ ਗਈਆਂ ਸਨ।
- ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਨਾਂ ਤਾਂ ਕੋਈ ਨੀਤੀ/ ਦਿਸ਼ਾ-ਨਿਰਦੇਸ਼ ਤਿਆਰ ਕੀਤੇ ਗਏ ਸਨ ਅਤੇ ਨਾ ਹੀ ਯੂਨੀਵਰਸਿਟੀ ਵਿੱਚ ਕੋਈ ਵਿਦਿਆਰਥੀ ਸ਼ਿਕਾਇਤ ਨਿਵਾਰਣ ਸੈੱਲ ਸਥਾਪਤ ਕੀਤਾ ਗਿਆ ਸੀ।
- ਵਿਦਿਆਰਥੀਆਂ ਲਈ ਆਪਣੀਆਂ ਤਕਲੀਫਾਂ/ਸ਼ਿਕਾਇਤਾਂ ਨੂੰ ਦਰਜ ਕਰਵਾਉਣ ਲਈ ਕੋਈ ਆਨਲਾਈਨ ਪੋਰਟਲ ਨਹੀਂ ਸੀ।

ਸ਼ਿਕਾਇਤ ਫੋਰਮ ਦੀ ਗੈਰ-ਸਥਾਪਨਾ ਵਿਦਿਆਰਥੀਆਂ ਨੂੰ ਕਮਜ਼ੋਰ ਬਣਾ ਦਿੰਦੀ ਹੈ ਕਿਉਂਕਿ ਹੋ ਸਕਦਾ ਹੈ ਕਿ ਉਨ੍ਹਾਂ ਕੋਲ ਆਪਣੀਆਂ ਸ਼ਿਕਾਇਤਾਂ ਦੀ ਰਿਪੋਰਟ ਕਰਨ ਲਈ ਆਸਾਨੀ ਨਾਲ ਉਪਲਬਧ ਸੰਸਥਾ/ਫੋਰਮ ਨਾ ਹੋਵੇ।

ਯੂਨੀਵਰਸਿਟੀ ਨੇ ਦੱਸਿਆ (ਜੂਨ 2023 ਅਤੇ ਅਕਤੂਬਰ 2024) ਕਿ ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ ਵਿੱਚ ਇੱਕ ਸ਼ਿਕਾਇਤ ਨਿਵਾਰਣ ਸੈੱਲ ਸਥਾਪਤ ਕੀਤਾ ਗਿਆ ਸੀ ਅਤੇ ਅਕਾਦਮਿਕ ਸੈਸ਼ਨ 2023-24 ਅਤੇ 2024-25 ਲਈ ਵਿਦਿਆਰਥੀ ਸ਼ਿਕਾਇਤ ਨਿਵਾਰਣ ਕਮੇਟੀ (ਸਤੰਬਰ 2023) ਦਾ ਗਠਨ ਕੀਤਾ ਗਿਆ ਸੀ। ਅਕਾਦਮਿਕ ਸੈਸ਼ਨਜ਼ 2024-25 ਲਈ ਯੂ ਜੀ ਸੀ ਰੈਗੂਲੇਸ਼ਨ 2023 ਦੇ ਅਨੁਸਾਰ ਯੂਨੀਵਰਸਿਟੀ ਪੱਧਰ 'ਤੇ ਕਮੇਟੀ ਦਾ ਮੁੜ ਗਠਨ ਕੀਤਾ ਗਿਆ (ਸਤੰਬਰ 2024)।

ਯੂਨੀਵਰਸਿਟੀ ਨੇ ਯੂ ਜੀ ਸੀ ਦੁਆਰਾ ਲਾਜਮੀ ਸ਼ਿਕਾਇਤ ਨਿਵਾਰਣ ਲਈ ਆਨਲਾਈਨ ਪੋਰਟਲ ਦੀ ਸਥਾਪਨਾ ਬਾਰੇ ਕੋਈ ਵੇਰਵਾ ਨਹੀਂ ਦਿੱਤਾ।

1.3.11 ਕੰਮ ਵਾਲੀ ਥਾਂ 'ਤੇ ਮਹਿਲਾਵਾਂ ਦੇ ਜਿਨਸੀ ਸ਼ੋਸ਼ਣ (ਰੋਕਥਾਮ, ਮਨਾਹੀ ਅਤੇ ਨਿਵਾਰਣ) ਐਕਟ, 2013 ਦੇ ਅਧੀਨ ਉਪਬੰਧਾਂ ਦਾ ਲਾਗੂ ਕਰਣ

"ਕੰਮ ਵਾਲੀ ਥਾਂ 'ਤੇ ਮਹਿਲਾਵਾਂ ਦੇ ਜਿਨਸੀ ਸ਼ੋਸ਼ਣ (ਰੋਕਥਾਮ, ਮਨਾਹੀ ਅਤੇ ਨਿਵਾਰਣ) ਐਕਟ, 2013 (ਐਕਟ)" ਦੇ ਅਧੀਨ ਬਣਾਏ ਗਏ ਨਿਯਮ ਪ੍ਰਦਾਨ ਕਰਦੇ ਹਨ ਕਿ ਹਰੇਕ ਰੁਜ਼ਗਾਰਦਾਤਾ ਹੋਰ ਗੱਲਾਂ ਦੇ *ਨਾਲ-ਨਾਲ* ਕੰਮ ਵਾਲੀ ਥਾਂ 'ਤੇ ਜਿਨਸੀ ਸ਼ੋਸ਼ਣ ਦੀ ਮਨਾਹੀ, ਰੋਕਥਾਮ ਅਤੇ ਨਿਵਾਰਣ ਲਈ ਇੱਕ ਅੰਦਰੂਨੀ ਨੀਤੀ ਤਿਆਰ ਕਰੇਗਾ ਅਤੇ ਵਿਆਪਕ ਤੌਰ 'ਤੇ ਪ੍ਰਸਾਰਿਤ ਕਰੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਭਾਵੇਂ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਯੂਨੀਵਰਸਿਟੀ ਦੁਆਰਾ ਸਾਲ 2002 ਵਿੱਚ ਜਿਨਸੀ ਸ਼ੋਸ਼ਣ ਸੰਬੰਧੀ ਇੱਕ ਅੰਦਰੂਨੀ ਨੀਤੀ ਬਣਾਈ ਗਈ ਸੀ, ਪਰ ਐਕਟ ਦੇ ਨਵੇਂ ਨਿਯਮਾਂ ਅਨੁਸਾਰ ਇਸਦੀ ਸਮੀਖਿਆ ਕੀਤੀ ਜਾਣੀ ਬਾਕੀ ਸੀ। ਸਾਲ 2002 ਵਿੱਚ ਜਾਰੀ ਕੀਤੇ ਪੀ ਏ ਯੂ ਨੋਟੀਫਿਕੇਸ਼ਨ ਵਿੱਚ ਦੱਸੇ ਗਏ ਉਪਬੰਧ 20 ਸਾਲਾਂ ਤੋਂ ਜਿਆਦਾ ਪੁਰਾਣੇ ਸਨ, ਜਿਸ ਲਈ ਹੇਠਾਂ ਦਿੱਤੇ ਗਏ ਵੇਰਵੇ ਅਨੁਸਾਰ ਐਕਟ ਦੇ ਸੰਦਰਭ ਵਿੱਚ ਬਦਲਾਅ ਦੀ ਲੋੜ ਹੈ।

- ਯੂਨੀਵਰਸਿਟੀ ਦੀ ਅਧਿਸੂਚਨਾ ਦੇ ਪੈਰ੍ਹਾ 12 ਸ਼ਿਕਾਇਤ ਦਰਜ ਕਰਨ ਲਈ 15 ਦਿਨਾਂ ਦੀ ਸਮਾਂ-ਸੀਮਾ ਪ੍ਰਦਾਨ ਕੀਤੀ ਗਈ ਹੈ ਜਦੋਂਕਿ ਐਕਟ ਦੀ ਧਾਰਾ 9, ਤਿੰਨ ਮਹੀਨਿਆਂ ਦੀ ਸਮਾਂ-ਸੀਮਾਂ ਪ੍ਰਦਾਨ ਕਰਦੀ ਹੈ। ਪੁਰਾਣੀ ਅੰਦਰੂਨੀ ਨੀਤੀ ਮੁੜ ਵਿਚਾਰ ਕਰਨ ਨਾਲ ਐਕਟ ਨਾਲ ਨੀਤੀ ਗਤੀਵਿਧਆਂ ਨੂੰ ਯਕੀਨੀ ਬਣਾਇਆ ਜਾ ਸਕੇਗਾ।

ਯੂਨੀਵਰਸਿਟੀ ਨੇ ਅੰਦਰੂਨੀ ਨੀਤੀ 'ਤੇ ਮੁੜ ਵਿਚਾਰ ਕਰਨ ਦਾ ਭਰੋਸਾ ਦਿਵਾਇਆ (ਮਈ 2023)।

ਲੇਖਾ ਪ੍ਰੀਖਿਆ ਦੌਰਾਨ ਵੇਖੀਆਂ ਗਈਆਂ ਹੋਰ ਵਿਸੰਗਤੀਆਂ ਹੇਠ ਲਿਖੇ ਅਨੁਸਾਰ ਸਨ:

- ਅੰਦਰੂਨੀ ਸ਼ਿਕਾਇਤ ਕਮੇਟੀ (ਆਈ ਸੀ ਸੀ) ਦੇ ਦੋ ਮੈਂਬਰ ਐਕਟ ਦੀ ਧਾਰਾ 4(3) ਦੇ ਉਪਬੰਧਾਂ ਦੀ ਉਲੰਘਣਾ ਕਰਦੇ ਹੋਏ ਤਿੰਨ ਸਾਲ ਤੋਂ ਵੱਧ (ਮਾਰਚ 2022 ਤੱਕ ਛੇ ਸਾਲ ਅਤੇ ਅੱਠ ਮਹੀਨੇ ਅਤੇ ਤਿੰਨ ਸਾਲ ਅਤੇ ਦੋ ਮਹੀਨੇ) ਲਈ ਕੰਮ ਕਰਦੇ ਰਹੇ।

- ਯੂਨੀਵਰਸਿਟੀ ਦੇ ਪਰਿਸਰ ਵਿੱਚ ਐਕਟ ਦੀ ਧਾਰਾ 19(ਬੀ) ਅਧੀਨ ਲੋੜੀਂਦੇ ਦੰਡ ਦੇ ਨਤੀਜਿਆਂ ਅਤੇ ਕਮੇਟੀ ਦੇ ਗਠਨ ਬਾਰੇ ਕੋਈ ਜਾਣਕਾਰੀ ਪ੍ਰਦਰਸ਼ਿਤ ਨਹੀਂ ਕੀਤੀ ਗਈ ਸੀ।
- ਐਕਟ ਦੀ ਧਾਰਾ 19(ਸੀ) ਨਿਯਮਿਤ ਅੰਤਰਾਲਾਂ 'ਤੇ ਵਰਕਸ਼ਾਪ/ਜਾਗਰੂਕਤਾ ਪ੍ਰੋਗਰਾਮਾਂ ਦੇ ਆਯੋਜਨ ਦੀ ਵਿਵਸਥਾ ਕਰਦੀ ਹੈ। ਹਾਲਾਂਕਿ, ਲੇਖਾ ਪ੍ਰੀਖਿਆ ਦੀ ਮਿਆਦ ਦੌਰਾਨ ਸਟਾਫ਼/ਵਿਦਿਆਰਥੀਆਂ ਨੂੰ ਸੰਵੇਦਨਸ਼ੀਲ ਬਣਾਉਣ ਲਈ ਸਿਰਫ਼ ਤਿੰਨ ਵਰਕਸ਼ਾਪਾਂ (ਮਾਰਚ 2020, ਜਨਵਰੀ 2021 ਅਤੇ ਅਪ੍ਰੈਲ 2021) ਆਯੋਜਿਤ ਕੀਤੀਆਂ ਗਈਆਂ ਸਨ।
- ਐਕਟ ਦੀ ਧਾਰਾ 21(1) ਦੇ ਉਪਬੰਧਾਂ ਅਨੁਸਾਰ ਹਰੇਕ ਕੈਲੰਡਰ ਸਾਲ ਵਿੱਚ ਸਾਲਾਨਾ ਰਿਪੋਰਟ ਪੇਸ਼ ਕਰਨ ਦੀ ਲੋੜ ਦੇ ਵਿਰੁੱਧ ਪੰਜ ਸਾਲਾਂ (2017-22) ਦੀ ਮਿਆਦ ਦੌਰਾਨ ਕਮੇਟੀ ਦੁਆਰਾ ਸਿਰਫ਼ ਦੋ ਰਿਪੋਰਟਾਂ (2016-17 ਅਤੇ 2018-19) ਪੇਸ਼ ਕੀਤੀਆਂ ਗਈਆਂ।

ਯੂਨੀਵਰਸਿਟੀ ਨੇ (ਅਕਤੂਬਰ 2024) ਕਿਹਾ ਕਿ 11 ਅਗਸਤ 2023 ਨੂੰ ਇੱਕ ਨਵੀਂ ਆਈ ਸੀ ਸੀ ਦਾ ਗਠਨ ਕੀਤਾ ਗਿਆ ਸੀ। ਯੂਨੀਵਰਸਿਟੀ ਦੀ ਵੈਬਸਾਈਟ 'ਤੇ ਦੇ ਦੰਡਾਸ਼ਕ ਨਤੀਜੇ ਅਤੇ ਆਈ ਸੀ ਸੀ ਸੰਵਿਧਾਨ ਪ੍ਰਦਰਸ਼ਿਤ ਕੀਤਾ ਗਿਆ ਸੀ। ਨਵੇਂ ਆਈ ਸੀ ਸੀ ਦੇ ਗਠਨ ਤੋਂ ਬਾਅਦ ਤਿੰਨ ਵਰਕਸ਼ਾਪਾਂ/ਇੰਟਰਐਕਟਿਵ ਸੈਸ਼ਨ ਆਯੋਜਿਤ ਕੀਤੇ ਗਏ ਸਨ। ਆਈ ਸੀ ਸੀ ਦੀ 2022-24 ਦੀ ਸਲਾਨਾ ਰਿਪੋਰਟ ਪੇਸ਼ ਕੀਤੀ ਜਾਣੀ ਬਾਕੀ ਸੀ।

ਐਕਟ ਨੂੰ ਲਾਗੂ ਕਰਨ ਬਾਰੇ ਲੇਖਾ ਪ੍ਰੀਖਿਆ ਦੇ ਨਤੀਜਿਆਂ 'ਤੇ ਯੂਨੀਵਰਸਿਟੀ ਦੇ ਜਵਾਬ ਨੇ ਪਛਾਣੇ ਗਏ ਪ੍ਰਣਾਲੀਗਤ ਮੁੱਦਿਆਂ ਨੂੰ ਢੁਕਵੇਂ ਢੰਗ ਨਾਲ ਹੱਲ ਨਹੀਂ ਕੀਤਾ ਸੀ। ਜਦੋਂ ਕਿ ਅਗਸਤ 2023 ਵਿੱਚ ਇੱਕ ਨਵੀਂ ਆਈ ਸੀ ਸੀ ਦੀ ਸਥਾਪਨਾ ਅਤੇ ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਦੰਡਾਤਮਕ ਨਤੀਜਿਆਂ ਦਾ ਪ੍ਰਦਰਸ਼ਨ ਸਕਾਰਾਤਮਕ ਕਦਮ ਸਨ, ਇਨ੍ਹਾਂ ਉਪਾਵਾਂ ਨੇ ਲੇਖਾ ਪ੍ਰੀਖਿਆ ਮਿਆਦ ਦੌਰਾਨ ਵੇਖੀਆਂ ਗਈਆਂ ਪਾਲਣਾ ਵਿੱਚ ਕਮੀਆਂ ਨੂੰ ਪਿਛਾਖੜੀ ਤੌਰ 'ਤੇ ਹੱਲ ਨਹੀਂ ਕੀਤਾ ਸੀ।

1.3.12 ਬਲੋਵਾਲ ਸੌਂਖੜੀ, ਐਸ ਬੀ ਐਸ ਨਗਰ ਵਿਖੇ ਨਵੇਂ ਖੇਤੀਬਾੜੀ ਕਾਲਜ ਦੀ ਸਥਾਪਨਾ

(i) ਪੰਜਵੀਂ ਡੀਨਜ਼ ਕਮੇਟੀ ਦੀਆਂ ਸਿਫਾਰਸ਼ਾਂ ਦੇ ਅਨੁਸਾਰ, ਆਈ ਸੀ ਏ ਆਰ ਨੇ ਖੇਤੀਬਾੜੀ ਅਤੇ ਸਹਾਇਕ ਵਿਸ਼ਿਆਂ ਵਿੱਚ ਨਵੇਂ ਕਾਲਜਾਂ ਦੀ ਸਥਾਪਨਾ ਲਈ ਘੱਟੋ-ਘੱਟ ਲੋੜਾਂ ਸੰਬੰਧੀ ਨਿਰਦੇਸ਼ (ਜੁਲਾਈ 2016) ਜਾਰੀ ਕੀਤੇ। ਇਹ ਸਿਫਾਰਸ਼ਾਂ, ਜੋ ਆਈ ਸੀ ਏ ਆਰ ਦੁਆਰਾ ਲਾਜ਼ਮੀ ਕੀਤੀਆਂ ਗਈਆਂ ਸੀ, ਸੰਸਥਾਵਾਂ ਦੀ ਮਾਨਤਾ ਅਤੇ ਆਈ ਸੀ ਏ ਆਰ ਗ੍ਰਾਂਟਾਂ ਨੂੰ ਜਾਰੀ ਕਰਨ ਨਾਲ ਜੁੜੀਆਂ ਹੋਈਆਂ ਸਨ।

ਪੰਜਾਬ ਸਰਕਾਰ (ਜੀ ਓ ਪੀ) ਨੇ (ਮਾਰਚ 2021) ਨੂੰ ਯੂਨੀਵਰਸਿਟੀ ਦੇ ਖੋਜ ਸਟੇਸ਼ਨ ਬੱਲੋਵਾਲ ਸੌਂਖੜੀ, ਐਸ ਬੀ ਐਸ ਨਗਰ ਵਿਖੇ ਇੱਕ ਨਵਾਂ ਕਾਲਜ ਸ਼ੁਰੂ ਕਰਨ ਲਈ ਪ੍ਰਸਤਾਵ ਦੀ ਪ੍ਰਵਾਨਗੀ

(ਨਵੰਬਰ 2019) ਨੂੰ ਦੇ ਦਿੱਤੀ। ਇਸ ਅਨੁਸਾਰ, ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ਨੇ ਅਕਾਦਮਿਕ ਸਾਲ 2021-22 ਤੋਂ 61 ਵਿਦਿਆਰਥੀਆਂ ਦੇ ਪਹਿਲੇ ਬੈਚ ਨੂੰ ਦਾਖਲਾ ਦੇ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਇਸ ਨਵੇਂ ਕਾਲਜ ਵਿੱਚ ਉਪਲਬਧ ਫੈਕਲਟੀ ਦੀ ਸੰਖਿਆ ਅਤੇ ਬੁਨਿਆਦੀ ਢਾਂਚੇ ਦੀਆਂ ਸਹੂਲਤਾ ਪੰਜਵੀਂ ਡੀਨਜ਼ ਕਮੇਟੀ ਦੁਆਰਾ ਸਿਫਾਰਸ਼ ਕੀਤੀਆਂ ਜ਼ਰੂਰਤਾਂ ਤੋਂ ਬਹੁਤ ਘੱਟ ਸਨ, ਜਿਵੇਂ ਕਿ **ਸਾਰਣੀ 1.7** ਵਿੱਚ ਵੇਰਵਾ ਦਿੱਤਾ ਗਿਆ ਹੈ।

ਸਾਰਣੀ 1.7: ਬੱਲੋਵਾਲ ਸੌਂਖੜੀ, ਐਸ ਬੀ ਐਸ ਨਗਰ ਵਿਖੇ ਖੇਤੀਬਾੜੀ ਕਾਲਜ ਵਿੱਚ ਲੋੜੀਂਦੀਆਂ ਸਹੂਲਤਾਂ ਦੇ ਮੁਕਾਬਲੇ ਉਪਲਬਧ ਸਹੂਲਤਾਂ ਦੇ ਵੇਰਵੇ

ਲੜੀ ਨੰ.	ਪੰਜਵੀਂ ਡੀਨਜ਼ ਕਮੇਟੀ ਦੀਆਂ ਸਿਫਾਰਸ਼ਾਂ/ਆਈ ਸੀ ਏ ਆਰ ਦੇ ਨਿਰਦੇਸ਼ਾਂ ਅਨੁਸਾਰ ਲੋੜੀਂਦੀਆਂ ਘੱਟੋ-ਘੱਟ ਸਹੂਲਤਾਂ	ਉਪਲਬਧ ਸਹੂਲਤਾਂ
1.	ਪੰਜ ਸਮਾਰਟ ਲੈਕਚਰ ਹਾਲ	ਹਾਲਾਂਕਿ ਅੱਠ ਲੈਕਚਰ ਹਾਲਾਂ ਦੀ ਯੋਜਨਾ ਬਣਾਈ ਗਈ 31 ਮਾਰਚ 2022 ਤੱਕ ਪ੍ਰੋਜੈਕਟਰਾਂ ਵਾਲੇ ਸਿਰਫ਼ ਦੋ ਲੈਕਚਰ ਹਾਲ ਉਪਲਬਧ ਸਨ।
2.	31 ਅਧਿਆਪਨ ਸਟਾਫ	ਕਾਲਜ ਵਿੱਚ ਸਿਰਫ਼ ਸੱਤ ਠੇਕੇ ਤੇ ਅਧਿਆਪਨ ਸਹਾਇਕ ਸੇਵਾ ਨਿਭਾ ਰਹੇ ਸਨ। ਇਸ ਤੋਂ ਇਲਾਵਾ, ਬੱਲੋਵਾਲ ਸੌਂਖੜੀ ਵਿਖੇ ਆਰ ਐਸ ਦੇ 15 ਵਿਗਿਆਨੀਆਂ ਨੂੰ ਅਧਿਆਪਨ ਦੀਆਂ ਵਾਧੂ ਡਿਊਟੀਆਂ ਸੌਂਪੀਆਂ ਗਈਆਂ ਸਨ। ਲੋੜ ਅਨੁਸਾਰ ਇਨ੍ਹਾਂ ਅਧਿਆਪਨ ਅਮਲੇ ਦੀਆਂ ਵਿਸਤ੍ਰਿਤ ਭੂਮਿਕਾਵਾਂ ਪ੍ਰਦਾਨ ਕੀਤੇ ਗਏ ਡਾਟੇ ਦੇ ਬਰੇਕ-ਅੱਪ ਦੀ ਘਾਟ ਕਾਰਨ ਤੁਲਨਾ ਨਹੀਂ ਕੀਤੀ ਜਾ ਸਕਦੀ।
3.	ਦੋ ਹੋਸਟਲ (ਹਰੇਕ 150 ਸਮਰੱਥਾ ਵਾਲੇ ਲੜਕਿਆਂ ਅਤੇ ਲੜਕੀਆਂ ਲਈ ਵੱਖਰੇ-ਵੱਖਰੇ)	ਨਿਯਮਤ ਹੋਸਟਲ ਉਸਾਰੀ ਅਧੀਨ ਸਨ, ਕਾਲਜ ਕੈਂਪਸ ਵਿੱਚ ਵਿਦਿਆਰਥੀਆਂ ਨੂੰ ਰੱਖਣ ਲਈ ਅਸਥਾਈ ਪ੍ਰਬੰਧ ਕੀਤੇ ਗਏ ਸਨ।
4.	12 ਪੂਰੀ ਤਰ੍ਹਾਂ ਤਿਆਰ ਲੈਬਾਰਟਰੀਆਂ	ਨੌਂ ਲੇਬਾਰਟਰੀਆਂ ਦੇ ਪ੍ਰਬੰਧ ਸਨ ਪਰ ਲੇਖਾ ਪ੍ਰੀਖਿਆ ਦੀ ਮਿਆਦ ਦੌਰਾਨ ਸਿਰਫ਼ ਪੰਜ ਲੇਬਾਰਟਰੀਆਂ ਕਾਰਜਸ਼ੀਲ ਸਨ।


ਸ੍ਰੋਤ: ਪੰਜਵੀਂ ਡੀਨਜ਼ ਕਮੇਟੀ ਦੀਆਂ ਸਿਫਾਰਸ਼ਾਂ ਅਤੇ ਕਾਲਜ ਦੁਆਰਾ ਦਿੱਤੀ ਗਈ ਜਾਣਕਾਰੀ

ਲੇਖਾ ਪ੍ਰੀਖਿਆ ਦੁਆਰਾ ਇਸ ਕਾਲਜ ਦਾ ਸਾਂਝਾ ਨਿਰੀਖਣ ਵੀ ਕੀਤਾ ਗਿਆ ਸੀ। ਇਸ ਸਾਂਝੇ ਨਿਰੀਖਣ ਦੌਰਾਨ, ਇਹ ਵੇਖਿਆ ਗਿਆ ਸੀ ਕਿ ਕੋਈ ਇੰਟ੍ਰੈਕਟਿਵ ਟੱਚ-ਸਕਰੀਨ ਬੋਰਡ, ਫਸਟ-ਏਡ ਬਾਕਸ, ਅੱਗ ਬੁਝਾਊ ਉਪਕਰਣ ਅਤੇ ਸ਼ਿਕਾਇਤ ਨਿਵਾਰਣ ਸੂਚਨਾ ਬੋਰਡ ਸਥਾਪਤ ਨਹੀਂ ਕੀਤੇ ਗਏ ਸਨ।

(ii) ਲੇਖਾ ਪ੍ਰੀਖਿਆ ਨੇ ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ਵਿਖੇ ਵਿਦਿਆਰਥੀਆਂ ਦਾ ਸਰਵੇਖਣ (ਕੁੱਲ 61 ਵਿਚੋਂ 20 ਵਿਦਿਆਰਥੀ ਦਾ ਸੈਂਪਲ ਸਾਇਜ਼) ਅਤੇ ਬੁਨਿਆਦੀ ਢਾਂਚੇ ਦਾ

ਸੰਯੁਕਤ ਨਿਰੀਖਣ ਕੀਤਾ (ਜਨਵਰੀ 2023); ਜਿਸ ਦੇ ਨਤੀਜੇ **ਚਾਰਟ 1.10** ਵਿੱਚ ਦਰਸਾਏ ਗਏ ਹਨ:

ਚਾਰਟ 1.10: ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ, ਐਸ ਬੀ ਐਸ ਨਗਰ ਵਿਖੇ ਬੁਨਿਆਦੀ ਢਾਂਚੇ ਦੇ ਸਰਵੇਖਣ ਦੇ ਨਤੀਜੇ (ਪ੍ਰਤੀਸ਼ਤਤਾ ਵਿੱਚ)



ਸ੍ਰੋਤ: ਸਰਵੇਖਣ ਦੇ ਨਤੀਜੇ

ਇਸ ਤਰ੍ਹਾਂ, ਮਾੜੇ ਆਵਾਜਾਈ ਸਾਧਨ, ਘੱਟ ਲੇਬਾਰਟਰੀਆਂ, ਕੋਈ ਵੀ ਲਾਇਬ੍ਰੇਰੀ ਅਤੇ ਰੀਡਿੰਗ ਰੂਮ, ਮੈਡੀਕਲ ਸਹੂਲਤਾਂ ਆਦਿ ਕਾਰਨ ਵਿਦਿਆਰਥੀ ਬੁਨਿਆਦੀ ਢਾਂਚੇ ਤੋਂ ਅਸਤੁੰਸ਼ਟ ਸਨ ਜਿਸਨੇ ਯੂਨੀਵਰਸਿਟੀ ਦੀ ਬ੍ਰਾਂਡ ਵੈਲਿਊ ਨੂੰ ਵੀ ਪ੍ਰਭਾਵਿਤ ਕੀਤਾ ਸੀ।

ਐਗਜ਼ਿਟ ਕਾਨਫਰੰਸ ਵਿੱਚ ਯੂਨੀਵਰਸਿਟੀ ਨੇ (ਜੂਨ 2023) ਨਵੇਂ ਖੇਤੀਬਾੜੀ ਕਾਲਜ, ਬਲੋਵਾਲ ਸੌਂਖੜੀ ਵਿਖੇ ਵਿਦਿਆਰਥੀਆਂ ਨੂੰ ਲੋੜੀਂਦੀਆਂ ਸਹੂਲਤਾਂ ਜਲਦੀ ਤੋਂ ਜਲਦੀ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਬਾਅਦ ਪੀ ਏ ਯੂ ਖੇਤੀਬਾੜੀ ਕਾਲਜ, ਬਲੋਵਾਲ ਸੌਂਖੜੀ (ਅਕਤੂਬਰ 2024) ਦੇ ਡਿਨਜ਼ ਨੇ ਦੱਸਿਆ ਕਿ ਕਾਲਜ ਦੀ ਮੁੱਖ ਇਮਾਰਤ ਵਿੱਚ ਅੱਠ ਲੈਕਚਰ ਕਮਰੇ, ਛੇ ਲੇਬਾਰਟਰੀਆਂ, ਅਠਾਰਾਂ ਫੈਕਲਟੀ ਕਮਰੇ, ਇੱਕ ਕਮੇਟੀ ਕਮਰੇ, 500 ਬੈਠਣ ਦੀ ਸਮਰੱਥਾ ਵਾਲਾ ਇੱਕ ਮਲਟੀਪਰਪਜ਼ ਹਾਲ, ਰੀਡਿੰਗ ਏਰੀਆ ਅਤੇ ਮੁਲਾਂਕਣ ਕਮਰੇ ਵਾਲੀ ਇੱਕ ਲਾਇਬ੍ਰੇਰੀ ਅਤੇ 100 ਵਿਦਿਆਰਥੀਆਂ ਸਮਰੱਥਾ ਵਾਲੇ ਕੁੜੀਆਂ ਦੇ ਹੋਸਟਲ ਦਾ ਪਹਿਲਾ ਪੜਾਅ ਪੂਰਾ ਹੋ ਗਿਆ ਸੀ ਜਦੋਂਕਿ ਲੜਕਿਆਂ ਦੇ ਹੋਸਟਲ ਦੇ ਪਹਿਲੇ ਪੜਾਅ ਦੀ ਉਸਾਰੀ ਸ਼ੁਰੂ ਕਰ ਦਿੱਤੀ ਗਈ ਸੀ। ਨੌਂ ਚੰਗੀ ਤਰ੍ਹਾਂ ਲੈਸ ਪ੍ਰਯੋਗਸ਼ਾਲਾਵਾਂ (ਕਾਲਜ ਦੀ ਮੁੱਖ ਇਮਾਰਤ ਵਿੱਚ ਛੇ ਅਤੇ ਖੋਜ ਸਟੇਸ਼ਨ ਦੀ ਇਮਾਰਤ ਵਿੱਚ ਤਿੰਨ) ਸਥਾਪਤ ਕੀਤੀਆਂ ਗਈਆਂ ਸਨ।


ਅਕਤੂਬਰ 2024 ਤੱਕ ਲੇਖਾ ਪ੍ਰੀਖਿਆ ਵਿੱਚ ਕੰਮ ਪੂਰਾ ਹੋਣ ਦੇ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਸੀ ।

1.3.13 ਵੱਖ-ਵੱਖ ਮਾਪਦੰਡਾਂ 'ਤੇ ਵਿਦਿਆਰਥੀਆਂ ਦੇ ਫੀਡਬੈਕ

ਯੂਨੀਵਰਸਿਟੀ ਵਿੱਚ ਆਈ ਕਿਊ ਏ ਸੀ ਲਾਗੂ ਨਹੀਂ ਹੋਣ ਕਾਰਨ, ਵਿਦਿਆਰਥੀਆਂ ਦੇ ਫੀਡਬੈਕਾਂ ਦਾ ਪਤਾ ਦਰਸਾਉਣ ਵਾਸਤੇ ਲੇਖਾ ਪ੍ਰੀਖਿਆ ਲਈ ਕੋਈ ਸੁਤੰਤਰ ਵਿਧੀ ਨਹੀਂ ਸੀ। ਇਸ ਲਈ, ਯੂਨੀਵਰਸਿਟੀ ਕੈਂਪਸ ਵਿੱਚ ਸਥਿਤ ਪੰਜ ਸੰਵਿਧਾਨਕ ਕਾਲਜਾਂ ਦੇ ਸਬੰਧ ਵਿੱਚ 12 ਚੁਣੇ ਗਏ

ਵਿਭਾਗਾਂ ਦੇ (31 ਮਾਰਚ 2022 ਤੱਕ) 4,016 ਵਿਦਿਆਰਥੀਆਂ ਵਿਚੋਂ 259 ਦੇ ਫੀਡਬੈਕ ਲਏ ਗਏ ਸਨ ਤਾਂ ਜੋ ਵੱਖ-ਵੱਖ ਮਾਪਦੰਡਾਂ/ਗਤੀਵਿਧੀਆਂ 'ਤੇ ਉਨ੍ਹਾਂ ਦੀ ਸੰਤੁਸ਼ਟੀ ਦੇ ਪੱਧਰ ਦਾ ਮੁਲਾਂਕਣ ਕੀਤਾ ਜਾ ਸਕੇ; ਇਸ ਦੇ ਨਤੀਜੇ **ਚਾਰਟ 1.11** ਵਿੱਚ ਦਰਸਾਏ ਗਏ ਹਨ।

ਚਾਰਟ 1.11: ਪੀ ਏ ਯੂ ਵਿੱਚ ਵੱਖ-ਵੱਖ ਮਾਪਦੰਡਾਂ ਬਾਰੇ ਵਿਦਿਆਰਥੀਆਂ ਦਾ ਫੀਡਬੈਕ
(ਪ੍ਰਤੀਸ਼ਤਤਾ ਵਿੱਚ)



ਸ੍ਰੋਤ: ਵਿਦਿਆਰਥੀ ਸਰਵੇਖਣ

ਚਾਰਟ 1.11 ਦਰਸਾਉਂਦਾ ਹੈ ਕਿ:

- 60 *ਪ੍ਰਤੀਸ਼ਤ* ਤੋਂ ਵੱਧ ਵਿਦਿਆਰਥੀਆਂ ਨੇ "ਹੋਸਟਲ ਅਤੇ ਭੋਜਨ ਸਹੂਲਤਾਂ" ਤੋਂ ਇਲਾਵਾ "ਹੋਸਟਲ ਦੀ ਸਫਾਈ" ਨੂੰ ਮਾੜਾ ਜਾਂ ਔਸਤ ਦਰਜਾ ਦਿੱਤਾ।
- 37 *ਪ੍ਰਤੀਸ਼ਤ* ਵਿਦਿਆਰਥੀਆਂ (ਉਨ੍ਹਾਂ ਵਿਚੋਂ ਜ਼ਿਆਦਾਤਰ ਰਸਾਇਨ ਵਿਗਿਆਨ; ਸਬਜੀ ਵਿਗਿਆਨ; ਅਤੇ ਵਿਸਥਾਰ ਸਿੱਖਿਆ ਅਤੇ ਸੰਚਾਰ ਪ੍ਰਬੰਧਨ ਵਿਭਾਗਾਂ ਤੋਂ ਸਨ) ਨੇ ਯੂਨੀਵਰਸਿਟੀ ਦੁਆਰਾ ਪ੍ਰਦਾਨ ਕੀਤੀਆਂ ਗਈਆ 'ਲੇਬਾਰਟਰੀ ਸਹੂਲਤਾਂ' ਨੂੰ ਜਾਂ ਤਾਂ ਮਾੜਾ ਜਾਂ ਔਸਤ ਦਰਜਾ ਦਿੱਤਾ ਸੀ; ਅਤੇ
- 34 *ਪ੍ਰਤੀਸ਼ਤ* ਵਿਦਿਆਰਥੀਆਂ (ਉਨ੍ਹਾਂ ਵਿਚੋਂ ਜ਼ਿਆਦਾਤਰ ਸਬਜੀ ਵਿਗਿਆਨ; ਵਿਸਥਾਰ ਸਿੱਖਿਆ ਅਤੇ ਸੰਚਾਰ ਪ੍ਰਬੰਧਨ; ਅਤੇ ਕੀਟ ਵਿਗਿਆਨ ਵਿਭਾਗਾਂ ਦੇ ਸਨ) ਨੇ ਕੋਰਸ ਅਧਿਐਨ ਦੌਰਾਨ 'ਕਵਰੇਜ ਆਫ ਸਿਲੇਬਸ' ਨੂੰ ਜਾਂ ਤਾਂ ਮਾੜਾ ਜਾਂ ਔਸਤ ਦਰਜਾ ਦਿੱਤਾ ਸੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਜਿਨ੍ਹਾਂ ਵਿਦਿਆਰਥੀਆਂ ਤੋਂ ਫੀਡਬੈਕ ਲਿਆ ਗਿਆ ਸੀ, ਉਨ੍ਹਾਂ ਦਾ ਸੈਂਪਲ ਸਾਇਜ਼ ਯੂਨੀਵਰਸਿਟੀ ਦੇ ਕੁੱਲ ਵਿਦਿਆਰਥੀਆਂ ਦਾ ਸਿਰਫ਼ ਪੰਜ *ਪ੍ਰਤੀਸ਼ਤ* ਸੀ। ਅਜਿਹੇ ਛੋਟੇ ਸੈਂਪਲ ਦੀਆਂ ਟਿੱਪਣੀਆਂ ਨੂੰ ਆਮ ਨਹੀਂ ਕੀਤਾ ਜਾ ਸਕਦਾ ਸੀ।

ਇਸ ਤੋਂ ਇਲਾਵਾ, ਯੂਨੀਵਰਸਿਟੀ ਨੇ ਬੇਨਤੀ ਕੀਤੀ ਕਿ ਫੀਡਬੈਕ ਦੁਬਾਰਾ ਲਿਆ ਜਾਵੇ ਪਰ ਇੱਕ ਵੱਡੇ ਸੈਂਪਲ ਨਾਲ ਅਤੇ ਪੂਰੀ ਯੂਨੀਵਰਸਿਟੀ ਦੇ ਵਿਭਾਗਾਂ ਤੋਂ ਤਾਂ ਜੋ ਤੱਥਾਂ ਦੇ ਸਧਾਰਨੀਕਰਣ ਦਾ ਪਤਾ ਲਗਾਇਆ ਜਾ ਸਕੇ। ਯੂਨੀਵਰਸਿਟੀ ਦਾ ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਸਰਵੇਖਣ ਲਈ ਵਿਦਿਆਰਥੀਆਂ ਨੂੰ ਰੈਂਡਮ ਢੰਗ ਨਾਲ ਚੁਣਿਆ ਗਿਆ ਸੀ ਅਤੇ ਇਹ ਸਮੁੱਚੇ ਵਿਦਿਆਰਥੀਆਂ ਦਾ ਪ੍ਰਤੀਨਿਧ ਸੈਂਪਲ ਸੀ।

1.3.14 ਕੈਂਪਸ ਇਮਾਰਤਾਂ ਦੀ ਸੰਯੁਕਤ ਨਿਰੀਖਣ

ਵਿਦਿਆਰਥੀਆਂ ਲਈ ਵੱਖ-ਵੱਖ ਸਹੂਲਤਾਂ ਦੀ ਉਪਲਬਧਤਾ ਦਾ ਪਤਾ ਲਗਾਉਣ ਲਈ ਲੇਖਾ ਪ੍ਰੀਖਿਆ ਦੌਰਾਨ ਯੂਨੀਵਰਸਿਟੀ ਦੇ 12 ਚੁਣੇ ਹੋਏ ਅਕਾਦਮਿਕ ਵਿਭਾਗਾਂ ਅਤੇ 14 ਹੋਸਟਲਾਂ ਦਾ ਸੰਯੁਕਤ ਨਿਰੀਖਣ ਕੀਤਾ ਗਿਆ। ਸੰਯੁਕਤ ਨਿਰੀਖਣ ਦੌਰਾਨ ਵੇਖੀਆਂ ਗਈਆਂ ਕਮੀਆਂ ਦਾ ਵੇਰਵਾ **ਸਾਰਣੀ 1.8** ਵਿੱਚ ਦਿੱਤਾ ਗਿਆ ਹੈ।

ਸਾਰਣੀ 1.8: ਪੀ ਏ ਯੂ ਦੇ ਚੁਣੇ ਹੋਏ ਵਿਭਾਗਾਂ ਅਤੇ ਹੋਸਟਲਾਂ ਦੀਆਂ ਕੈਂਪਸ ਇਮਾਰਤਾਂ ਦੇ ਸੰਯੁਕਤ ਨਿਰੀਖਣ ਦੇ ਨਤੀਜੇ

ਲੜੀ ਨੰ.	ਸਹੂਲਤ	ਅਕਾਦਮਿਕ ਵਿਭਾਗ (12)	ਹੋਸਟਲ (14)
1.	ਅੱਗ ਬੁਝਾਊ ਪ੍ਰਣਾਲੀ	ਸੱਤ[34] ਵਿਭਾਗਾਂ ਵਿੱਚ ਅੱਗ ਬੁਝਾਊ ਉਪਕਰਣਾਂ ਦੀ ਅਣਹੋਂਦ ਸੀ ਅਤੇ ਰਸਾਇਣ ਵਿਗਿਆਨ ਵਿਭਾਗ ਵਿੱਚ ਅੱਗ ਬੁਝਾਊ ਉਪਕਰਣ ਦੀ ਮਿਆਦ ਸਮਾਪਤ ਹੋ ਗਈ ਸੀ (2021)।	ਅੱਗ ਬੁਝਾਉ ਉਪਕਰਣ ਸਿਰਫ਼ ਤਿੰਨ[35] ਹੋਸਟਲਾਂ ਵਿੱਚ ਉਪਲਬਧ ਸਨ।
2.	ਫਸਟ ਏਡ ਬਾਕਸ	ਅੱਠ[36] ਵਿਭਾਗਾਂ ਵਿੱਚ ਫਸਟ-ਏਡ ਬਾਕਸ ਦੀ ਸਹੂਲਤ ਉਪਲਬਧ ਨਹੀਂ ਸੀ।	ਪੰਜ[37] ਹੋਸਟਲਾਂ ਵਿੱਚ ਫਸਟ-ਏਡ ਬਾਕਸ ਦੀ ਸਹੂਲਤ ਉਪਲਬਧ ਨਹੀਂ ਸੀ।
3.	ਸਥਿਰ ਸੰਪਤੀ ਨਿਸ਼ਾਨਦੇਹੀ	ਛੇ[38] ਵਿਭਾਗ ਵਿੱਚ ਸਥਿਰ ਸੰਪਤੀਆਂ 'ਤੇ ਨਿਸ਼ਾਨਦੇਹੀ ਉਪਲਬਧ ਨਹੀਂ ਸੀ ਜਦੋਂ ਕਿ ਪੰਜ[39] ਵਿਭਾਗਾਂ ਵਿੱਚ ਨਿਸ਼ਾਨਦੇਹੀ ਅੰਸ਼ਕ ਸੀ।	ਸਥਿਰ ਸੰਪਤੀਆਂ 'ਤੇ ਨਿਸ਼ਾਨਦੇਹੀ ਸਿਰਫ਼ ਦੋ ਹੋਸਟਲਾਂ ਜਿਵੇਂ ਹੋਸਟਲ ਨੰਬਰ 10 ਅਤੇ 16 ਵਿੱਚ ਉਪਲਬਧ ਸੀ।

ਸ੍ਰੋਤ: ਚੁਣੇ ਹੋਏ ਵਿਭਾਗਾਂ ਅਤੇ ਹੋਸਟਲਾਂ ਦਾ ਸੰਯੁਕਤ ਨਿਰੀਖਣ

[34] (i) ਵਿਸਥਾਰ ਸਿੱਖਿਆ ਅਤੇ ਸੰਚਾਰ ਪ੍ਰਬੰਧਨ; (ii) ਫੁੱਲਾਂ ਦੀ ਖੇਤੀ ਅਤੇ ਲੈਂਡਸਕੇਪਿੰਗ; (iii) ਖੁਰਾਕ ਅਤੇ ਪੋਸ਼ਣ; (iv) ਗਣਿਤ, ਅੰਕੜਾ ਵਿਗਿਆਨ ਅਤੇ ਭੌਤਿਕ ਵਿਗਿਆਨ; (v) ਪਲਾਂਟ ਪੈਥੋਲੋਜੀ; (vi) ਪ੍ਰੋਸੈਸਿੰਗ ਅਤੇ ਖੁਰਾਕ ਇੰਜਨੀਅਰਿੰਗ; ਅਤੇ (vii) ਸਬਜੀ ਵਿਗਿਆਨ।

[35] ਹੋਸਟਲ ਨੰਬਰ 4, 7 ਅਤੇ 10

[36] (i) ਕੀਟ ਵਿਗਿਆਨ; (ii) ਵਿਸਥਾਰ ਸਿੱਖਿਆ ਅਤੇ ਸੰਚਾਰ ਪ੍ਰਬੰਧਨ; (iii) ਫੁੱਲਾਂ ਦੀ ਖੇਤੀ ਅਤੇ ਲੈਂਡਸਕੇਪਿੰਗ; (iv) ਖੁਰਾਕ ਅਤੇ ਪੋਸ਼ਣ; (v) ਗਣਿਤ, ਅੰਕੜਾ ਵਿਗਿਆਨ ਅਤੇ ਭੌਤਿਕ ਵਿਗਿਆਨ; (vi) ਪਲਾਂਟ ਪੈਥੋਲੋਜੀ; (vii) ਪ੍ਰੋਸੈਸਿੰਗ ਅਤੇ ਖੁਰਾਕ ਇੰਜੀਨੀਅਰਿੰਗ; ਅਤੇ (viii) ਸਬਜੀ ਵਿਗਿਆਨ।


[37] ਹੋਸਟਲ ਨੰਬਰ 1, 11, 12, 14 ਅਤੇ 15

[38] (i) ਸਬਜੀ ਵਿਗਿਆਨ; (ii) ਸਿਵਲ ਇੰਜੀਨੀਅਰਿੰਗ; (iii) ਕੀਟ ਵਿਗਿਆਨ; (iv) ਵਿਸਥਾਰ ਸਿੱਖਿਆ; (v) ਵਿਸਥਾਰ ਸਿੱਖਿਆ ਅਤੇ ਸੰਚਾਰ ਪ੍ਰਬੰਧਨ; ਅਤੇ (vi) ਪ੍ਰੋਸੈਸਿੰਗ ਅਤੇ ਖੁਰਾਕ ਇੰਜੀਨੀਅਰਿੰਗ।

[39] (i) ਰਸਾਇਣ ਵਿਗਿਆਨ; (ii) ਫੁੱਲਾਂ ਦੀ ਖੇਤੀ ਅਤੇ ਲੈਂਡਸਕੇਪਿੰਗ; (iii) ਗਣਿਤ, ਅੰਕੜਾ ਵਿਗਿਆਨ ਅਤੇ ਭੌਤਿਕ ਵਿਗਿਆਨ; (iv) ਪਲਾਂਟ ਪੈਥੋਲੋਜੀ; ਅਤੇ (v) ਸਬਜੀ ਵਿਗਿਆਨ।

ਉਪਰੋਕਤ ਤੋਂ ਇਲਾਵਾ,

- ਛੇ ਵਿਭਾਗਾਂ[40] ਦੇ ਕਲਾਸਰੂਮਾਂ ਵਿੱਚ ਇੰਟਰਐਕਟਿਵ ਬੋਰਡ/ਟੱਚ ਸਕ੍ਰੀਨ ਉਪਲਬਧ ਨਹੀਂ ਸਨ।
- ਸਬਜ਼ੀ ਵਿਗਿਆਨ, ਸਿਵਲ ਇੰਜੀਨੀਅਰਿੰਗ ਅਤੇ ਵਿਸਥਾਰ ਸਿੱਖਿਆ ਵਿਭਾਗਾਂ ਨੂੰ ਛੱਡ ਕੇ ਸਾਰੇ ਵਿਭਾਗਾਂ ਵਿੱਚ ਸ਼ਿਕਾਇਤ ਨਿਵਾਰਣ ਬੋਰਡ ਉਪਲਬਧ ਨਹੀਂ ਸੀ।
- ਦੋ ਹੋਸਟਲਾਂ[41] ਵਿੱਚ ਵਾਸ਼ਰੂਮਾਂ ਦੀ ਚੰਗੀ ਤਰ੍ਹਾਂ ਰੱਖ-ਰਖਾਅ ਨਹੀਂ ਕੀਤੀ ਗਈ ਸੀ। ਕਮੀਆਂ ਦਾ ਇੱਕ ਨਮੂਨਾ **ਫੋਟੋ ਨੰਬਰ 2 *ਅਤੇ* 3** ਦੇ ਤੌਰ 'ਤੇ ਫੋਟੋਆਂ ਵਿੱਚ ਦਿਖਾਇਆ ਗਿਆ ਹੈ।
- ਪੰਜ ਹੋਸਟਲਾਂ[42] ਵਿੱਚ ਰਹਿੰਦ-ਖੂੰਹਦ ਨੂੰ ਵੱਖ ਕਰਨ ਲਈ ਵੱਖਰੀ ਡਸਟਬਿਨ ਸਹੂਲਤ ਉਪਲਬਧ ਨਹੀਂ ਸੀ।
- ਪਾਵਰਕੱਟ ਦੇ ਬਾਵਜੂਦ ਕਿਸੇ ਵੀ ਹੋਸਟਲ ਵਿੱਚ ਜਨਰੇਟਰ ਦੀ ਸਹੂਲਤ ਉਪਲਬਧ ਨਹੀਂ ਸੀ।
- ਹੋਸਟਲ ਨੰ. 12 ਅਤੇ 13 ਵਿੱਚ ਟੀ ਵੀ ਅਤੇ ਅਖਬਾਰਾਂ ਦੀ ਸਹੂਲਤ ਉਪਲਬਧ ਨਹੀਂ ਸੀ।





ਫੋਟੋ 2 ਅਤੇ 3: ਹੋਸਟਲ ਨੰ. 1 ਦਾ ਟੁੱਟਿਆ ਹੋਈਆ ਵਾਸ਼ਰੂਮ (11-01-2023)

ਇਸ ਤੋਂ ਇਲਾਵਾ, ਸੰਪਤੀ ਦੀ ਨਿਸ਼ਾਨਦੇਹੀ ਦੀ ਅਣਹੋਂਦ ਵਿੱਚ ਸੰਪਤੀਆਂ ਦੀ ਸਹੀ ਪਛਾਣ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਦਾ, ਜਿਸ ਨਾਲ ਉਨ੍ਹਾਂ ਦੀ ਦੁਰਵਰਤੋਂ ਦਾ ਖਤਰਾ ਪੈਦਾ ਹੁੰਦਾ ਹੈ।

ਯੂਨੀਵਰਸਿਟੀ ਨੇ (ਅਕਤੂਬਰ 2024) ਕਿਹਾ ਕਿ ਸਾਰੇ ਹੋਸਟਲਾਂ ਵਿੱਚ ਅੱਗ ਬੁਝਾਊ ਉਪਕਰਣ ਅਤੇ ਫਸਟ-ਏਡ ਬਾਕਸ ਸਥਾਪਤ ਕੀਤੇ ਗਏ ਸਨ। ਹੋਸਟਲ ਸਟਾਫ ਨੂੰ ਸਥਿਰ ਸੰਪਤੀਆਂ ਨੂੰ ਨਿਸ਼ਾਨਬੱਧ ਕਰਨ ਦੀ ਪ੍ਰਕਿਰਿਆ ਪੂਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ ਅਤੇ ਇਹ ਜਲਦੀ ਹੀ ਪੂਰਾ ਹੋ ਜਾਵੇਗਾ।

ਅਕਤੂਬਰ 2024 ਤੱਕ ਲੇਖਾ ਪ੍ਰੀਖਿਆ ਵਿੱਚ ਕੰਮ ਪੂਰਾ ਹੋਣ ਦੇ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਸੀ ।

---

40 (i) ਰਸਾਇਣ ਵਿਗਿਆਨ; (ii) ਕੀਟ ਵਿਗਿਆਨ; (iii) ਵਿਸਥਾਰ ਸਿੱਖਿਆ; (iv) ਵਿਸਥਾਰ ਸਿੱਖਿਆ ਅਤੇ ਸੰਚਾਰ ਪ੍ਰਬੰਧਨ; (v) ਪ੍ਰੋਸੈਸਿੰਗ ਅਤੇ ਖੁਰਾਕ ਇੰਜੀਨੀਅਰਿੰਗ; ਅਤੇ (vi) ਸਬਜ਼ੀ ਵਿਗਿਆਨ।

41 ਹੋਸਟਲ ਨੰਬਰ 1 ਅਤੇ 13


42 ਹੋਸਟਲ ਨੰਬਰ 1, 2, 11, 13 ਅਤੇ 15

1.3.15 ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਰੈਂਕਿੰਗ

(i) ਰਾਸ਼ਟਰੀ ਸੰਸਥਾਗਤ ਰੈਂਕਿੰਗ ਫਰੇਮਵਰਕ (ਐਨ ਆਈ ਆਰ ਐਫ) ਇੱਕ ਵਿਧੀ ਦੀ ਰੂਪ ਰੇਖਾ ਤਿਆਰ ਕਰਦਾ ਹੈ ਜੋ ਪੰਜ ਮਾਪਦੰਡਾਂ ਜਿਵੇਂ ਕਿ ਅਧਿਆਪਨ, ਸਿੱਖਣ ਅਤੇ ਸਰੋਤ (30 *ਪ੍ਰਤੀਸ਼ਤ*); ਖੋਜ ਅਤੇ ਪੇਸ਼ੇਵਰ ਅਭਿਆਸ (30 *ਪ੍ਰਤੀਸ਼ਤ*); ਗ੍ਰੈਜੂਏਸ਼ਨ ਦਾ ਨਤੀਜਾ (20 *ਪ੍ਰਤੀਸ਼ਤ*); ਪਹੁੰਚ ਅਤੇ ਸ਼ਮੂਲੀਅਤ (10 *ਪ੍ਰਤੀਸ਼ਤ*); ਅਤੇ ਧਾਰਨਾ (10 *ਪ੍ਰਤੀਸ਼ਤ*) ਦੇ ਅਧਾਰ 'ਤੇ ਵੱਖ-ਵੱਖ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨੂੰ ਰੈਂਕ ਦਿੰਦਾ ਹੈ। ਆਈ ਸੀ ਏ ਆਰ ਦੇ ਨਿਰਦੇਸ਼ਾਂ (24 ਦਸੰਬਰ 2020) ਅਨੁਸਾਰ ਐਨ ਆਈ ਆਰ ਐਫ ਨੇ 2020-21 ਦੌਰਾਨ ਖੇਤੀਬਾੜੀ ਯੂਨੀਵਰਸਿਟੀ ਦੀ ਰੈਂਕਿੰਗ ਨਹੀਂ ਕੀਤੀ। ਬਾਅਦ ਵਿੱਚ, ਆਈ ਸੀ ਏ ਆਰ (ਸਤੰਬਰ 2022) ਨੇ ਰਾਜ ਖੇਤੀਬਾੜੀ ਯੂਨੀਵਰਸਿਟੀਆਂ ਨੂੰ ਐਨ ਆਈ ਆਰ ਐਫ ਰੈਂਕਿੰਗ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ ਕਿਹਾ।

2017-19[43] ਦੌਰਾਨ ਭਾਰਤ ਵਿੱਚ 100 ਯੂਨੀਵਰਸਿਟੀਆਂ; ਅਤੇ ਭਾਰਤ ਵਿੱਚ 100 ਸੰਸਥਾਵਾਂ ਅਤੇ ਯੂਨੀਵਰਸਿਟੀਆਂ (ਸੰਯੁਕਤ) ਵਿੱਚ ਪੀ ਏ ਯੂ ਦੀ ਐਨ ਆਈ ਆਰ ਐਫ ਰੈਂਕਿੰਗ ਦੇ ਰੁਝਾਨ ਨੂੰ **ਚਾਰਟ 1.12** ਵਿੱਚ ਦਰਸਾਇਆ ਗਿਆ ਹੈ।

ਚਾਰਟ 1.12: 2017-19 ਦੌਰਾਨ ਪੀ ਏ ਯੂ ਦੀ ਐਨ ਆਈ ਆਰ ਐਫ ਰੈਂਕਿੰਗ



ਸ੍ਰੋਤ: ਰਾਸ਼ਟਰੀ ਸੰਸਥਾਗਤ ਰੈਂਕਿੰਗ ਫਰੇਮਵਰਕ (ਐਨ ਆਈ ਆਰ ਐਫ) ਦੀ ਵੈੱਬਸਾਈਟ

ਸਾਲ ਦਰ ਸਾਲ ਯੂਨੀਵਰਸਿਟੀ ਦੀ ਐਨ ਆਈ ਆਰ ਐਫ ਰੈਂਕਿੰਗ ਵਿੱਚ ਕ੍ਰਮਵਾਰ ਗਿਰਾਵਟ ਦਰਜ ਕੀਤੀ ਗਈ ਸੀ। ਯੂਨੀਵਰਸਿਟੀ ਦੀ ਐਨ ਆਈ ਆਰ ਐਫ ਰੈਂਕਿੰਗ ਵਿੱਚ ਗਿਰਾਵਟ ਦਾ ਕਾਰਨ ਚਾਰ ਮਾਪਦੰਡਾਂ[44] "ਅਧਿਆਪਨ, ਸਿਖਲਾਈ ਅਤੇ ਸਰੋਤ, ਗ੍ਰੈਜੂਏਸ਼ਨ ਨਤੀਜਾ, ਪਹੁੰਚ ਅਤੇ ਸ਼ਮੂਲੀਅਤ

---

[43] ਆਈ ਸੀ ਏ ਆਰ ਦੇ ਨਿਰਦੇਸ਼ਾਂ ਅਨੁਸਾਰ ਐਨ ਆਈ ਆਰ ਐਫ ਨੇ ਸਾਲ 2019-20 ਤੋਂ ਬਾਅਦ ਖੇਤੀਬਾੜੀ ਯੂਨੀਵਰਸਿਟੀਆਂ ਨੂੰ ਕੋਈ ਰੈਂਕ ਨਹੀਂ ਦਿੱਤਾ।


[44] ਅਧਿਆਪਨ, ਪੜ੍ਹਾਈ ਅਤੇ ਸਰੋਤ (ਸਾਲ 2017 ਵਿੱਚ 77.94 *ਪ੍ਰਤੀਸ਼ਤ* ਤੋਂ ਸਾਲ 2019 ਵਿੱਚ 76.96 *ਪ੍ਰਤੀਸ਼ਤ*); ਗ੍ਰੈਜੂਏਸ਼ਨ ਨਤੀਜਾ (ਸਾਲ 2017 ਵਿੱਚ 57.20 *ਪ੍ਰਤੀਸ਼ਤ* ਤੋ ਸਾਲ 2019 ਵਿੱਚ 56.22 *ਪ੍ਰਤੀਸ਼ਤ*); ਪਹੁੰਚ ਅਤੇ ਸ਼ਮੂਲੀਅਤ (ਸਾਲ 2017 ਵਿੱਚ 48.44 *ਪ੍ਰਤੀਸ਼ਤ* ਤੋਂ ਸਾਲ 2019 ਵਿੱਚ 40.94 *ਪ੍ਰਤੀਸ਼ਤ*); ਧਾਰਨਾ (ਸਾਲ 2017 ਵਿੱਚ 3.83 *ਪ੍ਰਤੀਸ਼ਤ* ਤੋਂ ਸਾਲ 2019 ਵਿੱਚ 3.19 *ਪ੍ਰਤੀਸ਼ਤ*)।

ਅਤੇ ਧਾਰਨਾ" ਦੇ ਸਬੰਧ ਵਿੱਚ ਸਕੋਰ ਵਿੱਚ ਕਮੀ ਸੀ, ਜਦੋਂ ਕਿ ਪੰਜਵੇ ਮਾਪਦੰਡ[45] ਦੇ ਸਬੰਧ ਵਿੱਚ ਸਕੋਰ ਵਿੱਚ ਥੋੜ੍ਹਾ ਜਿਹਾ ਵਾਧਾ ਹੋਇਆ ਸੀ।

ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਪੀ ਏ ਯੂ ਨੇ ਐਨ ਆਈ ਆਰ ਐਫ ਰੰਕਿੰਗ ਵਿੱਚ ਗਿਰਾਵਟ ਦੇ ਕਾਰਨਾ ਦਾ ਵਿਸ਼ਲੇਸ਼ਣ ਨਹੀਂ ਕੀਤਾ, ਇਸ ਲਈ, ਸੁਧਾਰਾਤਮਕ ਉਪਾਅ ਨਹੀਂ ਕੀਤੇ।

(ii) ਭਾਰਤੀ ਸੰਸਥਾਵਾਂ ਦੀ ਰੈਂਕਿੰਗ ਤੇ ਰਾਸ਼ਟਰੀ ਪਹਿਲਕਦਮੀ ਦੇ ਅਨੁਸਾਰ, ਆਈ ਸੀ ਏ ਆਰ ਦੁਆਰਾ ਖੇਤੀਬਾੜੀ ਯੂਨੀਵਰਸਿਟੀਆਂ ਦੀ ਰੈਂਕਿੰਗ ਸਾਲ 2017 ਵਿੱਚ ਸ਼ੁਰੂ ਕੀਤੀ ਗਈ ਸੀ। ਸਾਲ 2021 ਤੋਂ ਬਾਅਦ ਰੈਕਿੰਗ ਬੰਦ ਕਰ ਦਿੱਤੀ ਗਈ ਸੀ। 2017-20[46] ਦੀ ਮਿਆਦ ਦੌਰਾਨ ਪੀ ਏ ਯੂ ਦੀ ਆਈ ਸੀ ਏ ਆਰ ਰੈਂਕਿੰਗ ਨੂੰ **ਚਾਰਟ** 1.13 ਵਿੱਚ ਦਰਸਾਇਆ ਗਿਆ ਹੈ।

ਚਾਰਟ 1.13: 2017-20 ਦੀ ਮਿਆਦ ਦੌਰਾਨ ਪੀ ਏ ਯੂ ਦੀ ਆਈ ਸੀ ਏ ਆਰ ਰੈਂਕਿੰਗ



ਸ੍ਰੋਤ: ਆਈ ਸੀ ਏ ਆਰ ਦੀ ਵੈੱਬਸਾਈਟ

ਹਾਲਾਂਕਿ, ਉਪਰੋਕਤ ਵਿਅਕਤੀਗਤ ਮਾਪਦੰਡਾਂ 'ਤੇ ਯੂਨੀਵਰਸਿਟੀ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਨਹੀਂ ਕੀਤਾ ਜਾ ਸਕਿਆ ਕਿਉਂਕਿ ਆਈ ਸੀ ਏ ਆਰ ਦੁਆਰਾ ਰੈਂਕਿੰਗ ਲਈ ਮਾਪਦੰਡਾਂ-ਵਾਰ ਸਕੋਰ ਜਾਰੀ ਨਹੀਂ ਕੀਤੇ ਗਏ ਸਨ।

ਐਗਜ਼ਿਟ ਕਾਨਫਰੰਸ ਵਿੱਚ, ਯੂਨੀਵਰਸਿਟੀ ਨੇ (ਜੂਨ 2023) ਐਨ ਆਈ ਆਰ ਐਫ ਰੈਂਕਿੰਗ ਵਿੱਚ ਸੁਧਾਰ ਲਈ ਜ਼ਰੂਰੀ ਕਦਮ ਚੁੱਕਣ ਦਾ ਭਰੋਸਾ ਦਿੱਤਾ। ਇਸ ਤੋਂ ਬਾਅਦ, ਯੂਨੀਵਰਸਿਟੀ ਨੇ (ਅਕਤੂਬਰ 2024) ਕਿਹਾ ਕਿ ਪੀ ਏ ਯੂ ਨੇ 2023 ਅਤੇ 2024 ਵਿੱਚ ਐਨ ਆਈ ਆਰ ਐਫ ਦੁਆਰਾ ਸਮੁੱਚੀ ਸ਼੍ਰੇਣੀ ਵਿੱਚ ਕ੍ਰਮਵਾਰ 74$^{ਵਾਂ}$ ਅਤੇ 80$^{ਵਾਂ}$ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ, ਯੂਨੀਵਰਸਿਟੀ ਨੇ ਐਨ ਆਈ ਆਰ ਐਫ-2023 ਅਤੇ 2024 ਦੁਆਰਾ ਖੇਤੀਬਾੜੀ ਅਤੇ ਸਹਾਇਕ ਖੇਤਰ ਸ਼੍ਰੇਣੀ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

---

45 ਖੋਜ ਅਤੇ ਪੇਸ਼ੇ ਦਾ ਅਭਿਆਸ: ਸਾਲ 2017 ਵਿੱਚ ਸਕੋਰ 16.51 *ਪ੍ਰਤੀਸ਼ਤ* ਤੋਂ ਵੱਧ ਕੇ ਸਾਲ 2019 ਵਿੱਚ 19.73 *ਪ੍ਰਤੀਸ਼ਤ* ਹੋ ਗਿਆ।

46 ਯੂਨੀਵਰਸਿਟੀ ਵੱਲੋਂ ਪੁਸ਼ਟੀ ਕੀਤੀ ਗਈ ਹੈ ਕਿ ਆਈ ਸੀ ਏ ਆਰ ਰੈਂਕਿੰਗ ਨੂੰ 2021 ਤੋਂ ਬੰਦ ਕਰ ਦਿੱਤਾ ਗਿਆ ਹੈ।

ਯੂਨੀਵਰਸਿਟੀ ਦਾ ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਇਹ ਸਮੁੱਚੀ ਸ਼੍ਰੇਣੀ (82$^{ਵੇਂ}$ ਸਥਾਨ) ਵਿੱਚ ਐਨ ਆਈ ਆਰ ਐਫ ਰੈਂਕਿੰਗ ਵਿੱਚ ਲਗਾਤਾਰ ਗਿਰਾਵਟ ਨੂੰ ਦਰਸਾਉਂਦਾ ਸੀ।

1.3.16 ਸਿੱਟਾ

ਰਾਸ਼ਟਰੀ ਖੇਤੀਬਾੜੀ ਸਿੱਖਿਆ ਮਾਨਤਾ ਬੋਰਡ (ਐਨ ਏ ਈ ਬੀ) ਨਾਲ ਮੁੜ ਮਾਨਤਾ ਲਈ ਅਰਜ਼ੀ ਦੇਣ ਵਿੱਚ ਦੇਰੀ ਕਾਰਨ ਯੂਨੀਵਰਸਿਟੀ ਪੰਜ ਮਹੀਨਿਆਂ ਤੋਂ ਵੱਧ ਸਮੇਂ ਲਈ ਭਾਰਤੀ ਖੇਤੀਬਾੜੀ ਖੋਜ ਕੌਂਸਲ (ਆਈ ਸੀ ਏ ਆਰ) ਦੀ ਲੋੜੀਂਦੀ ਮਾਨਤਾ ਤੋਂ ਬਿਨ੍ਹਾਂ ਕੰਮ ਕਰਦੀ ਰਹੀ।

2017-22 ਦੀ ਮਿਆਦ ਦੌਰਾਨ ਵਿਦਿਆਰਥੀਆਂ ਦੇ ਦਾਖਲੇ ਵਿੱਚ ਦਾਖਲਾ ਸਮਰੱਥਾ ਦੇ 14 *ਪ੍ਰਤੀਸ਼ਤ* ਤੋਂ 31 *ਪ੍ਰਤੀਸ਼ਤ* ਤੱਕ ਕਮੀ ਆਈ ਸੀ। ਇਸ ਤੋਂ ਇਲਾਵਾ, ਪੀ ਡਬਲਯੂ ਡੀ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੀ ਪ੍ਰਤੀਸ਼ਤਤਾ 20 *ਪ੍ਰਤੀਸ਼ਤ* ਤੋਂ ਘੱਟ ਰਹੀ।

2017-22 ਦੀ ਮਿਆਦ ਦੌਰਾਨ ਅਧਿਆਪਨ ਸਟਾਫ ਦੀ ਕੁੱਲ ਕਮੀ 39 ਅਤੇ 43 *ਪ੍ਰਤੀਸ਼ਤ* ਅਤੇ ਗੈਰ-ਅਧਿਆਪਨ ਸਟਾਫ ਦੀ 51 ਅਤੇ 58 *ਪ੍ਰਤੀਸ਼ਤ* ਦੇ ਵਿਚਕਾਰ ਸੀ। 31 ਮਾਰਚ 2022 ਤੱਕ ਅਧਿਆਪਨ ਸਟਾਫ ਦੇ ਵੱਖ-ਵੱਖ ਕਾਡਰਾਂ ਵਿੱਚ ਕਮੀ 22 ਅਤੇ 44 *ਪ੍ਰਤੀਸ਼ਤ* ਦੇ ਵਿਚਕਾਰ ਸੀ।

ਪੀ ਏ ਯੂ ਨੇ ਨਾ ਤਾਂ ਕੋਈ ਡਿਸਟੈਂਸ ਸਿੱਖਿਆ ਕੇਂਦਰ ਸਥਾਪਤ ਕੀਤਾ ਅਤੇ ਨਾ ਹੀ ਕੋਈ ਆਨਲਾਈਨ ਕੋਰਸ ਸ਼ੁਰੂ ਕੀਤਾ (ਫ੍ਰੈਂਚ ਭਾਸ਼ਾ ਨੂੰ ਛੱਡਕੇ)।

2017-22 ਦੀ ਮਿਆਦ ਦੌਰਾਨ ਪਲੇਸਮੈਂਟ ਦੀ ਮੰਗ ਕਰਨ ਵਾਲੇ 345 ਤੋਂ 682 ਵਿਦਿਆਰਥੀਆਂ ਦੇ ਮੁਕਾਬਲੇ, 29 ਤੋਂ 71 *ਪ੍ਰਤੀਸ਼ਤ* ਵਿਦਿਆਰਥੀਆਂ ਨੂੰ ਪਲੇਸਮੈਂਟ ਮਿਲੀ। ਸਾਲ 2017-18 ਤੋਂ 2020-21 ਦੌਰਾਨ ਵਿਦਿਆਰਥੀਆਂ ਦੀ ਪਲੇਸਮੈਂਟ ਦੀ ਪ੍ਰਤੀਸ਼ਤਤਾ 42 ਤੋਂ ਵੱਧ ਕੇ 71 ਹੋ ਗਈ, ਜੋ 2021-22 ਦੌਰਾਨ ਘੱਟ ਕੇ 29 *ਪ੍ਰਤੀਸ਼ਤ* ਰਹਿ ਗਈ।

ਯੂਨੀਵਰਸਿਟੀ ਨੇ ਅੰਦਰੂਨੀ ਗੁਣਵੱਤਾ ਭਰੋਸਾ ਸੈੱਲ (ਆਈ ਕਿਊ ਏ ਸੀ) ਦੀ ਸਥਾਪਨਾ ਨਹੀਂ ਕੀਤੀ। ਵਿਦਿਆਰਥੀਆਂ ਲਈ ਸ਼ਿਕਾਇਤ ਨਿਵਾਰਣ ਪ੍ਰਣਾਲੀ ਦੀ ਵੀ ਘਾਟ ਸੀ।

ਪੀ ਏ ਯੂ ਦੀ ਰਾਸ਼ਟਰੀ ਸੰਸਥਾਗਤ ਰੈਂਕਿੰਗ ਫਰੇਮਵਰਕ (ਐਨ ਆਈ ਆਰ ਐਫ) ਰੈਂਕਿੰਗ ਭਾਰਤ ਦੀਆਂ 100 ਯੂਨੀਵਰਸਿਟੀਆਂ ਵਿੱਚ 24 (2017) ਤੋਂ ਘੱਟ ਕੇ 51 (2019); ਅਤੇ ਭਾਰਤ ਦੀਆਂ 100 ਸੰਸਥਾਵਾਂ ਅਤੇ ਯੂਨੀਵਰਸਿਟੀਆਂ (ਸੰਯੁਕਤ) ਵਿੱਚ 40 (2017) ਤੋਂ ਘੱਟ ਕੇ 75 (2019) ਹੋ ਗਈ।

1.3.17 ਸਿਫਾਰਸ਼ਾਂ

ਲੇਖਾ ਪ੍ਰੀਖਿਆ ਦੀਆਂ ਲੱਭਤਾਂ ਦੇ ਮੱਦੇ ਨਜ਼ਰ, ਯੂਨੀਵਰਸਿਟੀ ਇਹ ਕਰ ਸਕਦੀ ਹੈ:

(i) *ਆਈ ਸੀ ਏ ਆਰ ਦੀ ਮਾਨਤਾ ਨੂੰ ਸਮਾਂਬੱਧ ਤਰੀਕੇ ਨਾਲ ਯਕੀਨੀ ਬਣਾਉਣਾ ਤਾਂ ਜੋ ਯੂਨੀਵਰਸਿਟੀ ਦੀਆਂ ਗਤੀਵਿਧੀਆਂ 'ਤੇ ਕਿਸੇ ਵੀ ਮਾੜੇ ਪ੍ਰਭਾਵ ਤੋਂ ਬਚਿਆ ਜਾ ਸਕੇ;*

(ii) *ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਪ੍ਰਭਾਵੀ ਕਦਮ ਚੁੱਕਣਾ;*

(iii) ਡਿਸਟੈਂਸ ਸਿੱਖਿਆ ਕੇਂਦਰ ਦੀ ਸਥਾਪਨਾ ਦੀ ਪੜਚੋਲ ਕਰਨਾ;


(iv) ਕਾਊਂਸਲਿੰਗ ਅਤੇ ਪਲੇਸਮੈਂਟ ਗਾਈਡੈਂਸ ਸੈੱਲ ਅਤੇ ਸ਼ਿਕਾਇਤ ਨਿਵਾਰਣ ਪ੍ਰਣਾਲੀ ਨੂੰ ਮਜ਼ਬੂਤ ਕਰਨਾ;

(v) ਸਬੰਧਤ ਮੁੱਦਿਆਂ ਨੂੰ ਹੱਲ ਕਰਕੇ ਐਨ ਆਈ ਆਰ ਐਫ ਰੈਂਕਿੰਗ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰਨਾ।

1.4 ਖੋਜ ਗਤੀਵਿਧੀਆਂ

ਪੀ ਏ ਯੂ ਆਪਣੇ ਖੋਜ ਡਾਇਰੈਕਟੋਰੇਟ ਰਾਹੀਂ ਖੇਤੀਬਾੜੀ ਅਤੇ ਸਹਾਇਕ ਅਧਿਐਨ ਵਿਸ਼ਿਆਂ ਵਿੱਚ ਵੱਖ-ਵੱਖ ਖੋਜ ਕਰਦੀ ਹੈ। ਜਿਸ ਵਿੱਚ ਮੁਢਲਾ ਵਿਗਿਆਨ ਅਤੇ ਹਿਊਮੈਨਿਟੀਜ਼, ਖੇਤੀ ਇੰਜਨੀਅਰਿੰਗ ਅਤੇ ਹੋਮ ਸਾਇੰਸ ਸ਼ਾਮਲ ਹਨ। ਇਸਦਾ ਸੰਗਠਨਾਤਮਕ ਢਾਂਚਾ ਹੇਠ ਲਿਖੇ ਅਨੁਸਾਰ ਹੈ:

ਖੋਜ ਡਾਇਰੈਕਟੋਰੇਟ, ਪੀ ਏ ਯੂ ਦਾ ਸੰਗਠਨਾਤਮਕ ਢਾਂਚਾ




ਪੀ ਏ ਯੂ ਦੀਆਂ ਖੋਜ ਗਤੀਵਿਧੀਆਂ ਨਾਲ ਸਬੰਧਤ ਲੇਖਾ ਪ੍ਰੀਖਿਆ ਲੱਭਤਾਂ ਦੀ ਚਰਚਾ ਅਗਲੇ ਪੈਰ੍ਹਿਆਂ ਵਿੱਚ ਕੀਤੀ ਗਈ ਹੈ।

1.4.1 ਖੋਜ ਪ੍ਰੋਜੈਕਟਾਂ ਨੂੰ ਚਲਾਉਣਾ

ਵੱਖ-ਵੱਖ ਏਜੰਸੀਆਂ ਭਾਵ ਆਈ ਸੀ ਏ ਆਰ, ਵਿਗਿਆਨ ਅਤੇ ਤਕਨਾਲੋਜੀ ਮੰਤਰਾਲਾ, ਬਾਇਓਤਕਨਾਲੋਜੀ ਵਿਭਾਗ (ਡੀ ਬੀ ਟੀ) ਅਤੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ (ਡੀ ਐਸ ਟੀ) ਜੀ ਓ ਆਈ, ਵਿਗਿਆਨ ਅਤੇ ਇੰਜਨੀਅਰਿੰਗ ਖੋਜ ਬੋਰਡ (ਐਸ ਈ ਆਰ ਬੀ), ਬੋਰਡ ਆਫ ਰਿਸਰਚ ਇਨ ਨਿਊਕਲੀਅਰ ਸਾਇੰਸ (ਬੀ ਆਰ ਐਨ ਐਸ), ਭਾਰਤੀ ਮੌਸਮ ਵਿਗਿਆਨ ਵਿਭਾਗ (ਆਈ ਐਮ ਡੀ), ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ), ਆਦਿ ਯੂਨੀਵਰਸਿਟੀ ਨੂੰ ਉਸ ਦੀਆਂ ਖੋਜ ਗਤੀਵਿਧੀਆਂ/ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ ਫੰਡ ਦਿੰਦੀਆਂ ਹਨ।

2017-18 ਤੋਂ 2021-22 ਦੀ ਮਿਆਦ ਦੌਰਾਨ ਯੂਨੀਵਰਸਿਟੀ ਨੂੰ ਪ੍ਰਸਤਾਵਿਤ ਅਤੇ ਮਨਜ਼ੂਰ ਕੀਤੇ ਗਏ ਖੋਜ ਪ੍ਰੋਜੈਕਟਾਂ ਦੇ ਏਜੰਸੀ-ਵਾਰ ਵੇਰਵੇ **ਚਾਰਟ** 1.14 ਵਿੱਚ ਦਿੱਤੇ ਗਏ ਹਨ।

ਚਾਰਟ 1.14: 2017-22 ਦੀ ਮਿਆਦ ਦੌਰਾਨ ਪ੍ਰਸਤਾਵਿਤ ਅਤੇ ਮਨਜ਼ੂਰ ਕੀਤੇ ਖੋਜ ਪ੍ਰੋਜੈਕਟਾਂ ਦੇ ਫੰਡਿੰਗ ਏਜੰਸੀ-ਵਾਰ ਵੇਰਵੇ



ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ
ਨੋਟ: ਹੋਰ ਫੰਡਿੰਗ ਏਜੰਸੀਆਂ ਦੁਆਰਾ ਮਨਜ਼ੂਰ ਕੀਤੇ ਪ੍ਰੋਜੈਕਟਾਂ ਵਿੱਚ ਦੋ ਸਾਂਝੇ ਤੌਰ 'ਤੇ ਫੰਡ ਕੀਤੇ ਪ੍ਰੋਜੈਕਟ ਸ਼ਾਮਲ ਹਨ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਯੂਨੀਵਰਸਿਟੀ ਵੱਲੋਂ 2017-22 ਦੌਰਾਨ ਪ੍ਰਸਤਾਵਿਤ ਕੁੱਲ 616 ਨਵੇਂ ਖੋਜ ਪ੍ਰੋਜੈਕਟਾਂ ਵਿੱਚੋਂ, ਪ੍ਰੋਜੈਕਟ ਫੰਡਿੰਗ ਏਜੰਸੀਆਂ ਵੱਲੋਂ ਸਿਰਫ਼ 193 ਖੋਜ ਪ੍ਰੋਜੈਕਟ (31.33 *ਪ੍ਰਤੀਸ਼ਤ*) ਮਨਜ਼ੂਰ ਕੀਤੇ ਗਏ ਸਨ। ਡੀ ਐਸ ਟੀ (ਜੀ ਓ ਆਈ) ਅਤੇ ਐਸ ਈ ਆਰ ਬੀ, ਨਵੀ ਦਿੱਲੀ ਨੇ ਕ੍ਰਮਵਾਰ ਸਿਰਫ਼ 16.33 ਅਤੇ 11.79 *ਪ੍ਰਤੀਸ਼ਤ* ਪ੍ਰਸਤਾਵਾਂ ਨੂੰ ਮਨਜ਼ੂਰ ਕੀਤਾ, ਜਦੋਂ ਕਿ 2017-22 ਦੀ ਮਿਆਦ ਦੌਰਾਨ ਯੂ ਜੀ ਸੀ ਅਤੇ ਬੀ ਆਰ ਐਨ ਐਸ ਵੱਲੋਂ ਕੋਈ ਪ੍ਰੋਜੈਕਟ ਮਨਜ਼ੂਰ ਨਹੀਂ ਕੀਤਾ ਗਿਆ ਸੀ, ਜਿਵੇਂ ਕਿ **ਚਾਰਟ** 1.14 ਵਿੱਚ ਦਰਸਾਇਆ ਗਿਆ ਹੈ।

ਕੁੱਲ 397 ਖੋਜ ਪ੍ਰੋਜੈਕਟਾਂ ਵਿਚੋਂ (1 ਅਪ੍ਰੈਲ 2017 ਨੂੰ 204 ਚਲ ਰਹੇ ਪ੍ਰੋਜੈਕਟਾਂ ਅਤੇ 2017-22 ਦੀ ਮਿਆਦ ਦੌਰਾਨ 193 ਖੋਜ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ), 218 ਖੋਜ ਪ੍ਰੋਜੈਕਟਾਂ (55 *ਪ੍ਰਤੀਸ਼ਤ*) ਨੂੰ 2017-22 ਦੀ ਮਿਆਦ ਦੌਰਾਨ ਮੁਕੰਮਲ ਕੀਤਾ ਗਿਆ ਸੀ।

1.4.1.1 ਫੰਡਿੰਗ ਏਜੰਸੀਆਂ ਦੁਆਰਾ ਖੋਜ ਪ੍ਰੋਜੈਕਟ ਪ੍ਰਸਤਾਵਾਂ ਦੀ ਗੈਰ-ਪ੍ਰਵਾਨਗੀ

ਲੇਖਾ ਪ੍ਰੀਖਿਆ ਨੇ ਖੋਜ ਪ੍ਰਸਤਾਵਾਂ ਨੂੰ ਸਵੀਕਾਰ ਨਾ ਕਰਨ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਨ ਲਈ ਫੰਡਿੰਗ ਏਜੰਸੀਆਂ ਦੁਆਰਾ ਜਾਰੀ ਕੀਤੇ ਗਏ ਫੈਸਲੇ ਪੱਤਰਾਂ ਦੀ ਮੰਗ ਕੀਤੀ। ਯੂਨੀਵਰਸਿਟੀ ਵਿੱਚ ਫੰਡਿੰਗ ਏਜੰਸੀਆਂ ਤੋਂ ਫੈਸਲੇ ਪੱਤਰ ਪ੍ਰਾਪਤ ਕਰਨ ਲਈ ਕਿਸੇ ਵੀ ਪ੍ਰਣਾਲੀ ਦੀ ਅਣਹੋਂਦ ਵਿੱਚ, ਲੇਖਾ ਪ੍ਰੀਖਿਆ ਨੂੰ 423 ਗੈਰ-ਪ੍ਰਵਾਨਿਤ ਪ੍ਰੋਜੈਕਟਾਂ ਵਿਚੋਂ ਸਿਰਫ਼ 41 ਫੈਸਲੇ ਪੱਤਰ ਹੀ ਮਿਲ ਸਕੇ। ਫੰਡਿੰਗ ਏਜੰਸੀਆਂ ਦੇ 41 ਫੈਸਲੇ ਪੱਤਰਾਂ (ਜਿਵੇਂ ਕਿ ਯੂਨੀਵਰਸਿਟੀ ਦੁਆਰਾ ਮੁਹੱਈਆ ਕਰਵਾਏ ਗਏ) ਦੀ ਵਿਸਤ੍ਰਿਤ ਜਾਂਚ 'ਤੇ ਲੇਖਾ ਪ੍ਰੀਖਿਆ ਨੇ ਹੇਠ ਲਿਖੇ ਅਨੁਸਾਰ ਵੇਖਿਆ:

- 41 ਵਿਚੋਂ 15 ਮਾਮਲਿਆਂ ਵਿੱਚ, ਫੰਡਿੰਗ ਏਜੰਸੀਆਂ ਨੇ ਰੱਦ ਕਰਨ ਦੇ ਕਾਰਨਾ ਨੂੰ ਨਵੀਨਤਾ ਦੀ ਘਾਟ, ਬੁਨਿਆਦੀ ਵਿਗਿਆਨਕ ਸਵਾਲ ਦੀ ਅਣਹੋਂਦ, ਪ੍ਰਿੰਸੀਪਲ ਇਨਵੈਸਟੀਗੇਟਰਾਂ (ਪੀ ਆਈ) ਦਾ ਪ੍ਰਭਾਵਹੀਣ ਪ੍ਰਕਾਸ਼ਨ ਰਿਕਾਰਡ, ਕਾਰਜਪ੍ਰਣਾਲੀ ਵਿੱਚ ਸਪੱਸ਼ਟਤਾ ਦੀ ਘਾਟ, ਆਦਿ ਦੱਸਿਆ ***(ਅੰਤਿਕਾ 1.5)***।
- ਇਹ ਦਰਸਾਉਣ ਲਈ ਅਜਿਹਾ ਕੁੱਝ ਵੀ ਰਿਕਾਰਡ 'ਤੇ ਨਹੀਂ ਵੇਖਿਆ ਗਿਆ ਸੀ ਕਿ ਯੂਨੀਵਰਸਿਟੀ ਨੇ ਫੰਡਿੰਗ ਏਜੰਸੀਆਂ ਦੁਆਰਾ ਪ੍ਰਸਤਾਵਾਂ ਦੀ ਇੰਨੀ ਉੱਚ ਅਸਵੀਕਾਰ ਦਰ ਨੂੰ ਘੱਟ ਕਰਨ ਲਈ ਕੋਈ ਚੈੱਕ ਲਿਸਟ ਤਿਆਰ ਕੀਤੀ ਹੈ।
- ਯੂਨੀਵਰਸਿਟੀ ਫੰਡਿੰਗ ਏਜੰਸੀਆਂ ਦੁਆਰਾ ਖੋਜ ਪ੍ਰੋਜੈਕਟ ਪ੍ਰਸਤਾਵਾਂ ਨੂੰ ਪ੍ਰਵਾਨਗੀ ਨਾ ਦੇਣ ਦੇ ਕਾਰਨਾਂ ਦਾ ਪਤਾ ਲਗਾਉਣ/ਸਮੀਖਿਆ ਕਰਨ ਲਈ ਕੋਈ ਵਿਧੀ ਵਿਕਸਤ ਨਹੀਂ ਕਰ ਸਕੀ ਤਾਂ ਜੋ ਉਨ੍ਹਾਂ ਦੇ ਭਵਿੱਖ ਦੇ ਪ੍ਰੋਜੈਕਟ ਪ੍ਰਸਤਾਵਾਂ ਵਿੱਚ ਸੁਧਾਰ ਲਿਆਂਦਾ ਜਾ ਸਕੇ।

ਯੂਨੀਵਰਸਿਟੀ ਨੇ ਸੂਚਿਤ ਕੀਤਾ (ਅਕਤੂਬਰ 2024) ਕਿ ਉਨ੍ਹਾਂ ਨੇ ਇੱਕ ਮਿਆਰੀ ਸੰਚਾਲਨ ਪ੍ਰਕਿਰਿਆ ਜਾਰੀ ਕੀਤੀ ਸੀ (ਜੂਨ 2024), ਜਿਸ ਦੇ ਅਧੀਨ ਵਿਭਾਗ ਮੁਖੀ ਰਾਹੀਂ ਪ੍ਰਿੰਸੀਪਲ ਇਨਵੈਸਟੀਗੇਟਰ ਦੁਆਰਾ ਪੇਸ਼ ਕੀਤੇ ਗਏ ਖੋਜ ਪ੍ਰਸਤਾਵਾਂ ਨੂੰ ਡਾਇਰੈਕਟਰ ਖੋਜ (ਡੀ ਓ ਆਰ) ਦੁਆਰਾ ਪ੍ਰੋਜੈਕਟ ਮੁਲਾਂਕਣ ਅਤੇ ਸਮੀਖਿਆ ਕਮੇਟੀ ਨੂੰ ਭੇਜਿਆ ਜਾਵੇਗਾ। ਡੀ ਓ ਆਰ ਫੰਡਿੰਗ ਏਜੰਸੀ ਨੂੰ ਅੰਤਿਮ ਸਪੁਰਦਗੀ ਲਈ ਅਜਿਹੇ ਪ੍ਰਸਤਾਵਾਂ ਨੂੰ ਮਨਜ਼ੂਰੀ ਦੇਵੇਗਾ। ਹੁਣ ਖੋਜ ਪ੍ਰਸਤਾਵਾਂ 'ਤੇ ਪ੍ਰੋਜੈਕਟ ਮੁਲਾਂਕਣ ਅਤੇ ਸਮੀਖਿਆ ਕਮੇਟੀ ਦੁਆਰਾ ਵਿਚਾਰ ਕੀਤਾ ਜਾ ਰਿਹਾ ਸੀ (ਜੁਲਾਈ 2024)।

1.4.1.2 ਖੋਜ ਪ੍ਰੋਜੈਕਟਾਂ ਦੀ ਸਮੀਖਿਆ

ਕੁੱਲ 397 ਖੋਜ ਪ੍ਰੋਜੈਕਟਾਂ ਵਿਚੋਂ 104[47] ਖੋਜ ਪ੍ਰੋਜੈਕਟਾਂ (26 *ਪ੍ਰਤੀਸ਼ਤ*) (61 ਮੁਕੰਮਲ ਹੋਏ ਅਤੇ 43 ਚੱਲ ਰਹੇ) ਦੀ ਨਮੂਨਾ ਜਾਂਚ 'ਤੇ ਇਹ ਪਾਇਆ ਗਿਆ ਸੀ ਕਿ ਖੋਜ ਪ੍ਰੋਜੈਕਟਾਂ ਦੇ ਡਾਟਾਬੇਸ ਅਤੇ

[47] ਯੋਜਨਾਬੱਧ ਨਮੂਨਾ ਵਿਧੀ ਅਪਣਾ ਕੇ ਚੁਣਿਆ ਗਿਆ ।

ਸਬੰਧਤ ਫਾਈਲਾਂ ਨੂੰ ਡਾਇਰੈਕਟਰ (ਖੋਜ) ਦੇ ਦੁਆਰਾ ਸਹੀ ਢੰਗ ਨਾਲ ਸੰਭਾਲਿਆ/ਅਪਡੇਟ ਨਹੀਂ ਕੀਤਾ ਗਿਆ ਸੀ। ਨਮੂਨਾ-ਜਾਂਚ ਕੀਤੇ ਖੋਜ ਪ੍ਰੋਜੈਕਟਾਂ ਦੇ ਰਿਕਾਰਡ ਦੇ ਰੱਖ-ਰਖਾਅ ਵਿੱਚ ਵੇਖੀਆਂ ਗਈਆਂ ਕੁੱਝ ਵਿਸੰਗਤੀਆਂ ਦਾ ਵੇਰਵਾ **ਸਾਰਣੀ 1.9** ਵਿੱਚ ਦਿੱਤਾ ਗਿਆ ਹੈ।

ਸਾਰਣੀ 1.9: ਨਮੂਨਾ-ਜਾਂਚ ਕੀਤੇ ਖੋਜ ਪ੍ਰੋਜੈਕਟਾਂ ਦੇ ਰਿਕਾਰਡ ਦੇ ਰੱਖ-ਰਖਾਅ ਵਿੱਚ ਵਿਸੰਗਤੀਆਂ

ਲੜੀ ਨੰ.	ਵੇਰਵੇ	ਪ੍ਰੋਜੈਕਟਾਂ ਦੀ ਸੰਖਿਆ (ਪ੍ਰਤੀਸ਼ਤਤਾ)
ਮੁਕੰਮਲ ਹੋਏ ਪ੍ਰੋਜੈਕਟ		**61**
1.	ਮਨਜ਼ੂਰੀ ਪੱਤਰ ਰਿਕਾਰਡ 'ਤੇ ਨਹੀਂ ਹੈ	3 (4.92)
2.	ਅੰਤਿਮ ਯੂ ਸੀਜ਼ ਰਿਕਾਰਡ 'ਤੇ ਨਹੀਂ ਹਨ	16 (26.22)
3.	ਕੰਪਲੀਸ਼ਨ ਰਿਪੋਰਟ ਰਿਕਾਰਡ 'ਤੇ ਨਹੀਂ ਹੈ	34 (55.74)
4.	ਕੰਪਲੀਸ਼ਨ ਰਿਪੋਰਟ/ਟਿੱਪਣੀਆਂ ਦੀ ਪ੍ਰਵਾਨਗੀ, ਜੇ ਕੋਈ ਹੋਵੇ, ਰਿਕਾਰਡ 'ਤੇ ਨਹੀਂ ਹੈ	54 (88.52)
5.	ਡਾਇਰੈਕਟਰ ਐਕਸਟੈਂਸ਼ਨ ਐਜੂਕੇਸ਼ਨ ਨੂੰ ਪ੍ਰੋਜੈਕਟ/ਖੋਜ ਦਾ ਨਤੀਜਾ ਰਿਕਾਰਡ 'ਤੇ ਨਹੀਂ ਹੈ	60 (98.36)
ਚਲ ਰਹੇ ਪ੍ਰੋਜੈਕਟ		**43**
6.	ਮਨਜ਼ੂਰੀ ਪੱਤਰ ਰਿਕਾਰਡ 'ਤੇ ਨਹੀਂ ਹੈ	5 (11.63)
7.	ਪ੍ਰਗਤੀ ਰਿਪੋਰਟਾਂ ਰਿਕਾਰਡ 'ਤੇ ਨਹੀਂ ਹਨ	23 (53.49)
8.	ਨਿਯਮਤ ਯੂ ਸੀਜ਼ ਰਿਕਾਰਡ 'ਤੇ ਨਹੀਂ ਹਨ	13 (30.23)

ਸ੍ਰੋਤ: ਪੀ ਏ ਯੂ ਦਾ ਰਿਕਾਰਡ

ਯੂਨੀਵਰਸਿਟੀ ਨੇ ਸੂਚਿਤ ਕੀਤਾ ਕਿ ਮੁਕੰਮਲਤਾ ਰਿਪੋਰਟਾਂ ਸਬੰਧਤ ਵਿਗਿਆਨੀਆਂ ਦੁਆਰਾ ਸਿੱਧੇ ਤੌਰ 'ਤੇ ਫੰਡਿੰਗ ਏਜੰਸੀਆਂ ਨੂੰ ਅਪਲੋਡ/ਪੇਸ਼ ਕੀਤੀਆਂ ਜਾ ਰਹੀਆਂ ਸਨ। ਇਹ ਦਰਸਾਉਂਦਾ ਹੈ ਕਿ ਯੂਨੀਵਰਸਿਟੀ ਨੇ ਆਪਣੇ ਵਿਗਿਆਨੀਆਂ ਦੁਆਰਾ ਅਮਲ ਵਿੱਚ ਲਿਆਂਦੇ ਗਏ ਖੋਜ ਪ੍ਰੋਜੈਕਟਾਂ ਦੇ ਨਤੀਜਿਆਂ ਦੀ ਕੋਈ ਲਾਇਬਰੇਰੀ ਨਹੀਂ ਬਣਾਈ ਸੀ। ਇਸ ਤਰ੍ਹਾਂ ਦੀ ਪ੍ਰਣਾਲੀ ਦੀ ਅਣਹੋਂਦ ਕਾਰਨ, ਇਹ ਦਰਸਾਉਣ ਲਈ ਕੁੱਝ ਵੀ ਰਿਕਾਰਡ 'ਤੇ ਨਹੀਂ ਸੀ ਜੋ ਸੁਝਾਅ ਦੇਵੇ ਕਿ ਉਪਰੋਕਤ ਦੇ ਨਤੀਜੇ ਹਿੱਸੇਦਾਰਾਂ ਭਾਵ ਵਿਦਿਆਰਥੀਆਂ, ਸਾਥੀ ਵਿਗਿਆਨੀਆਂ ਅਤੇ ਕਿਸਾਨਾਂ ਨੂੰ ਪ੍ਰਸਾਰਿਤ ਕੀਤੇ ਜਾ ਰਹੇ ਸਨ।

ਡਾਇਰੈਕਟਰ (ਖੋਜ) ਨੇ ਦੱਸਿਆ (ਅਕਤੂਬਰ 2024) ਕਿ ਵਿਗਿਆਨੀਆਂ ਦੁਆਰਾ ਪੇਸ਼ ਕੀਤੇ ਗਏ, ਮਨਜ਼ੂਰ ਕੀਤੇ ਗਏ, ਪੂਰੇ ਕੀਤੇ ਗਏ ਅਤੇ ਇਹਨਾਂ ਪ੍ਰੋਜੈਕਟਾਂ ਦੇ ਨਤੀਜਿਆਂ ਦੇ ਸਹੀ ਦਸਤਾਵੇਜਾਂ ਦੀ ਦੇਖਭਾਲ ਸੰਬੰਧੀ ਲੋੜੀਂਦੇ ਨਿਰਦੇਸ਼ ਸਬੰਧਤ ਵਿਭਾਗਾਂ ਨੂੰ ਜਾਰੀ ਕੀਤੇ ਗਏ ਸਨ (ਫਰਵਰੀ 2023)।

1.4.1.3 "ਮਾੜੀ ਪ੍ਰਗਤੀ" ਦੇ ਕਾਰਨ ਪ੍ਰੋਜੈਕਟ ਦੀ ਸਮਾਪਤੀ

ਵਿਗਿਆਨ ਅਤੇ ਤਕਨਾਲੋਜੀ ਵਿਭਾਗ (ਡੀ ਐਸ ਟੀ), ਜੀ ਓ ਆਈ (ਫੰਡਿੰਗ ਏਜੰਸੀ) ਨੇ "ਆਲੂ ਵਾਇਰਸ ਦੀ ਖੋਜ ਲਈ ਕਿਸਾਨਾਂ ਦੇ ਅਨੁਕੂਲ ਇਮਯੂਨੋਕ੍ਰੋਮੈਟੋਗ੍ਰਾਫਿਕ ਸਟ੍ਰਿਪਸ ਦਾ ਵਿਕਾਸ" ਪ੍ਰੋਜੈਕਟ ਲਈ ₹ 16.78 ਲੱਖ (ਫਰਵਰੀ 2018 ਵਿੱਚ ਸੋਧ ਕੇ ₹ 19.78 ਲੱਖ[48] ਕੀਤਾ ਗਿਆ) ਦੀ

[48] ਆਮ ਕੰਪੋਨੈਂਟ (₹ 15.25 ਲੱਖ); ਪੂੰਜੀਗਤ ਸੰਪਤੀਆਂ (₹ 1.53 ਲੱਖ); ਅਤੇ ਮੈਨਪਾਵਰ (₹ ਤਿੰਨ ਲੱਖ)।

ਵਿੱਤੀ ਸਹਾਇਤਾ ਮਨਜ਼ੂਰ ਕੀਤੀ (ਨਵੰਬਰ 2016), ਜੋ ਕਿ ਤਿੰਨ ਸਾਲਾਂ ਦੀ ਮਿਆਦ ਦੇ ਅੰਦਰ ਪੂਰਾ ਕੀਤਾ ਜਾਵੇਗਾ। ਫੰਡਿੰਗ ਏਜੰਸੀ ਨੇ ਖੋਜ ਪ੍ਰੋਜੈਕਟ ਦੇ ਅਮਲ ਲਈ ₹ 16.06 ਲੱਖ ਦੀ ਰਾਸ਼ੀ ਜਾਰੀ ਕੀਤੀ (ਨਵੰਬਰ 2016 ਅਤੇ ਦਸੰਬਰ 2018)।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ₹ 15.43 ਲੱਖ ਦੇ ਖਰਚੇ ਨਾਲ ਪ੍ਰੋਜੈਕਟ ਦਾ 75 *ਪ੍ਰਤੀਸ਼ਤ* ਕੰਮ ਪੂਰਾ ਹੋਣ ਤੋਂ ਬਾਅਦ, ਡਾਇਰੈਕਟਰ (ਖੋਜ) ਨੇ ਫੰਡਿੰਗ ਏਜੰਸੀ ਨੂੰ ਪ੍ਰੋਜੈਕਟ ਨੂੰ ਕਿਸੇ ਹੋਰ ਪ੍ਰਿੰਸੀਪਲ ਇਨਵੈਸਟੀਗੇਟਰ (ਪੀ ਆਈ) ਨੂੰ ਟਰਾਂਸਫਰ ਕਰਨ ਦੀ ਬੇਨਤੀ ਕੀਤੀ (ਦਸੰਬਰ 2018) ਕਿਉਂਕਿ ਮੌਜੂਦਾ ਪੀ ਆਈ ਦੇਸ਼/ਨੌਕਰੀ ਛੱਡ ਰਿਹਾ ਸੀ ਅਤੇ ਇਸ ਤਰ੍ਹਾਂ, ਪ੍ਰੋਜੈਕਟ ਨੂੰ ਜਾਰੀ ਰੱਖਣ ਦੇ ਯੋਗ ਨਹੀਂ ਹੋਵੇਗਾ। ਹਾਲਾਂਕਿ, ਫੰਡਿੰਗ ਏਜੰਸੀ ਨੇ, ਪ੍ਰੋਜੈਕਟ ਦੀ ਪ੍ਰਗਤੀ ਦੀ ਸਮੀਖਿਆ ਕਰਨ ਤੋਂ ਬਾਅਦ, ਇਸਨੂੰ 'ਮਾੜਾ' ਦਰਜਾ ਦਿੱਤਾ ਅਤੇ ਪ੍ਰੋਜੈਕਟ ਨੂੰ ਬੰਦ ਕਰਨ ਦੀ ਸਿਫਾਰਸ਼ ਕੀਤੀ (ਮਈ 2019)। ਇਸ ਅਨੁਸਾਰ, ਪ੍ਰੋਜੈਕਟ ਨੂੰ ਬੰਦ ਕਰ ਦਿੱਤਾ ਗਿਆ ਸੀ ਅਤੇ ਫੰਡਿੰਗ ਏਜੰਸੀ ਨੂੰ ₹ 0.67 ਲੱਖ (ਵਿਆਜ ਸਮੇਤ) ਦਾ ਅਣਵਰਤਿਆ ਬਕਾਇਆ ਵਾਪਸ ਕਰ ਦਿੱਤਾ ਗਿਆ ਸੀ (ਨਵੰਬਰ 2019)। ਇਹ ਵੇਖਿਆ ਗਿਆ ਸੀ ਕਿ ਯੂਨੀਵਰਸਿਟੀ ਸਮੇਂ-ਸਮੇਂ 'ਤੇ ਪ੍ਰੋਜੈਕਟ ਦੀ ਪ੍ਰਗਤੀ ਦੀ ਨਿਗਰਾਨੀ ਪੀ ਏ ਯੂ ਦੇ ਕਾਨੂੰਨ ਦੇ ਅਧੀਨ ਉਪਬੰਧਾਂ ਦੇ ਅਨੁਸਾਰ ਨਹੀਂ ਕਰ ਰਹੀ ਸੀ। ਪੀ ਏ ਯੂ ਦੇ ਕਾਨੂੰਨ (ਧਾਰਾ 6(ਏ), ਅਧਿਆਇ IV) ਅਨੁਸਾਰ ਡਾਇਰੈਕਟਰ ਖੋਜ ਦਫਤਰ ਨੂੰ ਵੱਖ-ਵੱਖ ਖੋਜ ਸਕੀਮਾਂ ਦੀ ਪ੍ਰਗਤੀ ਦੀ ਨਿਗਰਾਨੀ ਅਤੇ ਸਮੀਖਿਆ ਕਰੇਗਾ ਅਤੇ ਕਾਲਜ ਵਿੱਚ ਖੋਜਕਾਰਾਂ ਦਰਮਿਆਨ ਤਾਲੇਮਲ ਪ੍ਰਦਾਨ ਕਰੇਗਾ।

ਇਸ ਤਰ੍ਹਾਂ, ਖੋਜ ਪ੍ਰੋਜੈਕਟ ਦੇ ਸਫਲਤਾਪੂਰਵਕ ਸੰਪੂਰਨਤਾ ਲਈ ਯੂਨੀਵਰਸਿਟੀ ਦੇ ਪੱਧਰ 'ਤੇ ਨਾਕਾਫੀ ਨਿਗਰਾਨੀ ਦੇ ਕਾਰਨ ਇਸ ਨੇ ਆਲੂਆਂ ਦੇ ਵਾਇਰਸ ਲਈ ਕਿਸਾਨ ਪੱਖੀ ਇਮਿਊਨੋਕ੍ਰੋਮੈਟੋਗ੍ਰਾਫਿਕ ਸਟ੍ਰਿਪਸ ਦੇ ਵਿਕਾਸ ਦੇ ਖੇਤਰ ਵਿੱਚ ਖੋਜ ਦਾ ਮੌਕਾ ਗੁਆ ਦਿੱਤਾ। ਇਸ ਤੋਂ ਇਲਾਵਾ, ਯੂਨੀਵਰਸਿਟੀ ਦੁਆਰਾ ਇਸ ਪ੍ਰੋਜੈਕਟ ਅਧੀਨ ਉਦੇਸ਼ਾਂ ਦੀ ਪ੍ਰਾਪਤੀ ਨਾ ਹੋਣ ਦਾ ਪ੍ਰਭਾਵ ਮੁਲਾਂਕਣ ਵੀ ਨਹੀਂ ਕੀਤਾ ਗਿਆ ਸੀ।

ਯੂਨੀਵਰਸਿਟੀ ਨੇ ਸੂਚਿਤ ਕੀਤਾ (ਅਕਤੂਬਰ 2024) ਕਿ ਸਬੰਧਤ ਵਿਭਾਗ ਦੇ ਬਾਹਰੀ ਫੰਡ ਪ੍ਰਾਪਤ ਪ੍ਰੋਜੈਕਟਾਂ ਦੀ ਅੰਦਰੂਨੀ ਪ੍ਰੋਜੈਕਟ ਨਿਗਰਾਨੀ ਅਤੇ ਲਾਗੂ ਕਰਨ ਲਈ ਕਮੇਟੀਆਂ ਹੁਣ ਬਣਾਈਆਂ ਗਈਆਂ ਸਨ ਅਤੇ ਉਹ ਬਾਹਰੀ ਫੰਡ ਪ੍ਰਾਪਤ ਪ੍ਰੋਜੈਕਟਾਂ ਦੀ ਸਮੀਖਿਆ ਕਰ ਰਹੀਆਂ ਸਨ।

1.4.1.4 ਖੋਜ ਪ੍ਰੋਜੈਕਟ ਮੁਕੰਮਲ ਨਾ ਹੋਣਾ

ਬਾਇਓਤਕਨਾਲੋਜੀ ਵਿਭਾਗ, ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ, ਜੀ ਓ ਆਈ ਨੇ ਇੱਕ ਸੰਯੁਕਤ ਖੋਜ ਪ੍ਰੋਜੈਕਟ (ਡੀ ਬੀ ਟੀ-ਇਨੋਵੇਟ, ਯੂਨਾਈਟਡ ਕਿੰਗਡਮ) "ਤਾਜ਼ੇ ਉਤਪਾਦਾਂ ਦੀ ਸਪਲਾਈ ਚੇਨ ਅਤੇ ਸਟੋਰੇਜ ਪ੍ਰਣਾਲੀਆਂ ਦਾ ਵਿਕਾਸ ਅਤੇ ਅਨੁਕੂਲਤਾ" ਨੂੰ ਮਨਜ਼ੂਰੀ ਦਿੱਤੀ (ਦਸੰਬਰ 2017)। ਜੋ ਯੂਨੀਵਰਸਿਟੀ ਦੁਆਰਾ ਦੋ ਸਾਲਾਂ ਦੇ ਅੰਦਰ ਭਾਵ ਦਸੰਬਰ 2019 ਤੱਕ ਪੂਰਾ ਕੀਤਾ ਜਾਣਾ ਸੀ। ਇਸ ਪ੍ਰੋਜੈਕਟ ਦੇ ਮੁੱਖ ਉਦੇਸ਼ ਸਨ:

- ਐਂਡ ਟੂ ਐਂਡ ਸਪਲਾਈ ਚੇਨ ਸਮੀਖਿਆ;

- ਘੱਟ ਲਾਗਤ ਵਾਲੇ ਐਨ-ਫਾਰਮ ਕੋਲਡ ਸਟੋਰ ਅਤੇ ਫਾਰਮ ਪੈਕਿੰਗ ਪ੍ਰਣਾਲੀ ਦਾ ਵਿਕਾਸ;
- ਉੱਚ ਸਮਰੱਥਾ ਵਾਲੇ ਕੋਲਡ ਸਟੋਰੇਜ ਪ੍ਰਣਾਲੀਆਂ ਦੀ ਕਾਰਗੁਜ਼ਾਰੀ ਵਿੱਚ ਸੁਧਾਰ; ਆਦਿ।

ਇਸ ਸੰਯੁਕਤ ਖੋਜ ਪ੍ਰੋਜੈਕਟ ਦੇ ਭਾਰਤੀ ਹਿੱਸੇ ਨੂੰ ਕੁੱਲ ₹ 200.86 ਲੱਖ[49] ਦੀ ਲਾਗਤ ਨਾਲ ਮਨਜ਼ੂਰੀ ਦਿੱਤੀ ਗਈ ਸੀ, ਜਿਸ ਵਿੱਚ ਯੂਨੀਵਰਸਿਟੀ ਦਾ ₹ 69.87 ਲੱਖ ਦਾ ਹਿੱਸਾ ਸ਼ਾਮਲ ਸੀ। ਪੀ ਏ ਯੂ ਹਿੱਸੇ ਦੇ ਸਬੰਧ ਵਿੱਚ ਖੋਜ ਪ੍ਰੋਜੈਕਟ ਦੇ ਅਧੀਨ ਪ੍ਰਾਪਤੀ ਅਤੇ ਖਰਚੇ ਦੇ ਵੇਰਵੇ **ਸਾਰਣੀ 1.10** ਵਿੱਚ ਦਿੱਤੇ ਗਏ ਹਨ।

ਸਾਰਣੀ 1.10: ਖੋਜ ਪ੍ਰੋਜੈਕਟ ਦੇ ਅਧੀਨ ਪ੍ਰਾਪਤੀ ਅਤੇ ਖਰਚੇ ਦੇ ਵੇਰਵੇ

(₹ ਲੱਖ ਵਿੱਚ)

ਕਿਸ਼ਤ	ਸਾਲ	ਮੁਢਲਾ ਬਕਾਇਆ	ਪ੍ਰਾਪਤ ਫੰਡ (ਪ੍ਰਾਪਤੀ ਦੀ ਮਿਤੀ)	ਕਮਾਇਆ ਵਿਆਜ	ਕੁੱਲ ਉਪਲਬਧ ਫੰਡ	ਵਰਤੀ ਗਈ ਰਾਸ਼ੀ	ਅੰਤਿਮ ਬਕਾਇਆ
ਪਹਿਲੀ	2017-18	00.00	48.44 (08.12.2017)	0.13	48.57	4.22	44.35
	2018-19	44.35	-	1.19	45.54	10.20	35.34
ਦੂਜੀ	2019-20	35.34	12.02 (03.12.2019)	0.41	47.77	11.02	36.75
	2020-21	36.75	-	0.69	37.44	2.01	35.43*
		ਜੋੜ	**60.46**	**2.42**	**62.88**	**27.45**	**35.43**

ਸ੍ਰੋਤ: ਪੀ ਏ ਯੂ ਰਿਕਾਰਡ ** ਅਕਤੂਬਰ/ਨਵੰਬਰ 2022 ਵਿੱਚ ਜੀ ਓ ਆਈ ਨੂੰ ਵਾਪਸ ਕੀਤਾ ਗਿਆ*

ਸਾਰਣੀ 1.10 ਦਰਸਾਉਂਦੀ ਹੈ ਕਿ ₹ 69.87 ਲੱਖ ਦੀ ਮਨਜ਼ੂਰ ਰਾਸ਼ੀ ਦੇ ਵਿਰੁੱਧ, ਯੂਨੀਵਰਸਿਟੀ ਨੂੰ ਦਸੰਬਰ 2017 ਅਤੇ ਦਸੰਬਰ 2019 ਦੇ ਵਿਚਕਾਰ ₹ 60.46 ਲੱਖ ਪ੍ਰਾਪਤ ਹੋਏ। ਹਾਲਾਂਕਿ, ਇਹ ਪ੍ਰੋਜੈਕਟ ਨਿਰਧਾਰਤ ਮਿਤੀ ਤੱਕ ਪੂਰਾ ਨਹੀਂ ਹੋ ਸਕਿਆ ਅਤੇ ਯੂਨੀਵਰਸਿਟੀ ਨੇ ਸਾਲ 2020-21 ਤੱਕ ਖਰਚਾ ਕਰਨਾ ਜਾਰੀ ਰੱਖਿਆ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ₹ 48.44 ਲੱਖ ਦੀ ਪਹਿਲੀ ਕਿਸ਼ਤ ਵਿੱਚ ਉਪਕਰਣਾਂ[50] ਲਈ ₹ 28.00 ਲੱਖ ਸ਼ਾਮਲ ਸਨ। ਹਾਲਾਂਕਿ ਯੂਨੀਵਰਸਿਟੀ ਨੇ ਮੁੱਖ ਤੌਰ 'ਤੇ ਮੈਨਪਾਵਰ, ਯਾਤਰਾ, ਕੰਟੀਜੈਂਸੀ ਆਦਿ 'ਤੇ ₹ 27.45 ਲੱਖ ਖਰਚ ਕੀਤੇ, ਮਾਰਚ 2021 ਤੱਕ ਲੋੜੀਂਦੇ ਉਪਕਰਣਾਂ ਦੀ ਖਰੀਦ 'ਤੇ ਕੋਈ ਖਰਚਾ ਨਹੀਂ ਕੀਤਾ ਗਿਆ ਸੀ। ਨਿਰਧਾਰਤ ਉਪਕਰਣ ਭਾਵ ਸਪੈਕਟਰੋਫੋਟੋਮੀਟਰ ਦੀ ਖਰੀਦ ਨਾ ਕਰਨ ਨੂੰ ਕੋਵਿਡ ਮਹਾਂਮਾਰੀ ਦੇ ਕਾਰਨ ਮਾਰਚ 2020 ਤੋਂ ਬਾਅਦ ਤਾਲਾਬੰਦੀ ਅਤੇ ਨਿਯੰਤਰਿਤ ਵਾਯੂਮੰਡਲ[51] (ਸੀ ਏ) ਸਟੋਰਾਂ ਵਿੱਚ ਪੁਰਾਣੇ ਕੋਲਡ ਕਮਰਿਆਂ ਦੇ ਪੁਨਰਗਠਨ ਦੇ ਸਬੰਧ ਵਿੱਚ ਕੁਟੇਸ਼ਨਾ ਦੀ ਪ੍ਰਾਪਤੀ ਨਾ ਹੋਣ ਨੂੰ ਕਾਰਨ ਮੰਨਿਆ ਗਿਆ ਸੀ (ਫਰਵਰੀ 2023)।

---

49 ਸੈਂਟਰ ਆਫ ਇਨੋਵੇਟਿਵ ਐਂਡ ਅਪਲਾਈਡ ਬਾਇਓਪ੍ਰੋਸੈਸਿੰਗ (ਸੀ ਆਈ ਏ ਬੀ) ਮੁਹਾਲੀ (₹ 44.80 ਲੱਖ); ਪੀ ਏ ਯੂ ਲੁਧਿਆਣਾ (₹ 69.87 ਲੱਖ); ਅਤੇ ਸੰਘਾ ਇਨੋਵੇਸ਼ਨ (ਪੀ) ਲਿਮਿਟਡ, ਜਲੰਧਰ (₹ 86. 19 ਲੱਖ)।

50 ਸਪੈਕਟਰੋਫੋਟੋਮੀਟਰ ਦੀ ਖਰੀਦ (₹ ਅੱਠ ਲੱਖ); ਅਤੇ ਸੀ ਏ ਸਟੋਰਾਂ ਵਿੱਚ ਪੁਰਾਣੇ ਕੋਲਡ ਕਮਰਿਆਂ ਦਾ ਪੁਨਰਗਠਨ (₹ 20.00 ਲੱਖ)।

51 ਇੱਕ ਨਿਯੰਤਰਿਤ ਵਾਯੂਮੰਡਲ ਇੱਕ ਖੇਤੀਬਾੜੀ ਭੰਡਾਰਨ ਵਿਧੀ ਹੈ ਜਿਸ ਵਿੱਚ ਆਕਸੀਜਨ, ਕਾਰਬਨ ਡਾਈਆਕਸਾਈਡ ਅਤੇ ਨਾਈਟ੍ਰੋਜਨ ਦੇ ਗਾੜ੍ਹਾਪਣ ਦੇ ਨਾਲ-ਨਾਲ ਸਟੋਰੇਜ ਰੂਮ ਦੇ ਤਾਪਮਾਨ ਅਤੇ ਨਮੀ ਨੂੰ ਨਿਯੰਤਰਿਤ ਕੀਤਾ ਜਾਂਦਾ ਹੈ।

ਇਸ ਤੋਂ ਬਾਅਦ, ਬਾਇਓਤਕਨਾਲੋਜੀ ਵਿਭਾਗ, ਜੀ ਆਈ ਓ ਦੁਆਰਾ ਅਣਵਰਤੀ ਰਾਸ਼ੀ ਵਾਪਸ ਕਰਨ ਲਈ ਕਹਿਣ ਤੇ (ਮਈ ਅਤੇ ਦਸੰਬਰ 2021) ਯੂਨੀਵਰਸਿਟੀ ਵੱਲੋਂ, ਕੁੱਲ ਉਪਲਬਧ ਭਾਵ ₹ 62.88 ਲੱਖ (ਵਿਆਜ ਸਮੇਤ) ਫੰਡਾਂ ਦਾ 44 *ਪ੍ਰਤੀਸ਼ਤ* ਖਰਚ ਕਰਨ ਤੋਂ ਬਾਅਦ (ਮਾਰਚ 2021) ਜੀ ਓ ਆਈ ਨੂੰ ₹ 35.43 ਲੱਖ ਦੇ ਅਣਵਰਤੇ ਫੰਡ ਵਾਪਸ ਕਰ ਦਿੱਤੇ (ਅਕਤੂਬਰ ਅਤੇ ਨਵੰਬਰ 2022)।

ਇਸ ਤਰ੍ਹਾਂ, ਦਸੰਬਰ 2017 ਤੋਂ ਫੰਡਾਂ ਦੀ ਉਪਲਬਧਤਾ ਦੇ ਬਾਵਜੂਦ, ਯੂਨੀਵਰਸਿਟੀ ਲੋੜੀਂਦੇ ਉਪਕਰਣ ਆਦਿ ਦੀ ਖਰੀਦ ਨਹੀਂ ਕਰ ਸਕੀ, ਜਿਸ ਦੇ ਨਤੀਜੇ ਵਜੋਂ ਖੋਜ ਪ੍ਰੋਜੈਕਟ ਨੂੰ ਪੂਰਾ ਨਹੀਂ ਹੋ ਸਕਿਆ ਅਤੇ ਪ੍ਰੋਜੈਕਟ ਦੇ ਕਲਪਿਤ ਉਦੇਸ਼ਾਂ ਦੇ ਲਾਭਾਂ ਤੋਂ ਵਾਂਝੀ ਰਹਿ ਗਈ।

ਡਾਇਰੈਕਟਰ ਖੋਜ ਨੇ ਕਿਹਾ (ਅਕਤੂਬਰ 2024) ਕਿ ਭਵਿੱਖ ਵਿੱਚ ਅਜਿਹੀਆਂ ਕਮੀਆਂ ਤੋਂ ਬਚਣ ਲਈ ਧਿਆਨ ਰੱਖਿਆ ਜਾਵੇਗਾ, ਪ੍ਰੋਜੈਕਟ ਦੀ ਹੋਰ ਨੇੜਿਓ ਨਿਗਰਾਨੀ ਕਰਨ ਲਈ ਪ੍ਰੋਜੈਕਟ ਨਿਗਰਾਨੀ ਨੂੰ ਮਜ਼ਬੂਤ ਕੀਤਾ ਜਾਵੇਗਾ।

1.4.1.5 ਗੁਲਾਬੀ ਸੁੰਡੀ ਦੇ ਖਤਰੇ 'ਤੇ ਖੋਜ ਪ੍ਰੋਜੈਕਟ

ਗੁਲਾਬੀ ਸੁੰਡੀ ਇੱਕ ਕੀੜਾ ਹੈ ਜੋ ਕਪਾਹ ਦੀ ਖੇਤੀ ਵਿੱਚ ਇੱਕ ਕੀਟ ਵਜੋਂ ਜਾਣਿਆ ਜਾਂਦਾ ਹੈ। ਉਹ ਬੀਜਾਂ ਨੂੰ ਖਾਣ ਲਈ ਕਪਾਹ ਦੇ ਲਿੰਟ ਨੂੰ ਚਬਾਉਂਦੇ ਹਨ। ਕਿਉਂਕਿ ਕਪਾਹ ਦੀ ਵਰਤੋਂ ਫਾਈਬਰ ਅਤੇ ਬੀਜ ਦੇ ਤੇਲ ਦੋਵਾਂ ਲਈ ਕੀਤੀ ਜਾਂਦੀ ਹੈ, ਇਸ ਲਈ ਨੁਕਸਾਨ ਦੋ ਗੁਣਾ ਹੁੰਦਾ ਹੈ। ਟੀਂਡੇ ਦੇ ਆਲੇ ਦੁਆਲੇ ਸੁਰੱਖਿਆਤਮਕ ਟਿਸ਼ੂ ਦਾ ਵਿਨਾਸ਼ ਦੂਜੇ ਕੀੜਿਆਂ ਅਤੇ ਉੱਲੀ ਲਈ ਪ੍ਰਵੇਸ਼ ਇੱਕ ਪ੍ਰਵੇਸ਼ ਦੁਆਰ ਬਣ ਜਾਂਦਾ ਹੈ।

ਸਾਲ 2015 ਦੌਰਾਨ, ਗੁਜਰਾਤ ਦੇ ਕਈ ਖੇਤਰਾਂ ਅਤੇ ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ ਅਤੇ ਤੇਲੰਗਾਨਾ ਦੇ ਕੁੱਝ ਹਿੱਸਿਆ ਵਿੱਚ ਗੁਲਾਬੀ ਸੁੰਡੀ ਦੁਆਰਾ ਬੀ ਜੀ-II ਕਪਾਹ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ ਅਤੇ ਨਤੀਜੇ ਵਜੋਂ ਇਸ ਦੀ ਪੈਦਾਵਾਰ ਨੂੰ ਨੁਕਸਾਨ ਹੋਇਆ।

ਪੰਜਾਬ ਵਿੱਚ, ਸਾਲ 2019 ਵਿੱਚ ਬਠਿੰਡਾ ਜ਼ਿਲ੍ਹੇ ਦੇ ਦੋ ਥਾਵਾਂ 'ਤੇ ਬੀ ਜੀ-II ਕਪਾਹ 'ਤੇ ਗੁਲਾਬੀ ਸੁੰਡੀ ਦਾ ਹਮਲਾ ਦੇਖਿਆ ਗਿਆ। ਸਾਲ 2020 ਦੌਰਾਨ ਕੀਤੇ ਗਏ ਅਗਲੇ ਸਰਵੇਖਣਾਂ ਵਿੱਚ 2020 ਦੇ ਫਸਲੀ ਸੀਜ਼ਨ ਦੇ ਅੰਤ ਵਿੱਚ ਬਠਿੰਡਾਂ ਜ਼ਿਲ੍ਹੇ ਦੇ 31 ਪਿੰਡਾਂ ਨਾਲ-ਨਾਲ ਮਾਨਸਾ ਜ਼ਿਲ੍ਹੇ ਦੇ ਵਿੱਚ ਗੁਲਾਬੀ ਸੁੰਡੀ ਦੀ ਮੌਜੂਦਗੀ ਦਾ ਖੁਲਾਸਾ ਹੋਇਆ, ਅਤੇ 2021 ਦੇ ਫਸਲੀ ਸੀਜ਼ਨ ਦੌਰਾਨ ਵੀ ਇਨ੍ਹਾਂ ਖੇਤਰਾਂ ਵਿੱਚ ਇਸ ਕੀੜੇ ਦਾ ਪ੍ਰਕੋਪ ਦੁਬਾਰਾ ਹੋਇਆ। 2022 ਦੇ ਫਸਲੀ ਸੀਜ਼ਨ ਵਿੱਚ ਸੰਗਰੂਰ, ਸ਼੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਫਰੀਦਕੋਟ, ਬਰਨਾਲਾ ਅਤੇ ਮੋਗਾ ਜ਼ਿਲ੍ਹਿਆਂ ਦੇ ਕੁੱਝ ਹਿੱਸਿਆਂ ਵਿੱਚ ਗੁਲਾਬੀ ਸੁੰਡੀ ਦੀਆਂ ਘੱਟ ਘਟਨਾਵਾਂ ਵੀ ਦਰਜ ਕੀਤੀਆਂ ਗਈਆਂ ਸਨ।

ਪੀ ਏ ਯੂ ਨੇ ਕਪਾਹ ਦੀ ਫਸਲ ਵਿੱਚ ਗੁਲਾਬੀ ਸੁੰਡੀ ਦੇ ਖਤਰੇ ਦਾ ਮੁਕਾਬਲਾ ਕਰਨ ਲਈ ਫੰਡਿੰਗ ਏਜੰਸੀਆਂ ਨੂੰ ਦੋ ਪ੍ਰੋਜੈਕਟ[52] ਪੇਸ਼ ਕੀਤੇ। ਹਾਲਾਂਕਿ, ਫੰਡਿੰਗ ਏਜੰਸੀਆਂ ਦੁਆਰਾ ਇਨ੍ਹਾਂ ਪ੍ਰੋਜੈਕਟਾਂ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ ਸੀ ਜਿਵੇਂ ਕਿ ਹੇਠਾਂ ਵੇਰਵੇ ਦਿੱਤੇ ਗਏ ਹਨ:

- ਇਨ੍ਹਾਂ ਪ੍ਰੋਜੈਕਟਾਂ ਵਿਚੋਂ ਇੱਕ (ਗੁਲਾਬੀ ਸੁੰਡੀ ਦੇ ਕੀੜੇ ਲਈ ਸੀ ਆਰ ਆਈ ਐਸ ਪੀ ਆਰ-ਕੇਸ 9 ਅਧਾਰਤ ਜੀਨੋਮ ਸੰਪਾਦਨ ਪ੍ਰਣਾਲੀ ਦਾ ਵਿਕਸਤ ਕਰਨਾ) ਨੂੰ ਐਸ ਈ ਆਰ ਬੀ (ਡੀ ਐਸ ਟੀ) ਦੁਆਰਾ ਇਸ ਟਿੱਪਣੀ ਦੇ ਨਾਲ ਸ਼ਾਰਟਲਿਸਟ ਨਹੀਂ ਕੀਤਾ ਗਿਆ ਸੀ ਕਿ ਪ੍ਰੋਜੈਕਟ ਲਈ ਵਿਗਿਆਨਕ ਤਰਕ ਨੂੰ ਮਜ਼ਬੂਤ ਸ਼ੁਰੂਆਤੀ ਸਬੂਤਾਂ ਦੇ ਨਾਲ ਵਿਸ਼ਵਾਸਯੋਗ ਢੰਗ ਨਾਲ ਪੇਸ਼ ਨਹੀਂ ਕੀਤਾ ਗਿਆ ਸੀ। ਇਸ ਤਰ੍ਹਾਂ ਪ੍ਰੋਜੈਕਟ ਵਿੱਚ ਫੋਕਸ ਅਤੇ ਵਿਗਿਆਨਕ ਯੋਗਤਾ ਦੀ ਘਾਟ ਸੀ।
- ਦੂਜੇ ਪ੍ਰੋਜੈਕਟ ਦੇ ਸਬੰਧ ਵਿੱਚ ਬਾਇਓਤਕਨਾਲੋਜੀ ਵਿਭਾਗ ਜੀ ਓ ਆਈ ਤੋਂ ਕੋਈ ਹੁੰਗਾਰਾ ਨਹੀਂ ਮਿਲਿਆ ਸੀ।

ਇਸ ਤੋਂ ਬਾਅਦ, ਯੂਨੀਵਰਸਿਟੀ ਨੇ ਖੇਤਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਨੂੰ ਇਸ ਖਤਰੇ ਨਾਲ ਨਜਿੱਠਣ ਲਈ ਇੱਕ ਰਣਨੀਤੀ ਪੇਸ਼ ਕੀਤੀ (ਅਕਤੂਬਰ 2021) ਅਤੇ ਇਸ ਉਦੇਸ਼ ਲਈ ₹ 73.88 ਕਰੋੜ ਦੇ ਬਜਟ ਦੀ ਮੰਗ ਕੀਤੀ। ਹਾਲਾਂਕਿ, ਰਾਜ ਸਰਕਾਰ ਦੁਆਰਾ ਪ੍ਰਸਤਾਵ ਦੀ ਪ੍ਰਵਾਨਗੀ ਸਬੰਧੀ ਜਾਣਕਾਰੀ ਦੀ ਉਡੀਕ ਸੀ (ਮਈ 2023)।


ਇਸ ਤਰ੍ਹਾਂ, 2018-19 ਦੌਰਾਨ ਪੰਜਾਬ ਵਿੱਚ ਗੁਲਾਬੀ ਸੁੰਡੀ ਦੇ ਕੀੜੇ ਦੇ ਫੈਲਣ ਦੇ ਤਿੰਨ ਸਾਲਾਂ ਤੋਂ ਵੱਧ ਸਮੇਂ ਦੇ ਬਾਅਦ ਵੀ, ਕਪਾਹ ਦੀ ਫਸਲ ਵਿੱਚ ਗੁਲਾਬੀ ਸੁੰਡੀ ਦੇ ਕੀੜੇ ਦੇ ਖਤਰੇ ਨਾਲ ਲੜਨ ਲਈ ਕੋਈ ਖੋਜ ਨਹੀਂ ਕੀਤੀ ਜਾ ਸਕੀ।

ਇਸ ਤੋਂ ਇਲਾਵਾ, ਯੂਨੀਵਰਸਿਟੀ ਨੇ ਆਪਣੀ ਰਿਪੋਰਟ (ਅਕਤੂਬਰ 2021) ਵਿੱਚ ਇਹ ਸਿੱਟਾ ਕੱਢਿਆ ਕਿ ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਕਈ ਮਾਮਲਿਆਂ ਵਿੱਚ ਗੁਲਾਬੀ ਸੁੰਡੀ ਦੀਆਂ ਘਟਨਾਵਾਂ ਕਾਰਨ ਕਈ ਨੁਕਸਾਨ 75 *ਪ੍ਰਤੀਸ਼ਤ* ਤੋਂ ਉੱਪਰ ਸਨ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਕਪਾਹ ਦਾ ਕਾਸ਼ਤ ਰਕਬਾ 2017 ਵਿੱਚ 6.58 ਲੱਖ ਹੈਕਟੇਅਰ ਤੋਂ ਘੱਟ ਕੇ 2021 ਵਿੱਚ 1.31 ਲੱਖ ਹੈਕਟੇਅਰ ਰਹਿ ਗਿਆ, ਜਦੋਂ ਕਿ ਚੌਲਾਂ ਦਾ ਕਾਸ਼ਤ ਰਕਬਾ 2017 ਵਿੱਚ 2.55 ਲੱਖ ਹੈਕਟੇਅਰ ਤੋਂ ਵੱਧ ਕੇ 2021 ਵਿੱਚ 2.99 ਲੱਖ ਹੈਕਟੇਅਰ ਹੋ ਗਿਆ, ਜਿਵੇਂ ਕਿ **ਚਾਰਟ 1.15** ਵਿੱਚ ਦਰਸਾਇਆ ਗਿਆ ਹੈ।

---

[52] (i) ਗੁਲਾਬੀ ਸੁੰਡੀ (ਬਾਇਓਤਕਨਾਲੋਜੀ ਵਿਭਾਗ, ਜੀ ਓ ਆਈ) ਦੀ ਬਿਮਾਰੀ ਪ੍ਰਤੀ ਪ੍ਰਤੀਰੋਧ ਪ੍ਰਦਾਨ ਕਰਨ ਵਿੱਚ ਕ੍ਰਾਈ ਟੋਕਸਨ ਰੀਸੈਪਟਰਾਂ ਦੀ ਭੂਮਿਕਾ ਨੂੰ ਸਪੱਸ਼ਟ ਕਰਨਾ; ਅਤੇ (ii) ਗੁਲਾਬੀ ਸੁੰਡੀ ਦੀ ਬਿਮਾਰੀ ਲਈ ਸੀ ਆਰ ਆਈ ਐਸ ਪੀ ਆਰ-ਕੇਸ 9 ਅਧਾਰਤ ਜੀਨੋਮ ਸੰਪਾਦਨ ਪ੍ਰਣਾਲੀ ਵਿਕਸਤ ਕਰਨਾ (ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਜੀ ਓ ਆਈ ਅਧੀਨ ਵਿਗਿਆਨ ਅਤੇ ਇੰਜੀਨੀਅਰਿੰਗ ਖੋਜ ਬੋਰਡ)।

ਚਾਰਟ 1.15: 2017-21 ਦੌਰਾਨ ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਚੌਲਾਂ ਦੀ ਫਸਲ ਦੀ ਤੁਲਨਾ ਵਿੱਚ ਕਪਾਹ ਦੀ ਫਸਲ ਦੇ ਕਾਸ਼ਤ ਕੀਤੇ ਰਕਬੇ ਦਾ ਰੁਝਾਨ



ਸ੍ਰੋਤ: ਪੰਜਾਬ ਰਾਜ ਦਾ ਅੰਕੜਾ ਸਾਰ

ਐਗਜ਼ਿਟ ਕਾਨਫਰੰਸ ਵਿੱਚ, ਵੀ ਸੀ ਨੇ ਕਿਹਾ (ਜੂਨ 2023) ਕਿ ਕਪਾਹ ਵਿੱਚ ਵੱਖ-ਵੱਖ ਕੀੜਿਆਂ-ਮਕੌੜੀਆਂ ਪ੍ਰਤੀ ਰੋਧਕ ਸ਼ਕਤੀ ਘੱਟ ਗਈ ਸੀ। ਹਾਲਾਂਕਿ, ਯੂਨੀਵਰਸਿਟੀ ਕਿਸਾਨਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਵੱਖ-ਵੱਖ ਵਿਸਥਾਰ ਗਤੀਵਿਧੀਆਂ ਕਰ ਰਹੀ ਸੀ। ਕਪਾਹ ਦੇ ਕਾਸ਼ਤ ਕੀਤੇ ਰਕਬੇ ਵਿੱਚ ਕਮੀ ਦੇ ਸਬੰਧ ਵਿੱਚ, ਉਨ੍ਹਾਂ ਨੇ ਅੱਗੇ ਕਿਹਾ ਕਿ ਕਪਾਹ ਇੱਕ ਜੋਖਮ ਭਰੀ ਫਸਲ ਹੈ ਅਤੇ ਖੇਤੀਬਾੜੀ ਫਸਲਾਂ ਦੀ ਆਰਥਿਕਤਾ ਦੇ ਅਨੁਸਾਰ, ਚੌਲ/ਕਣਕ ਦੀ ਫਸਲ ਕਪਾਹ ਨਾਲੋਂ ਬਹੁਤ ਬਿਹਤਰ ਸਥਿਤੀ ਵਿੱਚ ਹਨ।

ਯੂਨੀਵਰਸਿਟੀ ਦਾ ਜਵਾਬ ਇਸ ਦੇ ਵਿਜ਼ਨ ਦਸਤਾਵੇਜ਼ "ਵਿਜ਼ਨ 2040" ਦੇ ਅਨੁਸਾਰ ਨਹੀਂ ਸੀ, ਜਿਸ ਵਿੱਚ ਕਪਾਹ-ਕਣਕ/ਸਰੋਂ ਦੀ ਲਾਹੇਵੰਦ ਫਸਲੀ ਪ੍ਰਣਾਲੀ ਦਾ ਸੰਕਲਪ ਲਿਆ ਗਿਆ ਸੀ, ਜੋ ਚੌਲ-ਕਣਕ ਫਸਲੀ ਪ੍ਰਣਾਲੀ ਦੇ ਮੁਕਾਬਲੇ ਪਾਣੀ ਬਚਾਉਣ ਵਿੱਚ ਮਦਦ ਕਰੇਗਾ।

ਯੂਨੀਵਰਸਿਟੀ ਨੇ ਦੱਸਿਆ (ਅਕਤੂਬਰ 2024) ਕਿ ਉਨ੍ਹਾਂ ਨੇ ਅਕਤੂਬਰ 2021 ਵਿੱਚ ਰਾਜ ਸਰਕਾਰ ਨੂੰ ਇਸ ਖਤਰੇ ਨਾਲ ਨਜਿੱਠਣ ਲਈ ਇੱਕ ਰਣਨੀਤੀ ਸੌਂਪੀ ਸੀ ਅਤੇ ₹ 73.88 ਕਰੋੜ ਦੀ ਮੰਗ ਕੀਤੀ ਸੀ, ਪਰ ਅੱਜ ਤੱਕ (ਅਕਤੂਬਰ 2024) ਕੋਈ ਬਜਟ ਮਨਜ਼ੂਰ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ, ਯੂਨੀਵਰਸਿਟੀ ਨੇ ਕਪਾਹ ਬਾਰੇ ਅੰਤਰ-ਰਾਜੀ ਸਲਾਹਕਾਰ ਅਤੇ ਨਿਗਰਾਨੀ ਕਮੇਟੀ ਦੀ ਮੀਟਿੰਗ (ਸਤੰਬਰ 2024) ਦੇ ਹਵਾਲੇ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਮਜੌਦਾ ਸੀਜ਼ਨ ਦੌਰਾਨ ਫਸਲ ਬਹੁਤ ਚੰਗੀ ਹਾਲਤ ਵਿੱਚ ਸੀ।

ਇਹ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਪ੍ਰਭਾਵਿਤ ਜ਼ਿਲ੍ਹਿਆ ਜਿਵੇਂ ਕਿ ਬਠਿੰਡਾ ਅਤੇ ਮਾਨਸਾ ਵਿੱਚ ਕਪਾਹ ਹੇਠਲਾ ਰਕਬਾ 2023 ਵਿੱਚ ਘਟਾ ਕੇ 1.17 ਲੱਖ ਹੈਕਟੇਅਰ ਕਰ ਦਿੱਤਾ ਗਿਆ ਸੀ ਅਤੇ ਇਨ੍ਹਾ ਜ਼ਿਲ੍ਹਿਆਂ ਵਿੱਚ ਕਪਾਹ ਹੇਠ ਰਕਬੇ ਅਤੇ ਫਸਲ ਦੀ ਪੈਦਾਵਾਰ (ਜਿਵੇਂ ਕਿ ਜਵਾਬ ਵਿੱਚ ਦਾਅਵਾ ਕੀਤਾ ਗਿਆ ਹੈ) ਦੀ ਜਾਣਕਾਰੀ ਦੀ ਉਡੀਕ ਸੀ।

1.4.1.6 ਫੂਡ ਟੈਸਟਿੰਗ ਲੇਬਾਰਟਰੀ ਸਥਾਪਤ ਕਰਨਾ

ਆਈ ਸੀ ਏ ਆਰ ਨੇ ਆਰ ਐਸ, ਬਠਿੰਡਾ ਵਿਖੇ ਇੱਕ ਫੂਡ ਟੈਸਟਿੰਗ ਲੇਬਾਰਟਰੀ (ਐਫ ਟੀ ਐਲ) ਸਥਾਪਤ ਕਰਨ ਲਈ ₹ 131.00 ਲੱਖ[53] ਦੀ ਸਹਾਇਤਾ ਗ੍ਰਾਂਟ ਨੂੰ ਮਨਜ਼ੂਰੀ ਦਿੱਤੀ (ਅਕਤੂਬਰ 2015), ਜਿਸ ਵਿਚੋਂ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ (ਐਮ ਐਫ ਪੀ ਆਈ) ਦਾ ਹਿੱਸਾ (₹ 101.10 ਲੱਖ) ਆਈ ਸੀ ਏ ਆਰ ਦੁਆਰਾ ਤਿੰਨ ਕਿਸ਼ਤਾਂ[54] ਵਿੱਚ ਜਾਰੀ ਕੀਤਾ ਜਾਣਾ ਸੀ। ਇਸ ਤੋਂ ਇਲਾਵਾ, ਦੋ ਸਾਲਾ ਲਈ ਦੋ ਤਕਨੀਕੀ ਸਟਾਫ ਲਈ 80 *ਪ੍ਰਤੀਸ਼ਤ* ਦੀ ਦਰ ਨਾਲ ਭੱਤੇ ਸਾਰੀਆਂ ਲੋੜਾਂ[55] ਪੂਰੀਆਂ ਕਰਨ ਤੋਂ ਬਾਅਦ ਚੌਥੀ ਅਤੇ ਅੰਤਿਮ ਕਿਸ਼ਤ ਵਜੋਂ ਜਾਰੀ ਕੀਤੇ ਜਾਣੇ ਸਨ। ਐਫ ਟੀ ਐਲ ਨੂੰ ਪਹਿਲੀ ਕਿਸ਼ਤ ਜਾਰੀ ਹੋਣ ਦੀ ਮਿਤੀ ਤੋਂ ਦੋ ਸਾਲਾਂ ਦੇ ਅੰਦਰ ਸਥਾਪਤ ਕੀਤਾ ਜਾਣਾ ਸੀ। ਇਸ ਤੋਂ ਇਲਾਵਾ, ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਐਫ ਟੀ ਐਲ ਦੀ ਸਥਾਪਨਾ ਤੋਂ ਬਾਅਦ ਐਨ ਏ ਬੀ ਐਲ[56] ਮਾਨਤਾ ਪ੍ਰਾਪਤ ਕਰਨੀ ਜ਼ਰੂਰੀ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਆਈ ਸੀ ਏ ਆਰ ਨੇ ਦਸੰਬਰ 2016 ਵਿੱਚ ਆਰ ਐਸ, ਬਠਿੰਡਾ ਵਿਖੇ ਐਫ ਟੀ ਐਲ ਦੀ ਸਥਾਪਨਾ ਲਈ ₹ 40.44 ਲੱਖ ਦੀ ਪਹਿਲੀ ਕਿਸ਼ਤ ਜਾਰੀ ਕੀਤੀ ਸੀ। ਪਹਿਲੀ ਕਿਸ਼ਤ ਦੀ ਵਰਤੋਂ ਤੋਂ ਬਾਅਦ ₹ 40.44 ਲੱਖ ਦੀ ਦੂਜੀ ਕਿਸ਼ਤ ਪ੍ਰਾਪਤ ਕੀਤੀ ਜਾਣੀ ਸੀ। ਹਾਲਾਂਕਿ, ਪੀ ਏ ਯੂ, ਦਸੰਬਰ 2019 ਤੱਕ ਸਿਰਫ਼ ₹ 38.20 ਲੱਖ (₹ 40.44 ਲੱਖ ਵਿੱਚੋਂ) ਦੀ ਵਰਤੋਂ ਕਰ ਸਕਿਆ, ਜਿਸ ਨਾਲ ₹ 2.24 ਲੱਖ ਬਕਾਇਆ ਰਹਿ ਗਿਆ। ਇਸ ਤੋਂ ਬਾਅਦ, ਆਈ ਸੀ ਏ ਆਰ ਨੇ ₹ 37.24 ਲੱਖ (₹ 40.44 ਲੱਖ ਵਿੱਚੋਂ) ਦੀ ਦੂਜੀ ਕਿਸ਼ਤ ਜਾਰੀ ਕੀਤੀ (ਜਨਵਰੀ 2020), ਜਿਸ ਵਿਚੋਂ 2020-21 ਦੌਰਾਨ ₹ 36.56 ਲੱਖ ਦੀ ਵਰਤੋਂ ਇਸ ਉਦੇਸ਼ ਲਈ ਕੀਤੀ ਗਈ ਸੀ। ਇਸ ਤਰ੍ਹਾਂ, ਯੂਨੀਵਰਸਿਟੀ ਪਹਿਲੀ ਕਿਸ਼ਤ (ਦਸੰਬਰ 2016) ਦੀ ਪ੍ਰਾਪਤੀ ਤੋਂ ਦੋ ਸਾਲਾਂ (24 ਮਹੀਨੇ) ਦੀ ਨਿਰਧਾਰਤ ਮਿਆਦ ਦੇ ਅੰਦਰ ਐਫ ਟੀ ਐਲ ਸਥਾਪਤ ਨਹੀਂ ਕਰ ਸਕੀ। ਉਪਕਰਣ ਅਤੇ ਫਰਨੀਚਰ ਅਤੇ ਫਿਕਸਚਰ ਖਰੀਦਣ ਅਤੇ ਸਥਾਪਤ ਕਰਨ ਵਿੱਚ 46 ਮਹੀਨੇ (ਭਾਵ, ਦਸੰਬਰ 2016 ਤੋਂ ਅਕਤੂਬਰ 2020) ਲੱਗੇ, ਜਿਸ 'ਤੇ ₹ 74.76 ਲੱਖ[57] (₹ 77.68 ਲੱਖ ਵਿੱਚੋਂ) ਖਰਚ ਆਇਆ।

ਇਸ ਤੋਂ ਇਲਾਵਾ, ਯੂਨੀਵਰਸਿਟੀ ਵੱਲੋਂ ਤੀਜੀ ਕਿਸ਼ਤ (ਕੁੱਲ ਗ੍ਰਾਂਟ ਦਾ 20 *ਪ੍ਰਤੀਸ਼ਤ*) ਜਾਰੀ ਕਰਨ ਦੀ ਬੇਨਤੀ (ਜਨਵਰੀ 2022) ਨੂੰ ਆਈ ਸੀ ਏ ਆਰ ਦੁਆਰਾ ਪ੍ਰੋਜੈਕਟ ਦੇ ਲਾਗੂ ਕਰਨ ਵਿੱਚ ਬਹੁਤ

---

53 ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲਾ (ਐਮ ਓ ਐਫ ਪੀ ਆਈ) ਜੀ ਓ ਆਈ ਦਾ ਯੋਗਦਾਨ; ₹ 101.10 ਲੱਖ ਅਤੇ ਪੀ ਏ ਯੂ ਦਾ ਯੋਗਦਾਨ; ₹ 29.90 ਲੱਖ।

54 ਕੁੱਲ ਗ੍ਰਾਟ ਦੇ 40 *ਪ੍ਰਤੀਸ਼ਤ* ਦੀ ਪਹਿਲੀ ਕਿਸ਼ਤ ਲੋੜੀਂਦੇ ਦਸਤਾਵੇਜ਼/ਪੁਸਟੀਕਰਨ ਪ੍ਰਾਪਤ ਹੋਣ ਤੋਂ ਬਾਅਦ ਜਾਰੀ ਕੀਤੀ ਜਾਵੇਗੀ; ਅਤੇ ਕੁੱਲ ਗ੍ਰਾਟ ਦੇ 40 *ਪ੍ਰਤੀਸ਼ਤ* ਦੀ ਦੂਜੀ ਅਤੇ 20 *ਪ੍ਰਤੀਸ਼ਤ* ਦੀ ਤੀਜੀ ਕਿਸ਼ਤ ਲੈਬ ਉਪਕਰਣ ਦੀ ਖਰੀਦ, ਤਕਨੀਕੀ ਸਿਵਲ ਕਾਰਜ ਅਤੇ ਰਿਹਾਇਸ਼ ਲਈ ਫਰਨੀਚਰ ਅਤੇ ਫਿਕਚਰਜ਼ ਦੀ ਫਿਕਸਿੰਗ, ਜਿਵੇਂ ਵੀ ਕੇਸ ਹੋਵੇ, 'ਤੇ ਖਰਚੇ ਲਈ ਗ੍ਰਾਟ ਦੀ ਪਹਿਲੀ/ਦੂਜੀ ਕਿਸ਼ਤ ਦੀ ਪੂਰੀ ਵਰਤੋਂ ਨੂੰ ਯਕੀਨੀ ਬਣਾਉਣ ਤੋਂ ਬਾਅਦ ਹੀ ਜਾਰੀ ਕੀਤੀ ਜਾਵੇਗੀ।

55 ਪੀ ਏ ਸੀ ਦੁਆਰਾ ਪ੍ਰਵਾਨਿਤ ਉਪਕਰਣਾਂ ਦੀ ਖਰੀਦ ਅਤੇ ਸਥਾਪਤੀ ਅਤੇ ਐਨ ਏ ਬੀ ਐਲ ਦੀ ਸਥਿਤੀ, ਮਾਨਤਾ ਦੀ ਸਥਿਤੀ ਦੇ ਨਾਲ ਤੀਜੀ ਕਿਸ਼ਤ ਦੇ ਵਰਤੋਂ ਸਰਟੀਫਿਕੇਟ ਪੇਸ਼ ਕਰਨਾ।

56 ਟੈਸਟਿੰਗ ਅਤੇ ਕੈਲੀਬ੍ਰੇਸ਼ਨ ਲੇਬਾਰਟਰੀ ਲਈ ਰਾਸ਼ਟਰੀ ਮਾਨਤਾ ਬੋਰਡ।

57 ਉਪਕਰਣ (ਉਦੇਸ਼ ਲਈ ਰੱਖੇ ₹ 89.00 ਲੱਖ ਵਿਚੋਂ ₹ 72.26 ਲੱਖ); ਅਤੇ ਫਰਨੀਚਰ ਅਤੇ ਫਿਕਸਚਰ (₹ 2.50 ਲੱਖ)।

ਦੇਰੀ ਦਾ ਹਵਾਲਾ ਦਿੰਦੇ ਹੋਏ ਰੱਦ ਕਰ ਦਿੱਤਾ ਗਿਆ ਸੀ (ਮਾਰਚ 2022) ਅਤੇ ਨਤੀਜੇ ਵਜੋਂ ਪ੍ਰੋਜੈਕਟ ਬੰਦ ਕਰ ਦਿੱਤਾ ਗਿਆ ਸੀ। ਯੂਨੀਵਰਸਿਟੀ ਨੂੰ ਆਈ ਸੀ ਏ ਆਰ ਨੂੰ ₹ 2.92 ਲੱਖ ਦੀ ਅਣਖਰਚੀ ਰਾਸ਼ੀ ਵਾਪਸ ਕਰਨੀ ਪਈ।

ਇਸ ਤਰ੍ਹਾਂ, ਐਫ ਟੀ ਐਲ ਸਥਾਪਤ ਕਰਨ ਲਈ ਸਮਾਂ-ਸੀਮਾ ਦੀ ਪਾਲਣਾ ਨਾ ਕਰਨ ਦੇ ਕਾਰਨ, ਤੀਜੀ ਕਿਸ਼ਤ (₹ 9.60 ਲੱਖ) ਲਈ ਫੰਡ ਜਾਰੀ ਨਹੀਂ ਕੀਤੇ ਗਏ। ਜੇਕਰ ਯੂਨੀਵਰਸਿਟੀ ਨੇ ਇਸ ਦੀ ਸਥਾਪਨਾ ਸਮੇਂ ਸਿਰ ਪੂਰੀ ਕਰ ਲਈ ਹੁੰਦੀ, ਤਾਂ ਉਹ ਦੋ ਤਕਨੀਕੀ ਸਟਾਫ ਲਈ ਤਨਖਾਹ ਦਾ 80 *ਪ੍ਰਤੀਸ਼ਤ* ਭੁਗਤਾਨ ਦਾ ਦਾਅਵਾ ਵੀ ਕਰ ਸਕਦੀ ਸੀ। ਇਸ ਤੋਂ ਇਲਾਵਾ, ਯੂਨੀਵਰਸਿਟੀ ਨੇ ਲੋੜੀਂਦੀ ਐਨ ਏ ਬੀ ਐਲ ਮਾਨਤਾ ਪ੍ਰਾਪਤ ਨਹੀਂ ਕੀਤੀ ਸੀ ਅਤੇ ਅਪ੍ਰੈਲ 2021 ਤੋਂ ਐਨ ਏ ਬੀ ਐਲ ਮਾਨਤਾ ਤੋਂ ਬਿਨ੍ਹਾਂ ਐਫ ਟੀ ਐਲ ਨੂੰ ਅੰਸ਼ਕ ਤੌਰ 'ਤੇ ਚਲਾ ਰਹੀ ਸੀ, ਜਿਸ ਨਾਲ ਭੋਜਨ ਦੀ ਗੁਣਵੱਤਾ ਅਤੇ ਰਚਨਾ ਆਦਿ ਦੀ ਨਿਗਰਾਨੀ ਕਰਨ ਲਈ ਇੱਕ ਪੂਰੀ ਤਰ੍ਹਾਂ ਕਾਰਜਸ਼ੀਲ ਨਿਗਰਾਨੀ ਪ੍ਰਣਾਲੀ ਸਥਾਪਤ ਕਰਨ ਵਿੱਚ ਅਸਫਲ ਰਹੀ।

ਐਗਜ਼ਿਟ ਕਾਨਫਰੰਸ ਵਿੱਚ, ਯੂਨੀਵਰਸਿਟੀ ਨੇ ਕਿਹਾ (ਜੂਨ 2023) ਕਿ ਐਨ ਏ ਬੀ ਐਲ ਮਾਨਤਾ ਜਲਦੀ ਤੋਂ ਜਲਦੀ ਪ੍ਰਾਪਤ ਕੀਤੀ ਜਾਵੇਗੀ ਅਤੇ ਐਫ ਟੀ ਐਲ ਨੂੰ ਪੂਰੀ ਤਰ੍ਹਾ ਕਾਰਜਸ਼ੀਲ ਬਣਾਇਆ ਜਾਵੇਗਾ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਐਫ ਟੀ ਐਲ ਹੁਣ ਪੂਰੀ ਤਰ੍ਹਾਂ ਕਾਰਜਸ਼ੀਲ ਸੀ ਅਤੇ ਲੈਬ ਦੀ ਐਨ ਏ ਬੀ ਐਲ ਮਾਨਤਾ ਪ੍ਰਗਤੀ ਵਿੱਚ ਸੀ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਐਫ ਟੀ ਐਲ, ਐਨ ਏ ਬੀ ਐਲ ਮਾਨਤਾ ਤੋਂ ਬਿਨ੍ਹਾਂ ਕੰਮ ਕਰ ਰਿਹਾ ਸੀ, ਜੋ ਕਿ ਐਗਜ਼ਿਟ ਕਾਨਫਰੰਸ ਵਿੱਚ ਦਿੱਤੇ ਗਏ ਭਰੋਸੇ ਦੇ ਉਲਟ ਸੀ।

1.4.2 ਬੌਧਿਕ ਸੰਪਤੀ ਪ੍ਰਬੰਧਨ

ਭਾਰਤ, ਵਿਸ਼ਵ ਵਪਾਰ ਸੰਗਠਨ (ਡਬਲਯੂ ਟੀ ਓ) ਦਾ ਇੱਕ ਮੈਂਬਰ ਹੋਣ ਦੇ ਨਾਤੇ, ਬੌਧਿਕ ਸੰਪੱਤੀ ਅਧਿਕਾਰਾਂ ਦੇ ਵਪਾਰ ਨਾਲ ਸਬੰਧਤ ਪਹਿਲੂਆਂ 'ਤੇ ਸਮਝੌਤੇ (ਟੀ ਆਰ ਆਈ ਪੀ ਐਸ ਸਮਝੌਤੇ) ਦੀ ਪਾਲਣਾ ਕਰਨ ਲਈ ਪਾਬੰਦ ਹੈ, ਜਿਸ ਲਈ ਮੈਬਰ ਦੇਸ਼ਾਂ ਨੂੰ ਖੇਤੀਬਾੜੀ ਸਮੇਤ ਤਕਨਾਲੋਜੀ ਦੇ ਸਾਰੇ ਖੇਤਰਾਂ ਵਿੱਚ, ਕਿਸੇ ਨਾ ਕਿਸੇ ਰੂਪ ਵਿੱਚ ਬੌਧਿਕ ਸੰਪਤੀ ਅਧਿਕਾਰਾਂ (ਆਈ ਪੀ ਆਰ) ਦੀ ਸੁਰੱਖਿਆ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਆਈ ਪੀ ਆਰਜ਼ ਵਿੱਚ, ਹੋਰ ਚੀਜ਼ਾਂ ਦੇ ਨਾਲ-ਨਾਲ ਪੇਟੈਂਟ, ਪੌਦਿਆਂ ਦੀਆਂ ਕਿਸਮਾਂ ਦੀ ਸੁਰੱਖਿਆ ਅਤੇ ਵਸਤੂਆਂ ਦੇ ਭੂਗੋਲਿਕ ਸੰਕੇਤ (ਜੀ ਆਈ) ਸ਼ਾਮਲ ਹਨ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਯੂਨੀਵਰਸਿਟੀ ਦੁਆਰਾ ਬਣਾਈ ਗਈ (2006) ਤਕਨਾਲੋਜੀ ਮਾਰਕੀਟਿੰਗ ਅਤੇ ਬੌਧਿਕ ਸੰਪਤੀ ਅਧਿਕਾਰ (ਟੀ ਐਮ ਆਈ ਪੀ ਆਰ) ਸੈੱਲ ਕੋਲ ਕੋਈ ਸਮਰਪਿਤ ਪੂਰਾ-ਸਮਾਂ ਸਟਾਫ ਨਹੀਂ ਸੀ। ਸੈੱਲ ਲਈ ਮਨਜ਼ੂਰਸ਼ੁਦਾ ਦੋ ਅਸਾਮੀਆਂ ਦੇ ਵਿਰੁੱਧ, ਐਸੋਸੀਏਟ ਡਾਇਰੈਕਟਰ ਖੋਜ ਸੈੱਲ ਦਾ ਵਾਧੂ ਚਾਰਜ ਸੰਭਾਲ ਰਿਹਾ ਸੀ ਅਤੇ ਪਲਾਂਟ ਬ੍ਰੀਡਿੰਗ ਅਤੇ ਜੈਨੇਟਿਕਸ ਵਿਭਾਗ ਦੇ ਇੱਕ ਵਿਗਿਆਨੀ ਨੂੰ ਸੈੱਲ ਦੀ ਵਾਧੂ ਡਿਊਟੀ ਸੌਂਪੀ ਗਈ ਸੀ। ਸਮਰਪਿਤ ਸਟਾਫ ਦੀ

ਗੈਰ-ਉਪਲਬਧਤਾ ਨੇ ਬੌਧਿਕ ਸੰਪਤੀ ਦੇ ਅਧਿਕਾਰਾਂ ਦੀ ਸੁਰੱਖਿਆ/ਰਜਿਸਟ੍ਰੇਸ਼ਨ ਅਤੇ ਯੂਨੀਵਰਸਿਟੀ ਦੁਆਰਾ ਵਿਕਸਤ ਤਕਨਾਲੋਜੀਆਂ ਅਤੇ ਕਿਸਮਾਂ ਦੇ ਵਪਾਰੀਕਰਨ ਨੂੰ ਪ੍ਰਭਾਵਿਤ ਕੀਤਾ, ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ। ਯੂਨੀਵਰਸਿਟੀ ਨੇ ਭਰੋਸਾ ਦਿੱਤਾ ਕਿ ਉਹ ਲੋੜ ਅਨੁਸਾਰ ਸੈੱਲ ਵਿੱਚ ਪੂਰਾ ਸਮਾਂ ਸਟਾਫ ਤੈਨਾਤ ਕਰੇਗੀ (ਜਨਵਰੀ 2023)।

- ਪੀ ਏ ਯੂ ਨੇ ਫਰਵਰੀ 2007 ਵਿੱਚ ਆਪਣੀ ਆਈ ਪੀ ਆਰ ਨੀਤੀ ਤਿਆਰ ਕੀਤੀ। ਹਾਲਾਂਕਿ, ਇਸ ਨੀਤੀ ਵਿੱਚ ਆਈ ਸੀ ਏ ਆਰ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਪੇਟੈਂਟ ਅਤੇ ਪੌਦਿਆਂ ਦੀਆਂ ਕਿਸਮਾਂ ਦੀ ਸੁਰੱਖਿਆ, ਬੌਧਿਕ ਸੰਪਤੀਆਂ ਦੇ ਵਪਾਰੀਕਰਨ, ਬੌਧਿਕ ਸੰਪਤੀਆਂ ਦੀ ਸਾਂਝੀ ਮਾਲਕੀ ਆਦਿ ਦੇ ਪ੍ਰਬੰਧਨ ਸੰਬੰਧੀ ਵਿਸਤ੍ਰਿਤ ਦਿਸ਼ਾ-ਨਿਰਦੇਸ਼ਾਂ ਨੂੰ ਸ਼ਾਮਲ ਨਹੀਂ ਕੀਤਾ ਸੀ। ਯੂਨੀਵਰਸਿਟੀ ਨੇ ਲੋੜ ਅਨੁਸਾਰ ਨੀਤੀ ਦਿਸ਼ਾ-ਨਿਰਦੇਸ਼ਾਂ ਨੂੰ ਸੋਧਣ ਦਾ ਭਰੋਸਾ ਦਿਵਾਇਆ (ਜਨਵਰੀ 2023)।
- ਯੂਨੀਵਰਸਿਟੀ ਦੁਆਰਾ ਲਾਇਸੈਂਸ ਫੀਸ ਦੇ ਨਿਰਧਾਰਨ ਲਈ ਰਜਿਸਟ੍ਰੇਸ਼ਨ, ਤਕਨਾਲੋਜੀਆਂ/ਪੌਦਿਆਂ ਦੀਆਂ ਕਿਸਮਾਂ ਦੇ ਤਬਾਦਲੇ ਅਤੇ ਉਨ੍ਹਾਂ ਦੇ ਮੁਲਾਂਕਣ ਦੀ ਵਿਧੀ ਲਈ ਵੱਖ-ਵੱਖ ਸਮਾਂ-ਸੀਮਾਵਾਂ ਨਿਰਧਾਰਤ ਕਰਨ ਵਾਲੀ ਕੋਈ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ (ਐਸ ਓ ਪੀ) ਨਹੀਂ ਬਣਾਈ ਸੀ।
- ਵੀ ਸੀ ਅਤੇ ਬੀ ਓ ਐਮ ਨੂੰ ਵਿਕਸਤ, ਪੇਟੈਂਟ ਜਾਂ ਰਜਿਸਟਰਡ (ਅਜੇ ਤੱਕ ਵਪਾਰੀਕਰਨ ਨਹੀਂ ਕੀਤਾ ਗਿਆ) ਤਕਨਾਲੋਜੀਆਂ/ਪੌਦਿਆਂ ਦੀਆਂ ਕਿਸਮਾਂ ਦੀ ਸਮੇਂ ਸਮੇਂ 'ਤੇ ਰਿਪੋਰਟਿੰਗ ਦੀ ਕੋਈ ਪ੍ਰਣਾਲੀ ਨਹੀਂ ਸੀ ਤਾਂ ਜੋ ਅੰਤਮ ਉਪਭੋਗਤਾਵਾਂ ਤੱਕ ਇਨ੍ਹਾਂ ਤਕਨਾਲੋਜੀਆਂ/ਪੌਦਿਆਂ ਦੀਆਂ ਕਿਸਮਾਂ ਦੇ ਲਾਭਾਂ ਦਾ ਸਮੇਂ ਸਿਰ ਪ੍ਰਸਾਰ ਯਕੀਨੀ ਬਣਾਇਆ ਜਾ ਸਕੇ। ਇਸ ਤਰ੍ਹਾਂ, ਵਪਾਰੀਕਰਨ ਵਿੱਚ ਸੈੱਲ ਦੀ ਭੂਮਿਕਾ ਸੀਮਤ ਅਤੇ ਪ੍ਰਭਾਵਹੀਣ ਸੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕੀ ਤਕਨਾਲੋਜੀ ਅਤੇ ਮਾਰਕੀਟਿੰਗ ਅਤੇ ਆਈ ਪੀ ਆਰ ਸੈੱਲ ਨੇ ਖੋਜ ਮੁਲਾਂਕਣ ਕਮੇਟੀ (ਆਰ ਈ ਸੀ) ਦੁਆਰਾ ਪ੍ਰਵਾਨਿਤ ਵੱਖ-ਵੱਖ ਤਕਨਾਲੋਜੀਆਂ ਲਈ ਇੱਕ ਡਾਟਾਬੇਸ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ। 25 ਜੁਲਾਈ 2023 ਤੋਂ ਹੁਣ ਤੱਕ, ਵਪਾਰੀਕਰਨ ਕਰਨ ਲਈ ਆਰ ਈ ਸੀ ਦੁਆਰਾ ਪ੍ਰਵਾਨਿਤ ਸਾਰੀਆਂ ਤਕਨਾਲੋਜੀਆਂ ਨੂੰ ਡਾਟਾਬੇਸ ਵਿੱਚ ਦਰਜ ਕੀਤਾ ਗਿਆ ਸੀ।

ਹਾਲਾਂਕਿ, ਯੂਨੀਵਰਸਿਟੀ ਐਸ ਓ ਪੀ ਅਤੇ ਸਮੇਂ-ਸਮੇਂ ਤੇ ਰਿਪੋਰਟਿੰਗ ਪ੍ਰਣਾਲੀ 'ਤੇ ਚੁੱਪ ਰਹੀ।

1.4.2.1 ਬੌਧਿਕ ਸੰਪਤੀਆਂ ਦੀ ਸੁਰੱਖਿਆ

ਆਈ ਸੀ ਏ ਆਰ ਦਿਸ਼ਾ-ਨਿਰਦੇਸ਼ ਨਿਰਧਾਰਤ ਕਰਦੇ ਹਨ ਕਿ ਕਾਨੂੰਨ ਦੇ ਅਧੀਨ ਪੇਟੈਂਟ ਹੋਣ ਯੋਗ ਸਾਰੇ ਖੋਜ ਨਤੀਜੇ ਪੇਟੈਂਟ ਸੁਰੱਖਿਆ ਲਈ ਲਏ ਜਾਣੇ ਚਾਹੀਦੇ ਹਨ। ਵਿਕਸਤ ਤਕਨਾਲੋਜੀਆਂ ਨੂੰ ਵਪਾਰਕ ਲਾਭਾਂ ਲਈ ਦੇਸ਼ ਦੇ ਅੰਦਰ ਅਤੇ ਬਾਹਰ ਹੋਰ ਏਜੰਸੀਆਂ ਦੁਆਰਾ ਅਣਅਧਿਕਾਰਤ ਵਰਤੋਂ/ਸ਼ੋਸ਼ਣ ਤੋਂ ਸੁਰੱਖਿਅਤ ਰੱਖਣ ਦੀ ਲੋੜ ਹੈ।


(i) ਪੇਟੈਂਟ ਐਕਟ, 1970 ਦੇ ਅਧੀਨ ਤਕਨਾਲੋਜੀਆਂ ਦਾ ਪੇਟੈਂਟ

ਪੇਟੈਂਟ ਐਕਟ, 1970 ਦੇ ਅਧੀਨ, ਤਕਨਾਲੋਜੀ ਦੇ ਕਿਸੇ ਵੀ ਖੇਤਰ ਵਿੱਚ ਖੋਜ ਦੇ ਨਤੀਜੇ ਇਸ ਵਿੱਚ ਸ਼ਾਮਲ ਸ਼ਰਤਾਂ/ਉਪਬੰਧਾਂ ਦੀ ਸ਼ਰਤ 'ਤੇ ਪੇਟੈਂਟਯੋਗ ਹਨ। ਪੇਟੈਂਟ ਐਕਟ "ਇਨਵੈਂਟਿਵ ਸਟੈਪ" ਨੂੰ ਕਾਢ[58] ਦੀ ਵਿਸ਼ੇਸ਼ਤਾ ਵਜੋਂ ਪਰਿਭਾਸ਼ਿਤ ਕਰਦਾ ਹੈ। ਜੇਕਰ ਪੇਟੈਂਟ ਕੰਟਰੋਲਰ ਇਸ ਗੱਲ ਤੋਂ ਸੰਤੁਸ਼ਟ ਹੈ ਕਿ ਪੇਟੈਂਟ ਅਰਜ਼ੀ ਜਾਂ ਨਿਰਧਾਰਨ ਐਕਟ ਦੇ ਉਪਬੰਧਾਂ ਦੀ ਪਾਲਣਾ ਨਹੀਂ ਕਰਦਾ ਹੈ, ਤਾਂ ਇਸਨੂੰ ਅਸਵੀਕਾਰ ਕੀਤਾ ਜਾ ਸਕਦਾ ਹੈ।

ਲੇਖਾ ਪ੍ਰੀਖਿਆ ਦੁਆਰਾ ਵਿਸਤ੍ਰਿਤ ਜਾਂਚ ਕਰਨ 'ਤੇ, ਇਹ ਵੇਖਿਆ ਗਿਆ ਸੀ ਕਿ:

- ਪੀ ਏ ਯੂ ਆਪਣੇ ਵੱਖ-ਵੱਖ ਵਿਭਾਗਾਂ ਦੁਆਰਾ ਖੋਜਾਂ/ਵਿਕਸਤ ਤਕਨਾਲੋਜੀਆਂ ਦਾ ਕੋਈ ਵੀ ਇਕੱਠਾ ਡਾਟਾਬੇਸ ਮੁਹੱਈਆ ਨਹੀਂ ਕਰਵਾ ਸਕੀ।
- **ਚਾਰਟ 1.16** ਦਰਸਾਉਂਦਾ ਹੈ ਕਿ ਯੂਨੀਵਰਸਿਟੀ ਨੇ ਪੇਟੈਂਟ ਐਕਟ ਦੇ ਅਧੀਨ 48 ਤਕਨਾਲੋਜੀਆਂ ਦੀ ਰਜਿਸਟ੍ਰੇਸ਼ਨ ਲਈ ਅਰਜ਼ੀ ਦਿੱਤੀ (2006-2022), ਜਿਨ੍ਹਾਂ ਵਿਚੋਂ 18 ਤਕਨਾਲੋਜੀਆਂ[59] ਨੂੰ ਨਵੰਬਰ 2022 ਤੱਕ ਪੇਟੈਂਟ ਅਧਿਕਾਰ ਦਿੱਤੇ ਗਏ ਸਨ***(ਅੰਤਿਕਾ 1.6)***, ਪੰਜ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਸਨ ਅਤੇ 25 ਤਕਨਾਲੋਜੀਆਂ ਲੰਬਿਤ ਪਈਆਂ ਸਨ।

ਚਾਰਟ 1.16: ਪੇਟੈਂਟ ਐਕਟ, 1970 ਦੇ ਅਧੀਨ ਰਜਿਸਟ੍ਰੇਸ਼ਨ ਲਈ ਅਪਲਾਈ ਕੀਤੀਆਂ ਗਈਆਂ 48 ਤਕਨਾਲੋਜੀਆਂ ਦੀ ਸਥਿਤੀ



- ਪੀ ਏ ਯੂ ਦੁਆਰਾ ਦਾਇਰ ਕੀਤੀਆਂ ਗਈਆਂ ਪੰਜ ਪੇਟੈਂਟ ਅਰਜ਼ੀਆਂ (ਮਈ 2008-ਮਾਰਚ 2015) ਨੂੰ ਹੇਠਾਂ ਦਿੱਤੇ ਕਾਰਨਾਂ ਕਰਕੇ, ਐਕਟ ਦੀ ਧਾਰਾ 15 ਦੇ ਅਧੀਨ ਪੇਟੈਂਟ ਕੰਟਰੋਲਰ ਦੁਆਰਾ ਅਸਵੀਕਾਰ ਕਰ ਦਿੱਤਾ ਗਿਆ ਸੀ (ਸਤੰਬਰ 2016 ਤੋਂ ਜੂਨ 2020):
  - ਕਥਿਤ ਖੋਜ ਵਿੱਚ ਖੋਜੀ ਕਦਮ ਦੀ ਕਮੀ ਸੀ;
  - ਅਰਜ਼ੀ ਪੇਟੈਂਟ ਐਕਟ, 1970 ਦੇ ਉਪਬੰਧਾਂ ਦੇ ਅਨੁਸਾਰ ਨਹੀਂ ਸੀ;
  - ਕਿਸੇ ਨਵੀ ਸੰਪਤੀ ਦੀ ਸਿਰਫ਼ ਖੋਜ ਜਾਂ ਕਿਸੇ ਜਾਣੇ-ਪਛਾਣੇ ਪਦਾਰਥ ਲਈ ਨਵੀਂ ਵਰਤੋਂ ਅਤੇ ਜਾਣੀ-ਪਛਾਣੀ ਪ੍ਰਕਿਰਿਆ ਦੀ ਸਿਰਫ਼ ਵਰਤੋਂ ਨੂੰ ਪੇਟੈਂਟ ਯੋਗ ਖੋਜ ਨਹੀਂ ਮੰਨਿਆ ਜਾ ਸਕਦਾ;
  - ਇਹ ਇੱਕ ਪੇਟੈਂਟ ਯੋਗ ਵਿਸ਼ਾ ਵਸਤੂ ਨਹੀਂ ਸੀ; ਅਤੇ

---

58 ਮੌਜੂਦਾ ਗਿਆਨ ਦੇ ਮੁਕਾਬਲੇ ਤਕਨੀਕੀ ਐਡਵਾਂਸ ਨੂੰ ਸ਼ਾਮਲ ਕਰਨਾ ਜਾਂ ਆਰਥਿਕ ਮਹੱਤਤਾ ਜਾਂ ਦੋਵੇ ਹੋਣ ਅਤੇ ਇਹ ਕਲਾ ਵਿੱਚ ਹੁਨਰਮੰਦ ਵਿਅਕਤੀ ਲਈ ਕਾਢ ਨੂੰ ਸਪੱਸ਼ਟ ਨਹੀਂ ਕਰਦਾ।

59 ਚਾਰ ਸਹਿਯੋਗੀ ਵਿਕਸਤ ਤਕਨਾਲੋਜੀਆਂ ਦੇ ਸਬੰਧ ਵਿੱਚ ਪੇਟੈਂਟ ਅਧਿਕਾਰਾਂ ਸ਼ਾਮਲ ਕਰੋ ਜੋ ਆਈ ਸੀ ਏ ਆਰ ਦੇ ਨਾਂਅ 'ਤੇ ਦਿੱਤੇ ਗਏ ਸਨ, ਜਿਵੇਂ ਕਿ *ਪੈਰ੍ਹਾ 1.4.2.2* ਵਿੱਚ ਚਰਚਾ ਕੀਤੀ ਗਈ ਹੈ।

- ਪ੍ਰੋਬਾਇਓਟਿਕ ਫਲਾਂ ਦੇ ਜੂਸ ਦੇ ਉਤਪਾਦਨ ਲਈ ਪੇਟੈਂਟ ਅਰਜ਼ੀ ਦੇ ਮਾਮਲੇ ਵਿੱਚ, ਪੀ ਏ ਯੂ ਦੁਆਰਾ ਪੇਟੈਂਟ, ਡਿਜਾਈਨ ਅਤੇ ਟ੍ਰੇਡ ਮਾਰਕ ਦੇ ਕੰਟਰੋਲਰ ਜਨਰਲ ਨੂੰ ਜਵਾਬ ਦਾਇਰ ਨਹੀਂ ਕੀਤਾ ਗਿਆ ਸੀ, ਇਸ ਲਈ, ਇਸ ਮਾਮਲੇ ਵਿੱਚ ਪੇਟੈਂਟ ਨਹੀਂ ਦਿੱਤਾ ਗਿਆ ਸੀ।

➢ ਨਵੰਬਰ 2022 ਤੱਕ, ਪੀ ਏ ਯੂ ਦੀਆਂ 25 ਪੇਟੈਂਟ ਅਰਜ਼ੀਆਂ (ਮਈ 2013-ਜੁਲਾਈ 2022) ਪੇਟੈਂਟ ਦੇ ਕੰਟਰੋਲਰ ਜਨਰਲ, ਜੀ ਓ ਆਈ ਕੋਲ ਲੰਬਿਤ ਪਈਆਂ ਸਨ, ਜਿਵੇਂ ਕਿ ***ਅੰਤਿਕਾ*** 1.7 ਵਿੱਚ ਵੇਰਵੇ ਦਿੱਤੇ ਗਏ ਹਨ। ਇਹਨਾਂ ਵਿੱਚੋਂ:

- ਸੱਤ ਬਕਾਇਆ ਅਰਜ਼ੀਆਂ ਸਾਲ 2017 ਤੋਂ ਪਹਿਲਾਂ ਦੀ ਮਿਆਦ ਦੀਆਂ ਸਨ, ਯਾਨੀ ਕਿ ਪੰਜ ਸਾਲਾਂ ਤੋਂ ਪੁਰਾਣੀਆਂ।
  - ਸੋਧ ਕੀਤੀ ਗਈ ਜਾਂਚ[60] ਅਧੀਨ 13 ਅਰਜ਼ੀਆਂ ਸਨ। ਇਨ੍ਹਾਂ ਵਿੱਚੋਂ, ਸੋਧ ਕੀਤੀ ਜਾਂਚ ਅਧੀਨ ਪੰਜ ਅਰਜ਼ੀਆਂ ਪੰਜ ਸਾਲਾਂ ਤੋਂ ਜਿਆਦਾ ਪੁਰਾਣੀਆਂ ਸਨ।
  - ਇੱਕ ਮਾਮਲੇ ਵਿੱਚ (***ਅੰਤਿਕਾ*** 1.7 ਦਾ ਲੜੀ ਨੰਬਰ 13), ਜਵਾਬ ਪੇਸ਼ ਨਹੀਂ ਕੀਤਾ ਗਿਆ ਸੀ ਅਤੇ ਤਿੰਨ ਮਾਮਲਿਆਂ ਵਿੱਚ (***ਅੰਤਿਕਾ*** 1.7 ਦਾ ਲੜੀ ਨੰਬਰ 18,19 ਅਤੇ 20) ਜਾਂਚ[61] ਲਈ ਬੇਨਤੀ ਪੇਸ਼ ਨਹੀਂ ਕੀਤੀ ਗਈ ਸੀ।
  - ਬਾਕੀ ਪੰਜ ਅਰਜ਼ੀਆਂ ਅਪ੍ਰੈਲ 2021 ਅਤੇ ਜੁਲਾਈ 2022 ਦੇ ਵਿਚਕਾਰ ਦਾਇਰ ਕੀਤੀਆਂ ਗਈਆਂ ਸਨ ਅਤੇ "ਅਰਜ਼ੀ ਅਜੇ ਪ੍ਰਕਾਸ਼ਿਤ ਨਹੀਂ ਹੋਈ" ਸਥਿਤੀ ਅਧੀਨ ਸਨ।

ਅੱਗੇ ਇਹ ਵੇਖਿਆ ਗਿਆ ਸੀ ਕਿ ਯੂਨੀਵਰਸਿਟੀ ਦੁਆਰਾ ਪੇਟੈਂਟ ਨਿਯਮਾਵਲੀ ਦੇ ਨਿਯਮ 24ਸੀ ਅਨੁਸਾਰ ਪੇਟੈਂਟ ਅਰਜ਼ੀ ਦੀ ਜਲਦੀ ਜਾਂਚ[62] ਲਈ ਕੋਈ ਬੇਨਤੀ ਨਹੀਂ ਕੀਤੀ ਗਈ ਸੀ।

ਵੀ ਸੀ ਨੇ ਪੇਟੈਂਟ ਅਰਜ਼ੀਆਂ ਲਈ ਇੱਕ ਮਜ਼ਬੂਤ ਸਕ੍ਰੀਨਿੰਗ ਕਮੇਟੀ ਬਣਾਉਣ ਦਾ ਭਰੋਸਾ ਦਿੱਤਾ (ਜੂਨ 2023)। ਯੂਨੀਵਰਸਿਟੀ ਨੇ ਅੱਗੇ ਸੂਚਿਤ ਕੀਤਾ (ਅਕਤੂਬਰ 2024) ਕਿ ਬੌਧਿਕ ਸੰਪਤੀ ਮੁਲਾਂਕਣ ਕਮੇਟੀ (ਆਈ ਪੀ ਏ ਸੀ) ਬਣਾਈ ਗਈ ਹੈ। ਪੇਟੈਂਟ ਪ੍ਰਸਤਾਵ ਦੇ ਵਿਸ਼ੇ ਅਨੁਸਾਰ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਮੁਖੀਆ ਅਤੇ ਸੀਨੀਅਰ ਪੱਧਰ ਦੇ ਮਾਹਰਾਂ ਨੂੰ ਸ਼ਾਮਲ ਕਰਕੇ ਆਈ ਪੀ ਏ ਸੀ ਦਾ ਗਠਨ ਕੀਤਾ ਗਿਆ ਸੀ। ਹਾਲਾਂਕਿ, ਯੂਨੀਵਰਸਿਟੀ ਨੇ ਪੇਟੈਂਟ ਅਰਜ਼ੀਆਂ ਨੂੰ ਰੱਦ ਕਰਨ ਅਤੇ ਲੰਬਿਤ ਅਰਜ਼ੀਆਂ ਦੀ ਪਾਲਣਾ ਕਰਨ ਲਈ ਕੋਈ ਖਾਸ ਜਵਾਬ ਨਹੀਂ ਦਿੱਤਾ ਸੀ।

---

60 ਜਦੋਂ ਕਿ ਇੱਕ ਪੇਟੈਂਟ ਅਰਜ਼ੀ ਲਈ ਜਾਂਚ ਕੀਤੀ ਜਾਂਦੀ ਹੈ ਪੇਟੈਂਟ ਜਾਂਚਕਰਤਾ ਦਾਅਵਿਆਂ ਸਮੇਤ ਅਰਜ਼ੀ ਵਿੱਚ ਕਮੀਆਂ ਦਾ ਹਵਾਲਾ ਦਿੰਦੇ ਹੋਏ ਐਫ ਈ ਆਰ (ਪਹਿਲੀ ਜਾਂਚ ਰਿਪੋਰਟ) ਜਾਰੀ ਕਰਦਾ ਹੈ; ਅਤੇ ਜਾਂਚਕਰਤਾ ਦੁਆਰਾ ਪੇਟੈਂਟ ਅਰਜ਼ੀ ਵਿੱਚ ਪਛਾਣ ਕੀਤੀਆਂ ਗਈਆਂ ਸਾਰੀਆਂ ਕਮੀਆਂ ਨੂੰ ਦੂਰ ਕਰਨ ਲਈ ਬਿਨੈਕਾਰ ਇੱਕ ਸੋਧ ਦੁਆਰਾ ਪੇਟੈਂਟ ਦਾਅਵਿਆਂ ਵਿੱਚ ਸੋਧ ਕਰਦਾ ਹੈ।

61 ਭਾਰਤੀ ਪੇਟੈਂਟ ਦਫਤਰ ਦੁਆਰਾ ਇੱਕ ਪੇਟੈਂਟ ਪ੍ਰਦਾਨ ਕਰਨ ਲਈ ਇੱਕ ਅਰਜ਼ੀ ਸਿਰਫ ਉਦੋਂ ਹੀ ਜਾਂਚ ਲਈ ਜਾਂਦੀ ਹੈ ਜਦੋਂ ਅਰਜ਼ੀ ਦੀ ਜਾਂਚ ਲਈ ਬੇਨਤੀ ਦਾਇਰ ਕੀਤੀ ਜਾਂਦੀ ਹੈ। ਜਦੋਂ ਤੱਕ ਜਾਂ ਤਾਂ ਬਿਨੈਕਾਰ ਜਾਂ ਕਿਸੇ ਹੋਰ ਦਿਲਚਸਪੀ ਰੱਖਣ ਵਾਲੀ ਧਿਰ ਦੁਆਰਾ ਜਾਂਚ ਲਈ ਬੇਨਤੀ ਦਾਇਰ ਨਹੀਂ ਕੀਤੀ ਜਾਂਦੀ ਤਾਂ ਪੇਟੈਂਟ ਅਰਜ਼ੀ ਦੀ ਕੋਈ ਜਾਂਚ ਨਹੀਂ ਕੀਤੀ ਜਾਵੇਗੀ। ਜਾਂਚ ਲਈ ਬੇਨਤੀ ਦਾਇਰ ਕਰਨ ਦਾ ਸਮਾਂ ਅਰਜ਼ੀ ਦੀ ਤਰਜੀਹ ਦੀ ਮਿਤੀ ਜਾਂ ਅਰਜ਼ੀ ਦਾਇਰ ਕਰਨ ਦੀ ਮਿਤੀ ਤੋਂ 48 ਮਹੀਨੇ ਹੋਵੇਗਾ, ਜੋ ਵੀ ਪਹਿਲਾਂ ਆਵੇ।

62 2019 ਵਿੱਚ ਸੋਧੇ ਗਏ ਪੇਟੈਂਟ ਨਿਯਮਾਵਲੀ ਦੇ ਨਿਯਮ 24 ਸੀ ਦੇ ਅਨੁਸਾਰ, ਇਸ ਅਧਾਰ 'ਤੇ ਕਿ ਬਿਨੈਕਾਰ ਜੋ ਕੇਂਦਰੀ, ਸੂਬਾਈ ਜਾਂ ਰਾਜ ਐਕਟ ਦੁਆਰਾ ਸਥਾਪਤ ਜੋ ਸਰਕਾਰ ਵੱਲੋਂ ਅਪਣਾਇਆ ਜਾਂ ਨਿਯੰਤਰਿਤ ਹੈ ਇੱਕ ਸੰਸਥਾ ਹੈ, ਫਾਰਮ 18 ਏ ਵਿੱਚ ਨਿਰਧਾਰਤ ਫੀਸ ਦੇ ਨਾਲ ਜਲਦੀ ਜਾਂਚ ਲਈ ਬੇਨਤੀ ਨਿਯਮ 24 ਬੀ ਵਿੱਚ ਨਿਰਧਾਰਤ ਸਮੇਂ ਦੇ ਅੰਦਰ ਫੀਸ ਦੇ ਨਾਲ ਦਾਇਰ ਕੀਤੀ ਜਾ ਸਕਦੀ ਹੈ।


(ii) 'ਪੌਦਿਆਂ ਦੀਆਂ ਕਿਸਮਾਂ ਅਤੇ ਕਿਸਾਨਾਂ ਦੇ ਅਧਿਕਾਰਾਂ ਦੀ ਸੁਰੱਖਿਆ' (ਪੀ ਪੀ ਵੀ ਐਂਡ ਐਫ ਆਰ) ਐਕਟ, 2001' ਦੇ ਅਧੀਨ ਪੌਦਿਆਂ ਦੀਆਂ ਕਿਸਮਾਂ ਦੀ ਰਜਿਸਟ੍ਰੇਸ਼ਨ

ਪੇਟੈਂਟ ਐਕਟ ਦੇ ਅਧੀਨ, ਭਾਰਤ ਵਿੱਚ ਪੌਦਿਆਂ ਦੀਆਂ ਕਿਸਮਾਂ ਨੂੰ ਪੇਟੈਂਟ ਨਹੀਂ ਕੀਤਾ ਜਾ ਸਕਦਾ, ਬਲਕਿ ਉਨ੍ਹਾਂ ਨੂੰ 'ਪੌਦਿਆ ਦੀਆਂ ਕਿਸਮਾਂ ਅਤੇ ਕਿਸਾਨਾਂ ਦੇ ਅਧਿਕਾਰਾਂ ਦੀ ਸੁਰੱਖਿਆ (ਪੀ ਪੀ ਵੀ ਐਂਡ ਐਫ ਆਰ) ਐਕਟ, 2001' ਦੇ ਅਧੀਨ ਰਜਿਸਟਰ ਕਰਕੇ ਸੁਰੱਖਿਅਤ ਕੀਤਾ ਜਾ ਸਕਦਾ ਹੈ। ਪੀ ਪੀ ਵੀ ਐਂਡ ਐਫ ਆਰ ਐਕਟ ਦੀ ਧਾਰਾ 28 ਇਹ ਵਿਵਸਥਾ ਕਰਦੀ ਹੈ ਕਿ ਇਸ ਐਕਟ ਦੇ ਅਧੀਨ ਜਾਰੀ ਕੀਤੀ ਗਈ ਕਿਸਮ ਲਈ ਰਜਿਸਟ੍ਰੇਸ਼ਨ ਦਾ ਸਰਟੀਫਿਕੇਟ ਬ੍ਰੀਡਰ ਜਾਂ ਉਸਦੇ ਉੱਤਰਾਧਿਕਾਰੀ, ਉਸਦੇ ਏਜੰਟ ਜਾਂ ਲਾਇਸੰਸਧਾਰਕ ਨੂੰ ਕਿਸਮਾਂ ਦੇ ਉਤਪਾਦਨ, ਵੇਚਣ, ਮਾਰਕੀਟ ਕਰਨ, ਵੰਡਣ, ਆਯਾਤ ਜਾਂ ਨਿਰਯਾਤ ਕਰਨ ਦਾ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰੇਗਾ। ਐਕਟ ਦੀ ਧਾਰਾ 64 ਇਹ ਵਿਵਸਥਾ ਕਰਦੀ ਹੈ ਕਿ ਜੇਕਰ ਕੋਈ ਵਿਅਕਤੀ ਬ੍ਰੀਡਰ ਦੀ ਇਜਾਜ਼ਤ ਤੋਂ ਬਿਨ੍ਹਾਂ ਰਜਿਸਟਰਡ ਕਿਸਮਾਂ ਵੇਚਦਾ, ਨਿਰਯਾਤ ਕਰਦਾ, ਆਯਾਤ ਕਰਦਾ ਹੈ ਜਾਂ ਉਤਪਾਦਨ ਕਰਦਾ ਹੈ ਤਾਂ ਇਸ ਨੂੰ ਕਾਨੂੰਨ ਦੀ ਉਲੰਘਣਾ ਮੰਨਿਆ ਜਾਂਦਾ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਯੂਨੀਵਰਸਿਟੀ ਅਤੇ ਪੀ ਪੀ ਵੀ ਐਫ ਆਰ ਵੈੱਬਸਾਈਟ ਵਿਚਕਾਰ ਡਾਟਾ ਮੇਲ ਨਹੀਂ ਖਾਂਦਾ ਸੀ। ਆਈ ਪੀ ਆਰ ਸੈੱਲ ਦੁਆਰਾ ਲੇਖਾ ਪ੍ਰੀਖਿਆ ਨੂੰ ਸੂਚਿਤ ਕੀਤਾ ਗਿਆ ਸੀ ਕਿ 1962 ਵਿੱਚ ਇਸ ਦੀ ਸ਼ੁਰੂਆਤ ਤੋਂ ਮਾਰਚ 2022 ਤੱਕ, ਪੀ ਏ ਯੂ ਨੇ ਵੱਖ-ਵੱਖ ਫਸਲਾਂ ਦੀਆਂ 912 ਕਿਸਮਾਂ (2017-22 ਦੌਰਾਨ ਵਿਕਸਤ ਕੀਤੀਆਂ 97 ਕਿਸਮਾਂ ਸਮੇਤ) ਵਿਕਸਤ ਕੀਤੀਆਂ ਸਨ। ਜਿਨ੍ਹਾਂ ਵਿਚੋਂ ਸਿਰਫ਼ 118 ਕਿਸਮਾਂ ਨੂੰ ਰਜਿਸਟ੍ਰੇਸ਼ਨ ਲਈ ਪੀ ਪੀ ਵੀ ਐਂਡ ਐਫ ਆਰ ਐਕਟ ਅਧੀਨ ਅਪਲਾਈ ਕੀਤਾ ਗਿਆ ਸੀ ਅਤੇ ਸਿਰਫ਼ 55 ਕਿਸਮਾਂ ਪੀ ਪੀ ਵੀ ਐਂਡ ਐਫ ਆਰ ਐਕਟ ਦੇ ਅਧੀਨ 31 ਮਾਰਚ 2022 ਤੱਕ ਰਜਿਸਟਰ ਕੀਤੀਆਂ ਗਈਆਂ ਸਨ। ਇਹ ਵੀ ਸੂਚਿਤ ਕੀਤਾ ਗਿਆ ਸੀ ਕਿ 2017-22 ਦੌਰਾਨ ਵਿਕਸਤ ਕੀਤੀਆਂ 97 ਕਿਸਮਾਂ ਵਿਚੋਂ ਸਿਰਫ਼ ਦੋ ਕਿਸਮਾਂ ਪੀ ਪੀ ਵੀ ਐਂਡ ਐਫ ਆਰ ਐਕਟ ਅਧੀਨ ਰਜਿਸਟ੍ਰੇਸ਼ਨ ਲਈ ਪ੍ਰਸਤਾਵਿਤ ਕੀਤੀਆਂ ਗਈਆਂ ਸਨ (**ਚਾਰਟ 1.17** ਵਿੱਚ ਦਿੱਤੇ ਗਏ ਵੇਰਵੇ)। ਹਾਲਾਂਕਿ, ਲੇਖਾ ਪ੍ਰੀਖਿਆ ਨੇ, ਪੌਦਿਆਂ ਦੀਆਂ ਕਿਸਮਾਂ ਦੀ ਸੁਰੱਖਿਆ ਅਤੇ ਕਿਸਾਨ ਅਧਿਕਾਰ ਅਥਾਰਟੀ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ ਦੀ ਅਧਿਕਾਰਤ ਵੈੱਬਸਾਈਟ ਤੋਂ ਵੇਖਿਆ ਕਿ ਅਕਤੂਬਰ 2022 ਤੱਕ ਪੀ ਪੀ ਵੀ ਐਂਡ ਐਫ ਆਰ ਐਕਟ ਅਧੀਨ ਯੂਨੀਵਰਸਿਟੀ ਦੇ ਨਾਂਅ 'ਤੇ ਸਿਰਫ਼ 36 ਕਿਸਮਾਂ ਰਜਿਸਟਰ ਹੋਈਆਂ ਸਨ (***ਅੰਤਿਕਾ* 1.8**)। ਇਸ ਤਰ੍ਹਾਂ, ਪੀ ਪੀ ਵੀ ਐਂਡ ਐਫ ਆਰ ਐਕਟ ਅਧੀਨ ਰਜਿਸਟਰਡ ਕਿਸਮਾਂ ਦੇ ਆਈ ਪੀ ਆਰ ਸੈੱਲ ਦੁਆਰਾ ਪ੍ਰਦਾਨ ਕੀਤੇ ਅੰਕੜੇ ਪੀ ਪੀ ਵੀ ਐਂਡ ਐਫ ਆਰ ਅਥਾਰਟੀ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਅੰਕੜਿਆਂ ਨਾਲ ਮੇਲ ਨਹੀਂ ਖਾਂਦੇ ਸਨ।

ਚਾਰਟ 1.17: ਪੀ ਪੀ ਵੀ ਐਂਡ ਐਫ ਆਰ ਐਕਟ ਦੇ ਅਧੀਨ ਵਿਕਸਤ ਅਤੇ ਰਜਿਸਟਰ ਕੀਤੇ ਪੌਦਿਆਂ ਦੀਆਂ ਕਿਸਮਾਂ ਦੇ ਵੇਰਵੇ



ਸ੍ਰੋਤ: ਪੀ ਏ ਯੂ ਅਤੇ ਪੀ ਪੀ ਵੀ ਐਂਡ ਐਫ ਆਰ ਦੀ ਵੈੱਬਸਾਈਟ ਦੁਆਰਾ ਦਿੱਤੀ ਗਈ ਜਾਣਕਾਰੀ

- ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਪੀ ਏ ਯੂ ਦੁਆਰਾ ਵਿਕਸਤ ਕੀਤੀਆਂ ਕੁੱਝ ਬੀਜਾਂ ਦੀਆਂ ਕਿਸਮਾਂ ਵੱਖ-ਵੱਖ ਨਿੱਜੀ ਵਿਕਰੇਤਾਵਾਂ ਦੁਆਰਾ ਆਨਲਾਈਨ ਵਿਕਰੀ ਲਈ ਉਪਲਬਧ ਸਨ। ਇੱਕ ਨਿੱਜੀ ਵਿਕਰੇਤਾ[63] ਦੀ ਵੈੱਬਸਾਈਟ ਦੀ ਸਮੀਖਿਆ ਨੇ ਦਰਸਾਇਆ ਕਿ ਪੀ ਏ ਯੂ ਦੀਆਂ ਪ੍ਰਸਿੱਧ ਝੋਨੇ ਦੀਆਂ ਕਿਸਮਾਂ ਦੇ ਬੀਜ ਭਾਵ ਪੀ ਆਰ-122, ਪੀ ਆਰ-123, ਪੀ ਆਰ-124, ਪੀ ਆਰ-126 ਅਤੇ ਪੀ ਆਰ-127 ਨਿੱਜੀ ਵਿਕਰੇਤਾ ਦੁਆਰਾ ਵਿਕਰੀ ਲਈ ਉਪਲਬਧ ਸਨ। ਪੀ ਏ ਯੂ ਦੀ ਸਭ ਤੋਂ ਪ੍ਰਸਿੱਧ ਝੋਨੇ ਦੀ ਕਿਸਮ ਭਾਵ ਪੀ ਆਰ-126 ਦੇ ਬੀਜ਼ ਹੋਰ ਚਾਰ[64] ਵਿਕਰੇਤਾਵਾਂ ਦੁਆਰਾ ਆਨਲਾਈਨ ਵਿਕਰੀ ਲਈ ਉਪਲਬਧ ਸਨ। ਜੇਕਰ ਇਹ ਕਿਸਮਾਂ ਪੀ ਪੀ ਵੀ ਐਂਡ ਐਫ ਆਰ ਐਕਟ ਦੇ ਅਧੀਨ ਰਜਿਸਟਰ ਹੋ ਜਾਂਦੀਆਂ ਤਾਂ ਯੂਨੀਵਰਸਿਟੀ ਉਕਤ ਐਕਟ ਦੀ ਧਾਰਾ 64 ਅਤੇ 65 ਅਨੁਸਾਰ, ਇਨ੍ਹਾਂ ਕਿਸਮਾਂ ਨੂੰ ਖੁੱਲੇ ਬਜ਼ਾਰ ਵਿੱਚ ਵੇਚਣ ਵਾਲੇ ਵਿਕਰੇਤਾਵਾਂ ਵਿਰੁੱਧ ਢੁੱਕਵੀ ਕਾਨੂੰਨੀ ਕਾਰਵਾਈ ਕਰ ਸਕਦੀ ਸੀ।

ਇਸ ਤਰ੍ਹਾ, ਯੂਨੀਵਰਸਿਟੀ ਨੂੰ ਨਾ ਸਿਰਫ਼ ਵਿੱਤੀ ਨੁਕਸਾਨ ਹੋ ਰਿਹਾ ਸੀ, ਬਲਕਿ ਇਸ ਦੀਆਂ ਵਿਕਸਤ ਕਿਸਮਾਂ ਦਾ ਬ੍ਰਾਂਡ ਮੁੱਲ ਵੀ ਪ੍ਰਭਾਵਿਤ ਹੋਈਆ, ਕਿਉਂਕਿ ਉਤਪਾਦਾਂ ਨੂੰ ਵੇਚਣ ਵਾਲੇ ਨਿੱਜੀ ਵਿਕਰੇਤਾਵਾਂ ਕੋਲ ਪੀ ਏ ਯੂ ਵਰਗੀ ਢੁਕਵੀਂ ਗੁਣਵੱਤਾ ਨਹੀਂ ਹੋ ਸਕਦੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਪੇਟੈਂਟ ਐਕਟ ਜਾਂ ਪੀ ਪੀ ਵੀ ਐਂਡ ਐਫ ਆਰ ਐਕਟ ਦੇ ਅਧੀਨ ਖੇਤੀਬਾੜੀ ਤਕਨਾਲੋਜੀਆਂ ਅਤੇ ਕਿਸਮਾਂ ਨੂੰ ਰਜਿਸਟਰ ਕਰਨਾ ਬਹੁਤ ਮਹਿੰਗਾ ਅਤੇ (4-5 ਸਾਲ) ਲੰਮਾ ਕੰਮ ਸੀ ਅਤੇ ਉਸ ਸਮੇਂ ਤੱਕ ਬਿਹਤਰ ਕਿਸਮਾਂ ਉਪਲਬਧ ਹੋ ਜਾਂਦੀਆਂ ਸਨ।

---

63 ਮੈਸਰਜ਼ ਬਰਾੜ ਬੀਜ ਸਟੋਰ।

64 (i) ਮੈਸਰਜ਼ ਯਮਨਾ ਸੀਡਜ਼; (ii) ਮੈਸਰਜ਼ ਐਮ ਕੇ ਨੈਚੁਰਲ ਗਰੇਨ ਐਗਜ਼ਿਮ; (iii) ਮੈਸਰਜ਼ ਸ਼ਕਤੀ ਵਰਧਕ ਹਾਈਬ੍ਰਿਡ ਸੀਡਜ਼ ਪ੍ਰਾਈਵੇਟ ਲਿਮਟਿਡ; ਅਤੇ (iv) ਮੈਸਰਜ਼, ਮਹਾਲਕਸ਼ਮੀ ਸੀਡਜ਼ (ਐਮਾਜ਼ਾਨ 'ਤੇ ਉਪਲਬਧ)।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਇਨ੍ਹਾਂ ਤਕਨਾਲੋਜੀਆਂ ਅਤੇ ਕਿਸਮਾਂ ਦਾ ਵਪਾਰੀਕਰਨ ਕਰਕੇ ਵਾਧੂ ਮਾਲੀਆ ਪੈਦਾ ਕੀਤਾ ਜਾ ਸਕਦਾ ਸੀ। ਇਸ ਤੋਂ ਇਲਾਵਾ, ਪੀ ਏ ਯੂ ਦੀ ਆਈ ਪੀ ਆਰ ਨੀਤੀ ਵਿੱਚ ਪੀ ਪੀ ਵੀ ਐਂਡ ਐਫ ਆਰ ਐਕਟ ਦੇ ਅਧੀਨ ਕਿਸਮਾਂ ਦੀ ਰਜਿਸਟ੍ਰੇਸ਼ਨ ਲਈ ਵਿਵਸਥਾ ਕਰਦੀ ਹੈ। ਇਸ ਤੋਂ ਇਲਾਵਾ, ਨਵੀਆਂ ਸੋਧੀਆਂ ਕਿਸਮਾਂ ਜਾਰੀ ਕਰਨ ਤੋਂ ਬਾਅਦ ਵੀ, ਪੁਰਾਣੀਆਂ ਕਿਸਮਾਂ[65] ਬੇਲੋੜੀਆਂ ਨਹੀਂ ਹੋਈਆਂ ਅਤੇ ਪੀ ਏ ਯੂ 'ਪੰਜਾਬ ਦੀਆਂ ਫਸਲਾਂ ਲਈ ਪੈਕੇਜ ਆਫ ਪ੍ਰੈਕਟਿਸ' ਅਤੇ ਯੂਨੀਵਰਸਿਟੀ ਦੇ ਬੀਜ ਉਤਪਾਦਨ ਪ੍ਰੋਗਰਾਮ ਦੇ ਪ੍ਰਕਾਸ਼ਨ ਦਾ ਹਿੱਸਾ ਰਹੀਆਂ।

(iii) ਵਸਤਾਂ ਦਾ ਭੂਗੋਲਿਕ ਸੰਕੇਤ

ਵਿਸ਼ੇਸ਼ ਭੂਗੋਲਿਕ ਖੇਤਰਾਂ/ਇਲਾਕਿਆਂ ਨੂੰ ਦਰਸਾਏ ਗਏ ਖੇਤੀਬਾੜੀ ਵਸਤਾਂ ਦੀ ਸੁਰੱਖਿਆ, ਵਸਤਾਂ ਦੇ ਭੂਗੋਲਿਕ ਸੰਕੇਤ (ਜੀ ਆਈ) ਐਕਟ, 1999 ਦੁਆਰਾ ਨਿਯੰਤਰਤ ਕੀਤੀ ਜਾਂਦੀ ਹੈ। ਯੂਨੀਵਰਸਿਟੀ ਦੀ ਆਈ ਪੀ ਆਰ ਨੀਤੀ ਦੀ ਧਾਰਾ 3.6 ਇਹ ਵਿਵਸਥਾ ਕਰਦੀ ਹੈ ਕਿ ਜੇ ਕੋਈ ਪੌਦਾ ਕਿਸਮ ਜਾਂ ਹੋਰ ਵਸਤਾਂ ਯੂਨੀਵਰਸਿਟੀ ਦੁਆਰਾ ਵਿਕਸਤ ਕੀਤੀਆਂ ਜਾਂਦੀਆਂ ਅਤੇ ਮਲਕੀਅਤ ਹੁੰਦੀਆਂ ਸਨ ਤਾਂ ਉਹ ਜੀ ਆਈ ਲਈ ਰਜਿਸਟ੍ਰੇਸ਼ਨ ਦਾਇਰ ਕਰੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਯੂਨੀਵਰਸਿਟੀ ਨੇ ਕਈ ਕਿਸਮਾਂ ਜਿਵੇਂ ਕਿ ਪੰਜਾਬ ਖੀਰਾ-1, ਪੰਜਾਬ ਟਿੰਡਾ-1, ਪੰਜਾਬ ਸਵਰਨ, ਪੰਜਾਬ ਰੌਣਕ, ਪੰਜਾਬ ਸਫੇਦਾ, ਪੰਜਾਬ ਸੇਬ-ਅਮਰੂਦ, ਪੰਜਾਬ ਕਿਰਨ, ਪੰਜਾਬ ਸ਼ਿੰਗਾਰ, ਪੰਜਾਬ ਮੋਹਿਨੀ, ਪੰਜਾਬ ਹਲਦੀ, ਪੰਜਾਬੀ ਮਿਕਸਡ ਤੜਕਾ ਆਦਿ ਵਿਕਸਤ ਕੀਤੀਆਂ। ਹਾਲਾਂਕਿ, ਇਹ ਕਿਸਮਾਂ ਨੂੰ ਗੁਡਜ਼ ਐਕਟ ਦੇ ਜੀ ਆਈ ਅਧੀਨ ਰਜਿਸਟਰ ਨਹੀਂ ਸਨ।

ਇਹ ਵੇਖਿਆ ਗਿਆ ਸੀ ਕਿ ਕੇਰਲ ਖੇਤੀਬਾੜੀ ਯੂਨੀਵਰਸਿਟੀ (ਕੇ ਏ ਯੂ) ਨੇ ਪੋਕਲੀ ਚੌਲ, ਵਜ਼ਕਕੁਲਮ ਅਨਾਨਾਸ, ਵਾਇਨਾਡ ਜੀਰਾਕਾਸਾਲਾ ਚੌਲ ਅਤੇ ਵਾਇਨਾਡ ਗੰਧਾਕਾਸਾਲਾ ਚੌਲ ਲਈ ਜੀ ਆਈ ਰਜਿਸਟ੍ਰੇਸ਼ਨ ਪ੍ਰਾਪਤ ਕੀਤੀ ਹੈ। ਅਸਾਮ ਖੇਤੀਬਾੜੀ ਯੂਨੀਵਰਸਿਟੀ ਨੇ ਜੋਹਾ ਚੌਲਾਂ ਦੀ ਜੀ ਆਈ ਰਜਿਸਟ੍ਰੇਸ਼ਨ ਪ੍ਰਾਪਤ ਕੀਤੀ। ਹਿਮਾਚਲ ਪ੍ਰਦੇਸ਼ ਖੇਤੀਬਾੜੀ ਯੂਨੀਵਰਸਿਟੀ ਨੇ ਵੀ ਜਪੋਨਿਕਾ ਲਾਲ ਚੌਲ ਦੀ ਜੀ ਆਈ ਰਜਿਸਟ੍ਰੇਸ਼ਨ ਲਈ ਅਰਜ਼ੀ ਦਿੱਤੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਉਹ ਜੀ ਓ ਆਈ ਦੇ ਬੌਧਿਕ ਸੰਪਤੀ ਲਈ ਦਫਤਰ ਦੇ ਭਗੋਲਿਕ ਸੰਕੇਤ ਰਜਿਸਟਰੀ ਕੋਲ ਆਲੂ ਦੇ ਬੀਜ (ਪੰਜਾਬ ਦੇ ਦੋਆਬਾ ਖੇਤਰ ਵਿੱਚ ਉਗਾਇਆ ਜਾਂਦਾ ਸੀ) ਲਈ ਆਰਜੀ 'ਤੇ ਵਿਚਾਰ ਕਰ ਰਹੇ ਸਨ। ਯੂਨੀਵਰਸਿਟੀ ਨੇ ਅੱਗੇ ਕਿਹਾ ਕਿ ਉਹ ਭਵਿੱਖ ਵਿੱਚ ਅਜਿਹੇ ਹੋਰ ਉਤਪਾਦਾਂ ਦੀ ਪਛਾਣ ਕਰਨ ਦਾ ਇਰਾਦਾ ਰੱਖਦੀ ਸੀ।

ਹਾਲਾਂਕਿ, ਯੂਨੀਵਰਸਿਟੀ ਉਕਤ ਐਕਟ ਦੇ ਅਧੀਨ ਪਹਿਲਾਂ ਤੋਂ ਵਿਕਸਤ ਕੀਤੀਆਂ ਗਈਆਂ ਕਿਸਮਾਂ ਦੀ ਰਜਿਸਟ੍ਰੇਸ਼ਨ ਨਾ ਹੋਣ ਬਾਰੇ ਚੁੱਪ ਰਹੀ।

1.4.2.2 ਸਿਰਫ਼ ਆਈ ਸੀ ਏ ਆਰ ਦੇ ਨਾਂਅ 'ਤੇ ਰਜਿਸਟਰ ਹੋਈਆਂ ਸਹਿਯੋਗੀ ਖੋਜ ਵਿੱਚ ਵਿਕਸਤ ਕੀਤਾ ਗਿਆ ਆਈ ਪੀ ਆਰ

ਆਈ ਪੀ ਆਰ ਨੀਤੀ (ਫਰਵਰੀ 2007) ਦੀ ਧਾਰਾ 2.2.1.1 ਦੇ ਅਨੁਸਾਰ, ਸਹਿਯੋਗੀ ਖੋਜ ਦੇ ਮਾਮਲੇ ਵਿੱਚ, ਸਹਿਯੋਗੀ/ਪ੍ਰਯੋਜਿਤ ਖੋਜ ਪ੍ਰੋਜੈਕਟਾਂ ਅਧੀਨ ਪੀ ਏ ਯੂ ਦੁਆਰਾ ਤਿਆਰ ਕੀਤੀ ਗਈ ਬੌਧਿਕ

[65] ਝੋਨੇ ਦੀਆਂ ਕਿਸਮਾਂ ਜਿਵੇਂ ਕਿ ਪੀ ਆਰ-113 (1998) ਅਤੇ ਪੀ ਆਰ-114 (1999) ਪੰਜਾਬ ਦੀਆਂ ਫਸਲਾਂ ਲਈ ਪੈਕੇਜ ਆਫ ਪ੍ਰੈਕਟਿਸ (ਸਾਉਣੀ 2021) ਅਤੇ 2021 ਲਈ ਬੀਜ ਉਤਪਾਦਨ ਪ੍ਰੋਗਰਾਮ ਦਾ ਹਿੱਸਾ ਸਨ।

ਸੰਪਤੀ ਪੀ ਏ ਯੂ ਅਤੇ ਇਸਦੇ ਸਹਿਯੋਗੀਆਂ/ਭਾਈਵਾਲਾਂ ਦੀ ਸਾਂਝੀ ਤੌਰ 'ਤੇ ਮਲਕੀਅਤ ਹੋਵੇਗੀ। ਪੀ ਏ ਯੂ ਅਤੇ ਆਈ ਸੀ ਏ ਆਰ ਦਰਮਿਆਨ (ਦਸੰਬਰ 2015) ਕੀਤੀ ਗਏ ਐਮਬਰੇਲਾ ਸਹਿਮਤੀ ਯਾਦ ਪੱਤਰ (ਐਮ ਓ ਯੂ) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਪੀ ਏ ਯੂ ਅਤੇ ਆਈ ਸੀ ਏ ਆਰ ਦੁਆਰਾ ਵਿਕਸਤ ਕੀਤੀਆਂ ਤਕਨੀਕਾਂ, ਤਕਨਾਲੋਜੀਆਂ, ਸਮੱਗਰੀ, ਆਦਿ ਦੋਵਾਂ ਏਜੰਸੀਆਂ ਦੀ ਸਾਂਝੀ ਸੰਪਤੀ ਹੋਵੇਗੀ ਬਸ਼ਰਤੇ ਕਿ ਦਾਅਵੇ/ਰਸਮੀ ਕਰਵਾਈਆਂ ਪੀ ਏ ਯੂ ਦੁਆਰਾ ਦਾਇਰ ਕੀਤੀਆਂ ਜਾਣ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- 18 ਪੇਟੈਂਟਜ਼ ਵਿੱਚੋਂ, ਜਿਵੇਂ ਕਿ ਪੈਰ੍ਹਾ 1.4.2.1(i) ਵਿੱਚ ਚਰਚਾ ਕੀਤੀ ਗਈ ਹੈ, ਪੀ ਏ ਯੂ ਅਤੇ ਆਈ ਸੀ ਏ ਆਰ ਦੇ ਸਹਿਯੋਗੀ ਖੋਜ ਵਾਲੇ ਚਾਰ ਮਾਮਲਿਆਂ ਵਿੱਚ, ਪੇਟੈਂਟ ਸਰਟੀਫਿਕੇਟ ਸਿਰਫ਼ ਆਈ ਸੀ ਏ ਆਰ ਦੇ ਨਾਮ 'ਤੇ ਦਿੱਤੇ ਗਏ ਸਨ, ਜਿਵੇਂ ਕਿ **ਸਾਰਣੀ 1.11** ਵਿੱਚ ਵੇਰਵਾ ਦਿੱਤਾ ਗਿਆ ਹੈ। ਇਹ ਵੇਖਿਆ ਗਿਆ ਸੀ ਕਿ ਇਨ੍ਹਾਂ ਤਕਨਾਲੋਜੀਆਂ ਦੇ ਬੌਧਿਕ ਸੰਪਤੀ ਦੇ ਦਾਅਵੇ ਆਈ ਸੀ ਏ ਆਰ ਦੁਆਰਾ ਦਾਇਰ ਕੀਤੇ ਗਏ ਸਨ ਨਾ ਕਿ ਪੀ ਏ ਯੂ ਦੁਆਰਾ।

ਸਾਰਣੀ 1.11: ਆਈ ਸੀ ਏ ਆਰ ਦੇ ਨਾਂਅ 'ਤੇ ਰਜਿਸਟਰ ਹੋਈਆਂ ਸਹਿਯੋਗੀ ਵਿਕਸਤ ਤਕਨਾਲੋਜੀਆਂ (ਪੀ ਏ ਯੂ ਅਤੇ ਆਈ ਸੀ ਏ ਆਰ) ਦੇ ਵੇਰਵੇ

ਲੜੀ ਨੰ.	ਤਕਨਾਲੋਜੀ ਦਾ ਨਾਂਅ	ਪੇਟੈਂਟ ਦੀ ਪ੍ਰਵਾਨਗੀ ਦੀ ਮਿਤੀ
1.	ਭਾਰੀ ਧਾਤ ਮੁਕਤ ਖਣਿਜਾਂ ਵਾਲੇ ਫਾਸਫੋਰਸ ਨੂੰ ਵੱਖ ਕਰਨ ਲਈ ਫਾਸਫੇਟ ਚੱਟਾਨ ਦਾ ਲਾਭ	19 ਸਤੰਬਰ 2018
2.	ਕਾਓਲਿਨ ਖਣਿਜ ਭੰਡਾਰਾਂ 'ਤੇ ਫਾਸਫੋਰਸ ਦਾ ਨੈਨੋਫੈਬ੍ਰੀਕੇਸ਼ਨ	24 ਜੁਲਾਈ 2019
3.	ਨੈਨੋਫਾਰਮਾਂ ਵਿੱਚ ਮਿੱਟੀ-ਖਣਿਜ ਭੰਡਾਰਾਂ ਵਿੱਚ ਜ਼ਿੰਕ, ਨਵੀ ਖਾਦ ਸਮੇਤ ਅਗਾਊਂ ਖਣਿਜ ਵਜੋਂ ਵਰਤਣ ਲਈ	26 ਦਸੰਬਰ 2020
4.	ਨੈਨੋਫੈਬ੍ਰੀਕੇਸ਼ਨ ਪ੍ਰਕਿਰਿਆ ਜਿਸ ਵਿੱਚ ਮਿੱਟੀ ਦੇ ਖਣਿਜਾਂ ਨੂੰ ਨਵੇਂ ਖਾਦ (ਪ੍ਰਕਿਰਿਆ) ਸਮੇਤ ਅਗਾਊਂ ਨੈਨੋਮਟੀਰਿਅਲਜ਼ ਦੇ ਉਤਪਾਦਨ ਲਈ ਭੰਡਾਰਾਂ ਵਜੋਂ ਸ਼ਾਮਲ ਕੀਤਾ ਜਾਂਦਾ ਹੈ।	21 ਜੁਲਾਈ 2021

ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

- ਪੀ ਏ ਯੂ ਦੇ ਨਾਂਅ 'ਤੇ ਰਜਿਸਟਰ ਹੋਏ 36 ਪੌਦਿਆਂ ਦੀਆਂ ਕਿਸਮਾਂ ਤੋਂ ਇਲਾਵਾ, ਜਿਵੇਂ ਕਿ ***ਪੈਰ੍ਹਾ 1.4.2.1(ii)*** ਵਿੱਚ ਚਰਚਾ ਕੀਤੀ ਗਈ ਹੈ, 34 ਕਿਸਮਾਂ ਆਈ ਸੀ ਏ ਆਰ ਦੇ ਨਾਂਅ 'ਤੇ ਰਜਿਸਟਰ ਕੀਤੀਆਂ ਗਈਆਂ ਸਨ, ਹਾਲਾਂਕਿ ਇਹ ਕਿਸਮਾਂ ਪੀ ਏ ਯੂ ਤੇ ਆਈ ਸੀ ਏ ਆਰ ***(ਅੰਤਿਕਾ 1.9)*** ਦੀ ਸਹਿਯੋਗੀ ਖੋਜ ਅਧੀਨ ਵਿਕਸਤ ਕੀਤੀਆਂ ਗਈਆਂ ਸਨ।

ਪੀ ਏ ਯੂ ਕੋਈ ਤਰਕ ਦੇਣ ਵਿੱਚ ਅਸਮਰੱਥ ਰਹੀ ਕਿ ਕਿਵੇਂ ਆਈ ਸੀ ਏ ਆਰ ਅਤੇ ਪੀ ਏ ਯੂ ਵਿਚਕਾਰ ਹੋਏ ਸਾਂਝੇ ਰਜਿਸਟ੍ਰੇਸ਼ਨ ਦੀ ਉਲੰਘਣਾ ਕਰਕੇ ਇੱਕਲਾ ਰਜਿਸਟ੍ਰੇਸ਼ਨ ਕਿਵੇਂ ਪ੍ਰਾਪਤ ਕਰ ਸਕਦਾ ਹੈ। ਦਸਤਾਵੇਜ਼ਾਂ ਦੀ ਅਣਹੋਂਦ ਵਿੱਚ, ਲੇਖਾ ਪ੍ਰੀਖਿਆ ਇਹ ਯਕੀਨੀ ਬਣਾਉਣ ਵਿੱਚ ਅਸਮਰੱਥ ਸੀ ਕਿ ਪੀ ਏ ਯੂ ਨੇ ਇਨ੍ਹਾਂ ਤਕਨਾਲੋਜੀਆਂ ਅਤੇ ਕਿਸਮਾਂ ਦੇ ਸਾਂਝੇ ਮਾਲਕ ਵਜੋਂ ਆਪਣਾ ਨਾਂਅ ਸ਼ਾਮਲ ਕਰਨ

ਲਈ ਚੁਕਵੇਂ ਯਤਨ ਕੀਤੇ ਸਨ, ਜਿਸ ਨਾਲ ਲਾਭ ਵੰਡਣ ਦਾ ਮੌਕਾ ਗੁਆ ਦਿੱਤਾ ਗਿਆ, ਕਿਉਂਕਿ ਆਈ ਸੀ ਏ ਆਰ ਅਤੇ ਪੀ ਏ ਯੂ ਦੁਆਰਾ ਵਿਕਸਤ ਇਨ੍ਹਾਂ ਸੰਪਤੀਆਂ ਦਾ ਇਕਲੌਤਾ ਆਈ ਪੀ ਆਰ ਧਾਰਕ ਸੀ।

ਵੀ ਸੀ ਨੇ ਭਰੋਸਾ ਦਿੱਤਾ (ਜੂਨ 2023) ਕਿ ਸਹਿਯੋਗੀ ਪ੍ਰੋਜੈਕਟਾਂ ਦੇ ਮਾਮਲੇ ਵਿੱਚ ਸੰਯੁਕਤ ਮਾਲਕੀ ਰਜਿਸਟ੍ਰੇਸ਼ਨ ਦਾ ਧਿਆਨ ਰੱਖਿਆ ਜਾਵੇਗਾ। ਇਸ ਤੋਂ ਇਲਾਵਾ, ਯੂਨੀਵਰਸਿਟੀ ਨੇ ਸੂਚਿਤ ਕੀਤਾ (ਅਕਤੂਬਰ 2024) ਕਿ ਜੂਨ 2023 ਤੋਂ ਬਾਅਦ ਆਈ ਸੀ ਏ ਆਰ ਨਾਲ ਸਹਿਯੋਗੀ ਕੰਮ ਅਧੀਨ ਆਈ ਪੀ ਦਾਇਰ ਕਰਨ ਦੀ ਕੋਈ ਉਦਾਹਰਣ ਸਾਹਮਣੇ ਨਹੀਂ ਆਈ ਸੀ। ਯੂਨੀਵਰਸਿਟੀ ਨੇ ਭਵਿੱਖ ਵਿੱਚ ਅਜਿਹੇ ਮਾਮਲਿਆਂ ਵਿੱਚ ਸਾਂਝੇ ਆਈ ਪੀ ਮਾਲਕੀ ਦਾਇਰ ਕਰਨਾ ਦਾ ਭਰੋਸਾ ਦਿੱਤਾ।

1.4.2.3 ਬੌਧਿਕ ਸੰਪਤੀਆਂ ਦਾ ਵਪਾਰੀਕਰਨ

ਆਈ ਸੀ ਏ ਆਰ ਦੇ ਦਿਸ਼ਾ-ਨਿਰਦੇਸ਼ਾ (2006 ਅਤੇ 2018) ਦੇ ਅਨੁਸਾਰ, ਵਪਾਰੀਕਰਨ ਦਾ ਅਰਥ ਹੈ ਆਈ ਪੀ ਆਰ ਸਮਰੱਥ ਤਕਨਾਲੋਜੀਆਂ ਜਾਂ ਹੋਰ ਗਿਆਨ ਦਾ ਤਬਾਦਲਾ ਲਾਇਸੈਂਸ ਸਮਝੌਤੇ ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਦੇ ਅਧੀਨ ਲਾਇਸੈਂਸਿੰਗ ਦੁਆਰਾ ਜਾਂ ਨਿਲਾਮੀ ਜਾਂ ਵਿਕਰੀ ਰਾਹੀਂ। ਆਈ ਸੀ ਏ ਆਰ ਦਿਸ਼ਾ-ਨਿਰਦੇਸ਼ਾਂ ਦੇ ਪੈਰ੍ਹਾ 9.5 ਦੇ ਅਨੁਸਾਰ, ਬ੍ਰੀਡਰ ਬੀਜ ਦੀ ਲਾਇਸੈਂਸ ਫੀਸ ਰਾਇਲਟੀ ਅਤੇ/ਜਾਂ ਵਿਕਰੀ ਮੁੱਲ ਜਾਂ ਤਾਂ ਇੱਕ ਨਿਸ਼ਚਿਤ ਅਧਾਰ 'ਤੇ, ਲਾਇਸੈਂਸਧਾਰਕ ਨਾਲ ਗੱਲਬਾਤ ਰਾਹੀਂ, ਜਾਂ ਢੁੱਕਵੀਂ ਖੁੱਲ੍ਹੀ ਬੋਲੀ ਪ੍ਰਕਿਰਿਆ ਰਾਹੀਂ ਨਿਰਧਾਰਤ[66] ਕੀਤਾ ਜਾਵੇਗਾ।

ਲੇਖਾ ਪ੍ਰੀਖਿਆ ਨੇ ਪੀ ਏ ਯੂ ਦੁਆਰਾ ਵਿਕਸਤ ਬੌਧਿਕ ਸੰਪਤੀਆਂ (ਤਕਨਾਲੋਜੀਆਂ ਅਤੇ ਪੌਦਿਆਂ ਦੀਆਂ ਕਿਸਮਾਂ) ਦੇ ਵਪਾਰੀਕਰਨ ਵਿੱਚ ਹੇਠ ਲਿਖੀਆਂ ਅਸੰਗਤੀਆਂ ਵੇਖੀਆਂ:

(i) ਐਡਹਾਕ ਅਧਾਰ 'ਤੇ ਬੌਧਿਕ ਸੰਪਤੀਆਂ ਦਾ ਵਪਾਰੀਕਰਨ

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਪੀ ਏ ਯੂ ਨੇ ਵਿਕਸਤ ਕੀਤੀਆਂ ਆਪਣੀਆਂ 53 ਬੌਧਿਕ ਸੰਪਤੀਆਂ (36 ਤਕਨਾਲੋਜੀਆਂ ਅਤੇ ਪੌਦਿਆਂ ਦੀਆਂ 17 ਕਿਸਮਾਂ) ਦੇ ਸਬੰਧ ਵਿੱਚ 261 ਸਮਝੌਤਾ ਪੱਤਰ (ਐਮ ਓ ਏ) ਕੀਤੇ (2017-22) ਅਤੇ ਵੱਖ-ਵੱਖ ਕੰਪਨੀਆਂ/ਫਰਮਾਂ/ਵਿਅਕਤੀਆਂ ਤੋਂ ਪ੍ਰਤੀ ਐਮ ਓ ਏ ₹ 10,000 ਤੋਂ ₹ 5,00,000 ਤੱਕ ਦੀ ਇੱਕਮੁਸ਼ਤ ਲਾਇਸੈਂਸ ਫੀਸ ਪ੍ਰਾਪਤ ਕੀਤੀ, ਜੋ ਬਿਨ੍ਹਾਂ ਕਿਸੇ ਮਿਆਰੀ ਪ੍ਰਕਿਰਿਆ ਦੇ ਐਡਹਾਕ ਅਧਾਰ 'ਤੇ ਨਿਰਧਾਰਤ ਕੀਤੀ ਗਈ ਸੀ।
- ਵੇਚੀਆਂ ਗਈਆਂ ਵਸਤਾਂ ਦੀ ਸੰਖਿਆ ਦੇ ਅਧਾਰ 'ਤੇ ਰਾਇਲਟੀ ਇਕੱਤਰ ਕਰਨ ਲਈ ਕੋਈ ਵਿਵਸਥਾ ਨਹੀਂ ਸੀ, ਹਾਲਾਂਕਿ ਜੂਨਾਗੜ੍ਹ ਖੇਤੀਬਾੜੀ ਯੂਨੀਵਰਸਿਟੀ ਅਤੇ

[66] ਕੀਮਤ/ਲਾਇਸੈਂਸ ਫੀਸ ਨਿਰਧਾਰਤ ਕਰਨ ਲਈ ਮਹਿਰਾਂ ਦੀ ਰਾਏ ਅਤੇ ਨਿਰਣੇ ਦੇ ਨਾਲ-ਨਾਲ ਪੌਦੇ ਦੇ ਕਿਸਮ ਦੀ ਭਾਲ ਅਤੇ ਰੱਖ-ਰਖਾਅ ਦੀ ਲਾਗਤ, ਉਤਪਾਦਨ ਦੀ ਲਾਗਤ, ਬ੍ਰੀਡਰ ਬੀਜ ਦੀ ਸੰਭਾਲ ਅਤੇ ਸਪਲਾਈ ਅਤੇ ਹੋਰ ਸੰਸਥਾਗਤ ਲਾਗਤਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਤਾਮਿਲਨਾਡੂ ਖੇਤੀਬਾੜੀ ਯੂਨੀਵਰਸਿਟੀ ਵਰਗੀਆਂ ਹੋਰ ਰਾਜ ਖੇਤੀਬਾੜੀ ਯੂਨੀਵਰਸਿਟੀਆਂ (ਐਸ ਏ ਯੂਜ਼) ਨੇ ਤਕਨਾਲੋਜੀ ਟ੍ਰਾਂਸਫਰ ਲਈ ਰਾਇਲਟੀ ਪ੍ਰਾਪਤ ਕਰਨ ਲਈ ਵਿਵਸਥਾ ਕੀਤੀ ਸੀ। ਗੋਵਿੰਦ ਵੱਲਭ ਪੰਤ ਖੇਤੀਬਾੜੀ ਅਤੇ ਤਕਨਾਲੋਜੀ ਯੂਨੀਵਰਸਿਟੀ (ਜੀ ਬੀ ਪੀ ਯੂ ਏ ਟੀ), ਪੰਤਨਗਰ (ਉਤਰਾਖੰਡ) ਨੇ ਪੇਟੈਂਟ ਹੋਈਆਂ ਤਕਨਾਲੋਜੀਆਂ ਦੇ ਟ੍ਰਾਂਸਫਰ ਲਈ ਬੋਲੀ ਲਗਾਉਣ ਦੀ ਪ੍ਰਕਿਰਿਆ ਨੂੰ ਅਪਣਾਇਆ।

ਐਮ ਓ ਏ ਵਿੱਚ ਰਾਇਲਟੀ ਇਕੱਤਰ ਕਰਨ ਸਬੰਧੀ ਉਪਬੰਧਾਂ ਦੀ ਅਣਹੋਂਦ ਵਿੱਚ, ਯੂਨੀਵਰਸਿਟੀ ਨੂੰ ਨਾ ਸਿਰਫ਼ ਵਿੱਤੀ ਨੁਕਸਾਨ ਹੋਇਆ ਬਲਕਿ ਕਿਸਾਨਾਂ/ਅੰਤਿਮ ਉਪਭੋਗਤਾਵਾਂ ਤੱਕ ਉਨ੍ਹਾਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਆਪਣੀਆਂ ਤਕਨਾਲੋਜੀਆਂ/ਪੌਦਿਆਂ ਦੀਆਂ ਕਿਸਮਾਂ ਦੀ ਵਿਕਰੀ ਦੀ ਮਾਤਰਾ ਦਾ ਪਤਾ ਵੀ ਨਹੀਂ ਲੱਗ ਸਕਿਆ।


ਯੂਨਿਰਵਸਿਟੀ ਨੇ ਭਰੋਸਾ ਦਿੱਤਾ (ਅਕਤੂਬਰ 2024) ਕਿ ਉਹ ਸਮਝੌਤਿਆਂ ਵਿੱਚ ਰਿਆਲਟੀ ਧਾਰਵਾਂ ਨੂੰ ਕੇਸ-ਟੂ-ਕੇਸ ਅਧਾਰ 'ਤੇ ਸ਼ਮਾਲ ਕਰੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਖਰੀਦਦਾਰ, ਸਮਝੌਤਿਆਂ ਵਿੱਚ ਦਰਸਾਏ ਗਏ ਰਾਇਲਟੀ ਨਿਯਮਾਂ ਦੁਆਰਾ ਬੰਨ੍ਹੇ ਹੋਏ ਹਨ।

(ii) ਪੇਟੈਂਟ ਹੋਈਆਂ ਤਕਨਾਲੋਜੀਆਂ ਦਾ ਗੈਰ-ਵਪਾਰੀਕਰਨ

ਪੀ ਏ ਯੂ ਨੇ ਆਪਣੇ ਵੱਖ-ਵੱਖ ਵਿਭਾਗਾਂ ਦੁਆਰਾ ਵਿਕਸਤ ਕੀਤੀਆਂ ਤਕਨਾਲੋਜੀਆਂ ਦਾ ਕੋਈ ਵੀ ਸੰਗਠਿਤ ਡਾਟਾਬੇਸ ਨਹੀਂ ਰੱਖਿਆ ਹੈ। ਯੂਨੀਵਰਸਿਟੀ ਨੇ 48 ਤਕਨਾਲੋਜੀਆਂ ਲਈ ਅਰਜ਼ੀ ਦਿੱਤੀ ਅਤੇ ਪੇਟੈਂਟ ਐਕਟ ਦੇ ਅਧੀਨ 18 ਪੇਟੈਂਟਜ਼ (ਆਈ ਸੀ ਏ ਆਰ ਦੇ ਨਾਂਅ 'ਤੇ ਦਿੱਤੇ ਗਏ ਚਾਰ ਪੇਟੈਂਟਾਂ ਸਮੇਤ) ਦਿੱਤੇ ਗਏ। ਹਾਲਾਂਕਿ, ਅਗਸਤ 2022 ਤੱਕ 48 ਤਕਨਾਲੋਜੀਆਂ ਵਿਚੋਂ ਸਿਰਫ਼ ਦੋ[67] ਦਾ ਹੀ ਵਪਾਰੀਕਰਨ ਕੀਤਾ ਗਿਆ ਸੀ (**ਚਾਰਟ 1.18**)।

[67] (i) 25 ਜੂਨ 2018 ਨੂੰ ਪਰਾਲੀ ਕੱਟਣ ਵਾਲੇ ਕਮ ਸਪ੍ਰੈਡਰ (ਪ੍ਰਕਾਸ਼ਿਤ ਪਰ ਪੇਟੈਂਟ ਨਹੀਂ) ਦਾ ਵਪਾਰੀਕਰਣ ਕੀਤਾ ਗਿਆ; ਅਤੇ (ii) ਇਲੈਕਟ੍ਰਿਕ ਮਿੱਟੀ ਕਟਾਣੂਨਾਸ਼ਕ (ਪੇਟੈਂਟ ਹੋਇਆ) ਦਾ 18 ਅਗਸਤ 2022 ਨੂੰ ਵਪਾਰੀਕਰਣ ਕੀਤਾ ਗਿਆ।

ਚਾਰਟ 1.18: ਪੇਟੈਂਟਾਂ ਲਈ ਅਪਲਾਈ ਕੀਤੀਆਂ ਗਈਆਂ ਤਕਨਾਲੋਜੀਆਂ, ਦਿੱਤੇ ਗਏ ਪੇਟੈਂਟਾਂ ਅਤੇ ਵਪਾਰੀਕਰਨ ਕੀਤੀਆਂ ਤਕਨਾਲੋਜੀਆਂ ਦੇ ਵੇਰਵੇ



ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

ਪੀ ਏ ਯੂ ਦੇ ਟੀ ਐਮ ਆਈ ਪੀ ਆਰ ਸੈੱਲ ਦੁਆਰਾ ਬਾਕੀ 36 ਤਕਨਾਲੋਜੀਆਂ[68] ਦਾ ਵਪਾਰੀਕਰਨ ਕਰਨ ਲਈ ਕੋਈ ਯਤਨ ਨਹੀਂ ਕੀਤੇ ਗਏ ਸਨ। ਨਤੀਜੇ ਵਜੋਂ, ਇਨ੍ਹਾਂ ਤਕਨਾਲੋਜੀਆਂ ਨੂੰ ਪੇਟੈਂਟ/ਪ੍ਰਕਾਸ਼ਨ ਤੋਂ ਬਾਅਦ ਵੀ ਲੈਬ ਤੋਂ ਜ਼ਮੀਨ 'ਤੇ ਤਬਦੀਲ ਨਹੀਂ ਕੀਤਾ ਜਾ ਸਕਿਆ।

ਰਿਕਾਰਡ ਦੀ ਨਮੂਨਾ-ਜਾਂਚ ਦੌਰਾਨ, ਲੇਖਾ ਪ੍ਰੀਖਿਆ ਨੇ ਵੇਖਿਆ ਕਿ ਯੂਨੀਵਰਸਿਟੀ ਦੁਆਰਾ ਵਿਕਸਤ ਕੀਤੀਆਂ ਗਈਆਂ ਕੁੱਝ ਤਕਨਾਲੋਜੀਆਂ ਦਾ 4-17 ਸਾਲ ਬੀਤ ਜਾਣ ਦੇ ਬਾਅਦ ਵੀ ਨਾ ਤਾਂ ਪੇਟੈਂਟ ਕੀਤਾ ਗਿਆ ਸੀ ਅਤੇ ਨਾ ਹੀ ਵਪਾਰੀਕਰਨ (ਮਾਰਚ 2022 ਤੱਕ) ਹੋਇਆ ਸੀ, ਜਿਵੇਂ ਕਿ **ਸਾਰਣੀ** 1.12 ਵਿੱਚ ਇੱਕ ਉਦਾਹਰਣ ਵਜੋਂ ਵੇਰਵਾ ਦਿੱਤਾ ਗਿਆ ਹੈ।

ਸਾਰਣੀ 1.12: ਪੀ ਏ ਯੂ ਦੁਆਰਾ ਵਿਕਸਤ ਕੀਤੀਆਂ ਗਈਆਂ ਪਰ ਵਪਾਰੀਕਰਨ ਨਹੀਂ ਕੀਤੀਆਂ ਗਈਆਂ ਕੁੱਝ ਤਕਨਾਲੋਜੀਆਂ ਦੇ ਵੇਰਵੇ

ਲੜੀ ਨੰ.	ਤਕਨਾਲੋਜੀ ਦਾ ਨਾਂਅ	ਵਿਕਾਸ ਦਾ ਸਾਲ	ਤਕਨਾਲੋਜੀ ਦੀਆਂ ਵਿਸ਼ੇਸ਼ਤਾਵਾਂ
1.	ਰੇਡੀਅਲ ਹਨੀ ਐਕਸਟਰੈਕਟਰ	2005	ਮਸ਼ੀਨ ਸੈਂਟਰੀਫਿਊਗਲ ਬਲ ਦੀ ਵਰਤੋਂ ਕਰਕੇ ਕੰਘੀਆਂ ਤੋਂ ਸ਼ਹਿਦ ਕੱਢਦੀ ਹੈ। ਇਸ ਨੂੰ ਚਲਾਉਣਾ ਅਸਾਨ ਹੈ ਸਮੇਂ ਦੀ ਬੱਚਤ ਕਰਦੀ ਹੈ ਅਤੇ ਸਫਾਈ ਬਣਾਈ ਰੱਖਦੀ ਹੈ।
2.	ਹਨੀ ਫੈਕਸ ਅਨਕੈਪਿੰਗ ਨਾਇਫ	2009	ਇਹ ਮਸ਼ੀਨ ਥਕਾਵਟ ਰਹਿਤ ਸੰਚਾਲਨ ਦੀ ਸਹੂਲਤ ਦਿੰਦੀ ਹੈ ਅਤੇ ਨਤੀਜੇ ਵਜੋਂ ਘੱਟ ਸਮੇਂ ਵਿੱਚ ਵਧੇਰੇ ਫਰੇਮਾਂ ਨੂੰ ਅਨਕੈਪ ਕੀਤਾ ਜਾ ਸਕਦਾ ਹੈ ਅਤੇ ਗੈਰ-ਵਿਗਿਆਨਕ ਅਤੇ ਗੈਰ-ਸਿਹਤਮੰਦ ਰਵਾਇਤੀ ਚਾਕੂਆਂ ਨਾਲ ਅਨਕੈਪਿੰਗ ਦੇ ਪ੍ਰਚਲਿਤ ਪ੍ਰਚਲਨਾ ਨੂੰ ਬਦਲ ਸਕਦਾ ਹੈ।
3.	ਰੈੱਡ ਵਾਈਨ	2016	ਇਹ ਅੰਗੂਰਾਂ ਦੀ ਪੰਜਾਬ ਮੈਕਸ, ਜਾਮਨੀ ਕਿਸਮ ਤੋਂ ਰੈੱਡ ਵਾਈਨ ਤਿਆਰ ਕਰਨ ਦੀ ਇੱਕ ਤਕਨਾਲੋਜੀ ਹੈ।
4.	ਪੈਕਟਿਨ ਐਕਸਟਰੈਕਸ਼ਨ ਪਲਾਂਟ	2018	ਇਹ ਮਸ਼ੀਨ ਕਿੰਨੂ/ਮੁਸੰਬੀ ਦੇ ਛਿਲਕੇ ਲਈ ਢੁਕਵੀ ਹੈ, ਇਸ ਨੂੰ ਚਲਾਉਣੀ ਆਸਾਨ ਹੈ, ਸਮੇਂ ਦੀ ਬਚਤ ਕਰਦੀ ਹੈ ਅਤੇ ਸਫਾਈ ਬਣਾਈ ਰੱਖਦੀ ਹੈ।

ਸ੍ਰੋਤ: ਪੀ ਏ ਯੂ ਦੇ ਸਬੰਧਤ ਵਿਭਾਗ

[68] ਪੇਟੈਂਟ ਤਕਨਾਲੋਜੀਆਂ (17); ਅਤੇ ਪ੍ਰਕਾਸ਼ਿਤ ਤਕਨਾਲੋਜੀਆਂ ਪੂੰਜੀ ਪੇਟੈਂਟ ਨਹੀਂ ਕੀਤੀਆਂ ਗਈਆਂ (19) ਪੇਟੈਂਟ ਐਕਟ, 1970 ਦੀ ਧਾਰਾ 11 ਏ ਦੇ ਅਨੁਸਾਰ, ਬਿਨੈਕਾਰ ਕੋਲ ਵਿਸ਼ੇਸ਼ ਅਧਿਕਾਰ ਹੋਣਗੇ ਜਿਵੇਂ ਕਿ ਪੇਟੈਂਟ ਅਰਜ਼ੀ ਦੇ ਪ੍ਰਕਾਸ਼ਨ ਦੀ ਮਿਤੀ ਨੂੰ ਦਿੱਤਾ ਗਿਆ ਸੀ।

(iii) ਵਿਕਸਤ ਪੌਦਿਆਂ ਦੀਆਂ ਕਿਸਮਾਂ ਦਾ ਗੈਰ-ਵਪਾਰੀਕਰਨ

ਪੀ ਏ ਯੂ ਨੇ ਸਾਲ 2017-22 ਦੌਰਾਨ ਵੱਖ-ਵੱਖ ਫਸਲਾਂ ਦੀਆਂ 97 ਕਿਸਮਾਂ ਵਿਕਸਤ ਕੀਤੀਆਂ (ਜਿਵੇਂ ਕਿ ***ਅੰਤਿਕਾ*** 1.10 ਵਿੱਚ ਵੇਰਵਾ ਦਿੱਤਾ ਗਿਆ ਹੈ)। ਇਨ੍ਹਾਂ ਵਿੱਚੋਂ, ਸਿਰਫ਼ ਸੱਤ ਕਿਸਮਾਂ ਦਾ ਨਿੱਜੀ ਧਿਰਾਂ ਨਾਲ ਸਮਝੌਤਾ ਕਰਕੇ ਵਪਾਰੀਕਰਨ ਕੀਤਾ ਗਿਆ ਸੀ। ਇਸ ਤੋਂ ਇਲਾਵਾ ਲੇਖਾ ਪ੍ਰੀਖਿਆ ਦੀ ਮਿਆਦ ਤੋਂ ਪਹਿਲਾਂ ਵਿਕਸਤ ਕੀਤੀਆਂ ਗਈਆਂ 10 ਕਿਸਮਾਂ[69] ਦਾ ਵਪਾਰੀਕਰਨ ਕੀਤਾ ਗਿਆ ਸੀ ***(ਅੰਤਿਕਾ*** 1.11*)* ਬਾਕੀ 90 ਫਸਲਾਂ ਦੀ ਕਿਸਮਾਂ ਦੇ ਵਪਾਰੀਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ।

ਹਾਲਾਂਕਿ ਪੀ ਏ ਯੂ ਨੇ ਆਪਣੇ ਬੀਜ ਫਾਰਮਾਂ ਵਿੱਚ 90 ਕਿਸਮਾਂ ਵਿਚੋਂ ਸਿਰਫ਼ 52 ਕਿਸਮਾਂ ਦਾ ਬੀਜ ਉਤਪਾਦਨ ਕੀਤਾ, 38 ਕਿਸਮਾਂ ਨੂੰ ਲੈਬ ਤੋਂ ਜ਼ਮੀਨ ਤੱਕ ਤਬਦੀਲ ਨਹੀਂ ਕੀਤਾ ਜਾ ਸਕਿਆ। ਪੀ ਏ ਯੂ ਇਨ੍ਹਾਂ ਪੌਦਾ ਕਿਸਮਾਂ ਦੇ ਗੈਰ-ਵਪਾਰੀਕਰਨ ਲਈ ਕੋਈ ਕਾਰਨ ਪੇਸ਼ ਨਹੀਂ ਕਰ ਸਕੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਉਹ ਸਰਗਰਮੀ ਨਾਲ ਆਪਣੀਆਂ ਤਕਨਾਲੋਜੀਆਂ ਦਾ ਵਪਾਰੀਕਰਨ ਕਰ ਰਹੀ ਸੀ। ਯੂਨੀਵਰਸਿਟੀ ਨੇ ਇਹ ਵੀ ਕਿਹਾ ਕਿ ਜੂਨ 2023 ਤੋਂ ਬਾਅਦ, ਪਹਿਲੀ ਵਾਰ ਦੋ ਪੇਟੈਂਟ ਅਤੇ 10 ਤਕਨਾਲੋਜੀਆਂ/ਕਿਸਮਾਂ ਦਾ ਵਪਾਰੀਕਰਨ ਕੀਤਾ ਗਿਆ ਸੀ। ਹਾਲਾਂਕਿ, ਲੇਖਾ ਪ੍ਰੀਖਿਆ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਕਿਉਂਕਿ ਯੂਨੀਵਰਸਿਟੀ ਨੇ ਗੁਪਤਤਾ ਦੀ ਧਾਰਾ ਦੇ ਕਾਰਨ ਐਮ ਓ ਏ ਸਾਂਝਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

1.4.3 ਬੀਜ ਉਤਪਾਦਨ

1.4.3.1 ਖੇਤੀ ਯੋਗ ਰਕਬੇ ਅਤੇ ਬੀਜ ਉਤਪਾਦਨ ਵਿੱਚ ਕਮੀ

(i) ਸਾਉਣੀ ਅਤੇ ਹਾੜ੍ਹੀ ਦੀਆਂ ਫਸਲਾਂ ਦੇ ਬੀਜ

ਪੀ ਏ ਯੂ ਕੋਲ ਹਾੜ੍ਹੀ ਅਤੇ ਸਾਉਣੀ ਲਈ ਖੇਤ ਦੀਆਂ ਫਸਲਾਂ[70] ਦਾ ਆਪਣਾ ਬੀਜ ਉਤਪਾਦਨ ਪ੍ਰੋਗਰਾਮ ਹੈ। ਜਦੋਂ ਵੀ ਖੋਜ ਮੁਲਾਂਕਣ ਕਮੇਟੀ (ਆਰ ਈ ਸੀ) ਵੱਲੋਂ ਅਨੁਕੂਲ ਖੋਜ ਟ੍ਰੇਲਾਂ ਲਈ ਕਿਸੇ ਨਵੀਂ ਕਿਸਮ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਉਸ ਕਿਸਮ ਦਾ ਬੀਜ ਉਤਪਾਦਨ ਯੂਨੀਵਰਸਿਟੀ ਬੀਜ ਫਾਰਮਾਂ ਵਿਖੇ ਕੀਤਾ ਜਾਂਦਾ ਹੈ ਤਾਂ ਜੋ ਕਿਸਮਾਂ ਦੇ ਜਾਰੀ ਹੋਣ ਸਮੇਂ ਸੂਬੇ ਦੇ ਕਿਸਾਨਾਂ ਨੂੰ ਵੰਡਣ ਲਈ ਲੋੜੀਂਦਾ ਬੀਜ ਉਪਲਬਧ ਹੋਵੇ। ਕਿਸਮਾਂ ਜਾਰੀ ਹੋਣ ਤੋਂ ਬਾਅਦ, ਬੀਜ ਉਤਪਾਦਨ ਕਿਸੇ ਵਿਸ਼ੇਸ਼ ਕਿਸਮ ਦੇ ਬੀਜ ਦੀ ਮੰਗ ਦੇ ਅਨੁਸਾਰ ਕੀਤਾ ਜਾਂਦਾ ਹੈ। 2017-22 ਦੀ ਮਿਆਦ ਦੌਰਾਨ ਕਵਰ ਕੀਤੇ ਗਏ ਖੇਤਰ ਅਤੇ ਬੀਜ ਉਤਪਾਦਨ ਦੇ ਵੇਰਵੇ ਕ੍ਰਮਵਾਰ **ਚਾਰਟ** 1.19 ਅਤੇ **ਚਾਰਟ** 1.20 ਵਿੱਚ ਦਰਸਾਏ ਗਏ ਹਨ।

---

69 ਅੰਤਿਕਾ 1.11 ਦੇ ਲੜੀ ਨੰਬਰ 37 ਤੋਂ 42, 44, 45, 51 ਅਤੇ 53 ।


70 ਹਾੜ੍ਹੀ ਦੀਆਂ ਫਸਲਾਂ: ਕਣਕ, ਬਰਸੀਮ, ਓਟਸ, ਜੌਂ, ਸੂਰਜਮੁਖੀ, ਅਫਰੀਕੀ ਸਰੋਂ, ਛੋਲੇ ਆਦਿ; ਅਤੇ ਸਾਉਣੀ ਦੀਆਂ ਫਸਲਾਂ: ਝੋਨਾ, ਬਾਸਮਤੀ, ਮੱਕੀ, ਕਪਾਹ, ਮੂੰਗ, ਅਰਹਰ, ਮੈਸ਼ ਆਦਿ।

ਚਾਰਟ 1.19: 2017-22 ਦੀ ਮਿਆਦ ਦੌਰਾਨ ਪੀ ਏ ਯੂ ਦੇ ਬੀਜ ਉਤਪਾਦਨ ਰਕਬੇ ਦੇ ਵੇਰਵੇ



ਸ੍ਰੋਤ: ਪੀ ਏ ਯੂ ਦਾ ਸਬੰਧਤ ਵਿਭਾਗ

ਚਾਰਟ 1.20: 2017-22 ਦੀ ਮਿਆਦ ਦੌਰਾਨ ਬੀਜ਼ ਉਤਪਾਦਨ ਦੇ ਵੇਰਵੇ



ਸ੍ਰੋਤ: ਪੀ ਏ ਯੂ ਦਾ ਸਬੰਧਤ ਵਿਭਾਗ

ਚਾਰਟ 1.19 ਦਰਸਾਉਂਦਾ ਹੈ ਕਿ ਸਾਉਣੀ ਅਤੇ ਹਾੜ੍ਹੀ ਦੇ ਖੇਤੀ ਯੋਗ ਰਕਬੇ ਵਿੱਚ ਕ੍ਰਮਵਾਰ 24.23 ਅਤੇ 37.37 *ਪ੍ਰਤੀਸ਼ਤ* ਦੀ ਕਮੀ ਆਈ ਸੀ। ਨਤੀਜੇ ਵਜੋਂ, ਸਾਲ 2021-22 ਦੌਰਾਨ ਸਾਉਣੀ ਅਤੇ ਹਾੜ੍ਹੀ ਦੇ ਬੀਜਾਂ ਦਾ ਉਤਪਾਦਨ ਪਿਛਲੇ ਸਾਲ ਦੇ ਮੁਕਾਬਲੇ 20.61 ਅਤੇ 50.04 *ਪ੍ਰਤੀਸ਼ਤ* ਘਟਿਆ (**ਚਾਰਟ** 1.20)। ਇਸ ਕਮੀ ਦਾ ਕਾਰਨ ਰਾਜਾ ਹਰਿੰਦਰ ਸਿੰਘ ਸੀਡ ਫਾਰਮ (ਆਰ ਐਚ ਐਸ ਐਸ ਐਫ), ਫਰੀਦਕੋਟ ਵਿਖੇ 1,220 ਏਕੜ ਜ਼ਮੀਨ ਦੇ ਪੱਟੇ ਦਾ ਨਵੀਨੀਕਰਨ ਨਾ ਕਰਨਾ ਦਸਿਆ ਗਿਆ ਕਿਉਂਕਿ ਕਿਰਾਏਦਾਰ ਅਤੇ ਜ਼ਮੀਨ ਦੇ ਮਾਲਕ ਵਿਚਕਾਰ ਮੁਕੱਦਮਾਂ[71] ਚੱਲ ਰਿਹਾ ਸੀ। ਯੂਨੀਵਰਸਿਟੀ ਨੇ ਜਵਾਬ ਦਿੱਤਾ (ਅਕਤੂਬਰ 2024) ਕਿ ਉਸਨੇ ਅਪ੍ਰੈਲ 2021 ਵਿੱਚ ਲੀਜ਼ ਸਮਝੌਤਾ ਸਮਾਪਤ ਹੋਣ ਤੋਂ ਬਾਅਦ ਆਰ ਐਚ ਐਸ ਐਸ ਐਫ, ਫਰੀਦਕੋਟ ਵਿਖੇ ਖੇਤੀ ਬੰਦ ਕਰ ਦਿੱਤੀ ਸੀ ਅਤੇ ਨਤੀਜੇ ਵਜੋਂ, ਬੀਜ ਉਤਪਾਦਨ ਦੀ ਮਾਤਰਾ ਘੱਟ ਗਈ ਸੀ। ਹਾਲਾਂਕਿ, ਇਹ ਜ਼ਮੀਨ ਪੀ ਏ ਯੂ ਦੇ ਕਬਜ਼ੇ ਵਿੱਚ ਰਹੀ। ਪੀ ਏ ਯੂ ਨੇ ਸਾਉਣੀ 2023 ਦੌਰਾਨ ਆਰ ਐਚ ਐਸ ਐਸ ਐਫ ਫਰੀਦਕੋਟ ਵਿਖੇ ਦੁਬਾਰਾ ਖੇਤੀ ਸ਼ੁਰੂ ਕੀਤੀ ਸੀ। ਇਹ ਵੀ ਦੱਸਿਆ ਗਿਆ ਕਿ ਆਰ ਐਚ ਐਸ ਐਸ ਐਫ ਫਰੀਦਕੋਟ ਵਿਖੇ ਬੀਜ ਉਤਪਾਦਨ 711.50 ਏਕੜ ਰਕਬੇ ਵਿੱਚ ਕੀਤਾ

[71] ਮਹਾਰਾਵਲ ਖੇਵਾਜੀ ਟਰੱਸਟ (ਜਿਸ ਨਾਲ ਲੀਜ਼ ਕੀਤੀ ਜਾਣੀ ਸੀ) ਅਤੇ ਸ਼ਾਹੀ ਪਰਿਵਾਰ ਦੇ ਵਾਰਸਾਂ (ਜਿਨ੍ਹਾਂ ਨਾਲ ਜ਼ਮੀਨ ਸਬੰਧਤ ਸੀ) ਵਿਚਕਾਰ 1,220 ਏਕੜ ਜ਼ਮੀਨ ਦਾ ਮੁਕੱਦਮਾ।


ਗਿਆ ਸੀ ਅਤੇ ਹਾੜੀ 2023-24 ਦੌਰਾਨ 999.50 ਰਕਬੇ ਨੂੰ ਬੀਜ ਉਤਪਾਦਨ ਅਧੀਨ ਲਿਆਂਦਾ ਗਿਆ ਸੀ।

(ii) ਮੱਕੀ ਦੇ ਬੀਜ

ਪੰਜਾਬ ਧਰਤੀ ਹੇਠਲੇ ਪਾਣੀ ਦੇ ਡਿਗ ਰਹੇ ਪੱਧਰ[72] ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ। ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ, ਪੀ ਏ ਯੂ ਨੇ ਆਪਣੇ ਵਿਜ਼ਨ ਦਸਤਾਵੇਜ਼ "ਵਿਜ਼ਨ 2040" ਰਾਹੀਂ ਦਾਲਾਂ, ਮੱਕੀ, ਤੇਲ ਬੀਜਾਂ, ਫਲਾਂ ਅਤੇ ਸਬਜ਼ੀਆਂ ਆਦਿ ਵਰਗੀਆਂ ਘੱਟ ਪਾਣੀ ਦੀ ਲੋੜ ਵਾਲੀਆਂ ਵਿਕਲਪਕ ਫਸਲਾਂ ਨੂੰ ਉਤਸ਼ਾਹਿਤ ਕਰਨ ਦਾ ਸੰਕਲਪ ਲਿਆ।

ਯੂਨੀਵਰਸਿਟੀ ਦੇ ਬੀਜ ਉਤਪਾਦਨ ਪ੍ਰੋਗਰਾਮ ਵਿੱਚ 2017-22 ਦੌਰਾਨ ਮੱਕੀ ਦੀਆਂ ਵੱਖ-ਵੱਖ ਸਕੀਮਾਂ 'ਤੇ ₹ 12.54 ਕਰੋੜ ਖਰਚ ਕਰਨ ਤੋਂ ਬਾਅਦ ਵੀ ਮੱਕੀ ਦੇ ਉਤਪਾਦਨ ਵਿੱਚ ਕੋਈ ਮਹੱਤਵਪੂਰਨ ਸੁਧਾਰ ਨਹੀਂ ਹੋਇਆ। 2017-22 ਦੌਰਾਨ ਪੀ ਏ ਯੂ ਵੱਲੋਂ ਮੱਕੀ ਅਤੇ ਝੋਨੇ ਦੇ ਬੀਜ ਉਤਪਾਦਨ ਲਈ ਕਵਰ ਕੀਤੇ ਗਏ ਰਕਬੇ ਦੇ ਵੇਰਵੇ **ਚਾਰਟ 1.21** ਵਿੱਚ ਦਿੱਤੇ ਗਏ ਹਨ।

ਚਾਰਟ 1.21: ਸਾਲ 2017-21 (ਸਾਉਣੀ) ਦੌਰਾਨ ਪੀ ਏ ਯੂ ਦੁਆਰਾ ਮੱਕੀ ਅਤੇ ਝੋਨੇ ਦੇ ਸਬੰਧ ਵਿੱਚ ਬੀਜ ਉਤਪਾਦਨ ਲਈ ਕਵਰ ਕੀਤਾ ਗਿਆ ਰਕਬਾ



ਸ੍ਰੋਤ: ਪੀ ਏ ਯੂ ਦਾ ਸਬੰਧਤ ਵਿਭਾਗ

ਚਾਰਟ 1.21 ਦਰਸਾਉਂਦਾ ਹੈ ਕਿ ਕੁੱਲ ਰਕਬਾ ਵਿੱਚ ਮੱਕੀ ਦਾ ਰਕਬਾ ਸਾਲ 2017 ਵਿੱਚ 24.17 *ਪ੍ਰਤੀਸ਼ਤ* ਤੋਂ ਘੱਟ ਕੇ ਸਾਲ 2021 ਵਿੱਚ 12.78 *ਪ੍ਰਤੀਸ਼ਤ* ਹੋ ਗਿਆ ਹੈ।

ਯੂਨੀਵਰਸਿਟੀ ਨੇ ਮੱਕੀ ਦੇ ਰਕਬੇ ਵਿੱਚ ਭਾਰੀ ਕਮੀ ਦਾ ਕਾਰਨ ਆਰ ਐਚ ਐਸ ਐਸ ਐਫ, ਫਰੀਦਕੋਟ ਵਿਖੇ 1,220 ਏਕੜ ਜ਼ਮੀਨ ਦੇ ਪੱਟੇ ਦੀ ਮਿਆਦ ਸਮਾਪਤ ਹੋਣ ਨੂੰ ਦੱਸਿਆ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਸਾਲ 2020 ਵਿੱਚ ਵੀ ਕੁੱਲ ਰਕਬੇ ਵਿੱਚ ਮੱਕੀ ਹੇਠਲਾ ਰਕਬਾ 22.52 *ਪ੍ਰਤੀਸ਼ਤ* ਰਹਿ ਗਿਆ ਸੀ।

---

[72] 10 ਸਾਲਾਂ ਦੇ ਅਰਸੇ ਵਿੱਚ (ਅਕਤੂਬਰ 2011- ਅਕਤੂਬਰ 2021) ਧਰਤੀ ਹੇਠਲੇ ਪਾਣੀ ਦਾ ਪੱਧਰ ਔਸਤਨ ਵੱਧ ਤੋਂ ਵੱਧ 25.28 ਮੀਟਰ ਤੋਂ ਘੱਟ ਕੇ 32.88 ਮੀਟਰ ਹੋ ਗਿਆ।

ਇਹ ਵੀ ਵੇਖਿਆ ਗਿਆ ਕਿ ਚੁਣੇ ਗਏ ਛੇ ਕੇ ਵੀ ਕੇਜ਼ ਵਿਚੋਂ ਸਿਰਫ਼ ਦੋ[73] ਨੇ ਮੱਕੀ ਦੀਆਂ ਫਸਲਾਂ 'ਤੇ ਫਰੰਟਲਾਈਨ ਪ੍ਰਦਰਸ਼ਨ ਕੀਤੇ ਸਨ, ਹਾਲਾਂਕਿ ਪੀ ਏ ਯੂ ਦੁਆਰਾ ਫਸਲ ਦੀਆਂ ਬਹੁਤ ਸਾਰੀਆਂ ਨਵੀਆਂ ਕਿਸਮਾਂ ਜਾਰੀ ਕੀਤੀਆਂ ਗਈਆਂ ਸਨ ਅਤੇ ਇਸ ਦੇ ਬਾਵਜੂਦ ਉਦਯੋਗ ਵਿੱਚ ਮੱਕੀ ਦੀ ਭਾਰੀ ਮੰਗ ਨੂੰ ਮਾਨਤਾ ਦਿੱਤੀ ਗਈ ਸੀ। ਇਸ ਤਰ੍ਹਾਂ, ਇੱਕ ਪਾਸੇ, ਯੂਨੀਵਰਸਿਟੀ ਨੇ ਉਦਯੋਗ ਵਿੱਚ ਮੱਕੀ ਦੀ ਵੱਡੀ ਮੰਗ ਨੂੰ ਮਾਨਤਾ ਦਿੱਤੀ, ਜਦੋਂ ਕਿ ਦੂਜੇ ਪਾਸੇ, ਸਾਰੇ ਕੇ ਵੀ ਕੇਜ਼ ਵਿੱਚ ਫਰੰਟਲਾਈਨ ਪ੍ਰਦਰਸ਼ਨ ਨਹੀਂ ਕੀਤੇ ਗਏ।

ਇਹ ਦਰਸਾਉਂਦਾ ਹੈ ਕਿ ਮੱਕੀ ਦੇ ਰਕਬੇ ਨੂੰ ਵਧਾਉਣ ਲਈ ਢੁਕਵੇਂ ਯਤਨਾ ਦੀ ਘਾਟ ਸੀ, ਜੋ ਕਿ ਯੂਨੀਵਰਸਿਟੀ ਦੇ ਵਿਜ਼ਨ ਦਸਤਾਵੇਜ਼ ਅਨੁਸਾਰ ਵਿਭਿੰਨਤਾ ਅਤੇ ਪਾਣੀ ਨੂੰ ਬਚਾਉਣ ਦੇ ਸੰਕਲਪ ਅਨੁਸਾਰ ਨਹੀਂ ਸੀ। ਇੱਥੋ ਤੱਕ ਕਿ 2020 ਵਿੱਚ 'ਬਦਲਦੇ ਜਲਵਾਯੂ ਦ੍ਰਿਸ਼ ਅਧੀਨ ਫਸਲੀ ਵਿਭਿੰਨਤਾ ਲਈ ਮੱਕੀ' ਵਿਸ਼ੇ 'ਤੇ ਆਯੋਜਿਤ ਰਾਸ਼ਟਰੀ ਸੈਮੀਨਾਰ ਵਿੱਚ ਵੀ ਮੱਕੀ ਦੇ ਨਾਲ ਚੌਲਾਂ ਦੀ ਵਿਭਿੰਨਤਾ ਦੁਆਰਾ ਪਾਣੀ ਦੇ ਡਿੱਗ ਰਹੇ ਪੱਧਰ ਦੇ ਮੱਦੇ ਨੂੰ ਹੱਲ ਕਰਨ 'ਤੇ ਜ਼ੋਰ ਦਿੱਤਾ ਗਿਆ ਸੀ।

ਐਗਜ਼ਿਟ ਕਾਨਫਰੰਸ ਵਿੱਚ, ਵੀ ਸੀ ਨੇ ਕਿਹਾ (ਜੂਨ 2023) ਕਿ ਯੂਨੀਵਰਸਿਟੀ ਨੂੰ ਆਰ ਐਚ ਐਸ ਐਸ ਐਫ ਫਰੀਦਕੋਟ ਵਿਖੇ ਉਕਤ ਜ਼ਮੀਨ ਦਾ ਟੁਕੜਾ ਵਾਪਸ ਮਿਲ ਗਿਆ ਸੀ ਅਤੇ ਉਨ੍ਹਾਂ ਨੇ ਮੌਜੂਦਾ ਸੀਜ਼ਨ (ਸਾਉਣੀ 2023) ਤੋਂ ਬੀਜ ਉਗਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਵੀ ਕਿਹਾ ਗਿਆ ਕਿ ਯੂਨੀਵਰਸਿਟੀ ਪੰਜਾਬ ਵਿੱਚ ਮੱਕੀ ਨੂੰ ਉਤਸ਼ਾਹ ਕਰਨ ਲਈ ਪੂਰੀ ਕੋਸ਼ਿਸ਼ ਕਰ ਰਹੀ ਸੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਪੀ ਏ ਯੂ ਨੇ ਸਾਉਣੀ 2023 ਦੌਰਾਨ ਆਰ ਐਚ ਐਸ ਐਸ ਐਫ ਫਰੀਦਕੋਟ ਵਿਖੇ ਦੁਬਾਰਾ ਕਾਸ਼ਤ ਸ਼ੁਰੂ ਕੀਤੀ ਕਿਉਂਕਿ ਜ਼ਮੀਨ ਯੂਨੀਵਰਸਿਟੀ ਦੇ ਕਬਜ਼ੇ ਵਿੱਚ ਸੀ। ਇਸ ਤੋਂ ਇਲਾਵਾ, ਸਾਉਣੀ 2023 ਦੌਰਾਨ 421.30 ਏਕੜ ਰਕਬਾ ਮੱਕੀ ਦੇ ਬੀਜ ਉਤਪਾਦਨ ਅਧੀਨ ਸੀ, ਅਤੇ ਮੱਕੀ ਦਾ ਕੁੱਲ ਬੀਜ਼ ਉਤਪਾਦਨ 1,026 ਕੁਇੰਟਲ ਰਿਹਾ ਜਿਸ ਨਾਲ ਮੱਕੀ ਦੇ ਬੀਜ ਉਤਪਦਾਨ ਵਿੱਚ ਕਾਫੀ ਵਾਧਾ ਹੋਇਆ। ਜਵਾਬ ਮੱਕੀ ਦੀਆਂ ਵੱਖ-ਵੱਖ ਸਕੀਮਾਂ 'ਤੇ ₹ 12.54 ਕਰੋੜ ਖਰਚ ਕਰਨ ਦੇ ਬਾਵਜੂਦ ਸਾਲ 2017-21 ਦੌਰਾਨ ਮੱਕੀ ਦੀ ਕਮੀ ਦੇ ਮੁੱਦੇ ਨੂੰ ਸੰਬੋਧਿਤ ਨਹੀਂ ਕਰਦਾ ਸੀ।

1.4.3.2 ਬੀ ਟੀ ਕਪਾਹ ਦੀਆਂ ਕਿਸਮਾਂ ਦੀ ਮਾੜੀ ਕਾਰਗੁਜ਼ਾਰੀ

"ਪੀ ਏ ਯੂ ਬੀ ਟੀ-1 (ਅਪ੍ਰੈਲ 2017), ਬੀ ਟੀ-2 (ਦਸੰਬਰ 2021) ਅਤੇ ਬੀ ਟੀ-3 (ਅਕਤੂਬਰ 2020)" ਯੂਨੀਵਰਸਿਟੀ ਦੁਆਰਾ ਪੰਜਾਬ ਵਿੱਚ ਵਪਾਰਕ ਕਾਸ਼ਤ ਲਈ ਵਿਕਸਤ ਕੀਤੀਆਂ ਗਈਆਂ ਕਪਾਹ ਦੀਆਂ ਕਿਸਮਾਂ ਹਨ। 2017-22 ਦੌਰਾਨ ਪੀ ਏ ਯੂ ਬੀ ਟੀ ਕਪਾਹ ਦੀਆਂ ਵੱਖ-ਵੱਖ ਕਿਸਮਾਂ ਦੇ ਉਤਪਾਦਨ ਅਤੇ ਵਿਕਰੀ ਦੇ ਵੇਰਵੇ **ਸਾਰਣੀ 1.13** ਵਿੱਚ ਦਿੱਤੇ ਗਏ ਹਨ।

[73] (i) ਲੰਗੜੋਆ (ਐਸ ਬੀ ਐਸ ਨਗਰ); ਅਤੇ (ii) ਨੂਰਮਹਿਲ (ਜਲੰਧਰ)।

ਸਾਰਣੀ 1.13: 2017-22 ਦੌਰਾਨ ਪੀ ਏ ਯੂ ਬੀ ਟੀ ਕਪਾਹ ਦੀਆਂ ਵੱਖ-ਵੱਖ ਕਿਸਮਾਂ ਦੇ ਉਤਪਾਦਨ ਅਤੇ ਵਿਕਰੀ ਦੇ ਵੇਰਵੇ

ਸਾਲ	ਸਟੇਸ਼ਨ	ਪੀ ਏ ਯੂ ਬੀ ਟੀ ਕਪਾਹ ਦੀ ਕਿਸਮ	ਯੋਜਨਾਬੱਧ ਰਕਬਾ (ਏਕੜ ਵਿੱਚ)	ਅਸਲ ਰਕਬਾ (ਏਕੜ ਵਿੱਚ)	ਉਪਜ (ਕੁਇੰਟਲ ਵਿੱਚ)	ਬੀਜ ਵਜੋਂ ਵਿਕਰੀ (ਕੁਇੰਟਲ ਵਿੱਚ)	ਉਤਪਾਦ ਵਜੋਂ ਵਿਕਰੀ (ਕੁਇੰਟਲ ਵਿੱਚ)
2017	ਆਰ ਐਸ ਬਠਿੰਡਾ	ਬੀ ਟੀ1	20.0	20.0	65.10	25.31	39.79
2018	ਆਰ ਐਸ ਬਠਿੰਡਾ	ਬੀ ਟੀ 1	-	30.0	131.76	-	131.76
	ਯੂ ਐਸ ਐਫ ਫਰੀਦਕੋਟ		10.0	164.0	797.0	-	797.0
2019	ਆਰ ਐਸ ਬਠਿੰਡਾ	ਬੀ ਟੀ 1	5.0	4.0	20.60	-	20.60
	ਯੂ ਐਸ ਐਫ ਫਰੀਦਕੋਟ		50.0	54.0	199.29	-	199.29
2020	ਯੂ ਐਸ ਐਫ ਫਰੀਦਕੋਟ	ਬੀ ਟੀ 1	10.0	20.0	47.22	-	47.22
		ਬੀ ਟੀ 3	-	3.0	6.5	-	6.5
2021	ਆਰ ਐਸ ਬਠਿੰਡਾ	ਬੀ ਟੀ 2	5.0	5.0	7.30	-	7.30
	ਯੂ ਐਸ ਐਫ ਫਰੀਦਕੋਟ	ਬੀ ਟੀ 3	10.0	-	-	-	-
2022	ਆਰ ਐਸ ਬਠਿੰਡਾ	ਬੀ ਟੀ 1	0.5	-	-	*ਸਾਉਣੀ 2023 ਦੌਰਾਨ ਵੇਚੇ ਜਾਣ ਵਾਲੇ ਬੀਜ*	
		ਬੀ ਟੀ 2	6.0	5.0	7.35		
		ਬੀ ਟੀ 3	-	2.0	3.50		
	ਆਰ ਐਸ ਅਬੋਹਰ	ਬੀ ਟੀ 3	5.0	4.0	4.12		
ਜੋੜ			**121.5**	**311.0**	**1,289.74**	**25.31**	**1,249.46**

ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

ਸਾਰਣੀ 1.13 ਦਰਸਾਉਂਦੀ ਹੈ ਕਿ :

- ਬੀ ਟੀ ਕਪਾਹ ਦੇ ਸ਼੍ਰੇਣੀਬੱਧ ਬੀਜ ਦੇ 1,274.77 ਕੁਇੰਟਲ (ਸਾਲ 2022 ਦੇ 14.97 ਕੁਇੰਟਲ ਝਾੜ ਨੂੰ ਛੱਡ ਕੇ) ਦੇ ਝਾੜ ਦੇ ਮੁਕਾਬਲੇ, ਸਿਰਫ਼ 25.31 ਕੁਇੰਟਲ ਭਾਵ ਦੋ *ਪ੍ਰਤੀਸ਼ਤ* (ਸਾਲ 2017 ਵਿੱਚ ਬੀ ਟੀ 1 ਕਪਾਹ) ਬੀਜ ਦੇ ਰੂਪ ਵਿੱਚ ਵੇਚਿਆ ਗਿਆ ਸੀ ਅਤੇ ਬਾਕੀ 1,249.46 ਕੁਇੰਟਲ 2017-21 ਦੀ ਮਿਆਦ ਦੌਰਾਨ ਉਪਜ ਦੇ ਰੂਪ ਵਿੱਚ ਵੇਚਿਆ ਗਿਆ ਸੀ।

  ਯੂਨੀਵਰਸਿਟੀ ਨੇ (ਦਸੰਬਰ 2022) ਇਸ ਦਾ ਕਾਰਨ ਬਾਜ਼ਾਰ ਵਿੱਚ ਬੋਲਗਾਰਡ-II ਤਕਨਾਲੋਜੀ ਦੇ ਮਾਲਕ ਪ੍ਰਮੁੱਖ ਨਿੱਜੀ ਉਤਪਾਦਕਾਂ ਦੁਆਰਾ ਵਿਕਸਤ ਕੀਤੀਆਂ ਕਿਸਮਾਂ ਦੇ ਮੁਕਾਬਲੇ ਪੀ ਏ ਯੂ ਦੀਆਂ ਕਿਸਮਾਂ ਦੀ ਘੱਟ ਮੰਗ ਨੂੰ ਦੱਸਿਆ। ਹਾਲਾਂਕਿ, ਯੂਨੀਵਰਸਿਟੀ ਪੀ ਏ ਯੂ ਕਪਾਹ ਦੀਆਂ ਘੱਟ ਮੰਗ ਵਾਲੀਆਂ ਕਿਸਮਾਂ ਦੇ ਨਿਰੰਤਰ ਉਤਪਾਦਨ ਨੂੰ ਜਾਰੀ ਰੱਖਣ ਅਤੇ ਕਪਾਹ ਦੀਆਂ ਸੁਧਰੀਆਂ ਕਿਸਮਾਂ ਦੇ ਵਿਕਾਸ ਦੀ ਪੜਚੋਲ ਨਾ ਕਰਨ ਦੇ ਕਾਰਨਾਂ ਨੂੰ ਜਾਇਜ ਨਹੀਂ ਠਹਿਰਾ ਸਕੀ।

- ਬੀ ਟੀ2 ਅਤੇ ਬੀ ਟੀ3 ਕਪਾਹ ਦੀ ਪੂਰੀ ਉਪਜ, ਭਾਵੇ ਥੋੜ੍ਹੀ ਮਾਤਰਾ ਵਿੱਚ ਪੈਦਾ ਕੀਤੀ ਗਈ ਸੀ, ਸਾਲ 2020 ਅਤੇ 2021 ਦੌਰਾਨ ਉਪਜ ਦੇ ਰੂਪ ਵਿੱਚ ਵੇਚੀ ਗਈ ਸੀ।

ਇਹ ਨਾ ਸਿਰਫ਼ ਪੀ ਏ ਯੂ ਦੀ ਮਾੜੀ ਯੋਜਨਾਬੰਦੀ ਨੂੰ ਦਰਸਾਉਂਦਾ ਹੈ ਬਲਕਿ ਇਹ ਵੀ ਦਰਸਾਉਂਦਾ ਹੈ ਕਿ ਇਸ ਦੇ ਯਤਨ ਰਾਜ ਦੇ ਕਿਸਾਨਾਂ ਨੂੰ ਲੋੜੀਂਦਾ ਬੀਜ ਮੁਹੱਈਆਂ ਕਰਵਾਉਣ ਲਈ ਬੀਜ ਉਤਪਾਦਨ ਪ੍ਰੋਗਰਾਮ ਦੇ ਅਨੁਸਾਰ ਨਹੀਂ ਸਨ।

2018-19 ਤੋਂ 2021-22 ਤੱਕ ਦੇ ਖੋਜ ਅਤੇ ਅਨੁਕੂਲ ਖੋਜ ਪਰੀਖਣਾਂ ਨਾਲ ਸਬੰਧਤ ਰਿਕਾਰਡ ਦੀ ਸਮੀਖਿਆ ਤੋਂ ਪਤਾ ਲੱਗਿਆ ਕਿ ਪੀ ਏ ਯੂ ਬੀ ਟੀ1 ਦਾ ਔਸਤ ਬੀਜ ਕਪਾਹ ਦੀ ਪੈਦਾਵਾਰ 7.6 ਕੁਇੰਟਲ ਪ੍ਰਤੀ ਏਕੜ ਸੀ। ਹਾਲਾਂਕਿ, ਪੰਜਾਬ ਸਾਉਣੀ 2022 ਦੀਆਂ ਫਸਲਾਂ ਲਈ ਅਭਿਆਸਾਂ ਦੇ ਪੈਕੇਜ (ਕਿਸਾਨਾਂ ਦੀ ਜਾਗਰੂਕਤਾ ਲਈ ਪੀ ਏ ਯੂ ਦੁਆਰਾ ਪ੍ਰਕਾਸ਼ਤ ਇੱਕ ਕਿਤਾਬ) ਵਿੱਚ ਪੀ ਏ ਯੂ ਬੀ ਟੀ1 ਦਾ ਔਸਤ ਬੀਜ ਕਪਾਹ ਦੀ ਪੈਦਾਵਾਰ 11.2 ਕੁਇੰਟਲ ਪ੍ਰਤੀ ਏਕੜ ਦੱਸਿਆ ਗਿਆ ਸੀ, ਜਿਸ ਨਾਲ ਕਿਸਾਨਾਂ ਨੂੰ ਗਲਤ ਜਾਣਕਾਰੀ ਦਿੱਤੀ ਗਈ ਸੀ। ਭਾਵੇ ਕਿ ਪੀ ਏ ਯੂ ਬੀ ਟੀ1 ਦਾ ਉਤਪਾਦਨ 2020 ਤੋਂ ਬਾਅਦ ਯੂਨੀਵਰਸਿਟੀ ਬੀਜ ਪ੍ਰੋਗਰਾਮ ਦੇ ਅਧੀਨ ਬੰਦ ਕਰ ਦਿੱਤਾ ਗਿਆ ਸੀ, ਫਿਰ ਵੀ ਪੀ ਏ ਯੂ ਬੀ ਟੀ1 ਕਿਸਮ ਨੂੰ ਸਾਲ 2021 ਅਤੇ 2022 ਲਈ ਪੰਜਾਬ ਸਾਉਣੀ ਦੀਆਂ ਫਸਲਾਂ ਲਈ ਅਭਿਆਸਾਂ ਦੇ ਪੈਕੇਜ਼ ਵਿੱਚ ਰੱਖਿਆ ਗਿਆ ਸੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਪੀ ਏ ਯੂ ਦੀ ਖੋਜ ਮੁਲਾਂਕਣ ਕਮੇਟੀ ਨੇ ਪੰਜਾਬ ਦੀਆਂ ਫਸਲਾਂ ਲਈ ਅਭਿਆਸਾਂ ਦੇ ਪੈਕੇਜ 2023 ਵਿਚੋਂ ਪੀ ਏ ਯੂ ਬੀ ਟੀ1 ਕਪਾਹ ਨੂੰ ਹਟਾਉਣ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦੇ ਦਿੱਤੀ ਸੀ (ਫਰਵਰੀ 2023)।

1.4.3.3 ਸ਼ੇ੍ਣੀਬੱਧ ਬੀਜ ਨੂੰ ਉਪਜ ਦੇ ਰੂਪ ਵਿੱਚ ਵੇਚਣ ਕਾਰਨ ਘਾਟਾ

ਪੀ ਏ ਯੂ ਦਾ ਹਰੇਕ ਫਸਲੀ ਸਾਲ ਲਈ ਸਾਉਣੀ ਅਤੇ ਹਾੜ੍ਹੀ ਲਈ ਖੇਤ ਦੀਆਂ ਫਸਲਾਂ ਦਾ ਅਪਣਾ ਬੀਜ ਉਤਪਾਦਨ ਪ੍ਰੋਗਰਾਮ (ਯੂਨੀਵਰਸਿਟੀ ਬੀਜ ਫਾਰਮਾਂ, ਕੇ ਵੀ ਕੇਜ਼ ਅਤੇ ਆਰ ਐਸਜ਼ ਲਈ) ਹੈ, ਜਿਸ ਵਿੱਚ ਬੀਜ ਉਤਪਾਦਨ ਨੂੰ ਅੰਤਿਮ ਰੂਪ ਦੇਣ ਲਈ ਹਰੇਕ ਕਿਸਮ ਦੀ ਮੰਗ 'ਤੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ (*ਕਿਸਾਨ ਮੇਲਿਆਂ* ਰਾਹੀਂ ਪ੍ਰਾਪਤ ਕਿਸਾਨਾਂ ਅਤੇ ਬੀਜ ਉਤਪਾਦਨ ਪ੍ਰੋਗਰਾਮ ਦੇ ਕਮੇਟੀ ਮੈਂਬਰਾਂ ਦੀ ਫੀਡਬੈਕ ਦੇ ਅਧਾਰ 'ਤੇ)। ਉਹ ਸਾਉਣੀ ਅਤੇ ਹਾੜ੍ਹੀ ਦੀ ਬਿਜਾਈ ਦੇ ਮੌਸਮ ਲਈ ਖੇਤ ਫਸਲਾਂ ਦੀਆਂ ਬੀਜ ਵਿਕਰੀ ਦਰਾਂ ਵੀ ਨਿਰਧਾਰਤ ਕਰਦੇ ਹਨ। 31 ਮਾਰਚ 2006 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸਿਵਲ) ਦੀ ਰਿਪੋਰਟ ਵਿੱਚ ਪੰਜਾਬ ਸਰਕਾਰ (***ਪੈਰ੍ਹਾ 3.2.11***) ਨੇ ਬੀਜਾਂ ਨੂੰ ਅਨਾਜ ਦੇ ਰੂਪ ਵਿੱਚ ਵੇਚਣ ਕਾਰਨ ਹੋਏ ਨੁਕਸਾਨ ਨੂੰ ਉਜਾਗਰ ਕੀਤਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਯੂਨੀਵਰਸਿਟੀ ਨੂੰ 2017-21 ਦੀ ਮਿਆਦ ਦੌਰਾਨ ਸਾਉਣੀ ਅਤੇ ਹਾੜ੍ਹੀ ਦੀਆਂ ਫਸਲਾਂ ਦੇ ਸਬੰਧ ਵਿੱਚ ਸ਼ੇ੍ਣੀਬੱਧ ਬੀਜਾਂ ਦੀ ਵਿਕਰੀ ਕਾਰਨ ਨਾ ਸਿਰਫ਼ ₹ 7.26 ਕਰੋੜ ਦਾ ਨੁਕਸਾਨ ਹੋਇਆ, ਬਲਕਿ ਪੀ ਏ ਯੂ ਬੀਜਾਂ ਦੇ ਬ੍ਰਾਂਡ ਮੁੱਲ 'ਤੇ ਵੀ ਸੰਭਾਵਿਤ ਪ੍ਰਭਾਵ ਦਾ ਸਹਾਮਣਾ ਕਰਨਾ ਪਿਆ, ਜਿਵੇਂ ਕਿ **ਸਾਰਣੀ** 1.14 ਵਿੱਚ ਵੇਰਵਾ ਦਿੱਤਾ ਗਿਆ ਹੈ।

ਸਾਰਣੀ 1.14: 2017-22 ਦੀ ਮਿਆਦ ਦੌਰਾਨ ਸਾਉਣੀ ਅਤੇ ਹਾੜ੍ਹੀ ਦੀਆਂ ਫਸਲਾਂ ਦੇ ਸਬੰਧਤ ਉਪਜ ਦੇ ਰੂਪ ਵਿੱਚ ਸ਼੍ਰੇਣੀਬੱਧ ਬੀਜਾਂ ਦੀ ਵਿਕਰੀ


ਫਸਲ ਦਾ ਮੌਸਮ	ਵੇਰਵੇ	2017-18	2018-19	2019-20	2020-21	2021-22	ਜੋੜ
ਸਾਉਣੀ	ਸ਼੍ਰੇਣੀਬੱਧ ਬੀਜ ਉਤਪਾਦਨ (ਕੁਇੰਟਲ ਵਿੱਚ)	25,720.08	21,719.72	23,433.85	25,330.09	20,033.87	1,16,237.61
	ਬੀਜ ਦੇ ਰੂਪ ਵਿੱਚ ਵਿਕਰੀ (ਕੁਇੰਟਲ ਵਿੱਚ)	21,436.20	19,238.48	20,934.95	23,197.63	18,968.11	1,03,775.37
	ਉਪਜ ਦੇ ਰੂਪ ਵਿੱਚ ਵਿਕਰੀ (ਕੁਇੰਟਲ ਵਿੱਚ)#	4,283.88	2,481.24	2,498.90	2,132.46	1,065.76	12,462.24
	ਉਤਪਾਦਨ ਦੇ ਰੂਪ ਵਿੱਚ ਉਪਜ ਦੀ ਵਿਕਰੀ ਕਾਰਨ ਘਾਟਾ (₹ ਕਰੋੜ ਵਿੱਚ) (ੳ)	1.00	0.73	0.98	1.06	0.31	4.08
ਹਾੜ੍ਹੀ	ਸ਼੍ਰੇਣੀਬੱਧ ਬੀਜ ਉਤਪਾਦਨ (ਕੁਇੰਟਲ ਵਿੱਚ)	34,220.55	35,880.71	38,328.12	35,677.54	16,140.33	1,60,247.25
	ਬੀਜ ਦੇ ਰੂਪ ਵਿੱਚ ਵਿਕਰੀ (ਕੁਇੰਟਲ ਵਿੱਚ)	32,760.98	33,291.77	31,051.84	27,502.64	15,212.49	1,39,819.72
	ਉਪਜ ਦੇ ਰੂਪ ਵਿੱਚ ਵਿਕਰੀ (ਕੁਇੰਟਲ ਵਿੱਚ)#	1,459.58	2,588.94	7,276.28	8,174.90	927.84	20,427.54
	ਉਤਪਾਦਨ ਦੇ ਰੂਪ ਵਿੱਚ ਉਪਜ ਦੀ ਵਿਕਰੀ ਕਾਰਨ ਘਾਟਾ (₹ ਕਰੋੜ ਵਿੱਚ) (ਅ)	0.33	0.34	1.02	1.30	0.19	3.18
ਕੁੱਲ ਘਾਟਾ (ੳ+ਅ) (₹ ਕਰੋੜ ਵਿੱਚ)		**1.33**	**1.07**	**2.00**	**2.36**	**0.50**	**7.26**

ਸ੍ਰੋਤ: ਪੀ ਏ ਯੂ ਦਾ ਰਿਕਾਰਡ

ਉਤਪਾਦ ਦੇ ਰੂਪ ਵਿੱਚ ਸ਼੍ਰੇਣੀਬੱਧ ਬੀਜ ਦੀ ਵਿਕਰੀ ਦੀਆਂ ਦਰਾਂ ਨੂੰ ਔਸਤ ਅਧਾਰ 'ਤੇ ਵਿਚਾਰਿਆ ਗਿਆ ਹੈ।

ਪ੍ਰਮੁੱਖ ਸਾਉਣੀ ਅਤੇ ਹਾੜ੍ਹੀ ਦੀਆਂ ਫਸਲਾਂ ਦੇ ਸਬੰਧ ਵਿੱਚ ਉਪਜ ਦੇ ਰੂਪ ਵਿੱਚ ਸ਼੍ਰੇਣੀਬੱਧ ਬੀਜ ਦੀ ਵਿਕਰੀ ਦਾ ਰੁਝਾਨ **ਚਾਰਟ** 1.22 ਵਿੱਚ ਦਰਸਾਇਆ ਗਿਆ ਹੈ।

ਚਾਰਟ 1.22 : **2017-22 ਦੀ ਮਿਆਦ ਦੌਰਾਨ ਪ੍ਰਮੁੱਖ ਸਾਉਣੀ ਅਤੇ ਹਾੜ੍ਹੀ ਦੀਆਂ ਫਸਲਾਂ ਦੇ ਸਬੰਧ ਵਿੱਚ ਉਪਜ ਦੇ ਰੂਪ ਵਿੱਚ ਸ਼੍ਰੇਣੀਬੱਧ ਬੀਜਾਂ ਦੀ ਵਿਕਰੀ ਦੇ ਰੁਝਾਨ**



ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

ਪੀ ਏ ਯੂ ਦਾ ਕੰਮ ਕਿਸਾਨਾਂ ਨੂੰ ਵੱਖ-ਵੱਖ ਕਿਸਮਾਂ ਦੇ ਬੀਜ (ਉਪਜ ਨਹੀਂ) ਪ੍ਰਦਾਨ ਕਰਨਾ ਹੈ। ਪੀ ਏ ਯੂ ਦੁਆਰਾ ਬੀਜ ਉਤਪਾਦਨ ਪ੍ਰੋਗਰਾਮ ਵਿੱਚ ਅਤੇ ਕਿਸਾਨਾਂ ਲਈ ਕਿਸਾਨ ਮੇਲਿਆਂ ਦਾ ਆਯੋਜਨ ਕਰਕੇ ਬੀਜਾਂ ਦੀ ਮੰਗ ਦਾ ਅਨੁਮਾਨ ਲਗਾਇਆ ਜਾਂਦਾ ਹੈ, ਜਿਸ ਵਿੱਚ, ਇਸ ਉਦੇਸ਼ ਲਈ ਕਿਸਾਨਾਂ ਦੀ ਫੀਡਬੈਕ ਲਈ ਗਈ ਸੀ। ਯੂਨੀਵਰਸਿਟੀ ਨੂੰ ਘੱਟ ਮੰਗ ਵਾਲੇ ਬੀਜਾਂ ਦੇ ਸਬੰਧ ਵਿੱਚ

ਯਥਾਰਥਵਾਦੀ ਅਨੁਮਾਨ ਤਿਆਰ ਕਰਨੇ ਚਾਹੀਦੇ ਸਨ ਤਾਂ ਜੋ ਇਸਦੇ ਸ਼ੇ੍ਰਣੀਬੱਧ ਬੀਜ ਨੂੰ ਉਤਪਾਦਨ ਦੇ ਰੂਪ ਵਿੱਚ ਵੇਚਣ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ।

ਐਗਜ਼ਿਟ ਕਾਨਫਰੰਸ ਵਿੱਚ, ਯੂਨੀਵਰਸਿਟੀ ਨੇ ਉਪਜ ਦੇ ਰੂਪ ਵਿੱਚ ਸ਼ੇ੍ਰਣੀਬੱਧ ਬੀਜ ਦੀ ਵਿਕਰੀ ਕਾਰਨ ਹੋਏ ਨੁਕਸਾਨ ਦਾ ਕਾਰਨ ਫਸਲਾਂ ਦੀ ਵਿਭਿੰਨਤਾ ਨੂੰ ਜ਼ਿੰਮੇਵਾਰ ਠਹਿਰਾਇਆ ਕਿਉਂਕਿ ਇਹ ਫਸਲਾਂ ਕਿਸਾਨਾਂ ਵਿੱਚ ਪ੍ਰਸਿੱਧ ਨਹੀਂ ਸਨ (ਜੂਨ 2023)। ਵੀ ਸੀ ਨੇ ਬੀਜ ਉਤਪਾਦਨ ਦੇ ਯਥਾਰਥਵਾਦੀ ਅਨੁਮਾਨਾਂ 'ਤੇ ਹੋਰ ਜ਼ੋਰ ਦਿੱਤਾ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਨੁਕਸਾਨ ਦਾ ਮੁੱਖ ਹਿੱਸਾ ਮੁੱਖ ਫਸਲਾਂ ਜਿਵੇਂ ਕਿ ਕਣਕ, ਕਪਾਹ, ਬਾਸਮਤੀ ਅਤੇ ਅਰਹਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ, ਜਿਨ੍ਹਾਂ ਦੇ ਬੀਜ ਉਪਜ ਦੇ ਰੂਪ ਵਿੱਚ ਵੇਚੇ ਗਏ ਸਨ (ਜਿਵੇਂ ਕਿ ***ਚਾਰਟ 1.22*** ਵਿੱਚ ਦਰਸਾਇਆ ਗਿਆ ਹੈ)। ਇਸ ਤੋਂ ਇਲਾਵਾ, ਪੀ ਏ ਯੂ ਬੀ ਟੀ 1 (ਕਪਾਹ) ਕਿਸਮ ਨੂੰ ਬੀਜ ਉਤਪਾਦਨ ਪ੍ਰੋਗਰਾਮ ਵਿੱਚ ਰੱਖਿਆ ਗਿਆ ਸੀ, ਹਾਲਾਂਕਿ ਇਸ ਦੇ ਸ਼ੇ੍ਰਣੀਬੱਧ ਬੀਜ ਨੂੰ ਉਪਜ ਦੇ ਰੂਪ ਵਿੱਚ ਵੇਚਿਆ ਜਾ ਰਿਹਾ ਸੀ।

ਯੂਨੀਵਰਸਿਟੀ ਨੇ ਜਵਾਬ ਦਿੱਤਾ (ਅਕਤੂਬਰ 2024) ਕਿ ਪੀ ਏ ਯੂ ਦੁਆਰਾ ਵਿਕਸਤ ਕੀਤੀਆਂ ਵੱਖ-ਵੱਖ ਫਸਲਾਂ ਦੀਆ ਕਿਸਮਾਂ ਵੱਡੀਆਂ ਬਿਮਾਰੀਆਂ ਪ੍ਰਤੀ ਰੋਧਕ ਹਨ ਪਰ ਸਮੇਂ ਦੇ ਬੀਤਣ ਨਾਲ, ਇੱਕ ਕਿਸਮ ਇੱਕ ਰੋਗਾਣੂਆਂ ਦੀਆਂ ਨਵੀਆਂ ਨਸਲਾਂ ਲਈ ਸੰਵੇਦਨਸ਼ੀਲ ਹੋ ਸਕਦੀ ਸੀ। ਅਜਿਹੀ ਸਥਿਤੀ ਵਿੱਚ, ਰਾਜ ਦੇ ਵੱਡੇ ਰਕਬੇ ਵਿੱਚ ਇੱਕੋ ਕਿਸਮ ਦੀ ਕਾਸ਼ਤ ਦੇ ਨਤੀਜੇ ਵਜੋਂ ਮਹਾਂਮਾਰੀ ਹੋ ਸਕਦੀ ਸੀ। ਇਸ ਤੋਂ ਬਚਣ ਲਈ, ਵੱਖ-ਵੱਖ ਕਿਸਮਾਂ ਉਗਾਉਣ ਦੀ ਲੋੜ ਸੀ ਅਤੇ ਇਸ ਲਈ ਪੀ ਏ ਯੂ ਇੱਕ ਫਸਲ ਦੀਆਂ ਵੱਖ-ਵੱਖ ਕਿਸਮਾਂ ਦੇ ਬੀਜ ਪੈਦਾ ਕਰ ਰਿਹਾ ਸੀ। ਇਸ ਦੇ ਨਤੀਜੇ ਵਜੋਂ ਕਈ ਵਾਰ ਕੁੱਝ ਕਿਸਮਾਂ ਦੇ ਬੀਜ ਨਾ ਵਿਕਣ ਵਾਲੇ ਵੀ ਹੋ ਸਕਦੇ ਹਨ। ਅਗਲੇ ਸਾਲ ਵੇਚੇ ਜਾਣ ਵਾਲੇ ਵਿਸ਼ੇਸ਼ ਕਿਸਮਾਂ ਲਈ ਬੀਜ ਦੀ ਲੋੜ ਦਾ ਸਹੀ ਅਨੁਮਾਨ ਲਗਾਉਣਾ ਬਹੁਤ ਮੁਸ਼ਕਲ ਸੀ ਕਿਉਂਕਿ ਬੀਜ ਦੀ ਮੰਗ ਜੈਵਿਕ ਅਤੇ ਅਜੈਵਿਕ ਤਣਾਅ, ਬਾਜ਼ਾਰ ਦੀ ਤਰਜੀਹ ਅਤੇ ਨਵੀਆਂ ਵਿਕਸਤ ਕਿਸਮਾਂ ਦੇ ਬੀਜ ਦੀ ਉਪਲਬਧਤਾ ਵਰਗੇ ਕਈ ਕਾਰਕਾਂ ਦੁਆਰਾ ਨਿਯੰਤਰਿਤ ਕੀਤੀ ਜਾਂਦੀ ਸੀ।

ਜਵਾਬ ਸਵੀਕਾਰਯੋਗ ਯੋਗ ਨਹੀਂ ਸੀ ਕਿਉਂਕਿ ਯੂਨੀਵਰਸਿਟੀ ਨੇ ਬੀਜ ਉਤਪਾਦਨ ਪ੍ਰੋਗਰਾਮ ਤਿਆਰ ਕਰਦੇ ਸਮੇਂ ਵੱਖ-ਵੱਖ ਹਿੱਤਧਾਰਕਾਂ ਨਾਲ ਫਸਲੀ ਸੀਜ਼ਨ ਦੇ ਅਨੁਸਾਰ ਹਰੇਕ ਕਿਸਮ ਬਾਰੇ ਵਿਚਾਰ ਵਟਾਂਦਰੇ ਕੀਤੇ।

ਸਰਵੇਖਣ ਦੌਰਾਨ (ਅਕਤੂਬਰ 2022/ਜਨਵਰੀ 2023) ਕਿਸਾਨਾਂ ਨੇ ਕੇ ਵੀ ਕੇਜ਼ ਜ਼ਰੀਏ ਪੀ ਏ ਯੂ ਬੀਜਾਂ ਦੀ ਮੰਗ ਜ਼ਾਹਰ ਕੀਤੀ। ਸਰਵੇਖਣ ਕੀਤੇ ਗਏ ਕਿਸਾਨਾਂ ਵਿਚੋਂ ਸੱਤ (120 ਵਿੱਚੋਂ) ਨੇ ਕੇ ਵੀ ਕੇਜ਼ ਵਿਖੇ ਯੂਨੀਵਰਸਿਟੀ ਦੇ ਬੀਜ ਦੁਕਾਨਾਂ 'ਤੇ ਬੀਜਾਂ ਦੀਆਂ ਕੁਝ ਕਿਸਮਾਂ ਦੀ ਘਾਟ ਨੂੰ ਵੀ ਉਜਾਗਰ ਕੀਤਾ। ਕਿਸਾਨਾਂ ਦੁਆਰਾ ਬੀਜ ਦੀ ਕਮੀ ਅਤੇ ਯੂਨੀਵਰਸਿਟੀ ਦੁਆਰਾ 'ਉਤਪਾਦਨ' ਦੇ ਰੂਪ ਵਿੱਚ ਵੇਚਣ ਦੇ ਦਾਅਵੇ ਤੋਂ ਸੰਕਤ ਮਿਲਦਾ ਹੈ ਕਿ ਜਾਂ ਤਾਂ ਬੀਜ ਉਤਪਾਦਨ ਪ੍ਰੋਗਰਾਮ ਲਈ ਮੰਗ ਦਾ ਅਨੁਮਾਨ ਗਲਤ ਸੀ ਜਾਂ ਪੀ ਏ ਯੂ ਦਾ ਬੀਜਾਂ ਦਾ ਵੰਡ ਨੈਟਵਰਕ ਸਹੀ ਨਹੀਂ ਸੀ।

ਇਸ ਤੋਂ ਇਲਾਵਾ, ਉਕਤ ਲੇਖਾ ਪ੍ਰੀਖਿਆ ਰਿਪੋਰਟ ਦੁਆਰਾ ਪਹਿਲਾਂ ਹੀ ਦੱਸੇ ਜਾਣ ਦੇ ਬਾਜਵੂਦ ਵੀ ਇਹ ਅੰਸਗਤਤਾ ਬਣੀ ਹੋਈ ਸੀ।

1.4.4 ਕੀਟਨਾਸ਼ਕਾਂ ਦਾ ਉਤਪਾਦਨ ਅਤੇ ਵਿਕਰੀ

ਕੀਟਨਾਸ਼ਕ ਐਕਟ, 1968 (ਐਕਟ) ਦੇ ਅਨੁਸਾਰ ਬਿਨ੍ਹਾਂ ਲਾਇਸੈਂਸ ਦੇ ਕੀਟਨਾਸ਼ਕਾਂ ਦਾ ਉਤਪਾਦਨ, ਵਿਕਰੀ ਅਤੇ ਵੰਡ ਦੀ ਸਖਤੀ ਨਾਲ ਮਨਾਹੀ ਹੈ ਅਤੇ ਜੁਰਮਾਨੇ ਅਤੇ ਘੱਟੋ ਘੱਟ ਕੈਦ ਦੀ ਸਜ਼ਾ ਦੇ

ਯੋਗ ਹੈ ਜਿਸ ਨੂੰ ਦੋ ਸਾਲ ਤੱਕ ਵਧਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਐਕਟ ਅਧੀਨ ਅਧਿਸੂਚਿਤ ਕੀਤੇ ਕੀਟਨਾਸ਼ਕ ਨਿਯਮ, 1971 ਵਿੱਚ ਹੋਰ ਗੱਲਾਂ ਦੇ ਨਾਲ-ਨਾਲ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਕੀਟਨਾਸ਼ਕਾਂ ਦੀ ਪੈਕਿੰਗ 'ਤੇ ਇੱਕ ਲੇਬਲ ਦੇ ਨਾਲ-ਨਾਲ ਇੱਕ ਪਰਚਾ ਵੀ ਹੋਣਾ ਚਾਹੀਦਾ ਹੈ, ਜਿਸ ਨੂੰ ਰਜਿਸਟ੍ਰੇਸ਼ਨ ਕਮੇਟੀ (ਆਰ ਸੀ) ਦੁਆਰਾ ਸਹੀ ਢੰਗ ਨਾਲ ਪ੍ਰਵਾਨਗੀ ਦਿੱਤੀ ਗਈ ਹੈ ਜਿਸ ਵਿੱਚ ਲੋੜੀਂਦੀ ਜਾਣਕਾਰੀ[74] ਹੋਵੇਗੀ।

ਰਿਕਾਰਡਾਂ ਦੀ ਨਮੂਨਾ-ਜਾਂਚ ਦੌਰਾਨ, ਕੀਟਨਾਸ਼ਕਾਂ ਦੇ ਉਤਪਾਦਨ ਅਤੇ ਵਿਕਰੀ ਨਾਲ ਸਬੰਧਤ ਵੇਖੀਆਂ ਗਈਆਂ ਅਸਮਾਨਤਾਵਾਂ ਬਾਰੇ ਹੇਠ ਲਿਖੇ ਅਨੁਸਾਰ ਚਰਚਾ ਕੀਤੀ ਗਈ ਹੈ:

(i) ਪੀ ਏ ਯੂ ਨੇ 2017-22 ਦੌਰਾਨ ਦੋ ਕੀਟਨਾਸ਼ਕਾਂ[75] ਦੇ ਫਾਰਮੂਲੇ ਤਿਆਰ ਕੀਤੇ ਅਤੇ ਇਨ੍ਹਾਂ ਕੀਟਨਾਸ਼ਕਾਂ ਨੂੰ ਕੇ ਵੀ ਕੇਜ਼ ਅਤੇ ਕਿਸਾਨ ਸਲਾਹਕਾਰ ਸੇਵਾ ਕੇਦਰਾਂ ਰਾਹੀਂ ਕਿਸਾਨਾਂ ਨੂੰ ਵੇਚਿਆ ਅਤੇ ਪ੍ਰਦਰਸ਼ਨਾਂ ਲਈ ਅੰਦਰੂਨੀ ਤੌਰ 'ਤੇ ਵੀ ਇਨ੍ਹਾਂ ਕੀਟਨਾਸ਼ਕਾਂ ਦੀ ਵਰਤੋਂ ਵੀ ਕੀਤੀ। ਹਾਲਾਂਕਿ, ਯੂਨੀਵਰਸਿਟੀ ਨੇ ਆਰ ਸੀ ਦੇ ਨਾਲ ਇਨ੍ਹਾਂ ਕੀਟਨਾਸ਼ਕਾਂ ਦੀ ਰਜਿਸਟ੍ਰੇਸ਼ਨ/ਲਾਇਸੈਂਸ ਲਈ ਅਰਜ਼ੀ ਨਹੀਂ ਦਿੱਤੀ (ਦਸੰਬਰ 2022)। ਇਨ੍ਹਾਂ ਕੀਟਨਾਸ਼ਕਾਂ ਦੇ ਲੇਬਲ ਅਤੇ ਪਰਚੇ ਨਾ ਤਾਂ ਆਰ ਸੀ ਤੋਂ ਮਨਜ਼ੂਰ ਕੀਤੇ ਗਏ ਸਨ ਅਤੇ ਨਾ ਹੀ ਇਨ੍ਹਾਂ ਕੀਟਨਾਸ਼ਕਾਂ ਦੇ ਉਤਪਾਦਨ ਲਈ ਰਾਜ ਲਾਇਸੈਂਸਿੰਗ ਅਥਾਰਟੀ (ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ) ਤੋਂ ਲਾਇਸੈਂਸ ਪ੍ਰਾਪਤ ਕੀਤਾ ਗਿਆ ਸੀ, ਜੋ ਕਿ ਉਕਤ ਉਪਬੰਧਾਂ ਦੀ ਉਲੰਘਣਾ ਸੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਉਹ ਇਹ ਕੀਟਨਾਸ਼ਕ ਵਪਾਰਕ ਲਾਭ ਲਈ ਨਹੀਂ ਪ੍ਰਦਾਨ ਕਰ ਰਹੇ ਸਨ ਅਤੇ ਇਨ੍ਹਾਂ ਨੂੰ ਚੁਣੇ ਹੋਏ ਕਿਸਾਨਾਂ ਨੂੰ ਪ੍ਰਦਰਸ਼ਨ ਲਈ ਅਤੇ ਇਸ ਦੀ ਨਿਰੰਤਰ ਪ੍ਰਭਾਵਸ਼ੀਲਤਾ ਦੀ ਜਾਂਚ ਕਰਨ ਲਈ ਵੰਡਿਆ ਗਿਆ ਸੀ ਕਿਉਂਕਿ ਕੁਝ ਸਮੇਂ ਬਾਅਦ ਇਹ ਕਿਸਮਾਂ ਸਮੇਂ ਦੇ ਬੀਤਣ ਨਾਲ ਆਪਣੀ ਪ੍ਰਭਾਵਸ਼ੀਲਤਾ ਗੁਆ ਦਿੰਦੀਆਂ ਸਨ।

ਜਵਾਬ ਸਵੀਕਾਰ ਯੋਗ ਨਹੀਂ ਸੀ, ਕਿਉਂਕਿ ਵਿਕਰੀ ਦੇ ਚਲਾਨ ਰਿਕਾਰਡ 'ਤੇ ਉਪਲਬਧ ਸਨ ਅਤੇ ਐਕਟ ਦੇ ਉਪਬੰਧਾਂ ਅਨੁਸਾਰ ਬਿਨ੍ਹਾਂ ਲਾਇਸੈਂਸ ਦੇ ਇਨ੍ਹਾਂ ਕੀਟਨਾਸ਼ਕਾਂ ਦੇ ਉਤਪਾਦਨ ਅਤੇ ਵਿਕਰੀ/ਵੰਡ 'ਤੇ ਪਾਬੰਦੀ ਸੀ।

---

[74] ਨਿਰਮਾਤਾ ਦਾ ਨਾਂਅ, ਰਜਿਸਟ੍ਰੇਸ਼ਨ ਨੰਬਰ, ਕਿਰਿਆਸ਼ੀਲ ਅਤੇ ਹੋਰ ਤੱਤਾਂ ਦਾ ਨਾਂਅ, ਬੈਚ ਨੰਬਰ ਅਤੇ ਮਿਆਦ ਸਮਾਪਤ ਹੋਣ ਦੀ ਮਿਤੀ, ਹੋਰ ਲਾਜ਼ਮੀ ਚੀਜ਼ਾਂ ਪੈਕਿੰਗ ਦੇ ਲੇਬਲ 'ਤੇ ਛਾਪੀਆਂ ਜਾਣਗੀਆਂ। ਪਰਚੇ ਵਿਚ ਲਾਜ਼ਮੀ ਤੌਰ 'ਤੇ ਪੌਦਿਆਂ ਦੀ ਬਿਮਾਰੀ, ਕੀੜੇ ਅਤੇ ਹਾਨੀਕਾਰਕ ਜਾਨਵਰਾਂ ਜਾਂ ਨਦੀਨਾਂ ਵਰਗੇ ਹੋਣੇ ਚਾਹੀਦੇ ਹਨ ਜਿਨ੍ਹਾਂ ਲਈ ਕੀਟਨਾਸ਼ਕ ਲਾਗੂ ਕੀਤਾ ਜਾਣਾ ਹੈ ਅਤੇ ਕੀਟਨਾਸ਼ਕ ਦੀ ਵਰਤੋਂ ਕਰਨ ਦੇ ਤਰੀਕੇ ਬਾਰੇ ਵੇਰਵੇ ਵੀ ਹੋਣੇ ਚਾਹੀਦੇ ਹਨ।

[75] ਟ੍ਰਾਈਕੋਡਰਮਾ ਹਰਜ਼ੀਅਨਮ: ₹ 8,17,500/- ਦੀ ਵਿਕਰੀ ਨਾਲ 5,450 ਕਿਲੋਗ੍ਰਾਮ; ਅਤੇ ਸਿਊਡੋਮੋਨਾਸ ਫਲੋਰੇਸੇਨਸ: ₹ 1,12,500/- ਦੀ ਵਿਕਰੀ ਦੇ ਨਾਲ 900 ਕਿਲੋਗ੍ਰਾਮ।

(ii) ਬਾਇਓਏਜੰਟਾਂ (ਕੀਟਨਾਸ਼ਕਾਂ) ਜਿਵੇਂ ਕਿ ਟ੍ਰਾਈਕੋਡਰਮਾ ਅਤੇ ਸਿਊਡੋਮੋਨਾਸ ਦੇ ਵੱਡੇ ਪੱਧਰ 'ਤੇ ਉਤਪਾਦਨ ਦੇ ਉਦੇਸ਼ ਨਾਲ, ਪੀ ਏ ਯੂ ਦੇ ਪਲਾਂਟ ਪੈਥਾਲੋਜੀ ਵਿਭਾਗ ਨੇ ₹ 25 ਲੱਖ ਦੀ ਲਾਗਤ ਨਾਲ ਇੱਕ ਡਿਜੀਟਲ ਆਟੋਮੈਟਿਡ ਫਰਮੈਂਟਰ ਖਰੀਦਿਆ[76] (ਮਾਰਚ 2021)। ਇਸ ਫਾਰਮੈਂਟਰ ਨੂੰ ਜਨਵਰੀ 2022 ਵਿੱਚ ਸਥਾਪਤ ਕੀਤਾ ਗਿਆ ਸੀ ਅਤੇ ਸਿਰਫ਼ ਇੱਕ ਵਾਰ 8-10 ਲੀਟਰ ਟ੍ਰਾਈਕੋਡਰਮਾ ਪੈਦਾ ਕਰਨ ਲਈ ਮਈ 2022 ਵਿੱਚ ਵਰਤਿਆ ਗਿਆ ਸੀ। ਹਾਲਾਂਕਿ, ਨਿਰਵਿਘਨ ਬਿਜਲੀ ਸਪਲਾਈ (ਯੂ ਪੀ ਐਸ) ਪ੍ਰਣਾਲੀ ਦੀ ਉਪਲਬਧਤਾ ਨਾ ਹੋਣ ਕਾਰਨ ਬਾਅਦ ਵਿੱਚ ਉਪਕਰਣਾਂ ਦੀ ਵਰਤੋਂ ਨਹੀਂ ਕੀਤੀ ਜਾ ਸਕੀ ਅਤੇ ਟ੍ਰਾਈਕੋਡਰਮਾ ਉਦੋਂ ਤੋਂ ਹੱਥੀ ਤਿਆਰ ਕੀਤਾ ਜਾ ਰਿਹਾ ਸੀ ਅਤੇ ਉਹ ਵੀ ਇਸ ਉਦੇਸ਼ ਲਈ ਲੋੜੀਂਦਾ ਲਾਇਸੈਂਸ ਪ੍ਰਾਪਤ ਕੀਤੇ ਬਿਨ੍ਹਾਂ।



ਫੋਟੋ 4: ਡਿਜੀਟਲ ਆਟੋਮੇਟਡ ਫਰਮੈਂਟਰ ਯੂ ਪੀ ਐਸ ਤੋਂ ਬਿਨ੍ਹਾਂ (09.08.2022)

ਇਸ ਤਰ੍ਹਾਂ, ਟ੍ਰਾਈਕੋਡਰਮਾ ਦੇ ਉਤਪਾਦਨ ਲਈ ਲੋੜੀਂਦੇ ਲਾਇਸੈਂਸ ਦੀ ਅਣਹੋਂਦ ਵਿੱਚ, ਡਿਜੀਟਲ ਆਟੋਮੈਟਿਡ ਫਰਮੈਂਟਰ ਦੀ ਖਰੀਦ ਅਣਉਚਿਤ ਸੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਇਹ ਉੱਚ ਅਧਿਕਾਰੀਆਂ ਦੁਆਰਾ ਲਏ ਗਏ ਫੈਸਲੇ ਅਨੁਸਾਰ ਕੀਤਾ ਗਿਆ ਸੀ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਯੂਨੀਵਰਸਿਟੀ ਨੇ ਲੋੜੀਂਦੇ ਲਾਇਸੈਂਸ ਪ੍ਰਾਪਤ ਕੀਤੇ ਬਿਨ੍ਹਾਂ ਟ੍ਰਾਈਕੋਡਰਮਾ ਦੇ ਉਤਪਾਦਨ ਲਈ ਡਿਜੀਟਲ ਆਟੋਮੈਟਿਡ ਫਰਮੈਂਟਰ ਖਰੀਦਿਆ ਸੀ।

(iii) ਬੌਧਿਕ ਸੰਪਤੀ ਪ੍ਰਬੰਧਨ ਅਤੇ ਤਕਨਾਲੋਜੀ ਟਰਾਂਸਫਰ/ਵਪਾਰੀਕਰਨ ਲਈ, ਆਈ ਸੀ ਏ ਆਰ ਦੇ ਦਿਸ਼ਾ-ਨਿਰਦੇਸ਼ਾਂ (ਅਕਤੂਬਰ 2006) ਦੀ ਧਾਰਾ 8.4.3 ਦੇ ਅਨੁਸਾਰ ਆਮ ਤੌਰ 'ਤੇ ਇਨਪੁਟਸ (ਉਦਾਹਰਣ ਲਈ ਬਾਇਓ-ਕੀਟਨਾਸ਼ਕਾਂ ਜਾਂ ਬਾਇਓ-ਖਾਦਾਂ) ਵਰਗੀਆਂ ਤਕਨਾਲੋਜੀਆਂ ਲਈ ਗੈਰ-ਵਿਸ਼ੇਸ਼ ਲਾਇਸੈਂਸ ਲਾਗੂ ਕੀਤਾ ਜਾਵੇਗਾ ਤਾਂ ਜੋ ਇਨ੍ਹਾਂ ਨੂੰ ਵਿਆਪਕ ਤੌਰ 'ਤੇ ਅਪਣਾਇਆ ਜਾ ਸਕੇ ਅਤੇ ਇਸ ਤਰ੍ਹਾਂ ਕਿਸਾਨਾਂ ਅਤੇ ਹੋਰ ਅੰਤਿਮ ਉਪਭੋਗਤਾਵਾਂ ਨੂੰ ਵੱਧ ਤੋਂ ਵੱਧ ਖੋਜ ਲਾਭ ਮਿਲ ਸਕੇ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਯੂਨੀਵਰਸਿਟੀ ਨੇ ਉਕਤ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਦਿਆਂ ਇਸ ਦੁਆਰਾ ਵਿਕਸਿਤ ਬਾਇਓ-ਕੀਟਨਾਸ਼ਕ ਟ੍ਰਾਈਕੋਡਰਮਾ ਹਰਜ਼ਿਆਨਮ ਸਟ੍ਰੇਨ ਦੀ ਅਗਲੇਰੀ ਖੋਜ ਅਤੇ ਵਿਕਾਸ, ਉਤਪਾਦਨ ਅਤੇ ਮਾਰਕੀਟਿੰਗ ਲਈ ਇੱਕ ਨਿਰਮਾਤਾ ਨਾਲ ਇੱਕ ਵਿਸ਼ੇਸ਼ (ਗੈਰ-ਵਿਸ਼ੇਸ਼ ਦੀ ਬਜਾਏ) ਸਹਿਮਤੀ ਯਾਦ ਪੱਤਰ (ਐਮ ਓ ਯੂ) ਦਸਤਖਤ ਕੀਤਾ (ਜੁਲਾਈ 2013)।

---

[76] "ਪਰਸ ਪ੍ਰੋਗਰਾਮ ਅਧੀਨ ਸਵਸਥ ਭਾਰਤ ਲਈ ਪੋਸ਼ਣ ਨਾਲ ਭਰਪੂਰ ਸੋਧੀਆਂ ਕਿਸਮਾਂ ਅਤੇ ਤਕਨਾਲੋਜੀਆਂ ਰਾਹੀਂ ਖੁਰਾਕ ਸੁਰੱਖਿਆ ਨੂੰ ਹੱਲ ਕਰਨ" ਸੀ ਐਸ ਐਸ-36 (ਪੀ ਸੀ-6247) "ਸਬ ਹੈੱਡ ਨਾਨ-ਰਿਕਰਿੰਗ ਐਮਰਜੈਂਸੀ ਸਕੀਮ ਦੇ ਅਧੀਨ"।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਵਿਕਰੇਤਾ ਉਤਪਾਦਨ ਲਈ ਲਾਇਸੈਂਸ ਪ੍ਰਾਪਤ ਨਹੀਂ ਕਰ ਸਕਿਆ। ਨਤੀਜੇ ਵਜੋਂ, ਟ੍ਰਾਈਕੋਡਰਮਾ ਹਰਜ਼ੀਆਨਮ ਦਾ ਉਤਪਾਦਨ ਅਤੇ ਵਿਕਰੀ/ਵਪਾਰੀਕਰਨ 2013 ਤੋਂ ਨਹੀਂ ਕੀਤਾ ਜਾ ਸਕਿਆ। ਇਸ ਤਰ੍ਹਾਂ, ਬਾਇਓ-ਕੀਟਨਾਸ਼ਕ ਲਈ ਇੱਕ ਵਿਕਰੇਤਾ/ਨਿਰਮਾਤਾ ਨਾਲ ਇੱਕ ਵਿਸ਼ੇਸ਼ ਸਹਿਮਤੀ ਪੱਤਰ ਕਰਨਾ ਆਈ ਸੀ ਏ ਆਰ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਸੀ।

ਐਗਜ਼ਿਟ ਕਾਨਫਰੰਸ ਵਿੱਚ, ਯੂਨੀਵਰਸਿਟੀ ਨੇ ਤੱਥਾਂ ਨੂੰ ਸਵੀਕਾਰ ਕਰਦੇ ਹੋਏ ਕਿਹਾ (ਜੂਨ 2023) ਕਿ ਲੋੜੀਂਦੀ ਰਜਿਸਟ੍ਰੇਸ਼ਨ ਲਈ ਢੁਕਵੇਂ ਕਦਮ ਚੁੱਕੇ ਜਾਣਗੇ, ਅਤੇ ਗੈਰ-ਵਿਸ਼ੇਸ਼ ਅਧਾਰ 'ਤੇ ਇੱਕ ਨਵੇਂ ਐਮ ਓ ਯੂ 'ਤੇ ਮੁੜ ਵਿਚਾਰ ਕਰਨ ਦਾ ਭਰੋਸਾ ਵੀ ਦਿੱਤਾ।

ਯੂਨੀਵਰਸਿਟੀ ਨੇ ਰਿਪੋਰਟ ਕੀਤੀ (ਅਕਤੂਬਰ 2024) ਕਿ ਬਾਸਮਤੀ ਚਾਵਲਾਂ ਵਿੱਚ ਬਕਾਨਾ/ਫੁੱਟ ਸੜਨ ਦੀ ਬਿਮਾਰੀ ਦੇ ਵਾਤਾਵਰਣ ਅਨੁਕੂਲ ਪ੍ਰਬੰਧਨ ਲਈ 30 ਮਈ 2024 ਨੂੰ ਕੇਂਦਰੀ ਕੀਟਨਾਸ਼ਕ ਬੋਰਡ ਅਤੇ ਰਜਿਸਟ੍ਰੇਸ਼ਨ ਕਮੇਟੀ (ਸੀ ਆਈ ਬੀ ਆਰ ਸੀ) ਫਰੀਦਾਬਾਦ ਕੋਲ ਬਾਇਓਪੈਸਟੀਸਾਈਡ ਟ੍ਰਾਈਕੋਡਰਮਾ ਐਸਪੇਰੇਲਮ ਦੋ *ਪ੍ਰਤੀਸ਼ਤ* ਡਬਲਯੂ ਪੀ (ਟ੍ਰਾਈਕੋਡਰਮਾ ਹਾਰਜ਼ਮੀਅਮ) ਰਜਿਸਟਰ ਕੀਤਾ ਗਿਆ ਸੀ।

1.4.5 ਬਿਨ੍ਹਾਂ ਲਾਇਸੈਂਸ ਦੇ ਫਲਾਂ ਦੀਆਂ ਨਰਸਰੀਆਂ ਦਾ ਸੰਚਾਲਨ

ਪੰਜਾਬ ਫਲ ਨਰਸਰੀ ਐਕਟ, 1961 (ਐਕਟ) ਦੀ ਧਾਰਾ 3 ਅਨੁਸਾਰ, ਕੋਈ ਵੀ ਮਾਲਕ ਫਲਾਂ ਦੀ ਨਰਸਰੀ ਦਾ ਸੰਚਾਲਨ ਜਾਂ ਸਥਾਪਨਾ ਉੱਦੋਂ ਤੱਕ ਨਹੀਂ ਕਰ ਸਕਦਾ ਜਦੋਂ ਤੱਕ ਉਸਨੇ ਇਸ ਐਕਟ ਅਧੀਨ ਲਾਇਸੈਂਸ ਪ੍ਰਾਪਤ ਨਾ ਕੀਤਾ ਹੋਵੇ। ਇਸ ਵਿੱਚ ਇਹ ਵੀ ਵਿਵਸਥਾ ਕੀਤੀ ਗਈ ਹੈ ਕਿ ਜਿੱਥੇ ਕਿਸੇ ਮਾਲਕ ਕੋਲ ਵੱਖ-ਵੱਖ ਕਸਬਿਆਂ ਅਤੇ ਪਿੰਡਾਂ ਵਿੱਚ ਇੱਕ ਤੋਂ ਵੱਧ ਫਲਾਂ ਦੀ ਨਰਸਰੀ ਹੈ, ਉਹ ਅਜਿਹੀ ਹਰੇਕ ਫਲ ਨਰਸਰੀ ਦੇ ਸਬੰਧ ਵਿੱਚ ਵੱਖਰਾ ਲਾਇਸੈਂਸ ਪ੍ਰਾਪਤ ਕਰੇਗਾ।

ਲੇਖਾ ਪ੍ਰੀਖਿਆ ਦੌਰਾਨ, ਇਹ ਵੇਖਿਆ ਗਿਆ ਸੀ ਕਿ ਯੂਨੀਵਰਸਿਟੀ ਉਕਤ ਐਕਟ ਦੀਆਂ ਵਿਵਸਥਾਵਾਂ ਦੀ ਉਲੰਘਣਾ ਕਰਦਿਆਂ ਇਸ ਉਦੇਸ਼ ਲਈ ਲੋੜੀਂਦਾ ਲਾਇਸੈਂਸ ਪ੍ਰਾਪਤ ਕੀਤੇ ਬਿਨ੍ਹਾਂ ਆਪਣੇ ਕੈਂਪਾਂ, ਖੋਜ ਕੇਂਦਰਾਂ ਅਤੇ ਬੀਜ ਫਾਰਮਾਂ ਵਿੱਚ ਨੌ ਫਲਾਂ ਦੀਆਂ ਨਰਸਰੀਆਂ[77] (1962-2012 ਦੀ ਮਿਆਦ ਦੌਰਾਨ ਸਥਾਪਤ ਕੀਤੀਆਂ) ਚਲਾ ਰਹੀ ਸੀ।

ਇਸ ਤਰ੍ਹਾਂ, ਲੋੜੀਂਦਾ ਲਾਇਸੈਂਸ ਪ੍ਰਾਪਤ ਕੀਤੇ ਬਿਨ੍ਹਾਂ ਫਲ ਨਰਸਰੀਆਂ ਦਾ ਸੰਚਾਲਨ ਐਕਟ ਦੇ ਉਪਬੰਧਾਂ ਦੀ ਉਲੰਘਣਾ ਸੀ ਅਤੇ ਐਕਟ ਦੀ ਧਾਰਾ 13 ਦੇ ਅਧੀਨ ਦੰਡਦਾਰੀ ਉਪਬੰਧਾਂ ਨੂੰ ਸੱਦਾ ਦੇ ਸਕਦਾ ਸੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਫਲ ਵਿਗਿਆਨ ਵਿਭਾਗ ਤਿੰਨ ਮਹੀਨਿਆਂ ਦੇ ਅੰਦਰ ਲਾਇਸੈਂਸ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੇਗਾ।

---

[77] (i) ਪੀ ਏ ਯੂ, ਲੁਧਿਆਣਾ (1970); (ii) ਆਰ ਐਸ ਅਬੋਹਰ (1962); (iii) ਆਰ ਐਫ ਆਰ ਐਸ ਬਹਾਦਰਗੜ੍ਹ (1963); (iv) ਆਰ ਐਸ ਬਲੌਵਾਲ ਸੌਂਖੜੀ (1990); (v) ਆਰ ਐਸ ਬਠਿੰਡਾ(1982); (vi) ਆਰ ਐਫ ਆਰ ਐਸ ਗੰਗੀਆਂ (1974); (vii) ਆਰ ਐਸ ਗੁਰਦਾਸਪੁਰ (1973); (viii) ਐਫ ਆਰ ਐਸ ਜੱਲੋਵਾਲ-ਲੇਸਰੀਵਾਲ (2012); ਅਤੇ (ix) ਯੂ ਐਸ ਐਫ ਲਾਡੋਵਾਲ (2001)।

1.4.6 ਖੋਜ ਪ੍ਰਕਾਸ਼ਨਾਂ ਦੀ ਗੁਣਵੱਤਾ

ਨੈਸ਼ਨਲ ਅਕੈਡਮੀ ਆਫ ਐਗਰੀਕਲਚਰਲ ਸਾਇੰਸਜ਼ (ਐਨ ਏ ਏ ਐਸ) ਨੇ ਪ੍ਰਕਾਸ਼ਨਾ ਦੇ ਮੁਲਾਂਕਣ ਵਿੱਚ ਇਕਸਾਰਤਾ ਲਿਆਉਣ ਦੇ ਮੁੱਖ ਉਦੇਸ਼ ਨਾਲ ਵਿਗਿਆਨਕ ਖੋਜ ਰਸਾਲਿਆਂ ਦੀ ਰੇਟਿੰਗ/ਸਕੋਰਿੰਗ ਦੀ ਪ੍ਰਕਿਰਿਆ ਸ਼ੁਰੂ ਕੀਤੀ। ਖੋਜ ਰਸਾਲਿਆਂ ਦੇ ਐਨ ਏ ਏ ਐਸ ਸਕੋਰ ਨੂੰ ਨਿਰਧਾਰਤ ਕਰਨ ਲਈ, ਐਨ ਏ ਏ ਐਸ ਨੇ ਉਨ੍ਹਾਂ ਨੂੰ ਹੇਠ ਲਿਖੀਆਂ ਦੋ ਸ਼੍ਰੇਣੀਆਂ ਵਿੱਚ ਸ਼੍ਰੇਣੀਬੱਧ ਕੀਤਾ ਹੈ:

ਸ਼੍ਰੇਣੀ I	ਉਹ ਰਸਾਲੇ ਜਿੱਥੇ ਥਾਮਸਨ ਰਾਇਟਰਜ਼ ਪ੍ਰਭਾਵ ਕਾਰਕ[78] ਉਪਲਬਧ ਹੈ, ਸਕੋਰ ਨੂੰ 20.00 'ਤੇ ਕੈਪਿੰਗ ਦੇ ਨਾਲ 6.00+ ਪ੍ਰਭਾਵ ਕਾਰਕ ਵਜੋਂ ਨਿਰਧਾਰਤ ਕੀਤਾ ਗਿਆ ਹੈ।
ਸ਼੍ਰੇਣੀ II	ਉਹ ਰਸਾਲੇ ਜਿੱਥੇ ਥਾਮਸਨ ਰਾਇਟਰਜ਼ ਪ੍ਰਭਾਵ ਕਾਰਕ ਉਪਲਬਧ ਨਹੀਂ ਹੈ, ਅੰਕ ਪ੍ਰਕਾਸ਼ਕਾਂ ਦੁਆਰਾ ਨਿਰਧਾਰਤ ਪ੍ਰੋਫਾਰਮਾ ਵਿੱਚ ਪ੍ਰਦਾਨ ਕੀਤੀ ਜਾਣਕਾਰੀ ਅਤੇ ਰਸਾਲਿਆਂ ਦੀ ਵਿਗਿਆਨਕ ਸਮੱਗਰੀ ਦੇ ਮੁਲਾਂਕਣ ਦੇ ਅਧਾਰ 'ਤੇ ਵੀ ਨਿਰਧਾਰਤ ਕੀਤੇ ਜਾਂਦੇ ਹਨ।

2017-22 ਦੀ ਮਿਆਦ ਦੌਰਾਨ ਵੱਖ-ਵੱਖ ਖੋਜ ਰਸਾਲਿਆਂ (ਐਨ ਏ ਏ ਐਸ ਰੇਟਿੰਗਾਂ ਦੇ ਨਾਲ/ਬਿਨ੍ਹਾਂ) ਵਿੱਚ ਛਪੇ ਪੀ ਏ ਯੂ ਦੇ ਪ੍ਰਕਾਸ਼ਨਾਂ ਦੇ ਵੇਰਵੇ **ਸਾਰਣੀ** 1.15 ਵਿੱਚ ਦਿੱਤੇ ਗਏ ਹਨ।


ਸਾਰਣੀ 1.15: **ਵੱਖ-ਵੱਖ ਖੋਜ ਰਸਾਲਿਆਂ ਵਿੱਚ ਛਪੇ ਪੀ ਏ ਯੂ ਦੇ ਪ੍ਰਕਾਸ਼ਨ**
(ਐਨ ਏ ਏ ਐਸ ਰੇਟਿੰਗਾਂ ਦੇ ਨਾਲ/ਬਿਨ੍ਹਾਂ)

ਵੱਖ-ਵੱਖ ਰਸਾਲਿਆਂ ਵਿੱਚ ਛਪੇ ਪ੍ਰਕਾਸ਼ਨਾਂ ਦੀ ਕੁੱਲ ਸੰਖਿਆ	5,811
ਐਨ ਏ ਏ ਐਸ ਰੇਟਿੰਗਾਂ ਵਾਲੇ ਰਸਾਲਿਆਂ ਵਿੱਚ ਛਪੇ ਪ੍ਰਕਾਸ਼ਨਾਂ ਦੀ ਕੁੱਲ ਸੰਖਿਆ	5,343
ਐਨ ਏ ਏ ਐਸ ਰੇਟਿੰਗ ਤੋਂ ਬਿਨ੍ਹਾਂ ਰਸਾਲਿਆਂ ਵਿੱਚ ਛਪੇ ਪ੍ਰਕਾਸ਼ਨਾਂ ਦੀ ਕੁੱਲ ਸੰਖਿਆ	468
'6' ਤੋਂ ਉਪਰ ਐਨ ਏ ਏ ਐਸ ਰੇਟਿੰਗਾਂ ਵਾਲੇ ਰਸਾਲਿਆਂ ਵਿੱਚ ਛਪੇ ਪ੍ਰਕਾਸ਼ਨਾਂ ਦੀ ਕੁੱਲ ਸੰਖਿਆ	2,396

ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

2017-22 ਦੀ ਮਿਆਦ ਦੌਰਾਨ ਵੱਖ-ਵੱਖ ਖੋਜ ਰਸਾਲਿਆਂ ਵਿੱਚ ਛਪੇ ਪੀ ਏ ਯੂ ਦੇ ਪ੍ਰਕਾਸ਼ਨਾਂ ਦੇ ਕਾਲਜ/ਦਫਤਰ-ਵਾਰ ਵੇਰਵੇ **ਚਾਰਟ** 1.23 ਵਿੱਚ ਦਿੱਤੇ ਗਏ ਹਨ।

ਚਾਰਟ 1.23: 2017-22 **ਦੌਰਾਨ ਵੱਖ-ਵੱਖ ਖੋਜ ਰਸਾਲਿਆਂ ਵਿੱਚ ਛਪੇ ਪੀ ਏ ਯੂ ਦੇ ਪ੍ਰਕਾਸ਼ਨਾਂ ਦੇ ਕਾਲਜ/ਦਫਤਰ-ਵਾਰ ਵੇਰਵੇ**



ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

[78] ਰਸਾਲਿਆਂ ਦਾ ਮੁਲਾਂਕਣ ਕਰਨ ਲਈ ਇਹ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਸੂਚਕ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਯੂਨੀਵਰਸਿਟੀ ਕੋਲ ਉਪਰੋਕਤ ਖੋਜ ਪ੍ਰਕਾਸ਼ਨਾ ਦੇ ਫੈਕਲਟੀ-ਵਾਰ ਵੇਰਵੇ ਨਹੀਂ ਸਨ। ਇਸ ਦੀ ਅਣਹੋਂਦ ਵਿੱਚ, ਲੇਖਾ ਪ੍ਰੀਖਿਆ ਇਨ੍ਹਾਂ ਖੋਜ ਪ੍ਰਕਾਸ਼ਨਾ ਬਾਰੇ ਦਾਅਵਿਆਂ ਦੀ ਸੱਚਾਈ ਦੀ ਪੁਸ਼ਟੀ ਨਹੀਂ ਕਰ ਸਕਿਆ।

- ਮਾਨਤਾ ਪ੍ਰਕਿਰਿਆ (ਅਗਸਤ 2019) ਦੌਰਾਨ, ਆਈ ਸੀ ਏ ਆਰ ਦੀ ਪੀਅਰ ਸਮੀਖਿਆ ਟੀਮ ਨੇ ਦੱਸਿਆ ਕਿ ਪ੍ਰਤੀ ਫੈਕਲਟੀ ਪ੍ਰਕਾਸ਼ਨਾਂ ਦੀ ਸੰਖਿਆ ਵੱਲ ਧਿਆਨ ਦੇਣ ਦੀ ਲੋੜ ਹੈ। ਹਾਲਾਂਕਿ, ਯੂਨੀਵਰਸਿਟੀ ਨੇ ਖੋਜ ਪੱਤਰ ਪੇਸ਼ ਕਰਨ ਅਤੇ ਪ੍ਰਕਾਸ਼ਿਤ ਕਰਨ ਲਈ ਕੋਈ ਫੈਕਲਟੀ/ਵਿਗਿਆਨੀ-ਵਾਰ ਟੀਚੇ ਨਿਰਧਾਰਤ ਨਹੀਂ ਕੀਤੇ।

- ਯੂਨੀਵਰਸਿਟੀ ਵਿਸ਼ੇਸ਼ ਬੇਨਤੀ ਦੇ ਬਾਵਜੂਦ ਫੈਕਲਟੀ ਰੂਪ-ਰੇਖਾ, ਯੋਗਤਾਵਾਂ, ਹੁਣ ਤੱਕ ਪੋਸਟਿੰਗਾਂ, ਅਟੈਂਡ ਕੀਤੀਆਂ ਸਿਖਲਾਈਆਂ, ਲਾਗੂ ਕੀਤੇ ਗਏ ਖੋਜ ਪ੍ਰੋਜੈਕਟ, ਪ੍ਰਕਾਸ਼ਤ ਖੋਜ ਪੱਤਰਾਂ, ਹਵਾਲਾ ਰਿਕਾਰਡ[79] ਆਦਿ ਸਮੇਤ ਕੋਈ ਫੈਕਲਟੀ-ਵਾਰ ਕੇਂਦਰੀਕ੍ਰਿਤ ਡਾਟਾਬੇਸ ਮੁਹੱਈਆ ਨਹੀਂ ਕਰਵਾ ਸਕੀ।

- ਯੂਨੀਵਰਸਿਟੀ ਆਪਣਾ ਜਰਨਲ ਪ੍ਰਕਾਸ਼ਨ ਪ੍ਰਕਾਸ਼ਤ ਕਰਦੀ ਹੈ ਜਿਵੇਂ ਕਿ ਐਗਰੀਕਲਚਰਲ ਰਿਸਰਚ ਜਰਨਲ (ਜਰਨਲ ਆਫ ਰਿਸਰਚ, ਪੀ ਏ ਯੂ) ਜਰਨਲ ਦਾ ਐਨ ਏ ਏ ਐਸ ਸਕੋਰ 4.71 (2018-20) ਤੋਂ ਵੱਧ ਕੇ 5.44 (2021 ਅਤੇ 2022) ਹੋ ਗਿਆ ਪਰ ਇਹ ਅਜੇ ਵੀ ਪ੍ਰਭਾਵ ਕਾਰਕ (6.00+) ਤੋਂ ਘੱਟ ਸੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਜਰਨਲ ਦੀ ਮੌਜੂਦਾ ਪ੍ਰਭਾਵ ਰੇਟਿੰਗ 5.16 ਹੈ ਅਤੇ ਇਹ ਰੇਟਿੰਗ ਨੂੰ (6.00+) ਤੱਕ ਸੁਧਾਰਨ ਲਈ ਯਤਨ ਕਰ ਰਹੀ ਸੀ।

1.4.7 ਪੀ ਏ ਯੂ ਨੂੰ ਜ਼ਮੀਨ ਦਾ ਘੱਟ ਤਬਾਦਲਾ

ਜੀ ਓ ਪੀ ਦੇ ਆਦੇਸ਼ਾਂ (ਅਪ੍ਰੈਲ 2015) ਦੇ ਮੱਦੇਨਜ਼ਰ, ਪੀ ਏ ਯੂ ਨੇ ਬੀ ਓ ਐਮ ਦੇ ਫੈਸਲਿਆਂ[80] ਅਨੁਸਾਰ ਬਠਿੰਡਾ ਵਿਖੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਏ ਆਈ ਆਈ ਐਮ ਐਸ) ਦੀ ਸਥਾਪਨਾ ਲਈ 175 ਏਕੜ 1 *ਕਨਾਲ* ਅਤੇ 12 *ਮਰਲੇ* ਜ਼ਮੀਨ ਸਿਹਤ ਵਿਭਾਗ, ਜੀ ਓ ਪੀ ਨੂੰ ਤਬਦੀਲ ਕਰ ਦਿੱਤੀ (ਨਵੰਬਰ 2015)। ਇਸ ਦੇ ਬਦਲੇ, ਜੀ ਓ ਪੀ ਨੇ ਪੰਜਾਬ ਵਿੱਚ ਚਾਰ ਵੱਖ-ਵੱਖ ਥਾਵਾਂ 'ਤੇ 162 *ਏਕੜ* 2 *ਕਨਾਲ* ਅਤੇ 6 *ਮਰਲੇ* ਜ਼ਮੀਨ ਪੀ ਏ ਯੂ ਨੂੰ ਤਬਦੀਲ ਕਰ ਦਿੱਤੀ (ਨਵੰਬਰ 2015), ਜਿਵੇਂ ਕਿ **ਸਾਰਣੀ 1.16** ਵਿੱਚ ਵੇਰਵਾ ਦਿੱਤਾ ਗਿਆ ਹੈ, ਜਿਸ ਦੇ ਨਤੀਜੇ ਵਜੋਂ ਪੀ ਏ ਯੂ ਨੂੰ 12 ਏਕੜ 7 *ਕਨਾਲ* 6 *ਮਰਲੇ* ਜ਼ਮੀਨ ਘੱਟ ਤਬਦੀਲ ਕੀਤੀ ਗਈ।

---

[79] ਐਚ-ਇੰਡੈਕਸ, I-10 ਇੰਡੈਕਸ, ਯੂ ਜੀ ਸੀ ਕੰਸੋਰਟੀਅਮ ਫਾਰ ਅਕਾਦਮਿਕ ਰਿਸਰਚ ਐਂਡ ਐਥਿਕਸ (ਸੀ ਏ ਆਰ ਈ) ਇੰਡੈਕਸ।

[80] 274ਵੀਂ ਮੀਟਿੰਗ (09-11-2015); 285ਵੀਂ ਮੀਟਿੰਗ (26-03-2018); ਅਤੇ 287ਵੀਂ ਮੀਟਿੰਗ (12-10-2018)।

ਸਾਰਣੀ 1.16: ਪੀ ਏ ਯੂ ਨੂੰ ਤਬਦੀਲ ਕੀਤੀ ਗਈ ਜ਼ਮੀਨ ਦੇ ਵੇਰਵੇ

ਲੜੀ ਨੰ.	ਸਟੇਸ਼ਨ	ਰਕਬਾ ਏਕੜ-*ਕਨਾਲ*-*ਮਰਲਾ*
1.	ਸੇਖੂਪੁਰਾ ਫਾਰਮ, ਖੇਤੀਬਾੜੀ ਵਿਭਾਗ, ਬਠਿੰਡਾ	50-00-02
2.	ਜੀਵਨ ਸਿੰਘ ਵਾਲਾ, ਬਾਗਬਾਨੀ ਵਿਭਾਗ, ਬਠਿੰਡਾ	26-03-08
3.	ਖਨੌਰਾ ਫਾਰਮ, ਬਾਗਬਾਨੀ ਵਿਭਾਗ, ਹੁਸ਼ਿਆਰਪੁਰ	36-00-16
4.	ਦਿਆਲ ਭਰੰਗ, ਖੇਤੀਬਾੜੀ ਵਿਭਾਗ, ਅੰਮ੍ਰਿਤਸਰ	49-06-00
ਜੋੜ		**162-02-06**

ਸ੍ਰੋਤ: ਪੀ ਏ ਯੂ ਰਿਕਾਰਡ

ਇਸ ਤੋਂ ਇਲਾਵਾ, ਜੀਵਨ ਸਿੰਘ ਵਾਲਾ, ਬਠਿੰਡਾ ਵਿਖੇ ਵਿਕਲਪਿਕ ਅਲਾਟ ਕੀਤੀ ਜ਼ਮੀਨ (26 ਏਕੜ 3 *ਕਨਾਲ* 8 *ਮਰਲਾ*) ਦੇ ਮਾਮਲੇ ਵਿੱਚ ਬਾਗਬਾਨੀ ਵਿਭਾਗ ਦੇ ਰਿਕਾਰਡ ਅਨੁਸਾਰ ਜ਼ਮੀਨ ਦੀ ਅਸਲ ਮਾਪ 23 ਏਕੜ 4 *ਕਨਾਲ* ਅਤੇ 15 *ਮਰਲੇ* ਆਂਕੀ ਗਈ ਜਿਸ ਦੇ ਨਤੀਜੇ ਵਜੋਂ 2 ਏਕੜ 6 *ਕਨਾਲ* 13 *ਮਰਲੇ* ਜ਼ਮੀਨ ਪੀ ਏ ਯੂ ਨੂੰ ਘੱਟ ਤਬਦੀਲ ਕੀਤੀ ਗਈ।

ਇਸ ਤਰ੍ਹਾਂ, ਕੁੱਲ ਮਿਲਾ ਕੇ ਪੀ ਏ ਯੂ ਨੂੰ ਬਠਿੰਡਾ ਵਿਖੇ ਏ ਆਈ ਆਈ ਐਮ ਐਸ ਦੀ ਸਥਾਪਨਾ ਲਈ ਸਿਹਤ ਵਿਭਾਗ ਨੂੰ ਤਬਦੀਲ ਕੀਤੀ ਗਈ ਜ਼ਮੀਨ ਨਾਲੋਂ 15 ਏਕੜ 5 *ਕਨਾਲ* 19 *ਮਰਲੇ* ਘੱਟ ਜ਼ਮੀਨ ਮਿਲੀ।

ਅੱਗੇ ਇਹ ਵੇਖਿਆ ਗਿਆ ਸੀ ਕਿ ਭਾਵੇ ਦਿਆਲ ਭਰੰਗ, ਅੰਮ੍ਰਿਤਸਰ ਦੇ ਸਬੰਧ ਵਿੱਚ 49 ਏਕੜ 6 *ਕਨਾਲ* ਜ਼ਮੀਨ ਪੀ ਏ ਯੂ ਦੇ ਕਬਜ਼ੇ ਵਿੱਚ ਸੀ, ਪਰ ਇਸ ਦਾ ਇੰਤਕਾਲ ਯੂਨੀਵਰਸਿਟੀ ਦੇ ਨਾਂਅ 'ਤੇ ਤਬਦੀਲ ਨਹੀਂ ਕੀਤਾ ਗਿਆ ਸੀ (ਮਈ 2023)। 31 ਮਾਰਚ 2006 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ (ਸਿਵਲ)-ਪੰਜਾਬ ਸਰਕਾਰ ***(ਪੈਰ੍ਹਾ 3.2.19)*** ਵਿੱਚ ਪਹਿਲਾਂ ਦੱਸੇ ਗਏ ਜ਼ਮੀਨੀ ਰਿਕਾਰਡ ਨੂੰ ਅੱਪਡੇਟ ਨਾ ਕਰਨ ਦੇ ਮੁੱਦੇ ਦੇ ਬਾਵਜੂਦ, ਇੰਤਕਾਲ ਦਾ ਮਾਮਲਾ ਬਰਕਰਾਰ ਸੀ।

ਲੇਖਾ ਪ੍ਰੀਖਿਆ ਵਿੱਚ ਧਿਆਨ ਵਿੱਚ ਲਿਆਂਦੇ ਜਾਣ 'ਤੇ, ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਉਨ੍ਹਾਂ ਨੇ ਜੀਵਨ ਸਿੰਘ ਵਾਲਾ, ਬਠਿੰਡਾ ਵਿਖੇ ਜ਼ਮੀਨ ਦੇ ਘੱਟ ਤਬਾਦਲੇ ਬਾਰੇ ਮਾਮਲਾ ਡਾਇਰੈਕਟਰ, ਬਾਗਬਾਨੀ ਵਿਭਾਗ ਪੰਜਾਬ ਕੋਲ ਉਠਾਇਆ ਸੀ (ਦਸੰਬਰ 2023)। ਬਾਗਬਾਨੀ ਵਿਭਾਗ ਦੇ ਜਵਾਬ ਦੀ ਉਡੀਕ ਕੀਤੀ ਜਾ ਰਹੀ ਸੀ (ਅਕਤੂਬਰ 2024)। ਦਿਆਲ ਭਰੰਗ, ਅੰਮ੍ਰਿਤਸਰ ਵਿਖੇ ਜ਼ਮੀਨ ਦੇ ਤਬਾਦਲੇ ਦੇ ਮਾਮਲੇ ਵਿੱਚ, ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਦਿਆਲ ਭਰੰਗ, ਅੰਮ੍ਰਿਤਸਰ ਦੀ ਜ਼ਮੀਨ ਭਾਰਤ ਦੇ ਰਾਸ਼ਟਰਪਤੀ ਦੇ ਨਾਂਅ 'ਤੇ ਸੀ ਇਸ ਲਈ ਉਕਤ ਜ਼ਮੀਨ ਦਾ ਇੰਤਕਾਲ ਯੂਨੀਵਰਸਿਟੀ ਦੇ ਨਾਂਅ 'ਤੇ ਨਹੀਂ ਕੀਤਾ ਜਾ ਸਕਦਾ ਸੀ। ਇਸ ਵਿੱਚ ਅੱਗੇ ਇਹ ਕਿਹਾ ਗਿਆ ਹੈ ਕਿ ਗਿਰਦਾਵਰੀ[81] ਨੂੰ ਯੂਨੀਵਰਸਿਟੀ ਦੇ ਨਾਂਅ 'ਤੇ ਤਬਦੀਲ ਕਰਨ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ ਕਿਉਂਕਿ ਜ਼ਮੀਨ ਦਾ ਇੰਤਕਾਲ ਸੰਭਵ ਨਹੀਂ ਸੀ।

[81] ਗਿਰਦਾਵਰੀ ਇੱਕ ਸਲਾਨਾ ਫਸਲ ਨਿਰੀਖਣ ਹੈ ਜੋ ਪੰਜਾਬ ਰਾਜ ਦੇ ਪਿੰਡਾਂ ਵਿੱਚ ਰੈਵੀਨਿਊ ਅਧਿਕਾਰੀਆਂ ਦੁਆਰਾ ਕੀਤਾ ਜਾਂਦਾ ਹੈ।

12 ਏਕੜ, 7 *ਕਨਾਲ* ਅਤੇ 6 *ਮਰਲੇ* ਦੇ ਘੱਟ ਤਬਾਦਲੇ ਦੇ ਮਾਮਲੇ ਵਿੱਚ, ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ 175 ਏਕੜ, 1 *ਕਨਾਲ*, 12 *ਮਰਲੇ* ਦੇ ਬਦਲੇ 162 ਏਕੜ, 2 *ਕਨਾਲ*, 6 *ਮਰਲੇ* ਦੀ ਜ਼ਮੀਨ ਨੂੰ ਜੀ ਓ ਪੀ/ਬੀ ਓ ਐਮ ਦੇ ਫੈਸਲੇ ਅਨੁਸਾਰ ਯੂਨੀਵਰਸਿਟੀ ਨੂੰ ਤਬਦੀਲ ਕਰ ਦਿੱਤਾ ਗਿਆ ਸੀ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਯੂਨੀਵਰਸਿਟੀ ਨੇ ਚੁਕਵੇਂ ਸਮੇਂ 'ਤੇ ਜੀ ਓ ਪੀ ਕੋਲ ਜ਼ਮੀਨ ਦੇ ਘੱਟ ਤਬਾਦਲੇ ਦਾ ਮਾਮਲਾ ਨਹੀਂ ਉਠਾਇਆ ਜਿਸ ਦੇ ਨਤੀਜੇ ਵਜੋਂ ਯੂਨੀਵਰਸਿਟੀ ਨੂੰ ਜ਼ਮੀਨ ਦਾ ਘੱਟ ਤਬਾਦਲਾ ਹੋਇਆ। ਪੀ ਏ ਯੂ ਨੂੰ ਜ਼ਮੀਨ ਦਾ ਘੱਟ ਤਬਾਦਲਾ ਆਖਰਕਾਰ ਖੋਜ ਅਤੇ ਬੀਜ ਉਤਪਾਦਨ ਲਈ ਯੂਨੀਵਰਸਿਟੀ ਦੇ ਖੇਤੀ ਯੋਗ ਰਕਬੇ ਨੂੰ ਪ੍ਰਭਾਵਤ ਕਰੇਗਾ।

1.4.8 ਖੋਜ ਸਟੇਸ਼ਨਾਂ ਅਤੇ ਬੀਜ ਫਾਰਮਾਂ ਦਾ ਸੰਯੁਕਤ ਨਿਰੀਖਣ

ਵੱਖ-ਵੱਖ ਸਹੂਲਤਾਂ ਦਾ ਪਤਾ ਲਗਾਉਣ ਲਈ ਲੇਖਾ ਪ੍ਰੀਖਿਆ ਦੌਰਾਨ ਯੂਨੀਵਰਸਿਟੀ ਅਧਿਕਾਰੀਆਂ ਦੇ ਨਾਲ ਚੁਣੇ ਗਏ ਆਰ ਐਸਜ਼ ਅਤੇ ਦੋ ਬੀਜ ਫਾਰਮਾਂ ਦਾ ਸੰਯੁਕਤ ਨਿਰੀਖਣ ਕੀਤਾ ਗਿਆ ਸੀ।

ਸੰਯੁਕਤ ਨਿਰੀਖਣ ਦੌਰਾਨ, ਲੇਖਾ ਪ੍ਰੀਖਿਆ ਨੇ ਵੇਖਿਆ ਕਿ ਹੇਠ ਲਿਖੀਆਂ ਸਹੂਲਤਾਂ ਦੀ ਘਾਟ ਸੀ:

(i) ਖੋਜ ਸਟੇਸ਼ਨ

- ਦੋ ਆਰ ਐਸ (ਅਬੋਹਰ ਅਤੇ ਬਹਾਦਰਗੜ੍ਹ) ਵਿੱਚ ਮੁੱਢਲੀ ਸਹਾਇਤਾ ਦੀਆਂ ਸਹੂਲਤਾਂ ਉਪਲਬਧ ਨਹੀਂ ਸਨ।
- ਕਿਸੇ ਵੀ ਆਰ ਐਸ ਵਿੱਚ ਅੱਗ ਬੁਝਾਉਣ ਦਾ ਕੋਈ ਉਪਕਰਣ ਨਹੀਂ ਸੀ।
- ਸ਼ਿਕਾਇਤ ਨਿਵਾਰਣ ਬੋਰਡ ਨੂੰ ਕਿਸੇ ਵੀ ਆਰ ਐਸ ਵਿੱਚ ਪ੍ਰਦਰਸ਼ਿਤ ਨਹੀਂ ਕੀਤਾ ਗਿਆ ਸੀ।
- ਆਰ ਐਸ, ਬਹਾਦਰਗੜ੍ਹ ਅਤੇ ਹੋਰ ਦੋ ਆਰ ਐਸ 'ਤੇ ਸੰਪਤੀਆਂ ਅਤੇ ਫਰਨੀਚਰ ਅਤੇ ਫਿਕਸਚਰ 'ਤੇ ਸੰਪਤੀ ਨੰਬਰਾਂ ਨੂੰ ਅੰਸ਼ਕ ਤੌਰ 'ਤੇ ਚਿੰਨਿਤ ਕੀਤੀ ਗਿਆ ਸੀ।

(ii) ਬੀਜ ਫਾਰਮ

- ਕਿਸੇ ਵੀ ਚੁਣੇ ਗਏ ਬੀਜ ਫਾਰਮਾਂ ਵਿੱਚ ਅੱਗ ਬੁਝਾਊ ਉਪਕਰਣ, ਸ਼ਿਕਾਇਤ ਨਿਵਾਰਣ ਬੋਰਡ ਅਤੇ ਮੁਢਲੀ ਸਹਾਇਤਾ ਬਕਸੇ ਉਪਲਬਧ ਨਹੀਂ ਸਨ। ਯੂ ਐਸ ਐਫ ਲਾਡੋਵਾਲ ਵਿਖੇ ਸੰਪਤੀਆਂ ਅਤੇ ਫਰਨੀਚਰ ਅਤੇ ਫਿਕਸਚਰ 'ਤੇ ਸੰਪਤੀ ਨੰਬਰਾਂ ਨੂੰ ਅੰਸ਼ਕ ਤੌਰ 'ਤੇ ਚਿੰਨ੍ਹਿਤ ਕੀਤਾ ਗਿਆ ਸੀ।

ਯੂਨੀਵਰਸਿਟੀ ਨੇ ਮਾਰਚ 2023 ਵਿੱਚ ਕਿਹਾ ਸੀ ਕਿ ਉਸਨੇ ਅਗਲੇ ਵਿੱਤੀ ਸਾਲ ਵਿੱਚ ਸਾਰੇ ਆਰ ਐਸਜ਼ 'ਤੇ ਸੀ ਸੀ ਟੀ ਵੀ ਕੈਮਰੇ, ਅੱਗ ਬੁਝਾਊ ਉਪਕਰਣ ਅਤੇ ਸ਼ਿਕਾਇਤ ਨਿਵਾਰਣ ਬੋਰਡ ਲਗਾਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨੇ ਅੱਗੇ ਕਿਹਾ (ਅਕਤੂਬਰ 2024) ਕਿ ਇਹ ਚੀਜ਼ਾਂ ਆਰ ਆਰ ਐਸ ਬਲੋਵਾਲ ਸੌਂਖੜੀ ਵਿਖੇ ਸਥਾਪਤ ਕੀਤੀਆਂ ਗਈਆਂ ਸਨ। ਆਰ ਆਰ ਐਸ ਬਹਾਦਰਗੜ੍ਹ ਵਿਖੇ, ਇੱਕ ਫਸਟ ਏਡ ਬਾਕਸ ਅਤੇ ਅੱਗ ਬੁਝਾਉ ਯੰਤਰ ਲਗਾਏ ਗਏ ਸਨ। ਯੂ ਐਸ ਐਫ ਨਾਭਾ ਵਿਖੇ ਅਜਿਹੀਆਂ ਕੋਈ ਸਹੂਲਤਾਂ ਸਥਾਪਤ ਨਹੀਂ ਕੀਤੀਆਂ ਗਈਆਂ ਸਨ।

1.4.9 ਸਿੱਟਾ

ਯੂਨੀਵਰਸਿਟੀ ਦੁਆਰਾ ਪ੍ਰਸਤਾਵਿਤ ਕੁੱਲ 616 ਨਵੇਂ ਖੋਜ ਪ੍ਰੋਜੈਕਟਾਂ ਵਿੱਚੋਂ, 2017-22 ਦੌਰਾਨ ਪ੍ਰੋਜੈਕਟ ਫੰਡਿੰਗ ਏਜੰਸੀਆਂ ਦੁਆਰਾ ਸਿਰਫ਼ 193 ਖੋਜ ਪ੍ਰੋਜੈਕਟਾਂ (31.33 *ਪ੍ਰਤੀਸ਼ਤ*) ਨੂੰ ਮਨਜ਼ੂਰੀ ਦਿੱਤੀ ਗਈ ਸੀ। ਯੂਨੀਵਰਸਿਟੀ ਨੇ ਫੰਡਿੰਗ ਏਜੰਸੀਆਂ ਦੁਆਰਾ ਖੋਜ ਪ੍ਰੋਜੈਕਟ ਪ੍ਰਸਤਾਵਾਂ ਨੂੰ ਪ੍ਰਵਾਨਗੀ ਨਾ ਦੇਣ ਦੇ ਕਾਰਨਾਂ ਦਾ ਪਤਾ ਲਗਾਉਣ/ਸਮੀਖਿਆ ਕਰਨ ਲਈ ਕੋਈ ਵਿਧੀ ਵਿਕਸਤ ਨਹੀਂ ਕੀਤੀ ਤਾਂ ਜੋ ਉਨ੍ਹਾਂ ਦੇ ਭਵਿੱਖ ਦੇ ਪ੍ਰੋਜੈਕਟ ਪ੍ਰਸਤਾਵਾਂ ਵਿੱਚ ਸੁਧਾਰ ਲਿਆਂਦਾ ਜਾ ਸਕੇ। ਫੰਡਿੰਗ ਏਜੰਸੀਆਂ ਤੋਂ ਫੰਡਾਂ ਦੀ ਉਪਲਬਧਤਾ ਦੇ ਬਾਵਜੂਦ, ਪੀ ਏ ਯੂ ਦੁਆਰਾ ਨਾਕਾਫੀ ਨਿਗਰਾਨੀ ਕਾਰਨ ਪ੍ਰੋਜੈਕਟਾਂ ਨੂੰ ਰੱਦ ਕਰਨ/ਪੂਰਾ ਨਾ ਕਰਨ ਦੇ ਮਾਮਲੇ ਵੀ ਵੇਖੇ ਗਏ।

ਪੀ ਏ ਯੂ ਦੇ ਤਕਨਾਲੋਜੀ ਮਾਰਕੀਟਿੰਗ ਅਤੇ ਬੌਧਿਕ ਸੰਪਤੀ ਅਧਿਕਾਰ (ਟੀ ਐਮ ਆਈ ਪੀ ਆਰ) ਸੈੱਲ ਕੋਲ ਕੋਈ ਸਮਰਪਿਤ ਪੂਰੇ ਸਮੇ ਲਈ ਸਟਾਫ ਨਹੀਂ ਸੀ। ਯੂਨੀਵਰਸਿਟੀ ਦੁਆਰਾ ਲਾਇਸੈਂਸ ਫੀਸ ਨਿਰਧਾਰਤ ਕਰਨ ਲਈ ਰਜਿਸਟ੍ਰੇਸ਼ਨ, ਤਕਨਾਲੋਜੀਆਂ/ਪੌਦਿਆਂ ਦੀਆਂ ਕਿਸਮਾਂ ਦੇ ਤਬਾਦਲੇ ਅਤੇ ਉਨ੍ਹਾਂ ਦੇ ਮੁਲਾਂਕਣ ਲਈ ਸਮਾਂ-ਸੀਮਾ ਨਿਰਧਾਰਤ ਕਰਨ ਲਈ ਕੋਈ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ (ਐਸ ਓ ਪੀ) ਨਿਰਧਾਰਤ ਨਹੀਂ ਕੀਤੀ ਗਈ ਸੀ। ਵੀ ਸੀ ਅਤੇ ਬੀ ਓ ਐਮ ਨੂੰ ਵਿਕਸਤ, ਪੇਟੈਂਟ, ਰਜਿਸਟਰਡ (ਅਜੇ ਵਪਾਰੀਕਰਨ ਕੀਤਾ ਜਾਣਾ ਬਾਕੀ ਹੈ) ਕਨਾਲੋਜੀਆਂ/ਪੌਦਿਆਂ ਦੀਆਂ ਕਿਸਮਾਂ ਦੀ ਸਮੇਂ-ਸਮੇਂ 'ਤੇ ਰਿਪੋਰਟ ਕਰਨ ਦੀ ਕੋਈ ਪ੍ਰਣਾਲੀ ਨਹੀਂ ਸੀ ਤਾਂ ਜੋ ਇਨ੍ਹਾਂ ਤਕਨਾਲੋਜੀਆਂ/ਪੌਦਿਆਂ ਦੀਆਂ ਕਿਸਮਾਂ ਦੇ ਲਾਭਾਂ ਦਾ ਅੰਤਿਮ ਉਪਭੋਗਤਾਵਾਂ ਤੱਕ ਸਮੇਂ ਸਿਰ ਪ੍ਰਸਾਰ ਨੂੰ ਯਕੀਨੀ ਬਣਾਇਆ ਜਾ ਸਕੇ।

ਪੇਟੈਂਟ ਐਕਟ, 1970 ਨੇ ਅਧੀਨ ਲਾਗੂ 48 ਵਿਕਸਤ ਤਕਨਾਲੋਜੀਆਂ ਦੇ ਮੁਕਾਬਲੇ, ਨਵੰਬਰ 2022 ਤੱਕ 18 ਤਕਨਾਲੋਜੀਆਂ ਨੂੰ ਪੇਟੈਂਟ ਅਧਿਕਾਰ ਦਿੱਤੇ ਗਏ ਸਨ। ਇਨ੍ਹਾਂ ਵਿੱਚੋਂ, ਪੀ ਏ ਯੂ ਅਤੇ ਆਈ ਸੀ ਏ ਆਰ ਦੀ ਸਹਿਯੋਗ ਖੋਜ ਵਾਲੇ ਚਾਰ ਮਾਮਲਿਆਂ ਵਿੱਚ ਪੇਟੈਂਟ ਸਰਟੀਫਿਕੇਟ ਸੰਯੁਕਤ ਰਜਿਸਟ੍ਰੇਸ਼ਨ ਦੀ ਬਜਾਏ ਆਈ ਸੀ ਏ ਆਰ ਦੇ ਨਾਂਅ 'ਤੇ ਦਿੱਤੇ ਗਏ ਸਨ। ਪੀ ਏ ਯੂ ਵੱਲੋਂ ਦਾਖਲ ਕੀਤੀਆਂ ਪੰਜ ਪੇਟੈਂਟ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਸੀ ਅਤੇ ਨਵੰਬਰ 2022 ਤੱਕ ਭਾਰਤ ਸਰਕਾਰ ਦੇ ਕੰਟਰੋਲਰ ਜਨਰਲ ਆਫ ਪੇਟੈਂਟਸ ਕੋਲ 25 ਪੇਟੈਂਟ ਅਰਜ਼ੀਆਂ ਬਕਾਇਆ ਪਈਆਂ ਸਨ।

ਪੀ ਪੀ ਵੀ ਐਂਡ ਐਫ ਆਰ ਐਕਟ ਦੇ ਅਧੀਨ ਰਜਿਸਟ੍ਰੇਸ਼ਨ ਲਈ ਅਰਜ਼ੀ ਦੇਣ ਵਾਲੀਆਂ 97 ਵਿਕਸਤ ਪੌਦਿਆਂ ਦੀਆਂ ਕਿਸਮਾਂ ਵਿਚੋਂ 36 ਕਿਸਮਾਂ ਜੂਨ 2022 ਤੱਕ ਰਜਿਸਟਰ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ, 34 ਕਿਸਮਾਂ ਨੂੰ ਸੰਯੁਕਤ ਰਜਿਸਟ੍ਰੇਸ਼ਨ ਦੀ ਬਜਾਏ ਆਈ ਸੀ ਏ ਆਰ ਦੇ ਨਾਂਅ 'ਤੇ ਰਜਿਸਟਰ ਕੀਤਾ ਗਿਆ ਸੀ ਕਿਉਂਕਿ ਇਹ ਕਿਸਮਾਂ ਪੀ ਏ ਯੂ ਅਤੇ ਆਈ ਸੀ ਏ ਆਰ ਦੀ ਸਹਿਯੋਗੀ ਖੋਜ ਅਧੀਨ ਵਿਕਸਤ ਕੀਤੀਆਂ ਗਈਆਂ ਸਨ। 2017-22 ਦੌਰਾਨ ਪੌਦਿਆਂ ਦੀਆਂ 17 ਕਿਸਮਾਂ ਨੂੰ ਪੀ ਪੀ ਵੀ ਐਂਡ ਐਫ ਆਰ ਐਕਟ ਅਧੀਨ ਰਜਿਸਟਰ ਕੀਤੇ ਬਿਨ੍ਹਾਂ ਉਨ੍ਹਾਂ ਦਾ ਵਪਾਰੀਕਰਨ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਭੂਗੋਲਿਕ ਸੰਕੇਤ ਵਾਲੀਆਂ ਵੱਖ-ਵੱਖ ਪੌਦਿਆਂ ਦੀਆਂ ਕਿਸਮਾਂ ਨੂੰ ਯੂਨੀਵਰਸਿਟੀ ਦੁਆਰਾ ਜੀਓਗ੍ਰਾਫਿਕਲ ਇੰਡੀਕੇਸ਼ਨ ਆਫ ਗੁਡਜ਼ ਐਕਟ, 1999 ਦੇ ਅਧੀਨ ਰਜਿਸਟਰ ਨਹੀਂ ਕੀਤਾ ਗਿਆ ਸੀ।

ਸਾਉਣੀ ਅਤੇ ਹਾੜ੍ਹੀ ਦੇ ਖੇਤੀਯੋਗ ਰਕਬੇ ਵਿੱਚ ਕ੍ਰਮਵਾਰ 24.23 *ਪ੍ਰਤੀਸ਼ਤ* ਅਤੇ 37.37 *ਪ੍ਰਤੀਸ਼ਤ* ਦੀ ਕਮੀ ਆਈ, ਨਤੀਜੇ ਵਜੋਂ ਸਾਲ 2020-21 ਅਤੇ 2021-22 ਦੌਰਾਨ ਸਾਉਣੀ ਅਤੇ ਹਾੜ੍ਹੀ ਦੇ ਬੀਜਾਂ ਦਾ ਉਤਪਾਦਨ ਕ੍ਰਮਵਾਰ 20.61 *ਪ੍ਰਤੀਸ਼ਤ* ਅਤੇ 50.04 *ਪ੍ਰਤੀਸ਼ਤ* ਘਟਿਆ। ਯੂਨੀਵਰਸਿਟੀ ਨੂੰ ਜ਼ਮੀਨ ਦੇ ਘੱਟ ਤਬਾਦਲੇ ਦੇ ਮਾਮਲੇ ਵੀ ਵੇਖੇ ਗਏ ਜਿਸ ਨਾਲ ਖੋਜ ਕਾਰਜ ਅਤੇ ਬੀਜ ਉਤਪਾਦਨ ਲਈ ਯੂਨੀਵਰਸਿਟੀ ਦੇ ਖੇਤੀਯੋਗ ਰਕਬੇ 'ਤੇ ਅਸਰ ਪਿਆ।

ਬੀ ਟੀ ਕਪਾਹ ਦੇ 1,274.77 ਕੁਇੰਟਲ ਸ਼੍ਰੇਣੀਬੱਧ ਬੀਜ ਦੇ ਝਾੜ ਦੇ ਮੁਕਾਬਲੇ 2017-2021 ਦੀ ਮਿਆਦ ਦੌਰਾਨ ਸਿਰਫ਼ 25.31 ਕੁਇੰਟਲ ਭਾਵ ਦੋ *ਪ੍ਰਤੀਸ਼ਤ* (ਸਾਲ 2017 ਵਿੱਚ ਬੀ ਟੀ 1 ਕਪਾਹ) ਬੀਜ ਦੇ ਰੂਪ ਵਿੱਚ ਵੇਚਿਆ ਗਿਆ ਸੀ ਅਤੇ ਬਾਕੀ 1,249.46 ਕੁਇੰਟਲ ਉਤਪਾਦਨ ਦੇ ਰੂਪ ਵਿੱਚ ਵਜੋਂ ਵੇਚਿਆ ਗਿਆ ਸੀ। 2017-21 ਦੀ ਮਿਆਦ ਦੌਰਾਨ ਸਾਉਣੀ ਅਤੇ ਹਾੜ੍ਹੀ ਦੀਆਂ ਫਸਲਾਂ ਦੇ ਸਬੰਧ ਵਿੱਚ ਸ਼੍ਰੇਣੀਬੱਧ ਬੀਜਾਂ ਦੀ ਵਿਕਰੀ ਕਾਰਨ ਯੂਨੀਵਰਸਿਟੀ ਨੂੰ ₹ 7.26 ਕਰੋੜ ਦਾ ਨੁਕਸਾਨ ਹੋਇਆ।

ਦੋ ਕੀਟਨਾਸ਼ਕਾਂ ਜਿਵੇਂ ਕਿ ਟ੍ਰਾਈਕੋਡਰਮਾ ਹਰਜ਼ੀਅਨਮ ਅਤੇ ਸਿਊਡੋਮੋਨਾਸ ਫਲੋਰੇਸੇਨਸ ਦਾ ਉਤਪਾਦਨ ਅਤੇ ਵੰਡ/ਵਿਕਰੀ ਲਾਜ਼ਮੀ ਲਾਇਸੈਂਸ ਪ੍ਰਾਪਤ ਕੀਤੇ ਬਿਨ੍ਹਾਂ ਦੇਖੇ ਗਏ ਸਨ। ਨੌਂ ਫਲਾਂ ਦੀਆਂ ਨਰਸਰੀਆਂ ਵੀ ਲਾਜ਼ਮੀ ਲਾਇਸੈਂਸ ਪ੍ਰਾਪਤ ਕੀਤੇ ਬਿਨ੍ਹਾਂ ਚਲਾਈਆ ਜਾ ਰਹੀਆਂ ਹਨ।

2017-22 ਦੀ ਮਿਆਦ ਦੌਰਾਨ ਸੱਤ ਕਾਲਜਾਂ/ਦਫਤਰਾਂ ਦੇ ਸਬੰਧ ਵਿੱਚ ਕੁੱਲ ਖੋਜ ਪ੍ਰਕਾਸ਼ਨਾਂ ਵਿੱਚੋਂ ਸਿਰਫ਼ ਪੰਜ ਤੋਂ 52 *ਪ੍ਰਤੀਸ਼ਤ* ਨੂੰ ਹੀ ਥਾਮਸਨ ਰਾਇਟਰਜ਼ ਪ੍ਰਭਾਵ ਕਾਰਕ ਵਾਲੇ ਰਸਾਲਿਆਂ ਵਿੱਚ 6.00+ ਦੇ ਸਕੋਰ ਨਾਲ ਜਗ੍ਹਾ ਮਿਲ ਸਕੀ। ਤਿੰਨ ਚੁਣੇ ਹੋਏ ਆਰ ਐਸਜ਼ ਅਤੇ ਦੋ ਬੀਜ ਫਾਰਮਾਂ ਦੇ ਸੰਯੁਕਤ ਨਿਰੀਖਣ ਵਿੱਚ ਵੱਖ-ਵੱਖ ਸਹੂਲਤਾਂ ਦੀ ਘਾਟ ਦਿਖਾਈ ਦਿੱਤੀ।

1.4.10 ਸਿਫਾਰਸ਼ਾਂ

ਯੂਨੀਵਰਸਿਟੀ ਇਹ ਕਰ ਸਕਦੀ ਹੈ:

(i) *ਫੰਡਿੰਗ ਏਜੰਸੀਆਂ ਨੂੰ ਜਮ੍ਹਾਂ ਕਰਾਉਣ ਤੋਂ ਪਹਿਲਾਂ ਖੋਜ ਪ੍ਰਸਤਾਵਾ ਦਾ ਮੁਲਾਂਕਣ ਕਰਨ ਅਤੇ ਭਵਿੱਖ ਦੇ ਕੋਰਸ ਸੁਧਾਰ ਦੇ ਕਾਰਨਾਂ ਦੀ ਪਛਾਣ ਕਰਨ ਲਈ ਗੈਰ-ਪ੍ਰਵਾਨਿਤ ਜਾਂ ਅਸਫਲ ਪ੍ਰੋਜੈਕਟਾਂ ਦੀ ਸਮੀਖਿਆ ਕਰਨ ਲਈ ਇੱਕ ਮਜ਼ਬੂਤ ਪ੍ਰਕਿਰਿਆ ਵਿਕਸਤ ਕਰਨਾ;*

(ii) *ਤਕਨਾਲੋਜੀ ਮਾਰਕੀਟਿੰਗ ਅਤੇ ਬੌਧਿਕ ਸੰਪਤੀ ਅਧਿਕਾਰ (ਈ ਐਮ ਆਈ ਪੀ ਆਰ) ਸੈੱਲ ਨੂੰ ਮਜ਼ਬੂਤ ਕਰਨਾ ਤਾਂ ਜੋ ਆਪਣੀਆਂ ਵਿਕਸਤ ਤਕਨਾਲੋਜੀਆਂ ਅਤੇ ਪੌਦਿਆਂ ਦੀਆਂ ਕਿਸਮਾਂ ਦੀ ਸਮੇਂ ਸਿਰ ਰਜਿਸਟ੍ਰੇਸ਼ਨ ਅਤੇ ਵਪਾਰੀਕਰਨ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਪੇਟੈਂਟ ਐਕਟ, 1970, ਪੀ ਪੀ ਵੀ ਐਂਡ ਐਫ ਆਰ ਐਕਟ 2001 ਅਤੇ ਜੀ ਆਈ ਆਫ ਗੁਡਜ਼ ਐਕਟ, 1999 ਦੇ ਅਧੀਨ ਸਹਿਯੋਗੀ ਪ੍ਰੋਜੈਕਟਾਂ ਦੇ ਮਾਮਲੇ ਵਿੱਚ ਸੰਯੁਕਤ ਮਾਲਕੀ ਰਜਿਸਟ੍ਰੇਸ਼ਨ ਨੂੰ ਯਕੀਨੀ ਬਣਾਉਣਾ ਤਾਂ ਜੋ ਇਸਦੇ ਮਾਲਕੀ ਅਧਿਕਾਰਾਂ ਨੂੰ ਸੁਰੱਖਿਅਤ ਕੀਤਾ ਜਾ ਸਕੇ;*

(iii) *ਸਾਉਣੀ ਅਤੇ ਹਾੜ੍ਹੀ ਦੇ ਬੀਜਾਂ ਦੇ ਉਤਪਾਦਨ ਨੂੰ ਵਧਾਉਣ ਲਈ ਖੇਤੀਯੋਗ ਰਕਬਾ ਵਧਾਉਣ ਲਈ ਪ੍ਰਭਾਵਸ਼ਾਲੀ ਉਪਾਅ ਕਰਨੇ, ਅਤੇ ਰਾਜ ਦੇ ਕਿਸਾਨਾਂ ਨੂੰ ਲੋੜੀਂਦੇ ਬੀਜ ਮੁੱਹਈਆ ਕਰਵਾਉਣ ਲਈ ਉਪਜ ਦੀ ਬਜਾਏ ਸ਼੍ਰੇਣੀਬੱਧ ਬੀਜਾਂ ਦੇ ਰੂਪ ਵਿੱਚ ਵੰਡ ਵਿਕਰੀ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਪੀ ਏ ਯੂ ਬੀਜਾਂ ਦੇ ਮਾਲੀਏ ਦੇ ਨਾਲ-ਨਾਲ ਬ੍ਰਾਂਡ ਮੁੱਲ ਨੂੰ ਸੁਰੱਖਿਅਤ ਕੀਤਾ ਜਾ ਸਕੇ;*

(iv) ਕੌਡਲ ਉਪਬੰਧਾਂ ਦੇ ਅਨੁਸਾਰ ਸਬੰਧਤ ਅਥਾਰਟੀਆਂ ਤੋਂ ਕੀਟਨਾਸ਼ਕਾਂ ਦੇ ਉਤਪਾਦਨ ਅਤੇ ਵੰਡ ਵਿਕਰੀ ਅਤੇ ਫਲਾਂ ਦੀਆਂ ਨਰਸਰੀਆਂ ਦੇ ਸੰਚਾਲਨ ਲਈ ਲੋੜੀਂਦੇ ਲਾਇਸੈਂਸ ਪ੍ਰਾਪਤ ਕਰਨਾ;

(v) ਪ੍ਰਭਾਵ ਕਾਰਕ 6.00+ ਵਾਲੇ ਜਰਨਲਾਂ ਵਿੱਚ ਗੁਣਵੱਤਾ ਭਰਪੂਰ ਖੋਜ ਪ੍ਰਕਾਸ਼ਨਾਂ ਦੇ ਪ੍ਰਕਾਸ਼ਨ ਲਈ ਪ੍ਰਭਾਵਸ਼ਾਲੀ ਉਪਾਅ ਕਰਨਾ; ਅਤੇ

(vi) ਯੂਨੀਵਰਸਿਟੀ ਦੁਆਰਾ ਪ੍ਰਭਾਵਸ਼ਾਲੀ ਖੋਜ ਗਤੀਵਿਧੀਆਂ ਨੂੰ ਸੁਵਿਧਾਜਨਕ ਬਣਾਉਣ ਲਈ ਆਰ ਐਸਜ਼ ਅਤੇ ਬੀਜ ਫਾਰਮਾਂ ਵਿਖੇ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨਾ ਯਕੀਨੀ ਬਣਾਉਣਾ।

1.5 ਖੇਤੀਬਾੜੀ ਤਕਨਾਲੋਜੀਆਂ ਦਾ ਵਿਸਥਾਰ

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਆਪਣੇ 18[82] *ਕ੍ਰਿਸ਼ੀ ਵਿਗਿਆਨ ਕੇਂਦਰ* (ਕੇ ਵੀ ਕੇ) (ਜਿਵੇਂ ਕਿ ***ਅੰਤਿਕਾ 1.1*** ਵਿੱਚ ਵੇਰਵਾ ਦਿੱਤਾ ਗਿਆ ਹੈ); ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਥਿਤ 15 ਫਾਰਮ ਸਲਾਹਕਾਰ ਸੇਵਾ ਕੇਂਦਰਾਂ[83] (ਐਫ ਏ ਐਸ ਸੀ); ਅਤੇ ਪੀ ਏ ਯੂ, ਲੁਧਿਆਣਾ ਦੇ ਪਰਿਸਰ ਵਿੱਚ ਸਥਿਤ ਪੌਦਾ ਸਿਹਤ ਕਲੀਨਿਕ ਜਿਸਨੂੰ ਬਾਅਦ ਵਿੱਚ ਖੇਤੀਬਾੜੀ ਤਕਨਾਲੋਜੀ ਸੂਚਨਾ ਕੇਂਦਰ (ਏ ਟੀ ਆਈ ਸੀ) ਦਾ ਨਾਂਅ ਦਿੱਤਾ ਗਿਆ ਰਾਹੀਂ ਸਿਖਲਾਈ ਅਤੇ ਖੇਤ ਪ੍ਰਦਰਸ਼ਨਾ ਰਾਹੀਂ ਕਿਸਾਨਾਂ ਵਿੱਚ ਸੁਧਾਰੀਆਂ ਗਈਆਂ ਖੇਤੀਬਾੜੀ ਤਕਨਾਲੋਜੀਆਂ ਅਤੇ ਪੌਦਿਆਂ/ਬੀਜਾਂ ਦੀਆਂ ਕਿਸਮਾਂ ਦੇ ਨਤੀਜਿਆਂ ਦਾ ਪ੍ਰਸਾਰ ਕਰਦੀ ਹੈ।

ਕੇ ਵੀ ਕੇ ਸਕੀਮ ਨੂੰ ਭਾਰਤ ਸਰਕਾਰ (ਜੀ ਓ ਆਈ) ਦੁਆਰਾ 100 *ਪ੍ਰਤੀਸ਼ਤ* ਵਿੱਤ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਕੇ ਵੀ ਕੇਜ਼ ਦੀ ਮਨਜ਼ੂਰੀ ਖੇਤੀਬਾੜੀ ਯੂਨੀਵਰਸਿਟੀਆਂ, ਆਈ ਸੀ ਏ ਆਰ ਸੰਸਥਾਵਾਂ, ਸਬੰਧਤ ਸਰਕਾਰੀ ਵਿਭਾਗਾਂ ਅਤੇ ਖੇਤੀਬਾੜੀ ਰਕਬੇ ਵਿੱਚ ਕੰਮ ਕਰਨ ਵਾਲੀਆਂ ਗੈਰ-ਸਰਕਾਰੀ ਸੰਸਥਾਵਾਂ (ਐਨ ਜੀ ਓ) ਨੂੰ ਦਿੱਤੀ ਜਾਂਦੀ ਹੈ। ਕੇ ਵੀ ਕੇਜ਼ ਰਾਸ਼ਟਰੀ ਖੇਤੀਬਾੜੀ ਖੋਜ ਪ੍ਰਣਾਲੀ[84] (ਐਨ ਏ ਆਰ ਐਸ) ਦਾ ਇੱਕ ਅਨਿੱਖੜਵਾ ਅੰਗ ਹਨ ਜਿਸਦਾ ਉਦੇਸ਼ ਤਕਨਾਲੋਜੀ ਮੁਲਾਂਕਣ, ਸ਼ੁੱਧਤਾ ਅਤੇ ਪ੍ਰਦਰਸ਼ਨਾਂ ਦੁਆਰਾ ਖੇਤੀਬਾੜੀ ਅਤੇ ਸਹਾਇਕ ਉੱਦਮਾਂ ਵਿੱਚ ਸਥਾਨ-ਵਿਸ਼ੇਸ਼ ਤਕਨਾਲੋਜੀ ਮਾਡਿਊਲਾਂ ਦਾ ਮੁਲਾਂਕਣਾ ਕਰਨਾ ਹੈ। ਇਹ ਜ਼ਿਲ੍ਹੇ ਦੀ ਖੇਤੀਬਾੜੀ ਆਰਥਿਕਤਾ ਨੂੰ ਸੁਧਾਰਨ ਲਈ ਜਨਤਕ, ਨਿਜੀ ਅਤੇ ਸਵੈ-ਇੱਛਤ ਖੇਤਰ ਦੀਆਂ ਪਹਿਲਕਦਮੀਆਂ ਨੂੰ ਮਦਦ ਦੇਣ

---

82 ਪੰਜਾਬ ਰਾਜ ਵਿੱਚ ਚਾਰ ਹੋਰ ਕੇ ਵੀ ਕੇਜ਼ ਨੂੰ ਛੱਡ ਕੇ- ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਅਧੀਨ ਐਸ ਏ ਐਸ ਨਗਰ, ਤਰਨਤਾਰਨ ਅਤੇ ਬਰਨਾਲਾ ਵਿਖੇ ਤਿੰਨ ਕੇ ਵੀ ਕੇਜ਼; ਅਤੇ ਡਾਇਰੈਕਟਰ, ਸੈਂਟਰਲ ਇੰਸਟੀਚਿਊਟ ਆਫ ਪੋਸਟ ਹਾਰਵੈਸਟ ਇੰਜੀਨੀਅਰਿੰਗ ਅਤੇ ਤਕਨਾਲੋਜੀ (ਸੀ ਆਈ ਪੀ ਐਚ ਈ ਟੀ), ਅਬੋਹਰ ਅਧੀਨ ਫਾਜ਼ਿਲਕਾ ਵਿਖੇ ਇੱਕ ਕੇ ਵੀ ਕੇ।

83 (i) ਅੰਮ੍ਰਿਤਸਰ; (ii) ਬਠਿੰਡਾ; (iii) ਬਰਨਾਲਾ; (iv) ਫਰੀਦਕੋਟ; (v) ਫਾਜ਼ਿਲਕਾ; (vi) ਫਿਰੋਜ਼ਪੁਰ; (vii) ਗੁਰਦਾਸਪੁਰ; (viii) ਹੁਸ਼ਿਆਰਪੁਰ; (ix) ਜਲੰਧਰ; (x) ਕਪੂਰਥਲਾ; (xi) ਪਟਿਆਲਾ; (xii) ਰੋਪੜ; (xiii) ਸੰਗਰੂਰ; (xiv) ਤਰਨ ਤਾਰਨ; ਅਤੇ (xv) ਐਸ ਏ ਐਸ ਨਗਰ, ਜੋ ਡਾਇਰੈਕਟਰ, ਵਿਸਥਾਰ ਸਿੱਖਿਆ, ਪੀ ਏ ਯੂ ਲੁਧਿਆਣਾ ਦੇ ਨਿਯੰਤਰਣ ਅਧੀਨ ਚਲ ਰਹੇ ਹਨ।

84 ਐਨ ਏ ਆਰ ਐੱਸ ਨੇ ਭਾਰਤ ਨੂੰ ਅਨਾਜ ਉਤਪਾਦਨ ਵਿੱਚ ਆਤਮ-ਨਿਰਭਰ ਬਣਾਉਣ ਵਿੱਚ ਯੋਗਦਾਨ ਪਾਇਆ ਹੈ ਅਤੇ ਦੇਸ਼ ਦੀਆਂ ਖੇਤੀਬਾੜੀ ਤਕਨਾਲੋਜੀ ਅਤੇ ਜਾਣਕਾਰੀ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਇਸ ਕੋਲ ਦੇਸ਼ ਭਰ ਵਿੱਚ ਫੈਲੇ 102 ਆਈ ਸੀ ਏ ਆਰ ਸੰਸਥਾਵਾਂ, 11 ਖੇਤੀਬਾੜੀ ਤਕਨਾਲੋਜੀ ਐਪਲੀਕੇਸ਼ਨ ਖੋਜ ਸੰਸਥਾਵਾਂ ਅਤੇ 73 ਖੇਤੀਬਾੜੀ ਯੂਨੀਵਰਸਿਟੀਆਂ ਦਾ ਖੋਜ ਨੇਟਰਵਕ ਹੈ। ਐਨ ਏ ਆਰ ਐਸ ਇੱਕ ਪ੍ਰਣਾਲੀ ਹੈ ਅਤੇ ਵੱਖ-ਵੱਖ ਫਸਲਾਂ ਦੇ ਉਤਪਾਦਨ ਲਈ ਭਾਰਤੀ ਕਿਸਾਨ ਭਾਈਚਾਰੇ ਦੇ ਲਾਭ ਲਈ ਆਪਣੀਆਂ ਖੇਤੀਬਾੜੀ ਖੋਜ ਗਤੀਵਿਧੀਆਂ ਨੂੰ ਲਗਾਤਾਰ ਮਜ਼ਬੂਤ ਕਰ ਰਹੀ ਹੈ।

ਵਾਲੇ ਖੇਤੀਬਾੜੀ ਤਕਨਾਲੋਜੀ ਦੇ ਗਿਆਨ ਅਤੇ ਸਰੋਤ ਕੇਂਦਰ ਵਜੋਂ ਕੰਮ ਕਰ ਰਹੇ ਹਨ ਅਤੇ ਐਨ ਏ ਆਰ ਐਸ ਨੂੰ ਵਿਸਥਾਰ ਪ੍ਰਣਾਲੀ ਅਤੇ ਕਿਸਾਨਾਂ ਨਾਲ ਜੋੜ ਰਹੇ ਹਨ। ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ, ਕੇ ਵੀ ਕੇਜ਼ *ਕਿਸਾਨ ਮੇਲੇ*, ਵਰਕਸ਼ਾਪਾਂ, ਪ੍ਰਦਰਸ਼ਨਾਂ, ਵਿਸ਼ੇਸ਼ ਸਿਖਲਾਈਆਂ, ਪ੍ਰਦਰਸ਼ਨੀਆਂ, ਮੁਹਿੰਮਾ, ਤਕਨੀਕੀ ਮਾਰਗਦਰਸ਼ਨ, ਖੇਤੀ ਸਾਹਿਤ ਦੀ ਵਿਕਰੀ ਅਤੇ ਟੀ ਵੀ/ਰੇਡੀਓ ਗੱਲਬਾਤ ਵਰਗੇ ਵੱਖ-ਵੱਖ ਵਿਸਥਾਰ ਢੰਗਾਂ ਰਾਹੀਂ ਤਕਨਾਲੋਜੀਆਂ ਦਾ ਤਬਾਦਲਾ ਕਰਦੇ ਹਨ।


ਐਫ ਏ ਐਸ ਸੀਜ਼ ਦੀ ਸਥਾਪਨਾ ਰਾਜ ਦੇ ਕਿਸਾਨਾਂ ਵਿੱਚ ਤਕਨਾਲੋਜੀ ਦੇ ਤੇਜ਼ੀ ਨਾਲ ਤਬਾਦਲੇ ਅਤੇ ਉਨ੍ਹਾਂ ਦੀਆਂ ਖੇਤ ਸਮੱਸਿਆਵਾਂ ਬਾਰੇ ਸਿੱਧੇ ਫੀਡਬੈਕ ਪ੍ਰਾਪਤ ਕਰਨ ਦੇ ਉਦੇਸ਼ ਨਾਲ ਕੀਤੀ ਗਈ ਸੀ। ਐਫ ਏ ਐਸ ਸੀਜ਼ ਯੂਨੀਵਰਸਿਟੀ ਖੋਜ ਪ੍ਰਣਾਲੀ, ਖੇਤਰੀ ਕਾਰਜਕਰਤਾਵਾਂ ਅਤੇ ਕਿਸਾਨਾਂ ਵਿਚਕਾਰ ਇੱਕ ਜੈਵਿਕ ਕੜੀ ਵਜੋਂ ਕੰਮ ਕਰਦੇ ਹਨ।

ਪੀ ਏ ਯੂ ਦੀਆਂ ਵਿਸਥਾਰ ਗਤੀਵਿਧੀਆਂ ਨਾਲ ਸਬੰਧਤ ਲੇਖਾ ਪ੍ਰੀਖਿਆ ਲੱਭਤਾਂ ਦੀ ਚਰਚਾ ਅਗਲੇ ਪੈਰ੍ਹਿਆਂ ਵਿੱਚ ਕੀਤੀ ਗਈ ਹੈ।

1.5.1 ਵਿਸਥਾਰ ਗਤੀਵਿਧੀਆਂ ਲਈ ਤੈਨਾਤ ਸਟਾਫ ਦੀ ਸਥਿਤੀ

2017-18 ਤੋਂ 2021-22 ਦੀ ਮਿਆਦ ਦੇ ਦੌਰਾਨ ਵਿਸਥਾਰ ਗਤੀਵਿਧੀਆਂ ਲਈ ਤੈਨਾਤ ਸਟਾਫ ਦੀ ਸਥਿਤੀ ਨੂੰ **ਚਾਰਟ** 1.24 ਵਿੱਚ ਦਰਸਾਇਆ ਗਿਆ ਹੈ।

ਚਾਰਟ 1.24: 2017-22 **ਦੌਰਾਨ ਵਿਸਥਾਰ ਗਤੀਵਿਧੀਆਂ ਲਈ ਤੈਨਾਤ ਸਟਾਫ ਦੀ ਸਥਿਤੀ**



ਸ੍ਰੋਤ: ਡਾਇਰੈਕਟਰ ਵਿਸਥਾਰ ਸਿੱਖਿਆ ਦੇ ਦਫਤਰ ਦੁਆਰਾ ਦਿੱਤੀ ਗਈ ਜਾਣਕਾਰੀ

ਸਟਾਫ ਦੇ ਸ਼੍ਰੇਣੀ/ਸਾਖਾ ਵਾਰ ਵਿਸਲੇਸ਼ਣ ਨੇ 2017-22 ਦੀ ਮਿਆਦ ਦੇ ਦੌਰਾਨ ਕੇ ਵੀ ਕੇਜ਼ ਅਤੇ ਐਫ ਏ ਐਸ ਸੀਜ਼ ਵਿੱਚ ਅਧਿਆਪਨ ਸਟਾਫ (27-30 *ਪ੍ਰਤੀਸ਼ਤ*) ਅਤੇ ਗੈਰ-ਅਧਿਆਪਨ ਸਟਾਫ (37-51 *ਪ੍ਰਤੀਸ਼ਤ*) ਅਤੇ ਡਾਇਰੈਕਟਰ ਵਿਸਥਾਰ ਸਿੱਖਿਆ ਦੇ ਦਫਤਰ ਵਿੱਚ ਅਧਿਆਪਨ ਸਟਾਫ (67-71 *ਪ੍ਰਤੀਸ਼ਤ*) ਅਤੇ ਗੈਰ-ਅਧਿਆਪਨ ਸਟਾਫ (63-88 *ਪ੍ਰਤੀਸ਼ਤ*) ਦੀ ਘਾਟ ਦਰਸਾਈ ਹੈ ***(ਅੰਤਿਕਾ*** 1.12*)*।

ਵਿਸਥਾਰ ਗਤੀਵਿਧੀਆਂ ਵਿੱਚ ਲੱਗੇ ਸਟਾਫ ਦੀ ਭਾਰੀ ਘਾਟ ਨੇ ਵਿਸਥਾਰ ਸਿੱਖਿਆ ਨੂੰ ਪ੍ਰਭਾਵਿਤ ਕੀਤਾ ਜਿਵੇਂ ਕਿ ਸਿਖਲਾਈ, ਨਵੀਆਂ ਵਿਕਸਤ ਤਕਨਾਲੋਜੀਆਂ ਅਤੇ ਕਿਸਮਾਂ ਦੇ ਨਾਕਾਫ਼ੀ ਫਰੰਟਲਾਈਨ ਪ੍ਰਦਰਸ਼ਨ (ਐਫ ਐਲ ਡੀ), ਆਦਿ, ਜਿਵੇਂ ਕਿ ***ਪੈਰ੍ਹੇ 1.5.3*** ਅਤੇ ***1.5.4*** ਵਿੱਚ ਚਰਚਾ ਕੀਤੀ ਗਈ ਹੈ।

ਡਾਇਰੈਕਟਰ, ਵਿਸਥਾਰ ਸਿੱਖਿਆ ਨੇ ਦੱਸਿਆ (ਸਤੰਬਰ 2023 ਅਤੇ ਅਕਤੂਬਰ 2024) ਕਿ ਖਾਲੀ ਪਈਆਂ ਸਾਰੀਆਂ ਅਸਾਮੀਆਂ ਦਾ ਇਸ਼ਤਿਹਾਰ ਦਿੱਤਾ ਗਿਆ ਸੀ (ਜੂਨ 2023) ਅਤੇ ਪੀ ਏ ਯੂ ਨੇ 2024 ਦੌਰਾਨ ਵੱਖ-ਵੱਖ ਕੇ ਵੀ ਕੇਜ਼ ਵਿੱਚ ਚਾਰ ਡਿਪਟੀ ਡਾਇਰੈਕਟਰ (ਸਿਖਲਾਈ), 22 ਸਹਾਇਕ ਪ੍ਰੋਫੈਸਰਾਂ ਅਤੇ ਦੋ ਸਹਾਇਕਾਂ ਦੀ ਭਰਤੀ ਕੀਤੀ ਸੀ। ਹੋਰ ਸਟਾਫ ਦੀ ਭਰਤੀ ਦੀ ਪ੍ਰਕਿਰਿਆ ਚਲ ਰਹੀ ਦੱਸੀ ਗਈ ਸੀ।

ਭਾਵੇਂ ਯੂਨੀਵਰਸਿਟੀ ਨੇ ਮਨਜ਼ੂਰਸ਼ੁਦਾ ਅਸਾਮੀਆਂ ਅਤੇ ਤੈਨਾਤ ਨਫਰੀ ਵਿਚਕਾਰ ਪਾੜੇ ਨੂੰ ਭਰਨ ਲਈ ਯਤਨ ਕੀਤੇ ਸਨ, ਪਰ ਫਿਰ ਵੀ ਸਟਾਫ ਦੀ ਘਾਟ ਕਾਫੀ ਜ਼ਿਆਦਾ ਸੀ ਕਿਉਂਕਿ 2021-22 ਵਿੱਚ 278 ਅਸਾਮਿਆਂ ਦੇ ਮਕਾਬਲੇ ਸਿਫਰ 28 ਅਸਾਮਿਆਂ ਲਈ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ।

1.5.2 ਕ੍ਰਿਸ਼ੀ ਵਿਗਿਆਨ ਕੇਂਦਰਾਂ ਦੀਆਂ ਜ਼ਮੀਨਾਂ

ਮਾਰਚ 2022 ਤੱਕ, ਆਈ ਸੀ ਏ ਆਰ ਦੁਆਰਾ ਇੱਕ ਜੀ ਓ ਆਈ ਸਕੀਮ ਦੇ ਅਧੀਨ ਪੀ ਏ ਯੂ ਨੂੰ 18 ਕੇ ਵੀ ਕੇਜ਼ ਮਨਜ਼ੂਰ ਕੀਤੇ ਗਏ ਸਨ। ਇਹਨਾਂ ਕੇ ਵੀ ਕੇਜ਼ ਨੂੰ ਸਥਾਪਿਤ ਕਰਨ ਲਈ, ਆਈ ਸੀ ਏ ਆਰ ਨੇ ਪੀ ਏ ਯੂ ਨਾਲ ਐਮ ਓ ਯੂਜ਼ ਕੀਤੇ (ਫਰਵਰੀ 1982-ਸਤੰਬਰ 2016), ਜਿਸ ਵਿੱਚ ਹਰੇਕ ਕੇ ਵੀ ਕੇ ਲਈ ਚੰਗੀ ਗੁਣਵੱਤਾ ਵਾਲੀ ਖੇਤੀ ਯੋਗ ਜ਼ਮੀਨ ਦੀ ਲੋੜ ਸ਼ਾਮਲ ਸੀ ਤਾਂ ਜੋ ਕੰਮ-ਅਨੁਭਵ/ ਸਿੱਖਿਆਂ ਰਾਹੀਂ ਸਿਖਲਾਈ/ਨਿਰਦੇਸ਼ ਦਿੱਤੇ ਜਾ ਸਕਣ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 18 ਕੇ ਵੀ ਕੇਜ਼ ਵਿੱਚੋਂ, ਗੁਰਦਾਸਪੁਰ ਵਿਖੇ ਸਿਰਫ਼ ਇੱਕ ਕੇ ਵੀ ਕੇ ਨੇ ਐਮ ਓ ਯੂ ਦੇ ਅਨੁਸਾਰ ਘਟੋਂ ਘੱਟ ਜ਼ਮੀਨੀ ਸੰਪਤੀ ਦੀ ਸ਼ਰਤ ਪੂਰੀ ਕੀਤੀ ਸੀ। ਬਾਕੀ 17 ਕੇ ਵੀ ਕੇਜ਼ ਵਿੱਚ, ਸਬੰਧਤ ਐਮ ਓ ਯੂਜ਼ ***(ਅੰਤਿਕਾ*** 1.13***)*** ਵਿੱਚ ਲੋੜ ਅਨੁਸਾਰ ਵਾਹੀਯੋਗ ਜਮੀਨ ਦੀ 1 ਏਕੜ ਤੋਂ 47.8 ਏਕੜ ਤੱਕ ਘਾਟ ਸੀ। ਇਸ ਤਰ੍ਹਾਂ, 17 ਕੇ ਵੀ ਕੇਜ਼ ਦੇ ਸਬੰਧ ਵਿੱਚ ਜ਼ਮੀਨੀ ਸੰਪਤੀ ਲਈ ਆਈ ਸੀ ਏ ਆਰ ਦੁਆਰਾ ਨਿਰਧਾਰਤ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ, ਜਿਸ ਕਾਰਨ ਲਾਭਪਾਤਰੀਆਂ ਨੂੰ ਵਿਹਾਰਕ ਸਿਖਲਾਈ/ਕੰਮ ਦੇ ਤਜਰਬੇ ਦੇ ਪ੍ਰਸਾਰ ਉੱਤੇ ਪ੍ਰਭਾਵ ਪਿਆ।

ਐਗਜ਼ਿਟ ਕਾਨਫਰੰਸ ਵਿੱਚ, ਪੀ ਏ ਯੂ ਨੇ ਜ਼ਮੀਨ ਦੀ ਘਾਟ ਦੇ ਕਾਰਨਾਂ ਨੂੰ ਪੰਜਾਬ ਵਿੱਚ ਜ਼ਮੀਨ ਦੀ ਉੱਚ ਕੀਮਤ ਨੂੰ ਜਿੰਮੇਵਾਰ ਠਹਿਰਾਉਂਦੇ ਹੋਏ ਕਿਹਾ (ਜੂਨ 2023) ਕਿ ਇਸ ਮਾਮਲੇ ਨੂੰ ਕੇ ਵੀ ਕੇਜ਼ ਵਿੱਚ ਜਮੀਨ ਦੀ ਘਾਟ ਦੇ ਵੱਡੇ ਮਾਮਲਿਆਂ ਵਿੱਚ ਵੇਖਿਆ ਜਾਵੇਗਾ।

ਯੂਨੀਵਰਸਿਟੀ ਨੇ ਜਵਾਬ ਦਿੱਤਾ (ਅਕਤੂਬਰ 2024) ਕਿ ਆਈ ਸੀ ਏ ਆਰ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਇੱਕ ਜ਼ਿਲ੍ਹੇ ਵਿੱਚ ਕੇ ਵੀ ਕੇ ਸਥਾਪਨਾ ਲਈ 20 ਹੈਕਟੇਅਰ ਰਕਬਾ ਮੁਫਤ ਉਪਲਬਧ ਕਰਵਾਇਆ ਜਾਣਾ ਸੀ ਅਤੇ ਪੀ ਏ ਯੂ ਨੇ ਪੰਚਾਇਤੀ ਜ਼ਮੀਨ 'ਤੇ ਜਾਂ ਪੀ ਏ ਯੂ ਫਾਰਮਾਂ 'ਤੇ 18 ਕੇ ਵੀ ਕੇਜ਼ ਸਥਾਪਤ ਕੀਤੇ ਸਨ। ਸਾਈਟ ਦੀ ਚੋਣ ਪੂਰੀ ਤਰ੍ਹਾਂ ਆਈ ਸੀ ਏ ਆਰ, ਨਵੀਂ ਦਿੱਲੀ ਦੀ ਇੱਕ ਕਮੇਟੀ ਦੁਆਰਾ ਮਨਜ਼ੂਰੀ ਕੀਤੀ ਗਈ ਸੀ ਅਤੇ ਪੀ ਏ ਯੂ ਨੇ ਸਿਰਫ਼ ਪੰਚਾਇਤ ਦੁਆਰਾ

ਦਾਨ ਕੀਤੀਆਂ ਜਾਣ ਵਾਲੀਆਂ ਥਾਵਾਂ 'ਤੇ ਜਾਣ ਲਈ ਕਮੇਟੀ ਨੂੰ ਸਹੂਲਤ ਪ੍ਰਦਾਨ ਕੀਤੀ ਸੀ। ਕੇ ਵੀ ਕੇਜ਼ ਸਾਈਟ ਚੋਣ ਕਮੇਟੀ ਦੁਆਰਾ ਪ੍ਰਵਾਨਿਤ ਜ਼ਮੀਨਾਂ 'ਤੇ ਸਥਾਪਿਤ ਕੀਤੇ ਗਏ ਸਨ ਅਤੇ ਇਹ ਸਬੰਧਤ ਪੰਚਾਇਤਾਂ ਦੁਆਰਾ ਦਾਨ ਕੀਤੀ ਗਈ ਜ਼ਮੀਨ 'ਤੇ ਨਿਰਭਰ ਕਰਦਾ ਹੈ।

ਜਵਾਬ ਨੂੰ ਇਸ ਤੱਥ ਦੇ ਮੱਦੇਨਜ਼ਰ ਵੇਖਿਆ ਜਾ ਸਕਦਾ ਹੈ ਕਿ ਖੇਤੀਬਾੜੀ ਸਿਖਲਾਈ ਦੇਣ ਲਈ ਜ਼ਮੀਨ ਇੱਕ ਪ੍ਰਮੁੱਖ ਸਰੋਤ ਸੀ। ਇਸ ਤਰ੍ਹਾਂ, ਕੇ ਵੀ ਕੇਜ਼ ਕੋਲ ਜ਼ਮੀਨ ਦੀ ਘਾਟ ਨੇ ਪ੍ਰਦਾਨ ਕੀਤੀ ਗਈ ਸਿਖਲਾਈ ਦੀ ਗੁਣਵੱਤਾ ਨੂੰ ਪ੍ਰਭਾਵਤ ਕੀਤਾ ਸੀ।

1.5.3 ਕ੍ਰਿਸ਼ੀ ਵਿਗਿਆਨ ਕੇਂਦਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸਿਖਲਾਈਆਂ

ਕੇ ਵੀ ਕੇਜ਼ ਦੇ ਅਧਿਕਾਰ ਵਿੱਚ ਕਿਸਾਨਾਂ ਨੂੰ ਆਧੁਨਿਕ ਖੇਤੀਬਾੜੀ ਤਕਨਾਲੋਜੀਆਂ ਵਿੱਚ ਆਪਣੇ ਗਿਆਨ ਅਤੇ ਹੁਨਰ ਨੂੰ ਅਪਡੇਟ ਕਰਨ ਲਈ ਲੋੜ ਅਧਾਰਤ ਸਿਖਲਾਈ ਦੇਣਾ ਅਤੇ ਤਕਨੀਕੀ ਵਿਕਾਸ ਦੇ ਸਰਹੱਦੀ ਖੇਤਰਾਂ ਵਿੱਚ ਉਹਨਾਂ ਨੂੰ ਅਗਵਾਈ ਦੇਣ ਲਈ ਵਿਸਥਾਰ ਕਰਮਚਾਰੀਆਂ ਦੀ ਸਿਖਲਾਈ ਦਾ ਪ੍ਰਬੰਧ ਕਰਨਾ ਸ਼ਾਮਲ ਹੈ। ਕੇ ਵੀ ਕੇਜ਼ ਪ੍ਰਗਤੀਸ਼ੀਲ ਕਿਸਾਨਾਂ, ਕਿਸਾਨ ਔਰਤਾਂ ਅਤੇ ਪੇਂਡੂ ਨੌਜਵਾਨਾਂ ਨੂੰ ਗਿਆਨ ਅਤੇ ਹੁਨਰ ਵਿੱਚ ਕਿੱਤਾਮੁਖੀ ਸਿਖਲਾਈ[85] ਵੀ ਪ੍ਰਦਾਨ ਕਰਦੇ ਹਨ, ਜੋ ਉਹਨਾ ਨੂੰ ਸਵੈ-ਰੋਜ਼ਗਾਰ ਲਈ ਜਾਂ ਉਨ੍ਹਾਂ ਦੀ ਖੇਤੀ ਆਮਦਨ ਤੋਂ ਇਲਾਵਾ ਵਾਧੂ ਆਮਦਨ ਪੈਦਾ ਕਰਨ ਲਈ ਛੋਟੇ-ਪੱਧਰ ਦੇ ਉਦਯੋਗ[86] ਸ਼ੁਰੂ ਕਰਨ ਦੇ ਯੋਗ ਬਣਾਉਦੇ ਹਨ।

31 ਮਾਰਚ 2006 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ (ਸਿਵਲ) ਪੰਜਾਬ ਸਰਕਾਰ (***ਪੈਰ੍ਹਾ 3.2.16***) ਨੇ ਵੀ ਸਿਖਲਾਈਆਂ ਵਿੱਚ ਕਮੀ ਨੂੰ ਉਜਾਗਰ ਕੀਤਾ ਸੀ।

(i) 2017-22 ਦੀ ਮਿਆਦ ਦੇ ਦੌਰਾਨ ਕੋਰਸਾਂ ਅਤੇ ਭਾਗੀਦਾਰਾਂ ਦੀ ਸੰਖਿਆ ਦੇ ਸੰਦਰਭ ਵਿੱਚ ਚੁਣੇ ਗਏ ਛੇ ਕੇ ਵੀ ਕੇਜ਼ ਦੁਆਰਾ ਦਿੱਤੀਆਂ ਗਈਆਂ ਸਿਖਲਾਈਆਂ ਦੀ ਪ੍ਰਾਪਤੀ ਦੀ ਤੁਲਨਾ ਵਿੱਚ ਟੀਚਿਆਂ ਦੀ ਸਮੁੱਚੀ ਸਥਿਤੀ ਦਾ ਵੇਰਵਾ **ਸਾਰਣੀ** 1.17 ਵਿੱਚ ਦਿੱਤਾ ਗਿਆ ਹੈ।

ਸਾਰਣੀ 1.17 : 2017-22 ਦੇ ਦੌਰਾਨ ਕੋਰਸਾਂ ਅਤੇ ਭਾਗੀਦਾਰਾਂ ਦੀ ਸੰਖਿਆ ਦੇ ਰੂਪ ਵਿੱਚ ਚੁਣੇ ਗਏ ਛੇ ਕੇ ਵੀ ਕੇਜ਼ ਦੁਆਰਾ ਦਿੱਤੀ ਗਈ ਸਿਖਲਾਈ ਦੀ ਪ੍ਰਾਪਤੀ ਦੀ ਤੁਲਨਾ ਵਿੱਚ ਟੀਚਾ

ਲੜੀ ਨੰ.	ਕੇ ਵੀ ਕੇ ਦਾ ਨਾਂਅ	ਕੋਰਸਾਂ ਦੀ ਸੰਖਿਆ		ਭਾਗੀਦਾਰਾਂ ਦੀ ਸੰਖਿਆ	
		ਟੀਚਾ	ਪ੍ਰਾਪਤੀ	ਟੀਚਾ	ਪ੍ਰਾਪਤੀ
1.	ਫਰੀਦਕੋਟ	502	467	7,000	6,790
2.	ਫਿਰੋਜ਼ਪੁਰ	450	592	9,958	11,761
3.	ਲੰਗੜੋਆ (ਐਸ ਬੀ ਐਸ ਨਗਰ)	451	424	9,622	8,649
4.	ਨੂਰਮਹਿਲ (ਜਲੰਧਰ)	488	398	9,679	9,621
5.	ਰੋਪੜ	467	428	7,707	14,254
6.	ਖੇੜੀ (ਸੰਗਰੂਰ)	429	352	9,930	8,849

ਸ੍ਰੋਤ: ਨਮੂਨਾ-ਜਾਂਚ ਕੀਤੇ ਕੇ ਵੀ ਕੇਜ਼ ਦੇ ਦਸਤਾਵੇਜ਼

---

85 ਹਾਈਬ੍ਰਿਡ ਬੀਜ ਉਤਪਾਦਨ, ਖੁਸ਼ਬੂਦਾਰ ਅਤੇ ਮੈਡੀਕਲ ਪੌਦਿਆਂ ਦੀ ਖੇਤੀ; ਡੇਅਰੀ; ਪੋਲਟਰੀ; ਮਧੂ-ਮੱਖੀ ਪਾਲਣ; ਵਰਮੀ ਕੰਪੋਸਟ; ਮੱਛੀ ਪਾਲਣ; ਸੂਰ ਪਾਲਣ; ਖੁੰਬਾਂ ਉਗਾਉਣਾ; ਏਕੀਕ੍ਰਿਤ ਕੀਟ ਪ੍ਰਬੰਧਨ; ਨਰਸਰੀ ਪਾਲਣ (ਬਾਗਬਾਨੀ, ਸਬਜੀਆਂ ਅਤੇ ਫੁੱਲਾਂ ਦੇ ਪੌਦੇ); ਫੂਡ ਪ੍ਰੋਸੈਸਿੰਗ ਅਤੇ ਮੁੱਲ ਵਾਧਾ; ਖੇਤੀ ਮਸ਼ੀਨਰੀ ਦੀ ਮੁਰੰਮਤ ਅਤੇ ਰੱਖ-ਰਖਾਅ; ਪੇਂਡੂ ਨੌਜਵਾਨਾਂ ਦਾ ਸਵੈ-ਰੋਜ਼ਗਾਰ; ਆਦਿ।

86 ਸਿਲਾਈ; ਕਢਾਈ; ਬੁਣਾਈ; ਸਾਫਟ ਖਿਡੌਣੇ ਬਣਾਉਣਾ; ਸਾਬਣ ਅਤੇ ਡਿਟਰਜੈਂਟ ਬਣਾਉਣਾ; ਫਲ ਅਤੇ ਸਬਜੀਆਂ ਦੀ ਸੰਭਾਲ; ਭੋਜਨ ਅਤੇ ਪੋਸ਼ਣ; ਆਦਿ।

ਸਾਰਣੀ 1.17 ਦਰਸਾਉਂਦੀ ਹੈ ਕਿ ਫਿਰੋਜ਼ਪੁਰ (ਕੋਰਸਾਂ ਅਤੇ ਭਾਗੀਦਾਰਾਂ ਦੀ ਸੰਖਿਆ ਦੇ ਸਬੰਧ ਵਿੱਚ ਟੀਚਿਆਂ ਨੂੰ ਪ੍ਰਾਪਤ ਕਰਨਾ) ਅਤੇ ਰੋਪੜ ਵਿਖੇ (ਭਾਗੀਦਾਰਾਂ ਦੇ ਸਬੰਧ ਵਿੱਚ ਟੀਚਿਆਂ ਨੂੰ ਪ੍ਰਾਪਤ ਕਰਨਾ) ਦੋ ਕੇ ਵੀ ਕੇਜ਼ ਨੂੰ ਛੱਡ ਕੇ, ਹੋਰ ਚਾਰ ਚੁਣੇ ਗਏ ਕੇ ਵੀ ਕੇਜ਼ ਵਿਚੋਂ ਕੋਈ ਵੀ 2017-22 ਦੀ ਮਿਆਦ ਦੇ ਦੌਰਾਨ ਲਾਭਪਾਤਰੀਆਂ ਨੂੰ ਸਿਖਲਾਈ ਦੇਣ ਦੇ ਟੀਚਿਆਂ ਨੂੰ ਪ੍ਰਾਪਤ ਨਹੀਂ ਕਰ ਸਕਿਆ।

2017-22 ਦੀ ਮਿਆਦ ਦੇ ਦੌਰਾਨ ਚੁਣੇ ਗਏ ਛੇ ਕੇ ਵੀ ਕੇਜ਼ ਦੇ ਸਬੰਧ ਵਿੱਚ ਕੋਰਸਾਂ ਅਤੇ ਭਾਗੀਦਾਰਾਂ ਦੀ ਸੰਖਿਆ ਦੇ ਮਾਮਲੇ ਵਿੱਚ ਸ਼੍ਰੇਣੀ-ਵਾਰ ਕਮੀ ਨੂੰ **ਸਾਰਣੀ** 1.18 ਅਤੇ ***ਅੰਤਿਕਾ 1.14*** ਅਤੇ ***ਅੰਤਿਕਾ 1.15*** ਵਿੱਚ ਦਰਸਾਇਆ ਗਿਆ ਹੈ।

ਸਾਰਣੀ 1.18: 2017-22 ਦੀ ਮਿਆਦ ਦੇ ਦੌਰਾਨ ਚੁਣੇ ਗਏ ਛੇ ਕੇ ਵੀ ਕੇਜ਼ ਦੇ ਸਬੰਧ ਵਿੱਚ ਕੋਰਸਾਂ ਅਤੇ ਭਾਗੀਦਾਰਾਂ ਦੀ ਸੰਖਿਆ ਦੇ ਸਬੰਧ ਵਿੱਚ ਟੀਚਿਆਂ ਦੀ ਪ੍ਰਾਪਤੀ ਵਿੱਚ ਸ਼੍ਰੇਣੀ-ਵਾਰ ਕਮੀ

ਲੜੀ ਨੰ.	ਕੇ ਵੀ ਕੇ ਦਾ ਨਾਂਅ	ਕਮੀ (*ਪ੍ਰਤੀਸ਼ਤ* ਵਿੱਚ)					
		ਕਿਸਾਨ ਅਤੇ ਕਿਸਾਨ ਔਰਤਾਂ		ਕਿੱਤਾ ਮੁਖੀ ਕੋਰਸ		ਇਨ-ਸਰਵਿਸ ਸਿਖਲਾਈਆਂ	
		ਕੋਰਸ	ਭਾਗੀਦਾਰ	ਕੋਰਸ	ਭਾਗੀਦਾਰ	ਕੋਰਸ	ਭਾਗੀਦਾਰ
1.	ਫਰੀਦਕੋਟ	7.19	4.16	2.5	10.3	16.67	0
2.	ਫਿਰੋਜ਼ਪੁਰ	0	0	1.52	59.36	62.12	58.36
3.	ਲੰਗੜੋਆ (ਐਸ ਬੀ ਐਸ ਨਗਰ)	4.78	13.23	16.39	0	0	17.74
4.	ਨੂਰਮਹਿਲ (ਜਲੰਧਰ)	4.31	0	27.00	0	77.78	51.11
5.	ਰੋਪੜ	4.06	0	3.85	0	50.00	10.99
6.	ਖੇੜੀ (ਸੰਗਰੂਰ)	16.96	7.11	15.63	14.40	29.55	28.63

ਸ੍ਰੋਤ: ਨਮੂਨਾ-ਜਾਂਚ ਕੀਤੇ ਕੇ ਵੀ ਕੇਜ਼

2017-22 ਦੌਰਾਨ ਚੁਣੇ ਹੋਏ ਛੇ ਜ਼ਿਲ੍ਹਿਆਂ ਦੇ ਸਬੰਧ ਵਿੱਚ ਸ਼੍ਰੇਣੀ-ਵਾਰ ਟੀਚਿਆਂ ਦੀ ਤੁਲਨਾ ਵਿੱਚ ਪ੍ਰਾਪਤੀਆਂ ਦੇ ਵਿਸ਼ਲੇਸ਼ਣ (**ਸਾਰਣੀ** 1.18) ਨੇ ਦਰਸਾਇਆ ਕਿ:

- 'ਕਿਸਾਨ ਅਤੇ ਕਿਸਾਨ ਔਰਤਾਂ' ਸ਼੍ਰੇਣੀ ਵਿੱਚ ਕੋਰਸਾਂ ਅਤੇ ਭਾਗੀਦਾਰਾਂ ਦੀ ਸੰਖਿਆ ਦੇ ਮਾਮਲੇ ਵਿੱਚ ਪ੍ਰਾਪਤੀ ਤਸੱਲੀਬਖਸ਼ ਸੀ ਕਿਉਂਕਿ ਕੇ ਵੀ ਕੇ ਖੇੜੀ (ਸੰਗਰੂਰ) ਨੂੰ ਛੱਡ ਕੇ ਕੋਰਸਾਂ ਦੀ ਸੰਖਿਆ ਵਿੱਚ ਕਮੀ ਪੰਜ ਸਾਲਾਂ ਦੀ ਮਿਆਦ ਵਿੱਚ 15 *ਪ੍ਰਤੀਸ਼ਤ* ਤੋਂ ਵੱਧ ਪਾਈ ਗਈ ਸੀ।
- 'ਕਿੱਤਾ ਮੁਖੀ ਕੋਰਸਾਂ' ਸ਼੍ਰੇਣੀ ਵਿੱਚ, ਕੋਰਸਾਂ ਦੀ ਸੰਖਿਆ ਦੇ ਮਾਮਲੇ ਵਿੱਚ ਤਿੰਨ ਕੇ ਵੀ ਕੇਜ਼[87] ਵਿੱਚ 15 *ਪ੍ਰਤੀਸ਼ਤ* ਤੋਂ ਵੱਧ ਦੀ ਕਮੀ ਪਾਈ ਗਈ ਅਤੇ ਕੇ ਵੀ ਕੇ ਫਿਰੋਜ਼ਪੁਰ ਵਿੱਚ, ਪੰਜ ਸਾਲਾਂ ਦੀ ਮਿਆਦ ਵਿੱਚ ਭਾਗੀਦਾਰਾਂ ਦੀ ਸੰਖਿਆ ਵਿੱਚ 59 *ਪ੍ਰਤੀਸ਼ਤ* ਦੀ ਕਮੀ ਸੀ।
- 'ਇਨ-ਸਰਵਿਸ ਸਿਖਲਾਈ' ਸ਼੍ਰੇਣੀ ਦੇ ਅਧੀਨ, ਪੰਜ ਕੇ ਵੀ ਕੇਜ਼[88] ਵਿੱਚ 15 *ਪ੍ਰਤੀਸ਼ਤ* ਤੋਂ ਵੱਧ ਕਮੀ ਪਾਈ ਗਈ ਸੀ ਜਿਸ ਵਿੱਚ ਤਿੰਨ ਕੇ ਵੀ ਕੇਜ਼[89] ਵਿੱਚ ਕੋਰਸਾਂ ਦੀ ਸੰਖਿਆ ਦੇ ਮਾਮਲਿਆਂ ਵਿੱਚ 50 *ਪ੍ਰਤੀਸ਼ਤ* ਤੋਂ ਵੱਧ ਦੀ ਕਮੀ ਹੈ; ਅਤੇ ਭਾਗੀਦਾਰਾਂ ਦੀ ਸੰਖਿਆ ਦੇ

87 ਲੰਗੜੋਆ (ਐਸ ਬੀ ਐਸ ਨਗਰ), ਖੇੜੀ (ਸੰਗਰੂਰ) ਅਤੇ ਨੂਰਮਹਿਲ (ਜਲੰਧਰ)।

88 ਫਰੀਦਕੋਟ, ਫਿਰੋਜ਼ਪੁਰ, ਖੇੜੀ (ਸੰਗਰੂਰ), ਨੂਰਮਹਿਲ (ਜਲੰਧਰ) ਅਤੇ ਰੋਪੜ।

89 ਫਿਰੋਜ਼ਪੁਰ, ਨੂਰਮਹਿਲ (ਜਲੰਧਰ) ਅਤੇ ਰੋਪੜ।

ਵਜੋਂ ਚਾਰ ਕੇ ਵੀ ਕੇਜ਼ ਵੀ ਸ਼ਾਮਲ ਹਨ ਜਿਨ੍ਹਾਂ ਵਿੱਚ ਪੰਜ ਸਾਲਾਂ ਦੀ ਮਿਆਦ ਵਿੱਚ 15 *ਪ੍ਰਤੀਸ਼ਤ* ਤੋਂ ਵੱਧ ਕਮੀ ਪਾਈ ਗਈ ਸੀ, ਜਿਸ ਵਿੱਚ ਦੋ ਕੇ ਵੀ ਕੇਜ਼ ਵਿੱਚ 50 *ਪ੍ਰਤੀਸ਼ਤ* ਤੋਂ ਵੱਧ ਕਮੀ ਹੈ।

ਟੀਚਿਆਂ ਦੀ ਪ੍ਰਾਪਤੀ ਵਿੱਚ ਕਮੀ ਦਾ ਕਾਰਨ ਮੈਨਪਾਵਰ ਅਤੇ ਲੋੜੀਂਦੀ ਜ਼ਮੀਨੀ ਸੰਪਤੀ ਦੀ ਕਮੀ ਹੋ ਸਕਦੀ ਹੈ, ਜਿਵੇਂ ਕਿ ਕ੍ਰਮਵਾਰ ***ਪੈਰ੍ਹਾ 1.5.1*** ਅਤੇ ***1.5.2*** ਵਿੱਚ ਚਰਚਾ ਕੀਤੀ ਗਈ ਹੈ।

(ii) ਕੇਂਦਰੀ ਸੈਕਟਰ ਸਕੀਮ[90] ਅਧੀਨ, ਪੀ ਏ ਯੂ ਦੇ ਅਧੀਨ ਕੇ ਵੀ ਕੇਜ਼ ਵੱਖ-ਵੱਖ ਵਿਸਥਾਰ ਗਤੀਵਿਧੀਆਂ ਕਰਨ ਲਈ ਪਿੰਡਾਂ ਨੂੰ ਅਪਣਾਉਂਦੇ ਹਨ ਅਤੇ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਵਿੱਚ ਕਮੀ ਲਿਆਉਣ ਲਈ ਸਿਖਲਾਈ ਦਿੰਦੇ ਹਨ। ਇਹ ਅਪਣਾਉਣਾ ਕਿਸਾਨਾਂ ਨੂੰ ਪੀ ਏ ਯੂ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਤਕਨੀਕਾਂ ਪ੍ਰਦਾਨ ਕਰਨ, ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਨੂੰ ਘਟਾਉਣ ਲਈ ਲੋਕਾਂ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਤਕਨੀਕਾਂ ਨੂੰ ਅਪਣਾਉਣ ਲਈ ਕੀਤਾ ਗਿਆ ਸੀ। 2018-19[91] ਤੋਂ 2021-22 ਤੱਕ ਦੀ ਮਿਆਦ ਲਈ ਚੁਣੇ ਗਏ ਹਰੇਕ ਕੇ ਵੀ ਕੇਜ਼ ਦੁਆਰਾ ਅਪਣਾਏ ਗਏ ਪਿੰਡਾਂ ਦੀ ਸੰਖਿਆ ਦੇ ਵੇਰਵੇ **ਸਾਰਣੀ** 1.19 ਵਿੱਚ ਦਿੱਤੇ ਗਏ ਹਨ।

ਸਾਰਣੀ 1.19: 2018-22 ਦੀ ਮਿਆਦ ਦੌਰਾਨ ਚੁਣੇ ਗਏ ਕੇ ਵੀ ਕੇਜ਼ ਦੁਆਰਾ ਅਪਣਾਏ ਗਏ ਪਿੰਡਾ ਦੀ ਸੰਖਿਆ ਦੇ ਵੇਰਵੇ

ਲੜੀ ਨੰ.	ਕੇ ਵੀ ਕੇ ਦਾ ਨਾਂਅ	ਜ਼ਿਲ੍ਹੇ ਵਿੱਚ ਬਲਾਕਾਂ ਦੀ ਸੰਖਿਆ	ਅਪਣਾਏ ਗਏ ਪਿੰਡਾਂ ਦੀ ਸੰਖਿਆ	ਕਵਰ ਕੀਤੇ ਗਏ ਬਲਾਕ	ਕਵਰ ਨਹੀਂ ਕੀਤੇ ਗਏ ਬਲਾਕ
1.	ਫਰੀਦਕੋਟ	3	20	ਫਰੀਦਕੋਟ ਅਤੇ ਕੋਟਕਪੁਰਾ	ਜੈਤੋਂ
2.	ਫਿਰੋਜ਼ਪੁਰ	6	16	ਫਿਰੋਜ਼ਪੁਰ, ਜ਼ੀਰਾ, ਘੱਲ ਖੁਰਦ, ਮਮਦੋਟ ਅਤੇ ਮੱਖੂ	ਗੁਰੂ ਹਰਸਹਾਏ
3.	ਲੰਗੜੋਆ (ਐਸ ਬੀ ਐਸ ਨਗਰ)	5	22*	ਬੰਗਾ, ਸੜੋਆ, ਅਤੇ ਐਸ ਬੀ ਐਸ ਨਗਰ	ਔੜ ਅਤੇ ਬਲਾਚੌਰ
4.	ਨੂਰਮਹਿਲ (ਜਲੰਧਰ)	11	19	ਲੋਹੀਆਂ, ਸ਼ਾਹਕੋਟ ਅਤੇ ਨੂਰਮਹਿਲ, ਨਕੋਦਰ ਅਤੇ ਆਦਮਪੁਰ	ਭੋਗਪੁਰ, ਫਿਲੌਰ, ਰੁੜਕਾ ਕਲਾਂ, ਮਹਿਤਪੁਰ, ਜਲੰਧਰ ਪੂਰਬੀ ਅਤੇ ਜਲੰਧਰ ਪੱਛਮੀ
5.	ਰੋਪੜ	5	16*	ਚਮਕੌਰ ਸਾਹਿਬ ਅਤੇ ਰੋਪੜ	ਸ੍ਰੀ ਆਨੰਦਪੁਰ ਸਹਿਬ, ਮੋਰਿੰਡਾ ਅਤੇ ਨੂਰਪੁਰ ਬੇਦੀ
6.	ਖੇੜੀ (ਸੰਗਰੂਰ)	8	18*	ਸੁਨਾਮ, ਭਵਾਨੀਗੜ੍ਹ, ਧੂਰੀ, ਸੰਗਰੂਰ, ਸ਼ੇਰਪੁਰ, ਅੰਦਾਨਾ/ਮੂਨਕ ਅਤੇ ਲਹਿਰਾਗਾਗਾ	ਦਿੜ੍ਹਬਾ

ਸ੍ਰੋਤ: ਨਮੂਨਾ-ਜਾਂਚ ਕੀਤੇ ਗਏ ਕੇ ਵੀ ਕੇਜ਼ ਅਤੇ ਸਬੰਧਤ ਜ਼ਿਲ੍ਹਿਆਂ ਦੀ ਅਧਿਕਾਰਤ ਵੈਬਸਾਈਟ (ਇੱਕ ਜ਼ਿਲ੍ਹੇ ਵਿੱਚ ਬਲਾਕਾਂ ਦੀ ਕੁੱਲ ਸੰਖਿਆ ਲਈ)

** ਕੇ ਵੀ ਕੇ, ਰੋਪੜ ਨੇ ਇੱਕ ਪਿੰਡ ਨੂੰ ਦੋ ਵਾਰ (2019-20 ਅਤੇ 2021-22) ਗੋਦ ਲਿਆ; ਕੇ ਵੀ ਕੇ, ਖੇੜੀ (ਸੰਗਰੂਰ) ਨੇ ਇੱਕ ਪਿੰਡ ਨੂੰ, ਦੋ ਵਾਰ (2018-19 ਅਤੇ 2020-21) ਗੋਦ ਲਿਆ; ਅਤੇ ਕੇ ਵੀ ਕੇ ਲੰਗੜੋਆ (ਐਸ ਬੀ ਐਸ ਨਗਰ) ਨੇ 2018-22 ਦੀ ਮਿਆਦ ਦੌਰਾਨ ਛੇ ਪਿੰਡ ਦੋ ਵਾਰ ਅਤੇ ਇੱਕ ਪਿੰਡ ਤਿੰਨ ਵਾਰ ਗੋਦ ਲਿਆ।*

---

90 ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਰਾਜਾਂ ਵਿੱਚ ਅਤੇ ਦਿੱਲੀ ਦੇ ਐਨ ਸੀ ਟੀ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਦੇ ਇੱਨ-ਸੀਟੂ ਪ੍ਰਬੰਧਨ ਲਈ ਖੇਤੀਬਾੜੀ ਮਸ਼ੀਨੀਕਰਨ ਨੂੰ ਉਤਸ਼ਾਹਿਤ ਕਰਨਾ।

91 ਪਿੰਡਾਂ ਨੂੰ ਅਪਣਾਉਣ ਦੀ ਪ੍ਰਕਿਰਿਆ 2018-19 ਤੋਂ ਸ਼ੁਰੂ ਕੀਤੀ ਗਈ ਸੀ।

ਸਾਰਣੀ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਕੇ ਵੀ ਕੇਜ਼ ਦੁਆਰਾ ਸਿਰਫ਼ 24 ਬਲਾਕਾਂ ਦੇ ਪਿੰਡਾਂ ਨੂੰ ਸਰਪੰਚਾਂ, ਪ੍ਰਗਤੀਸ਼ੀਲ ਕਿਸਾਨਾਂ, ਖੇਤੀਬਾੜੀ ਵਿਕਾਸ ਅਧਿਕਾਰੀਆਂ ਅਤੇ ਸਹਿਕਾਰੀ ਸਭਾਵਾਂ ਨਾਲ ਸਲਾਹ-ਮਸ਼ਵਰਾ ਕਰਕੇ ਪ੍ਰਾਇਮਰੀ ਸਰਵੇਖਣਾ 'ਤੇ ਅਧਾਰਤ ਕਿਸਾਨਾਂ ਦੀ ਨਵੀਂ ਤਕਨਾਲੋਜੀਆਂ ਦੀ ਅਨੁਕੂਲਤਾ ਦੇ ਅਧਾਰ 'ਤੇ ਚੋਣ ਕੀਤੀ ਗਈ ਸੀ। ਹਾਲਾਂਕਿ, ਬਾਕੀ ਰਹਿੰਦੇ 14 ਬਲਾਕਾਂ ਵਿਚੋਂ ਪਿੰਡਾਂ ਨੂੰ ਕਵਰ ਨਾ ਕਰਨ ਦੇ ਕਾਰਨ ਲੇਖਾ ਪ੍ਰੀਖਿਆ ਨੂੰ ਪੇਸ਼ ਨਹੀਂ ਕੀਤੇ ਗਏ ਸਨ।

ਯੂਨੀਵਰਸਿਟੀ ਨੇ ਸੂਚਿਤ ਕੀਤਾ (ਅਕਤੂਬਰ 2024) ਕਿ ਪੰਜਾਬ ਦੇ ਸਾਰੇ ਬਲਾਕਾਂ ਦੀ ਕਵਰੇਜ ਕੀਤੀ ਗਈ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਸਿਰਫ਼ 94 ਬਲਾਕਾਂ ਨੂੰ ਕਵਰ ਕੀਤਾ ਗਿਆ ਸੀ ਜਦੋਂ ਕਿ ਰਾਜ ਵਿੱਚ 152 ਬਲਾਕ ਸਨ।

1.5.4 ਫਰੰਟਲਾਈਨ ਪ੍ਰਦਰਸ਼ਨ

ਫਰੰਟਲਾਈਨ ਪ੍ਰਦਰਸ਼ਨਾਂ (ਐਫ ਐਲ ਡੀ) ਕੇ ਵੀ ਕੇਜ਼ ਦੁਆਰਾ ਵੱਖ-ਵੱਖ ਖੇਤੀ-ਜਲਵਾਯੂ ਖੇਤਰਾਂ ਅਤੇ ਖੇਤੀ ਸਥਿਤੀਆਂ ਦੇ ਅਧੀਨ ਕਿਸਾਨਾਂ ਦੇ ਖੇਤਾਂ ਵਿੱਚ ਨਵੀਆਂ ਜਾਰੀ ਕੀਤੀਆਂ ਫਸਲਾਂ ਦੇ ਉਤਪਾਦਨ ਅਤੇ ਸੁਰੱਖਿਅਤ ਤਕਨਾਲੋਜੀਆਂ ਅਤੇ ਇਸਦੇ ਪ੍ਰਬੰਧਨ ਪ੍ਰਚਲਨਾਂ ਦਾ ਪ੍ਰਦਰਸ਼ਨ ਕਰਨ ਲਈ ਕਰਵਾਏ ਜਾਂਦੇ ਹਨ। ਕਿਸਾਨਾਂ ਅਤੇ ਖੇਤਰੀ ਪੱਧਰ ਦੇ ਵਿਸਥਾਰ ਕਾਰਜਕਰਤਾਵਾਂ 'ਤੇ ਪ੍ਰਦਰਸ਼ਿਤ ਤਕਨਾਲੋਜੀਆਂ ਦਾ ਬਿਹਤਰ ਪ੍ਰਭਾਵ ਪਾਉਣ ਲਈ ਐਫ ਐਲ ਡੀਜ਼ ਨੂੰ ਦੋ ਤੋਂ ਚਾਰ ਹੈਕਟੇਅਰ ਜ਼ਮੀਨ ਦੇ ਬਲਾਕ ਵਿੱਚ ਆਯੋਜਿਤ ਕੀਤਾ ਜਾਂਦਾ ਹੈ।

(i) ਚੁਣੇ ਗਏ ਕੇ ਵੀ ਕੇਜ਼ ਜਿਨ੍ਹਾਂ ਨੇ 2017-22 ਦੀ ਮਿਆਦ ਦੇ ਦੌਰਾਨ ਮੁੱਖ ਫਸਲਾਂ 'ਤੇ ਕੋਈ ਐਫ ਐਲ ਡੀ ਆਯੋਜਿਤ ਨਹੀਂ ਕੀਤਾ ਦੇ ਵੇਰਵੇ **ਸਾਰਣੀ** 1.20 ਵਿੱਚ ਦਿੱਤੇ ਗਏ ਹਨ।


ਸਾਰਣੀ 1.20: ਚੁਣੇ ਗਏ ਕੇ ਵੀ ਕੇਜ਼ ਜਿਨ੍ਹਾਂ ਨੇ 2017-22 ਦੀ ਮਿਆਦ ਦੇ ਦੌਰਾਨ ਮੁੱਖ ਫਸਲਾਂ 'ਤੇ ਕੋਈ ਐਫ ਐਲ ਡੀ ਆਯੋਜਿਤ ਨਹੀਂ ਕੀਤਾ

ਲੜੀ ਨੰ.	ਫਸਲ ਦਾ ਨਾਂਅ	ਐਫ ਐਲ ਡੀਜ਼ ਨਾ ਕਰਾਉਣ ਵਾਲੇ ਕੇ ਵੀ ਕੇ ਦਾ ਨਾਂਅ
1.	ਝੋਨੇ ਦੀਆਂ ਕਿਸਮਾਂ	ਫਿਰੋਜ਼ਪੁਰ, ਲੰਗੜੋਆ (ਐਸ ਬੀ ਐਸ ਨਗਰ), ਨੂਰਮਹਿਲ (ਜਲੰਧਰ) ਅਤੇ ਰੋਪੜ
2.	ਜੌਂ	ਫਰੀਦਕੋਟ, ਫਿਰੋਜ਼ਪੁਰ, ਲੰਗੜੋਆ (ਐਸ ਬੀ ਐਸ ਨਗਰ), ਨੂਰਮਹਿਲ (ਜਲੰਧਰ) ਅਤੇ ਰੋਪੜ
3.	ਮੱਕੀ	ਫਰੀਦਕੋਟ, ਰੋਪੜ ਅਤੇ ਖੇੜੀ (ਸੰਗਰੂਰ) ਭਾਵੇਂ ਯੂਨੀਵਰਸਿਟੀ ਨੇ ਮੱਕੀ ਦੀ ਫਸਲ ਦੀਆਂ ਕਈ ਨਵੀਆਂ ਕਿਸਮਾਂ ਜਾਰੀ ਕੀਤੀਆਂ ਸਨ
4.	ਮੱਕੀ ਦਾ ਚਾਰਾ ਸ਼ਾਫਟਲ, ਬਰਸੀਮ, ਨੇਪੀਅਰ ਬਾਜਰਾ, ਆਦਿ ਵਾਂਗੂ ਚਾਰੇ ਦੀਆਂ ਫਸਲਾਂ	ਫਿਰੋਜ਼ਪੁਰ, ਲੰਗੜੋਆ (ਐਸ ਬੀ ਐਸ ਨਗਰ), ਨੂਰਮਹਿਲ (ਜਲੰਧਰ) ਅਤੇ ਰੋਪੜ
5.	ਫੁੱਲਾਂ ਦੀ ਖੇਤੀ ਦੀਆਂ ਕਿਸਮਾਂ	ਫਰੀਦਕੋਟ, ਲੰਗੜੋਆ (ਐਸ ਬੀ ਐਸ ਨਗਰ), ਰੋਪੜ
6.	ਫਲਾਂ ਦੀਆਂ ਫਸਲਾਂ	ਰੋਪੜ ਅਤੇ ਖੇੜੀ (ਸੰਗਰੂਰ)

ਸ੍ਰੋਤ: ਨਮੂਨਾ-ਜਾਂਚ ਕੀਤੇ ਕੇ ਵੀ ਕੇਜ਼

(ii) ਯੂਨੀਵਰਸਿਟੀ ਨੇ 2017-18 ਤੋਂ 2021-22 ਦੀ ਮਿਆਦ ਦੌਰਾਨ 53 ਤਕਨਾਲੋਜੀਆਂ ਵਿਕਸਤ ਕੀਤੀਆਂ। ਚੁਣੇ ਹੋਏ ਛੇ ਕੇ ਵੀ ਕੇਜ਼ ਦੁਆਰਾ ਜਿਨ੍ਹਾਂ ਤਕਨਾਲੋਜੀਆਂ 'ਤੇ ਐਫ ਐਲ ਡੀਜ਼ ਆਯੋਜਿਤ ਨਹੀਂ ਕੀਤੇ ਗਏ ਸਨ, ਉਨ੍ਹਾਂ ਦੇ ਵੇਰਵੇ **ਚਾਰਟ 1.25** ਵਿੱਚ ਦਰਸਾਏ ਗਏ ਹਨ।

ਚਾਰਟ 1.25: ਤਕਨਾਲੋਜੀਆਂ ਦੇ ਵੇਰਵੇ ਜਿਨ੍ਹਾਂ 'ਤੇ ਚੁਣੀਆਂ ਗਈਆਂ ਛੇ ਕੇ ਵੀ ਕੇਜ਼ ਦੁਆਰਾ ਐਫ ਐਲ ਡੀਜ਼ ਆਯੋਜਿਤ ਨਹੀਂ ਕੀਤੇ ਗਏ ਸਨ



ਸ੍ਰੋਤ: ਨਮੂਨਾ-ਜਾਂਚ ਕੀਤੇ ਗਏ ਕੇ ਵੀ ਕੇਜ਼

ਐਗਜ਼ਿਟ ਕਾਨਫਰੰਸ ਵਿੱਚ ਯੂਨੀਵਰਸਿਟੀ ਨੇ ਤੱਥਾਂ ਨੂੰ ਸਵੀਕਾਰ ਕਰਦੇ ਹੋਏ (ਜੂਨ 2023) ਕਿਹਾ ਕਿ ਭਵਿੱਖ ਵਿੱਚ ਲੋੜੀਂਦੀ ਸੰਖਿਆ ਵਿੱਚ ਐਫ ਐਲ ਡੀਜ਼ ਕਰਵਾਏ ਜਾਣਗੇ। ਇਸ ਤੋਂ ਇਲਾਵਾ, ਯੂਨੀਵਰਸਿਟੀ ਨੇ ਜਵਾਬ ਦਿੱਤਾ (ਅਕਤੂਬਰ 2024) ਕਿ ਸਾਉਣੀ 2023 ਤੋਂ ਸਾਉਣੀ 2024 ਦੌਰਾਨ ਸਾਰੇ ਕੇ ਵੀ ਕੇਜ਼ ਦੁਆਰਾ ਕਲੱਸਟਰ ਫਰੰਟਲਾਈਨ ਪ੍ਰਦਰਸ਼ਨਾਂ (ਸੀ ਐਫ ਐਲ ਡੀਜ਼) ਦਾ ਟੀਚਾ ਪ੍ਰਾਪਤ ਕਰ ਲਿਆ ਗਿਆ ਸੀ, ਹਾਲਾਂਕਿ, ਲੇਖਾ ਪ੍ਰੀਖਿਆ ਨੂੰ ਵਿਸਤ੍ਰਿਤ ਜਾਣਕਾਰੀ (ਕੇ ਵੀ ਕੇ-ਵਾਰ) ਪ੍ਰਦਾਨ ਨਹੀਂ ਕੀਤੀ ਗਈ ਸੀ।

1.5.5 ਮਿੱਟੀ ਅਤੇ ਪਾਣੀ ਦੀ ਜਾਂਚ

ਕਿਸੀ ਖਾਸ ਖੇਤ ਵਿੱਚ ਫਸਲ ਦੀ ਖਾਦ ਦੀ ਲੋੜ ਨੂੰ ਨਿਰਧਾਰਤ ਕਰਨ ਲਈ ਮਿੱਟੀ ਦੀ ਜਾਂਚ ਹੀ ਇੱਕੋ ਇੱਕ ਤਰੀਕਾ ਹੈ। ਮਿੱਟੀ-ਜਾਂਚ ਪ੍ਰੋਗਰਾਮ ਦਾ ਮੁੱਢਲਾ ਕਦਮ ਮਿੱਟੀ ਦੇ ਨਮੂਨੇ ਇਕੱਠੇ ਕਰਨਾ ਹੈ। ਮਿੱਟੀ ਦੇ ਨਮੂਨੇ ਦਾ ਵਿਸ਼ਲੇਸ਼ਣ ਮਿੱਟੀ ਦੇ ਉਪਲਬਧ ਪੌਸ਼ਟਿਕ ਤੱਤਾਂ ਦੀ ਸਥਿਤੀ ਅਤੇ ਫਭੌਤਿਕ-ਰਸਾਇਣਕ ਵਿਸੇਸ਼ਤਾਵਾਂ ਨੂੰ ਨਿਰਧਾਰਤ ਕਰਨ ਲਈ ਕੀਤਾ ਜਾਂਦਾ ਹੈ। ਖੇਤ ਦੀ ਫਸਲ ਲਈ ਖਾਦ ਦੀਆਂ ਸਿਫਾਰਸ਼ਾਂ ਆਮ ਤੌਰ 'ਤੇ ਪ੍ਰਯੋਗਸ਼ਾਲਾਵਾਂ ਵਿੱਚ ਜਾਂਚ ਕੀਤੀ ਗਈ ਥੋੜ੍ਹੀ ਜਿਹੀ ਮਿੱਟੀ ਦੇ ਅਧਾਰ 'ਤੇ ਕੀਤੀਆਂ ਜਾਂਦੀਆਂ ਹਨ।

ਆਈ ਸੀ ਏ ਆਰ ਦੁਆਰਾ ਜਾਰੀ ਕੇ ਵੀ ਕੇ ਦੇ ਪ੍ਰਬੰਧਨ ਦਿਸ਼ਾ-ਨਿਰਦੇਸ਼ (ਜਨਵਰੀ 2014) ਪ੍ਰਦਾਨ ਕਰਦੇ ਹਨ ਕਿ ਕੇ ਵੀ ਕੇਜ਼ ਲਈ ਖੇਤ ਦਖਲਅੰਦਾਜ਼ੀ ਅਤੇ ਪ੍ਰਦਰਸ਼ਨਾਂ ਦਾ ਸਮਰਥਨ ਕਰਨ ਲਈ ਮਿੱਟੀ, ਪਾਣੀ ਅਤੇ ਪੌਦਿਆਂ ਦਾ ਵਿਸ਼ਲੇਸ਼ਣ ਲਾਜ਼ਮੀ ਹੈ। ਵਿਸ਼ਲੇਸ਼ਣ ਦੇ ਨਤੀਜਿਆਂ ਦੀ ਵਿਆਖਿਆ ਸਿਫਾਰਸ਼ਾਂ ਨਾਲ ਕੀਤੀ ਜਾਣੀ ਚਾਹੀਦੀ ਹੈ।

ਚੁਣੇ ਗਏ ਕੇ ਵੀ ਕੇਜ਼ ਵਿੱਚ ਰਿਕਾਰਡ ਦੀ ਨਮੂਨਾ-ਜਾਂਚ ਨੇ ਦਰਸਾਇਆ ਕਿ ਮਿੱਟੀ ਦੇ ਨਮੂਨੇ ਇਕੱਠੇ ਕਰਨ ਅਤੇ ਜਾਂਚ ਲਈ ਟੀਚੇ ਨਿਰਧਾਰਤ ਨਹੀਂ ਕੀਤੇ ਗਏ ਸਨ। ਮਿੱਟੀ ਦੇ ਨਮੂਨਿਆਂ ਦੀ ਜਾਂਚ ਕਿਸਾਨਾਂ ਦੀ ਲੋੜ ਅਨੁਸਾਰ ਕੀਤੀ ਜਾ ਰਹੀ ਸੀ। 2017-22 ਦੌਰਾਨ ਚੁਣੇ ਗਏ ਛੇ ਕੇ ਵੀ ਕੇਜ਼ ਦੁਆਰਾ ਮਿੱਟੀ ਦੀ ਜਾਂਚ ਪ੍ਰਯੋਗਸ਼ਾਲਾਵਾਂ ਵਿਖੇ ਇਕੱਤਰ ਅਤੇ ਜਾਂਚ ਕੀਤੇ ਮਿੱਟੀ ਦੇ ਨਮੂਨਿਆਂ ਦੇ ਵੇਰਵੇ **ਸਾਰਣੀ** 1.21 ਵਿੱਚ ਦਰਸਾਏ ਗਏ ਹਨ।

ਸਾਰਣੀ 1.21: 2017-22 ਦੌਰਾਨ ਚੁਣੇ ਗਏ ਛੇ ਕੇ ਵੀ ਕੇਜ਼ ਵਿੱਚ ਇਕੱਤਰ ਕੀਤੇ ਅਤੇ ਜਾਂਚ ਕੀਤੇ ਗਏ ਮਿੱਟੀ ਦੇ ਨਮੂਨਿਆਂ ਦੇ ਵੇਰਵੇ

ਲੜੀ ਨੰ.	ਕੇ ਵੀ ਕੇ ਦਾ ਨਾਂਅ	ਇਕੱਤਰ ਕੀਤੇ ਅਤੇ ਜਾਂਚ ਕੀਤੇ ਗਏ ਮਿੱਟੀ ਦੇ ਨਮੂਨਿਆਂ ਦੀ ਸੰਖਿਆ				
		2017-18	**2018-19**	**2019-20**	**2020-21**	**2021-22**
1.	ਫਰੀਦਕੋਟ	463	582	266	38	20
2.	ਫਿਰੋਜ਼ਪੁਰ	189	392	107	72	178
3.	ਖੇੜੀ (ਸੰਗਰੂਰ)	680	968	161	0	129
4.	ਲੰਗੜੋਆ (ਐਸ ਬੀ ਐਸ ਨਗਰ)	118	235	263	110	110
5.	ਨੂਰਮਹਿਲ (ਜਲੰਧਰ)	254	284	155	185	172
6.	ਰੋਪੜ	457	60	190	151	84

ਸ੍ਰੋਤ: ਨਮੂਨਾ-ਜਾਂਚ ਕੀਤੇ ਕੇ ਵੀ ਕੇਜ਼

** ਖੇੜੀ (ਸੰਗਰੂਰ) ਦੇ ਮਾਮਲੇ ਵਿੱਚ ਇਕੱਤਰ ਕੀਤੇ ਮਿੱਟੀ ਦੇ ਨਮੂਨੇ ਸਾਲ 2018-19 ਤੋਂ ਬਾਅਦ ਪੀ ਏ ਯੂ ਮਿੱਟੀ ਅਤੇ ਪਾਣੀ ਜਾਂਚ ਪ੍ਰਯੋਗਸ਼ਾਲਾ, ਲੁਧਿਆਣਾ ਤੋਂ ਜਾਂਚ ਕਰਾਏ ਗਏ ਸਨ।*

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਪੀ ਏ ਯੂ ਦੁਆਰਾ ਕੋਈ ਵੀ ਟੀਚਾ ਨੂੰ ਨਿਰਧਾਰਤ ਨਾ ਕਰਨ ਕਾਰਨ, 2017-18 ਤੋਂ 2021-22 ਦੀ ਮਿਆਦ ਦੇ ਦੌਰਾਨ, ਛੇ ਕੇ ਵੀ ਕੇਜ਼ ਦੁਆਰਾ ਇਕੱਤਰ ਕੀਤੇ ਅਤੇ ਜਾਂਚ ਕੀਤੇ ਮਿੱਟੀ ਦੇ ਨਮੂਨੇ, 2018-19 ਵਿੱਚ ਪੰਜ ਕੇ ਵੀ ਕੇ ਵਿੱਚ ਛੱਡ ਕੇ, ਜਿਆਦਾਤਰ ਘਟਦੇ ਰੁਝਾਨ 'ਤੇ ਸਨ। ਮਿੱਟੀ ਅਤੇ ਪਾਣੀ ਦੀ ਨਾਕਾਫੀ ਜਾਂਚ ਕਿਸਾਨਾਂ ਨੂੰ ਇੱਕ ਖਾਸ ਫਸਲ ਲਈ ਵਰਤੇ ਜਾ ਸਕਦੇ ਖਾਦਾਂ ਦੇ ਸਬੰਧ ਵਿੱਚ ਸਿਫਾਰਸ਼ਾਂ ਤੋਂ ਵਾਂਝੇ ਕਰ ਦਵੇਗੀ।

ਇਹ ਵੀ ਵੇਖਿਆ ਗਿਆ ਸੀ ਕਿ ਕੇ ਵੀ ਕੇ ਖੇੜੀ (ਸੰਗਰੂਰ) ਵਿਖੇ ਮਿੱਟੀ ਜਾਂਚ ਪ੍ਰਯੋਗਸ਼ਾਲਾ (ਐਸ ਟੀ ਐਲ) ਹੁਨਰਮੰਦ ਸਟਾਫ ਦੀ ਗੈਰ-ਉਪਲਬਧਤਾ ਅਤੇ ਬੁਨਿਆਦੀ ਢਾਂਚੇ ਦੀ ਘਾਟ ਕਾਰਨ ਜਨਵਰੀ 2018 ਤੋਂ ਕਾਰਜਸ਼ੀਲ ਨਹੀਂ ਸੀ।



ਫੋਟੋ 5: ਖੇੜੀ, ਸੰਗਰੂਰ ਵਿਖੇ ਮਿੱਟੀ ਅਤੇ ਪਾਣੀ ਜਾਂਚ ਪ੍ਰਯੋਗਸ਼ਾਲਾ (18 ਜਨਵਰੀ 2023)

ਕੇ ਵੀ ਕੇ ਖੇੜੀ (ਸੰਗਰੂਰ) ਵੱਲੋਂ 2018-19 ਤੋਂ 2021-22 ਦੇ ਸਮੇਂ ਦੌਰਾਨ ਇਕੱਤਰ ਕੀਤੇ ਮਿੱਟੀ ਦੇ ਨਮੂਨੇ ਪੀ ਏ ਯੂ ਦੀ ਮਿੱਟੀ ਅਤੇ ਪਾਣੀ ਜਾਂਚ ਪ੍ਰਯੋਗਸ਼ਾਲਾ, ਲੁਧਿਆਣਾ ਤੋਂ ਜਾਂਚ ਕਰਾਏ ਗਏ ਸਨ। ਯੂਨੀਵਰਸਿਟੀ ਨੇ ਜਵਾਬ ਦਿੱਤਾ (ਅਕਤੂਬਰ 2024) ਕਿ ਬਿਜਲੀ ਕੰਡਕਟਿਵਿਟੀ ਮੀਟਰ ਪ੍ਰਾਪਤ ਕਰ ਲਿਆ ਗਿਆ ਸੀ ਅਤੇ

ਸਿੰਜਾਈ ਪਾਣੀ ਦੇ ਨਮੂਨਿਆਂ ਦੀ ਜਾਂਚ ਕੇ ਵੀ ਕੇ, ਸੰਗਰੂਰ ਦੀ ਮਿੱਟੀ ਜਾਂਚ ਪ੍ਰਯੋਗਸ਼ਾਲਾ ਵਿੱਚ ਕੀਤੀ ਜਾ ਰਹੀ ਸੀ। ਜੂਨ 2023 ਤੋਂ ਸਤੰਬਰ 2024 ਤੱਕ ਕੁੱਲ 219 ਪਾਣੀ ਦੇ ਨਮੂਨਿਆਂ ਦੀ ਜਾਂਚ ਕੀਤੀ ਗਈ। ਹਾਲਾਂਕਿ, ਯੂਨੀਵਰਸਿਟੀ ਮਿੱਟੀ ਦੇ ਨਮੂਨੇ ਦੀ ਜਾਂਚ 'ਤੇ ਚੁੱਪ ਰਹੀ।

ਇਸ ਤੋਂ ਇਲਾਵਾ, ਚੁਣੇ ਗਏ ਛੇ ਕੇ ਵੀ ਕੇਜ਼ ਵਿਚੋਂ ਚਾਰ ਭਾਵ ਨੂਰਮਹਿਲ (ਜਲੰਧਰ); ਲੰਗੜੋਆ (ਐਸ ਬੀ ਐਸ ਨਗਰ); ਖੇੜੀ (ਸੰਗਰੂਰ); ਅਤੇ ਰੋਪੜ ਉਕਤ ਕੇ ਵੀ ਕੇ ਪ੍ਰਬੰਧਨ ਦਿਸ਼ਾ-ਨਿਰਦੇਸ਼ਾਂ ਦੇ ਅਨੁਰੂਪ ਐਫ ਐਲ ਡੀਜ਼ ਆਯੋਜਿਤ ਕਰਨ ਲਈ ਮਿੱਟੀ ਦੇ ਨਮੂਨਿਆਂ ਦੀ ਜਾਂਚ ਨਹੀਂ ਕਰ ਰਹੇ ਸਨ।

1.5.6 ਕਮਿਊਨਿਟੀ ਰੇਡੀਓ ਸਟੇਸ਼ਨਾਂ ਦੀ ਸਥਾਪਨਾ ਨਾ ਕਰਨਾ

'ਵਿਸਥਾਰ ਸੁਧਾਰਾਂ ਲਈ ਰਾਜ ਵਿਸਥਾਰ ਪ੍ਰੋਗਰਾਮਾਂ ਨੂੰ ਸਮਰਥਨ' ਸਕੀਮ ਦੇ ਦਿਸ਼ਾ-ਨਿਰਦੇਸ਼ਾਂ (ਅਕਤੂਬਰ 2018) ਦੇ ਅਨੁਸਾਰ, 20 ਤੋਂ 50 ਕਿਲੋਮੀਟਰ ਦੇ ਘੇਰੇ ਅੰਦਰ ਵੱਸਦੇ ਕਿਸਾਨਾਂ ਤੱਕ ਸਥਾਨਕ ਤਕਨਾਲੋਜੀਆਂ ਦੀ ਪਹੁੰਚ ਦਾ ਵਿਸਥਾਰ ਕਰਨ ਲਈ ਕਮਿਊਨਿਟੀ ਰੇਡੀਓ ਸਟੇਸ਼ਨਾਂ (ਸੀ ਆਰ ਐਸਜ਼) ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕੀਤਾ ਜਾਣਾ ਸੀ। ਸੰਚਾਲਨ ਦੇ ਸਮੇਂ ਦੌਰਾਨ ਸੀ ਆਰ ਐਸ ਲਈ ਐਸ ਏ ਯੂਜ਼ ਨੂੰ ₹ 65 ਲੱਖ ਤੋਂ ਵੱਧ ਨਹੀਂ ਦੀ ਕੁੱਲ ਰਾਸ਼ੀ (ਪੂੰਜੀਗਤ ਅਤੇ ਆਵਰਤੀ ਲਾਗਤ ਸਮੇਤ) ਸਹਾਇਤਾ ਵਜੋਂ ਪ੍ਰਦਾਨ ਕੀਤੇ ਜਾਣ ਦਾ ਪ੍ਰਸਤਾਵ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਯੂਨੀਵਰਸਿਟੀ ਨੇ ਸਕੀਮ ਅਧੀਨ ਕੋਈ ਪ੍ਰਸਤਾਵ ਪੇਸ਼ ਨਹੀਂ ਕੀਤਾ, ਇਸ ਤਰ੍ਹਾਂ ਇਹ ਆਪਣੇ 18 ਕੇ ਵੀ ਕੇਜ਼ ਵਿਚੋਂ ਕਿਸੇ ਵਿੱਚ ਵੀ ਸੀ ਆਰ ਐਸਜ਼ ਸਥਾਪਤ ਨਹੀਂ ਕਰਾ ਸਕੀ। ਹਾਲਾਂਕਿ, ਗੁਆਂਢੀ ਰਾਜ ਹਰਿਆਣਾ ਰਾਜ ਦੀ ਖੇਤੀਬਾੜੀ ਯੂਨੀਵਰਸਿਟੀ ਨੇ ਆਪਣੇ ਕੇ ਵੀ ਕੇਜ਼ ਵਿੱਚ ਸੀ ਆਰ ਐਸ ਦੀ ਸਥਾਪਨਾ ਕੀਤੀ ਸੀ। ਕਿਉਂਕਿ ਸੀ ਆਰ ਐੱਸ ਕਿਸਾਨਾਂ ਨੂੰ ਤਕਨਾਲੋਜੀਆਂ ਦਾ ਸੰਚਾਰ/ਪ੍ਰਸਾਰ ਕਰਨ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਹੈ, ਇਸ ਦੀ ਸਥਾਪਨਾ ਨਾ ਹੋਣ ਨਾਲ ਕਿਸਾਨਾਂ ਨੂੰ ਲੋੜੀਂਦੇ ਲਾਭਾਂ ਤੋਂ ਵਾਂਝਾ ਰੱਖਿਆ ਗਿਆ ਸੀ।

ਭਾਵੇਂ ਯੂਨੀਵਰਸਿਟੀ ਨੇ (ਜੂਨ 2023) ਪੰਜਾਬ ਦੇ ਕੇ ਵੀ ਕੇਜ਼ ਵਿਖੇ ਸੀ ਆਰ ਐਸਜ਼ ਸਥਾਪਤ ਕਰਨ ਦਾ ਭਰੋਸਾ ਦਿੱਤਾ ਸੀ, ਪਰ ਬਾਅਦ ਵਿੱਚ (ਅਕਤੂਬਰ 2024) ਕਿਹਾ ਕਿ ਇੱਕ ਕਮਿਊਨਿਟੀ ਰੇਡੀਓ ਸਟੈਸ਼ਨ ਦੀ ਪ੍ਰਭਾਵਸ਼ਾਲੀ ਰੇਂਜ ਸਿਰਫ਼ 5-10 ਕਿਲੋਮੀਟਰ ਦੇ ਘੇਰੇ ਵਿੱਚ ਹੈ ਜੋ ਕਿ 50 ਕਿਲੋਮੀਟਰ ਤੋਂ ਵੱਧ ਦੇ ਕਾਰਜਸ਼ੀਲ ਖੇਤਰ ਵਾਲੇ ਕੇ ਵੀ ਕੇਜ਼ ਦੇ ਉਦੇਸ਼ ਨੂੰ ਪੂਰਾ ਨਹੀਂ ਕਰਦੀ। ਇਸ ਤੋਂ ਇਲਾਵਾ, ਦੋ ਇੰਜੀਨੀਅਰਾਂ ਸਮੱਗਰੀ ਲੇਖਕਾਂ, ਸੰਪਾਦਨ ਕਰਨ ਵਾਲੇ ਵਿਅਕਤੀਆਂ ਦੇ ਨਾਲ-ਨਾਲ ਰੇਡੀਓ ਜੌਕੀ ਦੀ ਇੱਕ ਤਕਨੀਕੀ ਟੀਮ ਦੀ ਲੋੜ ਸੀ ਜੋ ਕਿ ਆਈ ਸੀ ਏ ਆਰ ਦੁਆਰਾ ਪ੍ਰਦਾਨ ਨਹੀਂ ਕੀਤੀ ਗਈ ਸੀ। ਆਲ ਇੰਡੀਆ ਰੇਡੀਓ ਜਲੰਧਰ ਯੂਨੀਵਰਸਿਟੀ ਦੇ ਸਹਿਯੋਗ ਨਾਲ ਕਿਸਾਨਾਂ ਲਈ ਇੱਕ ਘੰਟੇ ਦਾ ਰੋਜ਼ਾਨਾ ਪ੍ਰੋਗਰਾਮ ਪ੍ਰਸਾਰਿਤ ਕਰ ਰਿਹਾ ਸੀ। ਇਸ ਤੋਂ ਇਲਾਵਾ ਸਵੇਰੇ ਅਤੇ ਦੁਪਹਿਰ ਦੇ ਸੈਸ਼ਨਾਂ ਵਿੱਚ 5 ਮਿੰਟ ਅਤੇ 15 ਮਿੰਟ ਦੇ ਦੋ ਰੋਜ਼ਾਨਾ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਂਦੇ ਸਨ। ਬਠਿੰਡਾ, ਪਟਿਆਲਾ ਅਤੇ ਫਾਜ਼ਿਲਕਾ ਵਿੱਚ ਚਾਲੂ ਤੰਗ ਪ੍ਰਸਾਰਣ ਸਟੇਸ਼ਨ ਕਿਸਾਨਾਂ ਨੂੰ ਜਾਣਕਾਰੀ ਭੇਜਣ ਲਈ ਯੂਨੀਵਰਸਿਟੀ ਦੇ ਖੋਜ ਸਟੇਸ਼ਨਾਂ ਦੇ ਮਾਹਿਰਾਂ ਨੂੰ ਸ਼ਾਮਲ ਕਰ ਰਹੇ ਸਨ। ਡਾਇਰੈਕਟਰ ਵਿਸਥਾਰ ਸਿਖਿਆ, ਨੇ ਅੱਗੇ ਕਿਹਾ ਕਿ ਪੀ ਏ ਯੂ ਨੇ ਆਲ ਇੰਡੀਆ ਰੇਡੀਓ ਅਤੇ ਟੀ ਵੀ ਰਾਹੀਂ ਤਕਨਾਲੋਜੀ

ਦੇ ਪ੍ਰਸਾਰ ਲਈ ਮਜ਼ਬੂਤ ਵਿਸਥਾਰ ਸਰਿੰਖਲਾ ਵਿਕਸਤ ਕੀਤੀ ਸੀ। ਡਾਇਰੈਕਟਰ ਦਾ ਜਵਾਬ ਵਿੱਚ ਜਿਵੇਂ ਕਿ ਦੂਜੇ ਰਾਜਾਂ ਵਿੱਚ ਵੀ ਅਪਣਾਇਆ ਗਿਆ ਸੀ ਕੇ ਵੀ ਕੇਜ਼ ਵਿਖੇ ਸੀ ਆਰ ਐਸ ਸਥਾਪਤ ਕਰਨ ਵਿੱਚ ਉਨ੍ਹਾਂ ਦੀ ਝਿਜਕ ਨਜ਼ਰ ਆਉਂਦੀ ਸੀ। ਸੀ ਆਰ ਐਸਜ਼ ਦੀ ਰੇਂਜ ਬਾਰੇ ਉਨ੍ਹਾਂ ਦਾ ਬਿਆਨ, ਵਿਸਥਾਰ ਰਿਫਾਰਮਜ਼ (ਏ ਟੀ ਐਮ ਏ) ਸਕੀਮ- 2018 ਲਈ ਰਾਜ ਵਿਸਥਾਰ ਪ੍ਰੋਗਰਾਮ ਸਪੋਰਟ ਦੇ ਦਿਸ਼ਾ-ਨਿਰਦੇਸ਼ਾਂ ਦੇ ਉਲਟ ਸੀ।

1.5.7 ਖੇਤੀਬਾੜੀ ਤਕਨਾਲੋਜੀ ਸੂਚਨਾ ਕੇਂਦਰ

ਪੀ ਏ ਯੂ, ਲੁਧਿਆਣਾ ਵਿੱਚ ਸਥਾਪਤ ਕੀਤੇ ਗਏ ਖੇਤੀਬਾੜੀ ਤਕਨਾਲੋਜੀ ਸੂਚਨਾ ਕੇਂਦਰ (ਏ ਟੀ ਆਈ ਸੀ) ਦਾ ਆਦੇਸ਼ ਅਤੇ ਕਾਰਜ ਖੇਤੀਬਾੜੀ ਉਤਪਾਦਾਂ ਅਤੇ ਸੇਵਾਵਾਂ ਜਿਵੇਂ ਕਿ ਖੇਤੀ ਸੰਦਾਂ ਦੀ ਵਿਕਰੀ, ਜੈਵਿਕ ਖਾਦਾਂ, ਮਿੱਟੀ ਅਤੇ ਪਾਣੀ ਦੀ ਜਾਂਚ, ਬੀਜ ਗੁਣਵੱਤਾ ਦੀ ਜਾਂਚ, ਕਿਸਾਨਾਂ ਨੂੰ ਨਰਸਰੀ ਪੌਦਿਆਂ ਦੀ ਵਿਕਰੀ, ਕਿਸਾਨਾਂ ਨੂੰ ਤਕਨਾਲੋਜੀ ਸਲਾਹ ਅਤੇ ਹੋਰ ਸੇਵਾਵਾਂ ਤੱਕ ਸਿੱਧੀ ਪਹੁੰਚ ਦੀ ਸਹੂਲਤ ਅਤੇ ਉਪਭੋਗਤਾਵਾਂ ਵੱਲੋਂ ਯੂਨੀਵਰਸਿਟੀ ਨੂੰ ਫੀਡਬੈਕ ਲਈ ਤੰਤਰ ਵਿਧੀ ਪ੍ਰਦਾਨ ਕਰਨ ਲਈ ਇੱਕ "ਸਿੰਗਲ ਵਿੰਡੋ ਡਿਲਿਵਰੀ ਸਿਸਟਮ" ਪ੍ਰਦਾਨ ਕਰਨਾ ਸੀ। ਯੂਨੀਵਰਸਿਟੀ ਦਾ ਏ ਟੀ ਆਈ ਸੀ ਆਉਣ ਵਾਲੇ ਕਿਸਾਨਾਂ ਨੂੰ ਨਿਯਮਤ ਤਕਨੀਕੀ ਸੇਵਾਵਾਂ[92] ਪ੍ਰਦਾਨ ਕਰਨ, ਉੱਚ ਉਪਜ ਦੇਣ ਵਾਲੀਆਂ ਫਸਲਾਂ ਦੀਆਂ ਕਿਸਮਾਂ ਦੇ ਬੀਜ (ਅਤੇ ਰਸੋਈ ਬਗੀਚੀਆਂ ਲਈ ਸਬਜ਼ੀਆਂ ਦੀਆਂ ਛੋਟੀਆਂ ਕਿੱਟਾਂ) ਅਤੇ ਕਿਸਾਨਾਂ ਦੇ ਲਾਭ ਲਈ ਖੇਤੀ ਸਾਹਿਤ ਵੇਚਣ ਵਿੱਚ ਰੁੱਝਿਆ ਹੋਇਆ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਯੂਨੀਵਰਸਿਟੀ ਦੀ ਏ ਟੀ ਆਈ ਸੀ ਨੇ ਕੋਈ ਕੀਟਨਾਸ਼ਕ, ਜੈਵਿਕ ਖਾਦਾਂ, ਖੇਤੀ ਸੰਦ, ਹਰਬਲ ਨਰਸਰੀ ਪੌਦੇ ਨਹੀਂ ਵੇਚੇ। ਕੇਂਦਰ ਦਾ ਦੌਰਾ ਕਰਨ ਵਾਲੇ ਕਿਸਾਨਾਂ ਨੂੰ ਲੋੜੀਂਦੇ ਉਤਪਾਦ ਸਬੰਧਤ ਵਿਭਾਗਾਂ ਤੋਂ ਪ੍ਰਾਪਤ ਕਰਨ ਦੀ ਸਲਾਹ ਦਿੱਤੀ ਗਈ। ਯੂਨੀਵਰਸਿਟੀ ਨੇ ਅੱਗੇ ਦੱਸਿਆ ਕਿ ਏ ਟੀ ਆਈ ਸੀ ਨੇ ਮਿੱਟੀ ਅਤੇ ਪਾਣੀ ਦੇ ਨਮੂਨਿਆਂ ਦੀ ਜਾਂਚ ਨਹੀਂ ਕੀਤੀ, ਪ੍ਰੰਤੂ ਇਹਨਾ ਦੀ ਮਿੱਟੀ ਵਿਗਿਆਨ ਵਿਭਾਗ ਵਿੱਚ ਜਾਂਚ ਕੀਤੀ ਗਈ ਸੀ। ਇਸ ਤਰ੍ਹਾਂ, ਏ ਟੀ ਆਈ ਸੀ ਨੇ ਤਕਨਾਲੋਜੀ ਉਤਪਾਦਾਂ, ਜਾਂਚ ਸੇਵਾਵਾਂ ਅਤੇ ਕਿਸਾਨਾਂ ਅਤੇ ਹੋਰ ਅੰਤਿਮ ਉਪਭੋਗਤਾਵਾਂ ਲਈ ਜਾਣਕਾਰੀ ਲਈ "ਇੱਕ ਸਿੰਗਲ ਵਿੰਡੋ ਡਿਲਿਵਰੀ ਸਿਸਟਮ" ਵਜੋਂ ਪੂਰੀ ਤਰ੍ਹਾਂ ਕੰਮ ਨਹੀਂ ਕੀਤਾ, ਜਿਸ ਕਰਕੇ ਇੱਕ ਏ ਟੀ ਆਈ ਸੀ ਸਥਾਪਤ ਕਰਨ ਦਾ ਉਦੇਸ਼ ਅਧੂਰਾ ਰਹਿ ਗਿਆ।

ਯੂਨੀਵਰਸਿਟੀ ਨੇ ਦੱਸਿਆ (ਅਕਤੂਬਰ 2024) ਕਿ ਕੀਟ ਵਿਗਿਆਨ ਵਿਭਾਗ ਦੇ ਸਹਿਯੋਗ ਨਾਲ ਏ ਟੀ ਆਈ ਸੀ ਵਿੱਚ ਬਾਇਓ-ਏਜੰਟ (ਟ੍ਰਾਈਕੋਡਰਮਾ) ਉਪਲਬਧ ਕਰਵਾਏ ਜਾ ਰਹੇ ਸਨ ਜਦੋਂ ਕਿ ਮਿੱਟੀ ਵਿਗਿਆਨ ਵਿਭਾਗ ਦੇ ਸਹਿਯੋਗ ਨਾਲ ਏ ਟੀ ਆਈ ਸੀ ਵਿੱਚ ਮਿੱਟੀ ਅਤੇ ਪਾਣੀ ਦੇ ਨਮੂਨੇ ਇੱਕਠੇ ਕੀਤਾ ਜਾ ਰਹੇ ਸਨ। ਹਲਾਂਕਿ, ਯੂਨੀਵਰਸਿਟੀ ਨੇ ਆਪਣੇ ਜਵਾਬ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ ਪੇਸ਼ ਨਹੀਂ ਕੀਤਾ।

[92] ਕੀੜਿਆਂ/ਬਿਮਾਰੀਆਂ/ਪੋਸ਼ਣ ਸਬੰਧੀ ਕਮੀਆਂ ਆਦਿ ਤੋਂ ਸੰਕਰਮਿਤ ਨਮੂਨਿਆਂ ਦੀ ਜਾਂਚ।

1.5.8 ਹੋਰ ਮੁੱਦੇ

(i) ਕਿਸਾਨਾਂ ਦੇ ਕੇਂਦਰੀਕ੍ਰਿਤ ਡਾਟਾਬੇਸ ਦਾ ਰੱਖ-ਰਖਾਅ ਨਾ ਕਰਨਾ

ਇੱਕ ਲਾਭਪਾਤਰੀ ਡਾਟਾਬੇਸ ਇੱਕ ਸੰਗਠਨ ਨੂੰ ਉਸਦੇ ਕੰਮ ਦੇ ਪ੍ਰਭਾਵ ਨੂੰ ਟਰੈਕ ਕਰਨ ਵਿੱਚ ਮਦਦ ਕਰਦਾ ਹੈ। ਡਾਟਾਬੇਸ ਦੀ ਵਰਤੋਂ ਉਹਨਾਂ ਵਿਸ਼ੇਸ਼ ਲਾਭਾਂ ਬਾਰੇ ਜਾਣਕਾਰੀ ਸਟੋਰ ਕਰਨ ਲਈ ਕੀਤੀ ਜਾਂਦੀ ਹੈ ਜੋ ਹਰੇਕ ਲਾਭਪਾਤਰੀ ਨੂੰ ਪ੍ਰਾਪਤ ਹੁੰਦਾ ਹੈ। ਇਸ ਡਾਟੇ ਦੀ ਵਰਤੋਂ ਸੰਸਥਾ ਦੇ ਪ੍ਰੋਗਰਾਮਾਂ ਦੀ ਪ੍ਰਭਾਵਸ਼ੀਲਤਾ ਨੂੰ ਮਾਪਣ ਅਤੇ ਇਸਦੇ ਹਿੱਤਧਾਰਕਾਂ ਨੂੰ ਇਸਦੇ ਕੰਮ ਦੀ ਕੀਮਤ ਦਾ ਪ੍ਰਦਰਸ਼ਨ ਕਰਨ ਲਈ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਲਾਭਪਾਤਰੀਆਂ ਬਾਰੇ ਸਹੀ ਅਤੇ ਅੱਪ-ਟੂ-ਡੇਟ ਜਾਣਕਾਰੀ ਰੱਖਣ ਨਾਲ ਇੱਕ ਸੰਸਥਾ ਨੂੰ ਇਸਦੇ ਪ੍ਰੋਗਰਾਮਾਂ ਵਿੱਚ ਕਿਸੇ ਸੰਭਾਵੀ ਮੁੱਦਿਆਂ ਜਾਂ ਚੁਣੌਤੀਆਂ ਦੀ ਪਛਾਣ ਅਤੇ ਹੱਲ ਕਰਨ ਵਿੱਚ ਮਦਦ ਮਿਲਦੀ ਹੈ।

ਯੂਨੀਵਰਸਿਟੀ ਕਿਸਾਨਾਂ ਨੂੰ ਸਿਖਲਾਈ ਦਿੰਦੀ ਹੈ, ਫਰੰਟਲਾਈਨ ਪ੍ਰਦਰਸ਼ਨ ਪ੍ਰਦਾਨ ਕਰਦੀ ਹੈ ਅਤੇ ਕਿਸਾਨਾਂ ਨੂੰ ਬੀਜ ਸਪਲਾਈ ਕਰਦੀ ਹੈ। ਇਨ੍ਹਾਂ ਗਤੀਵਿਧੀਆਂ ਦੀ ਪ੍ਰਭਾਵਸ਼ੀਲਤਾ ਨੂੰ ਮਾਪਣ ਲਈ ਕੇ ਵੀ ਕੇਜ਼ ਦੇ ਪ੍ਰਬੰਧਨ 'ਤੇ ਹਾਈ ਪਾਵਰ ਕਮੇਟੀ ਦੀਆਂ ਸਿਫਾਰਸ਼ਾਂ (ਜਨਵਰੀ 2014) ਦੇ ਅਨੁਸਾਰ ਸਮੇਂ-ਸਮੇਂ 'ਤੇ ਪ੍ਰਭਾਵ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ, ਲੇਖਾ ਪ੍ਰੀਖਿਆ ਨੇ ਵੇਖਿਆ ਕਿ ਯੂਨੀਵਰਸਿਟੀ ਕੋਲ ਕਿਸਾਨ-ਅਧਾਰਤ ਕੇਂਦਰੀਕ੍ਰਿਤ ਡਾਟਾਬੇਸ ਨਹੀਂ ਸੀ, ਜਿਸ ਵਿੱਚ ਉਨ੍ਹਾਂ ਦਾ ਨਾਂਅ, ਪਛਾਣ, ਸਪੰਰਕ ਨੰਬਰ, ਜ਼ਮੀਨ ਦੀ ਮਾਲਕੀ, ਮਿੱਟੀ ਦੀ ਕਿਸਮ, ਮਿੱਟੀ ਹੈਲਥ ਕਾਰਡ, ਕਾਸ਼ਤ ਕੀਤੀਆਂ ਫਸਲਾਂ ਦੀਆਂ ਕਿਸਮਾਂ, ਦਿੱਤੀਆਂ ਗਈਆਂ ਸਿਖਲਾਈਆਂ, ਦਿੱਤੇ ਗਏ ਫਰੰਟ ਲਾਈਨ ਪ੍ਰਦਰਸ਼ਨਾਂ (ਐਫ ਐਲ ਡੀ), ਵੇਚੇ ਗਏ ਬੀਜ, ਆਦਿ, ਸ਼ਾਮਲ ਸਨ। ਜਿਸ ਦੀ ਅਣਹੋਂਦ ਕਰਕੇ, ਯੂਨੀਵਰਸਿਟੀ ਆਪਣੀਆਂ ਵਿਸਥਾਰ ਗਤੀਵਿਧੀਆਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨ, ਉਹਨਾਂ ਦੀਆਂ ਸਿਖਲਾਈ ਦੀਆਂ ਲੋੜਾਂ ਦੀ ਪਛਾਣ ਕਰਨ ਅਤੇ ਕਿਸੇ ਸੰਭਾਵੀ ਮੁੱਦਿਆਂ ਅਤੇ ਚੁਣੌਤੀਆਂ ਨੂੰ ਹੱਲ ਕਰਨ ਲਈ ਦਿੱਤੀ ਗਈ ਸਿਖਲਾਈ, ਮਿੱਟੀ ਦੀਆਂ ਲੋੜਾਂ, ਕਾਸ਼ਤ ਕੀਤੀਆਂ ਫਸਲਾਂ ਦੀਆਂ ਕਿਸਮਾਂ, ਬੀਜਾਂ ਦੀ ਵਿਕਰੀ ਆਦਿ ਦੇ ਪ੍ਰਭਾਵ ਨੂੰ ਟਰੈਕ ਕਰਨ ਵਿੱਚ ਅਸਮਰੱਥ ਸੀ।

ਡਾਇਰੈਕਟਰ ਵਿਸਥਾਰ ਸਿੱਖਿਆ ਨੇ (ਅਕਤੂਬਰ 2024) ਦੱਸਿਆ ਕਿ ਪੀ ਏ ਯੂ ਕੋਲ ਪੀ ਏ ਯੂ *ਕਿਸਾਨ ਮੋਬਾਈਲ ਐਪ* ਦੀ ਵਰਤੋਂ ਕਰਕੇ ਕਿਸਾਨ ਡਾਟਾਬੇਸ ਤਿਆਰ ਕੀਤਾ ਗਿਆ ਸੀ ਅਤੇ ਪੂਰੇ ਪੰਜਾਬ ਵਿੱਚ ਲਗਭਗ 98,040 ਕਿਸਾਨ ਇਸ ਨਾਲ ਖੜੇ ਹੋਏ ਸਨ। ਹਾਲਾਂਕਿ, ਲੇਖਾ ਪ੍ਰੀਖਿਆ ਨੂੰ, ਨਾ ਤਾਂ ਡਾਟਾਬੇਸ ਅਤੇ ਨਾ ਹੀ ਪ੍ਰਭਾਵ ਮੁਲਾਂਕਣ ਰਿਪੋਰਟ ਜੋ ਕਿ ਕਿਸਾਨਾ ਨੂੰ ਫਰੰਟਲਾਈਨ ਪ੍ਰਦਰਸ਼ਨਾਂ ਪ੍ਰਦਾਨ ਕਰਨ ਅਤੇ ਕਿਸਾਨਾਂ ਨੂੰ ਬੀਜ ਸਪਲਾਈ ਕਰਨ ਦੀ ਸਿਖਲਾਈ ਦੀ ਪ੍ਰਭਾਵਸ਼ੀਲਤਾ ਨੂੰ ਮਾਪਣ ਲਈ ਹੈ, ਪ੍ਰਦਾਨ ਕੀਤਾ ਗਿਆ ਸੀ। ਜਿਸਦੀ ਅਣਹੋਂਦ ਵਿੱਚ, ਕਿਸਾਨਾਂ ਦੇ ਡਾਟਾਬੇਸ ਦੀ ਉਲਬਧਤਾ ਬਾਰੇ ਪੀ ਏ ਯੂ ਦੇ ਦਾਅਵੇ ਦੀ ਪੁਸ਼ਟੀ ਨਹੀਂ ਕੀਤੀ ਜਾ ਸਕੀ।

(ii) ਕਿਸਾਨਾਂ ਦੀਆਂ ਸ਼ਿਕਾਇਤਾਂ ਦੀ ਪ੍ਰਬੰਧਨ ਪ੍ਰਣਾਲੀ

ਸ਼ਿਕਾਇਤਾਂ/ਸੁਝਾਅ ਇੱਕ ਸੰਗਠਨ ਦੇ ਪ੍ਰਬੰਧਨ ਨੂੰ ਜਨਤਾ ਪ੍ਰਤੀ ਜਵਾਬਦੇਹ ਬਣਾਉਣ ਲਈ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਦੀਆਂ ਹਨ, ਨਾਲ ਹੀ ਸੰਗਠਨਾਤਮਕ ਕਾਰਗੁਜ਼ਾਰੀ ਅਤੇ ਇਸਦੇ ਅੰਦਰ ਅਤੇ ਇਸਦੇ ਲਈ ਕੰਮ ਕਰਨ ਵਾਲੇ ਲੋਕਾਂ ਦੇ ਵਿਹਾਰ ਦੀ ਸਮੀਖਿਆ ਕਰਨ ਲਈ ਕੀਮਤੀ ਸੰਕੇਤ ਪ੍ਰਦਾਨ ਕਰਦੀਆਂ ਹਨ। ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਯੂਨੀਵਰਸਿਟੀ ਨੇ ਰਾਜ ਦੇ ਕਿਸਾਨਾਂ ਦੀਆਂ ਸ਼ਿਕਾਇਤਾਂ ਨਾਲ ਨਜਿੱਠਣ ਲਈ ਕੋਈ ਨੀਤੀ/ਦਿਸ਼ਾ-ਨਿਰਦੇਸ਼ ਨਹੀਂ ਬਣਾਏ ਸਨ।
- ਕਿਸਾਨਾਂ ਲਈ ਆਪਣੀ ਸਮੱਸਿਆਵਾਂ/ਸ਼ਿਕਾਇਤਾਂ /ਸੁਝਾਵਾਂ ਦੀ ਰਜਿਸਟ੍ਰੇਸ਼ਨ ਲਈ ਕੋਈ ਆਨਲਾਈਨ ਪੋਰਟਲ ਨਹੀਂ ਸੀ।
- ਯੂਨੀਵਰਸਿਟੀ ਨੇ ਕਿਸਾਨਾਂ ਤੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਸੰਖਿਆ ਅਤੇ ਉਨ੍ਹਾਂ ਵਿਰੁੱਧ ਕੀਤੀ ਗਈ ਕਾਰਵਾਈ ਨਾਲ ਸਬੰਧਤ ਕੋਈ ਕੇਂਦਰੀਕ੍ਰਿਤ ਡਾਟਾ ਨਹੀਂ ਰੱਖਿਆ ਸੀ।
- ਚੁਣੇ ਹੋਏ ਕੇ ਵੀ ਕੇਜ਼ ਵਿੱਚ ਸ਼ਿਕਾਇਤ ਰਜਿਸਟਰਾਂ ਦਾ ਰੱਖ-ਰਖਾਅ ਨਹੀਂ ਕੀਤਾ ਜਾ ਰਿਹਾ ਸੀ।

ਯੂਨੀਵਰਸਿਟੀ ਨੇ ਕਿਹਾ (ਅਕਤੂਬਰ 2024) ਕਿ ਪੀ ਏ ਯੂ ਕਿਸਾਨ ਸ਼ਿਕਾਇਤਾਂ ਦੇ ਨਿਪਟਾਰੇ ਲਈ ਕਿਸਾਨ ਪੋਰਟਲ ਦਾ ਵਿਸਥਾਰ ਕਰ ਰਿਹਾ ਹੈ ਅਤੇ ਇਹ ਅਗਲੇ ਕੁਝ ਮਹੀਨਿਆਂ ਵਿੱਚ ਕਾਰਜਸ਼ੀਲ ਹੋ ਜਾਵੇਗਾ।

(iii) ਕ੍ਰਿਸ਼ੀ ਵਿਗਿਆਨ ਕੇਂਦਰਾਂ ਦਾ ਸਾਂਝਾ ਨਿਰੀਖਣ

ਲੇਖਾ ਪ੍ਰੀਖਿਆ ਦੇ ਦੌਰਾਨ ਕੇ ਵੀ ਕੇਜ਼ ਵਿੱਚ ਵੱਖ-ਵੱਖ ਸਹੂਲਤਾਂ ਦੀ ਉਪਲਬਧਤਾ ਦਾ ਪਤਾ ਲਗਾਉਣ ਲਈ ਚੁਣੇ ਗਏ ਛੇ ਕੇ ਵੀ ਕੇਜ਼ ਦਾ ਸਾਂਝਾ ਨਿਰੀਖਣ ਕੀਤਾ ਗਿਆ ਸੀ। ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਕੇ ਵੀ ਕੇ ਰੋਪੜ ਵਿੱਚ, ਕਿਸਾਨਾਂ ਦੇ ਹੋਸਟਲ ਦੀ ਕੋਈ ਸਹੂਲਤ ਨਹੀਂ ਸੀ। ਕੇ ਵੀ ਕੇ ਲੰਗੜੋਆ (ਐਸ ਬੀ ਐਸ ਨਗਰ) ਵਿੱਚ ਹੋਸਟਲ (ਦਸੰਬਰ 2009 ਵਿੱਚ ਬਣਾਇਆ ਗਿਆ) ਪਾਣੀ ਅਤੇ ਬਿਜਲੀ ਦੀ ਸੁਵਿਧਾ ਨਾ ਹੋਣ ਕਾਰਨ ਹੋਸਟਲ ਨੂੰ ਸਟੋਰੇਜ ਦੇ ਮਕਸਦ ਲਈ ਵਰਤਿਆ ਜਾ ਰਿਹਾ ਸੀ। ਕੇ ਵੀ ਕੇ ਖੇੜੀ (ਸੰਗਰੂਰ) ਵਿੱਚ, ਹੋਸਟਲ ਵਿੱਚ ਪੰਜ ਕਮਰੇ ਸਨ ਪਰ ਕਿਸੇ ਵਿੱਚ ਵੀ ਬੁਨਿਆਦੀ ਸੁਵਿਧਾਵਾਂ ਨਹੀਂ ਸਨ।
- ਕੇ ਵੀ ਕੇ ਨੂਰਮਹਿਲ (ਜਲੰਧਰ) ਵਿੱਚ, ਫਸਟ-ਏਡ ਬਾਕਸ ਦੀ ਸਹੂਲਤ ਨਹੀਂ ਸੀ।
- ਤਿੰਨ ਕੇ ਵੀ ਕੇਜ਼ (ਫਿਰੋਜ਼ਪੁਰ, ਰੋਪੜ ਅਤੇ ਫਰੀਦਕੋਟ) ਵਿੱਚ, ਅੱਗ ਬੁਝਾਉਣ ਦਾ ਕੋਈ ਉਪਕਰਣ ਨਹੀਂ ਸੀ।
- ਚਾਰ ਕੇ ਵੀ ਕੇਜ਼ (ਰੋਪੜ, ਨੂਰਮਹਿਲ (ਜਲੰਧਰ), ਫਰੀਦਕੋਟ ਅਤੇ ਖੇੜੀ (ਸੰਗਰੂਰ)) ਵਿੱਚ, ਸਬੰਧਤ ਇਮਾਰਤਾਂ ਵਿੱਚ ਕੋਈ ਵੀ ਸ਼ਿਕਾਇਤ ਨਿਵਾਰਨ ਬੋਰਡ ਨਹੀਂ ਲਗਾਇਆ ਗਿਆ ਸੀ, ਜਦੋਂ ਕਿ ਹੋਰ ਦੋ ਕੇ ਵੀ ਕੇਜ਼ (ਫਿਰੋਜ਼ਪੁਰ ਅਤੇ ਲੰਗੜੋਆ (ਐਸ ਬੀ ਐਸ ਨਗਰ) ਵਿੱਚ ਸ਼ਿਕਾਇਤ ਨਿਵਾਰਣ ਬੋਰਡ ਲਗਾਇਆ ਗਿਆ ਸੀ।
- ਕੇ ਵੀ ਕੇ ਲੰਗੜੋਆ (ਐਸ ਬੀ ਐਸ ਨਗਰ) ਵਿੱਚ, ਸਥਿਰ ਸੰਪਤੀਆਂ ਅਤੇ ਫਰਨੀਚਰ ਅਤੇ ਫਿਕਸਚਰ 'ਤੇ ਸੰਪਤੀ ਸੰਖਿਆ ਚਿੰਨ੍ਹਤ ਨਹੀਂ ਕੀਤਾ ਗਿਆ ਸੀ।

ਯੂਨੀਵਰਸਿਟੀ ਨੇ ਦੱਸਿਆ (ਅਕਤੂਬਰ 2024) ਕਿ-

- ਰੋਪੜ, ਐਸ ਬੀ ਐਸ ਨਗਰ ਅਤੇ ਸੰਗਰੂਰ ਛੋਟੇ ਜ਼ਿਲ੍ਹੇ ਹੋਣ ਕਰਕੇ ਸਿਖਿਆਰਥੀ, ਸਿਖਲਾਈ ਹੋਸਟਲ ਵਿੱਚ ਰਹਿਣ ਦੀ ਬਜਾਏ ਗੈਰ-ਰਿਹਾਇਸ਼ੀ ਸਿਖਲਾਈ ਵਿੱਚ ਸ਼ਾਮਲ ਹੋਣ ਤੋਂ

ਬਾਅਦ ਆਪਣੇ ਜ਼ਿਲ੍ਹਿਆਂ ਵਿੱਚ ਆਪਣੇ ਘਰਾਂ ਨੂੰ ਵਾਪਸ ਜਾਣਾ ਪਸੰਦ ਕਰਦੇ ਹਨ। ਇਸ ਲਈ, ਅਸਥਾਈ ਉਪਾਵਾਂ ਵਜੋਂ, ਸਿਖਲਾਈ ਹੋਸਟਲ ਨੂੰ ਸਟੋਰੇਜ ਦੇ ਉਦੇਸ਼ ਲਈ ਵਰਤਿਆ ਗਿਆ ਸੀ।

- ਕੇ ਵੀ ਕੇ ਜਲੰਧਰ ਵਿਖੇ ਇੱਕ ਫਸਟ-ਏਡ ਬਾਕਸ ਸਹੂਲਤ ਦੀ ਸਥਾਪਨਾ ਕੀਤੀ ਗਈ ਸੀ।
- ਕੇ ਵੀ ਕੇਜ਼ ਫਰੀਦਕੋਟ, ਫਿਰੋਜ਼ਪੁਰ ਅਤੇ ਰੋਪੜ ਵਿਖੇ ਅੱਗ-ਬੁਝਾਊ ਯੰਤਰ ਲਗਾਏ ਗਏ ਸਨ।
- ਕੇ ਵੀ ਕੇਜ਼ ਫਰੀਦਕੋਟ, ਜਲੰਧਰ ਅਤੇ ਸੰਗਰੂਰ ਵਿਖੇ ਸ਼ਿਕਾਇਤ ਨਿਵਾਰਣ ਬੋਰਡ/ਸੁਝਾਅ ਬਕਸੇ ਲਗਾਏ ਗਏ ਸਨ।
- ਕੇ ਵੀ ਕੇ ਲੰਗੜੋਆ (ਐਸ ਬੀ ਐਸ ਨਗਰ) ਵਿੱਚ ਸਥਿਰ ਸੰਪਤੀਆਂ, ਫਰਨੀਚਰ ਅਤੇ ਫਿਕਸਚਰ 'ਤੇ ਸੰਪਤੀ ਸੰਖਿਆ ਚਿੰਨ੍ਹਿਤ ਕੀਤੇ ਗਏ ਸਨ।

1.5.9 ਸਿੱਟਾ

2017-22 ਦੇ ਦੌਰਾਨ ਵਿਸਥਾਰ ਗਤੀਵਿਧੀਆਂ ਲਈ ਤੈਨਾਤ ਸਟਾਫ ਦੀ ਕਮੀ 44 *ਪ੍ਰਤੀਸ਼ਤ* ਅਤੇ 48 *ਪ੍ਰਤੀਸ਼ਤ* ਦੇ ਵਿਚਕਾਰ ਸੀ।

18 ਵਿਚੋਂ 17 ਕੇ ਵੀ ਕੇਜ਼ ਵਿੱਚ, ਆਈ ਸੀ ਏ ਆਰ ਨਾਲ ਸਬੰਧਤ ਸਮਝੌਤਾ ਮੈਮੋਰੰਡਮ (ਐਮ ਓ ਯੂ) ਵਿੱਚ ਲੋੜ ਅਨੁਸਾਰ ਵਾਹੀਯੋਗ ਜ਼ਮੀਨ ਦੀ ਕਮੀ ਇੱਕ ਏਕੜ ਤੋਂ 47.8 ਏਕੜ ਤੱਕ ਸੀ ਇਸ ਤਰ੍ਹਾਂ ਲਾਭਪਾਤਰੀਆਂ ਨੂੰ ਵਿਹਾਰਕ ਸਿਖਲਾਈ/ਕੰਮ ਦੇ ਤਜਰਬੇ ਦੇ ਪ੍ਰਸਾਰ ਨੂੰ ਪ੍ਰਭਾਵਿਤ ਕਰਦਾ ਹੈ।

ਫਿਰੋਜ਼ਪੁਰ (ਕੋਰਸਾਂ ਦੀ ਸੰਖਿਆ ਅਤੇ ਭਾਗੀਦਾਰਾਂ ਦੇ ਸਬੰਧ ਵਿੱਚ ਟੀਚਿਆਂ ਨੂੰ ਪ੍ਰਾਪਤ ਕਰਨਾ) ਅਤੇ ਰੋਪੜ (ਭਾਗੀਦਾਰਾਂ ਦੇ ਸਬੰਧ ਵਿੱਚ ਟੀਚਿਆਂ ਨੂੰ ਪ੍ਰਾਪਤ ਕਰਨਾ) ਵਿਖੇ ਦੋ ਕੇ ਵੀ ਕੇਜ਼ ਨੂੰ ਛੱਡ ਕੇ, ਬਾਕੀ ਚਾਰ ਚੁਣੇ ਗਏ ਕੇ ਵੀ ਕੇਜ਼ 2017-22 ਦੀ ਮਿਆਦ ਦੇ ਦੌਰਾਨ ਲਾਭਪਾਤਰੀਆਂ ਨੂੰ ਸਿਖਲਾਈ ਦੇਣ ਦੇ ਟੀਚੇ ਨੂੰ ਪ੍ਰਾਪਤ ਨਹੀਂ ਕਰ ਸਕੇ। ਇਸ ਤੋਂ ਇਲਾਵਾ, ਚੁਣੀਆਂ ਗਈਆਂ ਕੇ ਵੀ ਕੇਜ਼ ਵਿੱਚ ਮੁੱਖ ਫਸਲਾਂ ਅਤੇ ਨਵੀਆਂ ਵਿਕਸਤ ਤਕਨਾਲੋਜੀਆਂ 'ਤੇ ਫਰੰਟਲਾਈਨ ਪ੍ਰਦਰਸ਼ਨ (ਐਫ ਐਲ ਡੀ) ਦੀ ਘਾਟ ਸੀ।

ਯੂਨੀਵਰਸਿਟੀ ਨੇ ਮਿੱਟੀ ਅਤੇ ਪਾਣੀ ਦੇ ਨਮੂਨੇ ਇਕੱਤਰ ਕਰਨ ਅਤੇ ਜਾਂਚ ਕਰਨ ਲਈ ਕੋਈ ਟੀਚਾ ਨਿਰਧਾਰਤ ਨਹੀਂ ਕੀਤਾ ਸੀ। ਇਸਦੀ ਅਣਹੋਂਦ ਵਿੱਚ, ਛੇ ਕੇ ਵੀ ਕੇਜ਼ ਦੁਆਰਾ ਇਕੱਤਰ ਕੀਤੇ ਅਤੇ ਜਾਂਚ ਕੀਤੇ ਗਏ ਮਿੱਟੀ ਦੇ ਨਮੂਨੇ 2018-19 ਵਿੱਚ ਪੰਜ ਕੇ ਵੀ ਕੇ ਵਿੱਚ ਛੱਡ ਕੇ, ਜਿਆਦਾਤਰ ਦਾ ਰੁਝਾਨ 2017-22 ਦੀ ਮਿਆਦ ਦੇ ਦੌਰਾਨ ਘਟ ਰਿਹਾ ਸੀ।

18 ਕੇ ਵੀ ਕੇਜ਼ ਵਿਚੋਂ ਕਿਸੇ ਵਿੱਚ ਵੀ ਕਮਿਊਨਿਟੀ ਰੇਡੀਓ ਸਟੇਸ਼ਨ ਸਥਾਪਤ ਨਹੀਂ ਕੀਤੇ ਗਏ ਸਨ, ਕਿਉਂਕਿ ਯੂਨੀਵਰਸਿਟੀ ਨੇ 'ਵਿਸਥਾਰ ਸੁਧਾਰਾਂ ਲਈ ਰਾਜ ਵਿਸਥਾਰ ਪ੍ਰੋਗਰਾਮਾਂ ਨੂੰ ਸਹਾਇਤਾ' ਸਕੀਮ ਦੇ ਅਧੀਨ ਇਸ ਉਦੇਸ਼ ਲਈ ਕੋਈ ਪ੍ਰਸਤਾਵ ਪੇਸ਼ ਨਹੀਂ ਕੀਤਾ।

ਪੀ ਏ ਯੂ ਵਿੱਚ ਸਥਾਪਤ ਖੇਤੀਬਾੜੀ ਤਕਨਾਲੋਜੀ ਸੂਚਨਾ ਕੇਂਦਰ (ਏ ਟੀ ਆਈ ਸੀ) ਨੇ ਕਿਸਾਨਾਂ ਅਤੇ ਹੋਰ ਅੰਤਿਮ ਉਪਭੋਗਤਾਵਾਂ ਲਈ ਤਕਨਾਲੋਜੀ ਉਤਪਾਦਾਂ, ਜਾਂਚ ਪੜਤਾਲ ਸੇਵਾਵਾਂ ਅਤੇ ਜਾਣਕਾਰੀ ਲਈ ਸਿੰਗਲ ਵਿੰਡੋ ਡਿਲਿਵਰੀ ਸਿਸਟਮ ਵਜੋਂ ਪੂਰੀ ਤਰ੍ਹਾਂ ਕੰਮ ਨਹੀਂ ਕੀਤਾ ਹੈ।

1.5.10 ਸ਼ਿਫਾਰਸਾਂ

ਲੇਖਾ ਪ੍ਰੀਖਿਆ ਲੱਭਤਾਂ ਦੇ ਮੱਦੇ ਨਜ਼ਰ, ਯੂਨੀਵਰਸਿਟੀ ਇਹ ਕਰ ਸਕਦੀ ਹੈ:

(i) ਵਿਸਥਾਰ ਗਤੀਵਿਧੀਆਂ ਲਈ ਲੋੜੀਂਦੇ ਸਟਾਫ ਦੀ ਕਮੀ ਨੂੰ ਦੂਰ ਕਰਨ ਲਈ ਪ੍ਰਭਾਵੀ ਉਪਾਅ ਕਰਨਾ,

(ii) ਅੰਤਿਮ ਉਪਭੋਗਤਾਵਾਂ ਨੂੰ ਨਵੀਆਂ ਵਿਕਸਤ ਫਸਲਾਂ ਅਤੇ ਤਕਨਾਲੋਜੀਆਂ 'ਤੇ ਢੁਕਵੀਂ ਸਿਖਲਾਈ/ਫਰੰਟਲਾਈਨ ਪ੍ਰਦਰਸ਼ਨ ਪ੍ਰਦਾਨ ਕਰਨਾ;

(iii) ਲਾਭਪਾਤਰੀਆਂ ਨੂੰ ਵਿਹਾਰਕ ਸਿਖਲਾਈ/ਕੰਮ ਦੇ ਤਜ਼ਰਬੇ ਦੇ ਢੁਕਵੇਂ ਪ੍ਰਸਾਰ ਲਈ ਆਈ ਸੀ ਏ ਆਰ ਨਾਲ ਹੋਏ ਐਮ ਓ ਯੂਜ਼ ਦੇ ਅਨੁਸਾਰ ਕੇ ਵੀ ਕੇਜ਼ ਲਈ ਲੋੜੀਂਦੀ ਜ਼ਮੀਨੀ ਮਾਲਕੀ ਨੂੰ ਯਕੀਨੀ ਬਣਾਉਣਾ;

(iv) ਮਿੱਟੀ ਅਤੇ ਪਾਣੀ ਦੇ ਨਮੂਨਿਆਂ ਨੂੰ ਇਕੱਤਰ ਕਰਨ ਅਤੇ ਜਾਂਚ ਕਰਨ ਲਈ ਟੀਚੇ ਨਿਰਧਾਰਤ ਕਰਨਾ;

(v) 'ਵਿਸਥਾਰ ਸੁਧਾਰਾਂ ਲਈ ਰਾਜ ਵਿਸਥਾਰ ਪ੍ਰੋਗਰਾਮਾਂ ਨੂੰ ਸਹਾਇਤਾ' ਯੋਜਨਾ ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਕੰਮਿਊਨਿਟੀ ਰੇਡੀਓ ਸਟੇਸ਼ਨ ਸਥਾਪਤ ਕਰਨ ਬਾਰੇ ਵਿਚਾਰ ਕਰਨਾ;

(vi) ਖੇਤੀਬਾੜੀ ਤਕਨਾਲੋਜੀ ਸੂਚਨਾ ਕੇਂਦਰ (ਏ ਟੀ ਆਈ ਸੀ) ਨੂੰ ਕਿਸਾਨਾਂ ਅਤੇ ਹੋਰ ਅੰਤਮ ਉਭੋਗਤਾਵਾਂ ਨੂੰ ਤਕਨਾਲੋਜੀ ਉਤਪਾਦ, ਡਾਇਗਨੋਸਟਿਕ ਸੇਵਾਵਾਂ ਅਤੇ ਜਾਣਕਾਰੀ ਪ੍ਰਦਾਨ ਕਰਨ ਵਾਲੀ ਸਿੰਗਲ ਵਿੰਡੋ ਸਹਾਇਤਾ ਡਿਲਿਵਰੀ ਸਿਸਟਮ ਵਜੋਂ ਕੰਮ ਕਰਨ ਲਹੀ ਮਜ਼ਬੂਤ ਕਰਨਾ; ਅਤੇ

(vii) ਕਿਸਾਨਾਂ ਦੀਆਂ ਵਿਸਥਾਰ ਗਤੀਵਿਧੀਆਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨ ਲਈ, ਉਨ੍ਹਾਂ ਦੀਆਂ ਸਿਖਲਾਈ ਦੀਆਂ ਜ਼ਰੂਰਤਾਂ ਦੀ ਪਛਾਣ ਕਰਨ ਅਤੇ ਕਿਸੇ ਵੀ ਸੰਭਾਵੀ ਮੁੱਦਿਆ ਜਾਂ ਚੁਣੌਤੀਆਂ ਨੂੰ ਹੱਲ ਕਰਨ ਲਈ ਕਿਸਾਨਾਂ ਦੇ ਕੇਂਦਰੀਕ੍ਰਿਤ ਡੇਟਾਬੇਸ ਨੂੰ ਬਣਾਈ ਰੱਖਣ 'ਤੇ ਵਿਚਾਰ ਕਰਨਾ।

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਮਾਰਚ 2023); ਉਨ੍ਹਾਂ ਦੇ ਜਵਾਬਾਂ ਦੀ ਉਡੀਕ ਸੀ (ਅਕਤੂਬਰ 2024)।

ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਠੋਸ ਰਹਿੰਦ-ਖੂੰਹਦ ਪ੍ਰਬੰਧਨ ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ

2.1 ਜਾਣ-ਪਛਾਣ

2.1.1 ਪਿਛੋਕੜ

ਰਹਿੰਦ-ਖੂੰਹਦ ਉਹ ਸਮੱਗਰੀ ਹੁੰਦੀ ਹੈ ਜੋ ਅਣਚਾਹੀ ਜਾਂ ਵਰਤੋਂ ਯੋਗ ਨਹੀਂ ਹੁੰਦੀ। ਰਹਿੰਦ-ਖੂੰਹਦ ਕੋਈ ਵੀ ਪਦਾਰਥ ਹੁੰਦਾ ਹੈ ਜੋ ਪ੍ਰਾਇਮਰੀ ਉਤਪਾਦ ਦੇ ਆਪਣੇ ਉਦੇਸ਼ ਦੀ ਪੂਰਤੀ ਤੋਂ ਬਾਅਦ ਸੁੱਟ ਦਿੱਤਾ ਜਾਂਦਾ ਹੈ ਅਤੇ ਹੁਣ ਬੇਕਾਰ ਨੁਕਸਾਨਦਾਇਕ ਜਾਂ ਜਿਸ ਲਈ ਜਨਰੇਟਰ ਨੇ ਮੁੱਲ ਦੇ ਰੂਪ ਵਿੱਚ ਹੋਰ ਕੋਈ ਵਰਤੋਂ ਨਹੀਂ ਕੀਤੀ ਹੈ। ਠੋਸ ਰਹਿੰਦ-ਖੂੰਹਦ (ਐਸ ਡਬਲਯੂ) ਰਿਹਾਇਸ਼ੀ, ਉਦਯੋਗਿਕ ਜਾਂ ਵਪਾਰਕ ਗਤੀਵਿਧੀਆਂ ਕਰਨ ਵਾਲੇ ਮਨੁੱਖਾਂ ਦੁਆਰਾ ਜਨਰੇਟਰ ਕੀਤੀ ਗਈ ਅਣਚਾਹੀ ਜਾਂ ਬੇਕਾਰ ਠੋਸ ਸਮੱਗਰੀ ਹੈ। ਇਨ੍ਹਾਂ ਵਿੱਚ ਠੋਸ ਜਾਂ ਅਰਧ-ਠੋਸ ਘਰੇਲੂ ਰਹਿੰਦ-ਖੂੰਹਦ ਸੈਨੇਟਰੀ ਰਹਿੰਦ-ਖੂੰਹਦ, ਵਪਾਰਕ ਰਹਿੰਦ-ਖੂੰਹਦ, ਸੰਸਥਾਗਤ ਰਹਿੰਦ-ਖੂੰਹਦ, ਕੈਟਰਿੰਗ ਅਤੇ ਮਾਰਕੀਟ ਰਹਿੰਦ-ਖੂੰਹਦ ਅਤੇ ਹੋਰ ਗੈਰ-ਰਿਹਾਇਸ਼ੀ ਰਹਿੰਦ-ਖੂੰਹਦ, ਸਟਰੀਟ ਸਵੀਪਿੰਗ, ਨਾਲੀਆਂ ਤੋਂ ਹਟਾਈ ਗਈ ਜਾਂ ਇਕੱਤਰ ਕੀਤੀ ਗਈ ਗਾਦ, ਬਾਗਬਾਨੀ ਰਹਿੰਦ-ਖੂੰਹਦ, ਖੇਤੀਬਾੜੀ ਅਤੇ ਡੇਅਰੀ ਰਹਿੰਦ-ਖੂੰਹਦ ਸ਼ਾਮਲ ਹਨ।

2.1.2 ਮਿਉਂਸਪਲ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੀ ਲੋੜ

ਸ਼ਹਿਰੀ ਖੇਤਰਾਂ ਵਿੱਚ ਮਿਉਂਸਪਲ ਠੋਸ ਰਹਿੰਦ-ਖੂੰਹਦ ਪ੍ਰਬੰਧਨ (ਐਮ ਐਸ ਡਬਲਯੂ ਐਮ) ਅੱਜ ਸਾਡੇ ਸਾਹਮਣੇ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਵਜੋਂ ਉਭਰਿਆ ਹੈ, ਨਾ ਸਿਰਫ਼ ਵਾਤਾਵਰਣ ਦੀਆਂ ਚਿੰਤਾਵਾਂ ਲਈ ਇੱਕ ਚੁਣੌਤੀ ਵਜੋਂ ਉਭਰਿਆ ਹੈ, ਬਲਕਿ ਰਹਿੰਦ-ਖੂੰਹਦ ਦੇ ਅਣਉਚਿਤ ਅਤੇ ਗੈਰ-ਵਿਗਿਆਨਕ ਪ੍ਰਬੰਧਨ ਕਾਰਨ ਜਨਤਕ ਸਿਹਤ ਲਈ ਸੰਭਾਵਿਤ ਖਤਰੇ ਦੇ ਕਾਰਨ ਵੀ ਉਭਰਿਆ ਹੈ। ਸ਼ਹਿਰੀਕਰਨ ਦੀ ਤੇਜ਼ ਰਫਤਾਰ ਕਾਰਣ ਇਹ ਮੁੱਦਾ ਹੋਰ ਵਧ ਗਿਆ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਦੀ ਰਿਪੋਰਟ (2021-22) ਦੇ ਅਨੁਸਾਰ, ਭਾਰਤ ਵਿੱਚ ਠੋਸ ਰਹਿੰਦ-ਖੂੰਹਦ (ਐਸ ਡਬਲਯੂ) ਦਾ ਪ੍ਰਤੀ ਦਿਨ ਜਨਰੇਸ਼ਨ 1,70,339 ਮੀਟ੍ਰਿਕ ਟਨ (ਐਮ ਟੀ) ਸੀ, ਜਿਸ ਵਿੱਚੋਂ 1,56,449 ਐਮ ਟੀ (92 *ਪ੍ਰਤੀਸ਼ਤ*) ਐਸ ਡਬਲਯੂ ਇਕੱਤਰ ਕੀਤਾ ਗਿਆ ਸੀ ਜਿਸ ਵਿੱਚੋਂ ਸਿਰਫ਼ 91,511 ਐਮ ਟੀ (58 *ਪ੍ਰਤੀਸ਼ਤ*) ਨੂੰ ਐਸ ਡਬਲਯੂ ਟਰੀਟ ਕੀਤਾ ਗਿਆ ਸੀ। ਪੰਜਾਬ ਰਾਜ ਵਿੱਚ, 2021-22 ਦੌਰਾਨ ਐਸ ਡਬਲਯੂ ਪ੍ਰਤੀ ਦਿਨ ਜਨਰੇਸ਼ਨ 4,222 ਐਮ ਟੀ ਸੀ, ਜਿਸ ਵਿੱਚੋਂ 4,207 ਐਮ ਟੀ ਐਸ ਡਬਲਯੂ ਇਕੱਤਰ ਕੀਤਾ ਗਿਆ ਸੀ ਅਤੇ ਪਰ ਸਿਰਫ਼ 1,471 ਐਮ ਟੀ (35 *ਪ੍ਰਤੀਸ਼ਤ*) ਟਰੀਟ ਕੀਤਾ ਗਿਆ ਸੀ। ਇਸ ਲਈ ਜਨਰੇਟ ਹੋਣ ਵਾਲੇ ਲਗਭਗ 65 *ਪ੍ਰਤੀਸ਼ਤ* ਰਹਿੰਦ-ਖੂੰਹਦ ਟਰੀਟ ਕੀਤੇ ਬਿਨਾਂ ਹੀ ਰਹਿੰਦਾ ਹੈ ਜੋ ਕਿ ਠੋਸ ਰਹਿੰਦ-ਖੂੰਹਦ ਪ੍ਰਬੰਧਨ (ਐਸ ਡਬਲਯੂ ਐਮ) ਵਿੱਚ ਪਾੜੇ ਨੂੰ ਦਰਸਾਉਂਦਾ ਹੈ ਜਿਸ ਨੂੰ ਰਾਜ ਦੇ 166 ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀਜ਼) ਦੁਆਰਾ ਹੱਲ ਕਰਨ ਦੀ ਲੋੜ ਹੈ।

ਠੋਸ ਰਹਿੰਦ-ਖੂੰਹਦ ਵਿੱਚ ਸ਼ਾਮਲ ਹਨ (i) **ਬਾਇਓ-ਡਿਗ੍ਰੇਡੇਬਲ**[1] ਰਹਿੰਦ-ਖੂੰਹਦ (50-60 *ਪ੍ਰਤੀਸ਼ਤ*) ਅਤੇ (ii) **ਗੈਰ-ਬਾਇਓਡੀਗ੍ਰੇਡੇਬਲ**[2] ਰਹਿੰਦ-ਖੂੰਹਦ {ਵਿਕਰੀ ਯੋਗ 30 *ਪ੍ਰਤੀਸ਼ਤ*); ਰਫਿਊਜ਼ਡ ਡੇਰਾਈਵਡ ਫਿਊਲ (ਆਰ ਡੀ ਐਫ)[3] 15 *ਪ੍ਰਤੀਸ਼ਤ* ਅਤੇ ਇਨਰਟ[4] ਪੰਜ *ਪ੍ਰਤੀਸ਼ਤ*}। ਸਰੋਤ ਤੇ ਨਾਕਾਫੀ ਵੰਡ, ਇਕੱਤਰ ਕਰਨ, ਆਵਾਜਾਈ, ਟਰੀਟਮੈਂਟ ਅਤੇ ਰਹਿੰਦ-ਖੂੰਹਦ ਦੇ ਗੈਰ-ਵਿਗਿਆਨਕ ਨਿਪਟਾਰੇ ਨਾਲ ਵਾਤਾਵਰਣ ਦਾ ਵਿਗਾੜ ਹੁੰਦਾ ਹੈ ਅਤੇ ਜੀਵਨ ਦੀ ਮਾੜੀ ਗੁਣਵੱਤਾ ਹੁੰਦੀ ਹੈ। ਜ਼ਿਆਦਾਤਰ ਯੂ ਐਲ ਬੀਜ਼ ਨੂੰ ਉਚਿਤ ਅਤੇ ਉੱਨਤ ਸੰਗ੍ਰਹਿ ਅਤੇ ਆਵਾਜਾਈ ਪ੍ਰਣਾਲੀਆਂ, ਤਕਨਾਲੋਜੀ ਦੀ ਚੋਣ ਅਤੇ ਠੋਸ ਰਹਿੰਦ-ਖੂੰਹਦ ਦੇ ਨਿਪਟਾਰੇ ਦੇ ਤਰੀਕਿਆਂ ਦੇ ਖੇਤਰਾਂ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਐਸ ਡਬਲਯੂ ਦੇ ਮਾੜੇ ਪ੍ਰਬੰਧਨ ਨਾਲ ਨਾ ਸਿਰਫ਼ ਜ਼ਮੀਨ ਅਤੇ ਪਾਣੀ ਦਾ ਪ੍ਰਦੂਸ਼ਣ ਹੁੰਦਾ ਹੈ ਬਲਕਿ ਹੈਜ਼ਾ, ਪੇਚਸ਼, ਪੀਲੀਆ, ਟਾਈਫਾਈਡ ਅਤੇ ਦਸਤ ਵਰਗੀਆਂ ਕਈ ਵੈਕਟਰ ਅਤੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਵੀ ਪੈਦਾ ਹੁੰਦੀਆਂ ਹਨ। ਇਸ ਲਈ, ਐਸ ਡਬਲਯੂ ਐਮ ਪ੍ਰਮੁੱਖ ਵਾਤਾਵਰਣ ਖੇਤਰਾਂ ਵਿੱਚੋਂ ਇੱਕ ਹੈ ਜਿਸਨੂੰ ਵਾਤਾਵਰਣ ਸੰਬੰਧੀ ਚਿੰਤਾਵਾਂ ਅਤੇ ਸਮਾਜਿਕ ਸਥਿਤੀਆਂ ਵਿੱਚ ਸੁਧਾਰ ਲਈ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਦੀ ਜ਼ਰੂਰਤ ਹੈ।

ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਨੇ ਸਾਝੇ ਤੌਰ 'ਤੇ ਸਸਟੇਨੇਬਲ ਵਿਕਾਸ ਟੀਚੇ (ਐਸ ਡੀ ਜੀ) 11.6 ਪ੍ਰਤੀ ਵਚਨਬੱਧਤਾ ਪ੍ਰਗਟਾਈ ਹੈ (ਸਤੰਬਰ 2015) ਜੋ ਹਵਾ ਦੀ ਗੁਣਵੱਤਾ ਅਤੇ ਮਿਉਂਸਪਲ ਅਤੇ ਹੋਰ ਰਹਿੰਦ-ਖੂੰਹਦ ਪ੍ਰਬੰਧਨ ਤੇ ਵਿਸ਼ੇਸ਼ ਧਿਆਨ ਦੇ ਕੇ ਪ੍ਰਤੀ ਵਿਅਕਤੀ ਵਾਤਾਵਰਣ ਦੇ ਮਾੜੇ ਪ੍ਰਭਾਵ ਨੂੰ ਘਟਾਉਣ ਦੀ ਕੋਸ਼ਿਸ਼ ਕਰਦਾ ਹੈ।

2.1.3 ਠੋਸ ਰਹਿੰਦ-ਖੂੰਹਦ ਦੇ ਪ੍ਰਬੰਧਨ ਨੂੰ ਨਿਯੰਤਰਿਤ ਕਰਨ ਵਾਲਾ ਰੈਗੂਲੇਟਰੀ ਢਾਂਚਾ

ਵਾਤਾਵਰਣ (ਸੁਰੱਖਿਆ) ਐਕਟ, 1986 ਅਧੀਨ ਸਾਲ 2016 ਦੌਰਾਨ ਬਣਾਏ ਗਏ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮ ਅਤੇ ਉਸਾਰੀ ਅਤੇ ਡਿਮੋਲਿਸ਼ਨ (ਸੀ ਐਂਡ ਡੀ) ਰਹਿੰਦ-ਖੂੰਹਦ ਪ੍ਰਬੰਧਨ ਨਿਯਮ, ਐਸ ਡਬਲਯੂ ਦੇ ਨਿਪਟਾਰੇ ਅਤੇ ਪ੍ਰਬੰਧਨ ਲਈ ਕਾਨੂੰਨੀ ਢਾਚਾ ਪ੍ਰਦਾਨ ਕਰਦੇ ਹਨ ਅਤੇ ਰਾਜ ਪੱਧਰ, ਯੂ ਐਲ ਬੀਜ਼ ਪੱਧਰ ਅਤੇ ਨਾਗਰਿਕਾਂ ਦੇ ਪੱਧਰ ਤੇ ਜ਼ਿੰਮੇਵਾਰੀਆਂ ਸੌਂਪਦੇ ਹਨ। ਵਿਗਿਆਨਕ ਐਸ ਡਬਲਯੂ ਐਮ ਦੀ ਵਰਤੋਂ ਪ੍ਰਦੂਸ਼ਣ ਦੀ ਰੋਕਥਾਮ, ਨਿਯੰਤਰਣ ਜਾਂ ਘਟਾਉਣ ਲਈ ਇੱਕ ਵਿਆਪਕ ਯੋਜਨਾ ਤਿਆਰ ਕਰਨ ਲਈ ਭਾਰਤ ਸਰਕਾਰ (ਜੀ ਓ ਆਈ) ਦੁਆਰਾ ਸਮੇਂ-ਸਮੇਂ ਤੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ।

ਉਕਤ ਨਿਯਮਾਂ ਅਨੁਸਾਰ ਰਹਿੰਦ-ਖੂੰਹਦ ਜਨਰੇਟਰ ਰਹਿੰਦ-ਖੂੰਹਦ ਨੂੰ ਤਿੰਨ ਵੱਖ-ਵੱਖ ਸਟ੍ਰੀਮਾਂ ਬਾਇਓਡੀਗ੍ਰੇਡੇਬਲ ਜਾਂ ਗਿੱਲਾ ਰਹਿੰਦ-ਖੂੰਹਦ ਵੱਖ ਕਰਨ ਗੈਰ-ਬਾਇਓਡੀਗ੍ਰੇਡੇਬਲ ਜਾਂ ਸੁੱਕਾ ਰਹਿੰਦ-ਖੂੰਹਦ ਅਤੇ ਘਰੇਲੂ ਖਤਰਨਾਕ ਰਹਿੰਦ-ਖੂੰਹਦ, ਜੋ ਕਿ ਰਹਿੰਦ-ਖੂੰਹਦ ਇਕੱਠਾ ਕਰਨ

---

1 **ਬਾਇਓਡੀਗ੍ਰੇਡੇਬਲ ਰਹਿੰਦ-ਖੂੰਹਦ** – ਦਾ ਅਰਥ ਹੈ ਕੋਈ ਵੀ ਜੈਵਿਕ ਪਦਾਰਥ ਜਿਸ ਨੂੰ ਸੂਖਮ-ਜੀਵਾਣੂਆਂ ਦੁਆਰਾ ਸਰਲ ਸਥਿਰ ਮਿਸ਼ਰਣਾਂ ਵਿੱਚ ਘਟਾਇਆ ਜਾ ਸਕਦਾ ਹੈ।

2 **ਗੈਰ-ਬਾਇਓਡੀਗ੍ਰੇਡੇਬਲ ਰਹਿੰਦ-ਖੂੰਹਦ** – ਦਾ ਅਰਥ ਹੈ ਕੋਈ ਵੀ ਰਹਿੰਦ-ਖੂੰਹਦ ਜਿਸ ਨੂੰ ਸੂਖਮ ਜੀਵਾਂ ਦੁਆਰਾ ਸਰਲ ਸਥਿਰ ਮਿਸ਼ਰਣਾਂ ਵਿੱਚ ਘਟਾਇਆ ਨਹੀਂ ਜਾ ਸਕਦਾ ਹੈ।

3 **ਆਰ ਡੀ ਐਫ** – ਦਾ ਅਰਥ ਹੈ ਠੋਸ ਰਹਿੰਦ-ਖੂੰਹਦ ਦੇ ਜਲਣਸ਼ੀਲ ਰਹਿੰਦ-ਖੂੰਹਦ ਦੇ ਅੰਸ਼ ਤੋਂ ਪ੍ਰਾਪਤ ਬਾਲਣ।

4 **ਇਨਰਟਜ਼** – ਦਾ ਅਰਥ ਹੈ ਬਰੀਕ ਮਿੱਟੀ ਅਤੇ ਸੜਕ ਦੀ ਸਫਾਈ ਕਰਨ ਵਾਲੀ ਗਾਦ।

ਵਾਲਿਆਂ ਨੂੰ ਸੌਂਪਿਆ ਜਾਂਣਾ ਹੈ। ਬਾਇਓ-ਡਿਗ੍ਰੇਡੇਬਲ ਰਹਿੰਦ-ਖੂੰਹਦ ਨੂੰ ਖਾਦ ਬਣਾਉਣਾ/ ਬਾਇਓ-ਮੀਥੇਨੇਸ਼ਨ ਰਾਹੀਂ ਪ੍ਰੋਸੈਸ ਕੀਤਾ ਜਾਣਾ ਹੈ, ਜਦੋਂ ਕਿ ਰੀਸਾਈਕਲ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਨੂੰ ਵੱਖਰੇ ਤੌਰ ਤੇ ਸੌਂਪਿਆ ਜਾਣਾ ਹੈ। ਇਸ ਤੋਂ ਇਲਾਵਾ, ਰਹਿੰਦ-ਖੂੰਹਦ ਜਨਰੇਟਰ ਨੂੰ ਸਾੜਨ, ਦੱਬਣ ਜਾਂ ਖੁੱਲੇ ਵਿੱਚ ਸੁੱਟਣ ਦੀ ਆਗਿਆ ਨਹੀਂ ਹੈ। ਸੀ ਐਂਡ ਡੀ ਰਹਿੰਦ-ਖੂੰਹਦ ਵੱਖਰੇ ਤੌਰ ਤੇ ਸਟੋਰ ਕੀਤਾ ਜਾਣਾ ਚਾਹੀਦਾ ਹੈ ਅਤੇ ਸੀ ਐਂਡ ਡੀ ਰਹਿੰਦ-ਖੂੰਹਦ ਪ੍ਰਬੰਧਨ ਰੂਲਜ਼, 2016 ਦੇ ਅਨੁਸਾਰ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ।

2.1.4 ਸਸਟੇਨੇਬਲ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੇ ਸਿਧਾਂਤ

ਐਸ ਡਬਲਯੂ ਐਮ ਦੇ ਤਿੰਨ ਬੁਨਿਆਦੀ ਅੰਤਰਰਾਸ਼ਟਰੀ ਪੱਧਰ ਤੇ ਸਵੀਕਾਰ ਕੀਤੇ ਸਿਧਾਂਤ ਹਨ:

1. ਐਸ ਡਬਲਯੂ ਐਮ ਸੇਵਾਵਾਂ ਲਈ ਭੁਗਤਾਨ ਕਰਨ ਲਈ ਪਰਿਵਾਰਾਂ ਦੀ **ਸਮਰੱਥਾ** ਜਾਂ ਯੋਗਤਾ। ਇਹ ਵਿਸ਼ਵਵਿਆਪੀ ਤੌਰ ਤੇ ਸਵੀਕਾਰ ਕੀਤਾ ਜਾਂਦਾ ਹੈ ਕਿ ਔਸਤ ਪਰਿਵਾਰਕ ਖਰਚਯੋਗ ਆਮਦਨ ਦਾ 1-1.5 *ਪ੍ਰਤੀਸ਼ਤ* ਸੰਪੂਰਨ ਐਸ ਡਬਲਯੂ ਐਮ ਸੇਵਾਵਾਂ ਲਈ ਭੁਗਤਾਨ ਦੀ ਸੀਮਾ ਹੈ।

2. **ਪ੍ਰਦੂਸ਼ਣ ਕਰਤਾ ਦੁਆਰਾ ਭੁਗਤਾਨ ਦਾ ਸਿਧਾਂਤ** ਜਿਸ ਅਨੁਸਾਰ ਰਹਿੰਦ-ਖੂੰਹਦ ਜਨਰੇਟਰ ਕਰਨ ਵਾਲਿਆਂ ਨੂੰ ਰਹਿੰਦ-ਖੂੰਹਦ ਦੇ ਪ੍ਰਬੰਧਨ ਦੀ ਲਾਗਤ ਸਹਿਣ ਕਰਨੀ ਚਾਹੀਦੀ ਹੈ।

3. ਸਬੰਧਤ ਏਜੰਟਾਂ ਅਤੇ ਉਪਭੋਗਤਾਵਾਂ ਤੇ ਚਾਰਜ ਲਗਾ ਕੇ ਰਹਿੰਦ-ਖੂੰਹਦ ਜਨਰੇਸ਼ਨ ਅਤੇ ਪ੍ਰਬੰਧਨ ਦੇ ਨਕਾਰਾਤਮਕ ਵਾਤਾਵਰਣ ਅਤੇ ਆਰਥਿਕ ਪ੍ਰਭਾਵਾਂ ਦਾ ਮੁਕਾਬਲਾ ਕਰਨ ਦੇ ਮਾਮਲੇ ਵਿੱਚ **ਸਥਿਰਤਾ**।

2.1.5 ਰਹਿੰਦ-ਖੂੰਹਦ ਪ੍ਰਬੰਧਨ ਦਰਜਾਬੰਦੀ

ਸਸਟੇਨੇਬਲ ਐਸ ਡਬਲਯੂ ਐਮ ਦਾ ਸੰਕਲਪ ਸਮੁੱਚੇ ਸਸਟੇਨੇਬਲ ਵਿਕਾਸ ਲਈ ਮਹੱਤਵਪੂਰਨ ਹੈ, ਅਤੇ ਇਸਦੇ ਸਾਰ ਨੂੰ ਕੁਦਰਤੀ ਸਰੋਤਾਂ ਦੀ ਵਰਤੋਂ ਨੂੰ ਘੱਟ ਤੋਂ ਘੱਟ ਕਰਨ ਲਈ 3 ਆਰਜ਼- ਰੀਡਿਊਜ਼, ਰੀਯੂਜ਼ ਅਤੇ ਰੀਸਾਈਕਲ ਕਰਨ ਦੇ ਸਿਧਾਂਤ ਵਿੱਚ ਸਮਝਾਇਆ ਗਿਆ ਹੈ। ਇਨ੍ਹਾਂ 3 ਆਰਜ਼ ਨੂੰ "ਰਹਿੰਦ-ਖੂੰਹਦ ਦੀ ਦਰਜਾਬੰਦੀ" ਵੀ ਕਿਹਾ ਜਾਂਦਾ ਹੈ, ਜਿਸ ਦਾ ਮਤਲਬ ਹੈ ਕਿ ਲੈਂਡਫਿਲਾਂ ਵਿੱਚ ਸਾਰੇ ਰਹਿੰਦ-ਖੂੰਹਦ ਦੇ ਵੱਡੇ ਪੱਧਰ ਤੇ ਪ੍ਰਚਲਿਤ ਨਿਪਟਾਰੇ ਦੀ ਬਜਾਏ ਅਪਣਾਏ ਜਾਣ ਵਾਲੇ ਰਹਿੰਦ-ਖੂੰਹਦ ਪ੍ਰਬੰਧਨ ਅਭਿਆਸਾਂ ਦੇ ਇੱਕ ਤਰਜੀਹੀ ਕ੍ਰਮ ਨੂੰ ਅਪਣਾਇਆ ਜਾਣਾ ਚਾਹੀਦਾ ਹੈ।

ਚਿੱਤਰ 2.1: ਰਹਿੰਦ-ਖੂੰਹਦ ਪ੍ਰਬੰਧਨ



ਸ੍ਰੋਤ: ਐਮ ਐਸ ਡਬਲਯੂ ਐਮ ਮੈਨੂਅਲ

ਰਹਿੰਦ-ਖੂੰਹਦ ਦੀ ਰੋਕਥਾਮ ਅਤੇ ਕਮੀ ਨੂੰ ਦਰਜੇਬੰਦੀ ਦੇ ਸਿਖਰ 'ਤੇ ਰੱਖਿਆ ਗਿਆ ਹੈ ਤਾਂ ਜੋ ਇਹ ਵਿਖਾਇਆ ਜਾ ਸਕੇ ਕਿ ਰਹਿੰਦ-ਖੂੰਹਦ ਨਾਲ ਨਜਿੱਠਣ ਦਾ ਸਭ ਤੋਂ ਵਧੀਆ ਤਰੀਕਾ ਇਸ ਦੇ ਉਤਪਾਦਨ ਨੂੰ ਰੋਕਣਾ ਹੈ ਅਤੇ ਜਿੱਥੇ ਇਹ ਸੰਭਵ ਨਹੀਂ ਹੈ, ਉਥੇ ਇਸ ਦਾ ਘੱਟ ਉਤਪਾਦਨ ਕਰਨਾ

ਹੈ। ਰਹਿੰਦ-ਖੂੰਹਦ ਦੇ ਪ੍ਰਬੰਧਨ ਨੂੰ ਬਿਹਤਰ ਬਣਾਉਣ ਲਈ ਮਿਉਂਸਪਲ ਅਧਿਕਾਰੀਆਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਦੁਨੀਆ ਦੇ ਜ਼ਿਆਦਾਤਰ ਦੇਸ਼ ਅਜੇ ਵੀ ਰਹਿੰਦ-ਖੂੰਹਦ ਦੀ ਦਰਜੇਬੰਦੀ ਦੇ ਹੇਠਲੇ ਪੱਧਰ ਤੇ ਰਣਨੀਤੀਆਂ ਦਾ ਸਹਾਰਾ ਲੈਂਦੇ ਹਨ.

2.1.6 ਠੋਸ ਰਹਿੰਦ-ਖੂੰਹਦ ਨਿਪਟਾਰੇ ਦੇ ਤਰੀਕੇ

ਰਹਿੰਦ-ਖੂੰਹਦ ਦੇ ਅੰਨੇਵਾਹ ਨਿਪਟਾਰੇ ਜਿਵੇਂ ਕਿ ਸੜਕ ਕਿਨਾਰੇ ਡੰਪਿੰਗ, ਖੁੱਲ੍ਹੇ ਵਿੱਚ ਸਾੜਨਾ, ਜਲ ਸਰੋਤਾਂ ਨੇੜੇ ਖੁੱਲਾ ਡੰਪਿੰਗ, ਅਤੇ ਲੈਂਡਫਿਲ ਵਿੱਚ ਡੰਪਿੰਗ, ਨਿਪਟਾਰੇ ਦੇ ਅਸੁਰੱਖਿਅਤ ਤਰੀਕੇ ਹਨ ਕਿਉਂਕਿ ਇਹ ਵਾਤਾਵਰਣ ਸਬੰਧੀ ਅਸੰਤੁਲਨ ਅਤੇ ਜਮੀਨ, ਪਾਣੀ ਅਤੇ ਹਵਾ ਪ੍ਰਦੂਸ਼ਣ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਇਸ ਵਿਧੀ ਦੀਆਂ ਮੁੱਖ ਸੀਮਾਵਾਂ ਦੂਰ ਦੁਰਾਡੇ ਲੈਂਡਫਿਲ ਸਾਈਟਾਂ ਲਈ ਐਸ ਡਬਲਯੂ ਦੀ ਮਹਿੰਗੀ ਆਵਾਜਾਈ ਹੈ।

ਢੁਕਵੀਂ ਨਿਕਾਸੀ[5] ਪ੍ਰਣਾਲੀ ਦੀ ਅਣਹੋਂਦ ਵਿੱਚ ਸਤਹ ਦੇ ਵਹਿਣ ਨਾਲ ਹੇਠਾਂ ਦੀ ਸਤਹ ਦਾ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ ਅਤੇ ਢੁਕਵੇਂ ਲੀਚੇਟ ਇਕੱਠਾ ਕਰਨ ਅਤੇ ਟਰੀਟਮੈਂਟ ਪ੍ਰਣਾਲੀ ਦੀ ਘਾਟ ਕਾਰਨ ਧਰਤੀ ਹੇਠਲੇ ਪਾਣੀ ਨੂੰ ਵੀ ਦੂਸ਼ਿਤ ਕਰਦਾ ਹੈ। ਇਕ ਅਕੁਸ਼ਲ ਗੈਸ ਰਿਕਵਰੀ ਪ੍ਰਕਿਰਿਆ ਵਾਯੂਮੰਡਲ ਵਿੱਚ ਦੋ[6] ਪ੍ਰਮੁੱਖ ਗ੍ਰੀਨਹਾਊਸ ਗੈਸਾਂ ਨੂੰ ਛੱਡਦੀ ਹੈ।

ਸੈਨੇਟਰੀ ਲੈਂਡਫਿਲਿੰਗ[7] ਐਸ ਡਬਲਯੂ ਐਮ ਦਾ ਇੱਕ ਜਰੂਰੀ ਹਿੱਸਾ ਹੈ, ਕਿਉਂਕਿ ਹੋਰ ਸਾਰੇ ਵਿਕਲਪ ਕੁਝ ਰਹਿੰਦ-ਖੂੰਹਦ ਜਨਰੇਟ ਕਰਦੇ ਹਨ ਜਿਨ੍ਹਾਂ ਦਾ ਨਿਪਟਾਰਾ ਹੈ ਲੈਂਡਫਿਲਿੰਗ ਦੁਆਰਾ ਜਰੂਰ ਕੀਤਾ ਜਾਣਾ ਚਾਹੀਦਾ ਹੈ। ਸਹੀ ਸੈਨੇਟਰੀ ਲੈਂਡਫਿਲਿੰਗ ਨੂੰ ਯਕੀਨੀ ਬਣਾਉਣ ਲਈ ਵੱਡੇ ਸੁਧਾਰਾਂ ਦੀ ਲੋੜ ਹੈ।

ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਆਮਤੌਰ ਤੇ ਨਵੀਆਂ ਲੈਂਡਫਿਲ ਸਾਈਟਾਂ ਲੱਭਣ ਵਿੱਚ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸਦੇ ਇਲਾਵਾ, ਇੱਕ ਇੰਜੀਨੀਅਰਡ ਲੈਂਡਫਿਲ ਦੀ ਉਸਾਰੀ ਅਤੇ ਸੰਚਾਲਨ ਅਤੇ ਰੱਖ ਰਖਾਅ ਦੀ ਲਾਗਤ ਵੀ ਜ਼ਿਆਦਾ ਹੁੰਦੀ ਹੈ।

ਹਰ ਪੜਾਅ ਤੇ ਰਹਿੰਦ-ਖੂੰਹਦ ਦਾ ਕੁਸ਼ਲ ਟਰੀਟਮੈਂਟ ਜਿਵੇਂ ਕਿ ਇਕੱਤਰ ਕਰਨ ਤੋਂ ਨਿਪਟਾਰੇ ਤੱਕ ਲਾਜ਼ਮੀ ਹੈ ਜਿਸ ਵਿੱਚ ਖਾਦ ਬਣਾਉਣ, ਸਾੜਨਾ, ਬਾਇਓ-ਮਿਥੇਨੇਸ਼ਨ ਅਤੇ ਗੈਸੀਫਿਕੇਸ਼ਨ ਰਾਹੀਂ ਪ੍ਰੋਸੈਸ ਕਰਨਾ ਸ਼ਾਮਲ ਹੈ।

ਇਹ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟ ਰਾਜ ਵਿੱਚ ਐਸ ਡਬਲਯੂ ਐਮ ਲਈ ਯੂ ਐਲ ਬੀਜ਼ ਵੱਲੋਂ ਕੀਤੇ ਗਏ ਯਤਨਾਂ ਨੂੰ ਧਿਆਨ ਵਿੱਚ ਲਿਆਂਦੀ ਅਤੇ ਉਨ੍ਹਾਂ ਦੇ ਯਤਨਾਂ ਵਿੱਚ ਕਮੀਆਂ ਨੂੰ ਉਜਾਗਰ ਕਰਦੀ ਹੈ।

---

5 ਭੰਡਾਰ ਕੀਤੇ ਠੋਸ ਰਹਿੰਦ-ਖੂੰਹਦ ਦੇ ਕੁਦਰਤੀ ਸਾੜਨ ਕਾਰਨ ਜਨਰੇਟ ਹੋਏ ਲੀਚੇਟ ਨੂੰ ਇਕੱਠਾ ਕਰਨ ਲਈ ਇੱਕ ਪ੍ਰਣਾਲੀ।

6 ਕਾਰਬਨ ਡਾਇਆਕਸਾਈਡ ਅਤੇ ਮੀਥੇਨ।

7 ਸੈਨੇਟਰੀ ਲੈਂਡ ਫਿਲਿੰਗ ਦਾ ਅਰਥ ਹੈ ਜਮੀਨੀ ਪਾਣੀ, ਸਤਹ ਦੇ ਪਾਣੀ ਅਤੇ ਫ਼ਿਊਜ਼ਿਟਿਵ ਹਵਾ ਦੀ ਧੂੜ ਆਦਿ ਦੇ ਪ੍ਰਦੂਸ਼ਣ ਦੇ ਵਿਰੁੱਧ ਸੁਰੱਖਿਆ ਉਪਾਵਾਂ ਨਾਲ ਤਿਆਰ ਕੀਤੀ ਗਈ ਸਹੂਲਤ ਵਿੱਚ ਜਮੀਨ ਤੇ ਬਚੇ ਹੋਏ ਠੋਸ ਰਹਿੰਦ-ਖੂੰਹਦ ਅਤੇ ਇਨਰਟ ਰਹਿੰਦ-ਖੂੰਹਦ ਦਾ ਅੰਤਮ ਅਤੇ ਸੁਰੱਖਿਅਤ ਨਿਪਟਾਰਾ।

2.1.7 ਠੋਸ ਰਹਿੰਦ-ਖੂੰਹਦ ਪ੍ਰਬੰਧਨ ਵਿੱਚ ਰਾਜ ਦੀ ਰੈਂਕਿੰਗ

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ 2019-20 ਅਤੇ 2020-21 ਵਿੱਚ ਐਸ ਡਬਲਯੂ ਐਮ ਸੇਵਾਵਾਂ ਵਿੱਚ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਐਸ ਡਬਲਯੂ ਐਮ ਨਾਲ ਸਬੰਧਤ ਵੱਖ-ਵੱਖ ਮਾਪਦੰਡਾਂ ਤੋਂ ਜਿਵੇਂ ਕਿ ਰਹਿੰਦ-ਖੂੰਹਦ ਪ੍ਰੋਸੈਸਿੰਗ, ਰਹਿੰਦ-ਖੂੰਹਦ ਪ੍ਰਬੰਧਨ ਵਿੱਚ ਪਾੜਾ, ਐਸ ਡਬਲਯੂ ਐਮ ਵਿੱਚ ਸਰਵੋਤਮ ਅਭਿਆਸਾਂ, ਡੰਪਸਾਈਟਾਂ ਦਾ ਮੁੜ ਦਾਅਵਾ, ਵਾਤਾਵਰਣ ਨਿਗਰਾਨੀ ਆਦਿ ਦੇ ਅਧਾਰ ਤੇ ਦਰਜਾ ਦਿੱਤਾ ਹੈ।

35 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ, ਪੰਜਾਬ ਦਾ ਰੈਂਕ 2019-20 ਅਤੇ 2020-21 ਦੌਰਾਨ ਐਸ ਡਬਲਯੂ ਐਮ ਵਿੱਚ ਕ੍ਰਮਵਾਰ 30$^{ਵਾਂ}$ ਅਤੇ 29$^{ਵਾਂ}$ ਸੀ। 2021-22 ਵਿੱਚ ਸੀ ਪੀ ਸੀ ਬੀ ਦੀ ਰਿਪੋਰਟ ਵਿੱਚ ਸਮੁੱਚੀ ਰੈਂਕਿੰਗ ਸ਼ਾਮਲ ਨਹੀਂ ਸੀ। ਹਾਲਾਂਕਿ, ਇਸ ਨੇ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਅਤੇ ਟਰੀਟਮੈਂਟ 'ਤੇ ਰਾਜ-ਵਾਰ ਪ੍ਰਗਤੀ ਪ੍ਰਦਾਨ ਕੀਤੀ। ਇਸ ਸ਼੍ਰੇਣੀ ਵਿੱਚ ਪੰਜਾਬ 35 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ 26$^{ਵੇਂ}$ ਸਥਾਨ 'ਤੇ ਹੈ। ਇਸ ਲਈ ਰਹਿੰਦ-ਖੂੰਹਦ ਦੇ ਖਤਰਨਾਕ ਪ੍ਰਭਾਵਾਂ ਨੂੰ ਘੱਟ ਕਰਨ ਲਈ ਠੋਸ ਰਹਿੰਦ-ਖੂੰਹਦ ਨੂੰ ਇਕੱਤਰ ਕਰਨ, ਵੱਖ ਕਰਨ ਅਤੇ ਪ੍ਰੋਸੈਸਿੰਗ ਵਰਗੇ ਐਸ ਡਬਲਯੂ ਐਮ ਭਾਗਾਂ ਨੂੰ ਬਿਹਤਰ ਬਣਾਉਣ ਲਈ ਪ੍ਰਭਾਵਸ਼ਾਲੀ ਉਪਾਅ ਕਰਨਾ ਬਹੁਤ ਮਹੱਤਵਪੂਰਨ ਹੈ।

2.1.7.1 ਸਵੱਛ ਸਰਵੇਖਣ ਵਿੱਚ ਰਾਜ ਦੇ ਯੂ ਐਲ ਬੀਜ਼ ਦੀ ਦਰਜਾਬੰਦੀ

ਮਕਾਨ ਉਸਾਰੀ ਅਤੇ ਸ਼ਹਿਰੀ ਮਾਮਲਿਆਂ ਦਾ ਮੰਤਰਾਲਾ (ਐਮ ਓ ਐਚ ਯੂ ਏ) ਹਰ ਸਾਲ ਸਵੱਛ ਸਰਵੇਖਣ (ਐਸ ਐਸ) ਰੈਂਕਿੰਗ ਜਾਰੀ ਕਰਦਾ ਹੈ ਜਿਸਦਾ ਉਦੇਸ਼ ਨਾਗਰਿਕਾਂ ਦੀ ਭਾਗੀਦਾਰੀ ਨੂੰ ਉਤਸ਼ਾਹਤ ਕਰਨਾ ਅਤੇ ਕਸਬਿਆਂ ਅਤੇ ਸ਼ਹਿਰਾਂ ਨੂੰ ਰਹਿਣ ਲਈ ਬਿਹਤਰ ਜਗ੍ਹਾ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰਨ ਦੀ ਮਹੱਤਤਾ ਬਾਰੇ ਸਮਾਜ ਦੇ ਸਾਰੇ ਵਰਗਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ। ਰੈਂਕਿੰਗ 'ਚ ਸਰਵਿਸ ਲੈਵਲ ਪ੍ਰਗਤੀ (ਐਸ ਐਲ ਪੀ) ਸਮੇਤ ਕਈ ਮਾਪਦੰਡਾਂ 'ਤੇ ਵਿਚਾਰ ਕੀਤਾ ਗਿਆ ਹੈ, ਜੋ ਕੁੱਲ ਭਾਰ ਦਾ 40 *ਪ੍ਰਤੀਸ਼ਤ* ਹੈ। ਐਸ ਐਲ ਪੀ ਵਿੱਚ ਐਮ ਐਸ ਡਬਲਯੂ ਅਤੇ ਟਿਕਾਊ ਸਵੱਛਤਾ ਦਾ ਵੱਖਰਾ ਸੰਗ੍ਰਹਿ, ਪ੍ਰੋਸੈਸਿੰਗ ਅਤੇ ਨਿਪਟਾਰਾ ਸ਼ਾਮਲ ਹੈ। ਐਮ ਓ ਐਚ ਯੂ ਏ ਦੋ ਸ਼੍ਰੇਣੀਆਂ ਵਿੱਚ ਰਾਸ਼ਟਰੀ ਰੈਂਕਿੰਗ ਜਾਰੀ ਕਰਦਾ ਹੈ, ਇੱਕ ਉਹਨਾਂ ਸ਼ਹਿਰਾਂ ਲਈ ਜਿਨ੍ਹਾਂ ਦੀ ਆਬਾਦੀ 1-10 ਲੱਖ ਤੱਕ ਅਤੇ ਦੂਜਾ ਉਹਨਾਂ ਸ਼ਹਿਰਾਂ ਲਈ ਜਿਨ੍ਹਾਂ ਦੀ ਅਬਾਦੀ 10 ਲੱਖ ਤੋਂ ਵੱਧ ਹੈ।

ਰਾਜ ਦੇ 166 ਯੂ ਐਲ ਬੀਜ਼ ਵਿੱਚੋਂ ਸਿਰਫ਼ ਦੋ ਯੂ ਐਲ ਬੀਜ਼[8] ਦੀ ਆਬਾਦੀ 10 ਲੱਖ ਤੋਂ ਵੱਧ ਸੀ ਅਤੇ ਦੋਵਾਂ ਨੂੰ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਵਿੱਚ ਚੁਣਿਆ ਗਿਆ ਸੀ। ਇਹ ਯੂ ਐਲ ਬੀਜ਼ ਰਾਜ ਵਿੱਚ ਐਮ ਐਸ ਡਬਲਯੂ ਦਾ ਲਗਭਗ 37 *ਪ੍ਰਤੀਸ਼ਤ* ਯੋਗਦਾਨ ਪਾਉਂਦੇ ਹਨ।

ਸਾਲ 2022 ਵਿੱਚ ਐਸ ਐਸ ਰੈਂਕਿੰਗ ਵਿੱਚ ਹਿੱਸਾ ਲੈਣ ਵਾਲੇ ਦੇਸ਼ ਦੇ ਕੁੱਲ 45 ਯੂ ਐਲ ਬੀਜ਼ ਵਿੱਚੋਂ 10 ਲੱਖ ਤੋਂ ਵੱਧ ਆਬਾਦੀ ਵਾਲੇ ਯੂ ਐਲ ਬੀਜ਼ ਦੀ ਸ਼੍ਰੇਣੀ ਵਿੱਚ ਲੁਧਿਆਣਾ ਅਤੇ ਅੰਮ੍ਰਿਤਸਰ ਕ੍ਰਮਵਾਰ 40$^{ਵੇਂ}$ ਅਤੇ 32$^{ਵੇਂ}$ ਸਥਾਨ ਤੇ ਸਨ।

8 (i) ਲੁਧਿਆਣਾ; ਅਤੇ (ii) ਅੰਮ੍ਰਿਤਸਰ।

ਇਸੇ ਤਰ੍ਹਾਂ 1-10 ਲੱਖ ਆਬਾਦੀ ਵਾਲੇ ਯੂ ਐਲ ਬੀਜ਼ ਦੀ ਸ਼੍ਰੇਣੀ ਵਿੱਚ ਹਿੱਸਾ ਲੈਣ ਵਾਲੇ ਕੁੱਲ 380 ਯੂ ਐਲ ਬੀਜ਼ ਵਿੱਚੋਂ 13 ਯੂ ਐਲ ਬੀਜ਼[9] ਪੰਜਾਬ ਨਾਲ ਸਬੰਧਤ ਸਨ। ਇਨ੍ਹਾਂ ਵਿੱਚੋਂ ਚਾਰ ਯੂ ਐਲ ਬੀਜ਼ (i) ਫਿਰੋਜ਼ਪੁਰ; (ii) ਐਸ ਏ ਐਸ ਨਗਰ; (iii) ਬਠਿੰਡਾ; ਅਤੇ (iv) ਮੋਗਾ ਨੂੰ ਨਮੂਨੇ ਵਿੱਚ ਚੁਣਿਆ ਗਿਆ ਸੀ। ਉਹ ਕ੍ਰਮਵਾਰ 64$^{ਵੇਂ}$, 113$^{ਵੇਂ}$, 132$^{ਵੇਂ}$ ਅਤੇ 309$^{ਵੇਂ}$ ਸਥਾਨ 'ਤੇ ਸਨ।

ਇਸ ਤੋਂ ਇਲਾਵਾ, 2023 ਵਿੱਚ, ਇੱਕ ਲੱਖ ਤੋਂ ਵੱਧ ਅਤੇ ਇੱਕ ਲੱਖ ਤੋਂ ਘੱਟ ਆਬਾਦੀ ਵਾਲੇ ਯੂ ਐਲ ਬੀਜ਼ ਦੀਆਂ ਸ਼੍ਰੇਣੀਆਂ ਲਈ ਐਸ ਐਸ ਰੈਂਕਿੰਗ ਜਾਰੀ ਕੀਤੀ ਗਈ ਸੀ। ਇੱਕ ਲੱਖ ਤੋਂ ਵੱਧ ਆਬਾਦੀ ਵਾਲੇ ਯੂ ਐਲ ਬੀਜ਼ ਦੀ ਸ਼੍ਰੇਣੀ ਵਿੱਚ ਕੁੱਲ, 446 ਹਿੱਸਾ ਲੈਣ ਵਾਲੀਆਂ ਯੂ ਐਲ ਬੀਜ਼ ਵਿੱਚੋਂ, ਅੰਮ੍ਰਿਤਸਰ ਅਤੇ ਲੁਧਿਆਣਾ ਨੇ ਕ੍ਰਮਵਾਰ 142$^{ਵਾਂ}$ ਅਤੇ 207$^{ਵਾਂ}$ ਰੈਂਕ ਹਾਸਲ ਕੀਤਾ। ਹੋਰ ਚਾਰ ਚੁਣੇ ਹੋਏ ਯੂ ਐਲ ਬੀਜ਼ ਦਾ ਰੈਂਕ ਐਸ ਏ ਐਸ ਨਗਰ 82$^{ਵਾਂ}$, ਬਠਿੰਡਾ 121$^{ਵਾਂ}$, ਫਿਰੋਜ਼ਪੁਰ 127$^{ਵਾਂ}$ ਅਤੇ ਮੋਗਾ 246$^{ਵਾਂ}$ ਸੀ।

ਰਾਜ ਦੇ ਯੂ ਐਲ ਬੀਜ਼ ਦੀ ਹੇਠਲੀ ਦਰਜਾਬੰਦੀ ਠੋਸ ਰਹਿੰਦ-ਖੂੰਹਦ ਸਹੂਲਤਾਂ ਦੇ ਪ੍ਰਬੰਧਨ ਵਿੱਚ ਇਕੱਤਰ ਕਰਨ, ਵੱਖ ਕਰਨ, ਆਵਾਜਾਈ ਅਤੇ ਪ੍ਰੋਸੈਸਿੰਗ ਦੇ ਸਬੰਧ ਵਿੱਚ ਸੁਧਾਰ ਦੀ ਲੋੜ ਦਾ ਸੰਕੇਤ ਹੈ।

2.2 ਲੇਖਾ ਪ੍ਰੀਖਿਆ ਢਾਂਚਾ


2.2.1 ਠੋਸ ਰਹਿੰਦ-ਖੂੰਹਦ ਪ੍ਰਬੰਧਨ ਦਾ ਪ੍ਰਬੰਧਕੀ ਨਿਯੰਤਰਣ ਅਤੇ ਨਿਗਰਾਨੀ

ਵੱਧਦੇ ਸ਼ਹਿਰੀਕਰਨ ਅਤੇ ਬਦਲਦੀ ਜੀਵਨ ਸ਼ੈਲੀ ਦੇ ਨਾਲ, ਰਹਿੰਦ-ਖੂੰਹਦ ਜਨਰੇਸ਼ਨ ਅਤੇ ਇਸਦਾ ਢੁਕਵਾਂ ਨਿਪਟਾਰਾ ਵੱਖ-ਵੱਖ ਪੱਧਰਾਂ ਤੇ ਰਾਜ ਲਈ ਇੱਕ ਚੁਣੌਤੀ ਹੈ। ਹਾਲਾਂਕਿ, ਐਸ ਡਬਲਯੂ ਐਮ ਰਾਜ ਸਰਕਾਰ ਦਾ ਵਿਸ਼ਾ ਹੈ, ਇਹ ਮੂਲ ਰੂਪ ਵਿੱਚ ਇੱਕ ਮਿਉਂਸਪਲ ਫੰਕਸ਼ਨ ਹੈ ਅਤੇ ਇਸ ਤਰ੍ਹਾਂ ਯੂ ਐਲ ਬੀਜ਼ ਇਸ ਮਹੱਤਵਪੂਰਨ ਗਤੀਵਿਧੀ ਨੂੰ ਕਰਨ ਲਈ ਸਿੱਧੇ ਤੌਰ ਤੇ ਜ਼ਿੰਮੇਵਾਰ ਹਨ। ਸੰਵਿਧਾਨ ਦੀ 74$^{ਵੀਂ}$ ਸੋਧ ਵਿੱਚ ਕਿਹਾ ਗਿਆ ਹੈ ਕਿ ਯੂ ਐਲ ਬੀਜ਼ ਨੂੰ ਇਹ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਇਸ ਲਈ ਯੂ ਐਲ ਬੀਜ਼ ਨੂੰ ਆਪਣੇ-ਆਪਣੇ ਸ਼ਹਿਰਾਂ/ਕਸਬਿਆਂ ਵਿੱਚ ਐਸ ਡਬਲਯੂ ਐਮ ਪ੍ਰਣਾਲੀ ਦੀ ਯੋਜਨਾ ਬਣਾਉਣ, ਡਿਜ਼ਾਈਨ ਕਰਨ, ਸੰਚਾਲਨ ਕਰਨ ਅਤੇ ਬਣਾਈ ਰੱਖਣ ਦੀ ਲੋੜ ਹੁੰਦੀ ਹੈ।

ਮਿਉਂਸਪਲ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੀ ਯੋਜਨਾਬੰਦੀ, ਲਾਗੂ ਕਰਨ ਅਤੇ ਨਿਗਰਾਨੀ ਵਿੱਚ ਸਾਰੇ ਪੱਧਰਾਂ 'ਤੇ ਵੱਖ-ਵੱਖ ਅਥਾਰਟੀਆਂ ਦੀ ਭੂਮਿਕਾ ਨੂੰ **ਚਿੱਤਰ** 2.2 ਵਿੱਚ ਦਰਸਾਇਆ ਗਿਆ ਹੈ।

9 (i) ਫਿਰੋਜ਼ਪੁਰ-64; (ii) ਐਸ ਏ ਐਸ ਨਗਰ-113; (iii) ਬਠਿੰਡਾ-132; (iv) ਮੋਗਾ-309; (v) ਅਬੋਹਰ-78; (vi) ਪਟਿਆਲਾ-117; (vii) ਜਲੰਧਰ-154; (viii) ਬਰਨਾਲਾ-172; (ix) ਹੁਸ਼ਿਆਰਪੁਰ-191; (x) ਪਠਾਨਕੋਟ-195; (xi) ਮੁਕਤਸਰ-196; (xii) ਮਲੇਰਕੋਟਲਾ-198; ਅਤੇ (xiii) ਖੰਨਾ-245

ਚਿੱਤਰ 2.2: ਵੱਖ-ਵੱਖ ਅਥਾਰਟੀਆਂ ਦੀ ਭੂਮਿਕਾ




ਸ੍ਰੋਤ: ਵਿਭਾਗੀ ਡਾਟਾ

2.2.2 ਸੰਗਠਨਾਤਮਕ ਢਾਂਚਾ

ਪੰਜਾਬ ਵਿੱਚ ਵੱਖ-ਵੱਖ ਪੱਧਰਾਂ 'ਤੇ ਐਸ ਡਬਲਯੂ ਐਮ ਲਈ ਸੰਗਠਨਾਤਮਕ ਢਾਂਚਾ ਹੇਠਾਂ ਦਿੱਤੇ **ਚਿੱਤਰ** 2.3 ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ:

ਚਿੱਤਰ 2.3: ਪੰਜਾਬ ਵਿੱਚ ਐਸ ਡਬਲਯੂ ਐਮ ਦਾ ਸੰਗਠਨਾਤਮਕ ਢਾਚਾ



ਸਕੱਤਰ, ਐਲ ਜੀ ਡੀ, ਵਿਭਾਗ ਦਾ ਪ੍ਰਬੰਧਕੀ ਮੁਖੀ ਹੁੰਦਾ ਹੈ ਅਤੇ ਪੰਜਾਬ ਮਿਉਂਸਪਲ ਇਨਫਰਾਸਟ੍ਰਕਚਰ ਡਿਵੈਲਪਮੈਂਟ ਕੰਪਨੀ (ਪੀ ਐਮ ਆਈ ਡੀ ਸੀ) ਦੇ ਪ੍ਰਬੰਧ ਨਿਰਦੇਸ਼ਕ ਵਜੋਂ ਵੀ ਕੰਮ ਕਰਦਾ ਹੈ। ਸੀ ਈ ਓ ਦੀ ਅਗਵਾਈ ਵਾਲੀ ਪੀ ਐਮ ਆਈ ਡੀ ਸੀ ਦੀ ਪਛਾਣ ਸਵੱਛ ਭਾਰਤ ਮਿਸ਼ਨ (ਐਸ ਬੀ ਐਮ) ਦੇ ਐਸ ਡਬਲਯੂ ਐਮ ਹਿੱਸੇ ਨੂੰ ਲਾਗੂ ਕਰਨ ਲਈ ਨੋਡਲ ਏਜੰਸੀ ਵਜੋਂ ਕੀਤੀ ਗਈ ਸੀ। ਨਗਰ ਨਿਗਮ ਕਮਿਸ਼ਨਰ ਅਤੇ ਕਾਰਜਕਾਰੀ ਅਧਿਕਾਰੀ ਕ੍ਰਮਵਾਰ ਨਗਰ ਨਿਗਮ ਅਤੇ ਮਿਉਂਸਪਲ ਕੌਂਸਲ/ਨਗਰ ਪੰਚਾਇਤ ਦੇ ਪ੍ਰਬੰਧਕੀ ਮੁੱਖੀ ਹੁੰਦੇ ਹਨ ਅਤੇ ਆਪਣੇ-ਆਪਣੇ ਖੇਤਰਾਂ ਵਿੱਚ ਐਮ ਐਸ ਡਬਲਯੂ ਐਮ ਲਈ ਜ਼ਿੰਮੇਵਾਰ ਹੁੰਦੇ ਹਨ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਐਲ ਜੀ ਡੀ[10] ਦੇ ਤਾਲਮੇਲ ਨਾਲ ਐਸ ਡਬਲਯੂ ਐਮ ਨਿਯਮਾਂ ਨੂੰ ਲਾਗੂ ਕਰਨ ਅਤੇ ਲਾਗੂ ਕਰਨ ਦੀ ਸਮੀਖਿਆ ਕਰਨ ਲਈ ਨਾਮਜ਼ਦ ਏਜੰਸੀ ਹੈ।

2.2.3 ਲੇਖਾ ਪ੍ਰੀਖਿਆ ਉਦੇਸ਼

ਕਾਰਗੁਜ਼ਾਰੀ ਲੇਖਾ ਪ੍ਰੀਖਿਆ ਇਹ ਮੁਲਾਂਕਣ ਕਰਨ ਲਈ ਕੀਤਾ ਗਿਆ ਸੀ ਕਿ ਕੀ:

1. ਐਸ ਡਬਲਯੂ ਐਮ ਦੀ "ਰਣਨੀਤੀ ਅਤੇ ਯੋਜਨਾਬੰਦੀ" ਜਨਰੇਟ ਹੋਏ ਰਹਿੰਦ-ਖੂੰਹਦ ਦੇ ਅਨੁਕੂਲ ਹੈ ਅਤੇ ਮੌਜੂਦਾ ਕਾਨੂੰਨੀ ਢਾਂਚੇ ਦੇ ਸਮਕਾਲੀ ਹੈ;
2. ਐਸ ਡਬਲਯੂ ਐਮ ਨਾਲ ਜੁੜੇ ਮਿਉਂਸਪਲ ਕਾਰਜਾਂ ਲਈ ਵਿੱਤੀ ਸਰੋਤਾਂ ਦਾ ਪ੍ਰਬੰਧਨ ਜਿਸ ਵਿੱਚ ਗੈਰ-ਰਸਮੀ ਰਹਿੰਦ-ਖੂੰਹਦ ਨੂੰ ਇਕੱਤਰ ਕਰਨਾ, ਵੱਖ ਕਰਨਾ, ਭੰਡਾਰਨ, ਆਵਾਜਾਈ, ਨਿਪਟਾਰਾ ਅਤੇ ਸਮਾਜਿਕ ਸ਼ਮੂਲੀਅਤ ਸ਼ਾਮਲ ਹੈ, ਪ੍ਰਭਾਵਸ਼ਾਲੀ, ਕੁਸ਼ਲ ਅਤੇ ਕਿਫਾਇਤੀ ਸੀ;
3. ਯੂ ਐਲ ਬੀਜ਼ ਵਿੱਚ ਐਸ ਡਬਲਯੂ ਐਮ ਪ੍ਰੋਜੈਕਟਾਂ ਦੀ ਪਛਾਣ, ਲਾਗੂ ਕਰਨ, ਸੰਚਾਲਨ ਅਤੇ ਰੱਖ ਰਖਾਅ ਪ੍ਰਭਾਵਸ਼ਾਲੀ, ਕੁਸ਼ਲ ਅਤੇ ਵਿੱਤੀ ਤੌਰ ਤੇ ਸਥਿਰ ਸੀ ਅਤੇ
4. ਐਸ ਡਬਲਯੂ ਐਮ ਪ੍ਰਣਾਲੀ ਦੀ ਨਿਗਰਾਨੀ ਅਤੇ ਮੁਲਾਂਕਣ, ਜਿਸ ਵਿੱਚ ਜਾਗਰੂਕਤਾ ਪੈਦਾ ਕਰਨ ਦੀ ਯੋਗਤਾ, ਵਿਵਹਾਰਕ ਤਬਦੀਲੀ ਨੂੰ ਪ੍ਰਭਾਵਿਤ ਕਰਨ ਲਈ ਨਾਗਰਿਕਾਂ ਦੀ ਸ਼ਮੂਲੀਅਤ ਨਾਗਰਿਕਾਂ ਲਈ ਸ਼ਿਕਾਇਤ ਨਿਵਾਰਣ ਵਿਧੀ, ਵਾਤਾਵਰਣ ਦੇ ਪ੍ਰਭਾਵਾਂ ਦਾ ਮੁਲਾਂਕਣ ਅਤੇ "ਅੰਦਰੂਨੀ ਨਿਯੰਤਰਣ ਅਤੇ ਨਿਗਰਾਨੀ ਵਿਧੀ" ਕਰਦੇ ਹੋਏ ਠੋਸ ਰਹਿੰਦ-ਖੂੰਹਦ ਪ੍ਰਬੰਧਨ ਉੱਤੇ ਨੂੰ ਲਾਗੂ ਕਰਨਾ ਕਾਫੀ ਅਤੇ ਪ੍ਰਭਾਵਸ਼ਾਲੀ ਸੀ।


2.2.4 ਲੇਖਾ ਪ੍ਰੀਖਿਆ ਦਾਇਰਾ ਅਤੇ ਵਿਧੀ

ਪੰਜਾਬ ਵਿੱਚ ਯੂ ਐਲ ਬੀਜ਼ ਦੁਆਰਾ ਸਾਲ 2017-22 ਦੇ ਸਮੇਂ ਨੂੰ ਕਵਰ ਕਰਦੇ ਹੋਏ ਠੋਸ ਰਹਿੰਦ-ਖੂੰਹਦ ਪ੍ਰਬੰਧਨ ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਅਗਸਤ 2022 ਅਤੇ ਮਾਰਚ 2023 ਵਿਚਕਾਰ ਕੀਤਾ ਗਿਆ ਸੀ। ਇਸਦਾ ਫੋਕਸ ਸਥਾਨਕ ਸਰਕਾਰਾਂ ਵਿਭਾਗ (ਡੀ ਐਲ ਜੀ), ਪੀ ਐਮ ਆਈ ਡੀ ਸੀ, ਚੁਣੇ ਹੋਏ ਯੂ ਐਲ ਬੀਜ਼ ਅਤੇ ਪੀ ਪੀ ਸੀ ਬੀ ਵੱਲੋਂ ਲੇਖਾ ਪ੍ਰੀਖਿਆ ਲਈ ਉਪਲਬਧ ਡਾਟਾ ਅਤੇ ਜਾਣਕਾਰੀ ਦਾ ਵਿਸ਼ਲੇਸ਼ਣ ਕਰਨ ਤੋਂ ਸੀ, ਜਿਸ ਵਿੱਚ ਐਸ ਡਬਲਯੂ ਐਮ ਨਿਯਮਾਂ/ਮੈਨੂਅਲ ਦੇ ਹਵਾਲੇ ਨਾਲ ਜ਼ਮੀਨੀ ਪੱਧਰ ਤੇ ਕਾਰਗੁਜ਼ਾਰੀ ਦਾ ਮੁਲਾਂਕਣ ਕੀਤਾ ਗਿਆ ਸੀ।

ਰਾਜ ਨੂੰ ਪੰਜ ਰੈਵੀਨਿਊ ਮੰਡਲਾਂ (ਆਰ ਡੀਜ਼) ਵਿੱਚ ਵੰਡਿਆਂ ਗਿਆ ਹੈ ਜਿਸ ਵਿੱਚ ਕੁੱਲ 166 ਯੂ ਐਲ ਬੀਜ਼ {13 ਨਗਰ ਨਿਗਮ (ਕਾਰਪੋਰੇਸ਼ਨਾਂ), 101 ਮਿਉਂਸਪਲ ਕੌਂਸਲਾਂ (ਐਮ ਸੀਜ਼) ਅਤੇ 52 ਨਗਰ ਪੰਚਾਇਤਾਂ (ਐਨ ਪੀਜ਼)} ਕੰਮ ਰਹੀਆਂ ਹਨ।

[10] ਐਸ ਡਬਲਯੂ ਐਮ ਨਿਯਮਾਵਾਲੀ, 2016 ਦੇ ਨਿਯਮ 16 ਦੇ ਅਨੁਸਾਰ।

ਚਿੱਤਰ 2.4: ਸਾਰੇ ਰੈਵੀਨਿਊ ਮੰਡਲਾਂ ਵਿੱਚ ਯੂ ਐਲ ਬੀਜ਼ ਦੀ ਕਵਰੇਜ ਨੂੰ ਦਰਸਾਉਂਦਾ ਨਕਸ਼ਾ



ਕਾਰਗੁਜ਼ਾਰੀ ਲੇਖਾ ਪ੍ਰੀਖਿਆ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ, 166 ਯੂ ਐਲ ਬੀਜ਼ ਵਿੱਚੋਂ, 20 ਯੂ ਐਲ ਬੀਜ਼ {ਪੰਜ ਨਗਰ ਨਿਗਮਾਂ-ਹਰੇਕ ਆਰ ਡੀ ਤੋਂ ਇੱਕ), 10 ਐਮ ਸੀਜ਼ (10 *ਪ੍ਰਤੀਸ਼ਤ*)} ਅਤੇ ਪੰਜ ਐਨ ਪੀਜ਼ (10 *ਪ੍ਰਤੀਸ਼ਤ*) ਵਿਸਤਰਿਤ ਜਾਂਚ ਲਈ ਚੁਣਿਆ ਗਿਆ ਸੀ। (ਜੋ ਕਿ ਰਾਜ ਦੇ ਕੁੱਲ ਖਰਚੇ ਦਾ 44 *ਪ੍ਰਤੀਸ਼ਤ* ਅਤੇ ਜਨਰੇਟਰ ਹੋਏ ਰੈਵੀਨਿਊ ਦਾ 32 *ਪ੍ਰਤੀਸ਼ਤ* ਨੂੰ ਕਵਰ ਕਰਦੇ ਹਨ)[11]। ਇਹ ਐਮ ਐਸ ਡਬਲਯੂ ਐਮ ਦੀਆਂ ਰਹਿੰਦ-ਖੂੰਹਦ ਪ੍ਰੋਸੈਸਿੰਗ ਸਹੂਲਤਾਂ[12] ਸਮੇਤ 25 ਡੰਪਸਾਈਟਾਂ ਦਾ ਸੰਯੁਕਤ ਭੌਤਿਕ ਦੌਰਾ (ਜੇ ਪੀ ਵੀ) ਯੂ ਐਲ ਬੀਜ਼ ਦੇ ਨੁਮਾਇੰਦਿਆਂ ਨਾਲ ਕੀਤਾ ਗਿਆ ਸੀ।

ਕਾਰਗੁਜ਼ਾਰੀ ਲੇਖਾ ਪ੍ਰੀਖਿਆ ਲਈ ਪੀ ਐਮ ਆਈ ਡੀ ਸੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਨਾਲ ਇੱਕ ਐਂਟਰੀ ਕਾਨਫਰੰਸ (ਅਕਤੂਬਰ 2022) ਆਯੋਜਿਤ ਕੀਤੀ ਗਈ ਸੀ ਜਿਸ ਦੌਰਾਨ ਲੇਖਾ ਪ੍ਰੀਖਿਆ ਉਦੇਸ਼ਾਂ, ਮਾਪਦੰਡਾਂ, ਦਾਇਰੇ ਅਤੇ ਵਿਧੀ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ ਸਨ। ਪੀ ਏ ਲਈ ਐਗਜ਼ਿਟ ਕਾਨਫਰੰਸ ਲੇਖਾ ਪ੍ਰੀਖਿਆ ਲੱਭਤਾਂ ਤੇ ਵਿਚਾਰ ਵਟਾਂਦਰੇ ਕਰਨ ਲਈ (ਜੁਲਾਈ 2023) ਜਿਸ ਵਿੱਚ ਸਕੱਤਰ, ਐਲ ਜੀ ਡੀ ਅਤੇ ਸੀ ਈ ਓ, ਪੀ ਐਮ ਆਈ ਡੀ ਸੀ ਮੌਜੂਦ ਸਨ।

---

11 ਰਾਜ ਵਿੱਚ ਕੀਤੇ ਗਏ ₹ 692.32 ਕਰੋੜ ਦੇ ਕੁੱਲ ਖਰਚੇ ਵਿੱਚੋਂ ਚੁਣੇ ਹੋਏ ਯੂ ਐਲ ਬੀਜ਼ ਨੇ ₹ 306.87 ਕਰੋੜ ਕਵਰ ਕੀਤੇ (ਜਿਵੇਂ ਕਿ ਪੈਰ੍ਹਾ 2.4.1 ਵਿੱਚ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ)। 166 ਯੂ ਐਲ ਬੀਜ਼ ਵਿੱਚ ਐਸ ਡਬਲਯੂ ਐਮ ਸੇਵਾਵਾਂ ਤੋਂ ₹ 3.70 ਕਰੋੜ ਦਾ ਰੈਵੀਨਿਊ ਵਜੋਂ ਜਨਰੇਟ ਕੀਤਾ ਗਿਆ ਸੀ, ਜਿਸ ਵਿੱਚੋਂ ₹ 1.20 ਕਰੋੜ ਚੁਣੇ ਹੋਏ ਯੂ ਐਲ ਬੀਜ਼ ਵਿੱਚ ਜਨਰੇਟ ਕੀਤੇ ਸਨ।

12 ਸੈਨੇਟਰੀ ਲੈਂਡਫਿਲਜ਼ (ਐਸ ਐਲ ਐਫਜ਼), ਸਮੱਗਰੀ ਰਿਕਵਰੀ ਸੁਵਿਧਾਵਾਂ (ਐਮ ਆਰ ਐਫਜ਼), ਖਾਦ ਦੇ ਟੋਏ ਆਦਿ।

2.2.5 ਲੇਖਾ ਪ੍ਰੀਖਿਆ ਮਾਪਦੰਡ

ਲੇਖਾ ਪ੍ਰੀਖਿਆ ਮਾਪਦੰਡ ਦੇ ਸਰੋਤ ਹੇਠ ਲਿਖੇ ਸਨ:

- ਮਿਉਂਸਿਪਲ ਠੋਸ ਰਹਿੰਦ-ਖੂੰਹਦ ਪ੍ਰਬੰਧਨ, 2016 ਦਾ ਮੈਨੂਅਲ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮ, 2016;
- ਉਸਾਰੀ ਅਤੇ ਡਿਮੋਲਿਸ਼ਨ ਰਹਿੰਦ-ਖੂੰਹਦ ਪ੍ਰਬੰਧਨ ਨਿਯਮ, 2016;
- ਸੇਵਾ ਪੱਧਰ ਬੈਂਚਮਾਰਕਿੰਗ ਦਿਸ਼ਾ ਨਿਰਦੇਸ਼ਾਂ ਵਿੱਚ ਨਿਰਧਾਰਤ ਕੀਤੇ ਕਾਰਗੁਜ਼ਾਰੀ ਮਾਪਦੰਡ;
- 14ਵੇਂ ਅਤੇ 15ਵੇਂ ਵਿੱਤ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਕਾਰਜਸ਼ੀਲ ਦਿਸ਼ਾ-ਨਿਰਦੇਸ਼;
- ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀਆਂ ਵੱਖ-ਵੱਖ ਹਦਾਇਤਾਂ/ਆਰਡਰਜ਼;
- ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ, ਰਾਜ ਪ੍ਰਦੂਸ਼ਣ ਕੰਟਰੋਲ ਬੋਰਡ, ਭਾਰਤ ਸਰਕਾਰ/ਰਾਜ ਸਰਕਾਰ, ਪੀ ਐਮ ਆਈ ਡੀ ਸੀ ਵੱਲੋਂ ਸਮੇਂ-ਸਮੇਂ 'ਤੇ ਐਸ ਡਬਲਯੂ ਐਮ ਬਾਰੇ ਜਾਰੀ ਹਦਾਇਤਾਂ ਅਤੇ ਦਿਸ਼ਾ-ਨਿਰਦੇਸ਼।

2.2.6 ਲੇਖਾ ਪ੍ਰੀਖਿਆ ਦੀਆਂ ਰੁਕਾਵਟਾਂ

ਜ਼ਿਆਦਾਤਰ ਚੁਣੇ ਹੋਏ ਯੂ ਐਲ ਬੀਜ਼ ਵਿੱਚ ਠੋਸ ਰਹਿੰਦ-ਖੂੰਹਦ ਨੂੰ ਇਕੱਤਰ ਕਰਨ, ਵੱਖ ਕਰਨਾ, ਆਵਾਜਾਈ, ਪ੍ਰੋਸੈਸਿੰਗ ਅਤੇ ਨਿਪਟਾਰੇ ਦਾ ਪੂਰਾ ਅਤੇ ਸਹੀ ਰਿਕਾਰਡ ਰੱਖਣ ਦਾ ਕੋਈ ਪ੍ਰਚਲਨ ਨਹੀਂ ਸੀ। ਇਸ ਲਈ, ਲੇਖਾ ਪ੍ਰੀਖਿਆ ਨੂੰ ਵਿਭਾਗ ਅਤੇ ਯੂ ਐਲ ਬੀਜ਼ ਦੁਆਰਾ ਉਪਲਬਧ ਕਰਵਾਏ ਗਏ ਰਿਕਾਰਡ ਅਤੇ ਜਾਣਕਾਰੀ ਤੇ ਨਿਰਭਰ ਕਰਨਾ ਪਿਆ।

2.2.7 ਆਭਾਰ

ਅਸੀਂ ਲੇਖਾ ਪ੍ਰੀਖਿਆ ਦੌਰਾਨ ਸਥਾਨਕ ਸਰਕਾਰ ਵਿਭਾਗ, ਪੰਜਾਬ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਵੱਲੋਂ ਦਿੱਤੇ ਸਹਿਯੋਗ ਅਤੇ ਸਮਰਥਨ ਦਾ ਧੰਨਵਾਦ ਕਰਦੇ ਹਾਂ।

2.3 ਰਣਨੀਤੀ ਅਤੇ ਯੋਜਨਾ

ਮਿਉਂਸਪਲ ਠੋਸ ਰਹਿੰਦ-ਰਹਿੰਦ ਦਾ ਪ੍ਰਬੰਧਨ (ਐਮ ਐਸ ਡਬਲਯੂ ਐਮ) ਮੁੱਖ ਤੌਰ ਤੇ ਇੱਕ ਮਿਉਂਸਪਲ ਦਾ ਕਾਰਜ[13] ਹੈ ਅਤੇ ਮਿਉਂਸਪਲ ਅਥਾਰਟੀਆਂ ਲਈ ਇਹ ਸੇਵਾ ਕੁਸ਼ਲਤਾ ਨਾਲ ਨਿਭਾਉਣੀ ਲਾਜ਼ਮੀ ਹੈ ਤਾਂ ਜੋ ਸ਼ਹਿਰਾਂ ਅਤੇ ਕਸਬਿਆਂ ਨੂੰ ਸਾਫ ਰੱਖਿਆ ਜਾ ਸਕੇ ਅਤੇ ਬਚੇ ਹੋਏ ਐਮ ਐਸ ਡਬਲਯੂ ਨੂੰ ਵਾਤਾਵਰਣ ਪੱਖੋਂ ਸਵੀਕਾਰਯੋਗ ਤਰੀਕੇ ਨਾਲ ਪ੍ਰੋਸੈਸ ਕੀਤਾ ਜਾ ਸਕੇ।

ਮਿਉਂਸਪਲ ਠੋਸ ਰਹਿੰਦ-ਖੂੰਹਦ ਪ੍ਰਬੰਧਨ ਮੈਨੂਅਲ, 2016 ਐਮ ਐਸ ਡਬਲਯੂ ਐਮ ਸੇਵਾਵਾਂ ਲਈ ਯੋਜਨਾਬੰਦੀ ਇੱਕ ਸੱਤ-ਪੜਾਈ ਪ੍ਰੋਸੈਸ ਦੀ ਪਾਲਣਾ ਕਰਦੀ ਹੈ ਤਾਂ ਜੋ ਐਸ ਡਬਲਯੂ ਐਮ ਨਿਯਮਾਂ


[13] ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 276 ਅਨੁਸਾਰ ਅਤੇ 74ਵੇਂ ਸੰਵਿਧਾਨ ਸੋਧ ਐਕਟ, 1992 ਦੀ 12ਵੀਂ ਅਨੁਸੂਚੀ ਅਧੀਨ।

ਅਤੇ ਜੀ ਓ ਆਈ ਅਤੇ ਪੰਜਾਬ ਸਰਕਾਰ (ਜੀ ਓ ਪੀ) ਦੁਆਰਾ ਪ੍ਰਦਾਨ ਕੀਤੇ ਗਏ ਹੋਰ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ। ਲੇਖਾ ਪ੍ਰੀਖਿਆ ਨੇ ਐਮ ਐਸ ਡਬਲਯੂ ਐਮ ਵਿੱਚ ਯੋਜਨਾ ਪ੍ਰੋਸੈਸ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨ ਲਈ, ਹੇਠ ਲਿਖੇ ਉਦੇਸ਼ ਬਣਾਏ:

"ਕੀ ਠੋਸ ਰਹਿੰਦ-ਖੂੰਹਦ ਦੇ ਪ੍ਰਬੰਧਨ ਦੀ ਰਣਨੀਤੀ ਅਤੇ ਯੋਜਨਾਬੰਦੀ ਜਨਰੇਟ ਹੋਏ ਰਹਿੰਦ-ਖੂੰਹਦ ਦੇ ਅਨੁਕੂਲ ਸੀ ਅਤੇ ਮੌਜੂਦਾ ਕਨੂੰਨੀ ਢਾਂਚੇ ਦੇ ਨਾਲ ਮੇਲ ਖਾਂਦੀ ਸੀ"।

ਯੋਜਨਾਬੰਦੀ ਦੇ ਸੱਤ ਪੜਾਅ **ਚਿੱਤਰ** 2.5 ਵਿੱਚ ਦਿੱਤੇ ਗਏ ਹਨ।

ਚਿੱਤਰ 2.5: ਐਸ ਡਬਲਯੂ ਐਮ ਯੋਜਨਾ ਨੂੰ ਵਿਕਸਤ ਕਰਨ ਲਈ ਸੱਤ ਪੜਾਅ ਵਾਲੀ ਪਹੁੰਚ



ਸ੍ਰੋਤ: ਐਮ ਐਸ ਡਬਲਯੂ ਐਮ ਮੈਨੂਅਲ, 2016

2.3.1 ਨੀਤੀਆਂ, ਪ੍ਰੋਗਰਾਮਾਂ ਅਤੇ ਕਨੂੰਨੀ ਢਾਂਚਾ

2.3.1.1 ਠੋਸ ਰਹਿੰਦ-ਖੂੰਹਦ ਪ੍ਰਬੰਧਨ ਨੀਤੀ ਬਣਾਉਣਾ

ਰਾਜ ਸਰਕਾਰ ਨੂੰ ਐਸ ਡਬਲਯੂ ਐਮ ਨਿਯਮਾਂ[14], 2016 ਦਾ ਨਿਯਮ 11(1) ਦੀਆਂ ਸ਼ਰਤਾਂ ਦੇ ਅਨੁਸਾਰ ਭਾਰਤ ਸਰਕਾਰ ਦੁਆਰਾ ਇਹ ਨਿਯਮਾਂ ਦੀ ਨੋਟੀਫਿਕੇਸ਼ਨ ਦੇ ਇੱਕ ਸਾਲ ਦੇ ਅੰਦਰ ਐਸ ਡਬਲਯੂ ਐਮ ਲਈ ਆਪਣੀ ਰਾਜ ਨੀਤੀ ਅਤੇ ਰਣਨੀਤੀ ਤਿਆਰ ਕਰਨ ਦੀ ਲੋੜ ਸੀ। ਇਸ ਅਨੁਸਾਰ ਰਾਜ ਨੀਤੀ ਅਪ੍ਰੈਲ 2017 ਤੱਕ ਤਿਆਰ ਕੀਤੀ ਜਾਣੀ ਸੀ। ਹਾਲਾਂਕਿ, ਜੀ ਓ ਪੀ ਨੇ ਨਿਰਧਾਰਤ ਮਿਤੀ ਤੋਂ 15 ਮਹੀਨਿਆਂ ਦੀ ਦੇਰੀ ਨਾਲ ਜੁਲਾਈ 2018 ਵਿੱਚ ਰਾਜ ਨੀਤੀ ਨੂੰ ਨੋਟੀਫਾਈ ਕੀਤਾ।

ਨੀਤੀ ਦੀ ਸੂਚਨਾ ਤੋਂ ਬਾਅਦ, ਅਗਸਤ 2018 ਅਤੇ ਦਸੰਬਰ 2019 ਦੇ ਵਿਚਕਾਰ, ਸਾਰੇ ਚੁਣੇ ਹੋਏ ਯੂ ਐਲ ਬੀਜ਼ ਦੀਆਂ ਕਾਰਜ ਯੋਜਨਾਵਾਂ ਤਿਆਰ ਕੀਤੀਆਂ ਗਈਆਂ ਸਨ। ਇਸ ਤੋਂ ਬਾਅਦ, ਯੂ ਐਲ ਬੀਜ਼ ਨੇ ਠੋਸ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਲਈ ਜ਼ਰੂਰੀ ਬੁਨਿਆਦੀ ਢਾਂਚੇ ਦੀ ਸਿਰਜਣਾ ਸ਼ੁਰੂ ਕੀਤੀ, ਜਿਸ ਵਿੱਚ ਰਹਿੰਦ-ਖੂੰਹਦ ਤੋਂ ਰੀਸਾਈਕਲ ਹੋਣਯੋਗ ਪਦਾਰਥਾਂ ਦੀ ਰਿਕਵਰੀ ਲਈ

[14] 08 ਅਪ੍ਰੈਲ 2016 ਨੂੰ ਨੋਟੀਫਾਈ ਕੀਤਾ ਗਿਆ।


ਮਟੀਰੀਅਲ ਰਿਕਵਰੀ ਸਹੂਲਤਾਂ (ਐਮ ਆਰ ਐਫਜ਼) ਸਥਾਪਤ ਕਰਨਾ, ਗਿੱਲੇ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਲਈ ਖਾਦ ਦੇ ਟੋਇਆਂ ਦਾ ਨਿਰਮਾਣ, ਵਿਰਾਸਤੀ ਰਹਿੰਦ-ਖੂੰਹਦ ਦੇ ਬਾਇਓ-ਰੀਮੀਡੀਏਸ਼ਨ ਲਈ ਟ੍ਰੋਮਲ ਅਤੇ ਮਕੈਨੀਕਲ ਸੈਪਰੇਟਰਾਂ ਵਰਗੀਆਂ ਮਸ਼ੀਨਰੀ ਖਰੀਦਣਾ ਅਤੇ ਸੈਨੇਟਰੀ ਲੈਂਡਫਿਲ ਸਾਈਟਾਂ ਆਦਿ ਦਾ ਨਿਰਮਾਣ ਸ਼ਾਮਲ ਹੈ ਜਿਵੇਂ ਕਿ ***ਪੈਰ੍ਹਾ 2.4.3.3, 2.4.5.2, 2.4.5.5 ਅਤੇ 2.4.5.6,*** ਵਿੱਚ ਚਰਚਾ ਕੀਤੀ ਗਈ ਹੈ। ਨਤੀਜੇ ਵਜੋਂ, ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਦੀ ਪ੍ਰਤੀਸ਼ਤਤਾ, ਜੋ ਕਿ 2018-19 ਤੱਕ ਸਿਰਫ਼ 20 *ਪ੍ਰਤੀਸ਼ਤ* ਸੀ, ਵਿੱਚ ***ਪੈਰ੍ਹਾ 2.4.2*** ਵਿੱਚ ਚਰਚਾ ਕੀਤੇ ਅਨੁਸਾਰ ਬਾਅਦ ਦੇ ਸਾਲਾਂ ਵਿੱਚ ਕਾਫੀ ਸੁਧਾਰ ਹੋਇਆ।

2.3.1.2 ਉਸਾਰੀ ਅਤੇ ਡਿਮੋਲਿਸ਼ਨ (ਸੀ ਐਂਡ ਡੀ) ਦੀ ਰਹਿੰਦ-ਖੂੰਹਦ ਪ੍ਰਬੰਧਨ ਨੀਤੀ

ਸਰਕੂਲਰ ਅਰਥਵਿਵਸਥਾ ਬਾਰੇ ਭਾਰਤ ਸਰਕਾਰ ਦੀ ਰਿਪੋਰਟ[15] ਦੇ ਅਨੁਸਾਰ, ਦੇਸ਼ ਵਿੱਚ ਸੀ ਐਂਡ ਡੀ ਰਹਿੰਦ-ਖੂੰਹਦ ਦੀ ਔਸਤਨ ਜਨਰੇਸ਼ਨ ਪ੍ਰਤੀ ਸਾਲ ਲਗਭਗ 12 ਮਿਲੀਅਨ ਟਨ ਹੈ ਜੋ ਕਿ ਐਮ ਐਸ ਡਬਲਯੂ ਜਨਰੇਟ ਦਾ 20-25 *ਪ੍ਰਤੀਸ਼ਤ* ਹੈ। ਇਹ ਸੀ ਐਂਡ ਡੀ ਰਹਿੰਦ-ਖੂੰਹਦ ਨੂੰ ਲੈਂਡਫਿਲ ਵਿੱਚ ਆਮ ਤੌਰ 'ਤੇ ਸੁੱਟਿਆ ਜਾਂਦਾ ਹੈ ਸੜਕਾਂ ਜਾਂ ਹੋਰ ਜਨਤਕ ਖੇਤਰਾਂ ਵਿੱਚ ਅਣਅਧਿਕਾਰਤ ਤਰੀਕੇ ਨਾਲ ਸੁੱਟਿਆ ਜਾਂਦਾ ਹੈ। ਘਰਾਂ (ਐਚ ਐਚਜ਼) ਤੋਂ ਸੀ ਐਂਡ ਡੀ ਰਹਿੰਦ-ਖੂੰਹਦ ਨੇੜਲੇ ਮਿਉਂਸਪਲ ਰਹਿੰਦ-ਖੂੰਹਦ ਦਾ ਨਾਂ ਵਿੱਚ ਵੀ ਪਹੁੰਚ ਗਿਆ ਜਿਸ ਨਾਲ ਰਹਿੰਦ-ਖੂੰਹਦ ਭਾਰੀ ਹੋ ਗਿਆ ਅਤੇ ਖਾਦ ਬਣਾਉਣ ਜਾਂ ਊਰਜਾ ਰਿਕਵਰੀ ਵਰਗੇ ਟਰੀਟਮੈਂਟ ਲਈ ਇਸ ਦੀ ਗੁਣਵੱਤਾ ਘੱਟ ਗਈ।

ਸੀ ਪੀ ਸੀ ਬੀ ਦੀ ਰਿਪੋਰਟ (2021-22) ਦੇ ਅਨੁਸਾਰ, ਐਸ ਡਬਲਯੂ ਐਮ ਨਿਯਮਾਂ, 2016 ਨੂੰ ਲਾਗੂ ਕਰਨ 'ਤੇ, ਪੰਜਾਬ ਵਿੱਚ ਠੋਸ ਰਹਿੰਦ-ਖੂੰਹਦ ਜਨਰੇਟ ਕਰਨ ਦੀ ਮਾਤਰਾ 4,222 ਐਮ ਟੀ ਪ੍ਰਤੀ ਦਿਨ (ਟੀ ਪੀ ਡੀ) ਜਾਂ ਲਗਭਗ 15,41,030 ਐਮ ਟੀ ਪ੍ਰਤੀ ਸਾਲ ਸੀ। ਇਸ ਤਰ੍ਹਾਂ ਇੱਕ ਰੂੜੀਵਾਦੀ ਅੰਦਾਜ਼ੇ 'ਤੇ, ਉਸ ਸਾਲ ਦੌਰਾਨ ਰਾਜ ਵਿੱਚ ਸੀ ਐਂਡ ਡੀ ਰਹਿੰਦ-ਖੂੰਹਦ ਜਨਰੇਸ਼ਨ 3,08,206 ਐਮ ਟੀ ਸੀ।

ਪ੍ਰਦਰਸ਼ਨੀ 1: ਸਰਹਿੰਦ ਵਿੱਚ ਡੰਪ ਸਾਈਟ 'ਤੇ ਪਿਆ ਪ੍ਰੋਸੈਸ ਨਾ ਕੀਤਾ ਗਿਆ ਸੀ ਐਂਡ ਡੀ ਰਹਿੰਦ-ਖੂੰਹਦ



ਐਸ ਡਬਲਯੂ ਐਮ ਨਿਯਮਾਂ, 2016 ਦੇ ਨਿਯਮ 13 ਦੇ ਅਨੁਸਾਰ, ਜੋ ਕਿ ਸੀ ਐਂਡ ਡੀ ਵੇਸਟ ਮੈਨੇਜਮੈਂਟ (ਸੀ ਡੀ ਡਲਬਯੂ ਐਮ) ਨਿਯਮਾਂ, 2016 ਦੀ ਸ਼ਡਿਊਲ III ਦੇ ਨਾਲ ਪੜ੍ਹਿਆ ਜਾਂਦਾ ਹੈ, ਰਾਜ ਸਰਕਾਰ ਨੂੰ ਸੀ ਐਂਡ ਡੀ ਡਬਲਯੂ ਐਮ ਨਿਯਮਾਂ ਦੀ ਨੋਟੀਫਿਕੇਸ਼ਨ ਦੀ ਮਿਤੀ (29 ਮਾਰਚ 2016) ਤੋਂ 12 ਮਹੀਨਿਆਂ ਦੇ ਅੰਦਰ ਸੀ ਐਂਡ ਡੀ ਡਬਲਯੂ ਐਮ ਲਈ ਆਪਦੀ ਨੀਤੀ ਬਣਾਉਣ ਦੀ ਲੋੜ ਸੀ। ਹਾਲਾਂਕਿ, ਰਾਜ ਨੇ ਨਿਰਧਾਰਤ ਮਿਤੀ ਤੋਂ ਤਿੰਨ ਸਾਲ ਤੋਂ ਵੱਧ ਦੀ ਦੇਰੀ ਨਾਲ

[15] ਮਕਾਨ ਉਸਾਰੀ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ, ਜੀ ਓ ਆਈ ਦੁਆਰਾ ਮਿਉਂਸਪਲ ਠੋਸ ਅਤੇ ਤਰਲ ਰਹਿੰਦ-ਖੂੰਹਦ ਵਿੱਚ ਸਰਕੂਲਰ ਆਰਥਿਕਤਾ (ਜੂਨ 2021 ਵਿੱਚ ਪ੍ਰਕਾਸ਼ਿਤ)।

ਅਗਸਤ 2020 ਵਿੱਚ ਆਪਣੀ ਨੀਤੀ ਨੂੰ ਸੂਚਿਤ ਕੀਤਾ। ਸੀ ਐਂਡ ਡੀ ਰਹਿੰਦ-ਖੂੰਹਦ ਦੀ ਵਰਤੋਂ ਲਈ ਨਿਰਦੇਸ਼ ਨਵੰਬਰ 2021 ਵਿੱਚ ਯੂ ਐਲ ਬੀਜ਼ ਨੂੰ ਜਾਰੀ ਕੀਤੇ ਗਏ ਸਨ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਸੀ ਐਂਡ ਡੀ ਰਹਿੰਦ-ਖੂੰਹਦ ਪ੍ਰੋਸੈਸਿੰਗ ਮਸ਼ੀਨਰੀ ਨੂੰ ਸੀ ਐਂਡ ਡੀ ਨੀਤੀ ਲਾਗੂ ਹੋਣ ਤੋਂ ਬਾਅਦ ਹੀ ਯੂ ਐਲ ਬੀਜ਼ ਦੁਆਰਾ ਪ੍ਰਾਪਤ ਕੀਤਾ ਗਿਆ ਸੀ। ਸੀ ਐਂਡ ਡੀ ਰਹਿੰਦ-ਖੂੰਹਦ ਮਸ਼ੀਨਰੀ ਦੀ ਵਰਤੋਂ ਅਤੇ ਪ੍ਰੋਸੈਸਡ ਸਮੱਗਰੀ ਦੀ ਵਰਤੋਂ ਬਾਰੇ **ਪੈਰ੍ਹਾ** 2.5.6 ਵਿੱਚ ਚਰਚਾ ਕੀਤੀ ਗਈ ਹੈ।

2.3.1.3 ਉਪ-ਨਿਯਮ ਬਣਾਉਣ ਵਿੱਚ ਦੇਰੀ

ਐਸ ਡਬਲਯੂ ਐਮ ਨਿਯਮਾਂ, 2016 ਦੇ ਨਿਯਮ 15(ਈ) ਵਿੱਚ ਇਹ ਵਿਵਸਥਾ ਹੈ ਕਿ ਸਾਰੇ ਯੂ ਐਲ ਬੀਜ਼ ਨਿਯਮਾਂ ਦੀ ਨੋਟੀਫਿਕੇਸ਼ਨ (ਅਪ੍ਰੈਲ 2016) ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ ਇਹਨਾਂ ਨਿਯਮਾਂ ਦੇ ਉਪਬੰਧਾਂ ਨੂੰ ਸ਼ਾਮਲ ਕਰਦੇ ਹੋਏ ਆਪਣੇ ਉਪ-ਨਿਯਮਾਂ ਬਣਾਉਣਗੇ ਅਤੇ ਸਮੇਂ ਸਿਰ ਲਾਗੂ ਕਰਨ ਲਈ ਯਕੀਨੀ ਬਣਾਉਣਗੇ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਚੁਣੇ ਗਏ ਯੂ ਐਲ ਬੀਜ਼ ਦੁਆਰਾ ਸਤੰਬਰ 2018 ਅਤੇ ਅਗਸਤ 2020 ਦੇ ਵਿਚਕਾਰ ਉਪ ਨਿਯਮ ਤਿਆਰ ਕੀਤੇ ਗਏ ਸਨ। ਐਲ ਜੀ ਡੀ ਨੇ ਯੂ ਐਲ ਬੀਜ਼ ਦੀ ਸਹੂਲਤ ਲਈ ਅਤੇ ਰਾਜ ਭਰ ਵਿੱਚ ਇੱਕ ਸਾਰ ਉਪ ਨਿਯਮਾਂ ਨੂੰ ਯਕੀਨੀ ਬਣਾਉਣ ਲਈ 11 ਅਗਸਤ 2020 ਨੂੰ "ਦਿ ਪੰਜਾਬ ਸੋਲਿਡ ਵੇਸਟ ਮੈਨੇਜਮੈਂਟ, ਕਲੀਨਲੀਨੈਂਸ ਐਂਡ ਸੈਨੀਟੇਸ਼ਨ ਬਾਈ-ਲਾਜ਼ 2020" ਨੂੰ ਵੀ ਨੋਟੀਫਾਈ ਕੀਤਾ ਸੀ। ਯੂ ਐਲ ਬੀਜ਼ ਦੁਆਰਾ ਉਪ-ਨਿਯਮਾਂ ਨੂੰ 17 ਅਤੇ 40 ਮਹੀਨਿਆਂ ਦੀ ਦੇਰੀ ਤੋਂ ਬਾਅਦ ਤਿਆਰ ਕੀਤਾ ਗਿਆ ਸੀ। ਇਸ ਤਰ੍ਹਾਂ, ਉਪ-ਨਿਯਮਾਂ ਨੂੰ ਬਣਾਉਣ ਵਿੱਚ ਦੇਰੀ ਕਾਰਨ, ਐਸ ਡਬਲਯੂ ਐਮ ਨਾਲ ਸਬੰਧਤ ਮੁੱਦੇ ਜਿਵੇਂ ਕਿ ਰਹਿੰਦ-ਖੂੰਹਦ ਨੂੰ ਵੱਖ-ਵੱਖ ਕਰਨਾ, ਉਪਭੋਗਤਾ ਚਾਰਜਜ਼ ਨੂੰ ਇਕੱਠਾ ਕਰਨਾ, ਜਲ ਸਰੋਤਾਂ ਰਹਿੰਦ-ਖੂੰਹਦ ਦਾ ਇਕੱਠਾ ਹੋਣਾ, ਮੌਜੂਦਾ/ਪੁਰਾਣੀ ਡੰਪਸਾਈਟ ਦੇ ਪ੍ਰਬੰਧਨ ਆਦਿ ਨੂੰ ਵੀ ਸਮੇਂ ਸਿਰ ਹੱਲ ਨਹੀਂ ਕੀਤਾ ਗਿਆ ਜਿਵੇਂ ਕਿ ***ਪੈਰ੍ਹਾ 2.4.1.7, 2.4.2.6, 2.4.3.1 ਅਤੇ 2.4.5.4*** ਵਿੱਚ ਦਰਸਾਇਆ ਗਿਆ ਹੈ।

ਪੀ ਐਮ ਆਈ ਡੀ ਸੀ ਨੇ (ਅਗਸਤ 2022 ਅਤੇ ਜਨਵਰੀ 2024) ਐਸ ਡਬਲਯੂ ਐਮ ਨੀਤੀ ਬਣਾਉਣ ਵਿੱਚ ਦੇਰੀ ਲਈ ਪ੍ਰਸ਼ਾਸਕੀ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਇਆ; ਉਪ-ਨਿਯਮਾਂ ਨੂੰ ਬਣਾਉਣ ਵਿੱਚ ਦੇਰੀ ਲਈ ਇਹ ਕਿਹਾ ਗਿਆ ਸੀ ਕਿ ਪੀ ਐਮ ਆਈ ਡੀ ਸੀ ਨੇ ਵੇਰਵਿਆਂ ਤੇ ਕੰਮ ਕੀਤਾ, ਦੂਜੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਉਪ-ਨਿਯਮਾਂ ਅਤੇ ਮਾਨਯੋਗ ਰਾਸ਼ਟਰੀ ਗ੍ਰੀਨ ਟ੍ਰਿਬਿਊਨਲ ਦੇ ਪ੍ਰਸ਼ਾਸਕੀ ਆਦੇਸ਼ਾਂ/ਨਿਰਦੇਸ਼ਾਂ ਦੀ ਜਾਂਚ ਕੀਤੀ, ਜਿਸ ਕਾਰਨ ਉਪ-ਨਿਯਮਾਂ ਨੂੰ ਬਣਾਉਣ ਵਿੱਚ ਦੇਰੀ ਹੋਈ।

2.3.2 ਮੌਜੂਦਾ ਸਥਿਤੀ ਦਾ ਮੁਲਾਂਕਣ ਅਤੇ ਅੰਤਰ ਵਿਸ਼ਲੇਸ਼ਣ

2.3.2.1 ਰਹਿੰਦ-ਖੂੰਹਦ ਜਨਰੇਸ਼ਨ ਦਾ ਮੁਲਾਂਕਣ

ਮਿਉਂਸਪਲ ਠੋਸ ਰਹਿੰਦ-ਖੂੰਹਦ ਪ੍ਰਬੰਧਨ ਮੈਨੂਅਲ ਵਿੱਚ ਕਿਹਾ ਗਿਆ ਹੈ ਕਿ ਮੌਜੂਦਾ ਪ੍ਰਣਾਲੀਆਂ ਦੀ ਉਚਿਤਤਾ ਸਥਾਪਤ ਕਰਨ ਅਤੇ ਟਰੀਟਮੈਂਟ ਅਤੇ ਨਿਪਟਾਰੇ ਦੀਆਂ ਸੁਵਿਧਾਵਾਂ ਵਿੱਚ ਵਾਧਾ ਕਰਨ ਦੀ ਯੋਜਨਾ ਬਣਾਉਣ ਲਈ ਜਨਰੇਟ ਹੋਏ ਰਹਿੰਦ-ਖੂੰਹਦ ਦੀ ਮਾਤਰਾ ਦਾ ਮੁਲਾਂਕਣ ਕਰਨ ਦੀ ਜਰੂਰਤ ਹੈ। ਪ੍ਰੋਸੈਸਿੰਗ ਅਤੇ ਸਿੱਧੇ ਨਿਪਟਾਰੇ ਲਈ ਉਪਲਬਧ ਰਹਿੰਦ-ਖੂੰਹਦ ਦੀ ਅਸਲ ਮਾਤਰਾ ਦਾ ਮੁਲਾਂਕਣ ਕਰਨ ਲਈ ਸਿਸਟਮ ਦੁਆਰਾ ਜਾਣ ਵਾਲੇ ਰਹਿੰਦ-ਖੂੰਹਦ ਨੂੰ ਕਈ ਸਥਾਨਾਂ 'ਤੇ ਮਾਪਿਆਂ ਜਾਣਾ ਚਾਹੀਦਾ ਹੈ।

ਰਹਿੰਦ-ਖੂੰਹਦ ਦੀ ਮਾਤਰਾ ਦੇ ਮੁਲਾਂਕਣ ਲਈ ਯੂ ਐਲ ਬੀਜ਼ ਦੁਆਰਾ ਛੋਟੀ ਮਿਆਦ ਦੇ ਨਾਲ-ਨਾਲ ਲੰਬੀ ਮਿਆਦ ਦੀਆਂ ਯੋਜਨਾਵਾਂ ਤਿਆਰ ਕਰਨ ਦੀ ਲੋੜ ਸੀ। ਯੂ ਐਲ ਬੀਜ਼ ਨੂੰ ਆਪਣੀਆਂ ਛੋਟੀ ਮਿਆਦ ਦੀ ਯੋਜਨਾ ਦੇ ਅਨੁਸਾਰ, ਤਿੰਨ ਤੋਂ ਸੱਤ ਦਿਨਾਂ ਲਈ ਕਾਫੀ ਸਟੋਰੇਜ ਬੈਗਾਂ ਨੂੰ ਪ੍ਰਤੀ 1,00,000 ਆਬਾਦੀ ਤੇ 100 ਪ੍ਰਤੀਨਿਧੀ ਨਮੂਨੇ ਵਾਲੇ ਸਥਾਨਾਂ 'ਤੇ ਵੰਡਿਆ ਜਾਣਾ ਸੀ। ਜਿਸ ਵਿੱਚ ਹਰ ਕਿਸਮ ਦੇ ਰਹਿੰਦ-ਖੂੰਹਦ ਜਨਰੇਟਰ[16] ਸ਼ਾਮਲ ਸਨ। ਰਹਿੰਦ-ਖੂੰਹਦ ਜਨਰੇਟਰ ਦੀ ਹਰੇਕ ਸ਼੍ਰੇਣੀ ਤੋਂ ਇਕੱਠੀ ਕੀਤੀ ਗਈ ਰਹਿੰਦ-ਖੂੰਹਦ ਨੂੰ ਇਸ ਤੋਂ ਬਾਅਦ ਸ਼੍ਰੇਣੀ-ਵਾਰ ਮਿਕਸ ਅਤੇ ਕੰਪੋਨੈਂਟ ਵਾਰ ਵੱਖ-ਵੱਖ ਕੀਤਾ ਜਾਣਾ ਸੀ ਅਤੇ ਹਰੇਕ ਹਿੱਸੇ ਨੂੰ ਵੱਖ-ਵੱਖ ਸ਼੍ਰੇਣੀਆਂ ਵਿੱਚ ਰਹਿੰਦ-ਖੂੰਹਦ ਦੀ ਰਚਨਾ 'ਤੇ ਪਹੁੰਚਣ ਲਈ ਹਰੇਕ ਹੋਰ ਇੱਕ ਕੰਪੋਨੈਂਟ ਨੂੰ ਵੱਖਰੇ ਤੌਰ 'ਤੇ ਤੋਲਿਆ ਜਾਣਾ ਸੀ। ਲੰਬੀ ਮਿਆਦ ਦੀ ਯੋਜਨਾ ਲਈ ਜਨਰੇਟਰਾਂ ਦੀ ਇੱਕ ਖਾਸ ਸ਼੍ਰੇਣੀ ਦੁਆਰਾ ਨਿਪਟਾਏ ਗਏ ਰਹਿੰਦ-ਖੂੰਹਦ ਦੀ ਔਸਤ ਮਾਤਰਾ ਦਾ ਅੰਦਾਜ਼ਾ ਸਿਰਫ਼ ਤਿੰਨ ਮੁੱਖ ਮੌਸਮਾਂ (ਗਰਮੀ, ਸਰਦੀ ਅਤੇ ਬਰਸਾਤ) ਵਿੱਚ ਯੂ ਐਲ ਬੀਜ਼ ਅਧਿਕਾਰ ਖੇਤਰ ਵਿੱਚ ਕਈ ਪ੍ਰਤੀਨਿਧੀ ਸਥਾਨਾਂ ਤੇ ਸੱਤ ਦਿਨਾਂ ਤੱਕ ਲਗਾਤਾਰ ਇਕੱਠੇ ਕੀਤੇ ਗਏ ਕਈ ਨਮੂਨਿਆਂ ਤੋਂ ਔਸਤ ਡਾਟੇ ਦੁਆਰਾ ਲਗਾਇਆ ਜਾਣਾ ਸੀ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਕਿਸੇ ਵੀ ਚੁਣੇ ਹੋਏ ਯੂ ਐਲ ਬੀ ਦੁਆਰਾ ਜਨਰੇਟ ਹੋਏ ਰਹਿੰਦ-ਖੂੰਹਦ ਦੀ ਮਾਤਰਾ ਦਾ ਮੁਲਾਂਕਣ ਕਰਨ ਲਈ ਨਿਰਧਾਰਤ ਪ੍ਰੋਸੈਸ ਨੂੰ ਨਹੀਂ ਅਪਣਾਇਆ ਗਿਆ। ਹਾਲਾਂਕਿ, ਚੁਣੇ ਹੋਏ ਯੂ ਐਲ ਬੀਜ਼ ਨੇ ਅਗਸਤ 2018 ਤੋਂ ਦਸੰਬਰ 2019 ਦੌਰਾਨ ਐਸ ਡਬਲਯੂ ਐਮ ਲਈ ਆਪਣੀਆਂ ਕਾਰਜ ਯੋਜਨਾਵਾਂ ਤਿਆਰ ਕੀਤੀਆਂ ਅਤੇ ਐਸ ਡਬਲਯੂ ਐਮ ਤੇ ਸਲਾਨਾ ਰਿਪੋਰਟਾਂ[17] (ਏ ਆਰਜ਼) ਵੀ ਉੱਚ ਅਧਿਕਾਰੀਆਂ[18] ਨੂੰ ਸੌਂਪੀਆਂ। ਇਨ੍ਹਾਂ ਦੋਵਾਂ ਦਸਤਾਵੇਜ਼ਾਂ ਵਿੱਚ, ਗ੍ਰਾਮ ਪ੍ਰਤੀ ਵਿਅਕਤੀ ਪ੍ਰਤੀ ਦਿਨ (ਜੀ ਪੀ ਡੀ) ਦੇ ਰੂਪ ਵਿੱਚ ਰਹਿੰਦ-ਖੂੰਹਦ ਜਨਰੇਸ਼ਨ ਨੂੰ ਬਿਨ੍ਹਾਂ ਕਿਸੇ ਮੁਲਾਂਕਣ ਦੇ ਸ਼ਾਮਲ ਕੀਤਾ ਗਿਆ ਸੀ। ਇਨ੍ਹਾਂ ਦਸਤਾਵੇਜ਼ਾਂ ਵਿੱਚ ਸ਼ਾਮਲ ਕੀਤੇ ਗਏ ਰਹਿੰਦ-ਖੂੰਹਦ ਜਨਰੇਸ਼ਨ ਦੀ ਤੁਲਨਾ ਯੂ ਐਲ ਬੀਜ਼ ਦੁਆਰਾ ਲੇਖਾ ਪ੍ਰੀਖਿਆ ਨੂੰ ਪ੍ਰਦਾਨ ਕੀਤੀ ਗਈ ਜਾਣਕਾਰੀ ***(ਅੰਤਿਕਾ 2.1)*** ਨਾਲ ਕੀਤੀ ਗਈ ਸੀ ਅਤੇ 2017-22 ਦੀ ਮਿਆਦ ਲਈ ਇਸਦੀ ਸਥਿਤੀ ਹੇਠਾਂ **ਸਾਰਣੀ 2.1** ਵਿੱਚ ਦਿੱਤੀ ਗਈ ਹੈ।

ਸਾਰਣੀ 2.1: ਵੱਖ-ਵੱਖ ਦਸਤਾਵੇਜ਼ਾਂ/ਰਿਕਾਰਡਾਂ ਵਿੱਚ ਚੁਣੇ ਹੋਏ ਯੂ ਐਲ ਬੀਜ਼ ਵਿਖੇ ਰਹਿੰਦ-ਖੂੰਹਦ ਜਨਰੇਟ ਹੋਣਾ

ਰਹਿੰਦ-ਖੂੰਹਦ ਦੀ ਰੇਂਜ (ਜੀ ਪੀ ਡੀ ਵਿੱਚ)

ਲੜੀ ਨੰ.	ਯੂ ਐਲ ਬੀਜ਼ ਦੀ ਸ਼੍ਰੇਣੀ	ਮੈਨੂਅਲ ਅਨੁਸਾਰ ਰਹਿੰਦ-ਖੂੰਹਦ ਜਨਰੇਸ਼ਨ ਦੀ ਰੇਂਜ	ਕਾਰਜ ਯੋਜਨਾ ਵਿੱਚ ਰਹਿੰਦ-ਖੂੰਹਦ ਜਨਰੇਸ਼ਨ ਦੀ ਰੇਂਜ	ਪੀ ਐਮ ਆਈ ਡੀ ਸੀ, ਪੀ ਪੀ ਸੀ ਬੀ ਅਤੇ ਡੀ ਐਲ ਜੀ ਨੂੰ ਸੌਂਪੀ ਗਈ ਸਾਲਾਨਾ ਰਿਪੋਰਟ ਵਿੱਚ ਲਏ ਗਏ ਰਹਿੰਦ-ਖੂੰਹਦ ਜਨਰੇਸ਼ਨ ਦੀ ਰੇਂਜ
1.	ਕਾਰਪੋਰੇਸ਼ਨਾਂ	250-500	323 ਤੋਂ 585	310 ਤੋਂ 713
2.	ਮਿਉਂਸਪਲ ਕੌਂਸਲਾਂ	250	85 ਤੋਂ 544	119 ਤੋਂ 630
3.	ਨਗਰ ਪੰਚਾਇਤਾਂ	250	12 ਤੋਂ 462	60 ਤੋਂ 642

ਸ੍ਰੋਤ: ਯੂ ਐਲ ਬੀਜ਼ ਦੁਆਰਾ ਪੀ ਐਮ ਆਈ ਡੀ ਸੀ, ਡੀ ਐਲ ਜੀ ਅਤੇ ਪੀ ਪੀ ਸੀ ਬੀ ਨੂੰ ਭੇਜੇ ਗਏ ਡੇਟਾ ਤੋਂ ਸੰਕਲਿਤ

16 ਘੱਟ, ਦਰਮਿਆਨੇ ਅਤੇ ਉੱਚੇ-ਆਮਦਨ ਪੱਧਰ ਦੇ ਘਰੇਲੂ ਪਰਿਵਾਰ, ਵਪਾਰਕ ਅਦਾਰਿਆਂ, ਸੰਸਥਾਗਤ ਜਨਰੇਟਰਾਂ, ਹੋਟਲਾਂ, ਫੰਕਸ਼ਨ ਹਾਊਸਾਂ, ਸਬਜ਼ੀ ਮੰਡੀਆਂ, ਖੇਡ ਕੰਪਲੈਕਸਾਂ, ਪੂਜਾ ਸਥਾਨਾਂ ਆਦਿ ਦੇ।


17 ਐਸ ਡਬਲਯੂ ਐਮ ਨਿਯਮ 2016 ਦੇ ਨਿਯਮ 24(2) ਦੇ ਅਨੁਸਾਰਜ ਫਾਰਮ-IV

18 ਉੱਚ ਅਧਿਕਾਰੀ-ਪੀ ਐਮ ਆਈ ਡੀ ਸੀ, ਸਥਾਨਕ ਸਰਕਾਰ ਵਿਭਾਗ ਅਤੇ ਪੀ ਪੀ ਸੀ ਬੀ।

ਉਪਰੋਕਤ ਸਾਰਣੀ ਤੋਂ ਉਸੇ ਸਮੇਂ ਲਈ ਕਾਰਜ ਯੋਜਨਾਵਾਂ ਦੇ ਨਾਲ-ਨਾਲ ਸਾਲਾਨਾ ਰਿਪੋਰਟਾਂ ਵਿੱਚ ਸ਼ਾਮਲ ਡਾਟੇ ਵਿੱਚ ਭਿੰਨਤਾਵਾਂ ਨੂੰ ਦੇਖਿਆ ਜਾ ਸਕਦਾ ਹੈ।

20 ਯੂ ਐਲ ਬੀਜ਼ ਵਿੱਚੋਂ, ਇਕੱਤਰ ਕੀਤੇ ਅਤੇ ਢੋਏ ਗਏ ਰਹਿੰਦ-ਖੂੰਹਦ ਦਾ ਅਸਲ ਡਾਟਾ ਸਿਰਫ਼ ਕਾਰਪੋਰੇਸ਼ਨ ਲੁਧਿਆਣਾ 2017-22 ਦੀ ਮਿਆਦ ਲਈ ਉਪਲਬਧ ਸੀ। ਲੇਖਾ ਪ੍ਰੀਖਿਆ ਨੇ **ਚਾਰਟ** 2.1 ਵਿੱਚ ਦਰਸਾਏ ਅਨੁਸਾਰ ਮੈਨੂਅਲ ਅਤੇ ਸਲਾਨਾ ਰਿਪੋਰਟਾਂ ਵਿੱਚ ਲਏ ਗਏ ਜਨਰੇਸ਼ਨ ਦੇ ਨਾਲ ਇਕੱਤਰ ਕੀਤੇ ਅਸਲ ਰਹਿੰਦ-ਖੂੰਹਦ ਦੇ ਡਾਟਾ ਦੀ ਤੁਲਨਾ ਕੀਤੀ।

ਚਾਰਟ 2.1: ਮੈਨੂਅਲ ਅਤੇ ਸਲਾਨਾ ਰਿਪੋਰਟ (ਟੀ ਪੀ ਡੀ) ਵਿੱਚ ਲਏ ਗਏ ਜਨਰੇਸ਼ਨ ਦੇ ਨਾਲ ਅਸਲ ਰਹਿੰਦ-ਖੂੰਹਦ ਜਨਰੇਸ਼ਨ ਦੀ ਤੁਲਨਾ



ਸ੍ਰੋਤ: ਲੁਧਿਆਣਾ ਯੂ ਐਲ ਬੀਜ਼ ਡਾਟਾ

ਸਾਲਾਨਾ ਰਿਪੋਰਟ ਵਿੱਚ ਦਿਖਾਇਆ ਗਿਆ ਰਹਿੰਦ-ਖੂੰਹਦ ਜਨਰੇਸ਼ਨ ਦੇ ਡਾਟੇ 2019-20 ਦੌਰਾਨ ਜਨਰੇਟ ਹੋਏ ਅਸਲ ਰਹਿੰਦ-ਖੂੰਹਦ ਜਨਰੇਸ਼ਨ ਤੋਂ ਕਾਫੀ ਵੱਖਰੇ ਸਨ। ਇਸਦਾ ਕਾਰਨ ਮੈਨੂਅਲ ਵਿੱਚ ਦਿੱਤੀਆਂ ਗਈਆਂ ਪ੍ਰੋਸੈਸ ਦੀ ਪਾਲਣਾ ਨਾ ਕਰਨਾ ਹੈ। ਕੁਝ ਮਾਮਲਿਆਂ ਵਿੱਚ ਇਹ ਵੀ ਦੇਖਿਆ ਗਿਆ ਸੀ ਕਿ ਯੂ ਐਲ ਬੀ ਨੇ ਸਾਲਾਨਾ ਰਿਪੋਰਟਾਂ ਰਾਹੀਂ ਉੱਚ ਅਧਿਕਾਰੀਆਂ ਨੂੰ ਜਨਰੇਟ ਹੋਏ ਅਸਲ ਰਹਿੰਦ-ਖੂੰਹਦ ਜਨਰੇਸ਼ਨ ਦੇ ਵਧੇ ਹੋਏ ਡਾਟੇ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ।

ਕਾਰਪੋਰੇਸ਼ਨ ਅੰਮ੍ਰਿਤਸਰ ਨੇ ਕਿਹਾ (ਅਕਤੂਬਰ 2024) ਕਿ ਰਹਿੰਦ-ਖੂੰਹਦ ਦਾ ਮੁਲਾਂਕਣ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ (ਡੀ ਪੀ ਆਰ) ਤਿਆਰ ਕਰਨ ਸਮੇਂ ਕੀਤਾ ਗਿਆ ਸੀ ਅਤੇ ਐਮ ਐਸ ਡਬਲਯੂ ਐਮ ਮੈਨੂਅਲ 2016 ਵਿੱਚ ਲੋੜ ਅਨੁਸਾਰ ਮੁਲਾਂਕਣ ਭਵਿੱਖ ਵਿੱਚ ਕੀਤਾ ਜਾਵੇਗਾ। ਕਾਰਪੋਰੇਸ਼ਨ ਬਠਿੰਡਾ ਨੇ ਕਿਹਾ ਕਿ ਰਹਿੰਦ-ਖੂੰਹਦ ਜਨਰੇਸ਼ਨ ਦਾ ਮੁਲਾਂਕਣ ਕਰਨ ਲਈ ਮੈਨੂਅਲ ਵਿੱਚ ਦਿੱਤੀ ਗਈ ਵਿਧੀ ਨੂੰ ਨਹੀਂ ਅਪਣਾਇਆ ਗਿਆ ਸੀ। ਬਾਕੀ 18 ਯੂ ਐਲ ਬੀਜ਼[19] ਨੇ ਕਿਹਾ ਕਿ ਸੈਪਲਿੰਗ ਮੈਨੂਅਲ ਵਿੱਚ ਦਿੱਤੀ ਗਈ ਅਨੁਸਾਰ ਨਹੀਂ ਕੀਤੀ ਗਈ ਕਿਉਂਕਿ ਇਹ ਰਹਿੰਦ-ਖੂੰਹਦ ਦੀ ਮਾਤਰਾ ਨਿਰਧਾਰਤ ਕਰਨ ਲਈ ਇੱਕ ਤਕਨੀਕੀ ਖੇਤਰ ਹੈ। ਜਵਾਬ ਸਵੀਕਾਰਯੋਗ ਨਹੀਂ ਸਨ ਕਿਉਂਕਿ ਯੂ ਐਲ ਬੀਜ਼ ਨੇ ਜਨਰੇਟ ਹੋਏ ਰਹਿੰਦ-ਖੂੰਹਦ ਦੀ ਅਸਲ ਮਾਤਰਾ


[19] (i) ਮੋਗਾ; (ii) ਆਦਮਪੁਰ; (iii) ਦੋਰਾਹਾ; (iv) ਫਿਰੋਜ਼ਪੁਰ; (v) ਕਰਤਾਰਪੁਰ; (vi) ਮਾਨਸਾ; (vii) ਰਾਜਪੁਰਾ; (viii) ਐਸ ਬੀ ਐਸ ਨਗਰ; (ix) ਰੂਪਨਗਰ; (x) ਸਰਹਿੰਦ; (xi) ਬਿਲਗਾ; (xii) ਖਮਾਣੋਂ; (xiii) ਕੀਰਤਪੁਰ ਸਾਹਿਬ; (xiv) ਮੱਖੂ; (xv) ਮਹਿਰਾਜ; (xvi) ਐਸ ਏ ਐਸ ਨਗਰ; (xvii) ਲੁਧਿਆਣਾਂ; ਅਤੇ (xviii) ਕਾਦੀਆਂ।

ਨਿਰਧਾਰਤ ਕਰਨ ਲਈ ਐਮ ਐਸ ਡਬਲਯੂ ਐਮ ਮੈਨੂਅਲ ਵਿੱਚ ਦਰਸਾਏ ਗਏ ਪ੍ਰੋਸੈਸ ਦੀ ਪਾਲਣਾ ਨਹੀਂ ਕੀਤੀ।

2.3.2.2 ਰਹਿੰਦ-ਖੂੰਹਦ ਕੰਪੋਜ਼ਿਸ਼ਨ ਦਾ ਮੁਲਾਂਕਣ ਨਾ ਕਰਨਾ

ਐਮ ਐਸ ਡਬਲਯੂ ਐਮ ਮੈਨੂਅਲ, 2016 ਦੇ ਪੈਰ੍ਹਾ 1.4.3.3 ਅਤੇ 1.4.3.3.2 ਅਨੁਸਾਰ ਹਰੇਕ ਯੂ ਐਲ ਬੀ ਨੂੰ ਐਮ ਐਸ ਡਬਲਯੂ ਐਮ ਪ੍ਰਣਾਲੀਆਂ ਦੀ ਪ੍ਰਭਾਵਸਾਲੀ ਢੰਗ ਨਾਲ ਯੋਜਨਾ ਬਣਾਉਣ ਅਤੇ ਡਿਜ਼ਾਈਨ ਕਰਨ ਲਈ ਜਨਰੇਟ ਹੋਏ ਰਹਿੰਦ-ਖੂੰਹਦ ਦੀ ਰਚਨਾ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਇੱਕ ਯੂ ਐਲ ਬੀ ਵਿੱਚ ਜਨਰੇਟ ਹੋਏ ਮਿਉਂਸਪਲ ਠੋਸ ਰਹਿੰਦ-ਖੂੰਹਦ (ਐਮ ਐਸ ਡਬਲਯੂ) ਦੀ ਰਚਨਾ ਸੰਗ੍ਰਹਿ, ਪ੍ਰੋਸੈਸਿੰਗ ਅਤੇ ਨਿਪਟਾਰੇ ਦੇ ਵਿਕਲਪਾਂ ਨੂੰ ਨਿਰਧਾਰਤ ਕਰਦੀ ਹੈ ਜੋ ਅਪਣਾਏ ਜਾ ਸਕਦੇ ਹਨ। ਐਮ ਐਸ ਡਬਲਯੂ ਰਚਨਾਵਾਂ ਅਤੇ ਵਿਸ਼ੇਸ਼ਤਾਵਾਂ ਨਾ ਸਿਰਫ਼ ਸਹਿਰਾਂ ਦੇ ਵਿਚਕਾਰ, ਸਗੋਂ ਇੱਕ ਯੂ ਐਲ ਬੀ ਦੇ ਅੰਦਰ ਵੀ ਕਾਫੀ ਬਦਲਦੀਆਂ ਹਨ। ਆਮ ਤੌਰ 'ਤੇ ਰੋਜਾਨਾ, ਮੌਸਮੀ ਅਤੇ ਅਸਥਾਈ ਉਤਰਾਅ ਚੜ੍ਹਾਅ ਵੇਖੇ ਜਾਂਦੇ ਹਨ। ਐਮ ਐਸ ਡਬਲਯੂ ਭਿੰਨ-ਭਿੰਨ ਕਿਸਮਾਂ ਦਾ ਹੁੰਦਾ ਹੈ ਅਤੇ ਇਸ ਵਿੱਚ ਵੱਖੋ-ਵੱਖਰੇ ਰਹਿੰਦ-ਖੂੰਹਦ ਦੇ ਅੰਸ਼ ਹੁੰਦੇ ਹਨ, ਜਿਸ ਲਈ ਕਈ ਥਾਵਾਂ 'ਤੇ ਕਈ ਨਮੂਨਿਆਂ ਦੀ ਲੋੜ ਹੁੰਦੀ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 20 ਚੁਣੇ ਹੋਏ ਯੂ ਐਲ ਬੀਜ਼ ਵਿੱਚੋਂ 17 ਰਹਿੰਦ-ਖੂੰਹਦ ਦੀ ਰਚਨਾ ਦਾ ਮੁਲਾਂਕਣ ਨਹੀਂ ਕੀਤਾ ਗਿਆ ਸੀ। ਤਿੰਨ ਯੂ ਐਲ ਬੀਜ਼ ਅੰਮ੍ਰਿਤਸਰ[20], ਬਠਿੰਡਾ[21] ਅਤੇ ਲੁਧਿਆਣਾ[22] ਹੀ ਇੱਕੋ ਇੱਕ ਅਪਵਾਦ ਸਨ ਜਿਨ੍ਹਾਂ ਨੇ ਐਸ ਡਬਲਯੂ ਐਮ ਨਿਯਮ 2016 ਨੂੰ ਲਾਗੂ ਕਰਨ ਤੋਂ ਪਹਿਲਾਂ ਡੀ ਪੀ ਆਰਜ਼ ਤਿਆਰ ਕਰਦੇ ਸਮੇਂ ਰਹਿੰਦ-ਖੂੰਹਦ ਦੀ ਰਚਨਾ ਦਾ ਮੁਲਾਂਕਣ ਕੀਤਾ ਸੀ।



ਪ੍ਰਦਰਸ਼ਨੀ 2: ਐਸ ਬੀ ਐਸ ਨਗਰ ਡੰਪ ਸਾਈਟ 'ਤੇ ਪਿਆ ਮਿਸ਼ਰਤ ਰਹਿੰਦ-ਖੂੰਹਦ

ਤਿੰਨ ਯੂ ਐਲ ਬੀਜ਼[23] ਨੇ (ਅਕਤੂਬਰ 2024) ਕਿਹਾ ਕਿ ਡੀ ਪੀ ਆਰਜ਼ ਤਿਆਰ ਕਰਦੇ ਸਮੇਂ ਰਹਿੰਦ-ਖੂੰਹਦ ਰਚਨਾ ਦਾ ਮੁਲਾਂਕਣ ਕੀਤਾ ਗਿਆ ਸੀ। ਐਮ ਸੀ ਮਾਨਸਾ ਨੇ ਕਿਹਾ ਕਿ

---

20 ਰਹਿੰਦ-ਖੂੰਹਦ ਦੀ ਰਚਨਾ ਦਾ ਮੁਲਾਂਕਣ ਤਿਆਰ ਕੀਤੇ ਗਏ ਡੀ ਪੀ ਆਰ (2016) ਵਿੱਚ ਦਰਜ ਕੀਤਾ ਗਿਆ ਸੀ, ਜੋ ਕਿ ਨਮੂਨਿਆਂ ਦੀ ਚੋਣ ਕਰਕੇ ਬੇਤਰਤੀਬੇ ਚੁਣੇ ਗਏ ਵਾਹਨਾਂ ਤੇ ਲਏ ਗਏ ਸਨ, ਹਰ ਤੀਜੇ ਵਾਹਨ ਤੋਂ 500 ਗ੍ਰਾਮ ਰਹਿੰਦ-ਖੂੰਹਦ ਇਕੱਠਾ ਕੀਤਾ ਗਿਆ ਸੀ। ਫਿਰ ਇਹਨਾਂ ਨਮੂਨਿਆਂ 500 ਕਿਲੋਗ੍ਰਾਮ ਦਾ ਇੱਕ ਅੰਤਮ ਨਮੂਨਾ ਲਾਟ ਬਣਾਉਣ ਲਈ ਕੁਆਰਟਰਿੰਗ ਵਿਧੀ ਦੀ ਵਰਤੋਂ ਕਰਕੇ ਮਿਲਾਇਆ ਗਿਆ ਸੀ ਜਿਸਦਾ ਮਿਆਰੀ ਤਰੀਕਿਆਂ ਅਨੁਸਾਰ ਪੂਰੀ ਤਰ੍ਹਾਂ ਮੁਲਾਂਕਣ ਕੀਤਾ ਗਿਆ ਸੀ।

21 ਰਹਿੰਦ-ਖੂੰਹਦ ਦੀ ਬਣਤਰ ਦੇ ਮੁਲਾਂਕਣ ਲਈ ਕੋਈ ਖਾਸ ਤਰੀਕਾ ਅਪਣਾਇਆ ਨਹੀਂ ਗਿਆ, ਸਿਰਫ਼ ਰਹਿੰਦ-ਖੂੰਹਦ ਦਾ ਆਮ ਵਰਗੀਕਰਨ ਕੀਤਾ ਗਿਆ ਸੀ।

22 ਰਹਿੰਦ-ਖੂੰਹਦ ਦੀ ਰਚਨਾ ਦਾ ਮੁਲਾਂਕਣ ਤਿਆਰ ਕੀਤੇ ਗਏ ਡੀ ਪੀ ਆਰ (ਫਰਵਰੀ 2014) ਵਿੱਚ ਦਰਜ ਕੀਤਾ ਗਿਆ ਸੀ, ਜਿਸ ਵਿੱਚ ਲੁਧਿਆਣਾ ਸ਼ਹਿਰ ਦੇ ਹਰੇਕ ਜ਼ੋਨ ਦੇ ਮੌਜੂਦਾ ਐਮ ਐਸ ਡਬਲਯੂ ਨਿਪਟਾਰੇ ਸਥਾਨ (ਜਮਾਲਪੁਰ ਅਤੇ ਜੈਨਪੁਰ) ਅਤੇ ਰਿਹਾਇਸ਼ੀ, ਵਪਾਰਕ, ਉਦਯੋਗਿਕ ਅਤੇ ਨਾਲ ਹੀ ਬਾਜ਼ਾਰ ਖੇਤਰ ਤੋਂ ਪੰਜ-ਪੰਜ ਨਮੂਨੇ ਇੱਕਠੇ ਕੀਤੇ ਗਏ ਸਨ।

23 (i) ਅੰਮ੍ਰਿਤਸਰ; (ii) ਬਠਿੰਡਾ; ਅਤੇ (iii) ਲੁਧਿਆਣਾ।

ਐਮ ਐਸ ਡਬਲਯੂ ਐਮ ਮੈਨੂਅਲ 2016 ਵਿੱਚ ਦਿੱਤੀ ਗਈ ਪ੍ਰਕਿਰਿਆ ਨੂੰ ਭਵਿੱਖ ਵਿੱਚ ਅਪਣਾਇਆ ਜਾਵੇਗਾ। ਬਾਕੀ 16 ਯੂ ਐਲ ਬੀਜ਼[24] ਨੇ ਕਿਹਾ ਕਿ ਪੀ ਐਮ ਆਈ ਡੀ ਸੀ ਦੁਆਰਾ ਪੰਜਾਬ ਵਿੱਚ ਸਾਰੇ ਯੂ ਐਲ ਬੀਜ਼ ਨੂੰ ਵੰਡੇ ਗਏ ਟੈਂਪਲੇਟ ਅਨੁਸਾਰ ਐਸ ਡਬਲਯੂ ਐਮ ਲਈ ਕਾਰਜ ਯੋਜਨਾ ਵਿੱਚ ਰਹਿੰਦ-ਖੂੰਹਦ ਦੀ ਰਚਨਾ ਨੂੰ ਲਿਆ ਗਿਆ ਸੀ।

ਉੱਪਰ ਦੱਸੇ ਤਿੰਨ ਯੂ ਐਲ ਬੀਜ਼ ਦੇ ਜਵਾਬਾਂ ਨੇ ਪੁਸ਼ਟੀ ਕੀਤੀ ਕਿ ਰਹਿੰਦ-ਖੂੰਹਦ ਦੀ ਰਚਨਾ ਦੇ ਮੁਲਾਂਕਣ ਲਈ ਅਪਣਾਈ ਗਈ ਵਿਧੀ ਐਮ ਐਸ ਡਬਲਯੂ ਐਮ ਮੈਨੂਅਲ 2016 ਦੇ ਅਨੁਸਾਰ ਨਹੀਂ ਸੀ। ਹੋਰ 16 ਯੂ ਐਲ ਬੀਜ਼ ਦੇ ਜਵਾਬ ਤਸੱਲੀਬਖਸ਼ ਨਹੀਂ ਹਨ ਕਿਉਂਕਿ ਉਨ੍ਹਾਂ ਨੇ ਮੈਨੂਅਲ ਵਿੱਚ ਨਿਰਧਾਰਤ ਪ੍ਰੋਸੈਸ ਦੀ ਪਾਲਣਾ ਕਰਕੇ ਰਹਿੰਦ-ਖੂੰਹਦ ਦੀ ਰਚਨਾ ਦਾ ਮੁਲਾਂਕਣ ਕਰਨ ਦੀ ਬਜਾਏ ਪੀ ਐਮ ਆਈ ਡੀ ਸੀ ਦੁਆਰਾ ਵੰਡੇ ਗਏ ਟੈਂਪਲੇਟ ਤੋਂ ਰਹਿੰਦ-ਖੂੰਹਦ ਦੀ ਰਚਨਾ ਦੇ ਅੰਕੜਿਆਂ ਨੂੰ ਅਪਣਾਇਆ।

ਠੋਸ ਰਹਿੰਦ-ਖੂੰਹਦ ਦੀ ਬਣਤਰ ਦਾ ਪਤਾ ਨਾ ਲੱਗਣ ਕਾਰਨ, ਰਹਿੰਦ-ਖੂੰਹਦ ਪ੍ਰਬੰਧਨ ਉਪਕਰਣਾਂ ਅਤੇ ਬੁਨਿਆਦੀ ਢਾਂਚੇ ਦੀ ਸਥਾਪਨਾ ਦੀ ਸਮਰੱਥਾ ਕੁਸ਼ਲਤਾ ਨਾਲ ਯੋਜਨਾਬੱਧ ਨਹੀਂ ਕੀਤੀ ਜਾ ਸਕੀ।

2.3.3 ਯੋਜਨਾਬੰਦੀ ਅਤੇ ਪ੍ਰਮਾਣਿਕਤਾ ਪ੍ਰੋਸੈਸ ਵਿੱਚ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰਾ ਨਾ ਕਰਨਾ

ਐਸ ਡਬਲਯੂ ਐਮ ਨਿਯਮ 2016, ਐਮ ਐਸ ਡਬਲਯੂ ਐਮ ਮੈਨੂਅਲ ਦੇ ਪੈਰ੍ਹਾ 1.4.7 ਦੇ ਨਾਲ ਪੜ੍ਹੇ ਜਾਂਦੇ ਹਨ, ਇਹ ਪ੍ਰਦਾਨ ਕਰਦੇ ਹਨ ਕਿ ਸ਼ਹਿਰੀ ਵਿਕਾਸ ਵਿਭਾਗ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰਾ ਕਰਕੇ ਰਾਜ ਨੀਤੀ ਅਤੇ ਐਸ ਡਬਲਯੂ ਐਮ ਰਣਨੀਤੀ ਤਿਆਰ ਕਰਨ ਲਈ ਜ਼ਿੰਮੇਵਾਰ ਹੈ ਅਤੇ ਇਸ ਤੋਂ ਬਾਅਦ ਹਿੱਸੇਦਾਰਾਂ ਨਾਲ ਯੋਜਨਾ ਪ੍ਰਮਾਣਿਕਤਾ ਹੈ। ਰਾਜ ਐਸ ਡਬਲਯੂ ਐਮ ਨੀਤੀ ਨੂੰ (ਜੁਲਾਈ 2018) ਨੋਟੀਫਾਈ ਕੀਤਾ ਗਿਆ ਸੀ ਜਿਸ ਵਿੱਚ ਇਸਦੀ ਤਿਆਰੀ ਦੇ ਨਾਲ ਨਾਲ ਯੋਜਨਾਬੰਦੀ ਵਿੱਚ ਕਿਸੇ ਅੰਦਰੂਨੀ ਜਾਂ ਬਾਹਰੀ ਹਿੱਸੇਦਾਰਾਂ[25] ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ। ਵਿਭਾਗ ਨੇ ਰਹਿੰਦ-ਖੂੰਹਦ ਚੁੱਕਣ ਵਾਲਿਆਂ ਅਤੇ ਰਹਿੰਦ-ਖੂੰਹਦ ਵੇਚਣ ਵਾਲਿਆਂ ਦੀ ਰਜਿਸਟ੍ਰੇਸ਼ਨ ਲਈ ਕੋਈ ਯੋਜਨਾ ਸ਼ੁਰੂ ਨਹੀਂ ਕੀਤੀ ਸੀ। ਇਸ ਤੋਂ ਇਲਾਵਾ, ਅਗਸਤ 2018 ਤੋਂ ਦਸੰਬਰ 2019 ਦੌਰਾਨ ਯੂ ਐਲ ਬੀ ਦੁਆਰਾ ਤਿਆਰ ਕੀਤੀਆਂ ਕਾਰਜ ਯੋਜਨਾਵਾਂ ਨੂੰ ਨਾ ਤਾਂ ਕਿਸੇ ਹਿੱਸੇਦਾਰ ਤੋਂ ਉਨ੍ਹਾਂ ਦੇ ਇਨਪੁੱਟ ਪ੍ਰਾਪਤ ਕਰਨ ਲਈ ਪ੍ਰਮਾਣਿਤ ਕੀਤਾ ਗਿਆ ਸੀ ਅਤੇ ਨਾ ਹੀ ਯੂ ਐਲ ਬੀ ਵਿੱਚ ਕੋਈ ਹਿੱਸੇਦਾਰ ਕਮੇਟੀ ਬਣਾਈ ਗਈ ਸੀ।

ਯੋਜਨਾਬੰਦੀ ਪ੍ਰੋਸੈਸ ਵਿੱਚ ਹਿੱਸੇਦਾਰਾਂ ਦੀ ਸ਼ਮੂਲੀਅਤ ਦੇ ਸਬੰਧ ਵਿੱਚ, ਸੱਤ ਯੂ ਐਲ ਬੀ[26] (ਅਕਤੂਬਰ 2024) ਨੇ ਕਿਹਾ ਕਿ ਐਸ ਡਬਲਯੂ ਐਮ ਬਾਰੇ ਜ਼ਿਲ੍ਹਾ ਪੱਧਰੀ ਮੀਟਿੰਗ ਵਿੱਚ

---

24 (i) ਮੋਗਾ; (ii) ਆਦਮਪੁਰ; (iii) ਦੋਰਾਹਾ; (iv) ਫਿਰੋਜ਼ਪੁਰ; (v) ਕਰਤਾਰਪੁਰ; (vi) ਰਾਜਪੁਰਾ; (vii) ਐਸ ਬੀ ਐਸ ਨਗਰ; (viii) ਰੂਪਨਗਰ; (ix) ਸਰਹਿੰਦ; (x) ਬਿਲਗਾ; (xi) ਖਮਾਣੋਂ; (xii) ਕੀਰਤਪੁਰ ਸਾਹਿਬ; (xiii) ਮੱਖੂ; (xiv) ਮਹਿਰਾਜ; (xv) ਐਸ ਏ ਐਸ ਨਗਰ; ਅਤੇ (xvi) ਕਾਦੀਆਂ।

25 ਅੰਦਰੂਨੀ ਹਿੱਸੇਦਾਰ: ਯੂ ਐਲ ਬੀ, ਟਾਊਨ ਪਲਾਨਿੰਗ ਵਿਭਾਗ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਅਤੇ ਬਾਹਰੀ ਹਿੱਸੇਦਾਰਾਂ ਦੇ ਨੁਮਾਇੰਦੇ, ਪਰਿਵਾਰ, ਗੈਰ-ਰਸਮੀ ਖੇਤਰ, ਐਨ ਜੀ ਓਜ਼, ਭਾਈਚਾਰਾ ਅਧਾਰਤ ਸੰਗਠਨਾਂ, ਮਹਿਲਾ ਸਮੂਹ, ਸੈਕੰਡਰੀ ਸਕੂਲ ਅਤੇ ਕਾਲਜ ਦੇ ਵਿਦਿਆਰਥੀ।

26 (i) ਦੋਰਾਹਾ; (ii) ਫਿਰੋਜ਼ਪੁਰ; (iii) ਰਾਜਪੁਰਾ; (iv) ਰੂਪਨਗਰ; (v) ਸਰਹਿੰਦ; (vi) ਖਮਾਣੋਂ; ਅਤੇ (vii) ਐਸ ਏ ਐਸ ਨਗਰ।

ਅੰਦਰੂਨੀ ਹਿੱਸੇਦਾਰ ਸ਼ਾਮਲ ਸਨ। ਬਾਹਰੀ ਹਿੱਸੇਦਾਰਾਂ ਨੂੰ ਸਮੇਂ ਸਿਰ ਸ਼ਾਮਲ ਕੀਤਾ ਜਾਵੇਗਾ ਅਤੇ 13 ਯੂ ਐਲ ਬੀਜ਼[27] ਨੇ ਕਿਹਾ ਕਿ ਸੋਧੀ ਹੋਈ ਯੋਜਨਾ ਦੀ ਤਿਆਰੀ ਵਿੱਚ ਅੰਦਰੂਨੀ ਅਤੇ ਬਾਹਰੀ ਹਿੱਸੇਦਾਰ ਸ਼ਾਮਲ ਹੋਣਗੇ। ਇਸ ਤੋਂ ਇਲਾਵਾ, ਪੀ ਐਮ ਆਈ ਡੀ ਸੀ ਨੇ ਇਸ ਸਬੰਧ ਵਿੱਚ ਕੋਈ ਜਵਾਬ ਨਹੀਂ ਦਿੱਤਾ। ਇਨ੍ਹਾਂ ਜਵਾਬਾਂ ਨੇ ਪੁਸ਼ਟੀ ਕੀਤੀ ਕਿ ਯੋਜਨਾਬੰਦੀ ਦੇ ਪੜਾਅ ਦੌਰਾਨ ਹਿੱਸੇਦਾਰ ਸ਼ਾਮਲ ਨਹੀਂ ਸਨ।

ਯੋਜਨਾ ਪ੍ਰਮਾਣਿਕਤਾ ਵਿੱਚ ਸ਼ਮੂਲੀਅਤ ਦੇ ਸਬੰਧ ਵਿੱਚ, 19 ਯੂ ਐਲ ਬੀਜ਼[28] ਨੇ ਲੇਖਾ ਪ੍ਰੀਖਿਆ ਨਿਰੀਖਣ ਨੂੰ ਸਵੀਕਾਰ ਕੀਤਾ ਜਾਂ ਭਰੋਸਾ ਦਿੱਤਾ (ਅਕਤੂਬਰ 2024) ਕਿ ਭਵਿੱਖ ਵਿੱਚ ਹਿੱਸੇਦਾਰਾਂ ਨੂੰ ਪ੍ਰਮਾਣਿਕਤਾ ਲਈ ਸ਼ਾਮਲ ਕੀਤਾ ਜਾਵੇਗਾ। ਕਾਰਪੋਰੇਸ਼ਨ, ਬਠਿੰਡਾ ਨੇ ਇਸ ਮਾਮਲੇ 'ਤੇ ਕੋਈ ਖਾਸ ਜਵਾਬ ਨਹੀਂ ਦਿੱਤਾ।

ਹਿੱਸੇਦਾਰਾਂ ਦੀ ਸ਼ਮੂਲੀਅਤ ਨਾ ਹੋਣ ਕਾਰਨ ਅਯੋਗ ਯੋਜਨਾਬੰਦੀ ਨੇ ਵਿਭਾਗ ਨੂੰ ਹਿੱਸੇਦਾਰਾਂ ਦੀ ਸੂਝ ਅਤੇ ਦ੍ਰਿਸ਼ਟੀਕੋਣ ਤੋਂ ਵਾਝਾ ਕਰ ਦਿੱਤਾ। ਇਸ ਦੇ ਉਦਾਹਰਣ ਰੂਪਨਗਰ ਵਿਖੇ ਮੈਟੀਰੀਅਲ ਰਿਕਵਰੀ ਸੁਵਿਧਾਵਾਂ (ਐਮ ਆਰ ਐਫ) ਅਤੇ ਲੁਧਿਆਣਾ ਵਿਖੇ ਆਧੁਨਿਕ ਕਾਰਕਾਸ ਪ੍ਰਬੰਧਨ ਪਲਾਂਟ ਹਨ, ਜੋ ***ਪੈਰ੍ਹਾ 2.4.3.3 ਅਤੇ 2.5.4.1*** ਵਿੱਚ ਵਿਚਾਰੇ ਅਨੁਸਾਰ ਜਨਤਕ ਵਿਰੋਧ ਪ੍ਰਦਰਸ਼ਨਾਂ ਕਾਰਨ ਬੰਦ ਪਏ ਸਨ।

2.3.4 6 ਆਰਜ਼ ਪਹੁੰਚ

ਠੋਸ ਰਹਿੰਦ-ਖੂੰਹਦ ਪ੍ਰਬੰਧਨ ਵੱਖ-ਵੱਖ ਰਹਿੰਦ-ਖੂੰਹਦ ਪ੍ਰਬੰਧਨ ਵਿਕਲਪਾਂ ਲਈ ਵਾਤਾਵਰਣ ਦੀ ਤਰਜੀਹ ਦੇ ਕ੍ਰਮ ਵਿੱਚ ਇੱਕ ਕਦਮ-ਵਾਰ ਪਹੁੰਚ ਹੈ ਜਿਸ ਵਿੱਚ ਰੋਕਥਾਮ ਸਭ ਤੋਂ ਤਰਜੀਹੀ ਵਿਕਲਪ ਹੈ ਅਤੇ ਨਿਪਟਾਰਾ ਸਭ ਤੋਂ ਘੱਟ ਤਰਜੀਹ ਹੈ। ਇਹ 3 ਆਰਜ਼ (ਰੀਡਿਊਜ਼, ਰੀਯੂਜ਼ ਐਂਡ ਰੀਸਾਈਕਲ) ਪਹੁੰਚ ਨਾਲ ਨੇੜਿਓ ਜੁੜਿਆ ਹੋਇਆ ਹੈ, ਜੋ ਰਹਿੰਦ-ਖੂੰਹਦ ਦੀ ਮਾਤਰਾ, ਇਸ ਦੇ ਪ੍ਰਬੰਧਨ ਨਾਲ ਜੁੜੀ ਲਾਗਤ ਅਤੇ ਇਸਦੇ ਵਾਤਾਵਰਣ ਪ੍ਰਭਾਵਾਂ ਨੂੰ ਘਟਾਉਣ ਵਿੱਚ ਸਹਾਇਤਾ ਕਰਦਾ ਹੈ, ਇਹ ਦੇਖਿਆ ਗਿਆ ਕਿ ਇਨ੍ਹਾਂ 3 ਆਰਜ਼ ਤੋਂ ਇਲਾਵਾ, ਰਾਜ ਨੇ ਹੋਰ 3 ਆਰਜ਼ ਨੂੰ ਵੀ ਅਪਣਾਇਆ ਹੈ, ਜਿਵੇਂ ਕਿ ਰੀਫਿਊਜ਼, ਰਿਸਰਚ ਅਤੇ ਰੀ-ਡਿਜ਼ਾਈਨ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕਿਸੇ ਵੀ ਯੂ ਐਲ ਬੀ ਨੇ ਰਾਜ ਦੀ ਨੀਤੀ ਦੇ ਅਨੁਸਾਰ 6 ਆਰਜ਼ ਪਹੁੰਚ ਨੂੰ ਨਹੀਂ ਅਪਣਾਇਆ। ਯੂ ਐਲ ਬੀ ਨੇ 4 ਆਰਜ਼ (ਰੀਫਿਊਜ਼, ਰੀਡਿਊਜ਼, ਰੀਯੂਜ਼ ਐਂਡ ਰੀਸਾਈਕਲ ਕਰਨਾ) ਸਿਧਾਂਤ ਅਪਣਾਉਣ ਦੀ ਯੋਜਨਾ ਬਣਾਈ ਸੀ। ਹਾਲਾਂਕਿ, ਇਹ ਦੇਖਿਆ ਗਿਆ ਕਿ 2017-18 ਦੌਰਾਨ 6 ਆਰਜ਼ ਨੂੰ ਅਪਣਾਉਣ ਲਈ ਕੋਈ ਕਦਮ ਨਹੀਂ ਚੁੱਕੇ ਗਏ, ਕਿਉਂਕਿ ਕੋਈ ਬੁਨਿਆਦੀ ਢਾਂਚਾ ਤਿਆਰ ਨਹੀਂ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਸਾਲ 2018-22 ਦੌਰਾਨ ਖਾਦ ਟੋਏ[29] ਬਣਾਉਣ ਤੋਂ ਬਾਅਦ, ਸਾਰੇ ਚੁਣੇ ਹੋਏ ਯੂ ਐਲ ਬੀਜ਼ ਵਿੱਚ, ਗਿੱਲੇ ਰਹਿੰਦ-ਖੂੰਹਦ ਨਾਲ ਤਿਆਰ ਕਰਕੇ ਰੀਸਾਈਕਲ, ਰੀਯੂਜ਼ ਐਂਡ ਰੀਡਿਊਜ਼ ਦੀ ਪਹੁੰਚ

---

27 (i) ਮਹਿਰਾਜ; (ii) ਆਦਮਪੁਰ; (iii) ਕਰਤਾਰਪੁਰ; (iv) ਐਸ ਬੀ ਐਸ ਨਗਰ; (v) ਮੱਖੂ; (vi) ਅੰਮ੍ਰਿਤਸਰ; (vii) ਮੋਗਾ; (viii) ਬਿਲਗਾ; (ix) ਮਾਨਸਾ; (x) ਲੁਧਿਆਣਾ;(xi) ਬਠਿੰਡਾ; (xii) ਕਾਦੀਆਂ; ਅਤੇ (xiii) ਕੀਰਤਪੁਰ ਸਾਹਿਬ।

28 (i) ਆਦਮਪੁਰ; (ii) ਅੰਮ੍ਰਿਤਸਰ; (iii) ਦੋਰਾਹਾ; (iv) ਫਿਰੋਜ਼ਪੁਰ; (v) ਰਾਜਪੁਰਾ; (vi) ਰੂਪਨਗਰ; (vii) ਐਸ ਬੀ ਐਸ ਨਗਰ; (viii) ਸਰਹਿੰਦ; ((ix) ਬਿਲਗਾ; (x) ਲੁਧਿਆਣਾ; (xi) ਮੱਖੂ; (xii) ਮਹਿਰਾਜ; (xiii) ਕਾਦੀਆਂ; (xiv) ਮੋਗਾ; (xv) ਖਮਾਣੋਂ; (xvi) ਕੀਰਤਪੁਰ ਸਾਹਿਬ; (xvii) ਕਰਤਾਰਪੁਰ; (xviii) ਮਾਨਸਾ; ਅਤੇ (xix) ਐਸ ਏ ਐਸ ਨਗਰ।

29 ਖਾਦ ਦੇ ਹੋਰ ਉਤਪਾਦਨ/ਜਨਰੇਸ਼ਨ ਲਈ ਬਾਇਓ-ਡਿਗ੍ਰੇਡੇਬਲ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਲਈ ਖਾਦ ਟੋਏ ਬਣਾਉਣਾ ਜ਼ਰੂਰੀ ਹੈ।

ਅਪਣਾਈ ਗਈ ਸੀ ਅਤੇ ਦੋ ਯੂ ਐਲ ਬੀਜ਼[30] ਵਿੱਚ ਵੱਖਰੇ ਪਲਾਸਟਿਕ ਰਹਿੰਦ-ਖੂੰਹਦ ਨੂੰ ਰੀਸਾਈਕਲਰ ਨੂੰ ਵੇਚਿਆ ਗਿਆ ਸੀ। ਹੋਰ 'ਆਰਜ਼ਾ' ਨੂੰ ਕਿਸੇ ਵੀ ਚੁਣੇ ਗਏ ਯੂ ਐਲ ਬੀਜ਼ ਵਿੱਚ ਨਹੀਂ ਅਪਣਾਇਆ ਗਿਆ ਸੀ।

ਅੱਠ ਯੂ ਐਲ ਬੀਜ਼[31] ਨੇ ਗਿੱਲੇ ਰਹਿੰਦ-ਖੂੰਹਦ ਬਣਾਉਣ, ਪਲਾਸਟਿਕ ਦੀ ਰੀਸਾਈਕਲਿੰਗ ਅਤੇ ਚਲਾਨ ਜਾਰੀ ਕਰਕੇ 6 ਆਰਜ਼ ਨੂੰ ਅੰਸ਼ਕ ਤੌਰ 'ਤੇ ਅਪਣਾਉਣ ਦੀ ਰਿਪੋਰਟ ਕੀਤੀ, ਬਾਕੀ 10 ਯੂ ਐਲ ਬੀਜ਼[32] ਨੇ ਆਸਾਮੀਆਂ ਦੀ ਘਟ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਰਣਨੀਤੀਆਂ ਵਿਕਸਤ ਕੀਤੀਆਂ ਜਾਣਗੀਆਂ। ਕਾਰਪੋਰੇਸ਼ਨ, ਅੰਮ੍ਰਿਤਸਰ ਨੇ ਕਿਹਾ ਕਿ ਭਵਿੱਖ ਵਿੱਚ ਲਗਾਤਾਰ ਜਾਗਰੂਕਤਾ ਗਤੀਵਿਧੀਆਂ ਅਤੇ ਰਹਿੰਦ-ਖੂੰਹਦ ਸਹੂਲਤਾਂ ਸਥਾਪਤ ਕੀਤੀਆਂ ਜਾਣਗੀਆਂ। ਕਾਰਪੋਰੇਸ਼ਨ, ਲੁਧਿਆਣਾ ਨੇ ਕਿਹਾ ਕਿ ਰਹਿੰਦ-ਖੂੰਹਦ ਦੇ ਪ੍ਰਬੰਧਨ ਨੂੰ ਸੁਚਾਰੂ ਬਣਾਉਣ ਤੋਂ ਬਾਅਦ 6 ਆਰਜ਼ ਰਣਨੀਤੀ ਅਪਣਾਈ ਜਾਵੇਗੀ। ਇਨ੍ਹਾਂ ਜਵਾਬਾਂ ਨੇ ਪੁਸ਼ਟੀ ਕੀਤੀ ਕਿ ਐਸ ਡਬਲਯੂ ਐਮ ਨੀਤੀ ਦੇ ਨੋਟੀਫਿਕੇਸ਼ਨ ਤੋਂ ਛੇ ਸਾਲ ਤੋਂ ਵੱਧ ਦੇ ਬਾਅਦ ਵੀ, ਯੂ ਐਲ ਬੀ ਨੇ 6 ਆਰ ਪਹੁੰਚ ਨਹੀਂ ਅਪਣਾਈ ਸੀ।

ਚੰਗਾ ਅਭਿਆਸ

ਤਿੰਨ[33] ਯੂ ਐਲ ਬੀਜ਼ ਵਿੱਚ ਪਲਾਸਟਿਕ ਬੈਗਾਂ ਨੂੰ ਇਨਕਾਰ ਕਰਨ/ਘਟਾਉਣ ਲਈ ਉਪਭੋਗਤਾਵਾਂ ਨੂੰ ਉਤਸ਼ਾਹਤ ਕਰਨ ਲਈ ਕੱਪੜਾ/ਜੂਟ ਦੇ ਬੈਗ ਵੰਡੇ ਗਏ। ਦੋ[34] ਯੂ ਐਲ ਬੀਜ਼ ਵਿੱਚ ਸਟੀਲ ਦੇ ਭਾਂਡੇ ਖਰੀਦੇ ਗਏ ਅਤੇ ਡਿਸਪੋਜ਼ੇਬਲ ਦੇ ਬਦਲੇ ਵਜੋਂ ਜਨਤਾ ਨੂੰ ਦਿੱਤੇ ਗਏ ਸਨ।

2.3.5 ਰਹਿੰਦ-ਖੂੰਹਦ ਪ੍ਰਬੰਧਨ ਵਿੱਚ ਗੈਰ ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਦਾ ਏਕੀਕਰਨ

ਐਸ ਡਬਲਯੂ ਐਮ ਨਿਯਮ ਗੈਰ-ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲੇ ਖੇਤਰ, ਜਿਵੇਂ ਕਿ ਰਹਿੰਦ-ਖੂੰਹਦ ਚੁੱਕਣ ਵਾਲਿਆਂ, ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਅਤੇ ਰੀਸਾਈਕਲਿੰਗ ਉਦਯੋਗ ਦੁਆਰਾ ਨਿਭਾਈ ਗਈ ਭੂਮਿਕਾ ਨੂੰ ਮਾਨਤਾ ਦਿੰਦੇ ਹਨ। ਇਹ ਨਿਯਮ ਯੂ ਐਲ ਬੀਜ਼ ਨੂੰ ਰਹਿੰਦ-ਖੂੰਹਦ ਚੁੱਕਣ ਵਾਲਿਆਂ ਜਾਂ ਗੈਰ-ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਅਤੇ ਸੰਗਠਨਾਂ ਨੂੰ ਮਾਨਤਾ ਦੇਣ ਲਈ ਇੱਕ ਪ੍ਰਣਾਲੀ ਸਥਾਪਤ ਕਰਨ ਅਤੇ ਇਨ੍ਹਾਂ ਅਧਿਕਾਰਤ ਰਹਿੰਦ-ਖੂੰਹਦ ਚੁੱਕਣ ਵਾਲਿਆਂ ਅਤੇ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਦੇ ਏਕੀਕਰਨ[35] ਲਈ ਇੱਕ ਪ੍ਰਣਾਲੀ ਨੂੰ ਉਤਸ਼ਾਹਤ ਕਰਨ ਅਤੇ ਸਥਾਪਤ ਕਰਨ ਦਾ ਹੁਕਮ ਦਿੰਦੇ ਹਨ ਤਾਂ ਜੋ

30 (i) ਮਹਿਰਾਜ; ਅਤੇ (ii) ਰੂਪਨਗਰ।

31 (i) ਆਦਮਪੁਰ; (ii) ਕਰਤਾਰਪੁਰ; (iii) ਕੀਰਤਪੁਰ ਸਾਹਿਬ; (iv) ਬਿਲਗਾ; (v) ਰੂਪਨਗਰ; (vi) ਐਸ ਬੀ ਐਸ ਨਗਰ; (vii) ਮੋਗਾ; ਅਤੇ (viii) ਐਸ ਏ ਐਸ ਨਗਰ।

32 (i) ਦੋਰਾਹਾ; (ii) ਫਿਰੋਜ਼ਪੁਰ; (iii) ਰਾਜਪੁਰਾ; (iv) ਸਰਹਿੰਦ; (v) ਖਮਾਣੋਂ; (vi) ਮੱਖੂ; (vii) ਮਹਿਰਾਜ; (viii) ਬਠਿੰਡਾ; (ix) ਮਾਨਸਾ; ਅਤੇ (x) ਕਾਦੀਆਂ।

33 (i) ਮਹਿਰਾਜ; (ii) ਐਸ ਬੀ ਐਸ ਨਗਰ; ਅਤੇ (iii) ਰੂਪਨਗਰ।

34 (i) ਫਿਰੋਜ਼ਪੁਰ; ਅਤੇ (ii) ਸਰਹਿੰਦ।

35 ਏਕੀਕਰਣ ਪ੍ਰਕਿਰਿਆ ਦੇ ਨਤੀਜੇ ਵਜੋਂ ਆਮ ਤੌਰ ਤੇ ਰਹਿੰਦ-ਖੂੰਹਦ ਚੁੱਕਣ ਵਾਲਿਆਂ ਨੂੰ ਸਮਾਜਿਕ ਲਾਭ ਪ੍ਰਾਪਤ ਹੋਣਗੇ ਜਿਵੇਂ ਕਿ, ਪਛਾਣ ਪੱਤਰ ਪ੍ਰਦਾਨ ਕਰਨਾ, ਲੈਣ-ਦੇਣ ਲਈ ਰਸੀਦਾਂ, ਠੇਕੇਦਾਰਾਂ ਜਾਂ ਹੋਰ ਰੁਜ਼ਗਾਰਦਾਤਾਵਾਂ ਦੁਆਰਾ ਰੁਜ਼ਗਾਰ ਪ੍ਰਾਪਤ ਕਰਨ ਤੇ ਘੱਟੋ ਘੱਟ ਤਨਖਾਹਾਂ ਨੂੰ ਯਕੀਨੀ ਬਣਾਉਣਾ, ਸਿਹਤ ਸਹੂਲਤਾਂ, ਭਲਾਈ ਫੰਡਾਂ ਦੀ ਸਿਰਜਣਾ, ਗਤੀਵਿਧੀ ਅਤੇ ਇਸ ਤਰ੍ਹਾਂ ਦੀਆਂ ਚੀਜ਼ਾ ਤੋਂ ਬਾਲ ਮਜ਼ਦੂਰੀ ਦੀ ਮਨਾਹੀ ਅਤੇ ਵੱਖ-ਵੱਖ ਸਮੱਗਰੀ ਨੂੰ ਇਕੱਤਰ ਕਰਨ ਅਤੇ ਰੀਸਾਈਕਲ ਕਰਨ ਦੀਆਂ ਗੈਰ-ਰਸਮੀ ਖੇਤਰ ਪ੍ਰਣਾਲੀਆਂ ਨੂੰ ਕਾਨੂੰਨੀ ਮਾਨਤਾ ਦੇਣਾ ਮਜ਼ਬੂਤ ਕਰਨਾ।

ਐਸ ਡਬਲਯੂ ਐਮ ਵਿੱਚ ਉਨ੍ਹਾਂ ਦੀ ਭਾਗੀਦਾਰੀ ਨੂੰ ਸੁਵਿਧਾਜਨਤਕ ਬਣਾਇਆ ਜਾ ਸਕੇ, ਜਿਸ ਵਿੱਚ ਘਰ-ਘਰ ਤੋਂ ਰਹਿੰਦ-ਖੂੰਹਦ ਇਕੱਠਾ ਕਰਨਾ ਸ਼ਾਮਲ ਹੈ।

ਐਸ ਡਬਲਯੂ ਐਮ ਲਈ ਰਾਜ ਨੀਤੀ ਨੇ ਰੈਗ-ਪਿੱਕਰਜ਼ ਨੂੰ ਯੋਗ ਬਣਾਉਣਾ ਅਤੇ ਉਨ੍ਹਾਂ ਨੂੰ ਐਸ ਡਬਲਯੂ ਐਮ ਮੁੱਖ ਧਾਰਾ ਵਿੱਚ ਏਕੀਕ੍ਰਿਤ ਕਰਨ ਦਾ ਪ੍ਰਸਤਾਵ ਦਿੱਤਾ। ਚੁਣੇ ਗਏ ਯੂ ਐਲ ਬੀਜ਼ ਵਿੱਚ, 711 ਰੈਗ-ਪਿੱਕਰਜ਼ ਚੁੱਕਣ ਵਾਲਿਆਂ ***(ਅੰਤਿਕਾ 2.2)*** ਅਤੇ 2,682 ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਦੀ ਪਛਾਣ ਕਾਰਜ ਯੋਜਨਾਵਾਂ ਅਨੁਸਾਰ ਕੀਤੀ ਗਈ ਸੀ, ਪਰ ਕਿਸੇ ਵੀ ਯੂ ਐਲ ਬੀਜ਼ ਨੇ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ/ਰੈਗ-ਪਿੱਕਰਜ਼ ਨੂੰ ਪਛਾਣ ਪੱਤਰ ਜਾਰੀ ਕਰਕੇ, ਘੱਟੋਂ ਘੱਟ ਤਨਖਾਹ, ਭਲਾਈ ਫੰਡ ਅਤੇ ਠੇਕੇਦਾਰਾਂ ਰਾਹੀਂ ਕੰਮ ਕਰਦੇ ਸਮੇਂ ਵੀ ਹੋਰ ਉਪਾਵਾਂ ਨੂੰ ਯਕੀਨੀ ਬਣਾ ਕੇ ਏਕੀਕ੍ਰਿਤ ਨਹੀਂ ਕੀਤਾ। ਚੁਣੇ ਗਏ ਯੂ ਐਲ ਬੀਜ਼ ਵਿੱਚ ਇਕੱਤਰ ਕਰਨ, ਵੱਖ ਕਰਨ, ਪ੍ਰੋਸੈਸਿੰਗ ਆਦਿ ਬਾਰੇ ਐਮ ਐਸ ਡਬਲਯੂ ਐਮ ਮੈਨੂਅਲ ਦੀ ਸਾਰਣੀ 6.1 ਵਿੱਚ ਪੈਰ੍ਹਾ 6.1 ਦੇ ਅਧੀਨ ਲਾਜ਼ਮੀ ਤੌਰ ਤੇ ਪੜ੍ਹੇ ਗਏ ਕੋਈ ਰਿਕਾਰਡ ਨਹੀਂ ਪਾਏ ਗਏ। ਇਸ ਲਈ, ਅਜਿਹੇ ਏਕੀਕਰਣ ਤੋਂ ਪੈਦਾ ਹੋਣ ਵਾਲੇ ਲਾਭ ਕਿਸੇ ਵੀ ਯੂ ਐਲ ਬੀ ਦੁਆਰਾ ਰਹਿੰਦ-ਖੂੰਹਦ ਚੁੱਕਣ ਵਾਲਿਆਂ ਨੂੰ ਨਹੀਂ ਦਿੱਤੇ ਗਏ ਸਨ। ਇੱਕ ਯੂ ਐਲ ਬੀ (ਕੀਰਤਪੁਰ ਸਾਹਿਬ) ਇਹ ਦੇਖਿਆ ਗਿਆ ਕਿ 45 ਰੈਗ-ਪਿੱਕਰਜ਼/ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਨੂੰ ਪਛਾਣ ਪੱਤਰ ਜਾਰੀ ਕੀਤੇ ਗਏ ਸਨ।

13 ਯੂ ਐਲ ਬੀਜ਼[36] ਨੇ ਕਿਹਾ (ਅਕਤੂਬਰ 2024) ਕਿ ਗੈਰ ਰਸਮੀ ਰਹਿੰਦ-ਖੂੰਹਦ ਇਕਠਾ ਕਰਨ ਵਾਲੇ ਐਸ ਡਬਲਯੂ ਐਮ ਦੀ ਮੁੱਖ ਧਾਰਾ ਦੀ ਲੜੀ ਨਾਲ ਏਕੀਕ੍ਰਿਤ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਦਿਖਾ ਰਹੇ ਸਨ ਅਤੇ ਤਿੰਨ ਯੂ ਐਲ ਬੀਜ਼[37] ਨੇ ਕਿਹਾ ਕਿ ਗੈਰ ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਨੂੰ ਹੋਰ ਸਮਾਜਿਕ ਲਾਭ ਪ੍ਰਦਾਨ ਕਰਨ ਲਈ ਯਤਨ ਕੀਤੇ ਜਾਣਗੇ। ਐਮ ਸੀ, ਐਸ ਬੀ ਐਸ ਨਗਰ ਨੇ ਕਿਹਾ ਕਿ ਗੈਰ ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਦੀ ਸਿਹਤ ਜਾਂਚ ਕੀਤੀ ਗਈ ਸੀ, ਪਰ ਕੋਈ ਹੋਰ ਸਮਾਜਿਕ ਲਾਭ ਪ੍ਰਦਾਨ ਨਹੀਂ ਕੀਤੇ ਗਏ ਸਨ; ਕਾਰਪਰੇਸ਼ਨ, ਅੰਮ੍ਰਿਤਸਰ ਨੇ ਕਿਹਾ ਕਿ ਉਸਨੇ ਕਾਰਜ ਯੋਜਨਾ ਅਨੁਸਾਰ 148 ਰਹਿੰਦ-ਖੂੰਹਦ ਚੁੱਕਣ ਵਾਲਿਆਂ ਨੂੰ ਸੂਚਿਤ ਕੀਤਾ ਸੀ, ਪਰ ਦੋਵਾਂ ਯੂ ਐਲ ਬੀਜ਼ ਦੁਆਰਾ ਜਵਾਬਾਂ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ ਪ੍ਰਦਾਨ ਨਹੀਂ ਕੀਤੇ ਗਏ। ਐਮ ਸੀ ਮਾਨਸਾ ਨੇ ਕਿਹਾ ਕਿ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਨੂੰ ਇੱਕ ਸੁਸਾਇਟੀ ਰਾਹੀਂ ਲਗਾਇਆ ਜਾਂਦਾ ਹੈ ਅਤੇ ਗੈਰ ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਦੇ ਏਕੀਕਰਨ ਲਈ ਕੋਈ ਹੋਰ ਯਤਨ ਨਹੀਂ ਕੀਤੇ ਗਏ। ਕਾਰਪੋਰੇਸ਼ਨ, ਬਠਿੰਡਾ ਨੇ ਇਸ ਮਾਮਲੇ 'ਤੇ ਕੋਈ ਖਾਸ ਜਵਾਬ ਨਹੀਂ ਦਿੱਤਾ।

ਇਸ ਤਰ੍ਹਾਂ ਰਹਿੰਦ-ਖੂੰਹਦ ਪਿੱਕਰਜ਼ ਦੇ ਏਕੀਕਰਨ ਲਈ ਵਿਧੀ ਦੀ ਘਾਟ ਕਾਰਨ, ਗੈਰ-ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲੇ ਅਤੇ ਰਹਿੰਦ-ਖੂੰਹਦ ਚੁੱਕਣ ਵਾਲੇ ਮਿੱਟੀ ਅਤੇ ਸੰਕਰਮਿਤ ਰਹਿੰਦ-ਖੂੰਹਦ ਤੋਂ ਰੀਸਾਈਕਲ ਕੀਤੀ ਜਾਣ ਵਾਲੀ ਸਮੱਗਰੀ ਨੂੰ ਵੱਖ ਕਰਨ ਦੇ ਗੈਰ-ਸਿਹਤਮੰਦ

---

[36] (i) ਮੋਗਾ; (ii) ਆਦਮਪੁਰ; (iii) ਫਿਰੋਜ਼ਪੁਰ; (iv) ਕਰਤਾਰਪੁਰ; (v) ਰਾਜਪੁਰਾ; (vi) ਸਰਹਿੰਦ; (vii) ਖਮਾਣੋਂ; (viii) ਬਿਲਗਾ; (ix) ਮੱਖੂ; (x) ਮਹਿਰਾਜ; (xi) ਐਸ ਏ ਐਸ ਨਗਰ; (xii) ਦੋਰਾਹਾ; ਅਤੇ (xiii) ਕਾਦੀਆਂ।


[37] (i) ਕੀਰਤਪੁਰ ਸਾਹਿਬ; (ii) ਲੁਧਿਆਣਾ; ਅਤੇ (iii) ਰੂਪਨਗਰ।

ਅਭਿਆਸ ਵਿੱਚ ਲੱਗੇ ਰਹੇ। ਹੋਰ ਸਮਾਜਿਕ ਲਾਭ ਜਿਵੇਂ ਕਿ ਕਾਨੂੰਨੀ ਮਾਨਤਾ, ਸਿਹਤ ਸਹੂਲਤਾਂ, ਭਲਾਈ ਫੰਡ ਆਦਿ ਤੋਂ ਵੀ ਉਨ੍ਹਾਂ ਨੂੰ ਇਨਕਾਰ ਕਰ ਦਿੱਤਾ ਗਿਆ।

2.3.6 ਕਾਰਜ ਯੋਜਨਾ ਨੂੰ ਲਾਗੂ ਕਰਨ ਲਈ ਸਮਾਂ-ਸਾਰਣੀ

ਚੁਣੇ ਗਏ ਯੂ ਐਲ ਬੀਜ਼ ਦੁਆਰਾ ਤਿਆਰ ਕੀਤੀਆਂ ਯੋਜਨਾਵਾਂ ਦੀ ਪੜਤਾਲ ਤੋਂ ਪਤਾ ਲੱਗਿਆ ਹੈ ਕਿ ਯੋਜਨਾਵਾਂ ਵਿੱਚ ਵੱਖ-ਵੱਖ ਐਸ ਡਬਲਯੂ ਐਮ ਗਤੀਵਿਧੀਆਂ ਨੂੰ ਲਾਗੂ ਕਰਨ ਲਈ ਸਮਾਂ-ਸਾਰਣੀ ਦਾ ਜ਼ਿਕਰ ਕੀਤਾ ਗਿਆ ਸੀ ਜਿਵੇਂ ਕਿ 100 *ਪ੍ਰਤੀਸ਼ਤ* ਘਰ-ਘਰ ਜਾ ਕੇ ਇਕੱਤਰ ਕਰਨਾ, ਰਹਿੰਦ-ਖੂੰਹਦ ਨੂੰ ਵੱਖ ਕਰਨਾ, ਡੰਪਸਾਈਟਾਂ ਤੇ ਪਏ ਰਹਿੰਦ-ਖੂੰਹਦ ਦਾ ਨਿਪਟਾਰਾ ਕਰਨਾ ਜੋ ਜਨਵਰੀ 2019 ਅਤੇ ਦਸੰਬਰ 2021 ਦੇ ਵਿਚਕਾਰ ਪੂਰਾ ਹੋਣਾ ਸੀ। ਹਾਲਾਂਕਿ, ਇਹ ਦੇਖਿਆ ਗਿਆ ਕਿ ਮੈਨੂਅਲ ਦੇ ਸਾਰਣੀ 6.1 ਦੇ ਪੈਰ੍ਹਾ 6.1 ਵਿੱਚ ਪਰਿਭਾਸ਼ਿਤ ਕੀਤੇ ਗਏ ਲੋੜੀਂਦੇ ਰਿਕਾਰਡ ਯੂ ਐਲ ਬੀਜ਼ ਵਿੱਚ ਨਹੀਂ ਰੱਖੇ ਗਏ ਸਨ ਤਾਂ ਜੋ ਯੋਜਨਾ ਵਿੱਚ ਦਰਸਾਏ ਅਨੁਸਾਰ ਨਿਰਧਾਰਤ ਸਮੇਂ ਦੇ ਅੰਦਰ ਗਤੀਵਿਧੀਆਂ ਦੇ ਲਾਗੂ ਕਰਨ ਦੀ ਸਥਿਤੀ ਦਾ ਪਤਾ ਲਗਾਇਆ ਜਾ ਸਕੇ। ਲੇਖਾ ਪ੍ਰੀਖਿਆ ਲਈ ਉਪਲਬਧ ਕਰਵਾਏ ਗਏ ਡਾਟੇ ਦਾ ਵਿਸ਼ਲੇਸ਼ਣ (***ਅੰਤਿਕਾ 2.3***) ਹੇਠਾਂ **ਚਾਰਟ** 2.2 ਵਿੱਚ ਦਰਸਾਇਆ ਗਿਆ ਹੈ:

ਚਾਰਟ 2.2: **ਚੁਣੇ ਹੋਏ ਯੂ ਐਲ ਬੀਜ਼ ਵਿੱਚ ਕਾਰਜ ਯੋਜਨਾ ਦੀਆਂ ਗਤੀਵਿਧੀਆਂ ਨੂੰ ਲਾਗੂ ਕਰਨ ਦੀ ਸਥਿਤੀ**



ਸ੍ਰੋਤ: ਯੂ ਐਲ ਬੀ ਡਾਟਾ

ਇਹ ਅੱਗੇ ਜੋੜਿਆ ਗਿਆ ਹੈ ਕਿ :

- ਸੱਤ ਯੂ ਐਲ ਬੀਜ਼ ਵਿੱਚੋਂ ਜਿੱਥੇ 100 *ਪ੍ਰਤੀਸ਼ਤ* ਬਾਇਓ-ਰਿਮੇਡੀਏਸ਼ਨ ਪੂਰਾ ਹੋ ਗਿਆ ਸੀ, ਚਾਰ ਯੂ ਐਲ ਬੀਜ਼[38] ਵਿੱਚ ਬਾਇਓ-ਰਿਮੇਡੀਏਸ਼ਨ ਸਤੰਬਰ ਅਤੇ ਦਸੰਬਰ 2022 ਦੇ

[38] (i) ਕੀਰਤਪੁਰ ਸਾਹਿਬ; (ii) ਖਮਾਣੋਂ; (iii) ਮੱਖੂ; ਅਤੇ (iv) ਰੂਪਨਗਰ।

ਵਿਚਕਾਰ ਪੂਰਾ ਹੋ ਗਿਆ ਸੀ, ਅਤੇ ਤਿੰਨ ਯੂ ਐਲ ਬੀਜ਼[39] ਵਿੱਚ ਬਾਇਓ-ਰਿਮੇਡੀਏਸ਼ਨ ਪੂਰਾ ਹੋ ਗਿਆ ਸੀ ਪਰ ਲੈਂਗਬੁੱਕਜ਼ ਦੀ ਸਾਂਭ-ਸੰਭਾਲ ਨਹੀਂ ਕੀਤੀ ਗਈ ਸੀ।

- ਸਿਰਫ਼ ਐਸ ਬੀ ਐਸ ਨਗਰ ਦੀ ਯੂ ਐਲ ਬੀ ਖਤਰਨਾਕ ਰਹਿੰਦ-ਖੂੰਹਦ ਨੂੰ ਵੱਖਰੇ ਅਤੇ ਸੁਰੱਖਿਅਤ ਢੰਗ ਨਾਲ ਇਕੱਤਰ ਅਤੇ ਨਿਪਟਾਰਾ ਕਰ ਰਹੀ ਸੀ।
- 20 ਚੁਣੇ ਗਏ ਯੂ ਐਲ ਬੀਜ਼ ਵਿੱਚੋਂ ਕਿਸੇ ਵਿੱਚ ਵੀ ਸੈਨੇਟਰੀ ਰਹਿੰਦ-ਖੂੰਹਦ ਦੇ ਨਿਪਟਾਰੇ ਨੂੰ ਯਕੀਨੀ ਨਹੀਂ ਬਣਾਇਆ ਗਿਆ ਸੀ। ਹਾਲਾਂਕਿ, ਛੇ[40] ਯੂ ਐਲ ਬੀਜ਼ ਵਿੱਚ, ਪ੍ਰੋਸੈਸਿੰਗ ਸਹੂਲਤਾਂ ਦੀ ਬਜਾਏ ਸੈਨੇਟਰੀ ਇਨਸੀਨਰੇਟਰ ਜਨਤਕ ਪਖਾਨੇ ਵਿੱਚ ਲਗਾਏ ਗਏ ਸਨ।

18 ਯੂ ਐਲ ਬੀਜ਼[41] ਨੇ ਕਿਹਾ ਕਿ ਕਾਰਜ ਯੋਜਨਾ ਦੇ ਸਾਰੇ ਪਹਿਲੂਆਂ ਨੂੰ ਲਾਗੂ ਕਰਨ ਲਈ ਸੁਹਿਰਦ ਯਤਨ ਕੀਤੇ ਜਾ ਰਹੇ ਸਨ ਜਾਂ ਕੀਤੇ ਜਾਣਗੇ, ਜਿਨ੍ਹਾਂ ਵਿੱਚੋਂ ਅੱਠ ਯੂ ਐਲ ਬੀਜ਼ ਨੇ ਕਿਹਾ ਕਿ ਕਾਰਜ ਯੋਜਨਾ ਦੀ ਪਾਲਣਾ ਕਿਸੇ ਨਾ ਕਿਸੇ ਕਾਰਨ ਕਰਕੇ ਨਹੀਂ ਕੀਤੀ ਜਾ ਸਕਦੀ, ਜਿਵੇਂ ਕਿ ਸਟਾਫ ਦੀ ਘਾਟ, ਸਿਖਲਾਈ ਪ੍ਰਾਪਤ ਸਟਾਫ ਦੀ ਅਣਹੋਂਦ ਅਤੇ ਵਿੱਤੀ ਸਰੋਤ। ਦੋ ਯੂ ਐਲ ਬੀਜ਼[42] ਨੇ ਜਵਾਬ ਨਹੀਂ ਦਿੱਤਾ।

ਇਸ ਤਰ੍ਹਾਂ, ਐਸ ਡਬਲਯੂ ਐਮ ਯੋਜਨਾਵਾਂ ਨੂੰ ਲਾਗੂ ਕਰਨਾ ਵਿੱਚ ਦੇਰੀ ਅਤੇ ਨੀਤੀ ਦੇ ਦੇਰੀ ਨਾਲ ਨਿਰਮਾਣ ਨੇ ਐਸ ਡਬਲਯੂ ਐਮ ਦੀਆਂ ਗਤੀਵਿਧੀਆਂ ਨੂੰ ਘਟਾਉਣ ਵਿੱਚ ਯੋਗਦਾਨ ਪਾਇਆ।

2.3.7 ਸਿੱਟਾ

ਰਾਜ ਸਰਕਾਰ ਨੇ ਆਪਣੀਆਂ ਠੋਸ ਰਹਿੰਦ-ਖੂੰਹਦ ਪ੍ਰਬੰਧਨ ਅਤੇ ਉਸਾਰੀ ਅਤੇ ਡਿਮੋਲਿਸ਼ਨ ਵਾਲੇ ਰਹਿੰਦ-ਖੂੰਹਦ ਪ੍ਰਬੰਧਨ ਨੀਤੀਆਂ ਨਿਰਧਾਰਤ ਸਮੇਂ ਵਿੱਚ ਤਿਆਰ ਨਹੀਂ ਕੀਤੀਆਂ, ਜਿਸ ਕਾਰਨ ਯੂ ਐਲ ਬੀਜ਼ ਦੁਆਰਾ ਸਬੰਧਤ ਉਪ-ਕਾਨੂੰਨ ਤਿਆਰ ਕਰਨ ਵਿੱਚ ਦੇਰੀ ਹੋਈ। ਸਿੱਟੇ ਵਜੋਂ, ਰਹਿੰਦ-ਖੂੰਹਦ ਨੂੰ ਵੱਖ ਕਰਨ, ਜਲ ਸਰੋਤਾਂ ਵਿੱਚ ਰਹਿੰਦ-ਖੂੰਹਦ ਦੇ ਰਹਿੰਦ-ਖੂੰਹਦ ਦੀ ਰੋਕਥਾਮ, ਵਿਰਾਸਤੀ ਰਹਿੰਦ-ਖੂੰਹਦ ਦਾ ਪ੍ਰਬੰਧਨ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਬੁਨਿਆਦੀ ਢਾਂਚੇ ਦੀ ਸਥਾਪਨਾ ਵਰਗੀਆਂ ਗਤੀਵਿਧੀਆਂ ਦੀ ਕੁਸ਼ਲਤਾ ਅਤੇ ਤੁਰੰਤ ਹੱਲ ਨਹੀਂ ਕੀਤਾ ਜਾ ਸਕਿਆ। ਠੋਸ ਰਹਿੰਦ-ਖੂੰਹਦ ਪ੍ਰਬੰਧਨ ਪ੍ਰਣਾਲੀ ਵਿੱਚ ਗੈਰ-ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਦਾ ਏਕੀਕਰਨ ਨਾ ਕਰਨਾ ਉਨ੍ਹਾਂ ਨੂੰ ਕਾਨੂੰਨੀ ਮਾਨਤਾ, ਸਿਹਤ ਸਹੂਲਤਾਂ, ਭਲਾਈ ਫੰਡਾਂ ਅਤੇ ਹੋਰ ਲਾਭਾਂ ਤੋਂ ਵਾਂਝਾ ਕਰ ਦਿੰਦਾ ਹੈ। ਠੋਸ ਰਹਿੰਦ-ਖੂੰਹਦ ਦੇ ਢੁਕਵੇਂ ਪ੍ਰਬੰਧਨ ਨੂੰ ਹੱਲ ਕਰਨ ਵਿੱਚ ਕਾਰਜ ਯੋਜਨਾਵਾਂ ਦੀ ਘਾਟ ਸੀ।

ਰਹਿੰਦ-ਖੂੰਹਦ ਜਨਰੇਸ਼ਨ ਅਤੇ ਰਹਿੰਦ-ਖੂੰਹਦ ਦੀ ਬਣਤਰ ਦਾ ਮੁਲਾਂਕਣ ਕਿਸੇ ਵੀ ਚੁਣੇ ਗਏ ਯੂ ਐਲ ਬੀ ਵਿੱਚ ਨਿਯਮਾਂ/ਮੈਨੂਅਲ ਦੇ ਅਨੁਸਾਰ ਨਹੀਂ ਕੀਤਾ ਗਿਆ ਸੀ। ਯੂ ਐਲ ਬੀ ਦੁਆਰਾ ਯੋਜਨਾਵਾਂ ਦੀ ਯੋਜਨਾਬੰਦੀ ਅਤੇ ਪ੍ਰਮਾਣਿਕਤਾ ਵਿੱਚ ਹਿੱਸੇਦਾਰਾਂ ਦੀ ਸ਼ਮੂਲੀਅਤ ਦਾ ਭਰੋਸਾ ਨਹੀਂ ਦਿੱਤਾ ਗਿਆ ਸੀ।

---

39 (i) ਕਾਦੀਆਂ; (ii) ਮਹਿਰਾਜ; ਅਤੇ (iii) ਫਿਰੋਜ਼ਪੁਰ।

40 (i) ਫਿਰੋਜ਼ਪੁਰ; (ii) ਮੱਖੂ; (iii) ਮਹਿਰਾਜ; (iv) ਸਰਹਿੰਦ; (v) ਬਠਿੰਡਾ; ਅਤੇ (vi) ਕੀਰਤਪੁਰ ਸਾਹਿਬ।

41 (i) ਮੋਗਾ; (ii) ਕਰਤਾਰਪੁਰ; (iii) ਖਮਾਣੋਂ (iv) ਮਹਿਰਾਜ; (v) ਆਦਮਪੁਰ; (vi) ਰੂਪਨਗਰ; (vii) ਕੀਰਤਪੁਰ ਸਾਹਿਬ; (viii) ਬਿਲਗਾ; (ix) ਮੱਖੂ; (x) ਐਸ ਏ ਐਸ ਨਗਰ; (xi) ਐਸ ਬੀ ਐਸ ਨਗਰ; (xii) ਦੋਰਾਹਾ; (xiii) ਫਿਰੋਜ਼ਪੁਰ; (xiv) ਰਾਜਪੁਰਾ; (xv) ਸਰਹਿੰਦ; (xvi) ਲੁਧਿਆਣਾ; (xvii) ਅੰਮ੍ਰਿਤਸਰ ਅਤੇ (xviii) ਕਾਦੀਆਂ।

42 (i) ਬਠਿੰਡਾ; ਅਤੇ (ii) ਮਾਨਸਾ।

2.3.8 ਸ਼ਿਫਾਰਸਾਂ

ਰਾਜ ਸਰਕਾਰ/ਯੂ ਐਲ ਬੀਜ਼ ਇਹ ਯਕੀਨੀ ਬਣਾ ਸਕਦੇ ਹਨ:

- *ਮੈਨੂਅਲ ਅਨੁਸਾਰ ਲੋੜੀਂਦੀ ਯੋਜਨਾਬੰਦੀ ਪ੍ਰੋਸੈਸ ਵਿੱਚ ਹਿੱਸੇਦਾਰਾਂ ਦੀ ਸ਼ਮੂਲੀਅਤ; ਅਤੇ*
- *ਐਸ ਡਬਲਯੂ ਐਮ ਵਿੱਚ ਗੈਰ-ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਦੇ ਏਕੀਕਰਨ ਲਈ ਇੱਕ ਨੀਤੀ ਤਿਆਰ ਕਰਨਾ ਅਤੇ ਉਨ੍ਹਾਂ ਨੂੰ ਕਾਨੂੰਨੀ ਮਾਨਤਾ, ਸਿਹਤ ਸਹੂਲਤਾਂ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨਾ।*

2.4 ਠੋਸ ਰਹਿੰਦ-ਖੂੰਹਦ ਪ੍ਰਬੰਧਨ ਪ੍ਰੋਸੈਸ ਦੀ ਪ੍ਰਭਾਵਸ਼ੀਲਤਾ

ਮਿਉਂਸਪਲ ਠੋਸ ਰਹਿੰਦ-ਖੂੰਹਦ ਪ੍ਰਬੰਧਨ ਸੇਵਾਵਾਂ ਦੀ ਯੋਜਨਾ ਇਸ ਤਰੀਕੇ ਨਾਲ ਬਣਾਈ ਜਾਣੀ ਚਾਹੀਦੀ ਹੈ ਕਿ ਉਹ ਸਾਰੀਆਂ ਕਾਨੂੰਨੀ ਲੋੜਾਂ ਨੂੰ ਪੂਰਾ ਕਰਨ। ਠੋਸ ਰਹਿੰਦ-ਖੂੰਹਦ ਨੂੰ ਐਸ ਡਬਲਯੂ ਐਮ ਦੇ ਇੱਛਤ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਕੁਸ਼ਲ ਇਕੱਤਰੀਕਰਨ, ਵੱਖਕਰਨ, ਭੰਡਾਰਨ, ਆਵਾਜਾਈ, ਪ੍ਰੋਸੈਸਿੰਗ ਅਤੇ ਨਿਪਟਾਰੇ ਦੁਆਰਾ ਪ੍ਰਬੰਧਿਤ ਕਰਨ ਦੀ ਜ਼ਰੂਰਤ ਹੈ। ਐਮ ਐਸ ਡਬਲਯੂ ਐਮ ਪ੍ਰੋਜੈਕਟਾਂ ਨੂੰ ਲਾਭਪਾਤਰੀਆਂ ਤੋਂ ਉਪਭੋਗਤਾ ਫੀਸ ਵਸੂਲਣ, ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਤੋਂ ਅੰਤਿਮ ਉਤਪਾਦਾਂ ਦੀ ਵਿਕਰੀ, ਮਿਉਂਸਪਲ ਅੰਦਰੂਨੀ ਸਰੋਤਾਂ ਅਤੇ ਸਰਕਾਰੀ ਗ੍ਰਾਂਟਾਂ ਤੋਂ ਫੰਡਾਂ ਦੀ ਵੰਡ, ਵਿਵਹਾਰਕਤਾ ਅੰਤਰ ਫੰਡਿੰਗ ਆਦਿ ਰਾਹੀਂ ਲਾਗਤ ਵਸੂਲੀ ਨੂੰ ਯਕੀਨੀ ਬਣਾ ਕੇ ਵਿਵਹਾਰਕ ਬਣਾਇਆ ਜਾਣਾ ਚਾਹੀਦਾ ਹੈ।

ਐਮ ਐਸ ਡਬਲਯੂ ਦੇ ਇਕੱਤਰੀਕਰਨ, ਵੱਖਕਰਨ, ਆਵਾਜਾਈ ਅਤੇ ਪ੍ਰੋਸੈਸਿੰਗ ਦੇ ਸਬੰਧ ਵਿੱਚ ਵਿੱਤੀ ਸਰੋਤਾਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨ ਲਈ, ਹੇਠ ਲਿਖੇ ਲੇਖਾ ਪ੍ਰੀਖਿਆ ਉਦੇਸ਼ ਤਿਆਰ ਕੀਤੇ ਗਏ ਸਨ:


ਕੀ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਾਲ ਜੁੜੇ ਮਿਉਂਸਪਲ ਕੰਮ ਜਿਸ ਵਿੱਚ ਇਕੱਤਰ ਕਰਨਾ, ਵੱਖ ਕਰਨਾ, ਭੰਡਾਰਨ, ਆਵਾਜਾਈ, ਪ੍ਰੋਸੈਸਿੰਗ, ਨਿਪਟਾਰਾ ਅਤੇ ਗੈਰ-ਰਸਮੀ ਰਹਿੰਦ-ਖੂੰਹਦ ਕਾਮਿਆਂ ਦੀ ਸਮਾਜਿਕ ਸ਼ਮੂਲੀਅਤ ਸ਼ਾਮਲ ਹੈ, ਪ੍ਰਭਾਵਸ਼ਾਲੀ, ਕੁਸ਼ਲ ਅਤੇ ਕਿਫਾਇਤੀ ਸਨ।

ਇਸ ਸਬੰਧ ਵਿੱਚ, ਲੇਖਾ ਪ੍ਰੀਖਿਆ ਲੱਭਤਾਂ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ:

2.4.1 ਵਿੱਤੀ ਪ੍ਰਬੰਧਨ

ਰਾਜ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਸਾਲ 2017-22 ਦੀ ਮਿਆਦ ਦੌਰਾਨ ਆਪਣੇ ਸਰੋਤਾਂ ਤੋਂ ਇਲਾਵਾ ਕੇਂਦਰੀ/ਰਾਜ ਸਰਕਾਰ ਦੀਆਂ ਗ੍ਰਾਂਟਾਂ 'ਤੇ ਨਿਰਭਰ ਸਨ। ਐਸ ਡਬਲਯੂ ਐਮ ਲਈ ਫੰਡਾਂ ਦੇ ਸਰੋਤ **ਚਾਰਟ** 2.3 ਵਿੱਚ ਦਿਖਾਏ ਗਏ ਹਨ।


ਚਾਰਟ 2.3: ਵੱਖ-ਵੱਖ ਸਕੀਮਾਂ ਦੇ ਫਡਿੰਗ ਪੈਟਰਨ ਅਤੇ ਫੰਡਾਂ ਦੇ ਸਰੋਤ



ਸ੍ਰੋਤ: ਯੂ ਐਲ ਬੀਜ਼ ਦੀਆਂ ਗ੍ਰਾਂਟਾਂ ਸਕੀਮ ਦਿਸ਼ਾ ਨਿਰਦੇਸ਼ ਅਤੇ ਬਜਟ ਦਸਤਾਵੇਜ਼

ਸਾਲ 2017-22 ਦੌਰਾਨ ਐਸ ਡਬਲਯੂ ਐਮ ਦੀ ਵਰਤੋਂ ਸੂਬੇ ਵਿੱਚ ਯੂ ਐਲ ਬੀ ਕੋਲ ₹ 1,011.33 ਕਰੋੜ[43] ਦੀ ਰਾਸ਼ੀ ਉਪਲਬਧ ਸੀ, ਜਿਸ ਦੇ ਮੁਕਾਬਲੇ ₹ 692.32 ਕਰੋੜ[44] ਖਰਚ ਕੀਤੇ ਗਏ ਸਨ। ਚੁਣੇ ਗਏ 20 ਯੂ ਐਲ ਬੀਜ਼ ਵਿੱਚ ₹ 620.18 ਕਰੋੜ[45] ਦੇ ਉਪਲਬਧ ਫੰਡਾਂ ਵਿੱਚੋਂ ₹ 306.87 ਕਰੋੜ[46] (49 *ਪ੍ਰਤੀਸ਼ਤ*) ਖਰਚ ਕੀਤੇ ਗਏ ਜਿਵੇਂ ਕਿ **ਚਾਰਟ 2.4** ਵਿੱਚ ਦਿਖਾਇਆ ਗਿਆ ਹੈ।

ਚਾਰਟ 2.4: 2017-22 ਦੌਰਾਨ ਉਪਲਬੱਧ ਫੰਡਾਂ ਅਤੇ ਖਰਚਿਆਂ ਦਾ ਵੇਰਵਾ



ਸ੍ਰੋਤ: ਵਿਭਾਗੀ ਅਤੇ ਯੂ ਐਲ ਬੀ ਡਾਟਾ

---

43 (i) ਐਸ ਬੀ ਐਮ- ₹ 126.94 ਕਰੋੜ; (ii) 15ਵਾਂ ਐਫ ਸੀ- ₹ 223.89 ਕਰੋੜ; ਅਤੇ (iii) ਆਪਣੇ ਸਰੋਤ- ₹ 660.50 ਕਰੋੜ।

44 (i) ਐਸ ਬੀ ਐਮ- ₹ 126.94 ਕਰੋੜ; (ii) 15ਵਾਂ ਐਫ ਸੀ- ₹ 223.89 ਕਰੋੜ; ਅਤੇ (iii) ਆਪਣੇ ਸਰੋਤ- ₹ 341.49 ਕਰੋੜ।

45 (i) ਐਸ ਬੀ ਐਮ- ₹ 48.57 ਕਰੋੜ; (ii) 15ਵਾਂ ਐਫ ਸੀ- ₹ 122.88 ਕਰੋੜ; ਅਤੇ (iii) ਆਪਣੇ ਸਰੋਤ- ₹ 448.73 ਕਰੋੜ।

46 (i) ਐਸ ਬੀ ਐਮ- ₹ 41.61 ਕਰੋੜ; (ii) 15ਵਾਂ ਐਫ ਸੀ- ₹ 58.79 ਕਰੋੜ; ਅਤੇ (iii) ਆਪਣੇ ਸਰੋਤ- ₹ 206.47 ਕਰੋੜ।

14ਵੇਂ ਵਿੱਤ ਕਮਿਸ਼ਨ (ਐਫ ਸੀ) ਅਧੀਨ ਐਸ ਡਬਲਯੂ ਐਮ ਸਮੇਤ ਸਾਰੀਆਂ ਬੁਨਿਆਦੀ ਨਾਗਰਿਕ ਸੇਵਾਵਾਂ ਦੀ ਸਪੁਰਦਗੀ ਨੂੰ ਸਮਰਥਨ ਅਤੇ ਮਜ਼ਬੂਤ ਕਰਨ ਲਈ ਯੂ ਐਲ ਬੀਜ਼ ਕੋਲ ₹ 1,706.85 ਕਰੋੜ ਉਪਲੱਬਧ ਸਨ, ਜਿਸ ਵਿਚੋਂ ₹ 115.25 ਕਰੋੜ ਰਾਜ ਵਿੱਚ ਐਸ ਡਬਲਯੂ ਐਮ ਤੇ ਖਰਚ ਕੀਤੇ ਗਏ ਸਨ, ਜਿਸ ਵਿੱਚ ਛੇ ਚੁਣੇ ਹੋਏ ਯੂ ਐਲ ਬੀਜ਼ ਜ਼ਰੀਏ ਖਰਚ ਕੀਤੇ ਗਏ ₹ 21.95 ਕਰੋੜ ਸ਼ਾਮਲ ਹਨ।

ਐਸ ਡਬਲਯੂ ਐਮ ਤੇ ਫੰਡਾਂ ਦੀ ਸਕੀਮ-ਵਾਰ ਪ੍ਰਾਪਤੀ ਅਤੇ ਇਸ ਦੇ ਵਿਰੁੱਧ ਕੀਤੇ ਗਏ ਖਰਚੇ ਬਾਰੇ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ:

2.4.1.1 ਸਵੱਛ ਭਾਰਤ ਮਿਸ਼ਨ

(i) ਰਾਜ ਪੱਧਰ 'ਤੇ ਸਥਿਤੀ

ਸਵੱਛ ਭਾਰਤ ਮਿਸ਼ਨ (ਐਸ ਬੀ ਐਮ), ਇੱਕ ਕੇਂਦਰੀ ਪ੍ਰਾਯੋਜਿਤ ਯੋਜਨਾ (ਸੀ ਐਸ ਐਸ) 2 ਅਕਤੂਬਰ 2014 ਨੂੰ ਸ਼ੁਰੂ ਕੀਤੀ ਗਈ ਸੀ। ਇਸ ਯੋਜਨਾ ਦਾ ਇੱਕ ਉਦੇਸ਼ ਮਿਉਂਸਪਲ ਠੋਸ ਰਹਿੰਦ-ਖੂੰਹਦ ਦਾ ਵਿਗਿਆਨਕ ਢੰਗ ਨਾਲ ਪ੍ਰਬੰਧਨ ਕਰਦਾ ਹੈ। ਭਾਰਤ ਸਰਕਾਰ ਅਤੇ ਜੀ ਓ ਪੀ ਦਰਮਿਆਨ ਫੰਡਾਂ ਦੀ ਵੰਡ ਦਾ ਪੈਟਰਨ 60:40 ਦੇ ਅਨੁਪਾਤ ਵਿੱਚ ਨਿਰਧਾਰਤ ਕੀਤਾ ਗਿਆ ਸੀ। ਸਾਲ 2017-22 ਦੌਰਾਨ ਯੂ ਐਲ ਬੀਜ਼ ਨੂੰ ਐਸ ਬੀ ਐਮ ਅਧੀਨ ਮਨਜ਼ੂਰ, ਪ੍ਰਾਪਤ ਅਤੇ ਜਾਰੀ ਕੀਤੇ ਫੰਡਾਂ ਦੀ ਸਥਿਤੀ **ਸਾਰਣੀ** 2.2 ਵਿੱਚ ਦਿੱਤੀ ਗਈ ਹੈ।

ਸਾਰਣੀ 2.2: 2017-22 ਦੌਰਾਨ ਐਸ ਬੀ ਐਮ ਅਧੀਨ ਫੰਡਿੰਗ ਸਥਿਤੀ ਦਾ ਵੇਰਵਾ

(₹ ਕਰੋੜ ਵਿੱਚ)

ਸਾਲ	ਮਨਜ਼ੂਰ ਕੀਤੀ ਰਾਸ਼ੀ		ਪੀ ਐਮ ਆਈ ਡੀ ਸੀ ਨੂੰ ਜਾਰੀ ਕੀਤੀ ਗਈ ਰਾਸ਼ੀ		ਕੁੱਲ ਫੰਡ ਉਪਲਬਧ	ਸਾਲ ਦੇ ਅੰਤ ਵਿੱਚ ਐਸ ਐਸ ਜਾਰੀ ਨਹੀਂ ਕੀਤਾ ਗਿਆ	ਪੀ ਐਮ ਆਈ ਡੀ ਸੀ ਦੁਆਰਾ ਯੂ ਐਲ ਬੀਜ਼ ਨੂੰ ਜਾਰੀ ਕੀਤੇ ਫੰਡ
	ਜੀ ਓ ਆਈ ਹਿੱਸਾ	ਰਾਜ ਹਿੱਸਾ (ਐਸ ਐਸ)	ਜੀ ਓ ਆਈ	ਰਾਜ			
2017-18	97.38	64.92	40.00	0.00	40.00	64.92	5.04
2018-19	0.00	0.00	0.00	20.83	20.83	44.09	46.05
2019-20	77.38	51.59	39.88	28.69	68.57	66.99	44.16
2020-21	0.00	0.00	94.88	0.00	94.88	66.99	22.66
2021-22	6.64	4.43	0.00	0.00	0.00	71.42	9.03
ਜੋੜ	**181.40**	**120.94**	**174.76**	**49.52**	**224.28**		**126.94**

ਸ੍ਰੋਤ: ਵਿਭਾਗੀ ਡਾਟਾ

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- ਸਾਲ 2017-22 ਦੌਰਾਨ ਇਸ ਸਕੀਮ ਅਧੀਨ ਪੀ ਐਮ ਆਈ ਡੀ ਸੀ ਕੋਲ ₹ 224.28 ਕਰੋੜ ਦੇ ਫੰਡ ਉਪਲਬਧ ਹੋਣ ਦੇ ਬਾਵਜੂਦ ਯੂ ਐਲ ਬੀਜ਼ ਨੂੰ ਸਿਰਫ਼ ₹ 126.94 ਕਰੋੜ (57 *ਪ੍ਰਤੀਸ਼ਤ*) ਜਾਰੀ ਕੀਤੇ ਗਏ ਕਿਉਂਕਿ ਐਸ ਬੀ ਐਮ ਮੰਗ ਅਧਾਰਤ ਸਕੀਮ ਸੀ ਅਤੇ ਯੂ ਐਲ ਬੀਜ਼ ਦੀ ਮੰਗ ਅਨੁਸਾਰ ਫੰਡ ਜਾਰੀ ਕੀਤੇ ਗਏ ਸਨ।

- ਭਾਰਤ ਸਰਕਾਰ ਨੇ ਐਸ ਡਬਲਯੂ ਐਮ ਕੰਪੋਨੈਂਟ ਅਧੀਨ 2017-22 ਦੌਰਾਨ ਜੀ ਓ ਪੀ ਨੂੰ ₹ 174.76 ਕਰੋੜ ਜਾਰੀ ਕੀਤੇ। ਜੀ ਓ ਪੀ ਨੂੰ ਫੰਡ ਪ੍ਰਾਪਤ ਹੋਣ ਦੀ ਮਿਤੀ ਤੋਂ ਨਿਰਧਾਰਤ 30 ਦਿਨਾਂ ਤੋਂ ਵੱਧ 64 ਤੋਂ 1406 ਦਿਨਾਂ ਦੀ ਦੇਰੀ ਤੋਂ ਬਾਅਦ ਵਿਭਾਗ ਨੂੰ ਇਹ ਫੰਡ ਜਾਰੀ ਕੀਤੇ।

ਸਰਕਾਰ ਨੇ ਕਿਹਾ (ਅਗਸਤ 2023) ਕਿ ਵਿੱਤ ਵਿਭਾਗ (ਐਫ ਡੀ) ਨੇ 2022-23 ਦੌਰਾਨ ₹ 71.42 ਲੱਖ ਦਾ ਬਕਾਇਆ ਰਾਜ ਹਿੱਸਾ ਜਾਰੀ ਕੀਤਾ। ਹਾਲਾਂਕਿ, ਐਫ ਡੀ ਨੇ ਲੇਖਾ ਪ੍ਰੀਖਿਆ ਲਈ ਸਮੇਂ ਸਿਰ ਬਕਾਇਆ ਹਿੱਸਾ ਜਾਰੀ ਨਾ ਕਰਨ ਦੇ ਕਾਰਨਾਂ ਬਾਰੇ ਕੋਈ ਜਵਾਬ ਨਹੀ ਦਿੱਤਾ।

(ii) ਚੁਣੇ ਹੋਏ ਯੂ ਐਲ ਬੀਜ਼ ਵਿੱਚ ਸਥਿਤੀ

ਭਾਰਤ ਸਰਕਾਰ ਦੀਆਂ ਹਦਾਇਤਾਂ (ਮਾਰਚ 2021) ਅਨੁਸਾਰ, ਹਰੇਕ ਰਾਜ ਸਰਕਾਰ ਨੂੰ ਸੀ ਐਸ ਐਸ ਨੂੰ ਲਾਗੂ ਕਰਨ ਲਈ ਇੱਕ ਨੋਡਲ ਏਜੰਸੀ ਨਿਯੁਕਤ ਕਰਨੀ ਸੀ ਅਤੇ ਏਜੰਸੀ ਰਾਜ ਪੱਧਰ ਤੇ ਹਰੇਕ ਸੀ ਐਸ ਐਸ ਲਈ ਇੱਕ ਨੋਡਲ ਖਾਤਾ (ਐਸ ਐਨ ਏ) ਖੋਲੇਗੀ ਤਾਂ ਜੋ ਸਾਰੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਇਸ ਵਿੱਚ ਖਰਚ ਨਾ ਕੀਤੀ ਗਈ ਬਕਾਇਆ ਰਾਸ਼ੀ ਰੱਖੀ ਜਾ ਸਕੇ। ਸਾਲ 2017-22 ਦੌਰਾਨ ਚੁਣੇ ਗਏ ਯੂ ਐਲ ਬੀਜ਼ ਨੂੰ ਮਨਜ਼ੂਰ, ਪ੍ਰਾਪਤ ਅਤੇ ਜਾਰੀ ਕੀਤੇ ਫੰਡਾਂ ਦੀ ਸਥਿਤੀ **ਸਾਰਣੀ** 2.3 ਵਿੱਚ ਦਿਤੀ ਗਈ ਹੈ।

ਸਾਰਣੀ 2.3: ਚੁਣੇ ਹੋਏ ਯੂ ਐਲ ਬੀਜ਼ ਦੁਆਰਾ ਪ੍ਰਾਪਤ ਕੀਤੇ ਫੰਡ ਅਤੇ ਖਰਚੇ

(₹ ਕਰੋੜ ਵਿੱਚ)

ਸਾਲ	ਓਪਨਿੰਗ ਬੈਲੇਂਸ	ਪ੍ਰਾਪਤ ਫੰਡ	ਫੰਡ ਉਪਲਬਧ	ਖਰਚਾ	ਅੰਤਿਮ ਬਕਾਇਆ
2017-18	10.66	5.04	15.70	10.45	5.25 (33)
2018-19	5.25	19.00	24.25	7.17	17.08 (70)
2019-20	17.08	9.17	26.25	4.82	21.43 (82)
2020-21	21.43	2.68	24.11	12.85	11.26 (47)
2021-22	11.26	2.02	13.28	6.32	6.96 (52)
	ਜੋੜ	**37.91**		**41.61**	

ਸ੍ਰੋਤ: ਯੂ ਐਲ ਬੀਜ਼ ਡਾਟਾ

ਨੋਟ: ਪੇਰੈਂਟੇਸਿਸ ਦੇ ਅੰਕੜੇ ਉਪਲਬਧ ਫੰਡਾਂ ਦੇ ਅੰਤਿਮ ਬਕਾਇਆ ਦੀ ਪ੍ਰਤੀਸ਼ਤਤਾ ਨੂੰ ਦਰਸਾਉਂਦੇ ਹਨ

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਚੁਣੇ ਹੋਏ ਯੂ ਐਲ ਬੀਜ਼ ਵਿੱਚ 2017-22 ਦੌਰਾਨ ਪੀ ਐਮ ਆਈ ਡੀ ਸੀ ਦੁਆਰਾ ਮਸ਼ੀਨਰੀ ਖਰੀਦਣ, ਬੁਨਿਆਦੀ ਢਾਂਚੇ ਦੀ ਸਿਰਜਣਾ (ਐਮ ਆਰ ਐਫ, ਖਾਦ ਟੋਏ, ਸੈਨੇਟਰੀ ਲੈਂਡਫਿਲ, ਚਾਰਦੀਵਾਰੀ, ਪੌਦੇ ਲਗਾਉਣੇ ਆਦਿ) ਲਈ ਜਾਰੀ ਕੀਤੇ ਗਏ ₹ 48.57 ਕਰੋੜ ਦੀ ਰਾਸ਼ੀ ਉਪਲਬਧ ਸੀ। ਇਸ ਵਿੱਚੋ ਯੂ ਐਲ ਬੀਜ਼ ਨੇ ₹ 41.61 ਕਰੋੜ (ਮਾਰਚ 2022) ***(ਅੰਤਿਕਾ 2.4)*** ਖਰਚ ਕੀਤੇ ਸਨ ਅਤੇ ਬਾਕੀ ਅਣਵਰਤੇ ਫੰਡ ਯੂ ਐਲ ਬੀਜ਼/ਐਸ ਐਨ ਏ ਕੋਲ ਰੱਖੇ ਗਏ ਸਨ। ਸਿਰਫ਼ ਤਿੰਨ[47] ਯੂ ਐਲ ਬੀਜ਼ ਨੇ ₹ 22.71 ਕਰੋੜ ਦੇ ਪੂਰੇ ਉਪਲਬਧ ਫੰਡਾਂ ਨੂੰ ਖਰਚ ਕੀਤਾ। ਉਪਲਬਧ ਫੰਡਾਂ ਦੀ ਘੱਟ ਵਰਤੋਂ 33 ਤੋਂ 82 *ਪ੍ਰਤੀਸ਼ਤ* ਦੇ ਵਿਚਕਾਰ ਸੀ, ਜਿਸ ਕਾਰਨ ਬੁਨਿਆਦੀ ਢਾਂਚੇ ਦੇ ਨਿਰਮਾਣ ਵਿੱਚ ਕਮੀ (ਜਿਵੇਂ ਕਿ ਐਮ ਆਰ ਐਫ, ਖਾਦ ਟੋਏ) ਅਤੇ ਮਸ਼ੀਨਰੀ ਦੀ ਖਰੀਦ ਨਾ ਹੋਣ ਨੂੰ ***ਪੈਰ੍ਹਾ 2.4.3.3, 2.4.5.2 ਅਤੇ 2.5.6*** ਵਿੱਚ ਚਰਚਾ ਕੀਤੀ ਗਈ ਸੀ।

[47] (i) ਅੰਮ੍ਰਿਤਸਰ; (ii) ਮਹਿਰਾਜ; ਅਤੇ (iii) ਐਸ ਬੀ ਐਸ ਨਗਰ।

ਯੂ ਐਲ ਬੀਜ਼ ਨੇ ਕਿਹਾ (ਅਕਤੂਬਰ 2024) ਕਿ ਐਸ ਬੀ ਐਮ ਅਧੀਨ ਫੰਡਾਂ ਦੀ ਵਰਤੋਂ ਹੈਂਡਕੁਆਰਟਰ ਪੱਧਰ ਤੇ ਰੱਖੇ ਗਏ ਐਸ ਐਨ ਏ ਖਾਤੇ ਰਾਹੀਂ ਕੀਤੀ ਜਾ ਰਹੀ ਹੈ। ਜਵਾਬ ਸਵੀਕਾਰਯੋਗ ਨਹੀਂ ਸਨ ਕਿਉਂਕਿ ਐਸ ਐਨ ਏ ਖਾਤੇ ਦੇ ਸੰਚਾਲਨ ਦੇ ਬਾਵਜੂਦ, ਐਸ ਡਬਲਯੂ ਐਮ ਗਤੀਵਿਧੀਆਂ ਲਈ ਉਪਲਬਧ ਕਾਫੀ ਫੰਡਾਂ ਦੀ ਵਰਤੋਂ ਨਹੀਂ ਕੀਤੀ ਗਈ, ਜਿਸ ਨਾਲ ਬੁਨਿਆਦੀ ਢਾਂਚੇ ਅਤੇ ਮਸ਼ੀਨਰੀ ਦੀ ਖਰੀਦ ਵਿੱਚ ਕਮੀ ਆਈ।

2.4.1.2 ਚੌਦਵਾਂ ਵਿੱਤ ਕਮਿਸ਼ਨ

14ਵੇਂ ਐਫ ਸੀ ਅਧੀਨ ਪ੍ਰਦਾਨ ਕੀਤੀਆਂ ਗਈਆਂ ਗ੍ਰਾਂਟਾਂ ਦੀ ਵਰਤੋਂ ਬੁਨਿਆਦੀ ਨਾਗਰਿਕ ਸੇਵਾਵਾਂ ਜਿਵੇਂ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਸਮੇਤ ਸੈਪਟਿਕ ਪ੍ਰਬੰਧਨ, ਸੀਵਰੇਜ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਆਦਿ ਅਤੇ ਸਬੰਧਤ ਕਾਨੂੰਨਾਂ ਅਧੀਨ ਯੂ ਐਲ ਬੀ ਨੂੰ ਸੌਂਪੇ ਗਏ ਕਾਰਜਾਂ ਦੇ ਅੰਦਰ ਕਿਸੇ ਹੋਰ ਬੁਨਿਆਦੀ ਸੇਵਾਵਾਂ ਦੀ ਅਦਾਇਗੀ ਨੂੰ ਸਮਰਥਨ ਅਤੇ ਮਜ਼ਬੂਤ ਕਰਨ ਲਈ ਕੀਤੀ ਜਾਣੀ ਹੈ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ 74ਵੇਂ ਸੰਵਿਧਾਨ ਸੋਧ ਐਕਟ 1992 ਦੀ ਅਨੁਸੂਚੀ-XII ਵਿੱਚ ਦਿੱਤੀਆਂ ਮੁੱਢਲੀਆਂ ਨਾਗਰਿਕ ਸੇਵਾਵਾਂ ਲਈ ਸਾਲ 2017-22 ਦੌਰਾਨ ਯੂ ਐਲ ਬੀਜ਼ ਨੂੰ ₹ 1706.85 ਕਰੋੜ ਜਾਰੀ ਕੀਤੇ ਗਏ ਸਨ, ਜਿਸ ਵਿੱਚੋ ₹ 115.25 ਕਰੋੜ ਰਾਜ ਵਿੱਚ ਐਸ ਡਬਲਯੂ ਐਮ ਸੇਵਾਵਾਂ ਤੇ ਖਰਚ ਕੀਤੇ ਗਏ ਸਨ। ਇਸ ਤੋਂ ਇਲਾਵਾ, ਉਪਲਬਧ ਕੁੱਲ ਰਾਸ਼ੀ ਵਿੱਚ, ਚੁਣੇ ਗਏ 20 ਯੂ ਐਲ ਬੀਜ਼ ਨੂੰ ₹ 645.31 ਕਰੋੜ ਜਾਰੀ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਸਿਰਫ਼ ਛੇ ਯੂ ਐਲ ਬੀਜ਼ ਨੇ ਐਸ ਡਬਲਯੂ ਐਮ ਸੇਵਾਵਾ ਤੇ ₹ 21.95 ਕਰੋੜ ਦੀ ਵਰਤੋਂ ਕੀਤੀ ਅਤੇ ਬਾਕੀ 14 ਯੂ ਐਲ ਬੀਜ਼ ਨੇ ਐਸ ਡਬਲਯੂ ਐਮ ਸੇਵਾਵਾਂ ਤੇ ਕੋਈ ਖਰਚ ਨਹੀਂ ਕੀਤਾ ***(ਅੰਤਿਕਾ 2.4)***।

ਦਸ ਯੂ ਐਲ ਬੀਜ਼[48] ਨੇ ਕਿਹਾ (ਅਕਤੂਬਰ 2024) ਕਿ 14ਵੇਂ ਐਫ ਸੀ ਅਧੀਨ ਪ੍ਰਾਪਤ ਫੰਡ ਵਿਸ਼ੇਸ਼ ਤੌਰ ਤੇ ਐਸ ਡਬਲਯੂ ਐਮ ਲਈ ਨਿਰਧਾਰਤ ਨਹੀਂ ਕੀਤੇ ਗਏ ਸਨ। ਯੂ ਐਲ ਬੀ ਕੀਰਤਪੁਰ ਸਾਹਿਬ ਨੂੰ 14ਵੇਂ ਐਫ ਸੀ ਅਧੀਨ ਫੰਡ ਮੁਹੱਈਆਂ ਨਹੀਂ ਕਰਵਾਏ ਗਏ। ਨੌਂ ਯੂ ਐਲ ਬੀ ਨੇ ਜਵਾਬ ਨਹੀਂ ਦਿੱਤਾ।

2.4.1.3 ਪੰਦਰਵਾਂ ਵਿੱਤ ਕਮਿਸ਼ਨ

15ਵੇਂ ਵਿੱਤ ਕਮਿਸ਼ਨ ਨੇ ਸ਼ਿਫਾਰਸ ਕੀਤੀ ਸੀ (ਜੁਲਾਈ 2021) ਕਿ ਹਵਾ ਦੀ ਗੁਣਵੱਤਾ ਅਤੇ ਸ਼ਹਿਰੀ ਪੀਣ ਵਾਲੇ ਪਾਣੀ ਦੀ ਸਪਲਾਈ ਸੈਨੀਟੇਸ਼ਨ ਅਤੇ ਐਸ ਡਬਲਯੂ ਐਮ ਪ੍ਰੋਗਰਾਮ ਵਿੱਚ ਸੁਧਾਰ ਲਈ ਯੂ ਐਲ ਬੀ ਦੇ ਅੱਗੇ ਟ੍ਰਾਂਸਫਰ ਕਰਨ ਲਈ ਰਾਜ ਸਰਕਾਰਾਂ ਨੂੰ ਗ੍ਰਾਂਟਾਂ (ਟਾਈਡ ਅਤੇ ਅਨ-ਟਾਈਡ) ਜਾਰੀ ਕੀਤੀਆਂ ਜਾਣ। 2020-22 ਦੌਰਾਨ, ਐਸ ਡਬਲਯੂ ਐਮ ਲਈ ਯੂ ਐਲ ਬੀ ਨੂੰ ਪ੍ਰਾਪਤ ਅਤੇ ਜਾਰੀ ਕੀਤੇ ਗਏ ਫੰਡਾਂ ਦਾ ਵੇਰਵਾ (ਭਾਵ ਟਾਈਡ ਗ੍ਰਾਂਟਾਂ ਦਾ 50 *ਪ੍ਰਤੀਸ਼ਤ*) **ਸਾਰਣੀ** 2.4 ਵਿੱਚ ਦਿੱਤਾ ਗਿਆ ਹੈ।

[48] (i) ਅੰਮ੍ਰਿਤਸਰ; (ii) ਬਠਿੰਡਾ; (iii) ਦੋਰਾਹਾ; (iv) ਫਿਰੋਜ਼ਪੁਰ; (v) ਲੁਧਿਆਣਾ; (vi) ਮਾਨਸਾ; (vii) ਰਾਜਪੁਰਾ; (viii) ਰੂਪਨਗਰ; (ix) ਐਸ ਬੀ ਐਸ ਨਗਰ; ਅਤੇ (x) ਸਰਹਿੰਦ।

ਸਾਰਣੀ 2.4: 15ਵੇਂ ਐਫ ਸੀ ਅਧੀਨ ਪ੍ਰਾਪਤ ਫੰਡ ਅਤੇ ਖਰਚੇ

(₹ ਕਰੋੜ ਵਿੱਚ)

ਸਾਲ	ਓ ਬੀ	ਫੰਡ ਪ੍ਰਾਪਤ ਹੋਏ	ਕੁੱਲ ਉਪਲਬਧ ਫੰਡ	ਯੂ ਐਲ ਬੀਜ਼ ਨੂੰ ਜਾਰੀ ਕੀਤੇ ਗਏ ਫੰਡ	ਸੀ ਬੀ
2020-21	0	168.39	168.39	168.39	0
2021-22	0	156.00	156.00	55.50	100.50[49]
ਜੋੜ		**324.39**	**324.39**	**223.89**	

ਸ੍ਰੋਤ: ਵਿਭਾਗੀ ਡਾਟਾ

ਭਾਰਤ ਸਰਕਾਰ ਵੱਲੋਂ ਸਾਲ 2020-22 ਦੌਰਾਨ ₹ 324.39 ਕਰੋੜ ਜਾਰੀ ਕੀਤੇ ਗਏ ਸਨ, ਜਿਸ ਵਿਚੋਂ ₹ 223.89 ਕਰੋੜ ਜੀ ਓ ਪੀ ਵੱਲੋਂ 31 ਮਾਰਚ 2022 ਨੂੰ ਯੂ ਐਲ ਬੀਜ਼ ਨੂੰ ਟਰਾਂਸਫਰ ਕੀਤੇ ਗਏ ਸਨ। ਯੂ ਐਲ ਬੀਜ਼ ਨੂੰ ਜਾਰੀ ਕੀਤੇ ਫੰਡਾਂ ਵਿੱਚੋਂ ₹ 122.88 ਕਰੋੜ ਚੁਣੇ ਹੋਏ ਯੂ ਐਲ ਬੀਜ਼ ਨੂੰ ਵੰਡੇ ਗਏ ਸਨ, ਜਿਨ੍ਹਾਂ ਵਿੱਚੋਂ ਸਿਰਫ਼ ₹ 58.79 ਕਰੋੜ (48 *ਪ੍ਰਤੀਸ਼ਤ*) ***(ਅੰਤਿਕਾ 2.4)*** ਯੂ ਐਲ ਬੀਜ਼ ਦੁਆਰਾ ਖਰਚ ਕੀਤੇ ਗਏ ਸਨ। ਇਸ ਲਈ ਯੂ ਐਲ ਬੀਜ਼ ₹ 64.09 ਕਰੋੜ ਦੀ ਵਰਤੋਂ ਨਹੀਂ ਕਰ ਸਕੇ।

ਸੋਲਾਂ ਯੂ ਐਲ ਬੀਜ਼[50] ਨੇ ਕਿਹਾ ਕਿ ਜਦੋਂ ਵੀ ਲੋੜ ਪਵੇਗੀ ਐਸ ਡਬਲਯੂ ਐਮ ਕੰਪੋਨੈਂਟ ਫੰਡਾਂ ਦੀ ਵਰਤੋਂ ਕਰਨ ਲਈ ਯਤਨ ਕੀਤੇ ਜਾਣਗੇ। ਦੋ ਯੂ ਐਲ ਬੀਜ਼[51] ਨੇ ਕਿਹਾ ਕਿ 15ਵੇਂ ਐਫ ਸੀ ਅਧੀਨ ਪ੍ਰਾਪਤ ਹੋਏ ਲਗਭਗ ਸਾਰੇ ਫੰਡਾਂ ਦੀ ਵਰਤੋਂ ਕੀਤੀ ਗਈ ਸੀ। ਦੋ ਯੂ ਐਲ ਬੀਜ਼[52] ਨੇ ਪ੍ਰਾਪਤ ਕੀਤੇ ਸਾਰੇ ਫੰਡਾਂ ਦੀ ਵਰਤੋਂ ਕੀਤੀ।

2.4.1.3 (i) ਵਿਆਜ ਦਾ ਟਾਲਣਯੋਗ ਬੋਝ

ਯੂ ਐਲ ਬੀਜ਼ ਨੂੰ 15ਵੇਂ ਕਮਿਸ਼ਨ ਅਧੀਨ ਜਾਰੀ ਕੀਤੀਆਂ ਗਈਆਂ ਗ੍ਰਾਂਟਾਂ ਨਾਲ ਜੁੜੇ ਦਿਸ਼ਾ-ਨਿਰਦੇਸ਼ਾਂ ਵਿੱਚ ਉਨ੍ਹਾਂ ਨੂੰ ਬਿਨਾਂ ਕਿਸੇ ਕਟੌਤੀ ਦੇ ਪ੍ਰਾਪਤੀ ਦੇ ਦਸ ਕਾਰਜਕਾਰੀ ਦਿਨਾਂ ਦੇ ਅੰਦਰ ਅੱਗੇ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਰਾਜ ਸਰਕਾਰ ਨੂੰ ਦਸ ਕੰਮਕਾਜੀ ਦਿਨਾਂ ਤੋਂ ਵੱਧ ਦੇਰੀ ਹੋਣ ਦੀ ਸੂਰਤ ਵਿੱਚ ਵਿਆਜ[53] ਸਮੇਤ ਫੰਡ ਜਾਰੀ ਕਰਨ ਦੀ ਲੋੜ ਸੀ।

ਭਾਰਤ ਸਰਕਾਰ ਨੇ 2020-22 ਦੌਰਾਨ ਵੱਖ-ਵੱਖ ਕੰਪੋਨੈਂਟ ਅਧੀਨ ₹ 257.00 ਕਰੋੜ ਜਾਰੀ ਕੀਤੇ ਪਰ ਐਫ ਡੀ ਨੇ 12 ਤੋਂ 83 ਦਿਨਾਂ ਦੀ ਦੇਰੀ ਤੋ ਬਾਅਦ ਯੂ ਐਲ ਬੀ ਨੂੰ ਅੱਗੇ ਟ੍ਰਾਂਸਫਰ ਕਰਨ ਲਈ ਐਲ ਜੀ ਡੀ ਨੇ ਗ੍ਰਾਂਟਾਂ ਜਾਰੀ ਕਰ ਦਿੱਤੀਆਂ, ਜਿਸ ਦੇ ਨਤੀਜੇ ਵਜੋਂ ਸਰਕਾਰ ਨੇ ਦੇਰੀ ਦੀ ਮਿਆਦ ਲਈ ਯੂ ਐਲ ਬੀਜ਼ ਨੂੰ ₹ 2.97 ਕਰੋੜ ਦੇ ਵਿਆਜ ਦਾ ਵਾਧੂ ਭੁਗਤਾਨ ਕੀਤਾ ਜਿਵੇਂ ਕਿ **ਸਾਰਣੀ 2.5** ਵਿੱਚ ਵੇਰਵਾ ਦਿੱਤਾ ਗਿਆ ਹੈ।

---

49 ਇਹ ਰਾਸ਼ੀ ਭਾਰਤ ਸਰਕਾਰ ਤੋਂ 31 ਮਾਰਚ 2022 ਨੂੰ ਪ੍ਰਾਪਤ ਹੋਈ ਸੀ ਅਤੇ 2022-23 ਦੌਰਾਨ ਯੂ ਐਲ ਬੀਜ਼ ਨੂੰ ਜਾਰੀ ਕੀਤੀ ਗਈ ਸੀ।

50 (i) ਆਦਮਪੁਰ; (ii) ਬਠਿੰਡਾ; (iii) ਬਿਲਗਾ; (iv) ਦੋਰਾਹਾ; (v) ਫਿਰੋਜ਼ਪੁਰ; (vi) ਕਰਤਾਰਪੁਰ; (vii) ਕੀਰਤਪੁਰ; (viii) ਲੁਧਿਆਣਾ; (ix) ਮੱਖੂ; (x) ਮਾਨਸਾ; (xi) ਮਹਿਰਾਜ; (xii) ਮੋਗਾ; (xiii) ਕਾਦੀਆਂ (xiv) ਰਾਜਪੁਰਾ; (xv) ਐਸ ਬੀ ਐਸ ਨਗਰ; ਅਤੇ (xvi) ਸਰਹਿੰਦ।

51 (i) ਅੰਮ੍ਰਿਤਸਰ; ਅਤੇ (ii) ਰੂਪਨਗਰ।

52 (i) ਖਮਾਣੋਂ; ਅਤੇ (ii) ਐਸ ਏ ਐਸ ਨਗਰ।

53 ਪਿਛਲੇ ਸਾਲ ਲਈ ਬਾਜ਼ਾਰ ਉਧਾਰਾਂ/ਰਾਜ ਵਿਕਾਸ ਕਰਜ਼ਿਆਂ 'ਤੇ ਵਿਆਜ ਦਰ।

ਸਾਰਣੀ 2.5: ਫੰਡ ਜਾਰੀ ਕਰਨ ਵਿੱਚ ਦੇਰੀ ਕਾਰਨ ਵਿਆਜ ਦਾ ਟਾਲਣਯੋਗ ਬੋਝ

(₹ ਕਰੋੜ ਵਿੱਚ)

ਕੰਪੋਨੈਂਟ ਦਾ ਨਾਂਅ	ਸਾਲ	ਫੰਡ ਜਾਰੀ ਕੀਤੇ ਗਏ	ਭਾਰਤ ਸਰਕਾਰ ਵੱਲੋਂ ਜਾਰੀ ਕਰਨ ਦੀ ਮਿਤੀ	ਜੀ ਓ ਪੀ ਦੁਆਰਾ ਜਾਰੀ ਕਰਨ ਦੀ ਮਿਤੀ	ਦਿਨਾਂ ਵਿੱਚ ਦੇਰੀ	ਭੁਗਤਾਨ ਕੀਤਾ ਵਿਆਜ
ਪੀਣ ਵਾਲਾ ਪਾਣੀ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ (ਐਨ ਐਮ ਪੀ ਸੀ)	2020-21	122.00	05 ਨਵੰਬਰ 2020	10 ਫਰਵਰੀ 2021	83	2.03
ਪੀ ਵਾਲੇ ਪਾਣੀ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਮਾਪ (ਐਮ ਪੀ ਸੀ)	2020-21	45.00	05 ਨਵੰਬਰ 2020	10 ਫਰਵਰੀ 2021	83	0.75
ਐਸ ਡਬਲਯੂ ਐਮ ਅਤੇ ਸੈਨੀਟੇਸ਼ਨ (ਐਮ ਪੀ ਸੀ) ਲਈ 2021-22 ਦੀ ਪਹਿਲੀ ਕਿਸ਼ਤ	2021-22	90.00	31 ਮਾਰਚ 2022	02 ਮਈ 2022	12	0.19
ਜੋੜ		**257.00**				**2.97**[54]


ਸ੍ਰੋਤ: ਵਿਭਾਗੀ ਡਾਟਾ

ਲੇਖਾ ਪ੍ਰੀਖਿਆ ਨੇ ਐਫ ਡੀ (ਮਾਰਚ, ਅਗਸਤ 2023, ਫਰਵਰੀ ਅਤੇ ਸਤੰਬਰ 2024) ਨੂੰ ਫੰਡ ਜਾਰੀ ਕਰਨ ਵਿੱਚ ਦੇਰੀ ਦੇ ਕਾਰਨ ਦੱਸਣ ਦੀ ਬੇਨਤੀ ਕੀਤੀ। ਉਨ੍ਹਾਂ ਦੇ ਜਵਾਬ (ਨਵੰਬਰ 2024) ਦੀ ਉਡੀਕ ਕੀਤੀ ਜਾ ਰਹੀ ਸੀ।

2.4.1.4 ਆਪਣੇ ਸਰੋਤ

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਰਾਜ ਦੇ ਯੂ ਐਲ ਬੀਜ਼ ਨੇ ਐਸ ਡਬਲਯੂ ਐਮ ਲਈ 2017-22 ਦੌਰਾਨ ₹ 660.50 ਕਰੋੜ ਦਾ ਬਜਟ ਪ੍ਰਬੰਧ ਕੀਤਾ, ਜਿਸ ਦੇ ਮੁਕਾਬਲੇ ₹ 341.49 ਕਰੋੜ ਖਰਚ ਕੀਤੇ ਗਏ। ਸਾਲ 2017-22 ਦੀ ਮਿਆਦ ਦੌਰਾਨ ਚੁਣੇ ਗਏ ਯੂ ਐਲ ਬੀਜ਼ ਜਿਵੇਂ ਕਿ ਰਾਜ ਦੀਆਂ ਸਾਰੀਆਂ ਯੂ ਐਲ ਬੀਜ਼ ਵਿੱਚ ਬਜਟ ਉਪਬੰਧ ਅਤੇ ਖਰਚੇ ਦੇ ਵੇਰਵੇ ਹੇਠਾਂ ਦਿੱਤੇ **ਚਾਰਟ** 2.5 ਵਿੱਚ ਦਿੱਤੇ ਗਏ ਹਨ:

ਚਾਰਟ 2.5: ਬਜਟ ਉਪਬੰਧ ਅਤੇ ਆਪਣੇ ਸਰੋਤਾਂ ਤੋਂ ਖਰਚੇ ਦੇ ਵੇਰਵੇ



ਸ੍ਰੋਤ: ਵਿਭਾਗੀ ਅਤੇ ਯੂ ਐਲ ਬੀ ਡਾਟਾ

[54] ਵਿਆਜ ਦੀ ਗਣਨਾ 31.03.2022 ਤੱਕ ਜਾਰੀ ਕੀਤੇ ਗਏ ਅਤੇ 2022-23 ਦੌਰਾਨ ਜਾਰੀ ਕੀਤੇ ਫੰਡਾਂ 'ਤੇ ਕੀਤੀ ਗਈ।

2.4.1.4 (i) ਅਨਿਯਮਿਤ ਖਰਚ

ਮਿਉਂਸਪਲ ਕੌਂਸਲ, ਰਾਜਪੁਰਾ ਨੇ ਘਰ-ਘਰ ਜਾ ਕੇ ਰਹਿੰਦ-ਖੂੰਹਦ ਚੁੱਕਣ ਅਤੇ ਐਮ ਐਸ ਡਬਲਯੂ ਨੂੰ ਵੱਖ ਕਰਨ ਲਈ ਚੁੱਕਣ ਵਾਲਿਆਂ ਦੀ ਐਸੋਸੀਏਸ਼ਨ (ਡਬਲਯੂ ਪੀ ਏ) ਨਾਲ ਸਮਝੌਤਾ (ਸਤੰਬਰ 2018) ਕੀਤਾ। ਸਮਝੌਤੇ ਦੀ ਧਾਰਾ 12 ਦੇ ਅਨੁਸਾਰ, ਰਹਿੰਦ-ਖੂੰਹਦ ਲਿਜਾਣ ਲਈ ਵਰਤੇ ਜਾਣੇ ਵਾਲੇ ਰਿਕਸ਼ਾ/ਕਾਰਟਜ਼ ਆਦਿ ਡਬਲਯੂ ਪੀ ਏ ਦੇ ਹੋਣਗੇ।

ਹਾਲਾਂਕਿ, ਐਮ ਸੀ, ਰਾਜਪੁਰਾ ਨੇ ਸਮਝੌਤੇ ਦੀਆਂ ਧਾਰਾਵਾਂ ਦੇ ਉਲਟ ਡਬਲਯੂ ਪੀ ਏ ਨੇ 120 ਟ੍ਰਾਈਸਾਈਕਲ/ਕਾਰਟਜ਼ ਮੁਹੱਈਆਂ ਕਰਵਾਉਣ ਲਈ (ਦਸੰਬਰ 2018) ₹ 29.46 ਲੱਖ ਖਰਚ ਕੀਤੇ। ਇਹ ਖਰਚਾ ਅਨਿਯਮਿਤ ਸੀ।

ਐਮ ਸੀ, ਰਾਜਪੁਰਾ ਨੇ ਕਿਹਾ (ਅਕਤੂਬਰ 2024) ਕਿ ਡਬਲਯੂ ਪੀ ਏ ਨਾਲ ਸਮਝੌਤੇ ਨੂੰ ਸੋਧਿਆ ਜਾਵੇਗਾ। ਹਾਲਾਂਕਿ, ਜਵਾਬ ਵਿੱਚ ₹ 29.46 ਲੱਖ ਦੇ ਖਰਚੇ ਦੇ ਪਿਛੇ ਦੇ ਤਰਕ ਦੀ ਪੁਸ਼ਟੀ ਨਹੀਂ ਕੀਤੀ ਗਈ।

2.4.1.5 ਵਾਤਾਵਰਣ ਮੁਆਵਜੇ ਦੇ ਭੁਗਤਾਨ ਵਿੱਚ ਦੇਰੀ

ਐਸ ਡਬਲਯੂ ਐਮ ਨਿਯਮ, 2016 ਦੇ ਨਿਯਮ 22 ਵਿੱਚ ਸਥਾਨਕ ਸੰਸਥਾਵਾਂ ਦੁਆਰਾ ਸਿੱਧੇ ਤੌਰ ਤੇ ਜਾਂ ਸ਼ਾਮਲ ਏਜੰਸੀਆਂ ਦੁਆਰਾ ਐਸ ਡਬਲਯੂ ਐਮ ਨਿਯਮਾਂ ਦੇ ਪ੍ਰਬੰਧਾਂ ਨੂੰ ਲਾਗੂ ਕਰਨ ਲਈ ਲੋੜੀਂਦੇ ਬੁਨਿਆਦੀ ਢਾਂਚੇ ਦੇ ਨਿਰਮਾਣਲਈ ਸਮਾਂ-ਸੀਮਾ ਨਿਰਧਾਰਤ ਕੀਤੀ ਗਈ ਹੈ, ਜਿਸ ਵਿੱਚ ਅਸਫਲ ਰਹਿਣ ਤੇ ਯੂ ਐਲ ਬੀਜ਼ ਨੂੰ ਐਨ ਜੀ ਟੀ (ਜਨਵਰੀ 2020) ਦੇ ਆਦੇਸ਼ ਅਨੁਸਾਰ ਵਾਤਾਵਰਣ ਮੁਆਵਜ਼ਾ (ਈ ਸੀ)[55] ਦਾ ਭੁਗਤਾਨ ਕਰਨਾ ਪਵੇਗਾ।

ਐਨ ਜੀ ਟੀ ਨੇ ਅੱਗੇ (ਦਸੰਬਰ 2018)[56] ਆਦੇਸ਼ ਦਿੱਤਾ ਕਿ ਈ ਸੀ ਦੇ ਭੁਗਤਾਨ ਵਿੱਚ ਦੇਰੀ ਦੀ ਸੂਰਤ ਵਿੱਚ, 12 *ਪ੍ਰਤੀਸ਼ਤ* ਦੀ ਦਰ ਨਾਲ ਵਿਆਜ ਵੀ ਭੁਗਤਾਨਯੋਗ ਹੋਵੇਗਾ। ਸੀ ਪੀ ਸੀ ਬੀ ਨੇ ਬਕਾਇਆ ਈ ਸੀਜ਼ ਲਈ 12 *ਪ੍ਰਤੀਸ਼ਤ* ਦੀ ਦਰ ਨਾਲ ਵਿਆਜ ਵਸੂਲਣ ਦਾ ਵੀ ਫੈਸਲਾ ਕੀਤਾ।

ਐਨ ਜੀ ਟੀ ਨੇ ਦੇਖਿਆ ਕਿ (ਜਨਵਰੀ 2020) ਕਿ ਜ਼ਿਆਦਾਤਰ ਸਮਾਂ-ਸੀਮਾ ਖਤਮ ਹੋ ਚੁੱਕੀ ਹੈ ਅਤੇ ਮਾਨਯੋਗ ਸੁਪਰੀਮ ਕੋਰਟ ਅਤੇ ਐਨ ਜੀ ਟੀ ਦੇ ਨਿਰਦੇਸ਼ਾਂ ਨੂੰ ਲਾਗੂ ਨਹੀਂ ਕੀਤਾ ਗਿਆ ਹੈ। ਹਾਲਾਂਕਿ, ਐਨ ਜੀ ਟੀ ਨੇ ਕੋਵਿਡ-19 ਮਹਾਂਮਾਰੀ ਕਾਰਨ ਪੈਦਾ ਹੋਈ ਇੱਕ ਵਾਰ ਦੀ ਛੋਟ ਵਜੋਂ ਅਪ੍ਰੈਲ 2020 ਤੋਂ ਜੁਲਾਈ 2020 ਤੱਕ ਈ ਸੀ ਦੀ ਵਸੂਲੀ ਦੇ ਸਮੇਂ ਵਿੱਚ ਤਿੰਨ ਮਹੀਨਿਆਂ ਦਾ ਵਾਧਾ ਦੇਣ ਦਾ ਫੈਸਲਾ ਕੀਤਾ ਹੈ। ਐਨ ਜੀ ਟੀ ਦੇ ਨਿਰਦੇਸ਼ਾਂ 'ਤੇ ਪੀ ਪੀ ਸੀ ਬੀ ਨੇ ਐਸ ਡਬਲਯੂ ਐਮ ਨਿਯਮਾਂ ਦੀਆਂ ਧਾਰਾਵਾਂ ਨੂੰ ਲਾਗੂ ਕਰਨ ਲਈ ਸਮਾਂ-ਸੀਮਾ ਦੀ ਪਾਲਣਾ ਨਾ

---

[55] 10 ਲੱਖ ਤੋਂ ਵੱਧ ਦੀ ਆਬਾਦੀ ਲਈ ਪ੍ਰਤੀ ਸਥਾਨਕ ਸੰਸਥਾ ਲਈ ₹ 10 ਲੱਖ ਪ੍ਰਤੀ ਮਹੀਨਾ, ਪੰਜ ਲੱਖ ਤੋਂ 10 ਲੱਖ ਦੀ ਆਬਾਦੀ ਲਈ ਪ੍ਰਤੀ ਸਥਾਨਕ ਸੰਸਥਾ ਪ੍ਰਤੀ ਮਹੀਨਾ ₹ ਪੰਜ ਲੱਖ ਅਤੇ ਪ੍ਰਤੀ ਮਹੀਨਾ ਅਤੇ ₹ ਇੱਕ ਲੱਖ ਪ੍ਰਤੀ ਮਹੀਨਾ ਦੀ ਦਰ ਨਾਂਲ 01.04.2020 ਤੋਂ ਪਾਲਣਾ ਤੱਕ ਹੋਰ ਸਥਾਨਕ ਸੰਸਥਾਵਾਂ।

[56] ਐਨ ਜੀ ਟੀ ਦੇ ਓ ਏ ਨੰਬਰ 125/2017

ਕਰਨ ਲਈ ਰਾਜ ਦੇ 163[57] ਯੂ ਐਲ ਬੀਜ਼ ਤੇ ₹ 67.10 ਕਰੋੜ[58] ਦਾ ਈ ਸੀ ਜੁਰਮਾਨਾ ਲਗਾਇਆ ਹੈ। ਐਲ ਜੀ ਡੀ ਨੇ ਲਗਾਏ ਗਏ ਈ ਸੀ ਦੇ ਵਿਰੁੱਧ ਪੀ ਪੀ ਸੀ ਬੀ (ਜੁਲਾਈ 2023) ਕੋਲ ₹ 20.67 ਕਰੋੜ ਜਮ੍ਹਾਂ ਕਰਵਾਏ। ਕੁੱਲ ਈ ਸੀ ਵਿੱਚ ₹ 14.54 ਕਰੋੜ 20 ਚੁਣੇ ਹੋਏ ਯੂ ਐਲ ਬੀਜ਼ ਨਾਲ ਸਬੰਧਤ ਸਨ, ਜਿਨ੍ਹਾਂ ਨੇ ਪੀ ਪੀ ਸੀ ਬੀ ਕੋਲ ਜਮ੍ਹਾਂ ਰਾਸ਼ੀ (ਜੁਲਾਈ 2023) ਲਈ ₹ 3.77 ਕਰੋੜ ਦਾ ਯੋਗਦਾਨ ਪਾਇਆ। ਦੇਰੀ ਨਾਲ ਭੁਗਤਾਨ ਵਿੱਚ ਸੀ ਪੀ ਸੀ ਬੀ ਦੇ ਸਥਾਈ ਆਦੇਸ਼ਾਂ ਅਨੁਸਾਰ ਵਿਆਜ ਦਾ ਭੁਗਤਾਨ ਸ਼ਾਮਲ ਹੋ ਸਕਦਾ ਹੈ।

ਯੂ ਐਲ ਬੀਜ਼[59] ਨੇ ਕਿਹਾ (ਅਕਤੂਬਰ 2024) ਕਿ ਜੁਰਮਾਨੇ ਤੋਂ ਬਚਣ ਲਈ ਨਿਯਮਾਂ ਅਨੁਸਾਰ ਠੋਸ ਰਹਿੰਦ-ਖੂੰਹਦ ਦਾ ਪ੍ਰਬੰਧਨ ਕਰਨ ਦੇ ਯਤਨ ਕੀਤੇ ਜਾ ਰਹੇ ਸਨ। ਜਵਾਬ ਵਿੱਚ ਵਾਤਾਵਰਣ ਮੁਆਵਜ਼ੇ ਦੇ ਦੇਰੀ ਨਾਲ ਭੁਗਤਾਨ ਦੇ ਮੁੱਦੇ ਨੂੰ ਹੱਲ ਨਹੀਂ ਕੀਤਾ ਗਿਆ।

2.4.1.6 ਗੈਪ-ਫੰਡਿੰਗ ਦਾ ਅਨਿਯਮਿਤ ਭੁਗਤਾਨ

ਐਸ ਡਬਲਯੂ ਐਮ ਨਿਯਮ, 2016 ਨੇ ਸਥਾਨਕ ਅਥਾਰਟੀਆਂ ਨੂੰ ਰਹਿੰਦ-ਖੂੰਹਦ ਜਨਰੇਟਰਾਂ ਦੀਆਂ ਸਾਰੀਆਂ ਸ਼੍ਰੇਣੀਆਂ ਤੋਂ ਵੱਖਰੇ ਠੋਸ ਰਹਿੰਦ-ਖੂੰਹਦ ਨੂੰ ਵੱਖ-ਵੱਖ ਇਕੱਤਰ ਕਰਨ ਲਈ ਪ੍ਰਬੰਧ ਕਰਨ ਲਈ ਜ਼ਿੰਮੇਵਾਰ ਬਣਾਇਆ। ਰਹਿੰਦ-ਖੂੰਹਦ ਜਨਰੇਟ ਕਰਨ ਵਾਲੇ ਸਥਾਨਕ ਸੰਸਥਾਵਾਂ ਦੇ ਉਪ-ਨਿਯਮਾਂ ਅਨੁਸਾਰ ਉਪਭੋਗਤਾ ਫੀਸ ਦਾ ਭੁਗਤਾਨ ਵੀ ਕਰਨਗੇ।

ਯੂ ਐਲ ਬੀ ਮਾਨਸਾ ਨੇ (ਅਪ੍ਰੈਲ 2019) ਆਪਣੇ ਘਰ-ਘਰ ਰਹਿੰਦ-ਖੂੰਹਦ ਇਕੱਠਾ ਕਰਨ ਨੂੰ ਸੋਸਾਇਟੀਜ਼ ਰਜਿਸਟ੍ਰੇਸ਼ਨ ਐਕਟ, 1860 ਅਧੀਨ ਰਜਿਸਟਰਡ ਸੁਸਾਇਟੀ ਨੂੰ ਆਊਟਸੋਰਸ ਕੀਤਾ। ਸੁਸਾਇਟੀ ਦੇ ਮੈਬਰਾਂ ਵਿੱਚ ਡਿਪਟੀ ਕਮਿਸ਼ਨਰ ਮਾਨਸਾ (ਪ੍ਰਧਾਨ), ਵਧੀਕ ਡਿਪਟੀ ਕਮਿਸ਼ਨਰ ਮਾਨਸਾ (ਮੈਂਬਰ), ਸਬ ਡਵੀਜ਼ਨਲ ਮੈਜਿਸਟਰੇਟ ਮਾਨਸਾ (ਮੀਤ ਪ੍ਰਧਾਨ) ਤੋਂ ਇਲਾਵਾ ਨਗਰ ਨਿਗਮ ਮਾਨਸਾ ਦੇ ਹੋਰ ਅਧਿਕਾਰੀ ਕਰਮਚਾਰੀ ਸ਼ਾਮਲ ਸਨ। ਐਮ ਸੀ ਹਾਊਸ ਦੇ ਮਤੇ (ਜੁਲਾਈ 2019) ਦੇ ਅਨੁਸਾਰ, ਸੋਸਾਇਟੀ ਦੁਆਰਾ ਇਕੱਤਰ ਕੀਤੇ ਉਪਭੋਗਤਾ ਅਤੇ ਅਸਲ ਖਰਚੇ ਵਿਚਕਾਰ ਅੰਤਰ ਨੂੰ ਪੂਰਾ ਕਰਨ ਲਈ ਸਹਿਮਤੀ ਦਿੱਤੀ ਗਈ ਹੈ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਇਸ ਗੈਪ ਨੂੰ ਫੰਡ ਦੇਣ ਲਈ ਸਹਿਮਤ ਹੁੰਦੇ ਹੋਏ, ਐਮ ਸੀ ਮਾਨਸਾ ਨੇ ਸੁਸਾਇਟੀ ਦੇ ਖਰਚੇ ਅਤੇ ਆਮਦਨ ਦੀ ਤਸਦੀਕ ਕਰਨ ਲਈ ਵਿਧੀ ਵਿਕਸਿਤ ਨਹੀਂ ਕੀਤੀ/ਨਿਰਧਾਰਤ ਨਹੀਂ ਕੀਤੀ। ਸੁਸਾਇਟੀ ਨੇ (ਜੁਲਾਈ 2019 ਤੋਂ ਨਵੰਬਰ 2022) ਸਿਰਫ਼ ਉਪਭੋਗਤਾ ਚਾਰਜਜ਼ ਦੁਆਰਾ ਕੀਤੇ ਅੰਤਰ ਭੁਗਤਾਨਾਂ ਦੀ ਇਕੱਤਰਤਾ ਵਿੱਚ ਆਪਣੀ ਕਮੀ ਦੀ ਰਿਪੋਰਟ ਕੀਤੀ। ਐਮ ਸੀ ਨੇ ਬਿਨਾਂ ਤਸਦੀਕ ਦੇ ਸੁਸਾਇਟੀ ਨੂੰ ₹ 65.32 ਲੱਖ ਦਾ ਭੁਗਤਾਨ ਕੀਤਾ।

---

57 ਜਿਵੇਂ ਕਿ ਬਾਕੀ ਤਿੰਨ ਨਵੇਂ ਨੋਟੀਫਾਈ ਕੀਤੇ ਗਏ ਸਨ।

58 ₹ 31.84 ਕਰੋੜ (ਜੁਲਾਈ 2020 ਤੋਂ ਮਾਰਚ 2021) ਅਤੇ ₹ 35.26 ਕਰੋੜ (ਅਪ੍ਰੈਲ 2021 ਤੋਂ ਫਰਵਰੀ 2022)।

59 (i) ਆਦਮਪੁਰ; (ii) ਅੰਮ੍ਰਿਤਸਰ; (iii) ਬਠਿੰਡਾ; (iv) ਬਿਲਗਾ; (v) ਦੋਰਾਹਾ; (vi) ਫਿਰੋਜ਼ਪੁਰ; (vii) ਕਰਤਾਰਪੁਰ; (viii) ਖਮਾਣੋਂ; (ix) ਕੀਰਤਪੁਰ ਸਾਹਿਬ; (x) ਲੁਧਿਆਣਾ; (xi) ਮੱਖੂ; (xii) ਮਾਨਸਾ; (xiii) ਮਹਿਰਾਜ; (xiv) ਮੋਗਾ; (xv) ਕਾਦੀਆਂ; (xvi) ਰਾਜਪੁਰਾ; (xvii) ਰੂਪਨਗਰ; (xviii) ਐਸ ਏ ਐ ਨਗਰ; (xix) ਐਸ ਬੀ ਐਸ ਨਗਰ; ਅਤੇ (xx) ਸਰਹਿੰਦ।

ਯੂ ਐਲ ਬੀ ਮਾਨਸਾ ਨੇ (ਅਕਤੂਬਰ 2024) ਸਵੀਕਾਰ ਕੀਤਾ ਕਿ ਸੁਸਾਇਟੀ ਨੂੰ ਪੱਤਰ ਦੀ ਵਿਵਸਥਾ ਅਨੁਸਾਰ ਗੈਪ ਫੰਡਿੰਗ ਦਾ ਭੁਗਤਾਨ ਕੀਤਾ ਗਿਆ ਸੀ ਜਿਸ ਰਾਹੀਂ ਰਹਿੰਦ-ਖੂੰਹਦ ਪ੍ਰਬੰਧਨ ਇਸ ਨੂੰ ਸੌਂਪਿਆਂ ਗਿਆ ਸੀ ਅਤੇ ਭਵਿੱਖ ਵਿੱਚ ਸੋਸਾਇਟੀ, ਦੁਆਰਾ ਕੀਤੇ ਗਏ ਅਸਲ ਖਰਚੇ ਦੇ ਰੂਪ ਵਿੱਚ ਬਿੱਲ ਪ੍ਰਾਪਤ ਕਰਕੇ ਅਤੇ ਉਪਭੋਗਤਾ ਚਾਰਜਜ਼ ਦੀ ਅਸਲ ਇਕੱਤਰਤਾ ਤੋਂ ਬਾਅਦ ਸੋਸਾਇਟੀ ਦੇ ਦਾਅਵਿਆਂ ਦੀ ਸਹੀ ਪੜਤਾਲ ਕਰਕੇ ਗੈਪ ਫੰਡਿੰਗ ਕੀਤੀ ਜਾਵੇਗੀ।

2.4.1.7 ਲਾਗਤ ਰਿਕਵਰੀ ਪ੍ਰਬੰਧਨ

ਬੁਨਿਆਦੀ ਸਿਧਾਂਤ ਜੋ ਪ੍ਰਦੂਸ਼ਕ ਰਹਿੰਦ-ਖੂੰਹਦ ਜਨਰੇਸ਼ਨ, ਇਸ ਦੇ ਇਕੱਤਰ ਕਰਨ ਅਤੇ ਸੁਰੱਖਿਅਤ ਨਿਪਟਾਰੇ ਲਈ ਅਦਾ ਕਰਦਾ ਹੈ, ਨੂੰ ਐਮ ਐਸ ਡਬਲਯੂ ਐਮ ਸੇਵਾਵਾਂ ਲਈ ਸੇਵਾ ਫੀਸ ਲਗਾਉਣ ਲਈ ਯੂ ਐਲ ਬੀਜ਼ ਦੁਆਰਾ ਵਿਚਾਰਿਆ ਜਾਣਾ ਚਾਹੀਦਾ ਹੈ। ਐਸ ਡਬਲਯੂ ਐਮ ਨਿਯਮ, 2016 ਦੇ ਨਿਯਮ 4(3) ਦੇ ਅਨੁਸਾਰ ਰਹਿੰਦ-ਖੂੰਹਦ ਜਨਰੇਟਰਾਂ ਨੂੰ ਐਸ ਡਬਲਯੂ ਐਮ ਲਈ ਉਪਭੋਗਤਾ ਫੀਸ ਦਾ ਭੁਗਤਾਨ ਕਰਨਾ ਲਾਜ਼ਮੀ ਹੈ, ਜਿਵੇਂ ਕਿ ਸਥਾਨਕ ਸੰਸਥਾ ਦੇ ਉਪ-ਨਿਯਮਾਂ ਵਿੱਚ ਨਿਰਧਾਰਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਐਮ ਐਸ ਡਬਲਯੂ ਐਮ ਪ੍ਰੋਜੈਕਟਾਂ ਨੂੰ ਲਾਭਪਾਤਰੀਆਂ 'ਤੇ ਉਪਭੋਗਤਾ ਫੀਸਾਂ ਵਸੂਲ ਕੇ ਲਾਗਤ ਵਸੂਲੀ ਨੂੰ ਯਕੀਨੀ ਬਣਾ ਕੇ ਵਿਵਹਾਰਕ ਬਣਾਇਆ ਜਾ ਸਕਦਾ ਹੈ। ਪੰਜਾਬ ਐਸ ਡਬਲਯੂ ਐਮ ਨੀਤੀ, 2018 ਨੇ ਐਸ ਡਬਲਯੂ ਐਮ ਪ੍ਰੋਜੈਕਟਾਂ ਨੂੰ ਕਾਇਮ ਰੱਖਣ ਲਈ ਰਹਿੰਦ-ਖੂੰਹਦ ਜਨਰੇਟਰਾਂ ਤੋਂ ਲਾਜ਼ਮੀ ਤੌਰ 'ਤੇ ਇਕੱਤਰ ਕੀਤੇ ਜਾਣ ਵਾਲੇ ਉਪਭੋਗਤਾ ਚਾਰਜਜ਼ ਵੀ ਨਿਰਧਾਰਤ ਕੀਤੇ ਹਨ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਹੈ ਕਿ ਅਪ੍ਰੈਲ 2019 ਤੋਂ ਮਾਰਚ 2022[60] ਦੌਰਾਨ 19 ਯੂ ਐਲ ਬੀਜ਼[61] ਵਿੱਚ ₹ 204.84 ਕਰੋੜ[62] ***(ਅੰਤਿਕਾ 2.5)*** ਦੀ ਰਾਸ਼ੀ ਉਪਭੋਗਤਾ ਚਾਰਜਜ਼ ਵਜੋਂ ਇਕੱਤਰ ਕਰਨ ਦਾ ਅਨੁਮਾਨ ਲਗਾਇਆ ਗਿਆ ਸੀ। ਇਸ ਤੋਂ ਇਲਾਵਾ, ਐਸ ਡਬਲਯੂ ਐਮ ਸੇਵਾਵਾਂ ਤੇ ₹ 328.82 ਕਰੋੜ ***(ਅੰਤਿਕਾ 2.4)*** ਦੀ ਰਾਸ਼ੀ ਖਰਚ ਕੀਤੀ ਗਈ ਸੀ ਜਿਸ ਦੇ ਮੁਕਾਬਲੇ 2019-22 ***(ਅੰਤਿਕਾ 2.5)*** ਐਸ ਡਬਲਯੂ ਐਮ ਦੀ ਲਾਗਤ ਵਸੂਲੀ ਵਜੋਂ ਸਿਰਫ਼ ₹ 1.06 ਕਰੋੜ (0.52 *ਪ੍ਰਤੀਸ਼ਤ*) ***(ਅੰਤਿਕਾ 2.6)*** ਵਸੂਲੇ[63] ਗਏ ਸਨ ਜਿਵੇ ਕਿ **ਸਾਰਣੀ 2.6** ਵਿੱਚ ਦਰਸਾਇਆ ਗਿਆ ਹੈ:

---

60 ਸਾਲ 2017-18 ਅਤੇ 2018-19 ਦੀ ਮਿਆਦ ਲਈ ਉਪਭੋਗਤਾ ਚਾਰਜਜ਼ ਦੀ ਅਸਥਾਈ ਇਕੱਤਰਤਾ ਦੀ ਗਣਨਾ ਯੂ ਐਲ ਬੀ ਜ਼ਰੀਏ ਇਸਰ ਮਿਆਦ ਲਈ ਰਹਿੰਦ-ਖੂੰਹਦ ਜਨਰੇਟਰਾਂ ਦੀ ਪਛਾਣ ਨਾ ਹੋਣ ਕਾਰਨ ਨਹੀਂ ਕੀਤੀ ਜਾ ਸਕੀ।

61 ਅੰਮ੍ਰਿਤਸਰ ਵਿੱਚ, ਕਨਸ਼ੈਸ਼ਨੇਅਰ ਸ਼ਾਮਲ ਸੀ ਅਤੇ ਉਸ ਦੁਆਰਾ ਉਪਭੋਗਤਾ ਚਾਰਜ ਵਸੂਲੇ ਜਾ ਰਹੇ ਸਨ।

62 ਕੁੱਲ ਉਪਭੋਗਤਾ ਚਾਰਜਜ਼ ਦੀ ਗਣਨਾ ਏ ਪੀ ਐਸ ਡਬਲਯੂ ਐਮ ਵਿੱਚ ਸ਼ਾਮਲ ਰਹਿੰਦ-ਖੂੰਹਦ ਜਨਰੇਟਰਾਂ ਅਤੇ ਰਾਜ ਅਤੇ ਯੂ ਐਲ ਬੀ ਦੁਆਰਾ ਪਾਸ ਕੀਤੇ ਉਪ-ਕਾਨੂੰਨਾਂ ਵਿੱਚ ਲਈਆਂ ਗਈਆਂ ਘੱਟੋਂ ਘੱਟ ਦਰਾਂ 'ਤੇ ਅਧਾਰਤ ਸੀ।

63 ਵਸੂਲੀ ਗਈ ਕੁੱਲ ਲਾਗਤ ₹ 1.20 ਕਰੋੜ ਸੀ ਜਿਸ ਵਿੱਚ ਸ਼ਾਮਲ ਸੀ: ₹ 0.10 ਕਰੋੜ ਹੋਰ ਵਸੂਲੀ ਵਜੋਂ, ਉਪਭੋਗਤਾ ਚਾਰਜ ਵਜੋਂ ₹ 1.10 ਕਰੋੜ (ਇਸ ਵਿਚੋਂ ₹ 0.04 ਕਰੋੜ 2017-19 ਨਾਲ ਸਬੰਧਤ ਹਨ ਅਤੇ ₹ 1.06 ਕਰੋੜ 2019-22 ਨਾਲ ਸਬੰਧਤ ਹਨ)।

ਸਾਰਣੀ 2.6: ਉਪਭੋਗਤਾ ਚਾਰਜਜ਼ ਨੂੰ ਇਕੱਤਰ ਕਰਨ ਵਿੱਚ ਕੁਸ਼ਲਤਾ

(₹ ਕਰੋੜ ਵਿੱਚ)

ਯੂ ਐਲ ਬੀ ਦਾ ਨਾਂਅ	ਲੁਧਿਆਣਾ	ਮੋਗਾ	ਐਸ ਏ ਐਸ ਨਗਰ	ਮਾਨਸਾ	ਰੂਪਨਗਰ	ਐਸ ਬੀ ਐਸ ਨਗਰ	ਆਦਮਪੁਰ	ਮੱਖੂ	ਕਰਤਾਰਪੁਰ	ਕੀਰਤਪੁਰ ਸਾਹਿਬ	ਬਿਲਗਾ	ਮਹਿਰਾਜ	ਕਾਦੀਆਂ	ਰਾਜਪੁਰਾ	ਫਿਰੋਜ਼ਪੁਰ	ਸਰਹਿੰਦ	ਖਮਾਣੋਂ	ਬਠਿੰਡਾ	ਦੋਰਾਹਾ
ਅਨੁਮਾਨਿਤ	51.97	21.84	16.38	11.22	8.97	5.61	4.5	3.81	3.45	2.1	1.08	0.87	3.3	12.33	11.97	5.16	0.85	38.31	1.12
ਇਕੱਤਰ ਕੀਤਾ ਗਿਆ	0	0	0	0	0	0	0	0	0	0	0	0	0.01	0.04	0.11	0.01*		0.82	0.07
ਨਾ/ਘੱਟ ਇਕੱਤਰ ਕੀਤਾ ਗਿਆ	51.97	21.84	16.38	11.22	8.97	5.61	4.5	3.81	3.45	2.1	1.08	0.87	3.29	12.29	11.86	6.00 (5.16 + 0.84)		37.49	1.05
ਕਮੀ ਪ੍ਰਤੀਸ਼ਤਤਾ ਵਿੱਚ	100	100	100	100	100	100	100	100	100	100	100	100	99.70	99.68	99.08	99.93	99.27	97.86	93.75

ਸ੍ਰੋਤ: ਵਿਭਾਗੀ ਡਾਟਾ

** ₹ 0.01 ਕਰੋੜ ਵਿੱਚ ਸਰਹਿੰਦ ਦੇ ₹ 0.31 ਲੱਖ ਅਤੇ ਖਮਾਣੋਂ ਦੇ ₹ 0.62 ਸ਼ਾਮਲ ਹਨ*

ਸਾਰਣੀ ਤੋਂ ਇਹ ਵੇਖਿਆ ਜਾ ਸਕਦਾ ਹੈ ਕਿ 19 ਵਿਚੋਂ 12 (63 *ਪ੍ਰਤੀਸ਼ਤ*) ਯੂ ਐਲ ਬੀਜ਼ ਨੇ 2019-22 ਦੌਰਾਨ ਕੋਈ ਉਪਭੋਗਤਾ ਚਾਰਜ ਇਕੱਤਰ ਨਹੀਂ ਕੀਤਾ। ਬਾਕੀ ਸੱਤ ਯੂ ਐਲ ਬੀਜ਼ ਨੇ ਪ੍ਰੋਜੈਕਸ਼ਨ ਦੇ ਇੱਕ ਤੋਂ ਛੇ *ਪ੍ਰਤੀਸ਼ਤ* ਦੇ ਵਿਚਕਾਰ ਮਾਮੂਲੀ ਉਪਭੋਗਤਾ ਚਾਰਜ ਇਕੱਤਰ ਕੀਤੇ, ਜਦੋਂ ਕਿ ਯੂ ਐਲ ਬੀ ਅੰਮ੍ਰਿਤਸਰ ਵਿੱਚ, ਕਨਸ਼ੈਸ਼ਨੇਅਰ ਨੂੰ ਉਪਭੋਗਤਾ ਚਾਰਜਜ਼ ਇਕੱਤਰ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ।

ਦਸ[64] ਯੂ ਐਲ ਬੀਜ਼ ਨੇ ਕਿਹਾ ਕਿ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਤੋਂ ਉਪਭੋਗਤਾ ਚਾਰਜ ਇਕੱਤਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਚਾਰ ਯੂ ਐਲ ਬੀਜ਼[65] ਨੇ ਕਿਹਾ ਕਿ ਉਨ੍ਹਾਂ ਨੇ ਹਾਲ ਹੀ ਵਿੱਚ ਸਿੱਧੇ ਤੌਰ ਤੇ, ਜਾਂ ਏਜੰਸੀਆਂ ਰਾਹੀਂ ਜਾਂ ਗੈਰ ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਦੁਆਰਾ ਉਪਭੋਗਤਾ ਚਾਰਜ ਇਕੱਤਰ ਕਰਨਾ ਸ਼ੁਰੂ ਕਰ ਦਿੱਤਾ ਹੈ। ਦੋ ਯੂ ਐਲ ਬੀਜ਼[66] ਨੇ ਕਿਹਾ ਕਿ ਗੈਰ-ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲੇ ਰਹਿੰਦ-ਖੂੰਹਦ ਅਤੇ ਉਪਭੋਗਤਾ ਚਾਰਜ ਇਕੱਤਰ ਕਰਨ ਦਾ ਕੰਮ ਕਰ ਰਹੇ ਸਨ, ਜਿਸ ਦਾ ਕੋਈ ਵਿਸਥਾਰਤ ਡਾਟਾ ਉਪਲਬਧ ਨਹੀਂ ਸੀ। ਦੋ ਯੂ ਐਲ ਬੀਜ਼[67] ਨੇ ਕਿਹਾ ਕਿ ਉਪਭੋਗਤਾ ਚਾਰਜਜ਼ ਸੁਸਾਇਟੀਆਂ ਜਾਂ ਰਹਿੰਦ-ਖੂੰਹਦ ਚੁੱਕਣ ਵਾਲਿਆਂ ਦੁਆਰਾ ਅੰਸ਼ਕ ਤੌਰ ਤੇ ਇਕੱਤਰ ਕੀਤੇ ਜਾਂਦੇ ਸਨ। ਰਾਜਪੁਰਾ ਯੂ ਐਲ ਬੀ ਨੇ ਕਿਹਾ ਕਿ ਯੂ ਐਲ ਬੀ ਰੇਲਵੇ ਅਤੇ ਇੱਕ ਵਿਦਿਅਕ ਸੰਸਥਾ ਤੋਂ ਐਸ ਡਬਲਯੂ ਐਮ ਉਪਭੋਗਤਾ ਚਾਰਜ ਇਕੱਤਰ ਕਰ ਰਿਹਾ ਸੀ। ਅੰਮ੍ਰਿਤਸਰ ਯੂ ਐਲ ਬੀ ਨੇ ਕਿਹਾ ਕਿ ਐਸ ਡਬਲਯੂ ਐਮ ਸਮਝੌਤੇ ਅਨੁਸਾਰ ਕਨਸ਼ੈਸ਼ਨੇਅਰ ਨੂੰ ਇਕੱਤਰ ਕਰਨ ਦੇ ਅਧਿਕਾਰ ਦਿੱਤੇ ਗਏ।

64 (i) ਬਿਲਗਾ; (ii) ਦੋਰਾਹਾ; (iii) ਫਿਰੋਜ਼ਪੁਰ; (iv) ਕਰਤਾਰਪੁਰ; (v) ਮੱਖੂ; (vi) ਮਹਿਰਾਜ; (vii) ਮੋਗਾ; (viii) ਕਾਦੀਆਂ; (ix) ਕੀਰਤਪੁਰ ਸਾਹਿਬ; ਅਤੇ (x) ਸਰਹਿੰਦ।

65 (i) ਆਦਮਪੁਰ; (ii) ਬਠਿੰਡਾ; (iii) ਖਮਾਣੋਂ; ਅਤੇ (iv) ਰੂਪਨਗਰ।

66 (i) ਲੁਧਿਆਣਾ; ਅਤੇ (ii) ਐਸ ਏ ਐਸ ਨਗਰ।

67 (i) ਮਾਨਸਾ; ਅਤੇ (ii) ਐਸ ਬੀ ਐਸ ਨਗਰ।


ਉਪਭੋਗਤਾ ਚਾਰਜਜ਼ ਦੀ ਘੱਟ ਵਸੂਲੀ[68] ਨਾ ਸਿਰਫ਼ ਯੂ ਐਲ ਬੀ 'ਤੇ ਵਾਧੂ ਵਿੱਤੀ ਬੋਝ ਪਾਉਂਦੀ ਹੈ, ਬਲਕਿ ਅਯੋਗ ਲਾਗਤ ਵਸੂਲੀ ਵਿਧੀ ਦਾ ਸੰਕੇਤ ਵੀ ਹੈ ਜਿਸ ਕਾਰਨ ਯੂ ਐਲ ਬੀਜ਼, ਐਸ ਡਬਲਯੂ ਐਮ ਤੋਂ ਖਰਚ ਅਤੇ ਆਮਦਨ ਦੇ ਵਿਚਕਾਰ ਅੰਤਰ ਨੂੰ ਘੱਟ ਨਹੀਂ ਕਰ ਸਕੇ।

2.4.2 ਠੋਸ ਰਹਿੰਦ-ਖੂੰਹਦ ਨੂੰ ਇਕੱਤਰ ਕਰਨਾ

ਵਖਰੇ ਮਿਉਂਸਪਲ ਰਹਿੰਦ-ਖੂੰਹਦ ਨੂੰ ਇਕੱਤਰ ਕਰਨਾ ਅਤੇ ਐਮ ਐਸ ਡਬਲਯੂ ਐਮ ਵਿੱਚ ਇੱਕ ਜ਼ਰੂਰੀ ਕਦਮ ਸੀ। ਗਿੱਲੇ, ਸੁੱਕੇ ਅਤੇ ਘਰੇਲੂ ਖਤਰਨਾਕ ਰਹਿੰਦ-ਖੂੰਹਦ ਨੂੰ ਵੱਖਰੇ ਤੌਰ ਤੇ ਇਕੱਤਰ ਕਰਨਾ ਰੀਸਾਈਕਲ ਕੀਤੇ ਜਾਣ ਵਾਲੇ ਪਦਾਰਥਾਂ ਦੀ ਵੱਧ ਤੋਂ ਵੱਧ ਰਿਕਵਰੀ ਨੂੰ ਯਕੀਨੀ ਬਣਾਉਣਾ ਹੈ। ਰਹਿੰਦ-ਖੂੰਹਦ ਇਕੱਠਾ ਕਰਨ ਦੀਆਂ ਸੇਵਾਵਾਂ ਨੂੰ ਪ੍ਰਾਇਮਰੀ ਅਤੇ ਸੈਕੰਡਰੀ ਸੰਗ੍ਰਹਿ ਵਿੱਚ ਵੰਡਿਆ ਗਿਆ ਹੈ।

ਭਾਰਤ ਵਿੱਚ ਪ੍ਰਤੀ ਦਿਨ ਰਹਿੰਦ-ਖੂੰਹਦ ਜਨਰੇਸ਼ਨ 1,70,339 ਐਮ ਟੀ[69] (ਦਸੰਬਰ 2021) ਸੀ। ਸਾਲ 2021-22 ਦੌਰਾਨ ਪੰਜਾਬ ਦੀ ਤੁਲਨਾ ਵਿੱਚ ਗੁਆਂਢੀ ਰਾਜ ਹਰਿਆਣਾ ਵਿੱਚ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੀ ਪ੍ਰਤੀ ਦਿਨ ਰਹਿੰਦ-ਖੂੰਹਦ ਜਨਰੇਟ ਕਰਨ, ਇਕੱਤਰ ਕਰਨ ਅਤੇ ਨਿਪਟਾਰੇ ਦੀ ਕੁਸ਼ਲਤਾ (ਐਮ ਟੀ ਵਿੱਚ) **ਚਾਰਟ** 2.6 ਵਿੱਚ ਦਿੱਤੀ ਗਈ ਹੈ।

ਚਾਰਟ 2.6: ਪ੍ਰਤੀ ਦਿਨ ਜਨਰੇਟ ਹੋਏ, ਇਕੱਤਰ ਕੀਤੇ ਅਤੇ ਪ੍ਰੋਸੈਸ ਕੀਤੇ/ਟਰੀਟ ਕੀਤੇ ਗਏ ਪ੍ਰਤੀ ਦਿਨ ਰਹਿੰਦ-ਖੂੰਹਦ ਦੀ ਤੁਲਨਾ (ਐਮ ਟੀ ਵਿੱਚ)



ਸ੍ਰੋਤ: ਵਿਭਾਗ ਦੁਆਰਾ ਪ੍ਰਦਾਨ ਕੀਤੀ ਗਈ ਸੀ ਪੀ ਸੀ ਬੀ ਸਾਲਾਨਾ ਰਿਪੋਰਟ 2021-22

ਪੰਜਾਬ ਵਿੱਚ (35 *ਪ੍ਰਤੀਸ਼ਤ*) ਪ੍ਰੋਸੈਸਿੰਗ ਕੁਸ਼ਲਤਾ (ਭਾਵ ਇਕੱਤਰ ਕੀਤੇ ਰਹਿੰਦ-ਖੂੰਹਦ ਦੇ ਵਿਰੁੱਧ ਵਿਗਿਆਨ ਤੌਰ 'ਤੇ ਪ੍ਰੋਸੈਸ ਕੀਤੀ ਗਈ ਰਹਿੰਦ-ਖੂੰਹਦ) ਹਰਿਆਣਾ (64 *ਪ੍ਰਤੀਸ਼ਤ*) ਨਾਲੋਂ ਘੱਟ ਸੀ, ਜੋ ਦਰਸਾਉਂਦੀ ਹੈ ਕਿ ਠੋਸ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਵਿੱਚ ਪ੍ਰਭਾਵਸ਼ੀਲਤਾ ਵਿੱਚ ਸੁਧਾਰ ਕਰਨ ਦੀ ਲੋੜ ਹੈ।

ਭਾਰਤ ਦੇ ਕੁੱਲ ਅਨੁਮਾਨਿਤ ਰਹਿੰਦ-ਖੂੰਹਦ ਜਨਰੇਸ਼ਨ (1,70,339 ਐਮ ਟੀ) ਵਿੱਚ ਪੰਜਾਬ ਪ੍ਰਤੀ ਦਿਨ 2.48 *ਪ੍ਰਤੀਸ਼ਤ* (4,222 ਐਮ ਟੀ) ਦਾ ਯੋਗਦਾਨ ਪਾਉਂਦਾ ਹੈ। ਸਾਲ 2017-22 ਦੌਰਾਨ

---

68 20 ਚੁਣੇ ਹੋਏ ਯੂ ਐਲ ਬੀਜ਼ ਵਿੱਚ ₹ 204.84 ਕਰੋੜ ਦੀ ਯੋਜਨਾਬੱਧ ਇਕੱਤਰਤਾ ਦੇ ਮੁਕਾਬਲੇ ₹ 1.06 ਕਰੋੜ ਇਕੱਤਰ ਕੀਤੇ ਗਏ।

69 ਸੀ ਪੀ ਸੀ ਬੀ ਦੀ ਸਾਲਾਨਾ ਰਿਪੋਰਟ 2021-22

ਪੰਜਾਬ ਵਿੱਚ ਰਹਿੰਦ-ਖੂੰਹਦ ਜਨਰੇਸ਼ਨ, ਇਕੱਤਰ ਕਰਨ ਅਤੇ ਇਸ ਦੇ ਟਰੀਟਮੈਂਟ ਦੀ ਸਥਿਤੀ **ਸਾਰਣੀ** 2.7 ਵਿੱਚ ਦਿੱਤੀ ਗਈ ਹੈ:

ਸਾਰਣੀ 2.7: **ਪੰਜਾਬ ਵਿੱਚ ਰਹਿੰਦ-ਖੂੰਹਦ ਜਨਰੇਸ਼ਨ ਇਕੱਤਰ ਕਰਨਾ ਅਤੇ ਪ੍ਰੋਸੈਸਿੰਗ**

(ਅੰਕੜੇ ਐਮ ਟੀ ਵਿੱਚ)

ਕੈਲੰਡਰ ਸਾਲ	ਪ੍ਰਤੀ ਦਿਨ ਰਹਿੰਦ-ਖੂੰਹਦ ਜਨਰੇਟ ਕਰਨਾ	ਪ੍ਰਤੀ ਸਾਲ ਰਹਿੰਦ-ਖੂੰਹਦ ਜਨਰੇਟ ਕਰਨਾ	ਪ੍ਰਤੀ ਸਾਲ ਰਹਿੰਦ-ਖੂੰਹਦ ਇਕੱਠਾ ਕਰਨਾ	ਪ੍ਰਤੀ ਸਾਲ ਘੱਟ ਇਕੱਤਰਤਾ	ਪ੍ਰਤੀ ਸਾਲ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ	ਡੰਪ ਸਾਈਟ ਤੇ ਅਣ-ਪ੍ਰੋਸੈਸਡ
1	**2**	**3**	**4**	**5**	**6**	**7**
2017	4,632.27	16,90,779	16,41,978	48,801 (2.89)	2,54,185(15.48)	13,87,793 (84.52)
2018	4,634.48	16,91,585	16,69,849	21,736 (1.28)	3,34,909(20.06)	13,34,940 (79.94)
2019	4,477.54	16,34,303	16,11,092	23,210 (1.42)	7,71,047(47.86)	8,40,045 (52.14)
2020	4,338.37	15,83,505	15,61,784	21,721 (1.37)	6,91,325(44.27)	8,70,459 (55.73)
2021	4,221.60	15,40,884	15,35,446	5,438 (0.35)	5,36,842(34.96)	9,98,604 (65.03)
ਜੋੜ		**81,41,056**	**80,20,149**		**25,88,308(32.27)**	**54,31,841 (67.73)**

ਸ੍ਰੋਤ: ਪੀ ਪੀ ਸੀ ਬੀ ਦੀਆਂ ਸਾਲਾਨਾ ਰਿਪੋਰਟਾਂ ਸੀ ਪੀ ਸੀ ਬੀ ਨੂੰ ਪੇਸ਼ ਕੀਤੀਆਂ ਗਈਆਂ
ਨੋਟ- ਪੈਰੈਂਟੇਸਿਸ ਵਿੱਚ ਅੰਕੜੇ ਪ੍ਰਬੰਧਨ ਦਰਸਾਉਂਦੇ ਹਨ।

ਪ੍ਰਤੀ ਦਿਨ ਰਹਿੰਦ-ਖੂੰਹਦ ਜਨਰੇਟ ਕਰਨ ਦੇ ਡਾਟੇ ਨੇ 2017-21 ਦੀ ਮਿਆਦ ਵਿੱਚ ਘਟਦੇ ਰੁਝਾਨ ਨੂੰ ਦਰਸਾਇਆ ਹੈ ਜੋ ਐਮ ਐਸ ਡਬਲਯੂ ਐਮ ਮੈਨੂਅਲ ਵਿੱਚ ਹਵਾਲੇ ਕੀਤੇ ਗਏ ਅਧਿਐਨਾਂ ਦੇ ਉਲਟ ਜਿਸ ਨਾਲ ਸਾਲ-ਦਰ-ਸਾਲ ਦੇ ਅਧਾਰ 'ਤੇ ਠੋਸ ਰਹਿੰਦ-ਖੂੰਹਦ ਜਨਰੇਸ਼ਨ ਵਿੱਚ 1.3 *ਪ੍ਰਤੀਸ਼ਤ* ਦੇ ਵਾਧੇ ਦਾ ਅਨੁਮਾਨ ਲਗਾਇਆ ਗਿਆ ਸੀ।

ਸਰਕਾਰ ਨੇ ਕਿਹਾ (ਅਗਸਤ 2023) ਕਿ ਯੂ ਐਲ ਬੀ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੇ ਸਾਰੇ ਦਸਤਾਵੇਜ਼ਾਂ ਅਤੇ ਰਿਪੋਰਟਾਂ ਵਿੱਚ ਅਸਲ ਡਾਟੇ ਦੀ ਵਰਤੋਂ ਕਰਨ।

2.4.2.1 ਚੁਣੇ ਹੋਏ ਯੂ ਐਲ ਬੀਜ਼ ਵਿੱਚ ਕੁਸ਼ਲਤਾ ਸੰਗ੍ਰਹਿ

ਸਥਾਨਕ ਅਧਿਕਾਰੀ ਰਹਿੰਦ-ਖੂੰਹਦ ਜਨਰੇਟਰਾਂ ਦੀਆਂ ਸਾਰੀਆਂ ਸ਼੍ਰੇਣੀਆਂ ਤੋਂ ਵੱਖਰੇ ਠੋਸ ਰਹਿੰਦ-ਖੂੰਹਦ ਨੂੰ ਘਰ-ਘਰ ਇਕੱਤਰ ਕਰਨ ਦਾ ਪ੍ਰਬੰਧ ਕਰਨ ਲਈ ਜ਼ਿੰਮੇਵਾਰ ਹਨ। ਪੀ ਐਮ ਆਈ ਡੀ ਸੀ ਨੇ ਐਨ ਜੀ ਟੀ ਦੁਆਰਾ ਜਾਰੀ ਕੀਤੀਆਂ ਹਦਾਇਤਾਂ (ਫਰਵਰੀ 2020) ਦਾ ਹਵਾਲਾ ਦਿੰਦੇ ਹੋਏ ਸਾਰੇ ਯੂ ਐਲ ਬੀਜ਼ ਵਿੱਚ ਰਹਿੰਦ-ਖੂੰਹਦ ਇਕੱਠਾ ਕਰਨ ਦੇ ਸਹੀ ਰਿਕਾਰਡ ਰੱਖਣ ਦੇ ਨਿਰਦੇਸ਼ ਦਿੱਤੇ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕਨਸ਼ੈਸ਼ਨੇਅਰ ਪੰਜ ਯੂ ਐਲ ਬੀਜ਼[70] ਵਿੱਚ ਰਹਿੰਦ-ਖੂੰਹਦ ਦੇ ਪ੍ਰਬੰਧਨ ਵਿੱਚ ਸ਼ਾਮਲ ਸਨ। ਇਨ੍ਹਾਂ ਪੰਜ ਯੂ ਐਲ ਬੀਜ਼ ਵਿੱਚੋਂ, ਚਾਰ ਯੂ ਐਲ ਬੀਜ਼[71] ਵਿੱਚ, ਕਨਸ਼ੈਸ਼ਨੇਅਰ ਨੂੰ ਦਸੰਬਰ 2017 ਅਤੇ ਫਰਵਰੀ 2021 ਦੇ ਵਿਚਕਾਰ ਕੰਮ ਅੱਧ ਵਿੱਚ ਛੱਡ ਦਿੱਤਾ। ਇਸ ਤੋਂ ਬਾਅਦ ਗੈਰ-ਰਸਮੀ ਰਹਿੰਦ-ਖੂੰਹਦ ਚੁੱਕਣ ਵਾਲਿਆਂ ਜਾਂ ਠੇਕੇਦਾਰਾਂ ਰਾਹੀਂ ਸ਼ਾਮਲ


[70] (i) ਅੰਮ੍ਰਤਸਰ; (ii) ਬਠਿੰਡਾ; (iii) ਦੋਰਾਹਾ; (iv) ਖਮਾਣੋਂ; ਅਤੇ (v) ਲੁਧਿਆਣਾ।

[71] (i) ਬਠਿੰਡਾ; (ii) ਦੋਰਾਹਾ; (iii) ਖਮਾਣੋਂ; ਅਤੇ (iv) ਲੁਧਿਆਣਾ।

ਵਿਅਕਤੀਆਂ ਦੁਆਰਾ ਇਕੱਤਰ ਕੀਤਾ ਗਿਆ ਸੀ। ਦੋ ਯੂ ਐਲ ਬੀਜ਼[72] ਵਿੱਚੋਂ, ਰਹਿੰਦ-ਖੂੰਹਦ ਸੁਸਾਇਟੀਆਂ ਅਤੇ ਗੈਰ-ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲੀ ਐਸੋਸੀਏਸ਼ਨ ਦੁਆਰਾ ਸਮਝੌਤੇ ਰਾਹੀਂ ਇਕੱਤਰ ਕੀਤਾ ਜਾ ਰਿਹਾ ਸੀ। ਬਾਕੀ 13 ਯੂ ਐਲ ਬੀਜ਼ ਵਿੱਚ, ਰਹਿੰਦ-ਖੂੰਹਦ ਇਕੱਠਾ ਕਰਨ ਦਾ ਕੰਮ ਜਾਂ ਤਾਂ ਗੈਰ-ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਦੁਆਰਾ ਕੀਤਾ ਜਾ ਰਿਹਾ ਸੀ ਜਾਂ ਠੇਕੇਦਾਰਾਂ ਰਾਹੀਂ ਕਾਮਿਆਂ ਨੂੰ ਸ਼ਾਮਲ ਕਰਕੇ ਜਾਂ ਖੁਦ ਯੂ ਐਲ ਬੀਜ਼ ਦੁਆਰਾ ਕੀਤਾ ਜਾ ਰਿਹਾ ਸੀ।

ਸਾਲ 2017-22 ਦੌਰਾਨ, 19[73] ਯੂ ਐਲ ਬੀਜ਼ ਵਿੱਚ, 36.66 ਲੱਖ ਐਮ ਟੀ ਰਹਿੰਦ-ਖੂੰਹਦ ਜਨਰੇਟ ਕਰਨ ਦੇ ਮੁਕਾਬਲੇ, 36.19 ਲੱਖ ਐਮ ਟੀ ਰਹਿੰਦ-ਖੂੰਹਦ ਇਕੱਠਾ ਕੀਤਾ ਗਿਆ ਸੀ ਅਤੇ 12.31 ਲੱਖ ਐਮ ਟੀ (34.01 *ਪ੍ਰਤੀਸ਼ਤ*) ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਕੀਤੀ ਗਈ ***(ਅੰਤਿਕਾ 2.7)*** ਜਿਵੇਂ ਕਿ **ਚਾਰਟ** 2.7 ਵਿੱਚ ਦਰਸਾਇਆ ਗਿਆ ਹੈ।

ਚਾਰਟ 2.7: **ਰਹਿੰਦ-ਖੂੰਹਦ ਜਨਰੇਟ ਹੋਇਆ, ਇਕੱਤਰ ਕੀਤਾ ਗਿਆ ਅਤੇ ਪ੍ਰੋਸੈਸ ਕੀਤਾ ਗਿਆ**
(ਐਮ ਟੀ ਲੱਖਾਂ ਵਿੱਚ)



ਸ੍ਰੋਤ: ਯੂ ਐਲ ਬੀ ਡਾਟਾ

ਯੂ ਐਲ ਬੀਜ਼ ਦੁਆਰਾ ਪੇਸ਼ ਕੀਤੇ ਗਏ ਡਾਟਾ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਵਿੱਚੋਂ ਕਿਸੇ ਨੇ ਵੀ ਵੱਖਰੇ ਗਿੱਲੇ ਰਹਿੰਦ-ਖੂੰਹਦ ਦੀ ਮਾਤਰਾ, ਸੁੱਕੇ ਰਹਿੰਦ-ਖੂੰਹਦ ਦੀ ਮਾਤਰਾ, ਪੈਦਾ ਕੀਤੀ ਖਾਦ ਦੀ ਮਾਤਰਾ, ਸੁੱਕੇ ਰਹਿੰਦ-ਖੂੰਹਦ ਦੀ ਮਾਤਰਾ/ਜੰਕ ਡੀਲਰਾਂ ਨੂੰ ਵੇਚੇ ਗਏ/ਭੇਜੇ ਗਏ ਸੁੱਕੇ ਰਹਿੰਦ-ਖੂੰਹਦ/ਰੀਸਾਈਕਲ ਕੀਤੇ ਜਾਣ ਵਾਲੇ ਪਦਾਰਥਾਂ ਦੀ ਮਾਤਰਾ ਆਦਿ ਦੇ ਡਾਟਾ ਨਹੀਂ ਰੱਖਿਆ, ਜਿਵੇਂ ਕਿ ਐਮ ਐਸ ਡਬਲਯੂ ਐਮ ਮੈਨੂਅਲ 2016 ਵਿੱਚ ਨਿਰਧਾਰਤ ਫਾਰਮੈਂਟ ਵਿੱਚ ਨਿਰਧਾਰਤ ਕੀਤਾ ਗਿਆ ਹੈ ਅਤੇ ਪੀ ਐਮ ਆਈ ਡੀ ਸੀ ਦੁਆਰਾ ਦੁਹਰਾਇਆ ਅਤੇ ਵੰਡਿਆ ਗਿਆ (ਫਰਵਰੀ 2020)। ਡਾਟੇ ਨੂੰ ਰੋਜ਼ਾਨਾ ਅਧਾਰ ਤੇ ਬਣਾਈ ਰੱਖਿਆ ਜਾਣਾ ਸੀ, ਹਾਲਾਂਕਿ ਯੂ ਐਲ ਬੀਜ਼ ਦੁਆਰਾ ਅਜਿਹਾ ਕੋਈ ਡਾਟਾ ਨਹੀਂ ਰੱਖਿਆ ਗਿਆ ਸੀ।


---

72 (i) ਮਾਨਸਾ-ਸੁਸਾਇਟੀ ਦੁਆਰਾ ਅਤੇ (ii) ਰਾਜਪੁਰਾ-ਵੇਸਟ ਕਲੈਕਟਰ ਐਸੋਸੀਏਸ਼ਨ ਦੁਆਰਾ।

73 ਸਾਲ 2017-18 ਤੋਂ 2019-20 ਲਈ ਰਹਿੰਦ-ਖੂੰਹਦ ਜਨਰੇਟ ਕਰਨ ਦਾ ਡਾਟਾ ਕਾਰਪੋਰੇਸ਼ਨ ਬਠਿੰਡਾ ਦੁਆਰਾ ਪ੍ਰਦਾਨ ਨਹੀਂ ਕੀਤੇ ਗਏ ਸਨ। ਇਸ ਲਈ ਯੂ ਐਲ ਬੀ ਬਠਿੰਡਾ ਨੂੰ ਤੁਲਨਾ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ।

ਸਾਲ 2017-18 ਦੌਰਾਨ ਯੂ ਐਲ ਬੀ ਕੀਰਤਪੁਰ ਸਾਹਿਬ ਅਤੇ 2017-20 ਦੌਰਾਨ ਯੂ ਐਲ ਬੀ ਮਾਨਸਾ ਵੱਲੋਂ ਰਹਿੰਦ-ਖੂੰਹਦ ਦੀ ਇਕੱਤਰਤਾ ਅਤੇ ਪ੍ਰੋਸੈਸਿੰਗ ਨਹੀਂ ਕੀਤੀ ਗਈ ਸੀ। ਹਾਲਾਂਕਿ, ਯੂ ਐਲ ਬੀ ਮਾਨਸਾ ਵਿੱਚ ਰਹਿੰਦ-ਖੂੰਹਦ ਦਾ ਪ੍ਰਬੰਧਨ ਅਪ੍ਰੈਲ 2019 ਤੋਂ ਇੱਕ ਸੋਸਾਇਟੀ ਦੁਆਰਾ ਕੀਤਾ ਰਿਹਾ ਸੀ, ਪਰ 2019-20 ਦੌਰਾਨ ਇਕੱਤਰ ਕਰਨ, ਵੱਖ ਕਰਨ ਅਤੇ ਨਿਪਟਾਰੇ ਲਈ ਲੋੜੀਂਦੇ ਰਿਕਾਰਡ ਨਹੀਂ ਰੱਖੇ ਗਏ। ਸੋਸਾਇਟੀ ਵੱਲੋਂ ਰੱਖੀ ਗਈ ਲਾਗਬੁੱਕ ਅਨੁਸਾਰ ਅਪ੍ਰੈਲ 2020 ਤੋਂ ਮਾਰਚ 2022 ਦੌਰਾਨ ਕੁੱਲ 3,454 ਐਮ ਟੀ ਰਹਿੰਦ-ਖੂੰਹਦ ਇਕੱਠਾ ਕੀਤਾ ਗਿਆ। ਯੂ ਐਲ ਬੀ ਮਾਨਸਾ ਵਿੱਚ ਅਨੁਮਾਨਿਤ ਰਹਿੰਦ-ਖੂੰਹਦ ਜਨਰੇਸ਼ਨ ਦੇ ਮੁਕਾਬਲੇ ਇਸ ਸਮੇਂ ਦੌਰਾਨ ਰਹਿੰਦ-ਖੂੰਹਦ ਇਕੱਠਾ ਕਰਨ ਦੀ ਸਥਿਤੀ ਨੂੰ **ਚਾਰਟ** 2.8 ਵਿੱਚ ਦਰਸਾਇਆ ਗਿਆ ਹੈ।

ਚਾਰਟ 2.8: ਮਾਨਸਾ ਵਿੱਚ ਅਨਮਾਨਤ ਮਾਤਰਾ ਦੇ ਮੁਕਾਬਲੇ ਰਹਿੰਦ-ਖੂੰਹਦ ਇਕੱਠਾ ਕੀਤਾ (ਟੀ ਪੀ ਡੀ)



ਸ੍ਰੋਤ: ਯੂ ਐਲ ਬੀ ਡਾਟਾ

ਜਿਵੇਂ ਕਿ ਚਾਰਟ ਤੋਂ ਸਪੱਸ਼ਟ ਹੈ, ਯੂ ਐਲ ਬੀ ਮਾਨਸਾ ਵਿੱਚ ਕੁਲੈਕਸ਼ਨ ਦਰ 19 ਟੀ ਪੀ ਡੀ ਦੇ ਅਨੁਮਾਨ ਦੇ ਮੁਕਾਬਲੇ 2.67 ਟੀ ਪੀ ਡੀ ਅਤੇ 9.26 ਟੀ ਪੀ ਡੀ ਦੇ ਵਿਚਕਾਰ ਸੀ, ਜੋ ਘਰ-ਘਰ ਸੰਗ੍ਰਹਿ ਦੀ 100 *ਪ੍ਰਤੀਸ਼ਤ* ਕਵਰੇਜ ਦੇ ਦਾਅਵੇ ਦਾ ਸਮਰਥਨ ਨਹੀਂ ਕਰਦੀ। ਲੇਖਾ ਪ੍ਰੀਖਿਆ ਵਿੱਚ ਸ਼ੱਕ ਹੈ ਕਿ ਮਾਨਸਾ ਵਿੱਚ ਕਨਸ਼ੈਸ਼ਨੇਅਰ ਸੋਸਾਇਟੀ ਨੂੰ ਦਿੱਤੀ ਗਈ ਵਿਵਹਾਰਕਤਾ ਅੰਤਰ ਫੰਡਿੰਗ ਅਨਿਯਮਿਤ ਸੀ (ਉਪਰ ***ਪੈਰ੍ਹਾ 2.4.1.6*** ਦਰਸਾਉਂਦਾ ਹੈ)।

ਪੰਦਰਾ[74] ਯੂ ਐਲ ਬੀਜ਼ ਨੇ ਕਿਹਾ (ਅਕਤੂਬਰ 2024) ਕਿ ਉਹ ਆਪਣੇ ਖੇਤਰ ਵਿੱਚ ਜਨਰੇਟ ਹੋਏ ਸਾਰੇ ਰਹਿੰਦ-ਖੂੰਹਦ ਨੂੰ ਇਕੱਤਰ ਕਰਨ ਦੇ ਪ੍ਰੋਸੈਸ ਵਿੱਚ ਸਨ। ਯੂ ਐਲ ਬੀ ਖਮਾਣੋਂ ਨੇ ਕਿਹਾ ਕਿ ਇਹ ਯਕੀਨੀ ਬਣਾਉਣ ਲਈ ਯਤਨ ਕਰੇਗਾ ਕਿ ਭਵਿੱਖ ਵਿੱਚ ਕੋਈ ਵੀ ਰਹਿੰਦ-ਖੂੰਹਦ ਬਿਨ੍ਹਾਂ ਪ੍ਰੋਸੈਸ ਕੀਤੇ ਨਾ ਛੱਡੀ ਜਾਵੇ। ਯੂ ਐਲ ਬੀ ਕੀਰਤਪੁਰ ਸਾਹਿਬ ਨੇ ਕਿਹਾ ਕਿ ਇਸ ਸਮੇਂ ਯੂ ਐਲ ਬੀ ਵਿੱਚ ਜਨਰੇਟ ਹੋਏ ਰਹਿੰਦ-ਖੂੰਹਦ ਦਾ 100 *ਪ੍ਰਤੀਸ਼ਤ* ਇਕੱਤਰ ਕੀਤਾ ਜਾ ਰਿਹਾ ਹੈ।


[74] (i) ਆਦਮਪੁਰ; (ii) ਅੰਮ੍ਰਿਤਸਰ; (iii) ਬਠਿੰਡਾ; (iv) ਬਿਲਗਾ; (v) ਦੋਰਾਹਾ; (vi) ਫਿਰੋਜ਼ਪੁਰ; (vii) ਕਰਤਾਰਪੁਰ; (viii) ਮਹਿਰਾਜ; (ix) ਮੋਗਾ; (x) ਕਾਦੀਆਂ; (xi) ਰਾਜਪੁਰਾ; (xii) ਰੂਪਨਗਰ; (xiii) ਐਸ ਏ ਐਸ ਨਗਰ; (xiv) ਐਸ ਬੀ ਐਸ ਨਗਰ; ਅਤੇ (xv) ਸਰਹਿੰਦ।

ਬੁਨਿਆਦੀ ਰਿਕਾਰਡਾਂ ਦੀ ਸਾਂਭ-ਸੰਭਾਲ ਦੀ ਪ੍ਰੋਸੈਸ ਸ਼ੁਰੂ ਕੀਤੀ ਗਈ ਸੀ। ਯੂ ਐਲ ਬੀ ਲੁਧਿਆਣਾ ਨੇ ਕਿਹਾ ਕਿ ਕਨਸ਼ੈਸ਼ਨੇਅਰ ਦੀ ਸ਼ਮੂਲੀਅਤ ਕਾਰਨ ਰਹਿੰਦ-ਖੂੰਹਦ ਇਕੱਠਾ ਕਰਨ ਬਾਰੇ ਉਸ ਕੋਲ ਡਾਟਾ ਨਹੀਂ ਸਨ। ਯੂ ਐਲ ਬੀ ਮੱਖੂ ਨੇ ਕਿਹਾ ਕਿ ਰਹਿੰਦ-ਖੂੰਹਦ ਵਾਲਿਆਂ ਦੁਆਰਾ ਇਕੱਤਰ ਕੀਤਾ ਜਾ ਰਿਹਾ ਸੀ। ਯੂ ਐਲ ਬੀ ਮਾਨਸਾ ਨੇ ਸਵੀਕਾਰ ਕੀਤਾ ਅਤੇ ਜਵਾਬ ਦਿੱਤਾ ਕਿ ਸੋਸਾਇਟੀ ਨੂੰ ਰਿਕਾਰਡ ਨੂੰ ਸਹੀ ਢੰਗ ਨਾਲ ਰੱਖਣ ਲਈ ਨਿਰਦੇਸ਼ ਦਿੱਤੇ ਜਾਣਗੇ।

2.4.2.2 ਰਹਿੰਦ-ਖੂੰਹਦ ਨੂੰ ਇਕੱਠਾ ਕਰਨ ਵਿੱਚ ਭਿੰਨਤਾਵਾਂ

ਚਾਰ ਯੂ ਐਲ ਬੀਜ਼[75] ਵਿੱਚ ਇਹ ਦੇਖਿਆ ਗਿਆ ਕਿ ਅਪ੍ਰੈਲ 2017 ਤੋਂ ਮਾਰਚ 2022 ਦੌਰਾਨ ਸਰਵਿਸ ਏਰੀਆ ਤੋਂ ਡੰਪਸਾਈਟ ਤੱਕ ਚੁੱਕੇ ਗਏ ਰਹਿੰਦ-ਖੂੰਹਦ ਦੇ ਕਾਰਨ ਠੇਕੇਦਾਰਾਂ ਨੂੰ ਭੁਗਤਾਨ ਕੀਤਾ ਗਿਆ ਸੀ। ਇਨ੍ਹਾਂ ਚਾਰ ਯੂ ਐਲ ਬੀਜ਼ ਵਿੱਚੋਂ ਦੋ[76] ਵਿੱਚ, ਕਨਸ਼ੈਸ਼ਨੇਅਰ ਏਜੰਸੀ ਨੂੰ ਜਨਵਰੀ 2020 ਅਤੇ ਅਗਸਤ 2020 ਵਿੱਚ ਰਹਿੰਦ-ਖੂੰਹਦ ਬੰਦ ਕਰ ਦਿੱਤਾ ਸੀ। ਬਾਕੀ ਦੋ ਯੂ ਐਲ ਬੀਜ਼[77] ਵਿੱਚ ਰਹਿੰਦ-ਖੂੰਹਦ ਚੁੱਕਣ ਦੇ ਅਸਲ ਅੰਕੜੇ 2017-22 ਦੀ ਮਿਆਦ ਲਈ ਉਪਲਬਧ ਸਨ। ਲੇਖਾ ਪ੍ਰੀਖਿਆ ਨੇ 2017-18 ਤੋਂ 2021-22 (**ਚਾਰਟ 2.9**) ਦੌਰਾਨ ਰਹਿੰਦ-ਖੂੰਹਦ ਦੇ ਅਸਲ ਸੰਗ੍ਰਹਿ ਅਤੇ ਸੇਵਾ ਖੇਤਰ ਤੋਂ ਡੰਪਸਾਈਟ ਤੱਕ ਇਸ ਦੀ ਢੋਆ-ਢੁਆਈ ਦਾ ਮੁਲਾਂਕਣ ਕਰਨ ਲਈ ਇਸ ਡਾਟੇ ਦਾ ਵਿਸ਼ਲੇਸ਼ਣ ਕੀਤਾ।

ਚਾਰਟ 2.9: 2017-22 ਦੌਰਾਨ ਦੋ ਯੂ ਐਲ ਬੀਜ਼ ਵਿੱਚ ਰਹਿੰਦ-ਖੂੰਹਦ ਇਕੱਤਰ ਕੀਤਾ ਅਤੇ ਲਿਜਾਇਆ ਗਿਆ



ਸ੍ਰੋਤ: ਯੂ ਐਲ ਬੀ ਡਾਟਾ

ਲੁਧਿਆਣਾ ਵਿੱਚ ਰਹਿੰਦ-ਖੂੰਹਦ ਇਕੱਠਾ ਕਰਨ ਦਾ ਰੁਝਾਨ ਵੱਖਰਾ ਹੈ। ਸਾਲ 2018-19 ਦੇ ਮੁਕਾਬਲੇ 2019-20 ਦੌਰਾਨ ਇਸ ਵਿੱਚ 16 *ਪ੍ਰਤੀਸ਼ਤ* ਦਾ ਵਾਧਾ ਹੋਇਆ ਹੈ। 2020-21 ਦੌਰਾਨ ਇਸ ਵਿੱਚ 31.79 *ਪ੍ਰਤੀਸ਼ਤ* ਦੀ ਕਮੀ ਆਈ ਅਤੇ 2020-21 ਦੇ ਮੁਕਾਬਲੇ 2021-22 ਦੌਰਾਨ 15.54 *ਪ੍ਰਤੀਸ਼ਤ* ਦਾ ਵਾਧਾ ਹੋਇਆ। ਇਹ ਲੁਧਿਆਣਾ ਦੇ ਏਕੀਕ੍ਰਿਤ ਐਮ ਐਸ ਡਬਲਯੂ ਪ੍ਰਬੰਧਨ ਲਈ ਡੀ ਪੀ ਆਰ ਵਿੱਚ ਯੂ ਐਲ ਬੀ ਦੀ ਆਬਾਦੀ ਵਿੱਚ ਵਾਧੇ ਦੇ

75 (i) ਅਮ੍ਰਿਤਸਰ; (ii) ਦੋਰਾਹਾ; (iii) ਖਮਾਣੋਂ; ਅਤੇ (iv) ਲੁਧਿਆਣਾ।

76 (i) ਦੋਰਾਹਾ; ਅਤੇ (ii) ਖਮਾਣੋਂ।

77 (i) ਅੰਮ੍ਰਿਤਸਰ; ਅਤੇ (ii) ਲੁਧਿਆਣਾ।

ਅਨੁਮਾਨਾਂ ਦੇ ਬਾਵਜੂਦ ਹੈ: ਕਾਰਪੋਰੇਸ਼ਨ ਲੁਧਿਆਣਾ ਦੁਆਰਾ ਪੇਸ਼ ਕੀਤਾ ਅਤੇ ਸਵੀਕਾਰ ਕੀਤਾ ਗਿਆ।

ਸਾਲ 2017-18 ਦੇ ਮੁਕਾਬਲੇ 2020-21 ਤੱਕ ਅੰਮ੍ਰਿਤਸਰ ਵਿੱਚ ਰਹਿੰਦ-ਖੂੰਹਦ ਨੂੰ ਇਕੱਠਾ ਕਰਨ ਅਤੇ ਲਿਜਾਣ ਵਿੱਚ ਕਮੀ ਆਈ ਹੈ। ਹਾਲਾਂਕਿ, ਇਹ 2021-22 ਵਿੱਚ ਵਧਿਆ ਪਰ ਅੰਮ੍ਰਿਤਸਰ ਸ਼ਹਿਰ ਦੀ ਆਬਾਦੀ ਵਿੱਚ ਲਗਭਗ 8.5 *ਪ੍ਰਤੀਸ਼ਤ* (2017-22[78] ਦੌਰਾਨ 13,11,026 ਤੋਂ 14,23,114) ਦੇ ਵਾਧੇ ਦੇ ਅਨੁਮਾਨ ਦੇ ਬਾਵਜੂਦ ਇਹ ਅਜੇ ਵੀ 2017-18 ਨਾਲੋਂ ਘੱਟ ਸੀ।

ਕੋਵਿਡ ਕਾਰਨ 2020-21 ਦੀ ਮਿਆਦ ਨੂੰ ਛੱਡ ਕੇ ਰਹਿੰਦ-ਖੂੰਹਦ ਦੀ ਢੋਆ-ਢੋਆਈ ਦਾ ਘਟਦਾ ਰੁਝਾਨ ਜਾਇਜ਼ ਨਹੀਂ ਸੀ ਕਿਉਂਕਿ ਯੂ ਐਲ ਬੀਜ਼ ਫਾਰਮ-IV ਵਿੱਚ ਲਗਭਗ 100 *ਪ੍ਰਤੀਸ਼ਤ* ਸੰਗ੍ਰਹਿ ਦਿਖਾ ਰਹੇ ਸਨ ਜੋ ਯੂ ਐਲ ਬੀ ਦੁਆਰਾ ਇਕੱਤਰ ਕੀਤੇ ਲਿਜਾਇਆ ਗਿਆ ਅਸਲ ਰਹਿੰਦ-ਖੂੰਹਦ ਨਾਲ ਮੇਲ ਨਹੀਂ ਖਾਂਦਾ ਸੀ।

ਜਵਾਬ ਵਿੱਚ, ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ (ਅਕਤੂਬਰ 2024) ਕਿ ਕਨਸ਼ੈਸ਼ਨੇਅਰ ਦੁਆਰਾ ਰੋਜ਼ਾਨਾ ਦੇ ਅਧਾਰ ਤੇ ਰਹਿੰਦ-ਖੂੰਹਦ ਇਕੱਠਾ ਕੀਤਾ ਜਾਂਦਾ ਸੀ ਅਤੇ ਕੋਵਿਡ-19 ਕਾਰਨ 2020-21 ਦੌਰਾਨ ਰਹਿੰਦ-ਖੂੰਹਦ ਇਕੱਠਾ ਕਰਨ ਵਿੱਚ ਕਮੀ ਆਈ ਹੈ ਅਤੇ ਨਗਰ ਕਨਸ਼ੈਸ਼ਨੇਅਰ ਨਾਲ ਇਕੱਤਰ ਕੀਤੇ ਰਹਿੰਦ-ਖੂੰਹਦ ਦੇ ਘਟਦੇ ਰੁਝਾਨਾਂ ਦੀ ਜਾਂਚ ਕਰੇਗਾ। ਯੂ ਐਲ ਬੀ ਲੁਧਿਆਣਾ ਨੇ ਕਿਹਾ (ਅਕਤੂਬਰ 2024) ਕਿ ਸਾਲ 2020-21 ਦੌਰਾਨ, ਕੋਵਿਡ-19 ਦੇ ਪ੍ਰਬੰਧ ਕਾਰਨ ਰਹਿੰਦ-ਖੂੰਹਦ ਇਕੱਠਾ ਕਰਨ ਵਿੱਚ ਕਮੀ ਆਈ ਕਿਉਂਕਿ ਬਾਜ਼ਾਰ ਬੰਦ ਸਨ ਅਤੇ ਜਨਤਕ ਆਵਾਜਾਈ ਘੱਟ ਸੀ। ਹਾਲਾਂਕਿ, 2019-20 ਦੇ ਮੁਕਾਬਲੇ 2021-22 ਵਿੱਚ ਗਿਰਾਵਟ ਦੇ ਰੁਝਾਨ ਲਈ ਕੋਈ ਖਾਸ ਕਾਰਨ ਨਹੀਂ ਦੱਸੇ ਗਏ।

2.4.2.3 ਐਸ ਡਬਲਯੂ ਐਮ ਵਿੱਚ ਸਵੈ-ਸਹਾਇਤਾ ਸਮੂਹਾਂ ਦੀ ਸ਼ਮੂਲੀਅਤ

ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮ, 2016 ਇਹ ਪ੍ਰਦਾਨ ਕਰਦੇ ਹਨ ਕਿ ਯੂ ਐਲ ਬੀਜ਼ ਸਵੈ-ਸਹਾਇਤਾ ਸਮੂਹਾਂ (ਐਸ ਐਚ ਜੀਜ਼) ਦੇ ਗਠਨ ਦੀ ਸਹੂਲਤ ਪ੍ਰਦਾਨ ਕਰਨਗੇ, ਪਛਾਣ ਪੱਤਰ ਪ੍ਰਦਾਨ ਕਰਨਗੇ ਅਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਐਸ ਡਬਲਯੂ ਐਮ ਵਿੱਚ ਏਕੀਕ੍ਰਿਤ ਕਰਨ ਲਈ ਉਤਸ਼ਾਹਤ ਕਰਨਗੇ, ਜਿਸ ਵਿੱਚ ਘਰ-ਘਰ ਰਹਿੰਦ-ਖੂੰਹਦ ਇਕੱਠਾ ਕਰਨਾ ਸ਼ਾਮਲ ਹੈ।

ਚੁਣੇ ਗਏ 20 ਯੂ ਐਲ ਬੀਜ਼ ਵਿਚੋਂ, ਐਸ ਐਚ ਜੀਜ਼ ਸਿਰਫ਼ ਤਿੰਨ[79] ਯੂ ਐਲ ਬੀਜ਼ ਵਿੱਚ ਘਰ-ਘਰ ਰਹਿੰਦ-ਖੂੰਹਦ ਇਕੱਠਾ ਕਰਨ ਵਿੱਚ ਸ਼ਾਮਲ ਸਨ। ਇਨ੍ਹਾਂ ਸਵੈ-ਸਹਾਇਤਾ ਸਮੂਹਾਂ ਨੇ ਇਨ੍ਹਾਂ ਯੂ ਐਲ ਬੀਜ਼ ਵਿੱਚ 119, 83 ਅਤੇ 215 ਵਿਅਕਤੀਆਂ ਨੂੰ ਸ਼ਾਮਲ ਕੀਤਾ। ਰਾਜਪੁਰਾ, ਮਾਨਸਾ ਅਤੇ ਮੋਗਾ ਵਿੱਚ ਰਹਿੰਦ-ਖੂੰਹਦ ਜਨਰੇਟ ਕਰਨ ਵਾਲੇ ਕ੍ਰਮਵਾਰ 26,713; 20,771 ਅਤੇ

---

78 ਅੰਮ੍ਰਿਤਸਰ ਦੇ ਏਕੀਕ੍ਰਿਤ ਐਮ ਐਸ ਡਬਲਯੂ ਪ੍ਰਬੰਧਨ ਲਈ ਡੀ ਪੀ ਆਰ (ਫਰਵਰੀ 2016) ਕਾਰਪੋਰੇਸ਼ਨ ਅੰਮ੍ਰਿਤਸਰ ਦੁਆਰਾ ਤਿਆਰ ਅਤੇ ਸਵੀਕਾਰ ਕੀਤੀ ਗਈ।

79 (i) ਮਾਨਸਾ; (ii) ਮੋਗਾ; ਅਤੇ (iii) ਰਾਜਪੁਰਾ।

41,417 ਸਨ, ਜਿਨ੍ਹਾਂ ਵਿੱਚੋਂ 48,660 ਐਮ ਟੀ, 3,454 ਐਮ ਟੀ ਅਤੇ 11,5,394 ਐਮ ਟੀ ਰਹਿੰਦ-ਖੂੰਹਦ ਇਕੱਠਾ ਕੀਤਾ ਗਿਆ ਸੀ ***(ਅੰਤਿਕਾ 2.7)***।

ਚੌਦਾਂ[80] ਯੂ ਐਲ ਬੀਜ਼ ਨੇ ਕਿਹਾ ਕਿ ਭਵਿੱਖ ਵਿੱਚ, ਐਸ ਐਚ ਜੀਜ਼ ਐਸ ਡਬਲਯੂ ਐਮ ਵਿੱਚ ਸ਼ਾਮਲ ਹੋਣਗੇ। ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ ਕਿ ਐਸ ਡਬਲਯੂ ਐਮ ਦਾ ਕੰਮ ਕਨਸ਼ੈਸ਼ਨੇਅਰ ਰਾਹੀਂ ਕੀਤਾ ਜਾਂਦਾ ਹੈ। ਹਾਲਾਂਕਿ, ਕਾਰਪੋਰੇਸ਼ਨ ਨੇ ਵੱਖ-ਵੱਖ ਸਮੇਂ 'ਤੇ ਲੱਬਾਂ/ਸੁਸਇਟੀਆਂ ਨੂੰ ਸ਼ਾਮਲ ਕੀਤਾ ਸੀ ਪਰ ਇਸ ਦੀ ਪੁਸ਼ਟੀ ਕਰਨ ਲਈ ਕੋਈ ਰਿਕਾਰਡ ਉਪਲਬਧ ਨਹੀਂ ਸੀ। ਯੂ ਐਲ ਬੀ ਲੁਧਿਆਣਾ ਕਿਹਾ ਕਿ ਕਿਸੇ ਵੀ ਐਸ ਐਚ ਜੀ ਨੂੰ ਰਹਿੰਦ-ਖੂੰਹਦ ਪ੍ਰਬੰਧਨ ਵਿੱਚ ਸ਼ਾਮਲ ਹੋਣ ਲਈ ਯੂ ਐਲ ਬੀ ਨਾਲ ਸੰਪਰਕ ਨਹੀਂ ਕੀਤਾ ਅਤੇ ਜਦੋਂ ਵੀ ਐਸ ਐਚ ਜੀ ਅੱਗੇ ਆਵੇਗਾ, ਯੂ ਐਲ ਬੀ ਇਸ ਨੂੰ ਤੁਰੰਤ ਲਵੇਗਾ।

2.4.2.4 ਰਹਿੰਦ-ਖੂੰਹਦ ਦੇ ਸੰਵੇਦਨਸ਼ੀਲ ਸਥਾਨਾਂ ਨੂੰ ਨਾ ਹਟਾਉਣਾ

ਐਸ ਬੀ ਐਮ-ਯੂ (2.0) ਦਾ ਇੱਕ ਉਦੇਸ਼ ਰਹਿੰਦ-ਖੂੰਹਦ ਮੁਕਤ ਸ਼ਹਿਰਾਂ (ਜੀ ਐਫ ਸੀ) ਨੂੰ ਪ੍ਰਾਪਤ ਕਰਨਾ ਹੈ, ਜਿਸ ਵਿੱਚ ਰਹਿੰਦ-ਖੂੰਹਦ ਕਮਜ਼ੋਰ ਪੁਆਇੰਟਾਂ (ਜੀ ਵੀ ਪੀਜ਼) ਨੂੰ ਖਤਮ ਕਰਨਾ ਸ਼ਾਮਲ ਹੈ ਜੋ ਸ਼ਹਿਰ ਨੂੰ ਸਾਫ ਰੱਖਣ ਲਈ ਯੂ ਐਲ ਬੀਜ਼ ਲਈ ਮਹੱਤਵਪੂਰਣ ਰੁਕਾਵਟ ਪੈਦਾ ਕਰਦੇ ਹਨ।

ਪੀ ਐਮ ਆਈ ਡੀ ਸੀ ਨੇ ਪੰਜਾਬ ਵਿੱਚ ਸਥਿਤ 494 ਜੀ ਵੀ ਪੀਜ਼ ਦੀ ਇੱਕ ਸੂਚੀ ਦੀ ਪਛਾਣ ਕੀਤੀ ਅਤੇ (ਜੁਲਾਈ 2022) ਵੰਡੀ। ਇਨ੍ਹਾਂ ਵਿੱਚੋਂ 96 ਜੀ ਵੀ ਪੀਜ਼ 20 ਚੁਣੇ ਹੋਏ ਯੂ ਐਲ ਬੀਜ਼ ਵਿੱਚੋਂ 13 ਦੇ ਅਧਿਕਾਰ ਖੇਤਰ ਵਿੱਚ ਆ ਰਹੇ ਸਨ ***(ਅੰਤਿਕਾ 2.8)***।

ਨੌਂ ਚੁਣੇ ਹੋਏ ਯੂ ਐਲ ਬੀਜ਼[81] ਦੇ ਦੌਰਿਆਂ ਦੇ ਦੌਰਾਨ 16 ਜੀ ਵੀ ਪੀਜ਼ ਅਜੇ ਵੀ ਮੌਜੂਦ ਪਾਏ ਗਏ। ਇਸ ਤੋਂ ਇਲਾਵਾ, ਯੂ ਐਲ ਬੀ, ਐਸ ਬੀ ਐਸ ਨਗਰ ਵਿੱਚ, ਚਾਰ ਨਵੇਂ ਜੀ ਵੀ ਪੀਜ਼, ਮਿਲੇ ਪੀ ਐਮ ਆਈ ਡੀ ਸੀ ਦੁਆਰਾ ਵੰਡੀ ਗਈ ਸੂਚੀ ਦਾ ਹਿੱਸਾ ਨਹੀਂ ਸਨ।

ਜਵਾਬ ਵਿੱਚ, ਦਸ[82] ਯੂ ਐਲ ਬੀਜ਼ ਨੇ ਕਿਹਾ ਇਹ ਯੂ ਐਲ ਬੀਜ਼ ਵਿੱਚ ਇੱਕ ਆਮ ਸਮੱਸਿਆ ਸੀ, ਅਤੇ ਸਾਰੇ ਜੀ ਵੀ ਪੀਜ਼ ਨੂੰ ਹਟਾਉਣਾ ਬਹੁਤ ਮੁਸ਼ਕਲ ਸੀ, ਹਾਲਾਂਕਿ, ਜਦੋਂ ਵੀ ਇਹ ਧਿਆਨ ਵਿੱਚ ਆਉਂਦਾ ਹੈ, ਇਸ ਨੂੰ ਤੁਰੰਤ ਹਟਾ ਦਿੱਤਾ ਜਾਂਦਾ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਅਜਿਹੇ ਜੀ ਵੀ ਪੀਜ਼ ਦੇ ਗਠਨ ਨੂੰ ਰੋਕਣਾ ਯੂ ਐਸ ਬੀ ਦੀ ਜ਼ਿੰਮੇਵਾਰੀ ਸੀ।

2.4.2.5 ਰਹਿੰਦ-ਖੂੰਹਦ ਨੂੰ ਇਕੱਤਰ ਕਰਨ ਲਈ ਵਾਹਨਾਂ ਦਾ ਗੈਰ-ਸਿੰਕ੍ਰੋਨਾਈਜੇਸ਼ਨ

ਮਿਉਂਸਪਲ ਸਾਲਿਡ ਵੇਸਟ ਮੈਨੇਜਮੈਂਟ ਮੈਨੂਅਲ, 2016 ਕੰਟੇਨਰਾਂ ਦੇ ਓਵਰਫਲੋਅ ਅਤੇ ਰਹਿੰਦ-ਖੂੰਹਦ ਦੇ ਖਿਲਰਣ ਤੋਂ ਬਚਣ ਲਈ ਨਿਯਮਤ ਅਤੇ ਚੰਗੀ ਤਰ੍ਹਾ ਸੰਚਾਰਿਤ ਦੇ ਅੰਤਰਾਲਾਂ (ਪ੍ਰਾਇਮਰੀ ਇਕੱਤਰ ਕਰਨ ਦੇ ਸਬੰਧ ਵਿੱਚ) ਦੇ ਨਾਲ ਇੱਕ ਚੰਗੀ ਤਰ੍ਹਾਂ ਸਿੰਕ੍ਰੋਨਾਈਜੇਸ਼ਨ

---

80 (i) ਆਦਮਪੁਰ; (ii) ਬਿਲਗਾ; (iii) ਦੋਰਾਹਾ; (iv) ਫਿਰੋਜ਼ਪੁਰ; (v) ਕਰਤਾਰਪੁਰ; (vi) ਖਮਾਣੋਂ; (vii) ਕੀਰਤਪੁਰ ਸਾਹਿਬ; (viii) ਮੱਖੂ; (ix) ਮਹਿਰਾਜ; (x) ਕਾਦੀਆਂ; (xi) ਰੂਪਨਗਰ; (xii) ਐਸ ਏ ਐਸ ਨਗਰ; (xiii) ਐਸ ਬੀ ਐਸ ਨਗਰ; ਅਤੇ (xiv) ਸਰਹਿੰਦ।

81 (i) ਲੁਧਿਆਣਾ; (ii) ਕੀਰਤਪੁਰ ਸਾਹਿਬ; (iii) ਖਮਾਣੋਂ; (iv) ਐਸ ਏ ਐਸ ਨਗਰ; (v) ਮੱਖੂ; (vi) ਸਰਹਿੰਦ; (vii) ਰੂਪਨਗਰ; (viii) ਦੋਰਾਹਾ; ਅਤੇ (ix) ਕਾਦੀਆਂ।

82 (i) ਦੋਰਾਹਾ; (ii) ਕੀਰਤਪੁਰ ਸਾਹਿਬ; (iii) ਲੁਧਿਆਣਾ; (iv) ਮੱਖੂ; (v) ਕਾਦੀਆਂ; (vi) ਰੂਪਨਗਰ; (vii) ਐਸ ਏ ਐਸ ਨਗਰ; (viii) ਐਸ ਬੀ ਐਸ ਨਗਰ; (ix) ਖਮਾਣੋਂ; ਅਤੇ (x) ਸਰਹਿੰਦ।

ਪ੍ਰਾਇਮਰੀ ਅਤੇ ਸੈਕੰਡਰੀ ਇਕੱਤਰ ਕਰਨ ਅਤੇ ਆਵਾਜਾਈ ਪ੍ਰਣਾਲੀ ਨਿਰਧਾਰਤ ਕਰਦਾ ਹੈ। ਪੈਰ੍ਹਾ 1.4.5.10 ਇਸ ਲਈ, ਸਲਾਹ ਦਿੰਦਾ ਹੈ ਕਿ ਸੈਕੰਡਰੀ ਇਕੱਤਰ ਕਰਨ ਵਾਲੇ ਵਾਹਨਾਂ ਦੀ ਚੋਣ ਨੂੰ ਟ੍ਰਾਂਸਫਰ ਸਟੇਸ਼ਨ ਵਿੱਚ ਸੈਕੰਡਰੀ ਸੰਗ੍ਰਹਿ ਡੱਬਿਆਂ ਅਤੇ ਸਟੋਰੇਜ ਕੰਟੇਨਰਾਂ ਦੇ ਡਿਜ਼ਾਈਨ ਨਾਲ ਸਿੰਕ੍ਰੋਨਾਈਜ਼ ਕੀਤਾ ਜਾਣਾ ਚਾਹੀਦਾ ਹੈ, ਕੰਪੈਕਟਰਾਂ ਦੀ ਵਰਤੋਂ ਟ੍ਰਾਂਸਫਰ ਸਟੇਸ਼ਨਾਂ ਤੋਂ ਰਹਿੰਦ-ਖੂੰਹਦ ਦੇ ਨਿਪਟਾਰੇ ਵਾਲੀ ਥਾਂ ਤੱਕ ਰਹਿੰਦ-ਖੂੰਹਦ ਨੂੰ ਲਿਜਾਣ ਲਈ ਕੀਤੀ ਜਾ ਸਕਦੀ ਹੈ।

ਗੈਰ-ਰਸਮੀ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਦੁਆਰਾ ਆਵਾਜਾਈ ਦੇ ਵੱਖ-ਵੱਖ ਸਾਧਨਾਂ ਜਿਵੇਂ ਕਿ ਰਿਕਸ਼ਾਂ (ਰੇਹੜੀਆਂ), ਈ-ਰਿਕਸ਼ਾ ਅਤੇ ਹੋਰ ਮਸ਼ੀਨੀ ਸਾਧਨਾਂ ਦੀ ਵਰਤੋਂ ਕਰਕੇ ਇਕੱਤਰ ਕੀਤੇ ਰਹਿੰਦ-ਖੂੰਹਦ ਨੂੰ ਟ੍ਰਾਂਸਫਰ ਸਟੇਸ਼ਨਾਂ, ਸੈਕੰਡਰੀ ਸਟੋਰੇਜ ਪੁਆਇੰਟਾਂ ਅਤੇ ਐਮ ਆਰ ਐਫ ਜ਼ਰੀਏ ਉਤਾਰਿਆ ਗਿਆ ਸੀ। ਇਸ ਤੋਂ ਬਾਅਦ, ਇਸ ਨੂੰ ਮਸ਼ੀਨਾਂ ਦੀ ਵਰਤੋਂ ਕਰਕੇ ਟਿੱਪਰਾਂ ਜਾਂ ਟਰੈਕਟਰਾਂ ਤੇ ਲੋਡ ਕੀਤਾ ਗਿਆ ਅਤੇ ਨਿਪਟਾਰੇ ਜਾਂ ਪ੍ਰੋਸੈਸਿੰਗ ਲਈ ਲਿਜਾਇਆ ਗਿਆ।



ਪ੍ਰਦਰਸ਼ਨੀ 3: ਸਿੰਕ੍ਰੋਨਾਈਜ਼ਡ ਵਾਹਨ, ਅੰਮ੍ਰਿਤਸਰ

20 ਚੁਣੇ ਹੋਏ ਯੂ ਐਲ ਬੀਜ਼ ਦੇ ਵੱਖ-ਵੱਖ ਸਾਈਟਾਂ ਦੇ ਰਿਕਾਰਡਾਂ ਅਤੇ ਭੌਤਿਕ ਦੌਰਿਆਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਕੰਪੈਕਟਰਾਂ ਦੀ ਵਰਤੋਂ ਸੁੱਕੇ ਅਤੇ ਗਿੱਲੇ ਰਹਿੰਦ-ਖੂੰਹਦ ਦੇ ਕੰਪੈਕਸ਼ਨ ਲਈ ਕੀਤੀ ਗਈ ਸੀ ਤਾਂ ਜੋ ਸਿਰਫ਼ ਯੂ ਐਲ ਬੀ ਲੁਧਿਆਣਾ ਵਿੱਚ ਰਹਿੰਦ-ਖੂੰਹਦ ਦੇ ਮਲਟੀਪਲ ਹੈਂਡਲਿੰਗ ਤੋਂ ਬਚਿਆ ਜਾ ਸਕੇ। ਇਸ ਪ੍ਰਣਾਲੀ ਵਿੱਚ, ਰਹਿੰਦ-ਖੂੰਹਦ ਚੁੱਕਣ ਵਾਲੇ ਕੰਪੈਕਟਰ ਵਿੱਚ ਰਹਿੰਦ-ਖੂੰਹਦ ਨੂੰ ਅਨਲੋਡ ਕਰਦੇ ਹਨ, ਜੋ ਇਸ ਨੂੰ ਕੰਮਪ੍ਰੈਸ ਕਰਕੇ ਰਹਿੰਦ-ਖੂੰਹਦ ਦੀ ਮਾਤਰਾ ਨੂੰ ਘਟਾਉਂਦਾ ਹੈ ਅਤੇ ਹੁਕ ਲੋਡਰ ਰਹਿੰਦ-ਖੂੰਹਦ ਨੂੰ ਵਿਗਿਆਨਕ ਤਰੀਕੇ ਨਾਲ ਡੰਪ ਸਾਈਟ 'ਤੇ ਲਿਜਾਂਦਾ ਹੈ। ਯੂ ਐਲ ਬੀ ਅੰਮ੍ਰਿਤਸਰ ਵਿੱਚ ਇੱਕ ਸਾਂਝੇ ਭੌਤਿਕ ਦੌਰੇ (ਜੇ ਵੀ ਪੀ) ਦੌਰਾਨ ਰਹਿੰਦ-ਖੂੰਹਦ ਨੂੰ ਇਕੱਤਰ ਕਰਨ ਅਤੇ ਲਿਜਾਣ ਲਈ ਦੋ ਸਿੰਕ੍ਰੋਨਾਈਜ਼ਡ ਵਾਹਨ ਵੇਖੇ ਗਏ।

ਬਾਕੀ 18 ਯੂ ਐਲ ਬੀਜ਼ ਵਿੱਚ ਰਹਿੰਦ-ਖੂੰਹਦ ਵਾਲਿਆਂ ਦੁਆਰਾ ਆਵਾਜਾਈ ਦੇ ਵੱਖ-ਵੱਖ ਸਾਧਨਾਂ ਜਿਵੇਂ ਕਿ ਰਿਕਸ਼ਾਂ (ਰੇਹੜੀਆਂ), ਈ-ਰਿਕਸ਼ਾ ਅਤੇ ਹੋਰ ਮਸ਼ੀਨੀ ਸਾਧਨਾਂ ਦੀ ਵਰਤੋਂ ਕਰਕੇ ਰਹਿੰਦ-ਖੂੰਹਦ ਇਕੱਠਾ ਕੀਤਾ ਜਾ ਰਿਹਾ ਸੀ। ਇਕੱਠੇ ਕੀਤੇ ਰਹਿੰਦ-ਖੂੰਹਦ ਨੂੰ ਟ੍ਰਾਂਸਫਰ ਸਟੇਸ਼ਨਾਂ, ਸੈਕੰਡਰੀ ਸਟੋਰੇਜ ਪੁਆਇੰਟਾਂ ਅਤੇ ਐਮ ਆਰ ਐਫਜ਼ ਤੇ ਉਤਾਰਿਆ ਗਿਆ। ਇਸ ਤੋਂ ਬਾਅਦ, ਇਸ ਨੂੰ ਮਸ਼ੀਨਾਂ ਦੀ ਵਰਤੋਂ ਕਰਕੇ ਟਿੱਪਰਾਂ ਜਾਂ ਟਰੈਕਟਰਾਂ ਤੇ ਲੋਡ ਕੀਤਾ ਗਿਆ ਅਤੇ ਨਿਪਟਾਰੇ ਜਾਂ ਪ੍ਰੋਸੈਸਿੰਗ ਲਈ ਲਿਜਾਇਆ ਗਿਆ।

ਯੂ ਐਲ ਬੀਜ਼ ਦੁਆਰਾ ਅਪਣਾਈ ਗਈ ਇਕੱਤਰ ਕਰਨ ਦੀ ਵਿਧੀ ਨੇ ਸੰਕੇਤ ਦਿੱਤਾ ਕਿ ਰਹਿੰਦ-ਖੂੰਹਦ ਦੇ ਮਲਟੀਪਲ ਹੈਂਡਲਿੰਗ ਤੋਂ ਬਚਣ ਲਈ ਰਹਿੰਦ-ਖੂੰਹਦ ਨੂੰ ਇਕੱਤਰ ਕਰਨ ਲਈ ਵਾਹਨਾਂ ਦਾ ਸਿੰਕ੍ਰੋਨਾਈਜੇਸ਼ਨ ਨਹੀਂ ਕੀਤਾ ਗਿਆ ਸੀ। ਰਹਿੰਦ-ਖੂੰਹਦ ਦੇ ਮਲਟੀ-ਹੈਂਡਲਿੰਗ ਦੀਆਂ ਉਦਾਹਰਨਾਂ ਤਸਵੀਰਾਂ ਵਿੱਚ ਦਰਸਾਇਆ ਗਿਆ ਹੈ:



ਪ੍ਰਦਰਸ਼ਨੀ 4: ਝਬਾਲ ਰੋਡ, ਅੰਮ੍ਰਿਤਸਰ ਵਿਖੇ ਟ੍ਰਾਂਸਫਰ ਸਟੇਸ਼ਨ



ਪ੍ਰਦਰਸ਼ਨੀ 5: ਐਮ ਸੀ ਦਫਤਰ, ਐਸ ਬੀ ਐਸ ਨਗਰ ਨੇੜੇ ਟ੍ਰਾਂਸਫਰ ਸਟੇਸ਼ਨ

ਜਵਾਬ ਵਿੱਚ, ਸਤਾਰਾਂ[83] ਯੂ ਐਲ ਬੀਜ਼ ਨੇ ਕਿਹਾ ਕਿ ਲੋੜ ਅਨੁਸਾਰ ਸਿੰਕ੍ਰੋਨਾਈਜ਼ਡ ਵਾਹਨ ਖਰੀਦਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਕਾਰਪੋਰੇਸ਼ਨ, ਅੰਮ੍ਰਿਤਸਰ ਨੇ ਜਵਾਬ ਦਿੱਤਾ ਕਿ ਇਸ ਸਮੇਂ ਜਿਆਦਾਤਰ ਰਹਿੰਦ-ਖੂੰਹਦ ਬੰਦ ਕੰਪੈਕਟਰਾਂ ਵਿੱਚ ਲਿਜਾਇਆ ਜਾਂਦਾ ਹੈ, ਰਹਿੰਦ-ਖੂੰਹਦ ਦੀ ਢੋਆ-ਢੁਆਈ ਲਈ ਓਪਨ ਬਾਡੀ ਦੇ ਸਿਰਫ਼ ਤਿੰਨ ਟਿੱਪਰ ਵਰਤੇ ਜਾਂਦੇ ਹਨ ਅਤੇ ਕਨਸ਼ੈਨੇਅਰ ਨੂੰ ਓਪਨ ਬਾਡੀ ਵਾਹਨ ਵਿੱਚ ਜਾਂ ਬਿਨਾਂ ਕਵਰ ਕੀਤੇ ਰਹਿੰਦ-ਖੂੰਹਦ ਦੀ ਢੋਆ-ਢੁਆਈ ਲਈ ਨੋਟਿਸ ਜਾਰੀ ਕੀਤੇ ਜਾਣਗੇ। ਕਾਰਪੋਰੇਸ਼ਨ, ਬਠਿੰਡਾ ਨੇ ਕਿਹਾ ਕਿ ਕਾਰਪੋਰੇਸ਼ਨ ਕੋਲ ਚਾਰ ਡੱਬਿਆਂ ਵਾਲੇ ਲੋੜੀਂਦੇ ਵਾਹਨ ਉਪਲਬਧ ਸਨ ਅਤੇ ਭਵਿੱਖ ਵਿੱਚ ਸਿੰਕ੍ਰੋਨਾਈਜ਼ਡ ਵਾਹਨ ਦਾ ਪ੍ਰਬੰਧ ਕੀਤਾ ਜਾਵੇਗਾ।

ਇਸ ਤਰ੍ਹਾਂ, ਵਾਹਨਾਂ ਦਾ ਸਿੰਕ੍ਰੋਨਾਈਜ਼ੇਸਨ ਨਾ ਹੋਣ ਦੇ ਨਤੀਜੇ ਵਜੋਂ ਰਹਿੰਦ-ਖੂੰਹਦ ਦਾ ਕਈ ਵਾਰ ਨਿਪਟਾਰਾ ਕੀਤਾ ਜਾਂਦਾ ਹੈ, ਰਹਿੰਦ-ਖੂੰਹਦ ਖਿੱਲਰ ਜਾਂਦਾ ਹੈ ਅਤੇ ਰਹਿੰਦ-ਖੂੰਹਦ ਦਾ ਗਲਤ ਨਿਪਟਾਰਾ ਹੁੰਦਾ ਹੈ ਜੋ ਅਸਥਾਈ ਸਟੇਸ਼ਨਾਂ ਤੋਂ ਡੰਪਸਾਈਟਾਂ 'ਤੇ ਰਹਿੰਦ-ਖੂੰਹਦ ਦੇ ਟ੍ਰਾਂਸਫਰ ਲਈ ਲੱਗੇ ਕਰਮਚਾਰੀਆਂ ਲਈ ਖਤਰਨਾਕ ਸੀ।

2.4.2.6 ਜਲ ਸਰੋਤਾਂ ਵਿੱਚ ਰਹਿੰਦ-ਖੂੰਹਦ ਸੁੱਟਣਾ

ਯੂ ਐਲ ਬੀ ਨੂੰ ਰਹਿੰਦ-ਖੂੰਹਦ ਜਨਰੇਟਰਾਂ ਨੂੰ ਨਿਰਦੇਸ਼ ਦੇਣ ਦੀ ਲੋੜ ਹੈ ਕਿ ਉਹ ਸੜਕਾਂ ਖੁੱਲ੍ਹੀਆਂ ਜਨਤਕ ਥਾਵਾਂ, ਨਾਲੀਆਂ, ਜਲ ਸਰੋਤਾਂ ਤੇ ਕੋਈ ਰਹਿੰਦ-ਖੂੰਹਦ[84] ਨਾ ਸੁੱਟਣਾ ਜਾਂ ਨਿਪਟਾਰਾ ਨਾ ਕਰਨ ਅਤੇ ਐਸ ਡਬਲਯੂ ਐਮ ਨਿਯਮ, 2016 ਅਧੀਨ ਨਿਰਧਾਰਤ ਕੀਤੇ ਅਨੁਸਾਰ ਸਰੋਤ 'ਤੇ ਰਹਿੰਦ-ਖੂੰਹਦ ਨੂੰ ਵੱਖ ਕਰਨ ਅਤੇ ਵੱਖਰੇ ਰਹਿੰਦ-ਖੂੰਹਦ ਨੂੰ ਚੁੱਕਣ ਵਾਲਿਆਂ ਜਾਂ ਸਥਾਨਕ ਸੰਸਥਾ ਦੁਆਰਾ ਅਧਿਕਾਰਤ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਨੂੰ ਸੌਂਪਣ।

ਰਿਕਾਰਡਾਂ ਦੇ ਨਾਲ-ਨਾਲ ਜੇ ਪੀ ਵੀ ਦੀ ਪੜਤਾਲ ਤੋਂ ਪਤਾ ਲੱਗਿਆ ਕਿ 20 ਚੁਣੇ ਹੋਏ ਯੂ ਐਲ ਬੀਜ਼ ਵਿੱਚੋਂ ਛੇ ਯੂ ਐਲ ਬੀਜ਼[85] ਵਿੱਚ ਰਹਿੰਦ-ਖੂੰਹਦ ਨੇੜਲੇ ਜਲ ਸਰੋਤਾਂ ਵਿੱਚ ਜਾਂ ਨੇੜੇ ਜਮ੍ਹਾਂ ਪਾਇਆ ਗਿਆ ਸੀ ਜਿਵੇਂ ਕਿ ਤਸਵੀਰਾਂ ਵਿੱਚ ਦਰਸਾਇਆ ਗਿਆ ਹੈ:

---

83 (i) ਆਦਮਪੁਰ; (ii) ਬਿਲਗਾ; (iii) ਦੋਰਾਹਾ; (iv) ਫਿਰੋਜ਼ਪੁਰ; (v) ਕਰਤਾਰਪੁਰ; (vi) ਖਮਾਣੋਂ; (vii) ਕੀਰਤਪੁਰ ਸਾਹਿਬ; (viii) ਮੱਖੂ; (ix) ਮਾਨਸਾ; (x) ਮਹਿਰਾਜ; (xi) ਮੋਗਾ; (xii) ਕਾਦੀਆਂ; (xiii) ਰਾਜਪੁਰਾ; (xiv) ਰੂਪਨਗਰ; (xv) ਐਸ ਏ ਐਸ ਨਗਰ; (xvi) ਐਸ ਬੀ ਐਸ ਨਗਰ; ਅਤੇ (xvii) ਸਰਹਿੰਦ।

84 ਜਿਵੇਂ ਕਿ ਕਾਗਜ਼, ਪਾਣੀ ਦੀਆਂ ਬੋਤਲਾਂ, ਸ਼ਰਾਬ ਦੀਆਂ ਬੋਤਲਾਂ, ਸਾਫਟ ਡਰਿੰਕ ਦੇ ਡੱਬੇ, ਟੈਟਰਾ ਪੈਕ, ਫਲਾਂ ਦੇ ਛਿਲਕੇ, ਰੈਪਰ ਆਦਿ ਜਾਂ ਸੜਨ/ਦਫਨਾਉਣ ਵਾਲਾ ਰਹਿੰਦ-ਖੂੰਹਦ।

85 (i) ਖਮਾਣੋਂ; (ii) ਕੀਰਤਪੁਰ ਸਾਹਿਬ; (iii) ਲੁਧਿਆਣਾ; (iv) ਮਾਨਸਾ; (v) ਰੂਪਨਗਰ; ਅਤੇ (vi) ਸਰਹਿੰਦ।



ਪ੍ਰਦਰਸ਼ਨੀ 6: ਮਾਨਸਾ ਵਿੱਚ ਛੱਪੜ ਦੇ ਨੇੜੇ ਜਮ੍ਹਾ ਰਹਿੰਦ-ਖੂੰਹਦ



ਪ੍ਰਦਰਸ਼ਨੀ 7: ਸਿੱਧਵਾਂ ਨਹਿਰ, ਲੁਧਿਆਣਾ ਵਿੱਚ ਪਿਆ ਰਹਿੰਦ-ਖੂੰਹਦ

ਜਵਾਬ ਵਿੱਚ, ਤਿੰਨ[86] ਯੂ ਐਲ ਬੀ ਨੇ ਕਿਹਾ (ਅਕਤੂਬਰ 2024) ਕਿ ਜਲ ਸਰੋਤਾਂ ਵਿੱਚ ਰਹਿੰਦ-ਖੂੰਹਦ ਨਾ ਸੁੱਟਣ ਬਾਰੇ ਜਾਗਰੂਕਤਾ ਫੈਲਾਉਣ ਦੇ ਯਤਨ ਕੀਤੇ ਜਾਣਗੇ। ਕਾਰਪੋਰੇਸ਼ਨ, ਲੁਧਿਆਣਾ ਨੇ ਕਿਹਾ ਕਿ ਨਿਗਮ ਨੇ ਜਲ ਸਰੋਤਾਂ ਦੇ ਕਿਨਾਰੇ ਨੂੰ ਕੰਧਾਂ ਜਾਂ ਸਟੀਲ ਦੀਆਂ ਜਾਲੀਆਂ ਨਾਲ ਢੱਕਣ ਲਈ ਕਾਰਵਾਈ ਕੀਤੀ ਹੈ ਤਾਂ ਜੋ ਲੋਕਾਂ ਨੂੰ ਜਲ ਸਰੋਤਾਂ ਵਿੱਚ ਰਹਿੰਦ-ਖੂੰਹਦ ਸੁੱਟਣ ਤੋਂ ਰੋਕਿਆ ਗਿਆ ਸੀ। ਯੂ ਐਲ ਬੀ ਮਾਨਸਾ ਨੇ ਕਿਹਾ ਕਿ ਹੋਰ ਜ਼ਮੀਨ ਉਪਲਬਧ ਨਾ ਹੋਣ ਕਾਰਨ ਨਗਰ ਨਿਗਮ ਵੱਲੋਂ ਰਹਿੰਦ-ਖੂੰਹਦ ਜਲ ਘਰ ਦੇ ਨੇੜੇ ਸੁਟਿਆ ਜਾ ਰਿਹਾ ਸੀ। ਯੂ ਐਲ ਬੀ ਰੂਪਨਗਰ ਨੇ ਕਿਹਾ ਕਿ ਲੋਕਾਂ ਨੂੰ ਖੁਲ੍ਹੀਆਂ ਥਾਵਾਂ 'ਤੇ ਰਹਿੰਦ-ਖੂੰਹਦ ਸੁੱਟਣ ਤੇ ਖਤਰਿਆਂ ਬਾਰੇ ਜਾਗਰੂਕ ਕਰਨ ਲਈ ਆਈ ਈ ਸੀ ਗਤੀਵਿਧੀਆਂ ਵੀ ਕੀਤੀਆਂ ਗਈਆਂ ਸਨ।

2.4.3 ਠੋਸ ਰਹਿੰਦ-ਖੂੰਹਦ ਨੂੰ ਵੱਖ-ਵੱਖ ਕਰਨਾ

ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮ ਠੋਸ ਰਹਿੰਦ-ਖੂੰਹਦ ਦੇ ਵੱਖ-ਵੱਖ ਹਿੱਸਿਆਂ ਲਈ ਵੱਖਕਰਨ ਅਤੇ ਵੱਖਰੇ ਭੰਡਾਰਨ ਵਜੋਂ ਪਰਿਭਾਸ਼ਿਤ ਕਰਦੇ ਹਨ, ਬਾਇਓ-ਡਿਗ੍ਰੇਡੇਬਲ ਰਹਿੰਦ-ਖੂੰਹਦ, ਜਿਸ ਵਿੱਚ, ਖੇਤੀਬਾੜੀ ਅਤੇ ਡੇਅਰੀ ਰਹਿੰਦ-ਖੂੰਹਦ, ਗੈਰ-ਬਾਇਓ-ਡਿਗ੍ਰੇਡੇਬਲ ਰਹਿੰਦ-ਖੂੰਹਦ, ਰੀਸਾਈਕਲ ਕੀਤੇ ਜਾਣ ਵਾਲੇ ਰਹਿੰਦ-ਖੂੰਹਦ, ਗੈਰ-ਰੀਸਾਈਕਲ ਕੀਤੇ ਜਾਣ ਵਾਲੇ ਦਹਿਨਸ਼ੀਲ ਰਹਿੰਦ-ਖੂੰਹਦ, ਸੈਨੇਟਰੀ ਵੇਸਟ ਅਤੇ ਗੈਰ-ਰੀਸਾਈਕਲ ਕੀਤੇ ਜਾਣ ਵਾਲੇ ਇਨਰਟ ਰਹਿੰਦ-ਖੂੰਹਦ, ਘਰੇਲੂ ਖਤਰਨਾਕ ਰਹਿੰਦ-ਖੂੰਹਦ ਅਤੇ ਨਿਰਮਾਣ ਅਤੇ ਡਿਮੋਲਿਸ਼ਨ ਵਾਲੇ ਰਹਿੰਦ-ਖੂੰਹਦ ਸ਼ਾਮਲ ਹਨ।

ਮਿਉਂਸਪਲ ਸਾਲਿਡ ਵੇਸਟ ਮੈਨੇਜਮੈਂਟ ਮੈਨੂਅਲ ਸਲਾਹ ਦਿੰਦਾ ਹੈ ਕਿ ਸਰੋਤ ਤੇ ਰਹਿੰਦ-ਖੂੰਹਦ ਨੂੰ ਵੱਖ ਕਰਨਾ ਇਹ ਸੁਨਿਸ਼ਚਿਤ ਕਰਦਾ ਹੈ ਕਿ ਰਹਿੰਦ-ਖੂੰਹਦ ਘੱਟ ਦੂਸ਼ਿਤ ਹੈ ਅਤੇ ਇਸ ਨੂੰ ਇਕੱਤਰ ਕੀਤਾ ਜਾ ਸਕਦਾ ਹੈ ਅਤੇ ਅੱਗੇ ਦੇ ਪ੍ਰੋਸੈਸ ਲਈ ਲਿਜਾਇਆ ਜਾ ਸਕਦਾ ਹੈ। ਰਹਿੰਦ-ਖੂੰਹਦ ਨੂੰ ਵੱਖ ਕਰਨਾ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਅਤੇ ਟਰੀਟਮੈਂਟ ਤਕਨਾਲੋਜੀਆਂ ਨੂੰ ਵੀ ਅਨੁਕੂਲ ਬਣਾਉਂਦਾ ਹੈ, ਜਿਸ ਨਾਲ ਵੱਖਰੀ ਸਮੱਗਰੀ ਦਾ ਉੱਚ ਅਨੁਪਾਤ ਹੁੰਦਾ ਹੈ ਜਿਸ ਨੂੰ ਦੁਬਾਰਾ ਵਰਤਿਆ ਅਤੇ ਰੀਸਾਈਕਲ ਕੀਤਾ ਜਾ ਸਕਦਾ ਹੈ।

[86] (i) ਖਮਾਣੋਂ; (ii) ਕੀਰਤਪੁਰ ਸਾਹਿਬ; ਅਤੇ (iii) ਸਰਹਿੰਦ।

2.4.3.1 ਰਹਿੰਦ-ਖੂੰਹਦ ਨੂੰ ਅਯੋਗ ਤਰੀਕੇ ਨਾਲ ਵੱਖ ਕਰਨਾ

ਐਸ ਡਬਲਯੂ ਐਮ ਨਿਯਮ, 2016 ਦੇ ਨਿਯਮ 15(ਜੀ) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਸਥਾਨਕ ਅਥਾਰਟੀਆਂ ਰਹਿੰਦ-ਖੂੰਹਦ ਜਨਰੇਟ ਕਰਨ ਵਾਲਿਆਂ ਨੂੰ ਰਹਿੰਦ-ਖੂੰਹਦ ਨਾ ਸੁੱਟਣ ਜਾਂ ਕਿਸੇ ਵੀ ਰਹਿੰਦ-ਖੂੰਹਦ ਜਿਵੇਂ ਕਿ ਕਾਗਜ਼ ਦਾ ਰਹਿੰਦ-ਖੂੰਹਦ, ਪਲਾਸਟਿਕ ਰਹਿੰਦ-ਖੂੰਹਦ ਆਦਿ ਦਾ ਨਿਪਟਾਰਾ ਨਾ ਕਰਨ ਲਈ ਨਿਰਦੇਸ਼ ਦੇਣਗੀਆਂ। ਐਮ ਐਸ ਡਬਲਯੂ ਐਮ ਮੈਨੂਅਲ, 2016 ਦੇ ਪੈਰ੍ਹਾ 6.1 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਯੂ ਐਲ ਬੀ ਨੂੰ ਰੋਜ਼ਾਨਾ ਆਧਾਰ ਤੇ ਇਕੱਤਰ ਕੀਤੇ ਰਹਿੰਦ-ਖੂੰਹਦ ਦੀ ਮਾਤਰਾ ਦਾ ਭਾਰ ਕਰਕੇ ਰਿਕਾਰਡ ਰੱਖਣ ਦੀ ਲੋੜ ਸੀ। ਇਸ ਤੋਂ ਇਲਾਵਾ, ਹੈਡਬੁੱਕ ਆਫ ਸਰਵਿਸ ਲੈਵਲ ਬੈਂਚਮਾਰਕ (ਐਸ ਐਲ ਬੀ) ਵਿੱਚ ਕਿਹਾ ਗਿਆ ਸੀ ਕਿ ਸਾਰੇ ਯੂ ਐਲ ਬੀਜ਼ ਨੂੰ ਰਹਿੰਦ-ਖੂੰਹਦ ਨੂੰ 100 *ਪ੍ਰਤੀਸ਼ਤ* ਵੱਖ ਕਰਨ ਦੀ ਲੋੜ ਸੀ। ਰਹਿੰਦ-ਖੂੰਹਦ ਨੂੰ ਵੱਖ ਕਰਨ ਦੀ ਸਮਾਂ ਸੀਮਾ ਨੂੰ ਦਸੰਬਰ 2016 ਵਿੱਚ ਐਨ ਜੀ ਟੀ ਦੁਆਰਾ ਮਾਰਚ 2020 ਤੱਕ ਸੋਧਿਆ[87] ਗਿਆ ਸੀ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਹਾਲਾਂਕਿ ਸਾਰੇ ਯੂ ਐਲ ਬੀਜ਼ ਵਿੱਚ ਰਹਿੰਦ-ਖੂੰਹਦ ਨੂੰ ਵੱਖ ਕਰਨ ਬਾਰੇ ਆਈ ਈ ਸੀ ਗਤੀਵਿਧੀਆਂ ਕੀਤੀਆਂ ਗਈਆਂ ਸਨ, ਪਰ ਜ਼ਮੀਨੀ ਪੱਧਰ 'ਤੇ ਵੱਖਕਰਨ ਤੇ ਲੋੜੀਂਦਾ ਪ੍ਰਭਾਵ ਨਹੀਂ ਦੇਖਿਆ ਗਿਆ ਸੀ। ਯੂ ਐਲ ਬੀਜ਼ ਨੇ ਐਮ ਐਸ ਡਬਲਯੂ ਐਮ ਮੈਨੂਅਲ ਦੀਆਂ ਵਿਵਸਥਾਵਾਂ ਅਧੀਨ ਲੋੜੀਂਦੇ ਰਿਕਾਰਡਾਂ ਨੂੰ ਬਣਾਈ ਰੱਖਣ ਲਈ ਕੋਈ ਵੀ ਵਿਧੀ ਤਿਆਰ ਨਹੀਂ ਕੀਤੀ ਸੀ ਜਿਸ ਨਾਲ ਪ੍ਰਾਪਤ ਕੀਤੇ ਗਏ ਸੁਧਾਰ, ਜੇ ਕੋਈ ਹੋਵੇ, ਨੂੰ ਦਰਸਾਇਆ ਜਾ ਸਕਦਾ ਸੀ।

ਲੇਖਾ ਪ੍ਰੀਖਿਆ ਨੇ 2017-18 ਤੋਂ 2018-19[88] ਦੀ ਮਿਆਦ ਲਈ ਐਸ ਐਲ ਬੀ ਰਿਪੋਰਟਾਂ ***(ਅੰਤਿਕਾ 2.9)*** ਦਾ ਵਿਸ਼ਲੇਸ਼ਣ ਕੀਤਾ ਅਤੇ ਦੇਖਿਆ ਕਿ:

- ਸਾਲ 2017-18 ਦੌਰਾਨ 20 ਚੁਣੇ ਗਏ ਯੂ ਐਲ ਬੀਜ਼ ਵਿੱਚੋਂ 15 ਵਿੱਚ ਰਹਿੰਦ-ਖੂੰਹਦ ਨੂੰ ਵੱਖ ਨਹੀਂ ਕੀਤਾ ਗਿਆ ਸੀ ਅਤੇ ਪੰਜ ਯੂ ਐਲ ਬੀਜ਼[89] ਵਿੱਚ ਰਹਿੰਦ-ਖੂੰਹਦ ਨੂੰ ਵੱਖ-ਵੱਖ ਕਰਨ ਦੀ ਦਰ 20 *ਪ੍ਰਤੀਸ਼ਤ* ਸੀ।
- ਸਾਲ 2018-19 ਦੌਰਾਨ, 20 ਚੁਣੇ ਹੋਏ ਯੂ ਐਲ ਬੀਜ਼ ਵਿੱਚੋਂ ਯੂ ਐਲ ਬੀ ਆਦਮਪੁਰ ਵਿੱਚ ਰਹਿੰਦ-ਖੂੰਹਦ ਨੂੰ ਵੱਖ ਕਰਨ ਦੀ ਮਾਤਰਾ ਜ਼ੀਰੋ ਸੀ, 12 ਯੂ ਐਲ ਬੀਜ਼ ਵਿੱਚ ਰਹਿੰਦ-ਖੂੰਹਦ ਨੂੰ 10 ਅਤੇ 50 *ਪ੍ਰਤੀਸ਼ਤ* ਅਤੇ ਛੇ ਯੂ ਐਲ ਬੀਜ਼[90] ਵਿੱਚ ਇਹ 55 ਅਤੇ 85 *ਪ੍ਰਤੀਸ਼ਤ* ਦੇ ਵਿਚਕਾਰ ਸੀ, ਜਦੋਂ ਕਿ ਯੂ ਐਲ ਬੀ ਕਰਤਾਰਪੁਰ ਸਾਹਿਬ ਵਿੱਚ ਇਹ 100 *ਪ੍ਰਤੀਸ਼ਤ* ਸੀ।

---

87 ਐਸ ਡਬਲਯੂ ਐਮ ਨਿਯਮਾਂ ਦੇ ਨਿਯਮ 22 ਦੇ ਅਨੁਸਾਰ, ਪਹਿਲਾਂ ਸਮਾਂ-ਸੀਮਾ ਮਾਰਚ 2018 ਸੀ।


88 ਸਾਲ 2019-20 ਤੋਂ 2021-22 ਦੇ ਲੇਖਾ ਪ੍ਰੀਖਿਆ ਲਈ ਐਸ ਐਲ ਬੀ ਰਿਪੋਰਟਾਂ ਪ੍ਰਦਾਨ ਨਹੀਂ ਕੀਤੀਆਂ ਗਈਆਂ ਸਨ।

89 (i) ਅੰਮ੍ਰਿਤਸਰ; (ii) ਬਠਿੰਡਾ; (iii) ਲੁਧਿਆਣਾ; (iv) ਮੋਗਾ; ਅਤੇ (v) ਐਸ ਏ ਐਸ ਨਗਰ।

90 (i) ਬਠਿੰਡਾ; (ii) ਦੋਰਾਹਾ; (iii) ਕਾਦੀਆਂ; (iv) ਰਾਜਪੁਰਾ; (v) ਰੂਪਨਗਰ; ਅਤੇ (vi) ਬਿਲਗਾ।

ਚੁਣੇ ਗਏ 20 ਯੂ ਐਲ ਬੀਜ਼ ਨੇ 2017-22 ਦੌਰਾਨ ਵੱਖ-ਵੱਖ[91] ਪੜਾਵਾਂ ਤੇ ਕੀਤੇ ਗਏ ਵੱਖਰੇ ਕਰਨ ਦਾ ਡਾਟਾ ਪ੍ਰਦਾਨ ਕੀਤਾ ***(ਅੰਤਿਕਾ 2.10)***। 2017-18 ਅਤੇ 2021-22 ਦੌਰਾਨ ਚੁਣੇ ਗਏ ਯੂ ਐਲ ਬੀਜ਼ ਵਿੱਚ ਵੱਖਰੇਪਣ ਦੀ ਹੱਦ ਨੂੰ **ਚਾਰਟ** 2.10 ਵਿੱਚ ਦਰਸਾਇਆ ਗਿਆ ਹੈ:

ਚਾਰਟ 2.10: **ਚੁਣੇ ਹੋਏ ਯੂ ਐਲ ਬੀਜ਼ ਵਿੱਚ ਵੱਖਰੇਪਣ ਦੀ ਹੱਦ**



ਸ੍ਰੋਤ: ਵਿਭਾਗੀ ਡਾਟਾ

ਛੇ ਯੂ ਐਲ ਬੀਜ਼ ਵਿੱਚ, ਸਾਲ 2017-18 ਦੀ ਤੁਲਨਾ ਵਿੱਚ 2021-22 ਦੌਰਾਨ ਰਹਿੰਦ-ਖੂੰਹਦ ਨੂੰ ਵੱਖ ਕਰਨ ਵਿੱਚ ਚਾਰ ਅਤੇ 75 *ਪ੍ਰਤੀਸ਼ਤ* ਦੀ ਕਮੀ ਆਈ ਹੈ। ਜਦੋਂ ਕਿ 12 ਯੂ ਐਲ ਬੀਜ਼ ਵਿੱਚ, 2017-18 ਤੋਂ ਰਹਿੰਦ-ਖੂੰਹਦ ਨੂੰ ਵੱਖ ਕਰਨ ਵਿੱਚ ਸੁਧਾਰ ਹੋਇਆ ਸੀ। ਦੋਵਾਂ ਯੂ ਐਲ ਬੀਜ਼ ਵਿੱਚ ਵੱਖਕਰਨ ਦੀ ਸਥਿਤੀ ਸਥਿਰ ਰਹੀ।

ਇਹ ਵੀ ਦੇਖਿਆ ਗਿਆ ਸੀ ਕਿ:

- ਸਾਲ 2017-22 ਦੌਰਾਨ 37.74 ਲੱਖ ਐਮ ਟੀ ਰਹਿੰਦ-ਖੂੰਹਦ ਇਕੱਠਾ ਕਰਨ ਦੇ ਮੁਕਾਬਲੇ ਸਿਰਫ਼ 17.76 ਲੱਖ ਐਮ ਟੀ (47 *ਪ੍ਰਤੀਸ਼ਤ*) ਮੀਟ੍ਰਿਕ ਟਨ ਰਹਿੰਦ-ਖੂੰਹਦ ਨੂੰ ਵੱਖ ਕੀਤਾ ਗਿਆ।
- 20 ਯੂ ਐਲ ਬੀਜ਼ ਵਿੱਚੋਂ, ਅੱਠ ਯੂ ਐਲ ਬੀਜ਼[92] ਨੇ ਸਾਰੇ ਸਾਲਾਂ ਵਿੱਚ ਕੁਝ ਮਾਤਰਾ ਵਿੱਚ ਰਹਿੰਦ-ਖੂੰਹਦ ਨੂੰ ਵੱਖ ਕੀਤਾ। ਜਦੋਂ ਕਿ 12 ਯੂ ਐਲ ਬੀਜ਼ ਨੇ ਰਹਿੰਦ-ਖੂੰਹਦ ਨੂੰ ਵੱਖ ਨਹੀਂ ਕੀਤਾ ਸੀ ਅਤੇ 2017-22 ਦੌਰਾਨ ਇੱਕ ਤੋਂ ਚਾਰ ਸਾਲਾਂ ਦੀ ਕਮੀ ਵੇਖੀ ਗਈ ਸੀ।
- ਵੱਖਰੇਪਣ ਦੀ ਪ੍ਰਤੀਸ਼ਤਤਾ 12 ਅਤੇ 98 *ਪ੍ਰਤੀਸ਼ਤ* ਦੇ ਵਿਚਕਾਰ ਸੀ।
- ਲੁਧਿਆਣਾ ਵਿੱਚ ਭਾਵੇਂ ਸਾਲ 2017-22 ਦੌਰਾਨ 50 ਅਤੇ 96 *ਪ੍ਰਤੀਸ਼ਤ* ਦੇ ਵਿਚਕਾਰ ਵੱਖ-ਵੱਖ ਰਹਿੰਦ-ਖੂੰਹਦ ਨੂੰ ਵੱਖ ਕੀਤਾ ਗਿਆ ਸੀ, ਪਰ ਵੱਖਰੇ ਰਹਿੰਦ-ਖੂੰਹਦ

91 ਸਰੋਤ, ਸੈਕੰਡਰੀ ਪੁਆਇੰਟਾਂ ਐਮ ਆਰ ਐਫਜ਼ ਅਤੇ ਡੰਪਸਾਈਟਾਂ 'ਤੇ ਵੱਖਰਾ ਕਰਨਾ।

92 (i) ਲੁਧਿਆਣਾ; (ii) ਮੋਗਾ; (iii) ਆਦਮਪੁਰ; (iv) ਰਾਜਪੁਰਾ; (v) ਰੂਪਨਗਰ; (vi) ਐਸ ਬੀ ਐਸ ਨਗਰ; (vii) ਬਿਲਗਾ; ਅਤੇ (viii) ਮੱਖੂ।

ਨੂੰ ਮਿਸ਼ਰਤ ਰਹਿੰਦ-ਖੂੰਹਦ ਵਿੱਚ ਡੰਪਸਾਈਟ 'ਤੇ ਲਿਜਾਇਆ ਜਾ ਰਿਹਾ ਸੀ, ਜੋ ਯੂ ਐਲ ਬੀ ਲੁਧਿਆਣਾ ਦੁਆਰਾ ਵੱਖ ਕਰਨ ਲਈ ਕੀਤੀ ਗਈ ਵਿਅਰਥ ਕਾਰਵਾਈ ਦਾ ਸੰਕੇਤ ਦਿੰਦਾ ਹੈ।

ਇਸ ਤੋਂ ਇਲਾਵਾ, 48 ਸੈਕੰਡਰੀ ਪੁਆਇੰਟਾ/ਐਮ ਆਰ ਐਫ ਅਤੇ 25 ਡੰਪਸਾਈਟਾਂ ਦੀ ਜੇ ਪੀ ਵੀ ਦੌਰਾਨ, ਵੱਖ-ਵੱਖ ਰਹਿੰਦ-ਖੂੰਹਦ ਸਾਈਟਾਂ 'ਤੇ ਪਿਆ ਪਾਇਆ ਗਿਆ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਸਰੋਤ ਜਾਂ ਹੋਰ ਥਾਵਾਂ 'ਤੇ ਰਹਿੰਦ-ਖੂੰਹਦ ਵੱਖ ਕਰਨ ਬਾਰੇ ਯੂ ਐਲ ਬੀਜ਼ ਦਾਅਵੇ ਭਰੋਸੇਯੋਗ ਤੱਥਾ ਤੇ ਅਧਾਰਤ ਨਹੀਂ ਸੀ। ਯੂ ਐਲ ਬੀਜ਼ ਨਾ ਤਾਂ ਰਹਿੰਦ-ਖੂੰਹਦ ਜਨਰੇਟ ਕਰਨ ਵਾਲਿਆਂ ਤੋਂ 100 *ਪ੍ਰਤੀਸ਼ਤ* ਵੱਖਰਾ ਰਹਿੰਦ-ਖੂੰਹਦ ਇਕੱਠਾ ਕਰ ਰਹੇ ਸਨ, ਨਾ ਹੀ ਸੈਕੰਡਰੀ/ਐਮ ਆਰ ਐਫ ਪੁਆਇੰਟਾਂ ਤੇ ਰਹਿੰਦ-ਖੂੰਹਦ ਨੂੰ ਵੱਖ ਕਰ ਰਹੇ ਸਨ, ਜਿਸ ਦੇ ਨਤੀਜੇ ਵਜੋਂ ਡੰਪਸਾਈਟਾਂ 'ਤੇ ਵਿਰਾਸਤੀ ਰਹਿੰਦ-ਖੂੰਹਦ ਇਕੱਠਾ ਹੋ ਜਾਵੇਗਾ ਜਿਸ ਨਾਲ ਵਾਤਾਵਰਣ ਅਤੇ ਜਨਤਾ ਲਈ ਖਤਰਾ ਪੈਦਾ ਹੋਵੇਗਾ ਜਿਵੇਂ ਕਿ ਹੇਠਾਂ ਦਿੱਤੀਆਂ ਤਸਵੀਰਾਂ ਵਿੱਚ ਦਰਸਾਇਆ ਗਿਆ ਹੈ:



ਪ੍ਰਦਰਸ਼ਨੀ 8: ਸਰਹਿੰਦ ਵਿੱਚ ਡੰਪ ਸਾਈਟ 'ਤੇ ਪਿਆ ਵੱਖਰਾ ਨਾ ਕੀਤਾ ਗਿਆ ਰਹਿੰਦ-ਖੂੰਹਦ



ਪ੍ਰਦਰਸ਼ਨੀ 9: ਲੁਧਿਆਣਾ ਦੀ ਡੰਪਸਾਈਟ 'ਤੇ ਪਿਆ ਵੱਖਰਾ ਨਾ ਕੀਤਾ ਗਿਆ ਰਹਿੰਦ-ਖੂੰਹਦ

ਜਵਾਬ ਵਿੱਚ, ਸਤਾਰਾਂ[93] ਯੂ ਐਲ ਬੀਜ਼ ਨੇ ਜਵਾਬ ਦਿੱਤਾ ਕਿ ਉਹ ਸਰੋਤ ਤੇ ਵੱਖਰੇ ਰਹਿੰਦ-ਖੂੰਹਦ ਨੂੰ ਇਕੱਤਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਯੂ ਐਲ ਬੀ ਬਠਿੰਡਾ ਨੇ ਕਿਹਾ ਕਿ ਘਰ-ਘਰ ਜਾ ਕੇ ਰਹਿੰਦ-ਖੂੰਹਦ ਇਕੱਠਾ ਕਰਨ ਲਈ ਵਾਹਨਾਂ ਰਾਹੀਂ ਵੱਖ ਕਰਨ ਤੋਂ ਬਾਅਦ ਰਹਿੰਦ-ਖੂੰਹਦ ਇਕੱਠਾ ਕੀਤਾ ਜਾ ਰਿਹਾ ਸੀ। ਹਾਲਾਂਕਿ, ਜਵਾਬ ਦੇ ਸਮਰਥਨ ਵਿੱਚ ਦਸਤਾਵੇਜ਼ੀ ਸਬੂਤ ਪੇਸ਼ ਨਹੀਂ ਕੀਤੇ ਗਏ ਸਨ। ਯੂ ਐਲ ਬੀ ਲੁਧਿਆਣਾ ਨੇ ਕਿਹਾ ਕਿ ਵੱਖਕਰਨ ਦੀ ਰਿਪੋਰਟ ਕਨਸ਼ੈਸ਼ਨੇਅਰ ਦੁਆਰਾ ਸੌਂਪੀ ਗਈ ਸੀ। ਮੈਨੂਅਲ ਦੇ ਅਧੀਨ ਲੋੜੀਂਦੇ ਵੱਖਕਰਨ ਲਈ ਭੌਤਿਕ ਰਿਕਾਰਡ ਨਹੀਂ ਰੱਖੇ ਗਏ ਸਨ ਅਤੇ ਭਵਿੱਖ ਵਿੱਚ ਇਹਨਾਂ ਨੂੰ ਬਣਾਈ ਰੱਖਿਆ ਜਾਵੇਗਾ। ਯੂ ਐਲ ਬੀ ਮਾਨਸਾ ਨੇ ਕਿਹਾ ਕਿ 3ਡੀ ਸੋਸਾਇਟੀ ਦੇ 21 ਵਰਕਰਾਂ ਨੂੰ ਸ਼ਾਮਲ ਕਰਕੇ ਰਹਿੰਦ-ਖੂੰਹਦ ਨੂੰ ਵੱਖ ਕਰਨ ਦਾ ਕੰਮ ਕੀਤਾ ਜਾ ਰਿਹਾ ਸੀ।

[93] (i) ਆਦਮਪੁਰ; (ii) ਅੰਮ੍ਰਿਤਸਰ; (iii) ਬਿਲਗਾ; (iv) ਦੋਰਾਹਾ; (v) ਫਿਰੋਜ਼ਪੁਰ; (vi) ਕਰਤਾਰਪੁਰ; (vii) ਖਮਾਣੋਂ; (viii) ਕੀਰਤਪੁਰ ਸਾਹਿਬ; (ix) ਮੱਖੂ; (x) ਮਹਿਰਾਜ; (xi) ਮੋਗਾ; (xii) ਕਾਦੀਆਂ; (xiii) ਰਾਜਪੁਰਾ; (xiv) ਰੂਪਨਗਰ; (xv) ਐਸ ਏ ਐਸ ਨਗਰ; (xvi) ਐਸ ਬੀ ਐਸ ਨਗਰ; ਅਤੇ (xvii) ਸਰਹਿੰਦ।

2.4.3.2 ਸੈਨੇਟਰੀ ਅਤੇ ਖਤਰਨਾਕ ਰਹਿੰਦ-ਖੂੰਹਦ ਦਾ ਨਿਪਟਾਰਾ

ਸੀ ਪੀ ਸੀ ਬੀ ਦੇ ਦਿਸ਼ਾ-ਨਿਰਦੇਸ਼ਾਂ (ਮਈ 2018) ਅਨੁਸਾਰ, ਯੂ ਐਲ ਬੀਜ਼ ਵੱਖਰੇ ਸੈਨੇਟਰੀ ਰਹਿੰਦ-ਖੂੰਹਦ ਨੂੰ ਅੰਤਿਮ ਨਿਪਟਾਰੇ/ਸਾੜਨ ਲਈ ਉਪਲਬਧ ਰਹਿੰਦ-ਖੂੰਹਦ ਵਿਕਲਪਾਂ/ਇਨਸੀਨਰੇਟਰਾਂ ਨੂੰ ਭੇਜਣਗੇ। ਸੈਨੇਟਰੀ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਲਈ, ਵੱਖ-ਵੱਖ ਤਰੀਕਿਆਂ, ਜਿਵੇਂ ਕਿ ਘੱਟ ਲਾਗਤ ਵਾਲੇ ਸਥਾਨਕ ਤੌਰ ਤੇ ਬਣੇ ਇਨਸੀਨਰੇਟਰ, ਉੱਚ ਤਾਪਮਾਨ ਵਾਲੇ ਇਨਸੀਨਰੇਟਰ ਆਦਿ ਦਾ ਵਰਣਨ ਸੈਨੇਟਰੀ ਰਹਿੰਦ-ਖੂੰਹਦ ਦੀ ਕਿਸਮ ਦੇ ਅਧਾਰ ਤੇ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਐਸ ਡਬਲਯੂ ਐਮ ਨਿਯਮ, 2016 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਸਥਾਨਕ ਅਥਾਰਟੀ ਘਰੇਲੂ ਖਤਰਨਾਕ ਰਹਿੰਦ-ਖੂੰਹਦ ਦੇ ਸੁਰੱਖਿਅਤ ਭੰਡਾਰਨ ਅਤੇ ਰਹਿੰਦ-ਖੂੰਹਦ ਦੇ ਨਿਪਟਾਰੇ ਦੀ ਸੁਵਿਧਾ ਤੱਕ ਆਵਾਜਾਈ ਨੂੰ ਯਕੀਨੀ ਬਣਾਏਗੀ।

ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ ਕਿਸੇ ਵੀ ਯੂ ਐਲ ਬੀਜ਼ ਨੇ ਸੈਨੇਟਰੀ ਰਹਿੰਦ-ਖੂੰਹਦ ਦੇ ਸੁਰੱਖਿਅਤ ਨਿਪਟਾਰੇ ਲਈ ਪ੍ਰੋਸੈਸਿੰਗ/ਸੈਨੇਟਰੀ ਲੈਂਡਫਿਲ ਸਾਈਟਾਂ ਤੇ ਇਨਸੀਨਰੇਟਰ ਸੁਵਿਧਾ ਸਥਾਪਤ ਨਹੀਂ ਕੀਤੀ। ਸੈਨੇਟਰੀ ਰਹਿੰਦ-ਖੂੰਹਦ ਨੂੰ ਵੱਖ ਨਾ ਕਰਨ ਦੀਆਂ ਉਦਾਹਰਨਾਂ ਨੂੰ ਦਰਸਾਉਂਦੇ ਚਿੱਤਰਕਾਰੀ ਸਬੂਤ ਹੇਠਾਂ ਦਿੱਤੇ ਗਏ ਹਨ:



ਪ੍ਰਦਰਸ਼ਨੀ 10: ਮੱਖੂ ਗੇਟ, ਫਿਰੋਜ਼ਪੁਰ ਨੇੜੇ ਐਮ ਆਰ ਐਫ ਵਿਖੇ ਸੈਨੇਟਰੀ ਰਹਿੰਦ-ਖੂੰਹਦ



ਪ੍ਰਦਰਸ਼ਨੀ 11: ਐਨ ਪੀ ਕੀਰਤਪੁਰ ਸਾਹਿਬ ਵਿੱਚ ਜੀ ਵੀ ਪੀ ਵਿਖੇ ਪਿਆ ਖਤਰਨਾਕ ਰਹਿੰਦ-ਖੂੰਹਦ

ਛੇ ਯੂ ਐਲ ਬੀਜ਼[94] ਵਿੱਚ ਜਨਤਕ ਪਖਾਨੇ ਵਿੱਚ ਛੋਟੇ ਸੈਨੇਟਰੀ ਵੇਸਟ ਇਨਸੀਨਰੇਟਰ ਲਗਾਏ ਗਏ ਸਨ। ਜੋ ਵੀ ਪੀ ਦੌਰਾਨ ਵੇਖੇ ਗਏ ਅਜਿਹੇ ਰਹਿੰਦ-ਖੂੰਹਦ[95] ਦੇ ਵੱਖਰੇ ਇਕੱਤਰ ਕਰਨ ਅਤੇ ਆਵਾਜਾਈ ਲਈ ਕੋਈ ਪ੍ਰਣਾਲੀ ਨਹੀਂ ਸੀ।

ਇਸ ਤੋਂ ਇਲਾਵਾ, ਇਹ ਵੀ ਦੇਖਿਆ ਗਿਆ ਕਿ ਐਸ ਬੀ ਐਸ ਨਗਰ ਤੋਂ ਇਲਾਵਾ ਚੁਣੇ ਗਏ ਯੂ ਐਲ ਬੀਜ਼ ਵਿੱਚੋਂ ਕਿਸੇ ਨੇ ਵੀ ਵੱਖਰੇ ਖਤਰਨਾਕ ਰਹਿੰਦ-ਖੂੰਹਦ ਨੂੰ ਵੱਖਰੇ ਤੌਰਤੇ ਇਕੱਤਰ ਨਹੀਂ ਕੀਤਾ ਸੀ ਜਿਥੇ ਵਾਹਨ ਨੂੰ ਗਿੱਲੇ ਅਤੇ ਸੁੱਕੇ ਰਹਿੰਦ-ਖੂੰਹਦ ਤੋਂ ਇਲਾਵਾ ਖਤਰਨਾਕ ਰਹਿੰਦ-ਖੂੰਹਦ ਦੇ ਵੱਖਰੇ ਸੰਗ੍ਰਹਿ ਲਈ ਤਿਆਰ ਕੀਤਾ ਗਿਆ ਸੀ। ਬਾਕੀ ਯੂ ਐਲ ਬੀਜ਼ ਵਿੱਚ, ਵਾਹਨ ਰਹਿੰਦ-ਖੂੰਹਦ ਦੇ ਵੱਖਰੇ ਇਕੱਤਰ ਕਰਨ ਲਈ ਤਿਆਰ ਨਹੀਂ ਕੀਤੇ ਗਏ ਸਨ। ਖਤਰਨਾਕ ਰਹਿੰਦ-ਖੂੰਹਦ ਨੂੰ ਵੱਖ ਨਹੀਂ ਕੀਤਾ ਜਾ ਰਿਹਾ ਸੀ ਅਤੇ ਵੱਖ-ਵੱਖ ਥਾਵਾਂ ਤੇ ਜਮ੍ਹਾਂ ਨਹੀਂ ਕੀਤਾ ਜਾ ਰਿਹਾ ਸੀ।

---

94 (i) ਮੱਖੂ; (ii) ਮਹਿਰਾਜ; (iii) ਕੀਰਤਪੁਰ ਸਾਹਿਬ; (iv) ਸਰਹਿੰਦ; (v) ਬਠਿੰਡਾ; ਅਤੇ (vi) ਫਿਰੋਜ਼ਪੁਰ।

95 ਯੂ ਐਲ ਬੀ ਐਸ ਬੀ ਐਸ ਨਗਰ ਨੂੰ ਛੱਡ ਕੇ।

ਸੈਨੇਟਰੀ ਰਹਿੰਦ-ਖੂੰਹਦ ਦੇ ਨਿਪਟਾਰੇ ਦੇ ਜਵਾਬ ਵਿਚ, ਪੰਦਰਾਂ[96] ਯੂ ਐਲ ਬੀਜ਼ ਨੇ (ਅਕਤੂਬਰ 2024) ਕਿਹਾ ਕਿ ਸੈਨੇਟਰੀ ਰਹਿੰਦ-ਖੂੰਹਦ ਦੇ ਵਿਗਿਆਨਕ ਨਿਪਟਾਰੇ ਲਈ ਇੱਕ ਪ੍ਰੋਸੈਸਿੰਗ ਸੁਵਿਧਾ ਸਥਾਪਤ ਕੀਤੀ ਜਾਵੇਗੀ। ਯੂ ਐਲ ਬੀ ਆਦਮਪੁਰ ਨੇ (ਅਕਤੂਬਰ 2024) ਕਿਹਾ ਕਿ ਰਹਿੰਦ-ਖੂੰਹਦ ਪ੍ਰੋਸੈਸਿੰਗ ਸਾਈਟ ਤੇ ਇੱਕ ਰਹਿੰਦ-ਖੂੰਹਦ ਭੰਡਾਰ ਸਥਾਪਤ ਕੀਤਾ ਗਿਆ ਹੈ, ਜਿਸ ਦੀ ਵਰਤੋਂ ਸੈਨੇਟਰੀ ਰਹਿੰਦ-ਖੂੰਹਦ ਨੂੰ ਵੱਖ ਕਰਨ ਤੋਂ ਬਾਅਦ ਕੀਤੀ ਜਾਵੇਗੀ। ਕਾਰਪੋਰੇਸ਼ਨ, ਅੰਮ੍ਰਿਤਸਰ ਨੇ ਕਿਹਾ ਕਿ ਰਹਿੰਦ-ਖੂੰਹਦ ਇਕੱਠਾ ਕਰਨਾ ਕਨਸ਼ੈਸ਼ਨੇਅਰ ਦੀ ਜ਼ਿੰਮੇਵਾਰੀ ਸੀ ਅਤੇ ਉਸ ਨੂੰ ਵੱਖਰੇ ਸੈਨੇਟਰੀ ਰਹਿੰਦ-ਖੂੰਹਦ ਨੂੰ ਇਕੱਤਰ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਕਾਰਪੋਰੇਸ਼ਨ, ਬਠਿੰਡਾ ਨੇ ਕਿਹਾ ਕਿ ਸੈਨੇਟਰੀ ਰਹਿੰਦ-ਖੂੰਹਦ ਨੂੰ ਵੱਖਰੇ ਤੌਰ ਤੇ ਇਕੱਤਰ ਕਰਨ ਅਤੇ ਲਿਜਾਣ ਲਈ ਯਤਨ ਕੀਤੇ ਜਾ ਰਹੇ ਸਨ। ਯੂ ਐਲ ਬੀ ਫਿਰੋਜ਼ਪੁਰ ਨੇ ਕਿਹਾ ਕਿ ਉਸਨੇ ਨਵੇਂ ਵਾਹਨਾਂ ਤੇ ਵੱਖਰੇ ਬਕਸੇ ਲਗਾਏ ਸਨ ਤਾਂ ਜੋ ਉਨ੍ਹਾਂ ਨੂੰ ਵੱਖਰੇ ਤੌਰ 'ਤੇ ਇਕੱਤਰ ਕੀਤਾ ਜਾ ਸਕੇ। ਯੂ ਐਲ ਬੀ ਰੂਪਨਗਰ ਨੇ ਕਿਹਾ ਕਿ ਸੈਨੇਟਰੀ ਰਹਿੰਦ-ਖੂੰਹਦ ਦੇ ਵਿਗਿਆਨਕ ਨਿਪਟਾਰੇ ਲਈ ਐਮ ਆਰ ਐਫ ਵਿਖੇ ਦੋ ਇਨਸੀਨਰੇਟਰ (ਹਰੇਕ ਪੰਜ ਕਿਲੋਗ੍ਰਾਮ) ਲਗਾਏ ਗਏ ਸਨ ਅਤੇ ਵੱਡੀ ਸਮਰੱਥਾ ਵਾਲੇ ਸੈਨੇਟਰੀ ਰਹਿੰਦ-ਖੂੰਹਦ ਦੇ ਵਿਗਿਆਨਕ ਨਿਪਟਾਰੇ ਲਈ ਪ੍ਰੋਸੈਸਿੰਗ ਸਹੂਲਤ ਸਥਾਪਤ ਕਰਨ ਦੇ ਯਤਨ ਕੀਤੇ ਜਾ ਰਹੇ ਸਨ।

ਖਤਰਨਾਕ ਰਹਿੰਦ-ਖੂੰਹਦ ਦੇ ਨਿਪਟਾਰੇ ਦੇ ਜਵਾਬ ਵਿੱਚ, ਸਤਾਰਾਂ[97] ਯੂ ਐਲ ਬੀਜ਼ ਨੇ ਕਿਹਾ ਕਿ ਖਤਰਨਾਕ ਰਹਿੰਦ-ਖੂੰਹਦ ਨੂੰ ਵੱਖਰੇ ਤੌਰ ਤੇ ਇਕੱਤਰ ਕਰਨ ਅਤੇ ਸਟੋਰ ਕਰਨ ਲਈ ਯਤਨ ਕੀਤੇ ਜਾ ਰਹੇ ਸਨ ਜਾਂ ਭਵਿੱਖ ਵਿੱਚ ਪਾਲਣਾ ਕੀਤੀ ਜਾਵੇਗੀ। ਕਾਰਪੋਰੇਸ਼ਨ, ਅੰਮ੍ਰਿਤਸਰ ਨੇ ਕਿਹਾ ਕਿ ਕਨਸ਼ੈਸ਼ਨੇਅਰ ਨੂੰ ਵੱਖਰੇ ਕੀਤੇ ਖਤਰਨਾਕ ਰਹਿੰਦ-ਖੂੰਹਦ ਨੂੰ ਜਲਦੀ ਤੋਂ ਜਲਦੀ ਇਕੱਤਰ ਕਰਨਾ ਸ਼ੁਰੂ ਕਰਨ ਲਈ ਨੋਟਿਸ ਜਾਰੀ ਕੀਤਾ ਜਾਵੇਗਾ। ਕਾਰਪੋਰੇਸ਼ਨ, ਬਠਿੰਡਾ ਨੇ ਕਿਹਾ ਕਿ ਖਤਰਨਾਕ ਰਹਿੰਦ-ਖੂੰਹਦ ਨੂੰ ਨਿਯਮਾਂ ਅਨੁਸਾਰ ਤਿਆਰ ਕੀਤੇ ਵਾਹਨਾਂ ਰਾਹੀਂ ਖਤਰਨਾਕ ਰਹਿੰਦ-ਖੂੰਹਦ ਲਈ ਵੱਖਰਾ ਬਾਕਸ ਲਗਾ ਕੇ ਇਕੱਤਰ ਕੀਤਾ ਜਾਂਦਾ ਸੀ, ਹਾਲਾਂਕਿ, ਉਨ੍ਹਾਂ ਦੇ ਦਾਅਵੇ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ੀ ਸਬੂਤ ਲੇਖਾ ਪ੍ਰੀਖਿਆ ਲਈ ਪੇਸ਼ ਨਹੀਂ ਕੀਤੇ ਗਏ ਸਨ। ਕਾਰਪੋਰੇਸ਼ਨ, ਲੁਧਿਆਣਾ ਨੇ ਕਿਹਾ ਕਿ ਸਾਰੇ ਐਮ ਆਰ ਐਫ ਦੀ ਉਸਾਰੀ ਅਤੇ ਮਸ਼ੀਨਰੀ ਪ੍ਰਾਪਤ ਕਰਨ ਤੋਂ ਬਾਅਦ, ਡੀ ਐਚ ਡਬਲਯੂ ਦੀ ਪ੍ਰੋਸੈਸਿੰਗ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਐਮ ਐਸ ਡਬਲਯੂ ਐਮ ਮੈਨੂਅਲ/ਨਿਯਮਾਂ ਦੇ ਪ੍ਰਬੰਧਾਂ ਅਨੁਸਾਰ ਕੀਤਾ ਜਾਵੇਗਾ।

2.4.3.3 ਸਮੱਗਰੀ ਰਿਕਵਰੀ ਸਹੂਲਤਾਂ ਦੀ ਉਪਲਬਧਤਾ

ਐਸ ਡਬਲਯੂ ਐਮ ਨਿਯਮਾਂ, 2016 ਦੇ ਨਿਯਮ 15(ਐਚ) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਯੂ ਐਲ ਬੀਜ਼ ਨੂੰ ਰੀਸਾਈਕਲ ਕੀਤੀ ਜਾਣ ਵਾਲੀ ਸਮੱਗਰੀ (ਕਾਗਜ਼, ਪਲਾਸਟਿਕ, ਧਾਤ, ਸੀਸ਼ਾ, ਟੈਕਸਟਾਈਲ ਆਦਿ) ਦੀ ਛਾਂਟੀ ਕਰਨ ਲਈ ਲੋੜੀਂਦੀ ਜਗ੍ਹਾ ਦੇ ਨਾਲ ਐਮ ਆਰ ਐਫਜ਼ ਜਾਂ ਸੈਕੰਡਰੀ ਸਟੋਰੇਜ ਸਹੂਲਤਾਂ ਸਥਾਪਤ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਗੈਰ-ਰਸਮੀ ਅਤੇ ਅਧਿਕਾਰਤ ਰਹਿੰਦ-ਖੂੰਹਦ ਚੁੱਕਣ ਵਾਲਿਆਂ ਅਤੇ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਨੂੰ ਹੋਰ

---

96 (i) ਦੋਰਾਹਾ; (ii) ਖਮਾਣੋਂ; (iii) ਕੀਰਤਪੁਰ ਸਾਹਿਬ; (iv) ਲੁਧਿਆਣਾ; (v) ਮਾਨਸਾ; (vi) ਮੋਗਾ; (vii) ਰਾਜਪੁਰਾ; (viii) ਐਸ ਏ ਐਸ ਨਗਰ; (ix) ਐਸ ਬੀ ਐਸ ਨਗਰ; (x) ਸਰਹਿੰਦ; (xi) ਬਿਲਗਾ; (xii) ਕਰਤਾਰਪੁਰ; (xiii) ਮੱਖੂ; (xiv) ਮਹਿਰਾਜ; ਅਤੇ (xv) ਕਾਦੀਆਂ।

97 (i) ਆਦਮਪੁਰ; (ii) ਕਰਤਾਰਪੁਰ; (iii) ਰੂਪਨਗਰ; (iv) ਬਿਲਗਾ; (v) ਮੱਖੂ; (vi) ਮਾਨਸਾ; (vii) ਮਹਿਰਾਜ; (viii) ਕਾਦੀਆਂ; (ix) ਦੋਰਾਹਾ; (x) ਫਿਰੋਜ਼ਪੁਰ; (xi) ਖਮਾਣੋਂ; (xii) ਕੀਰਤਪੁਰ ਸਾਹਿਬ;(xiii) ਮੋਗਾ; (xiv) ਰਾਜਪੁਰਾ; (xv) ਐਸ ਏ ਐਸ ਨਗਰ; (xvi) ਐਸ ਬੀ ਐਸ ਨਗਰ ਅਤੇ (xvii) ਸਰਹਿੰਦ।

ਵੱਖ ਕਰਨ ਅਤੇ ਪ੍ਰੋਸੈਸਿੰਗ ਲਈ ਰੀਸਾਈਕਲ ਕੀਤੇ ਜਾਣ ਵਾਲੇ ਪਦਾਰਥਾਂ ਨੂੰ ਵੱਖ ਕਰਨ ਦੇ ਯੋਗ ਬਣਾਇਆ ਜਾ ਸਕੇ।

ਚੁਣੇ ਗਏ ਯੂ ਐਲ ਬੀਜ਼ ਦੇ ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਿਆ ਹੈ ਕਿ 2017-18 ਦੀ ਮਿਆਦ ਦੌਰਾਨ, ਕਿਸੇ ਵੀ ਯੂ ਐਲ ਬੀਜ਼ ਵਿੱਚ ਕੋਈ ਐਮ ਆਰ ਐਫ ਉਪਲਬਧ ਨਹੀਂ ਸੀ। ਯੂ ਐਲ ਬੀਜ਼ ਦੇ ਰਿਕਾਰਡ ਅਨੁਸਾਰ, ਐਮ ਆਰ ਐਫਜ਼ ਦਾ ਨਿਰਮਾਣ 2018 ਅਤੇ 2022 ਦੌਰਾਨ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਚੁਣੇ ਗਏ ਯੂ ਐਲ ਬੀਜ਼ ਵਿੱਚ ਐਮ ਆਰ ਐਫ ਦੀ ਉਪਲਬਧਤਾ ਦੀ ਸਥਿਤੀ ਦਾ ਵਿਸ਼ਲੇਸ਼ਣ ਕੀਤਾ ਗਿਆ ਅਤੇ ਪਾਇਆ ਗਿਆ ਕਿ ਰਹਿੰਦ-ਖੂੰਹਦ ਨੂੰ ਵੱਖ ਕਰਨ ਲਈ ਐਮ ਆਰ ਐਫਜ਼ ਦੀ ਸਿਰਜਣਾ ਵਿੱਚ ਕਮੀ ਸੀ ***(ਅੰਤਿਕਾ 2.11)*** ਜਿਵੇਂ ਕਿ **ਸਾਰਣੀ** 2.8 ਵਿੱਚ ਦਿੱਤਾ ਗਿਆ ਹੈ:

ਸਾਰਣੀ 2.8: ਚੁਣੇ ਹੋਏ ਯੂ ਐਲ ਬੀਜ਼ ਵਿੱਚ ਐਮ ਆਰ ਐਫ ਦੀ ਉਪਲਬਧਤਾ

ਯੂ ਐਲ ਬੀ ਦਾ ਨਾਂਅ	ਮੋਗਾ	ਲੁਧਿਆਣਾ	ਦੋਰਾਹਾ	ਮਾਨਸਾ	ਅੰਮ੍ਰਿਤਸਰ	ਬਿਲਗਾ	ਰੂਪਨਗਰ	ਐਸ ਏ ਐਸ ਨਗਰ	ਬਠਿੰਡਾ	ਆਦਮਪੁਰ	ਕਰਤਾਰਪੁਰ	ਕਾਦੀਆਂ	ਰਾਜਪੁਰਾ	ਸਰਹਿੰਦ	ਖਮਾਣੋਂ	ਐਸ ਬੀ ਐਸ ਨਗਰ	ਕੀਰਤਪੁਰ ਸਾਹਿਬ	ਮਹਿਰਾਜ	ਮੁੱਖ	ਫਿਰੋਜ਼ਪੁਰ	ਕੁੱਲ
ਲੋੜੀਂਦਾ ਐਮ ਆਰ ਐਫ	16	54	3	10	10	2	3	20	1	0	1	1	4	1	1	1	1	1	1	2	133
ਨਿਰਮਾਣ ਕੀਤਾ ਗਿਆ	2	12	1	4	5	1	2	14	1	0	1	1	4	1	1	1	1	1	1	2	56
ਘਾਟ	14	42	2	6	5	1	1	6	0	0	0	0	0	0	0	0	0	0	0	0	77
ਕਮੀ ਪ੍ਰਤੀਸ਼ਤਤਾ ਵਿੱਚ	88	78	67	60	50	50	33	30	0	0	0	0	0	0	0	0	0	0	0	0	58

ਸ੍ਰੋਤ: ਯੂ ਐਲ ਬੀਜ਼ ਡਾਟਾ

ਸਾਰਣੀ ਤੋਂ ਇਹ ਵੇਖਿਆ ਜਾ ਸਕਦਾ ਹੈ ਕਿ:

- ਅੱਠ ਯੂ ਐਲ ਬੀਜ਼ ਵਿੱਚ, 118 ਐਮ ਆਰ ਐਫਜ਼ ਦੀ ਜ਼ਰੂਰਤ ਦੇ ਮੁਕਾਬਲੇ, ਸਿਰਫ਼ 41 ਦਾ ਨਿਰਮਾਣ ਕੀਤਾ ਗਿਆ ਸੀ।
- 19 ਯੂ ਐਲ ਬੀਜ਼ ਵਿੱਚ, ਸਾਲ 2018-22 ਦੌਰਾਨ 133 ਐਮ ਆਰ ਐਫਜ਼ ਦੀ ਲੋੜ ਦੇ ਮੁਕਾਬਲੇ ਸਿਰਫ਼ 56 ਐਮ ਆਰ ਐਫਜ਼ ਦਾ ਨਿਰਮਾਣ ਕੀਤਾ ਗਿਆ, ਜਿਸ ਕਾਰਨ ਵੱਖ-ਵੱਖ ਕਾਰਨਾਂ[98] ਕਰਕੇ 77 ਐਮ ਆਰ ਐਫਜ਼[99] (58 *ਪ੍ਰਤੀਸ਼ਤ*) ਦੇ ਨਿਰਮਾਣ ਵਿੱਚ ਕਮੀ ਆਈ।
- 56 ਨਿਰਮਾਣ ਕੀਤੇ ਗਏ ਐਮ ਆਰ ਐਫਜ਼ ਵਿੱਚੋਂ 13 ਐਮ ਆਰ ਐਫਜ਼ ਵੱਖ-ਵੱਖ ਕਾਰਨਾਂ[100] ਕਰਕੇ ਵਰਤੋਂ ਵਿੱਚ ਨਹੀਂ ਸਨ।

---

98 ਲੁਧਿਆਣਾ: ਸਾਈਟ ਦੀ ਸਮੱਸਿਆ ਜਾਂ ਵਸਨੀਕਾਂ ਦੁਆਰਾ ਉਠਾਇਆ ਗਿਆ ਇਤਰਾਜ਼ ਅਤੇ ਟੈਂਡਰ ਨਾਂ ਮੰਗਣਾ; ਦੋਰਾਹਾ: ਨਗਰ ਨਿਗਮ ਕੋਲ ਜ਼ਮੀਨ ਨਾ ਮਿਲਣ ਕਾਰਨ ਮਾਨਸਾ; ਜ਼ਮੀਨਾਂ ਦੀ ਉਪਲਬਧਤਾ ਨਾ ਹੋਣ ਕਾਰਣ; ਅਤੇ ਰੂਪਨਗਰ: ਲੋਕਾਂ ਦੇ ਵਿਰੋਧ ਕਾਰਣ।

99 ਅੰਮ੍ਰਿਤਸਰ: ਪੰਜ; ਲੁਧਿਆਣਾ: 42; ਮੋਗਾ: 14; ਐਸ ਏ ਐਸ ਨਗਰ: ਛੇ; ਬਿਲਗਾ: ਇੱਕ; ਦੋਰਾਹਾ: ਦੋ; ਮਾਨਸਾ: ਛੇ; ਅਤੇ ਰੂਪਨਗਰ: ਇੱਕ।

100 ਅੱਠ: ਲੁਧਿਆਣਾ ਵਿੱਚ ਕੰਪੈਕਟਰ ਨਾ ਲਗਾਉਣ ਕਾਰਨ, ਤਿੰਨ: ਅੰਮ੍ਰਿਤਸਰ ਵਿੱਚ ਸਟਾਫ ਦੀ ਘਾਟ ਕਾਰਨ, ਇੱਕ: ਰੂਪਨਗਰ ਵਿੱਚ ਜਨਤਕ ਵਿਰੋਧ ਕਾਰਨ ਅਤੇ ਇੱਕ: ਮਹਿਰਾਜ ਵਿੱਚ ਸਕੂਲ ਨੇੜੇ ਉਸਾਰੀ ਕਾਰਨ।

ਭੌਤਿਕ ਦੌਰਿਆਂ ਦੌਰਾਨ, ਉਪਲਬਧ ਐਮ ਆਰ ਐਫ ਜ਼ਿਆਦਾਤਰ ਵਰਤੋਂ ਵਿੱਚ ਪਾਏ ਗਏ ਅਤੇ ਵੱਖ-ਵੱਖ ਕਿਸਮਾਂ ਦੇ ਰਹਿੰਦ-ਖੂੰਹਦ ਜਿਵੇਂ ਕਿ ਕਾਗਜ਼, ਪੋਲੀਥੀਨ, ਲੱਕੜ, ਕੱਪੜੇ ਆਦਿ ਨੂੰ ਵੱਖ ਕਰਨ ਤੋਂ ਬਾਅਦ ਢੱਕੇ ਹੋਏ ਵੱਖਰੇ ਡੱਬਿਆਂ ਵਿੱਚ ਸਟੋਰ ਕੀਤਾ ਜਾ ਰਿਹਾ ਸੀ। ਪੀ ਐਮ ਆਈ ਡੀ ਸੀ ਦੀ ਰਿਪੋਰਟ (ਜਨਵਰੀ 2023) ਦੇ ਅਨੁਸਾਰ, 26 ਯੂ ਐਲ ਬੀਜ਼ ਵਿੱਚ, 116 ਐਮ ਆਰ ਐਫਜ਼ ਦੀ ਜ਼ਰੂਰਤ ਦੇ ਮੁਕਾਬਲੇ, ਸਿਰਫ਼ 63 ਐਮ ਆਰ ਐਫਜ਼ ਦਾ ਨਿਰਮਾਣ ਕੀਤਾ ਗਿਆ ਸੀ, ਜੋ ਕਿ 53 ਐਮ ਆਰ ਐਫ ਦੀ ਕਮੀ ਸੀ। ਇਨ੍ਹਾਂ 26 ਯੂ ਐਲ ਬੀਜ਼ ਲੇਖਾ ਪ੍ਰੀਖਿਆ ਲਈ ਚੁਣੇ ਗਏ 20 ਵਿੱਚੋਂ ਤਿੰਨ ਯੂ ਐਲ ਬੀਜ਼[101] ਵਿੱਚ 12 ਐਮ ਆਰ ਐਫਜ਼ ਦੀ ਘਾਟ ਵੇਖੀ ਗਈ। ਸਰਕਾਰ ਨੇ (ਅਗਸਤ 2023) ਤੱਥਾਂ ਨੂੰ ਸਵੀਕਾਰ ਕਰ ਲਿਆ।



ਪ੍ਰਦਰਸ਼ਨੀ 12: ਮਹਿਰਾਜ ਵਿੱਚ ਤਿਆਗ ਦਿੱਤਾ ਗਿਆ ਐਮ ਆਰ ਐਫ

ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ (ਅਕਤੂਬਰ 2024) ਕਿ ਭਗਤਾਂਵਾਲਾ ਸਾਈਟ 'ਤੇ ਇੱਕ ਐਮ ਆਰ ਐਫ ਗੈਰ-ਕਾਰਜਸ਼ੀਲ ਸੀ ਅਤੇ ਜਲਦੀ ਹੀ ਚਾਲੂ ਕਰ ਦਿੱਤਾ ਜਾਵੇਗਾ। ਹਾਲਾਂਕਿ, ਯੂ ਐਲ ਬੀ ਨੇ ਘਾਟ ਬਾਰੇ ਆਪਣਾ ਜਵਾਬ ਨਹੀਂ ਦਿੱਤਾ। ਤਿੰਨ[102] ਯੂ ਐਲ ਬੀਜ਼ ਨੇ ਕਿਹਾ ਕਿ ਬਾਕੀ ਐਮ ਆਰ ਐਫ ਦਾ ਨਿਰਮਾਣ ਲੋੜਾਂ ਨੂੰ ਪੂਰਾ ਕਰਨ ਲਈ ਕੀਤਾ ਜਾਵੇਗਾ। ਦੋ[103] ਯੂ ਐਲ ਬੀਜ਼ ਨੇ ਕਿਹਾ ਕਿ ਜ਼ਮੀਨ ਦੀ ਉਪਲਬਤਾ ਨਾ ਹੋਣ ਕਾਰਨ ਬਾਕੀ ਐਮ ਆਰ ਐਫ ਦਾ ਨਿਰਮਾਣ ਨਹੀਂ ਕੀਤਾ ਗਿਆ ਸੀ। ਯੂ ਐਲ ਬੀ, ਐਸ ਏ ਐਸ ਨਗਰ ਨੇ ਕਿਹਾ ਕਿ ਲੋੜੀਂਦੇ ਐਮ ਆਰ ਐਫ ਬਣਾਏ ਗਏ ਸਨ ਅਤੇ ਸੈਕੰਡਰੀ ਸਟੇਸ਼ਨ ਤੇ ਰਹਿੰਦ-ਖੂੰਹਦ ਨੂੰ ਵੱਖ ਕਰਨ ਲਈ ਵਰਤੇ ਜਾ ਰਹੇ ਸਨ। ਯੂ ਐਲ ਬੀ ਮਹਿਰਾਜ ਨੇ ਕਿਹਾ ਕਿ ਰਹਿੰਦ-ਖੂੰਹਦ ਨੂੰ ਵੱਖ ਕਰਨ ਲਈ ਇੱਕ ਮੌਜੂਦਾ ਐਮ ਆਰ ਐਫ ਕੰਮ ਕਰ ਰਿਹਾ ਸੀ। ਯੂ ਐਲ ਬੀ ਲੁਧਿਆਣਾ ਨੇ ਕੋਈ ਜਵਾਬ ਨਹੀਂ ਦਿੱਤਾ।

2.4.4 ਠੋਸ ਰਹਿੰਦ-ਖੂੰਹਦ ਦੀ ਢੋਆ-ਢੁਆਈ

ਇਹ ਜ਼ਰੂਰੀ ਹੈ ਕਿ ਪ੍ਰਾਇਮਰੀ ਇਕੱਤਰ ਕਰਨ ਵਾਲੇ ਵਾਹਨਾਂ ਨੂੰ ਸਥਾਨਕ ਜ਼ਰੂਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਪ੍ਰਾਇਮਰੀ ਇਕੱਤਰ ਕਰਨ ਲਈ ਵਾਹਨ ਦੀ ਚੋਣ ਕਰਨ ਤੋਂ ਪਹਿਲਾਂ, ਜਨਰੇਟ ਹੋਏ ਰਹਿੰਦ-ਖੂੰਹਦ ਦੀ ਮਾਤਰਾ, ਸਥਾਨਕ ਜਲਵਾਯੂ ਸਥਿਤੀਆਂ, ਖੇਤਰ ਦੀ ਭੂਗੋਲਿਕ ਸਥਿਤੀ ਅਤੇ ਇਨ੍ਹਾਂ ਵਾਹਨਾਂ ਦੀ ਮੁਰੰਮਤ ਅਤੇ ਰੱਖ-ਰਖਾਅ ਲਈ ਉਪਲਬਧ ਸਹੂਲਤਾਂ ਦਾ ਮੁਲਾਂਕਣ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਰਿਕਾਰਡਾਂ ਦੀ ਨਮੂਨਾ-ਜਾਂਚ ਦੌਰਾਨ, ਹੇਠ ਲਿਖੇ ਨੋਟ ਕੀਤੇ ਗਏ ਸਨ:

---

101 (i) ਲੁਧਿਆਣਾ: ਛੇ; (ii) ਐਸ ਏ ਐਸ ਨਗਰ: ਪੰਜ; ਅਤੇ (iii) ਮੋਗਾ-ਇੱਕ।

102 (i) ਬਿਲਗਾ; (ii) ਮੋਗਾ; ਅਤੇ (iii) ਰੂਪਨਗਰ।

103 (i) ਦੋਰਾਹਾ; ਅਤੇ (ii) ਮਾਨਸਾ।

2.4.4.1 ਵਾਹਨਾਂ ਦੀ ਘਾਟ

ਠੋਸ ਰਹਿੰਦ-ਖੂੰਹਦ ਪ੍ਰਬੰਧਨ ਨੂੰ ਵੱਖ-ਵੱਖ ਕਿਸਮਾਂ ਦੇ ਵਾਹਨਾਂ, ਜਿਵੇਂ ਕਿ ਟਿੱਪਰ, ਹੁਕ ਲੋਡਰ, ਟਰੈਕਟਰ, ਜੇ ਸੀ ਬੀਜ਼ ਆਦਿ ਦੀ ਲੋੜ ਹੁੰਦੀ ਹੈ ਜੋ ਰਹਿੰਦ-ਖੂੰਹਦ ਨੂੰ ਪ੍ਰਾਇਮਰੀ ਸਰੋਤ ਤੋਂ ਸੈਕੰਡਰੀ ਸਟੋਰੇਜ/ਐਮ ਆਰ ਐਫ ਤੱਕ ਇਕੱਤਰ ਕਰਨ ਅਤੇ ਲਿਜਾਣ ਅਤੇ ਡੰਪ ਜਾਂ ਪ੍ਰੋਸੈਸਿੰਗ ਸਾਈਟਾਂ ਤੱਕ ਅੱਗੇ ਲਿਜਾਣ ਲਈ ਚੁਣੇ ਹੋਏ ਯੂ ਐਲ ਬੀਜ਼ ਵਿੱਚ ਵਾਹਨਾਂ ਦੀ ਉਪਲਬਧਤਾ ਦੀ ਸਥਿਤੀ ***(ਅੰਤਿਕਾ 2.12)*** ਵਿੱਚ ਦਿੱਤੀ ਗਈ ਹੈ। ਸਥਿਤੀ ਦਾ ਵਿਸ਼ਲੇਸ਼ਣ ਕਰਨ ਤੇ, ਹੇਠ ਲਿਖੀਆਂ ਟਿੱਪਣੀਆਂ ਕੀਤੀਆਂ ਗਈਆਂ ਹਨ:

- ਪੰਜ ਕਾਰਪੋਰੇਸ਼ਨਾਂ ਵਿੱਚੋਂ, ਵਾਹਨਾਂ ਦੀ ਲੋੜ ਦਾ ਮੁਲਾਂਕਣ ਸਿਰਫ਼ ਦੋ ਕਾਰਪੋਰੇਸ਼ਨਾਂ[104] ਦੁਆਰਾ ਕੀਤਾ ਗਿਆ ਸੀ। ਹੋਰ ਦੋ ਕਾਰਪੋਰੇਸ਼ਨਾਂ[105] ਵਿੱਚ ਮੁਲਾਂਕਣ ਨਹੀਂ ਕੀਤਾ ਗਿਆ ਸੀ ਅਤੇ ਅੰਮ੍ਰਿਤਸਰ ਕਾਰਪੋਰੇਸ਼ਨ ਵਿੱਚ ਮੁਲਾਂਕਣ ਦੀ ਲੋੜ ਨਹੀਂ ਸੀ ਕਿਉਂਕਿ ਵਾਹਨਾਂ ਦਾ ਪ੍ਰਬੰਧ ਕਨਸ਼ੈਸ਼ਨੇਅਰ ਦੀ ਜ਼ਿੰਮੇਵਾਰੀ ਸੀ।
- ਦੋ ਕਾਰਪੋਰੇਸ਼ਨਾਂ[106] ਵਿੱਚ, 3,280 ਵਾਹਨਾਂ ਦੀ ਮੁਲਾਂਕਣ ਲੋੜ ਦੇ ਮੁਕਾਬਲੇ, ਸਿਰਫ਼ 1,209 ਵਾਹਨ (36.86 *ਪ੍ਰਤੀਸ਼ਤ*) ਉਪਲਬਧ ਸਨ।
- ਚੁਣੇ ਗਏ 10 ਐਮ ਸੀਜ਼ ਵਿਚੋਂ, ਚਾਰ[107] ਨੇ ਵਾਹਨਾਂ ਦੀ ਜ਼ਰੂਰਤ ਦਾ ਅੰਸ਼ਕ ਮੁਲਾਂਕਣ ਕੀਤਾ ਸੀ। ਛੇ ਐਮ ਸੀਜ਼[108] ਨੇ ਵਾਹਨਾਂ ਦੀ ਜ਼ਰੂਰਤ ਦਾ ਮੁਲਾਂਕਣ ਨਹੀਂ ਕੀਤਾ ਸੀ। ਇਸ ਤਰ੍ਹਾਂ ਵਾਹਨਾਂ ਦੀ ਜ਼ਰੂਰਤ ਦਾ ਮੁਲਾਂਕਣ ਨਾ ਕਰਨ ਕਾਰਨ ਲੇਖਾ ਪ੍ਰੀਖਿਆ ਵਿੱਚ ਵਾਹਨਾਂ ਦੀ ਕਮੀ ਦਾ ਪਤਾ ਨਹੀਂ ਲੱਗ ਸਕਿਆ।
- ਪੰਜ ਐਨ ਪੀਜ਼[109] ਵਿੱਚੋਂ, ਸਿਰਫ਼ ਬਿਲਗਾ ਐਨ ਪੀ ਵਾਹਨਾਂ ਦੀ ਜ਼ਰੂਰਤ ਦਾ ਮੁਲਾਂਕਣ ਕੀਤਾ ਸੀ ਅਤੇ ਬਾਕੀ ਚਾਰ ਐਨ ਪੀਜ਼ ਨੇ ਇਸ ਦਾ ਮੁਲਾਂਕਣ ਨਹੀਂ ਕੀਤਾ ਸੀ।

ਜਵਾਬ ਵਿੱਚ, ਸੌਲ੍ਹਾਂ[110] ਯੂ ਐਲ ਬੀਜ਼ ਨੇ ਕਿਹਾ (ਅਕਤੂਬਰ 2024) ਕਿ ਵਾਹਨਾਂ ਦੀ ਘਾਟ ਦਾ ਮੁਲਾਂਕਣ ਕੀਤਾ ਜਾਵੇਗਾ ਅਤੇ ਲੋੜ ਦੇ ਮੁਕਾਬਲੇ ਨਵੇ ਵਾਹਨ ਖਰੀਦੇ ਜਾਣਗੇ। ਯੂ ਐਲ ਬੀ ਬਠਿੰਡਾ ਨੇ ਕਿਹਾ ਕਿ ਵਾਹਨ ਹੁਣ ਐਸ ਡਬਲਯੂ ਐਮ ਨਿਯਮਾਂ ਅਨੁਸਾਰ ਲੋੜੀਂਦੇ ਮਲਟੀਯੂਜ਼ ਡੱਬਿਆਂ ਨਾਲ ਖਰੀਦੇ ਗਏ ਹਨ। ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ ਕਿ ਕਨਸ਼ੈਸ਼ਨੇਅਰ ਨੂੰ ਮਾਈਕਰੋ ਪਲਾਨ ਅਨੁਸਾਰ ਵਧੇਰੇ ਵਾਹਨ ਤੈਨਾਤ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ।

---

104 (i) ਲੁਧਿਆਣਾ; ਅਤੇ (ii) ਬਠਿੰਡਾ।

105 (i) ਮੋਗਾ; ਅਤੇ (ii) ਐਸ ਏ ਐਸ ਨਗਰ।

106 (i) ਲੁਧਿਆਣਾ; ਅਤੇ (ii) ਬਠਿੰਡਾ।

107 (i) ਦੋਰਾਹਾ; (ii) ਕਰਤਾਰਪੁਰ; (iii) ਰਾਜਪੁਰਾ; ਅਤੇ (iv) ਕਾਦੀਆਂ।

108 (i) ਆਦਮਪੁਰ; (ii) ਫਿਰੋਜ਼ਪੁਰ; (iii) ਮਾਨਸਾ; (iv) ਰੂਪਨਗਰ; (v) ਐਸ ਬੀ ਐਸ ਨਗਰ; ਅਤੇ (vi) ਸਰਹਿੰਦ।

109 (i) ਬਿਲਗਾ; (ii) ਖਮਾਣੋਂ; (iii) ਕੀਰਤਪੁਰ ਸਾਹਿਬ; (iv) ਮੱਖੂ; ਅਤੇ (v) ਮਹਿਰਾਜ।

110 (i) ਆਦਮਪੁਰ; (ii) ਦੋਰਾਹਾ; (iii) ਫਿਰੋਜ਼ਪੁਰ; (iv) ਕਰਤਾਰਪੁਰ; (v) ਖਮਾਣੋਂ; (vi) ਕੀਰਤਪੁਰ ਸਾਹਿਬ; (vii) ਲੁਧਿਆਣਾ; (viii) ਮੱਖੂ; (ix) ਮਾਨਸਾ; (x) ਮਹਿਰਾਜ; (xi) ਮੋਗਾ; (xii) ਕਾਦੀਆਂ; (xiii) ਰੂਪਨਗਰ; (xiv) ਐਸ ਏ ਐਸ ਨਗਰ; (xv) ਐਸ ਬੀ ਐਸ ਨਗਰ; ਅਤੇ (xvi) ਸਰਹਿੰਦ।

ਜਵਾਬ ਰਹਿੰਦ-ਖੂੰਹਦ ਇਕੱਠਾ ਕਰਨ ਅਤੇ ਢੋਆ-ਢੁਆਈ ਵਾਹਨਾਂ ਦੇ ਮੁਲਾਂਕਣ ਅਤੇ ਉਪਲਬਧਤਾ ਵਿੱਚ ਮੌਜੂਦਾ ਘਾਟ ਨੂੰ ਹੱਲ ਨਹੀਂ ਕਰਦੇ।

2.4.4.2 ਢੋਆ-ਢੁਆਈ ਲਈ ਕਵਰ ਨਾ ਕੀਤੇ ਵਾਹਨਾਂ ਦੀ ਵਰਤੋਂ

ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮ ਇਹ ਪ੍ਰਦਾਨ ਕਰਦੇ ਹਨ ਕਿ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਜਾਂ ਨਿਪਟਾਰੇ ਦੀਆਂ ਸਹੂਲਤਾਂ ਤੱਕ ਢੋਆ-ਢੁਆਈ ਲਾਜ਼ਮੀ ਤੌਰ ਤੇ ਢੱਕੇ ਹੋਏ ਵਾਹਨਾਂ ਵਿੱਚ ਕੀਤੀ ਜਾਣੀ ਚਾਹੀਦੀ ਹੈ। ਵਾਹਨਾਂ ਵਿੱਚ ਵੱਖ-ਵੱਖ ਅੰਸ਼ਾਂ (ਗਿੱਲੇ, ਸੁੱਕੇ ਅਤੇ ਘਰੇਲੂ ਖਤਰਨਾਕ) ਨੂੰ ਇਕੱਤਰ ਕਰਨ ਲਈ ਵੱਖਰੇ ਕੰਟੇਨਰ ਹੋਣੇ ਚਾਹੀਦੇ ਹਨ। ਘੱਟੋਂ ਘੱਟ, ਵਾਹਨ ਵਿੱਚ ਪ੍ਰੋਸੈਸਿੰਗ ਜਾਂ ਨਿਪਟਾਰੇ ਦੀ ਸੁਵਿਧਾ ਦੇ ਰਸਤੇ ਵਿੱਚ ਰਹਿੰਦ-ਖੂੰਹਦ ਦੇ ਫੈਲਣ ਨੂੰ ਰੋਕਣ ਅਤੇ ਲੀਚੇਟ ਕਰਨ ਦੀ ਸਹੂਲਤ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਐਲ ਜੀ ਡੀ (ਅਕਤੂਬਰ 2020) ਨੋਟੀਫਾਈ ਕੀਤਾ ਕਿ ਹਰੇਕ ਸਥਾਨਕ ਸੰਸਥਾ ਇਕੱਠਾ ਕਰਨ ਵਾਲੇ ਵਾਹਨਾਂ ਤੇ ਲਗਾਏ ਗਏ ਵੱਖਰੇ ਕੰਟੇਨਰਾਂ ਵਿੱਚ ਖਤਰਨਾਕ/ਸੈਨੇਟਰੀ ਰਹਿੰਦ-ਖੂੰਹਦ ਸਮੇਤ ਘਰੇਲੂ ਰਹਿੰਦ-ਖੂੰਹਦ ਇਕਠਾ ਕਰਨ ਲਈ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਨੂੰ ਤੈਨਾਤ ਕਰਨ ਲਈ ਜ਼ਿੰਮੇਵਾਰ ਹੈ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ 20 ਚੁਣੇ ਗਏ ਯੂ ਐਲ ਬੀਜ਼ ਵਿੱਚੋਂ ਯੂ ਐਲ ਬੀਜ਼ ਐਸ ਬੀ ਐਸ ਨਗਰ ਵਿੱਚ ਵਾਹਨਾਂ ਨੂੰ ਲੋੜਾਂ ਦੀ ਪਾਲਣਾ ਕਰਦਿਆਂ ਚਾਰ ਡੱਬਿਆਂ ਨਾਲ ਡਿਜ਼ਾਈਨ ਕੀਤਾ ਗਿਆ ਸੀ। ਬਾਕੀ 19 ਯੂ ਐਲ ਬੀਜ਼ ਵਿੱਚ, ਹਾਲਾਂਕਿ ਵਾਹਨਾਂ ਵਿੱਚ ਘੱਟੋਂ-ਘੱਟ ਮਾਪਦੰਡਾਂ ਅਨੁਸਾਰ ਸੁੱਕਾ ਅਤੇ ਗਿੱਲਾ ਰਹਿੰਦ-ਖੂੰਹਦ ਇਕੱਠਾ ਕਰਨ ਲਈ ਦੋ ਡੱਬੇ ਸਨ, ਪਰ ਸੈਨੇਟਰੀ ਅਤੇ ਖਤਰਨਾਕ ਰਹਿੰਦ-ਖੂੰਹਦ ਐਮ ਆਰ ਐਫ/ਡੰਪ ਸਾਈਟ ਤੇ ਮਿਸ਼ਰਤ ਪਾਇਆ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਛੇ ਯੂ ਐਲ ਬੀਜ਼[111] ਵਿੱਚ ਰਹਿੰਦ-ਖੂੰਹਦ ਨੂੰ ਵਾਹਨਾਂ ਵਿੱਚ ਬਿਨ੍ਹਾਂ ਢੱਕੇ ਲਿਜਾਇਆ ਜਾ ਰਿਹਾ ਸੀ।

ਜਵਾਬ ਵਿੱਚ, ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ (ਅਕਤੂਬਰ 2024) ਕਿ ਖੁੱਲੇ ਵਾਹਨਾਂ ਵਿੱਚ ਜਾਂ ਇਸ ਨੂੰ ਕਵਰ ਕੀਤੇ ਬਿਨਾਂ ਰਹਿੰਦ-ਖੂੰਹਦ ਦੀ ਢੋਆ-ਢੁਆਈ ਲਈ ਕਨਸ਼ੈਸ਼ਨੇਅਰ ਨੂੰ ਨੋਟਿਸ ਜਾਰੀ ਕੀਤੇ ਜਾਣਗੇ। ਯੂ ਐਲ ਬੀ ਕਰਤਾਰਪੁਰ ਨੇ ਕਿਹਾ ਕਿ ਭਵਿੱਖ ਵਿੱਚ, ਢੱਕੇ ਹੋਏ ਵਾਹਨਾਂ ਦੀ ਵਰਤੋਂ ਰਹਿੰਦ-ਖੂੰਹਦ ਦੀ ਢੋਆ-ਢੁਆਈ ਲਈ ਕੀਤੀ ਜਾਵੇਗੀ। ਦੋ[112] ਯੂ ਐਲ ਬੀ ਨੇ ਕਿਹਾ ਕਿ ਕਵਰ ਕੀਤੇ ਵਾਹਨਾਂ ਦੀ ਵਰਤੋਂ ਰਹਿੰਦ-ਖੂੰਹਦ ਦੀ ਢੋਆ-ਢੁਆਈ ਲਈ ਕੀਤੀ ਗਈ ਸੀ। ਯੂ ਐਲ ਬੀ ਮਾਨਸਾ ਨੇ ਕਿਹਾ ਕਿ ਆਵਾਜਾਈ ਦੌਰਾਨ ਰਹਿੰਦ-ਖੂੰਹਦ ਨੂੰ ਢੱਕਣ ਲਈ ਡਰਾਈਵਰਾਂ ਨੂੰ ਕਵਰ ਪ੍ਰਦਾਨ ਕੀਤੇ ਗਏ ਸਨ। ਯੂ ਐਲ ਬੀ ਕਾਦੀਆਂ ਨੇ ਕਿਹਾ ਕਿ ਢੱਕੇ ਹੋਏ ਵਾਹਨਾਂ ਦੀ ਵਰਤੋਂ ਜ਼ਿਆਦਾਤਰ ਸਮੇਂ ਰਹਿੰਦ-ਖੂੰਹਦ ਦੀ ਢੋਆ-ਢੁਆਈ ਲਈ ਕੀਤੀ ਜਾਂਦੀ ਸੀ। ਹਾਲਾਂਕਿ, ਭਵਿੱਖ ਵਿੱਚ ਬੰਦ ਵਾਹਨ ਖਰੀਦੇ ਜਾਣਗੇ ਜਾਂ ਵਾਹਨਾਂ ਨੂੰ ਸਹੀ ਢੰਗ ਨਾਲ ਕਵਰ ਕੀਤਾ ਜਾਵੇਗਾ।

---

111 (i) ਅੰਮ੍ਰਿਤਸਰ; (ii) ਕਰਤਾਰਪੁਰ; (iii) ਐਸ ਏ ਐਸ ਨਗਰ; (iv) ਮੱਖੂ; (v) ਮਾਨਸਾ; ਅਤੇ (vi) ਕਾਦੀਆਂ।

112 (i) ਮੱਖੂ; ਅਤੇ (ii) ਐਸ ਏ ਐਸ ਨਗਰ।

ਜਵਾਬ ਪੂਰੀ ਤਰ੍ਹਾਂ ਢੱਕੇ ਹੋਏ ਅਤੇ ਕੰਪਾਰਟਮੈਂਟ ਵਾਲੇ ਵਾਹਨਾਂ ਵਿੱਚ ਰਹਿੰਦ-ਖੂੰਹਦ ਦੀ ਢੋਆ-ਢੁਆਈ ਦੀ ਜ਼ਰੂਰਤ ਦੀ ਨਿਰੰਤਰ ਗੈਰ-ਪਾਲਣਾ ਨੂੰ ਹੱਲ ਨਹੀਂ ਕਰਦੇ।

2.4.4.3 ਠੋਸ ਰਹਿੰਦ-ਖੂੰਹਦ ਪ੍ਰਬੰਧਨ ਲਈ ਪ੍ਰਦਾਨ ਕੀਤੇ ਵਾਹਨਾਂ ਦੀ ਵਰਤੋਂ ਨਾ ਕਰਨਾ

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਹੈ ਕਿ ਦੋ ਯੂ ਐਲ ਬੀਜ਼[113] ਵਿੱਚ ਪੀ ਐਮ ਆਈ ਡੀ ਸੀ ਤੋਂ ਪ੍ਰਾਪਤ 10 ਈ-ਵਾਹਨ (ਦਸੰਬਰ 2019) ਅਤੇ ਐਸ ਡਬਲਯੂ ਐਮ ਲਈ ਦਾਨ ਵਜੋਂ ਪ੍ਰਾਪਤ ਇੱਕ ਡੰਪਰ ਪਲੇਸਰ ਵਰਤੋਂ ਵਿੱਚ ਨਹੀਂ ਸਨ ਅਤੇ ਯੂ ਐਲ ਬੀਜ਼ ਦੀ ਵਰਕਸ਼ਾਪ ਅਤੇ ਡੰਪਸਾਈਟ 'ਤੇ ਬੇਕਾਰ ਪਏ ਸਨ। ਇਹ ਵੀ ਦੇਖਿਆ ਗਿਆ ਸੀ ਕਿ ਇਨ੍ਹਾਂ ਵਾਹਨਾਂ ਨੂੰ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ।

ਜਵਾਬ ਵਿੱਚ, ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ (ਅਕਤੂਬਰ 2024) ਕਿ ਇਹ ਈ-ਵਾਹਨ ਕੰਧਾਂ ਵਾਲੇ ਸ਼ਹਿਰ ਵਿੱਚ ਵਰਤੇ ਗਏ ਸਨ ਅਤੇ ਐਸ ਡਬਲਯੂ ਐਮ ਸੰਚਾਲਨ ਅਤੇ ਐਮ ਐਸ ਡਬਲਯੂ ਸੰਚਾਲਨ ਵਿੱਚ ਈ-ਵਾਹਨਾਂ ਦੀ ਸਥਿਰਤਾ ਦੀ ਘਾਟ ਕਾਰਨ, ਇਨ੍ਹਾਂ ਈ-ਵਾਹਨਾਂ ਨੂੰ ਰੱਦ ਕਰ ਦਿੱਤਾ ਗਿਆ ਸੀ, ਹਾਲਾਂਕਿ, ਜਵਾਬ ਸਥਿਰਤਾ ਦੇ ਮੁੱਦੇ ਅਤੇ ਵਾਹਨਾਂ ਨੂੰ ਛੱਡਣ ਦੀਆਂ ਮਨਜ਼ੂਰੀਆਂ ਨਾਲ ਸਬੰਧਤ ਕਿਸੇ ਦਸਤਾਵੇਜ਼ੀ ਸਬੂਤ ਦੁਆਰਾ ਸਮਰਥਿਤ ਨਹੀਂ ਸਨ। ਯੂ ਐਲ ਬੀ ਸਰਹਿੰਦ ਨੇ ਕਿਹਾ ਕਿ ਲੋੜੀਂਦੀ ਮੁਰੰਮਤ ਦਾ ਕੰਮ ਕਰਨ ਤੋਂ ਬਾਅਦ ਅਣਵਰਤੇ ਡੰਪਰ ਪਲੇਸਰ ਦੀ ਵਰਤੋਂ ਕਰਨੇ ਦੇ ਯਤਨ ਕੀਤੇ ਜਾਣਗੇ।

2.4.4.4 ਵਾਹਨਾਂ ਦੀ ਨਿਗਰਾਨੀ

ਗਲੋਬਲ ਪੋਜ਼ੀਸ਼ਨਿੰਗ ਸਿਸਟਮ (ਜੀ ਪੀ ਐਸ) ਇੱਕ ਸਧਾਰਣ ਅਤੇ ਉੱਨਤ ਪ੍ਰਬੰਧਨ ਜਾਣਕਾਰੀ ਪ੍ਰਣਾਲੀ ਹੈ ਅਤੇ ਐਮ ਐਸ ਡਬਲਯੂ ਦੇ ਸੰਗ੍ਰਹਿ ਅਤੇ ਆਵਾਜਾਈ ਦਾ ਪ੍ਰਬੰਧਨ ਕਰਨ ਲਈ ਯੂ ਐਲ ਬੀ ਲਈ ਇੱਕ ਮਹੱਤਵਪੂਰਣ ਸਾਧਨ ਹੈ। ਇਹ ਐਸ ਡਬਲਯੂ ਐਮ ਵਿਭਾਗ ਨਾਲ-ਨਾਲ ਯੂ ਐਲ ਬੀ ਦੇ ਮੁਖੀ ਨੂੰ ਸੇਵਾਵਾਂ ਦੀ ਰੋਜ਼ਾਨਾ ਕਾਰਗੁਜ਼ਾਰੀ ਬਾਰੇ ਸੂਚਿਤ ਕਰਨ ਵਿੱਚ ਸਹਾਇਤਾ ਕਰਦਾ ਹੈ।

20 ਚੁਣੇ ਗਏ ਯੂ ਐਲ ਬੀਜ਼ ਵਿੱਚ, 714 ਮੋਟਰ ਵਾਹਨਾਂ ਨੂੰ ਐਮ ਐਸ ਡਬਲਯੂ ਨੂੰ ਇਕੱਤਰ ਕਰਨ ਅਤੇ ਲਿਜਾਣ ਲਈ ਲਗਾਇਆ ਗਿਆ ਸੀ। 16 ਯੂ ਐਲ ਬੀਜ਼ ਦੇ 714 ਵਾਹਨਾਂ ***(ਅੰਤਿਕਾ 2.12)*** ਵਿੱਚੋਂ 513 ਵਾਹਨਾਂ ਵਿੱਚ ਜੀ ਪੀ ਐਸ ਲਗਾਇਆ ਗਿਆ ਸੀ। ਹਾਲਾਂਕਿ, ਵਾਹਨਾਂ ਲਈ ਨਿਰਧਾਰਤ ਰੂਟ ਨਕਸ਼ੇ ਸਬੰਧਤ ਯੂ ਐਲ ਬੀ ਵਿੱਚ ਉਪਲਬਧ ਨਹੀਂ ਸਨ। ਇਸ ਤੋਂ ਇਲਾਵਾ, ਜੀ ਪੀ ਐਸ ਡਾਟਾ ਲੇਖਾ ਪ੍ਰੀਖਿਆ ਲਈ ਪ੍ਰਦਾਨ ਨਹੀਂ ਕੀਤਾ ਗਿਆ ਸੀ। ਇਸ ਨੇ ਜੀ ਪੀ ਐਸ ਉਪਕਰਣ ਲਗਾਉਣ ਦੇ ਬਾਵਜੂਦ ਵਾਹਨਾਂ ਦੇ ਚੱਲਣ ਦੀ ਨਿਗਰਾਨੀ ਕਰਨ ਵਿੱਚ ਯੂ ਐਲ ਬੀ ਦੀ ਅਸਮਰੱਥਾ ਦਾ ਸੰਕੇਤ ਦਿੱਤਾ।

ਜਵਾਬ ਵਿੱਚ, ਦਸ[114] ਯੂ ਐਲ ਬੀਜ਼ ਨੇ ਕਿਹਾ (ਅਕਤੂਬਰ 2024) ਕਿ ਸਾਰੇ ਵਾਹਨਾਂ 'ਤੇ ਜੀ ਪੀ ਐਸ ਲਗਾਉਣ ਦੇ ਯਤਨ ਕੀਤੇ ਜਾਣਗੇ, ਅਤੇ ਵਾਹਨਾਂ ਦੀ ਨਿਗਰਾਨੀ ਅਤੇ ਟਰੈਕਿੰਗ ਲਈ ਡਾਟਾ ਰੱਖਿਆ ਜਾਵੇਗਾ। ਪੰਜ[115] ਯੂ ਐਲ ਬੀ ਨੇ ਜਵਾਬ ਦਿੱਤਾ ਕਿ ਵਾਹਨਾਂ 'ਤੇ

---

113 (i) ਅੰਮ੍ਰਿਤਸਰ (10 ਈ-ਵਾਹਨਾਂ) ਅਤੇ; (ii) ਸਰਹਿੰਦ (ਇੱਕ ਡੰਪਰ ਪਲੇਸਰ)।

114 (i) ਫਿਰੋਜ਼ਪੁਰ; (ii) ਲੁਧਿਆਣਾ; (iii) ਮੱਖੂ; (iv) ਮਾਨਸਾ; (v) ਮੋਗਾ; (vi) ਕਾਦੀਆਂ; (vii) ਰਾਜਪੁਰਾ; (viii) ਰੂਪਨਗਰ; (ix) ਐਸ ਏ ਐਸ ਨਗਰ; ਅਤੇ (x) ਸਰਹਿੰਦ।

115 (i) ਆਦਮਪੁਰ; (ii) ਬਿਲਗਾ; (iii) ਕਰਤਾਰਪੁਰ; (iv) ਮਹਿਰਾਜ; ਅਤੇ (v) ਐਸ ਬੀ ਐਸ ਨਗਰ।

ਜੀ ਪੀ ਐਸ ਲਗਾਇਆ ਗਿਆ ਸੀ, ਪਰ ਜੀ ਪੀ ਐਸ ਡਾਟੇ ਸੁਰੱਖਿਅਤ ਜਾਂ ਸਟੋਰ ਨਹੀਂ ਕੀਤਾ ਗਿਆ ਸੀ, ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ ਕਿ ਹਾਲਾਂਕਿ ਸਾਰੇ ਵਾਹਨਾਂ ਵਿੱਚ ਜੀ ਪੀ ਐਸ ਲਗਾਇਆ ਗਿਆ ਸੀ, ਪਰ ਜੀ ਪੀ ਐਸ ਡਾਟਾ ਨਿਗਮ ਕੋਲ ਉਪਲਬਧ ਨਹੀਂ ਸੀ। ਕਨਸ਼ੈਸ਼ਨੇਅਰ ਦੁਆਰਾ ਸਮੇਂ-ਸਮੇਂ ਤੇ ਰਿਕਾਰਡ ਨਹੀਂ ਰੱਖਿਆ ਗਿਆ ਸੀ, ਪਰ ਭਵਿੱਖ ਵਿੱਚ ਇਕਰਾਰਨਾਮੇ ਦੀਆਂ ਵਿਵਸਥਾਵਾਂ ਦੀ ਪਾਲਣਾ ਕਰਨ ਲਈ ਨਿਰਦੇਸ਼ ਦਿੱਤੇ ਜਾਣਗੇ।


ਜਵਾਬਾਂ ਨੇ ਪੁਸ਼ਟੀ ਕੀਤੀ ਕਿ 2017-22 ਦੌਰਾਨ ਯੂ ਐਲ ਬੀਜ਼ ਦੁਆਰਾ ਰਹਿੰਦ-ਖੂੰਹਦ ਇਕੱਠਾ ਕਰਨ ਵਾਲੇ ਵਾਹਨਾਂ ਦੀ ਪ੍ਰਭਾਵਸ਼ਾਲੀ ਜੀ ਪੀ ਐਸ-ਅਧਾਰਤ ਨਿਗਰਾਨੀ ਨੂੰ ਯਕੀਨੀ ਨਹੀਂ ਬਣਾਇਆ ਗਿਆ ਸੀ।

2.4.5 ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ, ਟਰੀਟਮੈਂਟ ਅਤੇ ਨਿਪਟਾਰਾ

ਮਿਉਂਸਪਲ ਠੋਸ ਰਹਿੰਦ-ਖੂੰਹਦ ਪ੍ਰਬੰਧਨ ਅਤੇ ਪ੍ਰੋਸੈਸਿੰਗ ਤਕਨਾਲੋਜੀਆਂ ਨੂੰ ਅਪਣਾਉਣਾ ਵੱਡੇ ਪੱਧਰ ਤੇ ਯੂ ਐਲ ਬੀ ਵਿੱਚ ਜਨਰੇਟ ਹੋਏ ਕੁੱਲ ਰਹਿੰਦ-ਖੂੰਹਦ ਦੀ ਮਾਤਰਾ ਅਤੇ ਵਿਸ਼ੇਸ਼ਤਾਵਾਂ ਤੇ ਨਿਰਭਰ ਕਰਦਾ ਹੈ। ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਵਿੱਚ ਖਾਦ ਬਣਾਉਣਾ, ਰਹਿੰਦ-ਖੂੰਹਦ ਤੋਂ ਊਰਜਾ ਤਕਨਾਲੋਜੀ ਅਤੇ ਬਚੇ ਹੋਏ ਰਹਿੰਦ-ਖੂੰਹਦ ਨੂੰ ਲੈਂਡਫਿਲ ਵਿੱਚ ਸੁਰੱਖਿਅਤ ਢੰਗ ਨਾਲ ਨਿਪਟਾਰਾ ਕਰਨਾ ਸ਼ਾਮਲ ਹੈ।

ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਨੂੰ **ਚਾਰਟ** 2.11 ਵਿੱਚ ਦੇਖਿਆ ਜਾ ਸਕਦਾ ਹੈ:

ਚਾਰਟ 2.11: ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ




ਸ੍ਰੋਤ: ਐਮ ਐਸ ਡਬਲਯੂ ਐਮ ਮੈਨੂਅਲ, 2016

2.4.5.1 ਇਕੱਤਰ ਕੀਤੇ ਰਹਿੰਦ-ਖੂੰਹਦ ਦੀ ਗੈਰ-ਪ੍ਰੋਸੈਸਿੰਗ

ਐਸ ਡਬਲਯੂ ਐਮ ਨਿਯਮਾਂ ਦੇ ਨਿਯਮ 15(v) ਦੇ ਅਨੁਸਾਰ, ਸਥਾਨਕ ਅਥਾਰਟੀਆਂ ਠੋਸ ਰਹਿੰਦ-ਖੂੰਹਦ ਪ੍ਰੋਸੈਸਿੰਗ ਸਹੂਲਤਾਂ ਅਤੇ ਸਬੰਧਤ ਬੁਨਿਆਦੀ ਢਾਂਚੇ ਦੇ ਨਿਰਮਾਣ, ਸੰਚਾਲਨ ਅਤੇ ਰੱਖ-ਰਖਾਅ ਦੀ ਸਹੂਲਤ ਆਪਣੇ ਆਪ ਜਾਂ ਨਿੱਜੀ ਖੇਤਰ ਦੀ ਭਾਗੀਦਾਰੀ ਨਾਲ ਜਾਂ ਕਿਸੇ ਏਜੰਸੀ ਰਾਹੀਂ ਢੁਕਵੀਂ ਤਕਨਾਲੋਜੀ ਅਪਣਾ ਕੇ ਠੋਸ ਰਹਿੰਦ-ਖੂੰਹਦ ਦੇ ਵੱਖ-ਵੱਖ ਭਾਗਾਂ ਦੀ ਵੱਧ ਤੋਂ ਵੱਧ ਵਰਤੋਂ ਲਈ ਦੇਣਗੀਆਂ।

ਚੁਣੇ ਹੋਏ ਯੂ ਐਲ ਬੀਜ਼ ਵਿੱਚ ਠੋਸ ਰਹਿੰਦ-ਖੂੰਹਦ ਪ੍ਰਬੰਧਨ ਲਈ ਕਾਰਜ ਯੋਜਨਾਵਾਂ (ਏ ਪੀ ਐਸ ਡਬਲਯੂ ਐਮ) ਵਿੱਚ ਸ਼ਾਮਲ ਕੀਤੇ ਰਹਿੰਦ-ਖੂੰਹਦ ਦੀ ਬਣਤਰ ਦੇ ਵੇਰਵਿਆਂ ਅਨੁਸਾਰ, ਵੱਖ-ਵੱਖ ਤਕਨਾਲੋਜੀਆਂ ਜਿਵੇਂ ਕਿ ਖਾਦ ਬਣਾਉਣਾ, ਆਰ ਡੀ ਐਫ ਆਦਿ ਨੂੰ ਅਪਣਾ ਕੇ 95 *ਪ੍ਰਤੀਸ਼ਤ* ਤੱਕ ਰਹਿੰਦ-ਖੂੰਹਦ ਨੂੰ ਪ੍ਰੋਸੈਸ ਕਰਨ ਦੀ ਕਾਫੀ ਗੁੰਜਾਇਸ਼ ਸੀ। 2017-2021 ਦੌਰਾਨ ਰਾਜ ਵਿੱਚ ਇਕੱਤਰ ਕੀਤੇ ਅਤੇ ਪ੍ਰੋਸੈਸ ਕੀਤੇ ਰਹਿੰਦ-ਖੂੰਹਦ ਦੀ ਸਥਿਤੀ **ਚਾਰਟ** 2.12 ਵਿੱਚ ਦਿੱਤੀ ਗਈ ਹੈ।

ਚਾਰਟ 2.12: ਪੰਜਾਬ ਵਿੱਚ ਇਕੱਤਰ ਕੀਤੇ ਅਤੇ ਪ੍ਰੋਸੈਸ ਕੀਤੇ ਰਹਿੰਦ-ਖੂੰਹਦ ਦੀ ਸਥਿਤੀ
(ਲੱਖ ਐਮ ਟੀ ਵਿੱਚ)




ਸ੍ਰੋਤ: ਪੀ ਪੀ ਸੀ ਬੀ ਦੀਆਂ ਸਾਲਾਨਾ ਰਿਪੋਰਟਾਂ

ਜਨਵਰੀ 2017 ਤੋਂ ਦਸੰਬਰ 2021 ਦੌਰਾਨ, ਰਾਜ ਵਿੱਚ 80.20 ਲੱਖ ਐਮ ਟੀ ਰਹਿੰਦ-ਖੂੰਹਦ ਇਕੱਠਾ ਕੀਤਾ ਗਿਆ ਸੀ। ਇਸ ਵਿਚੋਂ 25.88 ਲੱਖ ਐਮ ਟੀ (32 *ਪ੍ਰਤੀਸ਼ਤ*) ਪ੍ਰੋਸੈਸ ਕੀਤਾ ਗਿਆ ਸੀ ਅਤੇ 54.32 ਲੱਖ ਐਮ ਟੀ (68 *ਪ੍ਰਤੀਸ਼ਤ*) ਨੂੰ ਬਿਨਾਂ ਪ੍ਰੋਸੈਸ ਕਰਕੇ ਛੱਡ ਦਿੱਤਾ ਗਿਆ ਸੀ। ਪ੍ਰੋਸੈਸ ਕੀਤੇ ਗਏ ਰਹਿੰਦ-ਖੂੰਹਦ ਦੀ ਪ੍ਰਤੀਸ਼ਤਤਾ 15.48 *ਪ੍ਰਤੀਸ਼ਤ* ਤੋਂ 47.86 *ਪ੍ਰਤੀਸ਼ਤ* ਤੱਕ ਸੀ।

ਚੁਣੇ ਹੋਏ ਯੂ ਐਲ ਬੀਜ਼ ਵਿੱਚ, ਇਕੱਤਰ ਕੀਤੇ ਰਹਿੰਦ-ਖੂੰਹਦ ਦੇ ਵਿਰੁੱਧ ਪ੍ਰੋਸੈਸ ਕੀਤੇ ਗਏ ਰਹਿੰਦ-ਖੂੰਹਦ ਦੀ ਸਥਿਤੀ *(ਅੰਤਿਕਾ 2.7)* **ਚਾਰਟ** 2.13 ਵਿੱਚ ਦਿੱਤੀ ਗਈ ਹੈ।

ਚਾਰਟ 2.13: ਚੁਣੇ ਹੋਏ ਯੂ ਐਲ ਬੀਜ਼ ਵਿੱਚ ਇਕੱਤਰ ਕੀਤੇ ਅਤੇ ਪ੍ਰੋਸੈਸ ਕੀਤੇ ਗਏ
ਰਹਿੰਦ-ਖੂੰਹਦ ਦੀ ਸਥਿਤੀ (ਲੱਖ ਐਮ ਟੀ ਵਿੱਚ)



ਸ੍ਰੋਤ: ਯੂ ਐਲ ਬੀ ਡਾਟਾ

19 ਚੁਣੇ[116] ਹੋਏ ਯੂ ਐਲ ਬੀਜ਼ ਵਿੱਚ, ਇਕੱਤਰ ਕੀਤੇ ਗਏ 36.19 ਲੱਖ ਐਮ ਟੀ ਰਹਿੰਦ-ਖੂੰਹਦ ਵਿੱਚੋਂ, ਸਿਰਫ਼ 12.31 ਲੱਖ ਐਮ ਟੀ ਹੀ ਪ੍ਰੋਸੈਸ ਕੀਤਾ ਗਿਆ, ਅਤੇ ਬਾਕੀ 23.88 ਲੱਖ ਐਮ ਟੀ ਰਹਿੰਦ-ਖੂੰਹਦ ਭਾਵ 66 *ਪ੍ਰਤੀਸ਼ਤ* ਬਿਨਾਂ ਪ੍ਰੋਸੈਸ ਕਰਕੇ ਛੱਡ ਦਿੱਤਾ ਗਿਆ ਸੀ। ਇਕੱਤਰ ਕੀਤੇ ਰਹਿੰਦ-ਖੂੰਹਦ ਵਿੱਚ ਪ੍ਰੋਸੈਸ ਕੀਤੇ ਕੁੱਲ ਰਹਿੰਦ-ਖੂੰਹਦ ਦੀ ਪ੍ਰਤੀਸ਼ਤਤਾ 2019 ਵਿੱਚ 50.44 ਤੋਂ ਘੱਟ ਕੇ 2021 ਵਿੱਚ 12.52 ਹੋ ਗਈ। ਇਹ ਯੂ ਐਲ ਬੀ ਲੁਧਿਆਣਾ ਦੁਆਰਾ ਕੀਤੀ ਗਈ ਕੋਈ ਪ੍ਰੋਸੈਸਿੰਗ ਨਾ ਹੋਣ ਕਾਰਨ ਸੀ ਕਿਉਂਕਿ ਕਨਸ਼ੈਸ਼ਨੇਅਰ ਦੇ ਏਕੀਕ੍ਰਿਤ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦੇ ਸਮਝੌਤੇ (ਫਰਵਰੀ 2021) ਨੂੰ ਖਤਮ ਕਰ ਦਿੱਤਾ ਗਿਆ ਸੀ ***(ਅੰਤਿਕਾ 2.7)***।

ਚੌਦਾਂ ਯੂ ਐਲ ਬੀਜ਼[117] ਨੇ ਕਿਹਾ (ਅਕਤੂਬਰ 2024) ਕਿ ਰਹਿੰਦ-ਖੂੰਹਦ 'ਤੇ ਪ੍ਰੋਸੈਸ ਕੀਤੀ ਜਾ ਰਹੀ ਹੈ ਅਤੇ ਨਿਰਧਾਰਤ ਸਮੇਂ ਤੇ ਪੂਰੀ ਹੋ ਜਾਵੇਗੀ। ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ ਕਿ ਉਹ ਲਗਭਗ 500 ਐਮ ਟੀ ਰਹਿੰਦ-ਖੂੰਹਦ ਇਕੱਤਰ ਕਰਦਾ ਹੈ, ਜਿਸ ਵਿੱਚੋਂ 347 ਦਾ ਪ੍ਰਬੰਧਨ ਖਾਦ ਬਣਾਉਣ/ਐਮ ਆਰ ਐਫ ਕੇਂਦਰਾਂ ਜਾਂ ਰੈਗ-ਪਿੱਕਰਜ਼ ਦੁਆਰਾ ਕੀਤਾ ਅਤੇ 153 ਐਮ ਟੀ ਮਿਸ਼ਰਤ ਰਹਿੰਦ-ਖੂੰਹਦ ਡੰਪਿੰਗ ਸਾਈਟ ਤੇ ਸੁੱਟਿਆ ਗਿਆ ਸੀ। ਯੂ ਐਲ ਬੀਜ਼ ਮਹਿਰਾਜ ਨੇ ਕਿਹਾ ਕਿ ਉਸਨੇ ਡੰਪਸਾਈਟ ਤੇ ਪਏ ਸਾਰੇ ਰਹਿੰਦ-ਖੂੰਹਦ ਨੂੰ ਪ੍ਰੋਸੈਸ ਕੀਤਾ ਸੀ, ਹਾਲਾਂਕਿ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਦਾ ਰਿਕਾਰਡ ਨਹੀਂ ਰੱਖਿਆ ਗਿਆ ਸੀ। ਚਾਰ ਯੂ ਐਲ ਬੀਜ਼[118] ਨੇ ਕਿਹਾ ਕਿ ਪੁਰਾਣੇ ਰਹਿੰਦ-ਖੂੰਹਦ ਨੂੰ ਪ੍ਰੋਸੈਸ ਕੀਤਾ ਗਿਆ ਸੀ।

ਮਿਉਂਸਪਲ ਠੋਸ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਨਾ ਹੋਣ ਨਾਲ ਵਾਤਾਵਰਣ ਅਤੇ ਮਨੁੱਖੀ ਸਿਹਤ ਤੇ ਗੰਭੀਰ ਪ੍ਰਭਾਵ ਪਏ। ਅਣ-ਪ੍ਰੋਸੈਸਡ ਰਹਿੰਦ-ਖੂੰਹਦ, ਜਿਸ ਨੂੰ ਜਾਂ ਤਾਂ ਜਮ੍ਹਾਂ ਕਰਨ ਜਾਂ ਸਾੜਨ ਲਈ ਛੱਡ ਦਿੱਤਾ ਗਿਆ ਸੀ, ਹਾਨੀਕਾਰਕ ਪ੍ਰਦੂਸ਼ਕ, ਜਿਵੇਂ ਕਿ ਗ੍ਰੀਨਹਾਊਸ ਗੈਸਾਂ ਅਤੇ ਜ਼ਹਿਰੀਲੇ ਰਸਾਇਣਾਂ ਨੂੰ ਹਵਾ, ਮਿੱਟੀ ਅਤੇ ਪਾਣੀ ਵਿੱਚ ਛੱਡਦਾ ਹੈ।

ਪ੍ਰੋਸੈਸਿੰਗ ਦੀ ਘੱਟ ਦਰ ਨਾਕਾਫੀ ਬੁਨਿਆਦੀ ਢਾਂਚੇ ਅਤੇ ਬੁਨਿਆਦੀ ਢਾਂਚੇ ਦੀ ਘੱਟ ਵਰਤੋਂ ਕਾਰਨ ਸੀ, ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਦੱਸਿਆ ਗਿਆ ਹੈ।

2.4.5.2 ਰਹਿੰਦ-ਖੂੰਹਦ ਪ੍ਰੋਸੈਸਿੰਗ ਫਸਿਲਟੀਆਂ ਦੀ ਵਰਤੋਂ

ਚੁਣੇ ਗਏ ਯੂ ਐਲ ਬੀਜ਼ ਵਿੱਚ, ਵਿਰਾਸਤੀ ਰਹਿੰਦ-ਖੂੰਹਦ ਦੇ ਅੰਸ਼ਕ ਬਾਇਓ-ਰਿਮੇਡੀਏਸ਼ਨ ਅਤੇ ਐਮ ਆਰ ਐਫਜ਼ ਦੁਆਰਾ ਵੱਖਕਰਨ ਤੋਂ ਇਲਾਵਾ, ਸਿਰਫ਼ ਗਿੱਲੇ ਰਹਿੰਦ-ਖੂੰਹਦ ਨੂੰ ਖਾਦ ਟੋਇਆਂ ਰਾਹੀਂ ਖਾਦ ਬਣਾ ਕੇ ਪ੍ਰੋਸੈਸ ਕੀਤਾ ਜਾ ਰਿਹਾ ਸੀ।

(i) ਦੋ ਯੂ ਐਲ ਬੀਜ਼[119] ਨੇ ਕਨਸ਼ੈਸ਼ਨੇਅਰ ਦੀ ਸ਼ਮੂਲੀਅਤ ਕਾਰਨ ਖਾਦ ਟੋਏ ਬਣਾਉਣ ਦੀ ਯੋਜਨਾ ਨਹੀਂ ਬਣਾਈ ਸੀ, ਅਤੇ ਯੂ ਐਲ ਬੀ ਲੁਧਿਆਣਾ ਵਿੱਚ ਹਾਲਾਂਕਿ ਕਨਸ਼ੈਸ਼ਨੇਅਰ ਸ਼ਾਮਲ ਸੀ, ਯੂ ਐਲ ਬੀ ਨੇ 400 ਖਾਦ ਟੋਏ ਬਣਾਉਣ ਦੀ ਯੋਜਨਾ ਬਣਾਈ। ਯੂ ਐਲ ਬੀ ਅੰਮ੍ਰਿਤਸਰ ਨੇ 67 ਖਾਦ ਟੋਇਆਂ ਦਾ ਨਿਰਮਾਣ ਕੀਤਾ ਹਾਲਾਂਕਿ ਇਨ੍ਹਾਂ ਨੂੰ ਯੋਜਨਾਂ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ।

---

116 ਸਾਲ 2017-18 ਤੋਂ 2019-20 ਲਈ ਰਹਿੰਦ-ਖੂੰਹਦ ਜਨਰੇਟ ਕਰਨ ਦਾ ਡਾਟਾ ਯੂ ਐਲ ਬੀ ਬਠਿੰਡਾ ਵੱਲੋਂ ਮੁਹੱਈਆ ਨਹੀਂ ਕਰਵਾਇਆ ਗਿਆ ਸੀ।

117 (i) ਐਸ ਬੀ ਐਸ ਨਗਰ; (ii) ਕਰਤਾਰਪੁਰ; (iii) ਬਿਲਗਾ; (iv) ਖਮਾਣੋਂ; (v) ਆਦਮਪੁਰ; (vi) ਦੋਰਾਹਾ; (vii) ਰੂਪਨਗਰ; (viii) ਰਾਜਪੁਰਾ; (ix) ਲੁਧਿਆਣਾ; (x) ਐਸ ਏ ਐਸ ਨਗਰ; (xi) ਕਾਦੀਆਂ; (xii) ਮਾਨਸਾ; (xiii) ਬਠਿੰਡਾ; ਅਤੇ (xiv) ਮੋਗਾ।

118 (i) ਮੱਖੂ; (ii) ਕੀਰਤਪੁਰ ਸਾਹਿਬ; (iii) ਸਰਹਿੰਦ; ਅਤੇ (iv) ਫਿਰੋਜ਼ਪੁਰ।

119 (i) ਬਠਿੰਡਾ; ਅਤੇ (ii) ਅੰਮ੍ਰਿਤਸਰ।

(ii) 17 ਯੂ ਐਲ ਬੀਜ਼ ਵਿੱਚ, 2,239 ਖਾਦ ਟੋਇਆਂ ਦੀ ਲੋੜ ਸੀ, ਜਿਨ੍ਹਾਂ ਵਿੱਚੋਂ ਸਿਰਫ਼ 1,310 ਖਾਦ ਟੋਏ ਬਣਾਏ ਗਏ ਸਨ। ਬਣਾਏ ਗਏ ਟੋਇਆਂ, ਵਰਤੋਂ ਵਿੱਚ ਖਾਦ ਦੇ ਟੋਇਆਂ ਅਤੇ ਖਾਦ ਟੋਇਆਂ ਦੀ ਘੱਟ ਉਸਾਰੀ ਦੀ ਯੂ ਐਲ ਬੀ ਵਾਰ ਸਥਿਤੀ ਹੇਠ ਲਿਖੇ ਅਨੁਸਾਰ ਹੈ ***(ਅੰਤਿਕਾ 2.13)*** ਵਿੱਚ:

- 17 ਯੂ ਐਲ ਬੀਜ਼ ਵਿੱਚੋਂ ਸਿਰਫ਼ ਪੰਜ ਯੂ ਐਲ ਬੀਜ਼[120] ਨੇ ਲੋੜ ਅਨੁਸਾਰ 241 ਖਾਦ ਟੋਏ ਬਣਾਏ।
- ਪੰਜ ਯੂ ਐਲ ਬੀਜ਼[121] ਵਿੱਚ, 1,607 ਖਾਦ ਟੋਇਆਂ ਦੀ ਲੋੜ ਦੇ ਮੁਕਾਬਲੇ ਸਿਰਫ਼ 499 ਖਾਦ ਟੋਏ ਬਣਾਏ ਗਏ ਸਨ, ਜਦੋਂ ਕਿ 1,108 ਖਾਦ ਟੋਇਆਂ ਦੀ ਘਾਟ ਸੀ। ਯੂ ਐਲ ਬੀ ਰਾਜਪੁਰਾ ਵਿੱਚ 150 ਖਾਦ ਟੋਏ ਬਣਾਏ ਗਏ ਸਨ, ਜਿਨ੍ਹਾਂ ਵਿੱਚੋਂ 80[122] ਜੇ ਪੀ ਵੀਜ਼ ਦੌਰਾਨ ਖਸਤਾ ਹਾਲਤ ਵਿੱਚ ਪਾਏ ਗਏ ਸਨ, ਜਿਨ੍ਹਾਂ ਵਿੱਚੋਂ 71 ਦੀ ਮੁਰੰਮਤ ਕਾਰਵਾਈ ਗਈ ਸੀ। ਇਸ ਤਰ੍ਹਾਂ, ਲੋੜੀਂਦੀ ਸੰਖਿਆ ਵਿੱਚ ਟੋਏ ਉਪਲਬਧ ਨਾ ਹੋਣ ਕਾਰਨ, ਗਿੱਲੇ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਕੀਤੀ ਗਈ ਸੀ।
- ਸੱਤ ਯੂ ਐਲ ਬੀਜ਼ ਵਿੱਚ, ਖਾਦ ਦੇ ਟੋਏ ਵਧੇਰੇ ਮਾਤਰਾ ਵਿੱਚ ਬਣਾਏ ਗਏ ਸਨ ਅਤੇ ਇਹ ਭੌਤਿਕ ਦੌਰੇ ਦੌਰਾਨ ਵਰਤੇ ਜਾਂਦੇ ਸਨ ***(ਅੰਤਿਕਾ 2.13)***।

(iii) ਤਿੰਨ ਯੂ ਐਲ ਬੀਜ਼[123] ਵਿੱਚ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਦੀ ਸਥਿਤੀ ਜਿੱਥੇ ਕਨਸ਼ੈਸ਼ਨੇਅਰ ਸ਼ਾਮਲ ਸੀ, ਦਰਸਾਉਂਦੀ ਹੈ ਕਿ ਯੂ ਐਲ ਬੀ ਅੰਮ੍ਰਿਤਸਰ ਵਿੱਚ, 2017-20 ਦੌਰਾਨ ਕੋਈ ਖਾਦ ਬਣਾਉਣ ਦਾ ਕੰਮ ਨਹੀਂ ਕੀਤਾ ਗਿਆ ਸੀ, ਯੂ ਐਲ ਬੀ ਬਠਿੰਡਾ ਵਿੱਚ, ਕੋਈ ਰਿਕਾਰਡ ਪੇਸ਼ ਨਹੀਂ ਕੀਤਾ ਗਿਆ ਸੀ ਜਿਸ ਵਿੱਚ ਇਹ ਹਵਾਲਾ ਦਿੱਤਾ ਗਿਆ ਸੀ ਕਿ ਇੱਕ ਆਰਬਿਟਰੇਸ਼ਨ ਮਾਮਲਾ ਵਿਚਾਰ ਅਧੀਨ ਹੈ ਅਤੇ ਯੂ ਐਲ ਬੀ ਲੁਧਿਆਣਾ ਵਿੱਚ, 15.92 ਲੱਖ ਐਮ ਟੀ ਇਕੱਤਰ ਕੀਤੇ ਰਹਿੰਦ-ਖੂੰਹਦ ਦੇ ਮੁਕਾਬਲੇ, 2017-2021 ਦੌਰਾਨ 9.85 ਲੱਖ ਐਮ ਟੀ ਰਹਿੰਦ-ਖੂੰਹਦ (62 *ਪ੍ਰਤੀਸ਼ਤ*) ਦੀ ਪ੍ਰੋਸੈਸਿੰਗ ਕੀਤੀ ਗਈ ਸੀ, ਜਦੋਂ ਕਿ ਕਨਸ਼ੈਸ਼ਨੇਅਰ ਦੁਆਰਾ ਇਕਰਾਰਨਾਮੇ ਦੀ ਸਮਾਪਤੀ (ਫਰਵਰੀ 2021) ਕਾਰਨ 2021-22 ਦੌਰਾਨ ਕੋਈ ਪ੍ਰੋਸੈਸਿੰਗ ਨਹੀਂ ਕੀਤੀ ਗਈ ਸੀ।

ਬਾਕੀ 17 ਯੂ ਐਲ ਬੀਜ਼ ਵਿੱਚ, ਦਾਅਵਾ ਕੀਤਾ ਗਿਆ ਸੀ ਕਿ 2017-18 ਦੌਰਾਨ 13,663 ਐਮ ਟੀ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਕੀਤੀ ਗਈ ਸੀ, ਹਾਲਾਂਕਿ, ਇਸ ਮਿਆਦ ਦੌਰਾਨ ਯੂ ਐਲ ਬੀਜ਼ ਕੋਲ ਖਾਦ ਬਣਾਉਣ ਲਈ ਕੋਈ ਸਹੂਲਤ ਉਪਲਬਧ ਨਹੀਂ ਸੀ, ਕਿਉਂਕਿ ਖਾਦ ਦੇ ਟੋਏ 2018-19 ਦੌਰਾਨ ਬਣਾਏ ਗਏ ਸਨ। ਇਸ ਤਰ੍ਹਾਂ, ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਦੇ ਸਬੰਧ ਵਿੱਚ ਯੂ ਐਲ ਬੀਜ਼ ਦੇ ਦਾਅਵੇ ਤੱਥਾਂ 'ਤੇ ਅਧਾਰਤ ਨਹੀਂ ਸਨ।

---

120 (i) ਕਰਤਾਰਪੁਰ; (ii) ਦੋਰਾਹਾ; (iii) ਮੱਖੂ; (iv) ਬਿਲਗਾ; ਅਤੇ (v) ਮਾਨਸਾ।

121 (i) ਆਦਮਪੁਰ; (ii) ਰਾਜਪੁਰਾ; (iii) ਸਰਹਿੰਦ; (iv) ਐਸ ਬੀ ਐਸ ਨਗਰ; ਅਤੇ (v) ਐਸ ਏ ਐਸ ਨਗਰ।

122 ਇਸ ਦਾ ਨਿਰਮਾਣ ₹ ਅੱਠ ਲੱਖ ਦੀ ਲਾਗਤ ਨਾਲ ਕੀਤਾ ਗਿਆ।

123 (i) ਲੁਧਿਆਣਾ; (ii) ਅੰਮ੍ਰਿਤਸਰ; ਅਤੇ (iii) ਬਠਿੰਡਾ।

ਜਵਾਬ ਵਿੱਚ, ਛੇ ਯੂ ਐਲ ਬੀਜ਼[124] ਨੇ ਕਿਹਾ (ਅਕਤੂਬਰ 2024) ਕਿ ਉਪਲਬਧ ਰਹਿੰਦ-ਖੂੰਹਦ ਪ੍ਰੋਸੈਸਿੰਗ ਸਹੂਲਤਾਂ ਦੇ ਨਿਰਮਾਣ, ਮੁਰੰਮਤ ਜਾਂ ਕੁਸ਼ਲਤਾ ਨਾਲ ਵਰਤੋਂ ਕਰਨ ਲਈ ਯਤਨ ਕੀਤੇ ਜਾਣਗੇ। ਯੂ ਐਲ ਬੀ, ਐਸ ਏ ਐਸ ਨਗਰ ਨੇ ਕਿਹਾ ਕਿ ਕਾਰਜ ਯੋਜਨਾ (2019) ਅਨੁਸਾਰ ਖਾਦ ਟੋਏ ਦੀ ਜ਼ਰੂਰਤ ਦਾ ਮੁਲਾਂਕਣ ਕੀਤਾ ਗਿਆ ਸੀ ਪਰ ਹੋਰ ਖਾਦ ਟੋਇਆਂ ਦੀ ਜ਼ਰੂਰਤ ਦਾ ਮੁਲਾਂਕਣ ਕੀਤਾ ਜਾਵੇਗਾ ਅਤੇ ਉਸ ਅਨੁਸਾਰ ਉਸਾਰੀ ਕੀਤੀ ਜਾਵੇਗੀ। ਯੂ ਐਲ ਬੀ ਲੁਧਿਆਣਾ ਨੇ ਕਿਹਾ ਕਿ 2019 ਵਿੱਚ ਤਿਆਰ ਕੀਤੀ ਗਈ ਯੋਜਨਾ ਵਿੱਚ ਕਨਸ਼ੈਸ਼ਨੇਅਰ ਨੂੰ ਕੰਪੋਸਟਿੰਗ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਸਨ, ਜਿਸ ਕਾਰਨ ਉਸ ਦੁਆਰਾ ਖਾਦ ਦੇ ਟੋਏ ਨਹੀਂ ਬਣਾਏ ਗਏ ਸਨ। ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ ਕਿ ਇਸ ਸਮੇਂ 67 ਟੋਇਆਂ ਵਿੱਚੋਂ 56 ਟੋਏ ਵਰਤੇ ਜਾ ਰਹੇ ਸਨ ਅਤੇ ਬਾਕੀ ਦੀ ਵਰਤੋਂ ਸਮੇਂ ਸਿਰ ਕੀਤੀ ਜਾਵੇਗੀ। ਯੂ ਐਲ ਬੀ ਬਠਿੰਡਾ ਨੇ ਕਿਹਾ ਕਿ ਉਸਨੇ ਐਮ ਐਸ ਡਬਲਯੂ ਦੀ ਵਿਗਿਆਨਕ ਪ੍ਰੋਸੈਸਿੰਗ ਲਈ 350 ਟੀ ਡੀ ਪੀ, ਆਰ ਡੀ ਐਫ ਖਾਦ ਪਲਾਂਟ ਸਥਾਪਤ ਕੀਤਾ ਸੀ। ਯੂ ਐਲ ਬੀ ਰਾਜਪੁਰਾ ਨੇ ਕਿਹਾ ਕਿ ਕੁੱਲ 80 ਨੁਕਸਾਨੇ ਗਏ ਟੋਇਆਂ ਵਿੱਚੋਂ 71 ਦੀ ਮੁਰੰਮਤ ਕੀਤੀ ਗਈ ਸੀ।

ਯੂ ਐਲ ਬੀ ਦੇ ਜਵਾਬ ਖਾਦ ਦੇ ਟੋਇਆਂ ਦੀ ਘਾਟ ਅਤੇ ਮਾੜੀ ਯੋਜਨਾਬੰਦੀ ਦੇ ਮੁੱਖ ਮੁੱਦਿਆਂ ਨੂੰ ਹੱਲ ਨਹੀਂ ਕਰਦੇ ਕਿਉਂਕਿ ਪ੍ਰੋਸੈਸਿੰਗ/ਨਿਪਟਾਰੇ ਦੀਆਂ ਸਹੂਲਤਾਂ ਅਸਮਰੱਥ ਸਨ ਕਿਉਂਕਿ ਚੁਣੇ ਹੋਏ ਯੂ ਐਲ ਬੀਜ਼ ਵਿੱਚ 66 *ਪ੍ਰਤੀਸ਼ਤ* ਰਹਿੰਦ-ਖੂੰਹਦ ਨੂੰ ਬਿਨਾਂ ਪ੍ਰੋਸੈਸ ਕੀਤੇ ਛੱਡ ਦਿੱਤਾ ਗਿਆ ਸੀ ਜੋ ਲੈਂਡਫਿਲਾਂ ਵਿੱਚ ਸੜ ਸਕਦਾ ਹੈ ਜਿਸ ਨਾਲ ਮੀਥੇਨ ਵਰਗੀਆਂ ਹਾਨੀਕਾਰਕ ਗੈਸਾਂ ਪੈਦਾ ਹੋ ਸਕਦੀਆਂ ਹਨ, ਜੋ ਇੱਕ ਸਕਤੀਸ਼ਾਲੀ ਗ੍ਰੀਨਹਾਊਸ ਗੈਸ ਹੈ ਅਤੇ ਜਲਵਾਯੂ ਤਬਦੀਲੀ ਵਿੱਚ ਯੋਗਦਾਨ ਪਾਉਂਦੀ ਹੈ। ਖਾਦ ਨਾ ਬਣਾਉਣ ਨਾਲ ਲੀਚੇਟ ਵੀ ਨਿਕਲ ਸਕਦਾ ਹੈ, ਇੱਕ ਜ਼ਹਿਰੀਲਾ ਤਰਲ ਜੋ ਧਰਤੀ ਹੇਠਲੇ ਪਾਣੀ ਅਤੇ ਮਿੱਟੀ ਨੂੰ ਦੂਸ਼ਿਤ ਕਰ ਸਕਦਾ ਹੈ।

2.4.5.3 ਯੂ ਐਲ ਬੀ ਅੰਮ੍ਰਿਤਸਰ ਵਿੱਚ ਕਨਸ਼ੈਸ਼ਨੇਅਰ ਕਰਤਾ ਨੂੰ ਅਣਉਚਿਤ ਲਾਭ

ਠੋਸ ਰਹਿੰਦ-ਖੂੰਹਦ ਦੇ ਏਕੀਕ੍ਰਿਤ ਪ੍ਰਬੰਧਨ ਦਾ ਪ੍ਰੋਜੈਕਟ ਮਾਰਚ 2016 ਵਿੱਚ ਯੂ ਐਲ ਬੀ ਅੰਮ੍ਰਿਤਸਰ ਦੁਆਰਾ ਕਨਸ਼ੈਸ਼ਨੇਅਰ ਨੂੰ ਦਿੱਤਾ ਗਿਆ ਸੀ। ਸਮਝੌਤੇ ਦੇ ਅਨੁਸਾਰ, ਕਨਸ਼ੈਸ਼ਨੇਅਰ ਐਮ ਐਸ ਡਬਲਯੂ ਦੇ ਪ੍ਰਬੰਧਨ, ਇਕੱਤਰੀਕਰਨ, ਆਵਾਜਾਈ, ਪ੍ਰੋਸੈਸਿੰਗ ਅਤੇ ਵਿਗਿਆਨਕ ਨਿਪਟਾਰੇ ਲਈ ਜ਼ਿੰਮੇਵਾਰ ਸੀ।

ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ ਯੂ ਐਲ ਬੀ ਨੇ ਮਾਰਚ 2020 ਤੋਂ ਮਾਰਚ 2021 ਤੱਕ ₹ 1.59 ਕਰੋੜ ਦੀ ਲਾਗਤ ਨਾਲ ਖਾਦ ਟੋਇਆਂ/ਐਮ ਆਰ ਐਫਜ਼ ਦਾ ਨਿਰਮਾਣ ਕੀਤਾ, ਹਾਲਾਂਕਿ ਇਹ ਬੁਨਿਆਦੀ ਢਾਂਚਾ ਕਨਸ਼ੈਸ਼ਨੇਅਰ ਦੁਆਰਾ ਬਣਾਇਆ ਜਾਣਾ ਸੀ। ਇਸ ਤੋਂ ਸੰਕੇਤ ਮਿਲਦਾ ਹੈ ਕਿ ਕਨਸ਼ੈਸ਼ਨੇਅਰ ਨੇ ਸਮਝੌਤੇ ਅਨੁਸਾਰ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਨਹੀਂ ਕੀਤੀਆਂ ਅਤੇ ਯੂ ਐਲ ਬੀ ਨੂੰ ਲੋੜੀਂਦੇ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਖਰਚਾ ਕਰਨਾ ਪਿਆ। ਇਸ ਤੋਂ ਇਲਾਵਾ ਭਗਤਾਂਵਾਲਾ, ਝਬਾਲ ਰੋਡ ਅਤੇ ਛੇਹਰਟਾ ਪ੍ਰੋਸੈਸਿੰਗ ਸੁਵਿਧਾਵਾਂ ਦੇ ਜੇ ਪੀ ਵੀ ਦੌਰਾਨ ਇਹ ਦੇਖਿਆ ਗਿਆ ਕਿ ਐਮ ਆਰ ਐਫਜ਼ ਅਤੇ ਖਾਦ ਟੋਏ ਬਿਨ੍ਹਾਂ ਵਰਤੇ ਪਏ ਸਨ।

ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ (ਅਕਤੂਬਰ 2024) ਕਿ ਵਿਕੇਂਦਰੀਕ੍ਰਿਤ ਰਹਿੰਦ-ਖੂੰਹਦ ਪ੍ਰੋਸੈਸਿੰਗ ਦੇ ਉਦੇਸ਼ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੰਪੋਸਟਿੰਗ ਟੋਏ ਅਤੇ ਐਮ ਆਰ ਐਫ

[124] (i) ਆਦਮਪੁਰ; (ii) ਸਰਹਿੰਦ; (iii) ਮਾਨਸਾ; (iv) ਰੂਪਨਗਰ; (v) ਮਹਿਰਾਜ; ਅਤੇ (vi) ਕਾਦੀਆਂ।

ਸਹੂਲਤਾਂ ਦਾ ਨਿਰਮਾਣ ਕੀਤਾ ਗਿਆ ਹੈ। ਜਵਾਬ ਜਾਇਜ਼ ਨਹੀਂ ਹੈ ਕਿਉਂਕਿ ਲੇਖਾ ਪ੍ਰੀਖਿਆ ਲਈ ਅਜਿਹੀਆਂ ਕੋਈ ਵਿਸ਼ੇਸ਼ ਹਦਾਇਤਾਂ ਪ੍ਰਦਾਨ ਨਹੀਂ ਕੀਤੀਆਂ ਗਈਆਂ ਸਨ।

ਯੂ ਐਲ ਬੀ ਵੱਲੋਂ ਖਾਦ ਟੋਏ/ਐਮ ਆਰ ਐਫਜ਼ ਨੂੰ ਕਨਸ਼ਲਨੇਅਰ ਦੁਆਰਾ ਬਣਾਉਣ ਦੀ ਬਜਾਏ ਖੁਦ ਬਣਾਉਣ ਦੀ ਕਾਰਵਾਈ ਦੇ ਨਤੀਜੇ ਵਜੋਂ ਕਨਸ਼ੈਲਨੇਅਰ ਨੂੰ ₹ 1.59 ਕਰੋੜ ਦਾ ਨਾਜਾਇਜ਼ ਲਾਭ ਦਿੱਤਾ ਗਿਆ।

2.4.5.4 ਵਿਰਾਸਤੀ ਰਹਿੰਦ-ਖੂੰਹਦ ਦਾ ਬਾਇਓ-ਰਿਮੇਡੀਏਸ਼ਨ

ਬਾਇਓ-ਰਿਮੇਦਡੀਏਸ਼ਨ ਇੱਕ ਵਾਤਾਵਰਣ-ਅਨੁਕੂਲ ਤਕਨੀਕ ਹੈ ਜੋ ਮਿੱਟੀ ਅਤੇ ਗੀਸਾਈਕਲ ਕੀਤੇ ਜਾਣ ਵਾਲੇ ਪਦਾਰਥਾਂ ਨੂੰ ਵਿਰਾਸਤੀ ਰਹਿੰਦ-ਖੂੰਹਦ ਤੋਂ ਵੱਖ ਕਰਦੀ ਹੈ। ਸੀ ਪੀ ਸੀ ਬੀ ਨੇ ਨੋਟ ਕੀਤਾ ਕਿ ਖੁੱਲੇ ਡੰਪ ਪ੍ਰਦੂਸ਼ਣ ਦਾ ਸਰੋਤ ਬਣ ਰਹੇ ਹਨ, ਅਤੇ ਹਵਾ ਰਹਿਤ ਢੇਰਾ ਵਿੱਚ ਸੜਨ ਵਾਲਾ ਰਹਿੰਦ-ਖੂੰਹਦ ਲੀਚੇਟ ਜਨਰੇਟ ਕਰਦਾ ਹੈ, ਬਨਸਪਤੀ ਨੂੰ ਮਾਰਦਾ ਹੈ ਅਤੇ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਕਰਦਾ ਹੈ। ਰਹਿੰਦ-ਖੂੰਹਦ ਦੇ ਢੇਰ ਮੀਥੇਨ ਗੈਸ ਵੀ ਪੈਦਾ ਕਰਦੇ ਹਨ, ਜਿਸ ਨਾਲ ਹਵਾ ਦੂਸ਼ਿਤ ਹੁੰਦੀ ਹੈ।

ਇਸ ਤੋਂ ਇਲਾਵਾ, ਐਸ ਡਬਲਯੂ ਐਮ ਨਿਯਮ 2016 ਦੇ ਨਿਯਮ 22(11) ਵਿੱਚ ਕਿਹਾ ਗਿਆ ਹੈ ਕਿ ਸਥਾਨਕ ਸੰਸਥਾਵਾਂ ਨਿਯਮਾਂ ਦੇ ਨੋਟੀਫਿਕੇਸ਼ਨ ਦੀ ਮਿਤੀ ਤੋਂ ਪੰਜ ਸਾਲਾਂ ਦੇ ਅੰਦਰ ਭਾਵ ਮਾਰਚ 2021 ਤੱਕ ਪੁਰਾਣੀਆਂ ਅਤੇ ਛੱਡੀਆਂ ਹੋਈਆਂ ਡੰਪਸਾਈਟਾਂ ਦੀ ਬਾਇਓ-ਰਿਮੇਡੀਏਸ਼ਨ ਜਾਂ ਕੈਪਿੰਗ ਕਰਨਗੀਆਂ।

(i) ਪੀ ਐਮ ਆਈ ਡੀ ਸੀ ਦੁਆਰਾ ਦਿੱਤੀ ਗਈ ਜਾਣਕਾਰੀ (ਅਗਸਤ 2022) ਅਨੁਸਾਰ, ਪੰਜਾਬ ਵਿੱਚ ਯੂ ਐਲ ਬੀਜ਼ ਦੀਆਂ ਡੰਪਸਾਈਟਾਂ ਤੇ 62.35 ਲੱਖ ਐਮ ਟੀ ਵਿਰਾਸਤੀ ਰਹਿੰਦ-ਖੂੰਹਦ ਬਿਨਾਂ ਪ੍ਰੋਸੈਸ ਕੀਤੇ ਪਿਆ ਸੀ। ਜਿਸ ਵਿਚੋਂ 33.76 ਲੱਖ ਐਮ ਟੀ ਰਹਿੰਦ-ਖੂੰਹਦ ਚੁਣੇ ਹੋਏ ਯੂ ਐਲ ਬੀਜ਼ ਦੀਆਂ ਡੰਪਸਾਈਟਾਂ ਤੇ ਪਿਆ ਸੀ।

(ii) ਲੁਧਿਆਣਾ ਵਿੱਚ, ਜਮਾਲਪੁਰ ਡੰਪ ਸਾਈਟ ਤੇ ਅੱਗ ਲੱਗਣ ਦੇ ਹਾਦਸੇ (ਅਪ੍ਰੈਲ 2022) ਵਿੱਚ, ਸੱਤ ਵਿਅਕਤੀਆਂ ਦੀ ਸੜ ਕੇ ਮੌਤ ਹੋ ਗਈ। ਇਹ ਹਾਦਸਾ ਸਬੰਧਤ ਅਧਿਕਾਰੀਆਂ ਵੱਲੋਂ ਰਹਿੰਦ-ਖੂੰਹਦ ਦੇ ਡੰਪ ਵਾਲੀ ਥਾਂ ਸਮੇਂ ਸਿਰ ਬਾਇਓ-ਰਿਮੀਏਟ ਕਰਨ ਵਿੱਚ ਅਸਮਰੱਥ ਹੋਣ ਕਾਰਨ ਵਾਪਰਿਆ। ਐਨ ਜੀ ਟੀ ਨੇ ਨਿਗਰਾਨੀ ਕਮੇਟੀ[125] ਦੀਆਂ ਸਿਫਾਰਸ਼ਾਂ ਦੇ ਅਧਾਰ ਤੇ (ਜੁਲਾਈ 2022) ਕਾਰਪੋਰੇਸ਼ਨ ਲੁਧਿਆਣਾ ਨੂੰ ਨਿਰਦੇਸ਼ ਦਿੱਤੇ ਕਿ ਉਹ ਡਿਪਟੀ ਕਮਿਸ਼ਨਰ ਕੋਲ ₹ 100 ਕਰੋੜ ਦਾ ਅੰਤਿਮ ਮੁਆਵਜ਼ਾ ਜਮ੍ਹਾਂ ਕਰਵਾਏ ਤਾਂ ਜੋ ਮ੍ਰਿਤਕਾਂ ਦੇ ਵਾਰਸਾਂ ਨੂੰ ਮੁਆਵਜਾ ਦੇਣ ਤੋਂ ਇਲਾਵਾ ਸਿਫਾਰਸ਼ਾਂ[126] (ਮਈ 2022) ਅਨੁਸਾਰ ਸੁਧਾਰਾਤਮਕ ਕਾਰਵਾਈਆਂ ਲਈ ਵਰਤਿਆ ਜਾ ਸਕੇ। ਕਾਰਪੋਰਸ਼ਨ ਲੁਧਿਆਣਾ

---

125 ਇਸ ਕਮੇਟੀ ਦਾ ਗਠਨ ਲੁਧਿਆਣਾ ਡੰਪਸਾਈਟ ਨੇੜੇ ਅੱਗ ਲੱਗਣ ਨਾਲ ਸੱਤ ਵਿਅਕਤੀਆਂ ਦੀ ਮੌਤ ਦੇ ਕਾਰਨਾਂ, ਅਸਫਲਤਾ ਲਈ ਜ਼ਿੰਮੇਵਾਰ ਵਿਅਕਤੀਆਂ, ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਉਪਾਵਾਂ ਸਮੇਤ ਸੁਧਾਰਾਤਮਕ ਕਾਰਵਾਈ ਦੇ ਸਬੰਧ ਵਿੱਚ ਤੱਥਾਂ ਦੀ ਸਥਿਤੀ ਪੇਸ਼ ਕਰਨ ਲਈ ਕੀਤਾ ਗਿਆ ਸੀ।

126 ਮਕੈਨੀਕਲ ਵਿਭਾਜਕ/ਸਕ੍ਰੀਨਰ ਸਥਾਪਤ ਕਰਨਾ, ਰਹਿੰਦ-ਖੂੰਹਦ ਦੇ ਸੰਵੇਦਨਸ਼ੀਲ ਸਥਾਨਾਂ ਨੂੰ ਹਟਾਉਣਾ ਅਤੇ ਸੁੰਦਰੀਕਰਨ ਕਰਨਾ, ਕੰਪੈਕਟਰ ਨੂੰ ਵਿਗਿਆਨਕ ਢੰਗ ਨਾਲ ਚਲਾਉਣਾ ਅਤੇ ਗਿੱਲੇ ਅਤੇ ਸੁੱਕੇ ਰਹਿੰਦ-ਖੂੰਹਦ ਨੂੰ ਵੱਖਰੇ ਤੌਰ ਤੇ ਪੈਕ ਕਰਨਾ, ਘਰੇਲੂ ਖਤਰਨਾਕ ਰਹਿੰਦ-ਖੂੰਹਦ ਲਈ ਰਹਿੰਦ-ਖੂੰਹਦ ਜਮ੍ਹਾਂ ਕਰਨ ਵਾਲੇ ਕੇਂਦਰ, ਥੋਕ ਰਹਿੰਦ-ਖੂੰਹਦ ਜਨਰੇਟਰਾਂ ਦੁਆਰਾ ਜਨਰੇਟ ਕੀਤੇ ਰਹਿੰਦ-ਖੂੰਹਦ ਨੂੰ ਚੁੱਕਣ ਅਤੇ ਪ੍ਰਬੰਧਨ ਲਈ ਜ਼ਰੂਰੀ ਸਮਝੌਤਾ, ਚਾਰਦੀਵਾਰੀ ਅਤੇ ਗ੍ਰੀਨ ਬੈਲਟ ਬੁੱਢੇ ਨਾਲੇ ਦੇ ਨਾਲ ਚੈਨ ਲਿੰਕ ਵਾੜ ਲਗਾਉਣਾ, ਵਿਰਾਸਤੀ ਰਹਿੰਦ-ਖੂੰਹਦ ਦੇ ਡੰਪ ਤੇ ਜਨਰੇਟ ਹੋਏ ਲੀਚੇਟ ਦੇ ਟਰੀਟਮੈਂਟ ਲਈ ਯੋਜਨਾ ਤਿਆਰ ਕਰਨਾ, ਵੱਖਰੇ ਠੋਸ ਰਹਿੰਦ-ਖੂੰਹਦ ਲਈ ਦਿਨ ਵਿੱਚ ਦੋ ਵਾਰ ਠੋਸ ਰਹਿੰਦ-ਖੂੰਹਦ ਚੁੱਕਣ ਦੀ ਬਾਰੰਬਾਰਤਾ ਵਧਾਉਣਾ।

ਨੇ ਸਤੰਬਰ ਤੋਂ ਦਸੰਬਰ 2022 ਤੱਕ ਵੱਖ-ਵੱਖ ਸਰੋਤਾਂ ਤੋਂ ਫੰਡਾਂ ਦਾ ਪ੍ਰਬੰਧ ਕਰਕੇ ₹ 42.86 ਕਰੋੜ ਜਮ੍ਹਾਂ ਕਰਵਾਏ, ਜਿਸ ਵਿੱਚੋਂ ₹ 5.14 ਕਰੋੜ ਦਾ ਖਰਚਾ ਸਿਰਫ਼ ਟਿਪਿੰਗ ਫੀਸ ਦੀ ਅਦਾਇਗੀ ਤੇ ਕੀਤਾ ਗਿਆ ਸੀ। ਐਸ ਡਬਲਯੂ ਐਮ ਲਈ ਐਨ ਜੀ ਟੀ ਦੀ ਨਿਗਰਾਨੀ ਕਮੇਟੀ ਦੀਆਂ ਹੋਰ ਸਿਫਾਰਸ਼ਾਂ ਨੂੰ ਲੇਖਾ ਪ੍ਰੀਖਿਆ ਦੀ ਮਿਤੀ (ਅਗਸਤ 2023) ਤੱਕ ਹੱਲ ਨਹੀਂ ਕੀਤਾ ਗਿਆ ਸੀ।

ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਨੇ ਜੈਨਪੁਰ ਡੰਪਸਾਈਟ 'ਤੇ ਜੇ ਪੀ ਵੀ ਦੌਰਾਨ ਕਬਜ਼ੇ ਦਾ ਨਿਰੀਖਣ ਕੀਤਾ ਜਿਵੇਂ ਕਿ ਹੇਠਾਂ ਦਿੱਤੀਆਂ ਤਸਵੀਰਾਂ ਵਿੱਚ ਦਿਖਾਇਆ ਗਿਆ ਹੈ:




ਪ੍ਰਦਰਸ਼ਨੀ 13: ਜੈਨਪੁਰ ਵਿਖੇ ਡੰਪਸਾਈਟ 'ਤੇ ਕਬਜ਼ਾ ਜਿੱਥੇ ਵਿਰਾਸਤੀ ਰਹਿੰਦ-ਖੂੰਹਦ ਪਿਆ ਸੀ

ਡੰਪਸਾਈਟ ਤੇ ਅੱਗ ਲੱਗਣ ਦੀਆਂ ਹੋਰ ਘਟਨਾਵਾਂ ਦੋ ਯੂ ਐਲ ਬੀਜ਼[127] ਵਿੱਚ ਜੇ ਪੀ ਵੀ ਦੌਰਾਨ ਵੇਖੀਆਂ ਗਈਆਂ ਸਨ।

ਕਾਰਪੋਰੇਸ਼ਨ ਲੁਧਿਆਣਾ ਨੇ ਕਿਹਾ (ਅਕਤੂਬਰ 2024) ਕਿ ਬਾਇਓ-ਰਿਮੇਡੀਏਸ਼ਨ ਦਾ ਕੰਮ ਪ੍ਰੋਸੈਸ ਅਧੀਨ ਹੈ ਅਤੇ ਜਲਦੀ ਹੀ ਪੂਰਾ ਹੋ ਜਾਵੇਗਾ।

ਪ੍ਰੋਸੈਸਿੰਗ ਸਾਈਟਾਂ ਦੇ 20 ਚੁਣੇ ਹੋਏ ਯੂ ਐਲ ਬੀਜ਼ ਅਤੇ ਜੇ ਪੀ ਬੀਜ਼ ਦੇ ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ ***(ਅੰਤਿਕਾ 2.14)***:

- ਵਿਰਾਸਤੀ ਰਹਿੰਦ-ਖੂੰਹਦ ਦੀ ਬਾਇਓ-ਮਾਈਨਿੰਗ ਦੋ ਯੂ ਐਲ ਬੀਜ਼[128] ਵਿੱਚ ਨਹੀਂ ਕੀਤੀ ਗਈ ਸੀ (ਮਾਰਚ 2022)।
- 18 ਯੂ ਐਲ ਬੀਜ਼ ਵਿੱਚ, ਅਗਸਤ 2020 ਤੱਕ ਕੋਈ ਬਾਇਓ-ਰਿਮੇਡੀਏਸ਼ਨ ਨਹੀਂ ਕੀਤਾ ਗਿਆ ਸੀ। ਹਾਲਾਂਕਿ, ਬਾਇਓ-ਰਿਮੇਡੀਏਸ਼ਨ ਸਤੰਬਰ 2020 ਤੋਂ ਫਰਵਰੀ 2023 ਦੇ ਦੌਰਾਨ ਕੀਤਾ ਗਿਆ ਸੀ।
- ਯੂ ਐਲ ਬੀ ਲੁਧਿਆਣਾ ਵਿੱਚ, ਡੰਪ ਸਾਈਟ ਜਮਾਲਪੁਰ ਵਿਖੇ 21.55 ਲੱਖ ਐਮ ਟੀ ਰਹਿੰਦ-ਖੂੰਹਦ ਇਕੱਠਾ ਕੀਤਾ ਗਿਆ ਸੀ। ਪ੍ਰੋਸੈਸਿੰਗ ਦਾ ਕੰਮ (ਅਗਸਤ 2022)

[127] (i) ਅੰਮ੍ਰਿਤਸਰ; ਅਤੇ (ii) ਸਰਹਿੰਦ।

[128] (i) ਮੋਗਾ; ਅਤੇ (ii) ਸਰਹਿੰਦ।

ਪੰਜ ਲੱਖ ਐਮ ਟੀ ਦੀ ਪ੍ਰੋਸੈਸਿੰਗ ਲਈ ਅਲਾਟ ਕੀਤਾ ਗਿਆ ਸੀ ਜੋ ਫਰਵਰੀ 2024 ਤੱਕ ਪੂਰਾ ਹੋਣਾ ਸੀ। ਪੰਜ ਲੱਖ ਐਮ ਟੀ ਵਿਚੋਂ 2.04 ਲੱਖ ਐਮ ਟੀ ਵਿਰਾਸਤੀ ਰਹਿੰਦ-ਖੂੰਹਦ ਨੂੰ ਪ੍ਰੋਸੈਸ ਕੀਤਾ ਗਿਆ (ਸਤੰਬਰ 2023)। ਇਸ ਲਈ, ਯੂ ਐਲ ਬੀ ਕੋਲ ਬਾਕੀ 16.55 ਲੱਖ ਐਮ ਟੀ ਵਿਰਾਸਤੀ ਰਹਿੰਦ-ਖੂੰਹਦ ਦੇ ਨਿਪਟਾਰੇ ਤੋਂ ਇਲਾਵਾ, 1,100 ਟੀ ਪੀ ਡੀ ਰਹਿੰਦ-ਖੂੰਹਦ ਇਕੱਠਾ ਕਰਨ ਦੀ ਕੋਈ ਯੋਜਨਾ ਨਹੀਂ ਸੀ।

- ਯੂ ਐਲ ਬੀ ਦੋਰਾਹਾ ਵਿੱਚ, 13,000 ਐਮ ਟੀ ਰਹਿੰਦ-ਖੂੰਹਦ ਸਾਈਟ ਤੇ ਪਿਆ ਸੀ। ਰਹਿੰਦ-ਖੂੰਹਦ ਦੀ ਬਾਇਓ-ਮਾਈਨਿੰਗ ਦਾ ਕੰਮ (ਦਸੰਬਰ 2021) ਇੱਕ ਏਜੰਸੀ ਨੂੰ ਅਲਾਟ ਕੀਤਾ ਗਿਆ ਸੀ ਜਿਸ ਨੇ 10,400 ਐਮ ਟੀ ਰਹਿੰਦ-ਖੂੰਹਦ (ਜੂਨ 2022) ਨੂੰ ਪ੍ਰੋਸੈਸ ਕੀਤਾ ਸੀ। ਹਾਲਾਂਕਿ ਪ੍ਰੋਸੈਸਡ ਰਹਿੰਦ-ਖੂੰਹਦ ਇਸ ਦੇ ਅੰਤਿਮ ਨਿਪਟਾਰੇ[129] ਤੋਂ ਬਿਨਾਂ ਡੰਪਸਾਈਟ ਤੇ ਪਿਆ ਸੀ।
- ਚਾਰ ਯੂ ਐਲ ਬੀਜ਼[130] ਵਿੱਚ, ਬਾਇਓ-ਰਿਮੇਡੀਏਸ਼ਨ ਕੀਤਾ ਗਿਆ ਸੀ। ਪਰ ਉਸਾਰੀ ਵਿੱਚ ਸਮੱਸਿਆ/ਐਸ ਐਲ ਐਫ ਦੀ ਉਪਲਬਧਤਾ ਨਾ ਹੋਣ ਕਾਰਨ, ਇਨਰਟ (ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਤੋਂ ਬਾਅਦ ਰਹਿੰਦ-ਖੂੰਹਦ) ਡੰਪਸਾਈਟਾਂ ਤੇ ਫੈਲ ਗਈ ਸੀ।
- ਦੋ ਯੂ ਐਲ ਬੀਜ਼[131] ਵਿੱਚ, ਵਿਰਾਸਤੀ ਰਹਿੰਦ-ਖੂੰਹਦ ਦੀ ਬਾਇਓ-ਮਾਈਨਿੰਗ ਤੋਂ ਬਾਅਦ, ਮਿੱਟੀ/ਇਨਰਟ ਰਹਿੰਦ-ਖੂੰਹਦ ਅਤੇ ਵੱਖ-ਵੱਖ ਪੋਲੀਥੀਨ ਬਿਨਾਂ ਅੰਤਿਮ ਨਿਪਟਾਰੇ ਦੇ ਪਈਆਂ ਪਾਈਆਂ ਗਈਆਂ ਸਨ।
- ਯੂ ਐਲ ਬੀ ਫਿਰੋਜ਼ਪੁਰ ਵਿੱਚ, ਵਿਰਾਸਤੀ ਰਹਿੰਦ-ਖੂੰਹਦ ਦੇ ਬਾਇਓ-ਰਿਮੇਡੀਏਸ਼ਨ ਤੋਂ ਬਾਅਦ, ਇਨਰਟ ਰਹਿੰਦ-ਖੂੰਹਦ ਨੂੰ ਐਸ ਐਲ ਐਫ ਵਿੱਚ ਭਰਿਆ ਗਿਆ ਸੀ। ਜੇ ਪੀ ਵੀ ਦੌਰਾਨ, ਇਹ ਦੇਖਿਆ ਗਿਆ ਕਿ ਐਸ ਐਲ ਐਫ ਦੇ ਨਿਰਮਾਣ ਲਈ ਪੀ ਐਮ ਆਈ ਡੀ ਸੀ ਦੁਆਰਾ ਜਾਰੀ ਐਸ ਐਲ ਐਫ (ਦਸੰਬਰ 2022) ਦੀਆਂ ਵਿਸ਼ੇਸ਼ਤਾਵਾਂ ਅਨੁਸਾਰ ਗੈਸੀਫਿਕੇਸ਼ਨ[132] ਲਈ ਪਾਈਪਾਂ, ਲੀਚੇਟ ਟੈਂਕ ਨਾਲ ਕਨੈਕਸ਼ਨ ਅਤੇ ਉੱਚ ਘਣਤਾ ਪੌਲੀਥੀਨ (ਐਚ ਡੀ ਪੀ ਈ) ਨਾਲ ਸਾਈਡ ਕੰਧਾਂ ਨੂੰ ਢੱਕਣ ਲਈ ਪਾਈਪਾਂ ਨਹੀਂ ਮਿਲੀਆਂ। ਇਸ ਤੋਂ ਇਲਾਵਾ, ਪ੍ਰੋਸੈਸਡ ਰਹਿੰਦ-ਖੂੰਹਦ ਡੰਪਸਾਈਟ 'ਤੇ ਫੈਲਿਆ ਹੋਇਆ ਸੀ, ਯੂ ਐਲ ਬੀ ਰੂਪਨਗਰ ਵਿੱਚ, ਕੱਪੜੇ, ਸੈਨੇਟਰੀ ਨੈਪਕਿਨ, ਡਾਇਪਰ ਆਦਿ ਦੇ ਨਾਲ ਇਨਰਟ ਰਹਿੰਦ-ਖੂੰਹਦ ਨੂੰ ਇੱਕ ਅਸਥਾਈ ਟਰਾਂਚ ਵਿੱਚ ਡੰਪ ਕੀਤਾ ਗਿਆ ਸੀ।
- ਬਾਕੀ ਨੌਂ ਯੂ ਐਲ ਬੀਜ਼[133] ਵਿੱਚ, ਬਾਇਓ-ਰਿਮੇਡੀਏਸ਼ਨ ਪ੍ਰਗਤੀ 'ਤੇ ਸੀ।

---

129 ਟੈਂਡਰਾਂ ਦੀ ਅਲਾਟਮੈਂਟ ਵਿੱਚ ਨਿਰਧਾਰਤ ਪ੍ਰਕਿਰਿਆ ਦੀ ਪਾਲਣਾ ਨਾ ਕਰਨ ਕਾਰਨ ਉੱਚ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਕੰਮ ਰੋਕ ਦਿੱਤਾ ਗਿਆ ਸੀ।

130 (i) ਕੀਰਤਪੁਰ ਸਾਹਿਬ; (ii) ਖਮਾਣੋਂ; (iii) ਮਹਿਰਾਜ; ਅਤੇ (iv) ਕਾਦੀਆਂ।

131 (i) ਮੱਖੂ; ਅਤੇ (ii) ਮਾਨਸਾ।

132 ਐਸ ਐਲ ਐਫ ਤੋਂ ਵੈਂਨਟ ਗੈਸ ਦਾ ਨਿਕਾਸ।

133 (i) ਅੰਮ੍ਰਿਤਸਰ; (ii) ਬਠਿੰਡਾ; (iii) ਲੁਧਿਆਣਾ; (iv) ਐਸ ਏ ਐਸ ਨਗਰ; (v) ਦੋਰਾਹਾ; (vi) ਫਿਰੋਜ਼ਪੁਰ; (vii) ਮਾਨਸਾ; (viii) ਰਾਜਪੁਰਾ; ਅਤੇ (ix) ਐਸ ਬੀ ਐਸ ਨਗਰ।

ਛੇ ਯੂ ਐਲ ਬੀਜ਼[134] ਨੇ ਕਿਹਾ (ਅਕਤੂਬਰ 2024) ਕਿ ਵਿਰਾਸਤੀ ਰਹਿੰਦ-ਖੂੰਹਦ ਦਾ ਹੱਲ ਕੀਤਾ ਗਿਆ ਹੈ। ਸੱਤ ਯੂ ਐਲ ਬੀਜ਼[135] ਨੇ ਕਿਹਾ ਕਿ ਵਿਰਾਸਤੀ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਪ੍ਰਗਤੀ ਤੇ ਸੀ। ਪੰਜ ਯੂ ਐਲ ਬੀਜ਼[136] ਨੇ ਕਿਹਾ ਕਿ ਯੂ ਐਲ ਬੀ ਵਿੱਚ ਉਪਲਬਧ ਰਹਿੰਦ-ਖੂੰਹਦ ਦੇ ਬਾਇਓ-ਰਿਮੇਡੀਏਸ਼ਨ ਲਈ ਯਤਨ ਕੀਤੇ ਜਾਣਗੇ। ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ ਕਿ ਕਨਸ਼ੈਸ਼ਨੇਅਰ ਵਿਰਾਸਤੀ ਰਹਿੰਦ-ਖੂੰਹਦ ਦੇ ਬਾਇਓ-ਰਿਮੇਡੀਏਸ਼ਨ ਲਈ ਜ਼ਿੰਮੇਵਾਰ ਸੀ, ਜਿਸ ਵਿੱਚ ਅਸਫਲ ਰਹਿਣ ਤੇ ਨੋਟਿਸ ਜਾਰੀ ਕੀਤੇ ਜਾ ਰਹੇ ਸਨ ਅਤੇ ਜੁਰਮਾਨੇ ਵੀ ਲਗਾਏ ਗਏ ਸਨ। ਯੂ ਐਲ ਬੀ ਆਦਮਪੁਰ ਨੇ ਕਿਹਾ ਕਿ ਏਅਰ ਫੋਰਸ ਸਟੇਸ਼ਨ ਨਾਲ ਸਬੰਧਤ ਵਿਰਾਸਤੀ ਰਹਿੰਦ-ਖੂੰਹਦ ਬਾਇਓ-ਰਿਮੇਡੀਏਟ ਕੀਤਾ ਜਾਣਾ ਸੀ, ਜੋ ਜਲਦੀ ਹੀ ਪੂਰਾ ਹੋ ਜਾਵੇਗਾ। ਹਾਲਾਂਕਿ, ਪ੍ਰਗਤੀ ਅਧੀਨ ਰਹਿੰਦ-ਖੂੰਹਦ ਬਾਇਓ-ਰਿਮੇਡੀਏਟਡ/ਬਾਇਓ ਰਿਮੇਡੀਏਸ਼ਨ ਨਾਲ ਸਬੰਧਤ ਰਿਕਾਰਡ ਸਬੰਧਤ ਯੂ ਐਲ ਬੀ ਦੁਆਰਾ ਆਪਣੇ ਜਵਾਬਾਂ ਦੇ ਸਮਰਥਨ ਵਿੱਚ ਪ੍ਰਦਾਨ ਨਹੀਂ ਕੀਤੇ ਗਏ ਸਨ।

ਜਵਾਬਾਂ ਨੇ ਪੁਸ਼ਟੀ ਕੀਤੀ ਕਿ ਐਸ ਡਬਲਯੂ ਐਮ ਨਿਯਮਾਂ ਅਨੁਸਾਰ ਮਾਰਚ 2021 ਤੱਕ ਸਾਰੀਆਂ ਡੰਪਸਾਈਟਾਂ ਨੂੰ ਬਾਇਓ-ਰਿਮੇਡੀਏਸ਼ਨ ਅਤੇ ਬੰਦ ਕਰਨ ਦਾ ਕੰਮ ਪੂਰਾ ਨਹੀਂ ਹੋਇਆ ਸੀ। ਯੂ ਐਲ ਬੀਜ਼ ਸਮਾਂ ਸੀਮਾ ਦੀ ਪਾਲਣਾ ਨਹੀਂ ਕਰ ਸਕੇ ਅਤੇ ਐਸ ਡਬਲਯੂ ਐਮ ਨਿਯਮਾਂ ਦੀ ਪਾਲਣਾ ਨਾ ਕਰਨ ਕਾਰਨ ਵਾਤਾਵਰਣ ਮੁਆਵਜ਼ੇ ਦਾ ਸਾਹਮਣਾ ਵੀ ਕੀਤਾ।

2.4.5.5 ਵਿਰਾਸਤੀ ਰਹਿੰਦ-ਖੂੰਹਦ ਲਈ ਮਸ਼ੀਨਰੀ ਦੀ ਵਰਤੋਂ ਨਾ ਕਰਨਾ

ਐਸ ਡਬਲਯੂ ਐਮ ਨਿਯਮ ਇਹ ਪ੍ਰਦਾਨ ਕਰਦਾ ਹੈ ਕਿ ਯੂ ਐਲ ਬੀਜ਼ ਠੋਸ ਰਹਿੰਦ-ਖੂੰਹਦ ਦੇ ਵੱਖ-ਵੱਖ ਭਾਗਾਂ ਦੀ ਵੱਧ ਤੋਂ ਵੱਧ ਵਰਤੋਂ ਲਈ ਆਪਣੇ ਆਪ ਜਾਂ ਨਿੱਜੀ ਖੇਤਰ ਦੀ ਭਾਗੀਦਾਰੀ ਨਾਲ ਜਾਂ ਕਿਸੇ ਏਜੰਸੀ ਰਾਹੀਂ ਠੋਸ ਰਹਿੰਦ-ਖੂੰਹਦ ਪ੍ਰੋਸੈਸਿੰਗ ਸਹੂਲਤਾਂ ਅਤੇ ਸਬੰਧਤ ਬੁਨਿਆਦੀ ਢਾਂਚੇ ਦੇ ਨਿਰਮਾਣ, ਸੰਚਾਲਨ ਅਤੇ ਰੱਖ-ਰਖਾਅ (ਓ ਐਂਡ ਐਮ) ਦੀ ਸਹੂਲਤ ਪ੍ਰਦਾਨ ਕਰਨਗੇ। ਪੀ ਐਮ ਆਈ ਡੀ ਸੀ ਨੇ (ਮਾਰਚ 2022) ਯੂ ਐਲ ਬੀਜ਼ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਉਪਲਬਧ ਠੋਸ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਰੀ, ਮਕੈਨੀਕਲ ਵਿਭਾਜਕ ਅਤੇ ਟ੍ਰੋਮਲ ਦੀ ਵਰਤੋਂ ਜੁਰਮਾਨੇ ਤੋਂ ਬਚਨ ਲਈ ਵਿਰਾਸਤੀ ਰਹਿੰਦ-ਖੂੰਹਦ ਦੇ ਬਾਇਓ-ਰਿਮੇਡੀਏਸ਼ਨ ਲਈ ਕੀਤੀ ਜਾਣੀ ਚਾਹੀਦੀ ਹੈ।

ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ 20 ਚੁਣੇ ਗਏ ਯੂ ਐਲ ਬੀਜ਼ ਵਿੱਚੋਂ, ਕਨਸ਼ੈਸ਼ਨੇਅਰ ਤਿੰਨ ਯੂ ਐਲ ਬੀਜ਼[137] ਵਿੱਚ ਠੋਸ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਸ਼ਾਮਲ ਸਨ। ਇਸ ਤਰ੍ਹਾਂ, ਮਸ਼ੀਨਰੀ ਦਾ ਓ ਐਂਡ ਐਮ ਵੀ ਉਨ੍ਹਾਂ ਦੀ ਜ਼ਿੰਮੇਵਾਰੀ ਸੀ। ਬਾਕੀ 17 ਯੂ ਐਲ ਬੀਜ਼ (ਜੁਲਾਈ 2020 ਅਤੇ ਸਤਬੰਰ 2021) ਨੇ ਮਸ਼ੀਨਰੀ (ਵਿਰਾਸਤੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਟ੍ਰੋਮਲ/ਮਕੈਨੀਕਲ ਵਿਭਾਜਕ) ₹ 185.40 ਲੱਖ ਦੀ ਲਾਗਤ ਨਾਲ ਖਰੀਦੀਆਂ। ਹਾਲਾਂਕਿ, ਛੇ ਯੂ ਐਲ ਬੀਜ਼[138] ਵਿੱਚ ਜੁਲਾਈ 2020 ਅਤੇ ਜਨਵਰੀ 2021 ਦੌਰਾਨ ਖਰੀਦੀਆਂ ਗਈਆਂ

---

134 (i) ਕੀਰਤਪੁਰ ਸਾਹਿਬ; (ii) ਮੱਖੂ; (iii) ਮਹਿਰਾਜ; (iv) ਖਮਾਣੋਂ; (v) ਫਿਰੋਜ਼ਪੁਰ; ਅਤੇ (vi) ਸਰਹਿੰਦ।

135 (i) ਮਾਨਸਾ; (ii) ਰਾਜਪੁਰਾ; (iii) ਦੋਰਾਹਾ; (iv) ਮੋਗਾ; (v) ਬਠਿੰਡਾ; (vi) ਐਸ ਏ ਐਸ ਨਗਰ; ਅਤੇ (vii) ਲੁਧਿਆਣਾ।

136 (i) ਬਿਲਗਾ; (ii) ਐਸ ਬੀ ਐਸ ਨਗਰ; (iii) ਕਰਤਾਰਪੁਰ; (iv) ਰੂਪਨਗਰ; ਅਤੇ (v) ਕਾਦੀਆਂ।

137 (i) ਲੁਧਿਆਣਾ; (ii) ਅੰਮ੍ਰਿਤਸਰ; ਅਤੇ (iii) ਬਠਿੰਡਾ।

138 (i) ਰਾਜਪੁਰਾ; (ii) ਦੋਰਾਹਾ; (iii) ਸਰਹਿੰਦ; (iv) ਮੋਗਾ; (v) ਕਰਤਾਰਪੁਰ; ਅਤੇ (vi) ਮਾਨਸਾ।

ਮਸ਼ੀਨਾਂ ਬੇਕਾਰ ਪਈਆਂ ਸਨ। ਇਹ ਨਾ ਸਿਰਫ਼ ਮਸ਼ੀਨਾਂ ਦੀ ਉਪਲਬਧਤਾ ਦੇ ਬਾਵਜੂਦ ਵਿਰਾਸਤੀ ਰਹਿੰਦ-ਖੂੰਹਦ ਦੇ ਪ੍ਰਬੰਧਨ ਵਿੱਚ ਯੂ ਐਲ ਬੀ ਦੀ ਲਾਪਰਵਾਹੀ ਨੂੰ ਦਰਸਾਉਂਦਾ ਹੈ, ਬਲਕਿ ਇਸ ਦੇ ਨਤੀਜੇ ਵਜੋਂ ਖਰੀਦ 'ਤੇ ₹ 71.39 ਲੱਖ ***(ਅੰਤਿਕਾ 2.15)*** ਦਾ ਗੈਰ-ਲਾਭਕਾਰੀ ਖਰਚ ਵੀ ਹੋਇਆ।

ਜਵਾਬ ਵਿੱਚ, ਯੂ ਐਲ ਬੀ ਕਰਤਾਰਪੁਰ ਨੇ ਕਿਹਾ (ਅਕਤੂਬਰ 2024) ਕਿ ਭਵਿੱਖ ਵਿੱਚ ਲੋੜ ਪੈਣ ਤੇ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਮਸ਼ੀਨਰੀ ਦੀ ਵਰਤੋਂ ਕੀਤੀ ਜਾਵੇਗੀ। ਯੂ ਐਲ ਬੀ ਰਾਜਪੁਰਾ ਨੇ ਕਿਹਾ ਕਿ ਮੋਟਰ ਚੋਰੀ ਹੋਣ ਕਾਰਨ ਮਸ਼ੀਨਰੀ ਬੇਕਾਰ ਪਈ ਸੀ। ਇਸ ਦੀ ਮੁਰੰਮਤ ਕੀਤੀ ਗਈ ਹੈ ਅਤੇ ਵਿਰਾਸਤੀ ਰਹਿੰਦ-ਖੂੰਹਦ ਦੇ ਬਾਇਓ-ਰਿਮੇਡੀਏਸ਼ਨ ਲਈ ਵਰਤਿਆ ਜਾ ਰਿਹਾ ਸੀ। ਯੂ ਐਲ ਬੀ ਦੋਰਾਹਾ ਨੇ ਕਿਹਾ ਕਿ ਸਟਾਫ ਦੀ ਘਾਟ ਕਾਰਨ ਮਸ਼ੀਨ ਬੇਕਾਰ ਪਈ ਸੀ। ਯੂ ਐਲ ਬੀ ਸਰਹਿੰਦ ਨੇ ਕਿਹਾ ਕਿ ਮਸ਼ੀਨਰੀ ਦੀ ਵਰਤੋਂ ਕੀਤੀ ਜਾ ਰਹੀ ਸੀ, ਪਰ ਕੋਈ ਰਿਕਾਰਡ ਨਹੀਂ ਰੱਖਿਆ ਗਿਆ ਸੀ। ਯੂ ਐਲ ਬੀ ਮਾਨਸਾ ਨੇ ਕਿਹਾ ਕਿ ਮਸ਼ੀਨਰੀ ਬੇਕਾਰ ਪਈ ਸੀ ਕਿਉਂਕਿ ਵਿਰਾਸਤੀ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਦਾ ਕੰਮ ਇੱਕ ਠੇਕੇਦਾਰ ਨੂੰ ਅਲਾਟ ਕੀਤਾ ਗਿਆ ਸੀ। ਯੂ ਐਲ ਬੀ ਮੋਗਾ ਨੇ ਕਿਹਾ ਕਿ ਇੱਕ ਮਸ਼ੀਨ ਯੂ ਐਲ ਬੀ ਬਟਾਲਾ ਨੂੰ ਤਬਦੀਲ ਕਰ ਦਿੱਤੀ ਗਈ ਸੀ ਅਤੇ ਬਾਕੀ ਬੇਕਾਰ ਸਨ।

ਜਵਾਬ ਸਵੀਕਾਰ ਯੋਗ ਨਹੀਂ ਸਨ ਕਿਉਂਕਿ ਐਸ ਡਬਲਯੂ ਐਮ ਨਿਯਮਾਂ ਅਤੇ ਪੀ ਐਮ ਆਈ ਡੀ ਸੀ ਦੇ ਨਿਰਦੇਸ਼ਾਂ ਨੇ ਮਸ਼ੀਨਰੀ ਦੀ ਸਰਬੋਤਮ ਵਰਤੋਂ ਨੂੰ ਯਕੀਨੀ ਬਣਾਉਣ ਲਈ ਯੂ ਐਲ ਬੀਜ਼ ਦੀ ਜ਼ਿੰਮੇਵਾਰੀ ਨਿਰਧਾਰਤ ਕੀਤੀ ਸੀ।

2.4.5.6 ਸੈਨੇਟਰੀ ਲੈਂਡਫਿਲ ਸਾਈਟਾਂ

ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮ, 2016 ਵਿੱਚ ਸੈਨੇਟਰੀ ਲੈਂਡ ਫਿਲਿੰਗ (ਐਸ ਐਲ ਐਫ) ਨੂੰ ਧਰਤੀ ਹੇਠਲੇ ਪਾਣੀ ਅਤੇ ਸਤਹੀ ਪਾਣੀ ਦੇ ਪ੍ਰਦੂਸ਼ਣ, ਬਦਬੂ, ਜਾਨਵਰਾਂ ਖਤਰੇ ਆਦਿ ਦੇ ਵਿਰੁੱਧ ਸੁਰੱਖਿਆ ਉਪਾਵਾਂ ਨਾਲ ਤਿਆਰ ਕੀਤੀ ਗਈ ਸੁਵਿਧਾ ਵਿੱਚ ਜ਼ਮੀਨ ਤੇ ਬਚੇ ਹੋਏ ਠੋਸ ਰਹਿੰਦ-ਖੂੰਹਦ ਅਤੇ ਇਨਰਟ ਰਹਿੰਦ-ਖੂੰਹਦ ਦੇ ਅੰਤਿਮ ਅਤੇ ਸੁਰੱਖਿਅਤ ਨਿਪਟਾਰੇ ਵਜੋਂ ਦਰਸਾਇਆ ਗਿਆ ਹੈ। ਐਸ ਡਬਲਯੂ ਐਮ ਨਿਯਮ, 2016 ਦੀ ਸ਼ਡਿਊਲ 1(ਈ)(i) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਵੀ ਲੈਂਡਫਿਲ ਸਾਈਟ ਦੀ ਸਥਾਪਨਾ ਕਰਨ ਤੋਂ ਪਹਿਲਾਂ, ਖੇਤਰ ਵਿੱਚ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਦਾ ਬੇਸਲਾਈਨ ਡਾਟਾ ਇਕੱਤਰ ਕੀਤਾ ਜਾਵੇਗਾ ਅਤੇ ਭਵਿੱਖ ਦੇ ਹਵਾਲੇ ਲਈ ਰਿਕਾਰਡ ਵਿੱਚ ਰੱਖਿਆ ਜਾਵੇਗਾ। ਐਸ ਐਲ ਐਫ ਦੀ ਸਥਾਪਨਾ ਜੂਨ 2020[139] ਤੱਕ ਕੀਤੀ ਜਾਣੀ ਸੀ। ਨਿਯਮ 15(ਡਬਲਯੂ) ਯੂ ਐਲ ਬੀ ਨੂੰ ਐਸ ਐਲ ਐਫ ਅਤੇ ਸਬੰਧਤ ਬੁਨਿਆਦੀ ਢਾਂਚੇ ਦੀ ਉਸਾਰੀ, ਸੰਚਾਲਨ ਅਤੇ ਰੱਖ-ਰਖਾਅ ਕਰਨ ਲਈ ਵੀ ਪਾਬੰਦ ਕਰਦਾ ਹੈ। ਨਿਯਮਾਂ ਦਾ ਸ਼ਡਿਊਲ 1(ਏ)(vii) ਅਤੇ ਸ਼ਡਿਊਲ 1(ਬੀ) ਵਿੱਚ ਇਹ ਵਿਵਸਥਾ ਕੀਤੀ ਗਈ ਕਿ ਐਸ ਐਲ ਐਫ ਦਾ ਨਿਰਮਾਣ ਨਿਰਧਾਰਤ ਮਾਪਦੰਡਾਂ[140] ਅਨੁਸਾਰ ਕੀਤਾ ਜਾਵੇਗਾ ਅਤੇ

---

139 ਐਸ ਡਬਲਯੂ ਐਮ ਨਿਯਮਾਂ ਦੇ ਨਿਯਮ 22 – ਐਸ ਐਲ ਐਫ ਦਾ ਨਿਰਮਾਣ ਅਪ੍ਰੈਲ 2018 ਤੱਕ ਕਰਨਾ ਜ਼ਰੂਰੀ ਸੀ। ਇਸ ਸਮਾਂ-ਸੀਮਾ ਨੂੰ ਐਨ ਜੀ ਟੀ ਨੇ ਜੂਨ 2020 ਤੱਕ ਸੌਂਪਿਆ ਸੀ।

140 ਨਦੀ ਤੋਂ 100 ਮੀਟਰ ਦੂਰ, ਇੱਕ ਛੱਪੜ ਤੋਂ 200 ਮੀਟਰ, ਹਾਈਵੇਅ, ਰਿਹਾਇਸ਼ਾਂ, ਜਨਤਕ ਪਾਰਕਾਂ ਅਤੇ ਜਲ ਸਪਲਾਈ ਖੂਹਾਂ ਤੋਂ 200 ਮੀਟਰ ਅਤੇ ਹਵਾਈ ਅੱਡਿਆਂ ਜਾਂ ਏਅਰਬੇਸ ਤੋਂ 20 ਕਿਲੋਮੀਟਰ ਦੂਰ।

ਲੋੜੀਂਦੀਆਂ ਸਹੂਲਤਾਂ[141] ਐਸ ਐਲ ਐਫ ਸਾਈਟ 'ਤੇ ਉਪਲਬਧ ਹੋਣੀਆਂ ਚਾਹੀਦੀਆਂ ਹਨ।

(i) ਐਸ ਐਲ ਐਫਜ਼ ਦੀ ਉਪਲਬਧਤਾ ਅਤੇ ਵਰਤੋਂ

- ਐਸ ਐਲ ਐਫਜ਼ ਦਾ ਨਿਰਮਾਣ ਸਿਰਫ਼ ਅੱਠ ਯੂ ਐਲ ਬੀਜ਼[142] ਵਿੱਚ ਕੀਤਾ ਗਿਆ ਸੀ ਪਰ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਦੇ ਬੇਸਲਾਈਨ ਡਾਟਾ ਨੂੰ ਯਕੀਨੀ ਬਣਾਉਣ/ਇਕੱਤਰ ਕਰਨ ਤੋਂ ਬਿਨਾਂ *(ਅੰਤਿਕਾ 2.14)*।
- ਅੱਠ ਯੂ ਐਲ ਬੀਜ਼ ਵਿੱਚੋਂ, ਐਸ ਐਲ ਐਫਜ਼ ਸਿਰਫ਼ ਤਿੰਨ ਯੂ ਐਲ ਬੀਜ਼[143] ਵਿੱਚ ਵਰਤੇ ਜਾਂਦੇ ਮਿਲੇ ਸਨ ਅਤੇ ਬਾਕੀ ਪੰਜ ਯੂ ਐਲ ਬੀਜ਼ ਵਿੱਚ, ਐਸ ਐਲ ਐਫਜ਼ ਵੱਖ-ਵੱਖ ਕਾਰਨਾਂ[144] ਕਰਕੇ ਵਰਤੋਂ ਵਿੱਚ ਨਹੀਂ ਸਨ।
- ਫਿਰੋਜ਼ਪੁਰ ਯੂ ਐਲ ਬੀਜ਼ ਵਿੱਚ, ਗੈਸੀਫਿਕੇਸ਼ਨ ਲਈ ਪਾਈਪਾਂ ਐਸ ਐਲ ਐਫ ਵਿਖੇ ਉਪਲਬਧ ਨਹੀਂ ਸਨ। ਐਸ ਐਲ ਐਫ ਦੇ ਕੰਢਿਆਂ ਨੂੰ ਐਚ ਡੀ ਪੀ ਈ ਨਾਲ ਕਵਰ ਨਹੀਂ ਕੀਤਾ ਗਿਆ ਸੀ।

(ii) ਐਸ ਐਲ ਐਫਜ਼ ਦੀ ਉਸਾਰੀ ਵਿੱਚ ਨਿਰਧਾਰਤ ਮਾਪਦੰਡਾਂ ਨੂੰ ਨਾ ਅਪਣਾਉਣਾ

ਅੱਠ ਯੂ ਐਲ ਬੀਜ਼ ਵਿੱਚ ਮਾਪਦੰਡਾਂ ਦੇ ਸਬੰਧ ਵਿੱਚ ਬਣਾਏ ਗਏ ਐਸ ਐਲ ਐਫ ਦੇ ਵਿਸ਼ਲੇਸ਼ਣ ਨੂੰ ਦਿਖਾਇਆ ਕਿ *(ਅੰਤਿਕਾ 2.16)*।

- ਐਸ ਐਲ ਐਫ ਦਾ ਨਿਰਮਾਣ ਯੂ ਐਲ ਬੀ ਲੁਧਿਆਣਾ ਵਿੱਚ ਰਿਹਾਇਸ਼ ਦੇ ਨੇੜੇ ਕੀਤਾ ਗਿਆ ਸੀ।
- ਐਸ ਏ ਐਸ ਨਗਰ ਵਿੱਚ, ਐਸ ਐਲ ਐਫ ਦਾ ਨਿਰਮਾਣ ਹਵਾਈ ਅੱਡੇ ਤੋਂ 20 ਕਿਲੋਮੀਟਰ ਦੇ ਅੰਦਰ ਕੀਤਾ ਗਿਆ ਸੀ ਜਿਸ ਲਈ ਏਅਰਪੋਰਟ ਅਥਾਰਟੀ ਤੋਂ ਕੋਈ ਪ੍ਰਵਾਨਗੀ ਨਹੀਂ ਲਈ ਗਈ ਸੀ।
- ਯੂ ਐਲ ਬੀ ਰਾਜਪੁਰਾ ਵਿੱਚ ਐਸ ਐਲ ਐਫ ਦਾ ਨਿਰਮਾਣ ਹਾਈਵੇਅ ਦੇ ਨੇੜੇ ਕੀਤਾ ਗਿਆ ਸੀ।
- ਐਸ ਐਲ ਐਫ ਦਾ ਨਿਰਮਾਣ ਵਾਟਰ ਵਰਕਸ ਦੀਆਂ ਹੱਦਾਂ ਦੇ ਅੰਦਰ ਕੀਤਾ ਗਿਆ ਸੀ ਜਿੱਥੋਂ ਯੂ ਐਲ ਬੀ ਖਮਾਣੋਂ ਵਿੱਚ ਆਮ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਕੀਤੀ ਜਾਂਦੀ ਸੀ।

---

141 ਅਣਅਧਿਕਾਰਤ ਵਿਅਕਤੀਆਂ ਅਤੇ ਅਵਾਰਾਂ ਜਾਨਵਰਾਂ ਦੇ ਦਾਖਲੇ ਨੂੰ ਰੋਕਣ ਲਈ ਆਉਣ ਵਾਲੇ ਵਾਹਨਾਂ ਦੀ ਨਿਗਰਾਨੀ ਕਰਨ ਲਈ ਉਚਿਤ ਗੇਟ ਨਾਲ ਵਾੜ ਜਾਂ ਹੈਜਿੰਗ ਕੀਤੀ ਗਈ ਹੈ; ਵਾਹਨਾਂ ਅਤੇ ਹੋਰ ਮਸ਼ੀਨਰੀ ਦੀ ਸੁਤੰਤਰ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਅੰਦਰੂਨੀ ਸੜਕਾਂ ਦੀ ਉਪਲਬਧਤਾ, ਰਹਿੰਦ-ਖੂੰਹਦ ਦੀ ਜਾਂਚ ਦੀ ਸਹੂਲਤ, ਲੈਂਡਫਿਲ ਸਾਈਟ ਤੇ ਲਿਆਂਦੇ ਗਏ ਰਹਿੰਦ-ਖੂੰਹਦ ਦੀ ਮਾਤਰਾ ਨੂੰ ਮਾਪਣ ਲਈ ਵੇਟਬ੍ਰਿਜ ਵਰਗੇ ਪ੍ਰਬੰਧ, ਅੱਗ ਸੁਰੱਖਿਆ ਉਪਕਰਣ, ਪੀਣ ਅਤੇ ਸੈਨੇਟਰੀ ਸਹੂਲਤਾਂ ਰੋਸ਼ਨੀ ਦੇ ਪ੍ਰਬੰਧ, ਕਰਮਚਾਰੀਆਂ ਦੀ ਸਿਹਤ ਜਾਂਚ ਦੀ ਸਹੂਲਤ, ਅਤੇ ਠੋਸ ਰਹਿੰਦ-ਖੂੰਹਦ ਲਿਜਾਣ ਵਾਲੇ ਟਰਾਂਸਪੋਰਟ ਦੀ ਪਾਰਕਿੰਗ, ਸਫਾਈ, ਧੋਣ ਦੇ ਪ੍ਰਬੰਧ।

142 (i) ਲੁਧਿਆਣਾ; (ii) ਐਸ ਏ ਐਸ ਨਗਰ; (iii) ਫਿਰੋਜ਼ਪੁਰ; (iv) ਰਾਜਪੁਰਾ; (v) ਕੀਰਤਪੁਰ ਸਾਹਿਬ; ਅਤੇ (vi) ਮੱਖੂ; (vii) ਬਠਿੰਡਾ; ਅਤੇ (viii) ਖਮਾਣੋਂ।

143 (i) ਫਿਰੋਜ਼ਪੁਰ; (ii) ਐਸ ਏ ਐਸ ਨਗਰ; ਅਤੇ (iii) ਬਠਿੰਡਾ।

144 (i) ਕੀਰਤਪੁਰ ਸਾਹਿਬ: ਪਾਣੀ ਦਾ ਪੱਧਰ ਵਧਣ ਕਾਰਨ; (ii) ਰਾਜਪੁਰਾ: ਸੜਕ ਰਹਿੰਦ-ਖੂੰਹਦ ਦੇ ਹੇਠਾਂ ਅਸਪਸ਼ਟ ਸੀ; (iii) ਲੁਧਿਆਣਾ: ਕਨਸ਼ੈਸ਼ਨੇਅਰ ਨੇ ਕੰਮ ਨੂੰ ਛੱਡ ਦਿੱਤਾ; (iv) ਮੱਖੂ: ਕਾਰਨ ਰਿਕਾਰਡ ਤੇ ਨਹੀਂ ਸਨ; ਅਤੇ (v) ਖਮਾਣੋਂ: ਐਸ ਐਲ ਐਫ ਦਾ ਨਿਰਮਾਣ ਅਧੀਨ ਸੀ।

(iii) ਐਸ ਐਲ ਐਫਜ਼ ਵਿਖੇ ਸਹੂਲਤਾਂ ਦੀ ਅਣਹੋਂਦ

ਭੌਤਿਕ ਦੌਰੇ ਨੇ ਐਸ ਐਲ ਐਫਜ਼ ਵਿਖੇ ਸੁਵਿਧਾਵਾਂ ਵਿੱਚ ਕਮੀਆਂ ਦਿਖਾਈਆਂ ***(ਅੰਤਿਕਾ 2.17)***।

- ਤਿੰਨ ਯੂ ਐਲ ਬੀਜ਼[145] ਵਿੱਚ ਐਸ ਐਲ ਐਫਜ਼ ਨੂੰ ਆਵਾਰਾ ਜਾਨਵਰਾਂ ਨੂੰ ਰੋਕਣ ਲਈ ਵਾੜ ਜਾਂ ਹੈਜਿੰਗ ਅਤੇ ਗੇਟ ਨਹੀਂ ਕੀਤਾ ਗਿਆ ਸੀ।
- ਚਾਰ ਯੂ ਐਲ ਬੀਜ਼[146] ਵਿੱਚ ਅੰਦਰੂਨੀ ਸੜਕਾਂ ਉਪਲਬਧ ਨਹੀਂ ਸਨ, ਜਿਨ੍ਹਾਂ ਵਿੱਚੋਂ ਯੂ ਐਲ ਬੀ ਰਾਜਪੁਰਾ ਵਿੱਚ ਸੜਕ ਰਹਿੰਦ-ਖੂੰਹਦ ਹੇਠ ਢੱਕੀ ਹੋਈ ਸੀ।
- ਪ੍ਰਦੂਸ਼ਨ ਨਿਗਰਾਨੀ ਉਪਕਰਣ ਕਿਸੇ ਵੀ ਯੂ ਐਲ ਬੀ ਵਿੱਚ ਉਪਲਬਧ ਨਹੀਂ ਸਨ।
- ਕਿਸੇ ਵੀ ਯੂ ਐਲ ਬੀ ਵਿੱਚ ਐਸ ਐਲ ਐਫਜ਼ ਦੀ ਵਰਤੋਂ ਬਾਰੇ ਕੋਈ ਰਿਕਾਰਡ ਨਹੀਂ ਰੱਖਿਆ ਗਿਆ ਸੀ।
- ਵੇਟਬ੍ਰਿਜ ਸਿਰਫ਼ ਯੂ ਐਲ ਬੀ ਲੁਧਿਆਣਾ ਵਿੱਚ ਉਪਲਬਧ ਸੀ।
- ਅੱਠ ਯੂ ਐਲ ਬੀਜ਼ ਵਿੱਚੋਂ ਕਿਸੇ ਵਿੱਚ ਵੀ ਅੱਗ ਬੁਝਾਉਣ ਦੇ ਉਪਕਰਣ ਉਪਲਬਧ ਨਹੀਂ ਸਨ।
- ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਚਾਰ ਯੂ ਐਲ ਬੀਜ਼[147] ਵਿੱਚ ਉਪਲਬਧ ਨਹੀਂ ਸਨ।
- ਰੋਸ਼ਨੀ ਦੀਆਂ ਸਹੂਲਤਾਂ ਸਿਰਫ਼ ਤਿੰਨ ਯੂ ਐਲ ਬੀਜ਼[148] ਵਿੱਚ ਉਪਲਬਧ ਸਨ।
- ਕਿਸੇ ਵੀ ਯੂ ਐਲ ਬੀ ਵਿੱਚ ਕਾਮਿਆਂ ਦੀਆਂ ਸਿਹਤ ਜਾਂਚ ਸਹੂਲਤਾਂ ਉਪਲਬਧ ਨਹੀਂ ਸਨ।

ਜਵਾਬ ਵਿੱਚ, ਅੱਠ ਯੂ ਐਲ ਬੀਜ਼[149] ਨੇ ਕਿਹਾ (ਅਕਤੂਬਰ-2024) ਕਿ ਐਸ ਐਲ ਐਫ ਦਾ ਨਿਰਮਾਣ ਸਹੀ ਸਮੇਂ ਤੇ ਕੀਤਾ ਜਾਵੇਗਾ। ਚਾਰ ਯੂ ਐਲ ਬੀਜ਼[150] ਵਿੱਚ ਐਸ ਐਲ ਐਫ ਨਿਰਮਾਣ ਅਧੀਨ ਸਨ। ਇਸ ਤੋਂ ਇਲਾਵਾ, ਅੱਠ ਯੂ ਐਲ ਬੀਜ਼ ਜਿੱਥੇ ਐਸ ਐਲ ਐਫਜ਼ ਦਾ ਨਿਰਮਾਣ ਕੀਤਾ ਗਿਆ ਸੀ, ਨੇ ਐਸ ਐਲ ਐਫ ਦੀ ਵਰਤੋਂ ਨਾ ਕਰਨ, ਨਿਯਮਾਂ ਦੇ ਵਿਰੁੱਧ ਐਸ ਐਲ ਐਫ ਦੀ ਉਸਾਰੀ ਅਤੇ ਐਸ ਐਲ ਐਫ ਸਾਈਟ ਤੇ ਉਪਲਬਧ ਸਹੂਲਤਾਂ ਨਾਲ ਸਬੰਧਤ ਜਵਾਬ ਨਹੀਂ ਦਿੱਤੇ।

2.4.5.7 ਲੀਚੇਟ ਪ੍ਰਬੰਧਨ

ਐਸ ਡਬਲਯੂ ਐਮ ਨਿਯਮ, 2016 ਦੀ ਅਨੁਸੂਚੀ-1 ਡੀ(iii) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਲੈਂਡਫਿਲ ਕਾਰਜਾਂ ਤੋਂ ਪ੍ਰਦੂਸ਼ਣ ਨੂੰ ਰੋਕਣ ਲਈ, ਲੀਚੇਟ[151] ਦੇ ਪ੍ਰਬੰਧਨ ਲਈ, ਪ੍ਰਬੰਧ ਕੀਤੇ

---

145 (i) ਲੁਧਿਆਣਾ; (ii) ਰਾਜਪੁਰਾ; ਅਤੇ (iii) ਮੱਖੂ।

146 (i) ਫਿਰੋਜ਼ਪੁਰ; (ii) ਮੱਖੂ; (iii) ਕੀਰਤਪੁਰ ਸਾਹਿਬ; ਅਤੇ (iv) ਰਾਜਪੁਰਾ।

147 (i) ਫਿਰੋਜ਼ਪੁਰ; (ii) ਕੀਰਤਪੁਰ ਸਾਹਿਬ; (iii) ਮੱਖੂ; ਅਤੇ (iv) ਖਮਾਣੋਂ।

148 (i) ਲੁਧਿਆਣਾ; (ii) ਐਸ ਏ ਐਸ ਨਗਰ; ਅਤੇ (iii) ਕੀਰਤਪੁਰ ਸਾਹਿਬ ।

149 (i) ਸਰਹਿੰਦ; (ii) ਐਸ ਬੀ ਐਸ ਨਗਰ; (iii) ਕਰਤਾਰਪੁਰ; (iv) ਦੋਰਾਹਾ; (v) ਮਾਨਸਾ; (vi) ਅੰਮ੍ਰਿਤਸਰ; (vii) ਰੂਪਨਗਰ; ਅਤੇ (viii) ਕਾਦੀਆਂ।

150 (i) ਮੋਗਾ; (ii) ਮਹਿਰਾਜ; (iii) ਬਿਲਗਾ; ਅਤੇ (iv) ਆਦਮਪੁਰ।

151 ਲੀਚੇਟ ਇੱਕ ਮੋਟਾ ਤਰਲ ਹੈ ਜਿਸ ਵਿੱਚ ਤੇਜ਼ ਗੰਧ ਬਹੁਤ ਜ਼ਿਆਦਾ ਬਾਇਓ-ਕੈਮੀਕਲ ਆਕਸੀਜਨ ਦੀ ਮੰਗ ਅਤੇ ਰਸਾਇਣਿਕ ਆਕਸੀਜਨ ਦੀ ਮੰਗ ਹੁੰਦੀ ਹੈ।

ਜਾਣਗੇ ਜਿਸ ਵਿੱਚ ਇਸਦੇ ਸੰਗ੍ਰਹਿ ਅਤੇ ਟਰੀਟਮੈਂਟ ਸ਼ਾਮਲ ਹਨ। ਟਰੀਟਮੈਂਟ ਕੀਤੇ ਲੀਚੇਟ ਨੂੰ ਰੀਸਾਈਕਲ ਕੀਤਾ ਜਾਵੇਗਾ ਜਾਂ ਇਜਾਜ਼ਤ ਅਨੁਸਾਰ ਵਰਤਿਆ ਜਾਵੇਗਾ, ਨਹੀਂ ਤਾਂ ਅਨੁਸੂਚੀ-II[152] ਵਿੱਚ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਕਰਨ ਤੋਂ ਬਾਅਦ ਸੀਵਰੇਜ ਲਾਈਨ ਵਿੱਚ ਛੱਡ ਦਿੱਤਾ ਜਾਵੇਗਾ। ਕਿਸੇ ਵੀ ਸਥਿਤੀ ਵਿੱਚ, ਲੀਚੇਟ ਨੂੰ ਖੁੱਲ੍ਹੇ ਵਾਤਾਵਰਣ ਵਿੱਚ ਨਹੀਂ ਛੱਡਿਆ ਜਾਵੇਗਾ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਸਾਰੇ ਚੁਣੇ ਗਏ ਯੂ ਐਲ ਬੀਜ਼ ਵਿੱਚ ਵਿਰਾਸਤੀ ਰਹਿੰਦ-ਖੂੰਹਦ ਮੌਜੂਦ ਸੀ (ਮਾਰਚ 2022)। ਹਾਲਾਂਕਿ, ਵਿਰਾਸਤੀ ਰਹਿੰਦ-ਖੂੰਹਦ ਤੋਂ ਨਿਕਲਣ ਵਾਲੇ ਲੀਚੇਟ ਦਾ ਪ੍ਰਬੰਧਨ ਕਿਸੇ ਵੀ ਯੂ ਐਲ ਬੀ ਵਿੱਚ ਨਹੀਂ ਕੀਤਾ ਗਿਆ ਸੀ। ਜੇ ਪੀ ਵੀ ਦੌਰਾਨ ਦੇਖੇ ਗਏ ਲੀਚੇਟ ਦੇ ਗੈਰ-ਪ੍ਰਬੰਧਨ ਦੀਆਂ ਉਦਾਹਰਨਾਂ ਦੀ ਚਰਚਾ ਕੀਤੀ ਗਈ ਹੈ:

ਅੰਮ੍ਰਿਤਸਰ ਵਿੱਚ, ਕਨਸ਼ੈਸ਼ਨੇਅਰ ਨੇ ਸਤੰਬਰ 2020 ਤੋਂ ਨਵੰਬਰ 2022 ਦੌਰਾਨ ਵਿਰਾਸਤੀ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਕੀਤੀ। ਪਰ ਰਹਿੰਦ-ਖੂੰਹਦ ਦੇ ਲੀਚੇਟ ਦਾ ਪ੍ਰਬੰਧਨ ਨਹੀਂ ਕੀਤਾ ਜਾ ਰਿਹਾ ਸੀ ਜਿਸ ਕਾਰਨ ਡੰਪਸਾਈਟ ਦੇ ਆਲੇ ਦੁਆਲੇ ਲੀਚੇਟ ਭਰਿਆ ਹੋਇਆ ਪਾਇਆ ਗਿਆ ਸੀ।	 ਪ੍ਰਦਰਸ਼ਨੀ 14: ਡੰਪਸਾਈਟ ਅੰਮ੍ਰਿਤਸਰ ਵਿਖੇ ਲੀਚੇਟ
ਲੁਧਿਆਣਾ ਵਿੱਚ, 2020 ਵਿੱਚ ਬਣੇ ਐਸ ਐਲ ਐਫ ਵਿੱਚ ਕਨਸ਼ੈਸ਼ਨੇਅਰ ਦੁਆਰਾ ਜਨਵਰੀ 2021 ਤੱਕ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਕੀਤੀ ਗਈ ਸੀ ਜੋ ਆਰਬਿਟਰੇਸ਼ਨ ਮਾਮਲੇ ਕਾਰਨ ਅਣਵਰਤੀ ਪਈ ਸੀ। ਇਸ ਅਨੁਸਾਰ, ਪ੍ਰੋਸੈਸਡ ਰਹਿੰਦ-ਖੂੰਹਦ ਦਾ ਨਿਪਟਾਰਾ ਨਹੀਂ ਕੀਤਾ ਗਿਆ ਸੀ ਅਤੇ ਇਸ ਨੂੰ ਅਣ-ਪ੍ਰੋਸੈਸਡ ਰਹਿੰਦ-ਖੂੰਹਦ ਨਾਲ ਮਿਲਾਇਆ ਗਿਆ ਸੀ। ਜੇ ਪੀ ਵੀ ਦੌਰਾਨ ਡੰਪਸਾਈਟ ਦੇ ਨੇੜੇ ਬਹੁਤ ਸਾਰੇ ਲੀਚੇਟ ਪਾਏ ਗਏ ਸਨ।	 ਪ੍ਰਦਰਸ਼ਨੀ 15: ਡੰਪਸਾਈਟ ਲੁਧਿਆਣਾ ਵਿਖੇ ਲੀਚੇਟ
ਫਿਰੋਜ਼ਪੁਰ ਵਿੱਚ, ਪ੍ਰੋਸੈਸਡ ਇਨਰਟ ਰਹਿੰਦ-ਖੂੰਹਦ ਨੂੰ ਐਸ ਐਲ ਐਫ ਵਿੱਚ ਜਮ੍ਹਾਂ ਕੀਤਾ ਜਾ ਰਿਹਾ ਸੀ ਅਤੇ ਟੈਂਕ ਨਾਲ ਕੁਨੈਕਸ਼ਨ ਨੂੰ ਯਕੀਨੀ ਨਹੀਂ ਬਣਾਇਆ ਗਿਆ ਸੀ ਜਿੱਥੇ ਲੀਚੇਟ ਇਕੱਠਾ ਕੀਤਾ ਜਾਣਾ ਸੀ।	 ਪ੍ਰਦਰਸ਼ਨੀ 16: ਐਸ ਐਲ ਐਫ ਫਿਰੋਜ਼ਪੁਰ ਵਿਖੇ ਲੀਚੇਟ

[152] ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਅਤੇ ਨਿਪਟਾਰੇ ਵਾਲੀਆਂ ਥਾਵਾਂ ਲਈ ਅਨੁਸੂਚੀ-II ਦੇ ਅਧੀਨ ਨਿਰਧਾਰਤ ਵਾਤਾਵਰਣ ਦੇ ਮਿਆਰਾਂ ਅਤੇ ਸ਼ਰਤਾਂ ਦੀ ਪਾਲਣਾ ਦੀ ਨਿਗਰਾਨੀ ਕਰਨ ਦੀ ਲੋੜ ਹੈ।

ਐਨ ਪੀ ਖਮਾਣੋਂ ਦੇ ਭੌਤਿਕ ਦੌਰੇ ਦੌਰਾਨ ਇਹ ਦੇਖਿਆ ਗਿਆ ਕਿ ਮਈ 2021 ਵਿੱਚ ₹ 7.67 ਲੱਖ ਦੀ ਲਾਗਤ ਨਾਲ ਅਲਾਟ ਕੀਤੀ ਗਈ ਲੈਂਡਫਿਲ ਸਾਈਟ ਦੀ ਉਸਾਰੀ ਦਾ ਕੰਮ ਅਧੂਰਾ ਪਿਆ ਸੀ (ਜਨਵਰੀ 2023) ਜਿਸ ਨੂੰ ਨਵੰਬਰ 2021 ਤੱਕ ਪੂਰਾ ਕੀਤਾ ਜਾਣਾ ਸੀ। ਇਸ ਤੋਂ ਇਲਾਵਾ, ਅਨੁਮਾਨਾਂ ਵਿੱਚ ਕੀਤੇ ਗਏ ਪ੍ਰਬੰਧ ਦੇ ਬਾਵਜੂਦ, ਲੀਚੇਟ ਇਕੱਤਰ ਕਰਨ ਵਾਲੇ ਟੈਂਕ ਦਾ ਨਿਰਮਾਣ ਵੀ ਨਹੀਂ ਕੀਤਾ ਗਿਆ ਸੀ।	 ਪ੍ਰਦਰਸ਼ਨੀ 17: ਐਸ ਐਲ ਐਫ ਖਮਾਣੋਂ ਵਿਖੇ ਲੀਚੇਟ
ਕੀਰਤਪੁਰ ਸਾਹਿਬ ਵਿੱਚ ਦੇਖਿਆ ਗਿਆ ਕਿ ਨਵੰਬਰ 2021 ਤੋਂ ਸਤੰਬਰ 2022 ਦੌਰਾਨ 45.05 ਐਮ ਟੀ ਵਿਰਾਸਤੀ ਰਹਿੰਦ-ਖੂੰਹਦ ਪ੍ਰੋਸੈਸ ਕੀਤੀ ਗਈ। ਹਾਲਾਂਕਿ, ਲੈਂਡਫਿਲ ਸਾਈਟ ਦਾ ਨਿਰਮਾਣ ਫਰਵਰੀ 2021 ਦੌਰਾਨ ਕੀਤਾ ਗਿਆ ਸੀ ਅਤੇ ਇਸ ਦੀ ਵਰਤੋਂ ਇਨਰਟ ਰਹਿੰਦ-ਖੂੰਹਦ (ਵਿਰਾਸਤੀ ਰਹਿੰਦ-ਖੂੰਹਦ ਦੀ ਰਹਿੰਦ-ਖੂੰਹਦ) ਨੂੰ ਭਰਨ ਲਈ ਕੀਤੀ ਜਾਣੀ ਸੀ ਪਰ ਇਨਰਟ ਰਹਿੰਦ-ਖੂੰਹਦ ਡੰਪਿੰਗ ਗਰਾਊਂਡ ਤੇ ਪਿਆ ਸੀ।	 ਪ੍ਰਦਰਸ਼ਨੀ 18: ਡੰਪਸਾਈਟ ਕੀਰਤਪੁਰ ਸਾਹਿਬ ਵਿਖੇ ਲੀਚੇਟ

ਭੌਤਿਕ ਦੌਰੇ ਦੌਰਾਨ, ਕਾਰਪੋਰੇਸ਼ਨ ਐਸ ਏ ਐਸ ਨਗਰ ਵਿੱਚ ਡੰਪਸਾਈਟਾਂ 'ਤੇ ਲੀਚੇਟ ਵੀ ਦੇਖਿਆ ਗਿਆ ਸੀ।

ਬਾਕੀ ਯੂ ਐਲ ਬੀਜ਼ ਵਿੱਚ, ਐਸ ਐਲ ਐਫ ਦੀ ਉਸਾਰੀ/ਵਰਤੋਂ ਨਾ ਹੋਣ ਕਾਰਨ, ਲੀਚੇਟ ਦਾ ਪ੍ਰਬੰਧਨ ਨਹੀਂ ਕੀਤਾ ਜਾ ਸਕਿਆ ਜਿਸ ਕਾਰਨ ਮੈਦਾਨ ਵਿੱਚ ਲੀਚੇਟ ਦੇ ਰਿਸਾਅ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਛੇ ਯੂ ਐਲ ਬੀਜ਼[153] ਵਿੱਚ ਖਾਦ ਦੇ ਟੋਇਆਂ ਵਿਚੋਂ ਲੀਚੇਟ ਬਾਹਰ ਆ ਰਿਹਾ ਸੀ।

ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਹੈ ਕਿ ਪੀ ਪੀ ਸੀ ਬੀ ਨੇ ਪੀ ਐਚ ਟੋਟਲ ਸਸਪੈਂਡ ਸੋਲਿਡ (ਟੀ ਐਸ ਐਸ) ਟੋਟਲ ਡਿਸੋਲਵਡ ਸੋਲਿਡ (ਟੀ ਡੀ ਐਸ), ਕੈਮੀਕਲ ਆਕਸੀਜਨ ਡਿਮਾਂਡ (ਸੀ ਓ ਡੀ) ਬਾਇਓ-ਕੈਮੀਕਲ ਆਕਸੀਜਨ ਡਿਮਾਂਡ (ਬੀ ਓ ਡੀ) ਦਾ ਵਿਸ਼ਲੇਸ਼ਣ ਕਰਨ ਲਈ ਲੀਚੇਟ ਦੀ ਜਾਂਚ[154] ਸਿਰਫ਼ ਦੋ ਯੂ ਐਲ ਬੀਜ਼[155] ਵਿੱਚ ਕੀਤੀ। ਟੈਸਟ ਰਿਪੋਰਟਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਲੀਚੇਟ ਦੇ ਮਾਪਦੰਡ **ਸਾਰਣੀ** 2.9 ਵਿੱਚ ਦਿੱਤੇ ਅਨੁਸਾਰ ਨਿਰਧਾਰਤ ਪੱਧਰਾਂ ਤੋਂ ਵੱਧ ਸਨ।

---

153 (i) ਐਸ ਬੀ ਐਸ ਨਗਰ; (ii) ਕਰਤਾਰਪੁਰ; (iii) ਆਦਮਪੁਰ; (iv) ਫਿਰੋਜ਼ਪੁਰ; (v) ਸਰਹਿੰਦ; ਅਤੇ (vi) ਰਾਜਪੁਰਾ।

154 ਲੁਧਿਆਣਾ ਵਿੱਚ ਦੋ ਵਾਰ (15.04.2020 ਅਤੇ 04.12.2020) ਅਤੇ ਇੱਕ ਵਾਰ (ਅਗਸਤ 2022) ਅੰਮ੍ਰਿਤਸਰ ਵਿੱਚ।

155 ਲੁਧਿਆਣਾ ਅਤੇ ਅੰਮ੍ਰਿਤਸਰ।

ਸਾਰਣੀ 2.9: ਲੁਧਿਆਣਾ ਅਤੇ ਅੰਮ੍ਰਿਤਸਰ ਕਾਰਪੋਰੇਸ਼ਨਾਂ ਦੀ ਡੰਪਸਾਈਟ ਤੇ ਲੀਚੇਟ ਟੈਸਟਿੰਗ ਦੇ ਨਤੀਜੇ

ਪੈਰਾਮੀਟਰ	ਨਿਰਧਾਰਤ ਮਾਪਦੰਡ	ਨਤੀਜਿਆਂ ਦਾ ਸਿੱਟਾ					
		1ਲਾ ਟੈਸਟ	ਮਿਆਰਾਂ ਦੀ ਤੁਲਨਾ ਵਿੱਚ ਵੱਧ (3-2)	ਪ੍ਰਤੀਸ਼ਤਤਾ (ਮਿਆਰਾਂ ਦੀ ਤੁਲਨਾ ਵਿੱਚ)	2ਨਾ ਟੈਸਟ	ਮਿਆਰਾਂ ਦੀ ਤੁਲਨਾ ਵਿੱਚ ਵੱਧ (6-2)	ਪ੍ਰਤੀਸ਼ਤਤਾ (ਮਿਆਰਾਂ ਦੀ ਤੁਲਨਾ ਵਿੱਚ)
1	2	3	4	5	6	7	8
ਲੁਧਿਆਣਾ							
ਪੀ ਐਚ	5.5 ਤੋਂ 9.0	7.8	--	--	8.2	--	--
ਟੀ ਐਸ ਐਸ	600	2,970	2,370	395	724	124	21
ਟੀ ਡੀ ਐਸ	2,100	15,770	13,670	651	24,372	22,272	1,061
ਸੀ ਓ ਡੀ	250	5,640	5,390	2,156	5,980	5,730	2,292
ਬੀ ਓ ਡੀ	350	2,200	1,850	529	2,450	2,100	600
ਅੰਮ੍ਰਿਤਸਰ							
ਸੀ ਓ ਡੀ	250	6,170	5,920	2,368	-	-	-
ਬੀ ਓ ਡੀ	350	2,622	2,272	649	-	-	-

ਸ੍ਰੋਤ: ਪੀ ਪੀ ਸੀ ਬੀ ਡਾਟਾ ਅਤੇ ਐਨ ਆਈ ਟੀ ਜਲੰਧਰ ਰਿਪੋਰਟ

ਇਸ ਦੇ ਜਵਾਬ ਵਿੱਚ, ਯੂ ਐਲ ਬੀ ਸਰਹਿੰਦ ਨੇ ਕਿਹਾ (ਅਕਤੂਬਰ 2024) ਕਿ ਖਾਦ ਦੇ ਟੋਇਆਂ ਵਿੱਚ ਬਹੁਤ ਘੱਟ ਮਾਤਰਾ ਵਿੱਚ ਲੀਚੇਟ ਜਨਰੇਟ ਹੁੰਦਾ ਸੀ ਜੋ ਭੂਮੀਗਤ ਪਾਈਪਲਾਈਨਾਂ ਵਿੱਚੋਂ ਲੰਘ ਰਿਹਾ ਸੀ ਅਤੇ ਡੰਪਸਾਈਟ ਦੇ ਨੇੜੇ ਡਰੇਨ ਵਿੱਚ ਮਿਲ ਜਾਂਦਾ ਸੀ। ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ ਕਿ ਲੀਚੇਟ ਟਰੀਟਮੈਂਟ ਪਲਾਂਟ ਦੀ ਉਸਾਰੀ ਅੱਜ ਤੱਕ ਕਨਸ਼ੈਸ਼ਨੇਅਰ ਦੁਆਰਾ ਸ਼ੁਰੂ ਨਹੀਂ ਕੀਤੀ ਗਈ। ਯੂ ਐਲ ਬੀ ਰਾਜਪੁਰਾ ਨੇ ਕਿਹਾ ਕਿ ਖਾਦ ਦੇ ਟੋਇਆਂ ਤੋਂ ਨਿਕਲਣ ਵਾਲੇ ਲੀਚੇਟ ਨੂੰ ਟੈਂਕ ਵਿੱਚ ਇਕੱਠਾ ਕੀਤਾ ਜਾਂਦਾ ਸੀ ਅਤੇ ਨਮੀ ਲਈ ਖਾਦ ਦੇ ਟੋਇਆਂ ਵਿੱਚ ਦੁਬਾਰਾ ਵਰਤਿਆ ਜਾਂਦਾ ਹੈ। ਕਾਰਪੋਰੇਸ਼ਨ, ਐਸ ਏ ਐਸ ਨਗਰ ਨੇ ਕਿਹਾ ਕਿ ਲੀਚੇਟ ਪ੍ਰਬੰਧਨ ਲਈ ਇੱਕ ਈਫਲੂਐਂਟ ਟਰੀਟਮੈਂਟ ਪਲਾਂਟ (ਈ ਟੀ ਪੀ) ਸਥਾਪਤ ਕੀਤਾ ਗਿਆ ਸੀ। ਯੂ ਐਲ ਬੀ ਫਿਰੋਜ਼ਪੁਰ ਨੇ ਕਿਹਾ ਕਿ ਐਸ ਐਲ ਐਫ ਦਾ ਨਿਰਮਾਣ 2021 ਵਿੱਚ ਕੀਤਾ ਗਿਆ ਸੀ ਅਤੇ ਕੋਈ ਲੀਚੇਟ ਜਨਰੇਟ ਨਹੀਂ ਕੀਤਾ ਗਿਆ ਸੀ ਕਿਉਂਕਿ ਪੋਲੀਥੀਨ ਅਤੇ ਪਾਈਪਾਂ ਆਦਿ ਦੀ ਚੋਰੀ ਕਾਰਨ ਐਸ ਐਲ ਐਫ ਦੀ ਵਰਤੋਂ ਨਹੀਂ ਕੀਤੀ ਗਈ ਸੀ। ਯੂ ਐਲ ਬੀ ਖਮਾਣੋਂ ਨੇ ਕਿਹਾ ਕਿ ਹੁਣ ਐਸ ਐਲ ਐਫ ਤੋਂ ਲੀਚੇਟਾਂ ਨੂੰ ਇਕੱਤਰ ਕਰਨ ਲਈ ਲੀਚੇਟ ਟੈਂਕ ਪੂਰਾ ਹੋ ਗਿਆ ਸੀ। ਯੂ ਐਲ ਬੀ ਮਖੂ ਨੇ ਕਿਹਾ ਕਿ ਜਦੋਂ ਵੀ, ਐਸ ਐਲ ਐਫ ਦੀ ਵਰਤੋਂ ਯੂ ਐਲ ਬੀ ਦੁਆਰਾ ਕੀਤੀ ਜਾਏਗੀ ਤਾਂ ਲੀਚੇਟ ਪ੍ਰਬੰਧਨ ਕੀਤਾ ਜਾਵੇਗਾ। ਕਾਰਪੋਰੇਸ਼ਨ ਲੁਧਿਆਣਾ ਨੇ ਕਿਹਾ ਕਿ ਕਨਸ਼ੈਸ਼ਨੇਅਰ ਨਾਲ ਸਮਝੌਤਾ ਖਤਮ ਹੋਣ ਕਾਰਨ ਐਸ ਐਲ ਐਫ ਦੀ ਵਰਤੋਂ ਨਹੀਂ ਕੀਤੀ ਜਾ ਰਹੀ ਸੀ। 11 ਯੂ ਐਲ ਬੀਜ਼[156] ਨੇ ਕਿਹਾ ਕਿ ਯੂ ਐਲ ਬੀ ਵਿੱਚ ਸੈਨੇਟਰੀ ਲੈਂਡਫਿਲ ਸਾਈਟ ਦੀ ਉਸਾਰੀ ਤੋਂ ਬਾਅਦ ਲੀਚੇਟ ਪ੍ਰਬੰਧਨ ਕੀਤਾ ਜਾਵੇਗਾ। ਕਾਰਪੋਰੇਸ਼ਨ, ਬਠਿੰਡਾ ਨੇ ਆਰਬਿਟਰੇਸ਼ਨ ਮਾਮਲਾ ਲੰਬਿਤ ਹੋਣ ਕਾਰਨ ਜਾਣਕਾਰੀ ਨਹੀਂ ਦਿੱਤੀ।

ਜਵਾਬ ਸਵੀਕਾਰਯੋਗ ਨਹੀਂ ਹਨ ਕਿਉਂਕਿ ਯੂ ਐਲ ਬੀਜ਼ ਸਪਸ਼ਟ ਐਸ ਡਬਲਯੂ ਐਮ ਨਿਯਮਾਂ ਦੇ ਬਾਵਜੂਦ ਲੀਚੇਟ ਦਾ ਪ੍ਰਬੰਧਨ ਨਹੀਂ ਕਰ ਸਕੇ। ਡੰਪਸਾਈਟਾਂ ਤੇ ਲੀਚੇਟ ਦਾ ਟਰੀਟਮੈਂਟ ਨਹੀਂ ਕੀਤਾ ਗਿਆ ਸੀ ਅਤੇ ਟੈਸਟ ਦੇ ਨਤੀਜਿਆਂ ਨੇ ਗੰਭੀਰ ਪ੍ਰਦੂਸ਼ਣ ਦਿਖਾਇਆ ਜੋ ਪਾਲਣਾ ਨਾਂ ਕਰਨ ਦਾ ਸੰਕੇਤ ਦਿੰਦਾ ਹੈ।

---

156 (i) ਰੂਪਨਗਰ; (ii) ਐਸ ਬੀ ਐਸ ਨਗਰ; (iii) ਮਹਿਰਾਜ; (iv) ਬਿਲਗਾ; (v) ਆਦਮਪੁਰ; (vi) ਕਰਤਾਰਪੁਰ; (vii) ਦੋਰਾਹਾ; (viii) ਮੋਗਾ; (ix) ਕੀਰਤਪੁਰ ਸਾਹਿਬ; (x) ਮਾਨਸਾ; ਅਤੇ (xi) ਕਾਦੀਆਂ।

2.4.5.8 ਬਫਰ ਜ਼ੋਨ ਨੂੰ ਨੋਟੀਫਾਈ ਨਾ ਕਰਨਾ

ਐਸ ਡਬਲਯੂ ਐਮ ਨਿਯਮ, 2016 ਅਧੀਨ ਸਥਾਨਕ ਸਰਕਾਰਾਂ ਵਿਭਾਗ ਦੇ ਸਕੱਤਰ ਨੂੰ ਕਮਿਸ਼ਨਰ ਜਾਂ ਨਗਰ ਪਾਲਿਕਾ ਪ੍ਰਸ਼ਾਸਨ ਦੇ ਡਾਇਰੈਕਟਰ ਜਾਂ ਸਥਾਨਕ ਸਰਕਾਰਾਂ ਦੇ ਡਾਇਰੈਕਟਰ ਰਾਹੀਂ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਨਾਲ ਸਲਾਹ ਮਸ਼ਵਰਾ ਕਰਕੇ ਪ੍ਰਤੀ ਦਿਨ ਪੰਜ ਟਨ ਤੋਂ ਵੱਧ ਠੋਸ ਰਹਿੰਦ-ਖੂੰਹਦ ਪ੍ਰੋਸੈਸਿੰਗ ਅਤੇ ਨਿਪਟਾਰੇ ਦੀਆਂ ਸਹੂਲਤਾਂ ਦੇ ਆਲੇ ਦੁਆਲੇ ਬਫਰ ਜ਼ੋਨ[157] ਨੂੰ ਨੋਟੀਫਾਈ ਕਰਨਾ ਹੁੰਦਾ ਹੈ। ਇਸ ਅਨੁਸਾਰ, ਸੀ ਪੀ ਸੀ ਬੀ ਨੇ ਰਹਿੰਦ-ਖੂੰਹਦ ਪ੍ਰੋਸੈਸਿੰਗ ਅਤੇ ਨਿਪਟਾਰੇ ਦੀਆਂ ਸਹੂਲਤਾਂ ਦੀ ਬਾਹਰੀ ਸੀਮਾਂ ਤੋਂ ਰਿਹਾਇਸ਼ੀ, ਵਪਾਰਕ ਜਾਂ ਕਿਸੇ ਹੋਰ ਉਸਾਰੀ ਗਤੀਵਿਧੀ ਨੂੰ ਸੀਮਤ ਕਰਨ ਲਈ ਬਫਰ ਜ਼ੋਨ ਬਣਾਉਣ ਬਾਰੇ ਦਿਸ਼ਾ ਨਿਰਦੇਸ਼ (ਅਪ੍ਰੈਲ 2017) ਜਾਰੀ ਕੀਤੇ।

ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ 13 ਯੂ ਐਲ ਬੀਜ਼ ਨੂੰ ਬਫਰ ਜ਼ੋਨ ਨੂੰ ਨੋਟੀਫਾਈ ਕਰਨ ਦੀ ਲੋੜ ਸੀ ਕਿਉਂਕਿ ਉਨ੍ਹਾਂ ਦੀ ਰੋਜ਼ਾਨਾ ਪ੍ਰੋਸੈਸਿੰਗ ਅਤੇ ਨਿਪਟਾਰਾ/ਰਹਿੰਦ-ਖੂੰਹਦ ਜਨਰੇਸ਼ਨ ਪੰਜ ਟੀ ਪੀ ਡੀ ਤੋਂ ਵੱਧ ਸੀ। ਹਾਲਾਂਕਿ, ਬਫਰ ਜ਼ੋਨ ਨੂੰ ਸਿਰਫ਼ ਕਾਰਪੋਰੇਸ਼ਨ, ਬਠਿੰਡਾ ਦੁਆਰਾ ਨੋਟੀਫਾਈ ਕੀਤਾ ਗਿਆ ਸੀ।

ਯੂ ਐਲ ਬੀ ਫਿਰੋਜ਼ਪੁਰ ਨੇ ਕਿਹਾ (ਅਕਤੂਬਰ 2024) ਕਿ ਅਜਿਹਾ ਨਹੀਂ ਕੀਤਾ ਗਿਆ ਸੀ ਕਿਉਂਕਿ ਡੰਪ ਸਾਈਟ ਨਿੱਜੀ ਜਮੀਨ 'ਤੇ ਸੀ। ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ ਕਿ ਇਹ ਪ੍ਰਸਤਾਵ ਰੱਖਿਆ ਗਿਆ ਸੀ ਕਿ ਪ੍ਰਸਤਾਵਿਤ ਰਹਿੰਦ-ਖੂੰਹਦ ਪ੍ਰੋਸੈਸਿੰਗ ਸੁਵਿਧਾ ਦੀ ਉਸਾਰੀ ਦੌਰਾਨ ਗ੍ਰੀਨ ਬੈਲਟ ਤੇ ਵਿਚਾਰ ਕੀਤਾ ਜਾਵੇਗਾ ਅਤੇ ਬਫਰ ਜ਼ੋਨ ਵਜੋਂ ਨਾਮਜ਼ਦ ਕੀਤਾ ਜਾਵੇਗਾ। ਪਰ ਅੱਜ ਤੱਕ ਕਿਸੇ ਵੀ ਬਫਰ ਜ਼ੋਨ ਦਾ ਐਲਾਨ ਨਹੀਂ ਕੀਤਾ ਗਿਆ ਹੈ। ਚਾਰ ਯੂ ਐਲ ਬੀਜ਼[158] ਨੇ ਕਿਹਾ ਕਿ ਯੂ ਐਲ ਬੀ ਵਿੱਚ ਐਸ ਐਲ ਐਫ ਸਾਈਟਾਂ ਨੂੰ ਅੰਤਿਮ ਰੂਪ ਦੇਣ ਤੋਂ ਬਾਅਦ ਬਫਰ ਜ਼ੋਨ ਦਾ ਐਲਾਨ ਕੀਤਾ ਜਾਵੇਗਾ। ਪੰਜ ਯੂ ਐਲ ਬੀਜ਼[159] ਨੇ ਕਿਹਾ ਕਿ ਉਸ ਤਰ੍ਹਾਂ ਦਾ ਹੀ ਸਹੀ ਸਮੇਂ 'ਤੇ ਕੀਤਾ ਜਾਵੇਗਾ। ਕਾਰਪੋਰੇਸ਼ਨ, ਬਠਿੰਡਾ ਨੇ ਕਿਹਾ ਕਿ ਬਫਰ ਜ਼ੋਨ ਦੀ ਦੇਖਭਾਲ ਯੂ ਐਲ ਬੀ ਦੁਆਰਾ ਕੀਤੀ ਜਾ ਰਹੀ ਸੀ। ਕਾਰਪੋਰੇਸ਼ਨ, ਲੁਧਿਆਣਾ ਨੇ ਕਿਹਾ ਕਿ ਨਾ ਤਾਂ ਬਫਰ ਜ਼ੋਨ ਦਾ ਨੋਟੀਫਿਕੇਸ਼ਨ ਕੀਤਾ ਗਿਆ ਸੀ ਅਤੇ ਨਾ ਹੀ ਸਾਈਟ ਤੇ ਕੋਈ ਬਫਰ ਜ਼ੋਨ ਬਣਾਇਆ ਗਿਆ ਸੀ।

ਜਵਾਬ ਪ੍ਰਮਾਣਿਤ ਨਹੀਂ ਹਨ ਕਿਉਂਕਿ ਐਸ ਡਬਲਯੂ ਐਮ ਨਿਯਮਾਂ ਅਤੇ ਸੀ ਪੀ ਸੀ ਬੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਲਾਜ਼ਮੀ ਜ਼ਰੂਰਤਾਂ ਦੇ ਬਾਵਜੂਦ, ਬਫਰ ਜ਼ੋਨਾਂ ਨੂੰ 13 ਵਿਚੋਂ 12 ਯੂ ਐਲ ਬੀਜ਼ ਦੁਆਰਾ ਨੋਟੀਫਾਈ ਨਹੀਂ ਕੀਤਾ ਗਿਆ ਸੀ। ਬਫਰ ਜ਼ੋਨ ਦੀ ਅਣਹੋਂਦ ਖਤਰਨਾਕ ਰਹਿੰਦ-ਖੂੰਹਦ ਦੇ ਕਾਰਨ ਅੱਗ ਲੱਗਣ ਜਾਂ ਧਮਾਕੇ ਵਰਗੀਆਂ ਘਟਨਾਵਾਂ ਦੇ ਜੋਖਮ ਨੂੰ ਵਧਾ ਸਕਦੀ ਹੈ, ਜੋ ਮਜ਼ਦੂਰਾਂ ਅਤੇ ਗੁਆਂਢੀ ਭਾਈਚਾਰਿਆਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇਸ ਤੋਂ ਇਲਾਵਾ, ਪ੍ਰੋਸੈਸਿੰਗ ਸਾਈਟ ਤੋਂ ਦੂਸ਼ਿਤ ਪਦਾਰਥ ਅਤੇ ਪ੍ਰਦੂਸ਼ਕ ਨੇੜਲੇ ਮਿੱਟੀ ਅਤੇ ਪਾਣੀ ਦੇ ਸਰੋਤਾਂ ਵਿੱਚ ਦਾਖਲ ਹੋ ਸਕਦੇ ਹਨ, ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਸਕਦੇ ਹਨ ਅਤੇ ਸਥਾਨਕ ਵਾਤਾਵਰਣ ਪ੍ਰਣਾਲੀ ਨੂੰ ਵਿਗਾੜ ਸਕਦੇ ਹਨ।

---

157 ਬਫਰ ਜ਼ੋਨ ਇੱਕ ਅਜਿਹਾ ਜ਼ੋਨ (ਖੇਤਰ) ਹੈ ਜਿੱਥੇ ਠੋਸ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਅਤੇ ਨਿਪਟਾਰੇ ਦੀ ਸਹੂਲਤ ਦੇ ਆਲੇ-ਦੁਆਲੇ ਕੋਈ ਵਿਕਾਸ ਨਹੀਂ ਕੀਤਾ ਜਾਣਾ ਚਾਹੀਦਾ।

158 (i) ਰੂਪਨਗਰ; (ii) ਐਸ ਬੀ ਐਸ ਨਗਰ; (iii) ਕਰਤਾਰਪੁਰ; ਅਤੇ (iv) ਦੋਰਾਹਾ।

159 (i) ਸਰਹਿੰਦ; (ii) ਰਾਜਪੁਰਾ; (iii) ਮੋਗਾ; (iv) ਮਾਨਸਾ; ਅਤੇ (v) ਐਸ ਏ ਐਸ ਨਗਰ।

2.4.5.9 ਅਣਅਧਿਕਾਰਤ ਥਾਵਾਂ 'ਤੇ ਰਹਿੰਦ-ਖੂੰਹਦ ਸੁੱਟਣਾ

ਐਸ ਡਬਲਯੂ ਐਮ ਨਿਯਮ, 2016 ਦੇ ਨਿਯਮ 22 ਅਨੁਸਾਰ ਠੋਸ ਰਹਿੰਦ-ਖੂੰਹਦ ਪ੍ਰੋਸੈਸਿੰਗ ਸਹੂਲਤਾਂ ਸਥਾਪਤ ਕਰਨ ਲਈ ਢੁਕਵੀਆਂ ਥਾਵਾਂ ਦੀ ਪਛਾਣ ਕਰਨ ਦੀ ਸਮਾਂ ਸੀਮਾ ਅਪ੍ਰੈਲ 2017 ਤੱਕ ਨਿਰਧਾਰਤ ਕੀਤੀ ਗਈ ਸੀ। ਹਾਲਾਂਕਿ, ਐਨ ਜੀ ਟੀ ਦੇ ਫੈਸਲੇ ਅਨੁਸਾਰ, ਰਹਿੰਦ-ਖੂੰਹਦ ਪ੍ਰਬੰਧਨ ਦੀ ਨਿਗਰਾਨੀ ਲਈ ਰਾਜ ਕਾਰਜ ਯੋਜਨਾ (06 ਮਾਰਚ 2019 ਨੂੰ ਨੋਟੀਫਾਈ ਕੀਤਾ ਗਿਆ) ਵਿੱਚ ਤਾਰੀਖ 30 ਸਤੰਬਰ 2019 ਤੱਕ ਵਧਾ ਦਿੱਤੀ ਗਈ ਸੀ।

ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ 20 ਚੁਣੇ ਗਏ ਯੂ ਐਲ ਬੀਜ਼ ਵਿੱਚੋਂ ਦੋ ਵਿੱਚ, ਰਹਿੰਦ-ਖੂੰਹਦ ਅਣਅਧਿਕਾਰਤ ਥਾਵਾਂ ਤੇ ਸੁੱਟਿਆ ਜਾ ਰਿਹਾ ਸੀ:

(i) ਮਿਉਂਸਪਲ ਕੌਂਸਲ ਦੋਰਾਹਾ ਉਸ ਜ਼ਮੀਨ ਤੇ ਰਹਿੰਦ-ਖੂੰਹਦ ਸੁੱਟ ਰਹੀ ਸੀ ਜਿਸ ਨੂੰ ਰਾਜ ਸਰਕਾਰ ਨੇ 1995 ਵਿੱਚ ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ ਨੂੰ ਲੀਜ਼ ਤੇ ਦਿੱਤਾ ਸੀ। ਮੰਤਰਾਲੇ ਨੇ ਵਾਰ-ਵਾਰ ਐਮ ਸੀ ਨੂੰ ਸਾਈਟ ਤੇ ਰਹਿੰਦ-ਖੂੰਹਦ ਦੇ ਨਿਪਟਾਰੇ ਦੀ ਗਤੀਵਿਧੀ ਨੂੰ ਮੁਅੱਤਲ ਕਰਨ ਲਈ ਕਿਹਾ ਸੀ। ਹਾਲਾਂਕਿ, ਇਸ ਦੁਆਰਾ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ (ਅਕਤੂਬਰ 2022)।

(ii) ਯੂ ਐਲ ਬੀ ਕਰਤਾਰਪੁਰ ਵਿੱਚ ਰਹਿੰਦ-ਖੂੰਹਦ ਪ੍ਰੋਸੈਸਿੰਗ/ਡੰਪਿੰਗ ਅਤੇ ਲੈਂਡਫਿਲ ਲਈ ਢੁਕਵੀਂ ਜਗ੍ਹਾ ਦੀ ਪਛਾਣ ਨਹੀਂ ਕੀਤੀ ਗਈ ਸੀ (ਸਤੰਬਰ 2022) ਅਤੇ ਸ਼ਹਿਰ ਦਾ ਠੋਸ ਰਹਿੰਦ-ਖੂੰਹਦ ਕਿਸੇ ਨਿੱਜੀ ਵਿਅਕਤੀ ਦੀ ਮਾਲਕੀ ਵਾਲੀ ਜ਼ਮੀਨ 'ਤੇ ਸੁੱਟਿਆ ਜਾਂ ਰਿਹਾ ਸੀ।

ਯੂ ਐਲ ਬੀ ਕਰਤਾਰਪੁਰ ਨੇ ਕਿਹਾ (ਅਕਤੂਬਰ 2024) ਕਿ ਐਸ ਡਬਲਯੂ ਐਮ ਲਈ ਦੋ ਏਕੜ ਜ਼ਮੀਨ ਖਰੀਦੀ ਗਈ ਸੀ, ਅਤੇ ਹੁਣ ਰਹਿੰਦ-ਖੂੰਹਦ ਨੂੰ ਨਵੀਂ ਡੰਪਸਾਈਟ ਤੇ ਭੇਜਿਆ ਜਾ ਰਿਹਾ ਸੀ। ਯੂ ਐਲ ਬੀ ਦੋਰਾਹਾ ਨੇ ਕਿਹਾ ਕਿ ਡੰਪ ਸਾਈਟ ਦੀ ਵਰਤੋਂ 1995 ਤੋਂ ਯੂ ਐਲ ਬੀ ਦੁਆਰਾ ਕੀਤੀ ਜਾ ਰਹੀ ਸੀਅਤੇ ਜ਼ਮੀਨ ਭਾਰਤ ਸਰਕਾਰ ਨਾਲ ਸਬੰਧਤ ਸੀ। ਯੂ ਐਲ ਬੀ ਦੁਆਰਾ ਡੰਪ ਸਾਈਟ ਲਈ ਜ਼ਮੀਨ ਲੀਜ਼ ਤੇ ਲੈਣ ਅਤੇ ਐਸ ਐਲ ਐਫ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਯੂ ਐਲ ਬੀ ਕਰਤਾਰਪੁਰ ਦਾ ਜਵਾਬ ਅਸਵੀਕਾਰਯੋਗ ਸੀ ਕਿਉਂਕਿ ਅਣਅਧਿਕਾਰਤ ਸਾਈਟ ਤੇ ਫੈਲਿਆ ਰਹਿੰਦ-ਖੂੰਹਦ ਬਾਇਓ-ਰਿਮੇਡੀਏਟ ਨਹੀਂ ਕੀਤਾ ਗਿਆ ਸੀ।

ਇਸ ਤਰ੍ਹਾਂ, ਹਾਲਾਂਕਿ ਰਹਿੰਦ-ਖੂੰਹਦ ਦੀ ਇਕੱਤਰਤਾ ਸੰਤੁਸ਼ਟੀਜਨਕ (98.51 *ਪ੍ਰਤੀਸ਼ਤ*) ਸੀ, ਪਰ ਰਾਜ ਵਿੱਚ 2017-22 ਦੌਰਾਨ 100 *ਪ੍ਰਤੀਸ਼ਤ* ਦੇ ਟੀਚੇ ਦੇ ਮੁਕਾਬਲੇ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ/ਨਿਪਟਾਰਾ ਸਿਰਫ਼ 32 *ਪ੍ਰਤੀਸ਼ਤ* ਸੀ (ਜਿਵੇਂ ਕਿ ***ਪੈਰ੍ਹਾ 2.4.2*** ਵਿੱਚ ਚਰਚਾ ਕੀਤੀ ਗਈ ਹੈ)।

ਇਸ ਤੋਂ ਇਲਾਵਾ, ਵਿਭਾਗ ਐਸ ਡੀ ਜੀ 11.6.1 ਨੂੰ ਪ੍ਰਾਪਤ ਨਹੀਂ ਕਰ ਸਕਿਆ, ਜੋ ਜਨਰੇਟ ਹੋਏ ਕੁੱਲ ਸ਼ਹਿਰੀ ਠੋਸ ਰਹਿੰਦ-ਖੂੰਹਦ ਵਿੱਚੋਂ ਨਿਯਮਤ ਤੌਰ 'ਤੇ ਇਕੱਤਰ ਕਰਨ ਅਤੇ ਉਚਿਤ ਅੰਤਮ ਨਿਕਾਸੀ ਦੀ ਵਿਵਸਥਾ ਕਰਦਾ ਹੈ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ, ਵਿਭਾਗ ਨੇ 2019-23 ਲਈ ਇੱਕ ਰਣਨੀਤਕ ਯੋਜਨਾ (ਅਕਤੂਬਰ 2019) ਤਿਆਰ ਕੀਤੀ।

2.4.6 ਸਿੱਟਾ

ਰਾਜ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਉਪਲਬਧ ਫੰਡਾਂ ਦੀ ਸਹੀਂ ਵਰਤੋਂ ਨਹੀਂ ਕਰ ਸਕੀਆਂ ਕਿਉਂਕਿ ਸਾਲ 2017-22 ਦੌਰਾਨ ਐਸ ਡਬਲਯੂ ਐਮ ਦੀ ਵਰਤੋਂ ਲਈ ਰਾਜ ਵਿੱਚ ਯੂ ਐਲ ਬੀ ਕੋਲ ਉਪਲਬਧ ₹ 1,011.33 ਕਰੋੜ ਵਿੱਚੋਂ ਸਿਰਫ਼ ₹ 692.32 ਕਰੋੜ ਖਰਚ ਕੀਤੇ ਗਏ ਸਨ। ਇਸੇ ਤਰ੍ਹਾਂ ਚੁਣੇ ਗਏ 20 ਯੂ ਐਲ ਬੀਜ਼ ਨੇ, ₹ 620.18 ਕਰੋੜ ਦੇ ਉਪਲਬਧ ਫੰਡਾਂ ਦੇ ਮੁਕਾਬਲੇ ਸਿਰਫ਼ ₹ 306.87 ਕਰੋੜ ਦੀ ਵਰਤੋਂ ਕੀਤੀ। ਚੁਣੇ ਗਏ ਯੂ ਐਲ ਬੀਜ਼ ਨੇ ਅਪ੍ਰੈਲ 2019 ਅਤੇ ਮਾਰਚ 2022 ਦੌਰਾਨ ₹ 204.84 ਕਰੋੜ ਦੇ ਅਨੁਮਾਨ ਦੇ ਮੁਕਾਬਲੇ ਉਪਭੋਗਤਾ ਚਾਰਜਜ਼ ਵਜੋਂ ₹ 1.06 ਕਰੋੜ (0.52 *ਪ੍ਰਤੀਸ਼ਤ*) ਇਕੱਤਰ ਕੀਤੇ। ਰਹਿੰਦ-ਖੂੰਹਦ ਨੂੰ ਇਕੱਤਰ ਕਰਨ ਦੀ ਕੁਸ਼ਲਤਾ ਉਚਿਤ ਨਹੀਂ ਸੀ, ਜਿਵੇਂ ਕਿ ਜਲ ਸਰੋਤਾਂ ਵਿੱਚ ਜਮ੍ਹਾਂ ਕਰਨ, ਰਹਿੰਦ-ਖੂੰਹਦ ਕਮਜ਼ੋਰ ਬਿੰਦੂਆਂ ਦੀ ਸਿਰਜਣਾ ਆਦਿ ਦੀਆਂ ਉਦਾਹਰਣਾਂ ਤੋਂ ਸਬੂਤ ਮਿਲਦਾ ਹੈ, ਰਹਿੰਦ-ਖੂੰਹਦ ਨੂੰ ਵੱਖ ਕਰਨਾ ਅਸਮਰੱਥ ਸੀ ਕਿਉਂਕਿ ਖਤਰਨਾਕ ਰਹਿੰਦ-ਖੂੰਹਦ, ਸੈਨੇਟਰੀ ਰਹਿੰਦ-ਖੂੰਹਦ ਅਤੇ ਮਿਸ਼ਰਤ ਰਹਿੰਦ-ਖੂੰਹਦ ਸਮੇਤ ਅਲੱਗ-ਅਲੱਗ ਰਹਿੰਦ-ਖੂੰਹਦ ਭੌਤਿਕ ਦੌਰਿਆਂ ਦੌਰਾਨ ਡੰਪਸਾਈਟਾਂ 'ਤੇ ਪਾਇਆ ਗਿਆ ਸੀ।

ਵਿਰਾਸਤੀ ਰਹਿੰਦ-ਖੂੰਹਦ ਸਮੇਤ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਵਿੱਚ ਕਮੀ ਸੀ ਕਿਉਂਕਿ ਲੋੜੀਂਦੀ ਸੰਖਿਆ ਵਿੱਚ ਸਮੱਗਰੀ ਰਿਕਵਰੀ ਸਹੂਲਤਾਂ, ਖਾਦ ਟੋਏ, ਸੈਨੇਟਰੀ ਲੈਂਡਫਿਲ ਸਹੂਲਤਾਂ ਦਾ ਨਿਰਮਾਣ ਨਹੀਂ ਕੀਤਾ ਗਿਆ ਸੀ, ਜਿਸ ਕਾਰਨ 68 *ਪ੍ਰਤੀਸ਼ਤ* ਇਕੱਤਰ ਕੀਤੇ ਰਹਿੰਦ-ਖੂੰਹਦ ਨੂੰ ਪ੍ਰੋਸੈਸ ਨਹੀਂ ਕੀਤਾ ਗਿਆ ਸੀ ਜਿਸ ਨਾਲ ਵਿਰਾਸਤੀ ਰਹਿੰਦ-ਖੂੰਹਦ ਇਕੱਠਾ ਹੋ ਗਿਆ ਸੀ। ਇਸ ਨਾਲ ਮੀਥੇਨ ਵਰਗੀਆਂ ਹਾਨੀਕਾਰਕ ਗੈਸਾਂ ਪੈਦਾ ਹੋਣਗੀਆਂ, ਜੋ ਇੱਕ ਸ਼ਕਤੀਸ਼ਾਲੀ ਗ੍ਰੀਨਹਾਊਸ ਗੈਸ ਹੈ ਅਤੇ ਜਲਵਾਯੂ ਤਬਦੀਲੀ ਵਿੱਚ ਯੋਗਦਾਨ ਪਾਉਂਦੀ ਹੈ। ਇਸ ਕਾਰਨ ਡੰਪਸਾਈਟਾਂ 'ਤੇ ਅੱਗ ਲੱਗਣ ਦੇ ਮਾਮਲੇ ਸਾਹਮਣੇ ਆਏ ਅਤੇ ਅਜਿਹੀ ਇੱਕ ਘਟਨਾ ਵਿੱਚ ਸੱਤ ਵਿਅਕਤੀਆਂ ਦੀ ਸੜ ਕੇ ਮੌਤ ਹੋ ਗਈ ਅਤੇ ਐਨ ਜੀ ਟੀ ਨੇ ਇਸ ਮਾਮਲੇ ਵਿੱਚ ₹ 100 ਕਰੋੜ ਦਾ ਜੁਰਮਾਨਾ ਲਗਾਇਆ।

2.4.7 ਸਿਫਾਰਸ਼ਾਂ

ਸਰਕਾਰ/ਯੂ ਐਲ ਬੀਜ਼ ਇਹ ਯਕੀਨੀ ਬਣਾ ਸਕਦੇ ਹਨ:

- *ਠੋਸ ਰਹਿੰਦ-ਖੂੰਹਦ ਦੇ ਇਕੱਠੇ ਹੋਣ ਮਾੜੇ ਪ੍ਰਭਾਵਾਂ ਨੂੰ ਘਟਾਉਣ ਲਈ ਐਸ ਡਬਲਯੂ ਐਮ ਲਈ ਬਿਹਤਰ ਨਾਗਰਿਕ ਸਹੂਲਤਾਂ ਪੈਦਾ ਕਰਨ ਲਈ ਉਪਲਬਧ ਫੰਡਾਂ ਦੀ ਸਰਬੋਤਮ ਅਤੇ ਪੂਰੀ ਵਰਤੋਂ;*
- *ਯੂ ਐਲ ਬੀਜ਼ ਦੀ ਵਿੱਤੀ ਸਥਿਰਤਾ ਲਈ ਰਹਿੰਦ-ਖੂੰਹਦ ਜਨਰੇਟਰਾਂ ਤੋਂ ਬਕਾਇਆ ਉਪਭੋਗਤਾ ਚਾਰਜਜ਼ ਦੀ ਇਕੱਤਰ ਕਰਨਾ; ਅਤੇ*
- *ਜਨਤਕ ਅਤੇ ਵਾਤਾਵਰਣ ਨੂੰ ਬਿਨਾਂ ਟਰੀਟ ਕੀਤੇ ਗਏ ਰਹਿੰਦ-ਖੂੰਹਦ ਦੇ ਖਤਰਨਾਕ ਪ੍ਰਭਾਵਾਂ ਤੋਂ ਬਚਾਉਣ ਲਈ ਵਿਗਿਆਨਕ ਢੰਗ ਨਾਲ ਵਿਰਾਸਤੀ ਰਹਿੰਦ-ਖੂੰਹਦ ਸਮੇਤ ਠੋਸ ਰਹਿੰਦ-ਖੂੰਹਦ ਨੂੰ ਇਕੱਤਰ ਕਰਨ, ਵੱਖ ਕਰਨ, ਆਵਾਜਾਈ ਅਤੇ ਨਿਪਟਾਰੇ ਵਿੱਚ ਕੁਸ਼ਲਤਾ ਵਧਾਉਣ ਲਈ ਐਸ ਡਬਲਯੂ ਐਮ ਨਿਯਮਾਂ ਦੀ ਪਾਲਣਾ।*

2.5 ਐਸ ਡਬਲਯੂ ਐਮ ਪ੍ਰੋਜੈਕਟਾਂ ਨੂੰ ਲਾਗੂ ਕਰਨਾ

ਮਿਉਂਸਿਪਲ ਠੋਸ ਰਹਿੰਦ-ਖੂੰਹਦ ਪ੍ਰਬੰਧਨ ਪ੍ਰੋਜੈਕਟਾਂ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਲਈ ਉਚਿਤ ਫੀਸਾਂ ਜਾਂ ਟਿਪਿੰਗ ਫੀਸਾਂ ਨਿਰਧਾਰਤ ਕਰਕੇ, ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਤੋਂ ਅੰਤਿਮ ਉਤਪਾਦਾਂ ਦੀ ਵਿਕਰੀ, ਮਿਉਂਸਪਲ ਅੰਦਰੂਨੀ ਸਰੋਤਾਂ ਅਤੇ ਸਰਕਾਰੀ ਗ੍ਰਾਂਟਾਂ ਤੋਂ ਫੰਡਾਂ ਦੀ ਵੰਡ ਸਰਕਾਰ ਤੋਂ ਵਿਵਹਾਰਕਤਾ ਅੰਤਰ ਫੰਡਿੰਗ (ਜੇ ਕੋਈ ਹੋਵੇ) ਅਤੇ ਨਿੱਜੀ ਖੇਤਰ ਦੇ ਨਿਵੇਸ਼ਾਂ ਨੂੰ ਉਤਸ਼ਾਹਤ ਕਰਕੇ ਜਨਤਕ ਨਿੱਜੀ ਭਾਈਵਾਲੀ (ਪੀ ਪੀ ਪੀ) ਸ਼ੁਰੂ ਕਰਕੇ ਵਿਵਹਾਰਕ ਬਣਾਇਆ ਜਾ ਸਕਦਾ ਹੈ। ਐਸ ਡਬਲਯੂ ਐਮ ਪ੍ਰੋਜੈਕਟਾਂ ਦਾ ਮੁਲਾਂਕਣ ਕਰਨ ਲਈ, ਹੇਠ ਲਿਖੇ ਲੇਖਾ ਪ੍ਰੀਖਿਆ ਉਦੇਸ਼ ਤਿਆਰ ਕੀਤੇ ਗਏ ਹਨ:

"ਕੀ ਯੂ ਐਲ ਬੀਜ਼ ਵਿੱਚ ਠੋਸ ਰਹਿੰਦ-ਖੂੰਹਦ ਪ੍ਰਬੰਧਨ ਪ੍ਰੋਜੈਕਟਾਂ ਨੂੰ ਲਾਗੂ ਕਰਨਾ, ਸੰਚਾਲਨ ਅਤੇ ਰੱਖ-ਰਖਾਅ ਪ੍ਰਭਾਵਸ਼ਾਲੀ, ਕੁਸ਼ਲ ਅਤੇ ਵਿੱਤੀ ਤੌਰ ਤੇ ਟਿਕਾਊ ਸੀ"।

ਵੱਖ-ਵੱਖ ਐਸ ਡਬਲਯੂ ਐਮ ਪ੍ਰੋਜੈਕਟਾਂ ਦੀ ਪਛਾਣ ਅਤੇ ਲਾਗੂ ਕਰਨ ਨਾਲ ਸਬੰਧਤ ਮੁੱਦੇ ਜਿਵੇਂ ਕਿ ਪੀ ਪੀ ਪੀ, ਸੀ ਐਂਡ ਡੀ ਰਹਿੰਦ-ਖੂੰਹਦ ਪ੍ਰਬੰਧਨ; ਲਾਸ਼ ਪ੍ਰਬੰਧਨ; ਬੁੱਚੜਖਾਨਿਆਂ ਦੀ ਉਸਾਰੀ, ਸੰਚਾਲਨ ਅਤੇ ਦੇਖਭਾਲ; ਅਗਲੇ ਪੈਰਾਗ੍ਰਾਫਾਂ ਵਿੱਚ ਚਰਚਾ ਕੀਤੀ ਗਈ ਹੈ।

2.5.1 ਜਨਤਕ ਨਿੱਜੀ ਭਾਈਵਾਲੀ ਪ੍ਰੋਜੈਕਟਾਂ ਦੀ ਪਛਾਣ

ਪੰਜਾਬ ਸਰਕਾਰ, ਐਲ ਜੀ ਡੀ ਨੇ (ਜਨਵਰੀ 2014) ਮਿਉਂਸਪਲ ਸਾਲਿਡ ਵੇਸਟ ਮੈਨੇਜਮੈਂਟ (ਐਮ ਐਸ ਡਬਲਯੂ ਐਮ) ਯੋਜਨਾ ਤਿਆਰ ਕੀਤੀ। ਪੀ ਐਮ ਆਈ ਡੀ ਸੀ ਦੇ ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਐਲ ਜੀ ਡੀ ਨੇ ਇੱਕ ਕਲੱਸਟਰ ਪਹੁੰਚ ਅਪਣਾਈ ਅਤੇ ਰਾਜ ਦੇ ਸਾਰੇ ਯੂ ਐਲ ਬੀਜ਼ (ਜਨਵਰੀ 2014) ਨੂੰ ਕਵਰ ਕਰਨ ਲਈ ਅੱਠ[160] ਕਲੱਸਟਰ ਬਣਾਏ। ਐਲ ਜੀ ਡੀ ਨੇ ਇਨ੍ਹਾਂ ਸਮੂਹਾਂ ਨੂੰ ਪੀ ਪੀ ਪੀ ਦੇ ਅਧਾਰ ਤੇ ਵਿਕਸਤ ਕਰਨ ਦੀ ਯੋਜਨਾ ਬਣਾਈ ਅਤੇ ਸਾਰੇ ਯੂ ਐਲ ਬੀਜ਼ ਵਿੱਚ ਠੋਸ ਰਹਿੰਦ-ਖੂੰਹਦ ਪ੍ਰਬੰਧਨ ਕੀਤੇ ਜਾਣ ਦੀ ਲੋੜ ਸੀ।

ਹਾਲਾਂਕਿ ਸਾਰੇ ਅੱਠ ਕਲੱਸਟਰਾਂ ਵਿੱਚ ਪੀ ਪੀ ਪੀ ਪ੍ਰੋਜੈਕਟਾਂ ਦੀ ਪਛਾਣ ਕੀਤੀ ਗਈ ਸੀ, ਪਰ ਪ੍ਰੋਜੈਕਟ ਸਿਰਫ਼ ਪੰਜ ਕਲੱਸਟਰਾਂ ਵਿੱਚ ਸ਼ੁਰੂ ਕੀਤੇ ਜਾ ਸਕਦੇ ਸਨ। ਇਨ੍ਹਾਂ ਵਿੱਚੋਂ ਚਾਰ ਕਲੱਸਟਰਾਂ ਵਿੱਚ ਪ੍ਰੋਜੈਕਟ ਆਰਬਿਟਰੇਸ਼ਨ (ਸਤੰਬਰ 2022) ਅਧੀਨ ਸਨ ਅਤੇ ਯੂ ਐਲ ਬੀ ਅੰਮ੍ਰਿਤਸਰ ਵਿੱਚ ਸਿਰਫ਼ ਇੱਕ ਪ੍ਰੋਜੈਕਟ ਚੱਲ ਰਿਹਾ ਸੀ।

ਲੰਬਿਤ ਆਰਬਿਟਰੇਸ਼ਨ ਮਾਮਲਿਆਂ ਦੇ ਕਾਰਨ, ਅਪ੍ਰੈਲ 2017 ਤੋਂ ਮਾਰਚ 2022 ਦੀ ਮਿਆਦ ਲਈ ਦੋ ਚੁਣੇ ਗਏ ਯੂ ਐਲ ਬੀਜ਼[161] ਦੁਆਰਾ ਲੇਖਾ ਪ੍ਰੀਖਿਆ ਲਈ ਰਿਕਾਰਡ ਉਪਲਬਧ ਨਹੀਂ ਕਰਵਾਏ ਗਏ ਸਨ। ਚੁਣੇ ਹੋਏ ਯੂ ਐਲ ਬੀਜ਼ ਵਿੱਚ ਐਸ ਡਬਲਯੂ ਐਮ ਪ੍ਰੋਜੈਕਟਾਂ ਨਾਲ ਸਬੰਧਤ ਲੇਖਾ ਪ੍ਰੀਖਿਆ ਨਤੀਜਿਆਂ ਬਾਰੇ ਅੱਗੇ ਵਿਚਾਰ ਵਟਾਂਦਰੇ ਕੀਤੇ ਗਏ ਹਨ।

---

160 ਹਰੇਕ ਕਲੱਸਟਰ ਵਿੱਚ ਅੱਠ ਤੋਂ 27 ਵਿਚਕਾਰ ਯੂ ਐਲ ਬੀਜ਼ ਸਨ।

161 (i) ਬਠਿੰਡਾ (ਅਪ੍ਰੈਲ 2017 ਤੋਂ ਮਾਰਚ 2022; ਅਤੇ (ii) ਲੁਧਿਆਣਾ (ਅਪ੍ਰੈਲ 2017 ਤੋਂ ਜਨਵਰੀ 2021)।

2.5.2 ਏਕੀਕ੍ਰਿਤ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦਾ ਮੁਲਾਂਕਣ

ਨਗਰ ਨਿਗਮ, ਅੰਮ੍ਰਿਤਸਰ ਨੇ (ਮਾਰਚ 2016) ਇੰਟੀਗੇਟਿਡ ਸਾਲਿਡ ਵੇਸਟ ਮੈਨੇਜਮੈਂਟ (ਆਈ ਐਸ ਡਬਲਯੂ ਐਮ) ਪ੍ਰੋਜੈਕਟ ਇੱਕ ਕਨਸ਼ੈਸ਼ਨੇਅਰ ਨੂੰ 25 ਸਾਲਾਂ (2041 ਤੱਕ) ਲਈ ਅਲਾਟ ਕੀਤਾ ਹੈ। ਕਨਸ਼ੈਸ਼ਨੇਅਰ ਰਹਿੰਦ-ਖੂੰਹਦ ਜਨਰੇਟਰਾਂ ਤੋਂ ਵਖਰੇ ਰਹਿੰਦ-ਖੂੰਹਦ ਨੂੰ ਇਕੱਤਰ ਕਰਨ ਸੈਕੰਡਰੀ ਪੁਆਇੰਟਾਂ ਨੂੰ ਖਤਮ ਕਰਨ, ਰਹਿੰਦ-ਖੂੰਹਦ ਦੀ ਢੋਆ-ਢੁਆਈ ਅਤੇ ਪ੍ਰੋਸੈਸਿੰਗ ਲਈ ਜ਼ਿੰਮੇਵਾਰ ਸੀ। ਤਿੰਨ ਡੰਪ ਸਾਇਟਾਂ[162] 'ਤੇ ਵਿਰਾਸਤੀ ਰਹਿੰਦ-ਖੂੰਹਦ ਦਾ ਬਾਇਓ-ਰਿਮੇਡੀਏਸ਼ਨ ਵੀ ਇਸ ਪ੍ਰੋਜੈਕਟ ਦਾ ਹਿੱਸਾ ਸੀ (ਮਾਰਚ 2017 ਤੱਕ ਪੂਰਾ ਕੀਤਾ ਜਾਣਾ ਸੀ)। ਕਨਸ਼ੈਸ਼ਨੇਅਰ ਨੂੰ ਐਮ ਐਸ ਡਬਲਯੂ ਦੀ ਪ੍ਰੋਸੈਸਿੰਗ ਤੋਂ ਪੈਦਾ ਹੋਏ ਰੱਦ ਕੀਤੇ ਪਦਾਰਥਾ ਦੇ ਵਿਗਿਆਨਕ ਨਿਪਟਾਰੇ ਲਈ ਕੰਪੋਜ਼ਿਟਿੰਗ, ਆਰ ਡੀ ਐਫ ਪਲਾਂਟ, ਰੀਸਾਈਕਲਿੰਗ ਯੂਨਿਟ ਅਤੇ ਐਸ ਐਲ ਐਫ ਦੇ ਵਿਕਾਸ ਦੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਲੋੜ ਸੀ। ਇਸ ਸਮਝੌਤੇ ਵਿੱਚ ਕ੍ਰਮਵਾਰ ₹ 1350 ਪ੍ਰਤੀ ਐਮ ਟੀ ਅਤੇ ₹ 375 ਪ੍ਰਤੀ ਐਮ ਟੀ ਦੀ ਦਰ ਨਾਲ ਇਕੱਤਰ ਕਰਨ ਅਤੇ ਆਵਾਜਾਈ ਅਤੇ ਪ੍ਰੋਸੈਸਿੰਗ ਅਤੇ ਨਿਪਟਾਰੇ ਦੀ ਵਿਵਸਥਾ ਕੀਤੀ ਗਈ ਸੀ। ਹੋਰ ਰਿਆਇਤਾਂ ਜਿਵੇਂ ਕਿ ਜੀ ਓ ਪੀ ਤੋਂ ₹ 20 ਕਰੋੜ ਦੀ ਗ੍ਰਾਂਟ, ਰਹਿੰਦ-ਖੂੰਹਦ ਜਨਰੇਟਰਾਂ ਤੋਂ ਉਪਭੋਗਤਾ ਚਾਰਜਜ਼ ਦੀ ਇਕੱਤਰਤਾ ਅਤੇ ਵਰਤੋਂ ਉਪ-ਉਤਪਾਦਾਂ ਦਾ ਭੰਡਾਰਨ ਅਤੇ ਵਿਕਰੀ ਅਤੇ ਇਸ਼ਤਿਹਾਰ ਪ੍ਰਦਰਸ਼ਿਤ ਕਰਨ ਲਈ ਪ੍ਰੋਜੈਕਟ ਸਹੂਲਤਾਂ ਤੇ ਉਪਲਬਧ ਅਣਵਰਤੀ ਜਗ੍ਹਾਂ ਦੀ ਵਰਤੋਂ ਦੀ ਕਨਸ਼ੈਸ਼ਨੇਅਰ ਨੂੰ ਦਿੱਤੀ ਜਾਣੀ ਸੀ।

ਪ੍ਰੋਜੈਕਟ ਸ਼ੁਰੂ ਹੋਣ ਤੋਂ ਛੇ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਅਤੇ ₹ ਅੱਠ ਕਰੋੜ ਦੀ ਗ੍ਰਾਂਟ ਤੋਂ ਇਲਾਵਾ ਰਹਿੰਦ-ਖੂੰਹਦ ਨੂੰ ਇੱਕਤਰ ਕਰਨ ਅਤੇ ਲਿਜਾਣ ਲਈ ਟਿਪਿੰਗ ਫੀਸ ਵਜੋਂ ਕਨਸ਼ੈਸ਼ਨੇਅਰ ਨੂੰ ₹ 107.51 ਕਰੋੜ ਦੀ ਅਦਾਇਗੀ ਕਰਨ ਦੇ ਬਾਵਜੂਦ, ਇਹ ਪ੍ਰੋਜੈਕਟ ਅਜੇ ਵੀ ਪੂਰੀ ਤਰ੍ਹਾਂ ਚਾਲੂ ਨਹੀਂ ਹੋਇਆ ਸੀ ਕਾਰਪੋਰੇਸ਼ਨ, ਅੰਮ੍ਰਿਤਸਰ ਨੇ ਐਸ ਡਬਲਯੂ ਐਮ ਪ੍ਰੋਜੈਕਟ ਨੂੰ ਲਾਗੂ ਕਰਨ ਵਿੱਚ ਕਮੀਆਂ[163] ਲਈ ਕਨਸ਼ੈਸ਼ਨੇਅਰ ਨੂੰ ਕਈ ਨੋਟਿਸ ਜਾਰੀ ਕੀਤੇ। ਹਾਲਾਂਕਿ, ਰਹਿੰਦ-ਖੂੰਹਦ ਪ੍ਰਬੰਧਨ ਵਿੱਚ ਕਮੀਆਂ[164] ਜਾਰੀ ਰਹੀਆਂ ਜਿਨ੍ਹਾਂ ਬਾਰੇ ਅਗਲੇ ਪੈਰਾਗ੍ਰਾਫਾਂ ਵਿੱਚ ਚਰਚਾ ਕੀਤੀ ਗਈ ਹੈ।

2.5.2.1 ਐਸ ਡਬਲਯੂ ਐਮ ਸੁਵਿਧਾਵਾਂ ਦੀ ਸਿਰਜਣਾ

ਕਨਸ਼ੈਸ਼ਨ ਸਮਝੌਤੇ ਵਿੱਚ ਉਚਿਤ ਐਸ ਡਬਲਯੂ ਐਮ ਲਈ ਲੋੜੀਂਦੀਆਂ ਪ੍ਰੋਸੈਸਿੰਗ ਸਹੂਲਤਾਂ ਪ੍ਰਦਾਨ ਕਰਨ ਲਈ ਪ੍ਰੋਜੈਕਟ ਅਤੇ ਸਮਾਂ-ਸਾਰਣੀ ਨੂੰ ਉਚਿਤ ਢੰਗ ਨਾਲ ਲਾਗੂ ਕਰਨ ਲਈ ਪ੍ਰਦਾਨ ਕੀਤਾ ਗਿਆ ਸੀ। ਪ੍ਰੋਸੈਸਿੰਗ ਸੁਵਿਧਾਵਾਂ ਦੀ ਸਿਰਜਣਾ ਵਿੱਚ ਸਮਾਂ-ਸੀਮਾ ਦੀ ਪਾਲਣਾ ਕਰਨ ਵਿੱਚ ਕਨਸ਼ੈਸ਼ਨੇਅਰ ਦੀ ਅਸਮਰੱਥਾ ਬਾਰੇ ਹੇਠਾਂ ਚਰਚਾ ਕੀਤੀ ਗਈ ਹੈ:

---

162 (i) ਭਗਤਾਂਵਾਲਾ; (ii) ਝਬਾਲ ਰੋਡ; ਅਤੇ (iii) ਛੇਹਰਟਾ (ਨਰਾਇਣਗੜ੍ਹ)।

163 ਵਿਗੜਦੀ ਕਾਰਗੁਜ਼ਾਰੀ ਕੰਮ ਕਰਨ ਵਿੱਚ ਕਮੀਆਂ ਅਤੇ ਸਹੂਲਤਾਂ ਦੀ ਸਥਾਪਨਾ ਨਾ ਕਰਨਾ।

164 ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ, ਵਿਰਾਸਤੀ ਰਹਿੰਦ-ਖੂੰਹਦ ਦਾ ਬਾਇਓ-ਰਿਮੇਡੀਏਸ਼ਨ, ਰਹਿੰਦ-ਖੂੰਹਦ ਤੋਂ ਊਰਜਾ ਪਲਾਂਟ ਅਤੇ ਸੈਨੇਟਰੀ ਲੈਂਡਫਿਲ ਸੁਵਿਧਾ ਦੀ ਸਥਾਪਨਾ ਨਾ ਕਰਨਾ, ਸੈਕੰਡਰੀ ਪੁਆਇੰਟਾਂ ਨੂੰ ਨਾ ਹਟਾਉਣਾ ਆਦਿ।

(i) ਵਿਰਾਸਤੀ ਰਹਿੰਦ-ਖੂੰਹਦ ਦਾ ਬਇਓ-ਰਿਮੇਡੀਏਸ਼ਨ

ਸਮਝੌਤੇ ਦੇ ਐਨੇਕਸਚਰ 3.1(ਜੀ) ਅਤੇ ਅਨੈਕਸਚਰ 14 ਦੇ ਅਨੁਸਾਰ, ਕਨਸ਼ੈਸ਼ਨੇਅਰ ਨੂੰ 12 ਮਾਰਚ 2017[165] ਤੱਕ ਇੱਕਠੇ ਹੋਏ ਰਹਿੰਦ-ਖੂੰਹਦ ਦਾ ਬਾਇਓ-ਰਿਮੇਡੀਏਸ਼ਨ ਅਤੇ ਤਿੰਨਾਂ ਪੁਰਾਣੀਆਂ ਡੰਪਿੰਗ ਸਾਈਟਾਂ ਨੂੰ ਬੰਦ ਕਰਨਾ ਜ਼ਰੂਰੀ ਸੀ।



ਪ੍ਰਦਰਸ਼ਨੀ 19: ਭਗਤਾਵਾਲਾ ਡੰਪ ਸਾਈਟ, ਅੰਮ੍ਰਿਤਸਰ ਵਿਖੇ-ਅਣ-ਪ੍ਰੋਸੈਸਡ ਵਿਰਾਸਤੀ ਰਹਿੰਦ-ਖੂੰਹਦ

ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਤਿੰਨ ਡੰਪਿੰਗ ਸਾਈਟਾਂ[166] ਤੇ (ਨਵੰਬਰ 2022) 12.35 ਲੱਖ ਐਮ ਟੀ ਵਿਰਾਸਤੀ ਕੂੜਾ ਇਕੱਠਾ ਕੀਤਾ ਗਿਆ ਸੀ। ਹਾਲਾਂਕਿ, ਸਮਝੌਤੇ ਵਿੱਚ ਨਿਰਧਾਰਤ ਟੀਚੇ ਦੀ ਮਿਤੀ ਤੋਂ ਸੱਤ ਸਾਲ ਤੋਂ ਵੱਧ ਸਮਾਂ ਬੀਤ ਜਾਣ ਅਤੇ ਅਗਸਤ 2016 ਤੋਂ ਮਾਰਚ 2022 ਦੀ ਮਿਆਦ ਦੌਰਾਨ ₹ 107.51 ਕਰੋੜ ਦੀ ਟਿਪਿੰਗ ਫੀਸ ਦਾ ਨਿਯਮਤ ਭੁਗਤਾਨ ਕਰਨ ਦੇ ਬਾਅਦ ਵੀ ਕਨਸ਼ੈਸ਼ਨੇਅਰ ਦੁਆਰਾ ਸਾਰੀਆਂ ਡੰਪ ਸਾਈਟਾਂ[167] ਨੂੰ ਪੂਰੀ ਤਰ੍ਹਾਂ ਬਾਇਓ-ਰਿਮੇਡੀਏਸ਼ਨ ਅਤੇ ਬੰਦ ਕਰਨ ਦਾ ਕੰਮ (ਦਸੰਬਰ 2022) ਨਹੀਂ ਕੀਤਾ ਗਿਆ। ਰਿਕਾਰਡਾਂ ਦੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਸਤੰਬਰ 2020 ਤੋਂ ਨਵੰਬਰ 2022 ਦੌਰਾਨ ਕਨਸ਼ੈਸ਼ਨੇਅਰ ਦੁਆਰਾ ਸਿਰਫ਼ 4,96,988 ਐਮ ਟੀ ਵਿਰਾਸਤੀ ਰਹਿੰਦ-ਖੂੰਹਦ ਦਾ ਬਾਇਓ-ਰਿਮੇਡੀਏਸ਼ਨ ਕੀਤਾ ਗਿਆ ਸੀ। ਵਾਤਾਵਰਣ ਇੰਜੀਨੀਅਰ, ਪੀ ਪੀ ਸੀ ਬੀ ਨੇ ਭੌਤਿਕ ਦੌਰੇ (ਮਾਰਚ 2022) ਦੌਰਾਨ ਇਹ ਵੀ ਕਿਹਾ ਕਿ ਕਿਸੇ ਵੀ ਵਿਰਾਸਤੀ ਰਹਿੰਦ-ਖੂੰਹਦ ਦਾ ਬਾਇਓ-ਰਿਮੇਡੀਏਟ ਨਹੀਂ ਕੀਤਾ ਜਾ ਰਿਹਾ ਸੀ।

ਯੂ ਐਲ ਬੀ ਨੇ (ਅਕਤੂਬਰ 2024) ਕਿਹਾ ਕਿ ਇਸ ਸਮੇਂ ਕਨਸ਼ੈਸ਼ਨੇਅਰ ਦੁਆਰਾ ਸਾਰੀ ਬਾਇਓ-ਰਿਮੇਡੀਏਸ਼ਨ ਮਸ਼ੀਨਰੀ ਬੰਦ ਕਰ ਦਿੱਤੀ ਗਈ ਸੀ। ਬਾਇਓ-ਰਿਮੇਡੀਏਸ਼ਨ ਵਿੱਚ ਤੇਜ਼ੀ ਲਿਆਉਣ ਲਈ ਕਨਸ਼ੈਸ਼ਨੇਅਰ ਨੂੰ ਕਈ ਨੋਟਿਸ ਜਾਰੀ ਕੀਤੇ ਗਏ ਸਨ। ਕਾਰਪੋਰੇਸ਼ਨ, ਅੰਮ੍ਰਿਤਸਰ ਨੇ ਵਿਰਾਸਤੀ ਰਹਿੰਦ-ਖੂੰਹਦ ਦੇ ਬਾਇਓ-ਰਿਮੇਡੀਏਸ਼ਨ ਨੂੰ ਮੁੜ ਸ਼ੁਰੂ ਕਰਨ ਲਈ ਕਨਸ਼ੈਸ਼ਨੇਅਰ ਦੇ ਖਰਚੇ 'ਤੇ ਇਕ ਟਰੋਮਲ ਮੁਰੰਮਤ ਲਈ ਭੇਜਿਆ ਹੈ ਅਤੇ ਬਾਇਓ-ਰਿਮੇਡੀਏਸ਼ਨ ਸਮਰੱਥਾ ਵਧਾਉਣ ਲਈ ਚਾਰ ਵਾਧੂ ਟਰੋਮਲ ਅਤੇ ਇਕ ਬੈਲਿਸਟਿਕ ਵਿਭਾਜਕ ਦੀ ਮੁਰੰਮਤ ਵੀ ਕਰਵਾਈ। ਇਸ ਤੋਂ ਇਲਾਵਾ, ਕਾਰਪੋਰੇਸ਼ਨ, ਅੰਮ੍ਰਿਤਸਰ ਕਨਸ਼ੈਸ਼ਨੇਅਰ ਸਮਝੌਤੇ ਅਨੁਸਾਰ ਬਾਇਓ-ਰਿਮੇਡੀਏਸ਼ਨ ਲਈ ਦੋ *ਪ੍ਰਤੀਸ਼ਤ* ਜੁਰਮਾਨਾ ਲਗਾਇਆ ਸੀ।

---

165 ਭਗਤਾਂਵਾਲਾ ਡੰਪ ਸਾਈਟਾਂ 180 ਦਿਨਾਂ ਦੇ ਅੰਦਰ; ਅਤੇ ਝਬਾਲ ਅਤੇ ਛੇਹਰਟਾ ਡੰਪਸਾਈਟਾਂ ਵਿਖੇ ਸਮਝੌਤੇ ਦੀ ਮਿਤੀ ਤੋਂ 360 ਦਿਨਾਂ ਦੇ ਅੰਦਰ।

166 (i) ਭਗਤਾਂਵਾਲਾ 11.10 ਲੱਖ ਐਮ ਟੀ; (ii) ਝਬਾਲ ਰੋਡ: 0.80 ਲੱਖ ਐਮ ਟੀ; ਅਤੇ (iii) ਛੇਹਰਟਾ : 0.45 ਲੱਖ ਐਮ ਟੀ।

167 ਕੁੱਲ ਵਿਰਾਸਤੀ ਰਹਿੰਦ-ਖੂੰਹਦ ਬਾਇਓ-ਰਿਮੇਡੀਏਟਿਡ (i) ਭਗਤਾਂਵਾਲਾ ਡੰਪ ਸਾਈਟ: 4.97 ਲੱਖ ਐਮ ਟੀ; ਅਤੇ (ii) ਝਬਾਲ ਰੋਡ 0.10 ਲੱਖ ਐਮ ਟੀ।

ਜਵਾਬ ਸਵੀਕਾਰ ਯੋਗ ਨਹੀਂ ਸੀ ਕਿਉਂਕਿ ਪ੍ਰੋਜੈਕਟ ਦਾ ਉਦੇਸ਼ ਐਮ ਐਸ ਡਬਲਯੂ ਨੂੰ ਵਿਗਿਆਨਕ ਤੌਰ ਤੇ ਪ੍ਰਬੰਧਿਤ ਕਰਨਾ ਸੀ। ਇਸ ਤਰ੍ਹਾਂ ਯੂ ਐਲ ਬੀ ਵੱਲੋਂ ਕਨਸ਼ੈਸ਼ਨੇਅਰ ਵਿਰੁੱਧ ਸਮੇਂ ਸਿਰ ਕਾਰਵਾਈ ਨਾ ਕਰਨ ਕਾਰਨ ਭਗਤਾਂਵਾਲਾ ਡੰਪਸਾਈਟਾਂ 'ਤੇ 2.93 ਲੱਖ ਐਮ ਟੀ (ਡੀ ਪੀ ਆਰ 2016 ਅਨੁਸਾਰ) ਦਾ ਵਿਰਾਸਤੀ ਰਹਿੰਦ-ਖੂੰਹਦ ਵੱਧ ਕੇ 11.35 ਲੱਖ ਐਮ ਟੀ ਹੋ ਗਿਆ ਜਿਸ ਨਾਲ ਟਿਪਿੰਗ ਫੀਸ ਦੇ ਨਿਯਮਤ ਭੁਗਤਾਨ ਦੇ ਬਾਵਜੂਦ ਲੋਕਾਂ ਲਈ ਵਾਤਾਵਰਣ ਨੂੰ ਖਤਰਾ ਪੈਦਾ ਹੋ ਗਿਆ। ਇਸ ਤੋਂ ਇਲਾਵਾ, ਯੂ ਐਲ ਬੀ ਦੁਆਰਾ ਹੋਰ ਦੋ ਡੰਪਸਾਈਟਾਂ ਨੂੰ ਵੀ ਸਮੇਂ ਸਿਰ ਬੰਦ ਕਰਨਾ ਯਕੀਨੀ ਨਹੀਂ ਬਣਾਇਆ ਗਿਆ ਸੀ।

(ii) ਵੇਟਬ੍ਰਿਜ ਦੀ ਸਥਾਪਨਾ ਨਾ ਕਰਨਾ

ਸਮਝੌਤੇ ਵਿੱਚ ਪ੍ਰੋਜੈਕਟ/ਪ੍ਰੋਸੈਸਿੰਗ ਸਾਈਟ ਤੇ ਪ੍ਰਾਪਤ ਹੋਣ ਵਾਲੀ ਐਮ ਐਸ ਡਬਲਯੂ ਦੀ ਮਾਤਰਾ ਨਿਰਧਾਰਤ ਕਰਨ ਲਈ ਢੁਕਵੀਂ ਪ੍ਰਣਾਲੀ ਵਾਲੇ ਸਾਈਟ 'ਤੇ ਕਨਸ਼ੈਸ਼ਨੇਅਰ ਦੁਆਰਾ ਵੇਟਬ੍ਰਿਜ ਦੀ ਲਾਜ਼ਮੀ ਸਥਾਪਨਾ ਅਤੇ ਸੰਚਾਲਨ ਦੀ ਵਿਵਸਥਾ ਕੀਤੀ ਗਈ ਸੀ।

ਭਗਤਾਂਵਾਲਾ ਵਿਖੇ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਸਾਈਟ ਦੇ ਰਿਕਾਰਡਾਂ ਦੀ ਪੜਤਾਲ ਅਤੇ ਭੌਤਿਕ ਨਿਰੀਖਣ ਦੌਰਾਨ ਇਹ ਵੇਖਿਆ ਗਿਆ ਕਿ ਕਨਸ਼ੈਸ਼ਨੇਅਰ ਇੱਕ ਸਥਾਪਤ ਵੇਟਬ੍ਰਿਜ ਦੀ ਉਪਲਬਧਤਾ ਨਾ ਹੋਣ ਕਾਰਨ ਇੱਕ ਨਿੱਜੀ ਵੇਟਬ੍ਰਿਜ ਦੀ ਵਰਤੋਂ ਕਰ ਰਿਹਾ ਸੀ।

ਯੂ ਐਲ ਬੀ ਨੇ ਕਿਹਾ (ਅਕਤੂਬਰ 2024) ਕਿ ਵੇਟਬ੍ਰਿਜ ਦੀ ਸਥਾਪਨਾ ਨਾ ਕਰਨ ਲਈ ਕਨਸ਼ੈਸ਼ਨੇਅਰ ਨੂੰ ਕਈ ਨੋਟਿਸ ਜਾਰੀ ਕੀਤੇ ਗਏ ਸਨ, ਅਤੇ ਕਨਸ਼ੈਸ਼ਨੇਅਰ ਨੂੰ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਆਪਣਾ ਵੇਟਬ੍ਰਿਜ ਸਥਾਪਤ ਕਰਨ ਲਈ ਦੁਬਾਰਾ ਨਿਰਦੇਸ਼ ਦਿੱਤੇ ਜਾਣਗੇ।

ਲੇਖਾ ਪ੍ਰੀਖਿਆ ਨੇ ਮਾਰਚ 2022 ਦੇ ਮਹੀਨੇ ਲਈ ਵੇਟਬ੍ਰਿਜ ਅਤੇ ਟਿਪਿੰਗ ਫੀਸ ਰਿਕਾਰਡਾਂ ਦੇ ਵੇਰਵਿਆਂ ਦਾ ਵਿਸ਼ਲੇਸ਼ਣ ਕੀਤਾ ਅਤੇ ਉਸੇ ਵਾਹਨਾਂ ਦੇ ਅਣਲੋਡ ਭਾਰ ਦੀ ਤੁਲਨਾ ਕੀਤੀ ਅਤੇ ਹੇਠ ਅਨੁਸਾਰ ਦੇਖਿਆ ਗਿਆ:

(i) ਰਜਿਸਟ੍ਰੇਸ਼ਨ ਨੰਬਰ ਐਮ ਐਚ 02 ਸੀ ਈ 8352 ਵਾਲੇ ਵਾਹਨ ਦਾ ਅਣਲੋਡ ਭਾਰ[168] 21.03.2022 ਨੂੰ 13,080 ਕਿਲੋਗ੍ਰਾਮ ਸੀ, ਜਦੋਂ ਕਿ 28.03.2022 ਨੂੰ ਇਹ 10,060 ਕਿਲੋਗ੍ਰਾਮ ਸੀ।

(ii) ਰਜਿਸਟ੍ਰੇਸ਼ਨ ਨੰਬਰ ਟੀ ਆਰ-8947 ਵਾਲੇ ਵਾਹਨ ਦਾ ਅਣਲੋਡ ਭਾਰ 26.03.2022 ਨੂੰ 1:18 ਪੀ ਐਮ ਵਜੇ 7,520 ਕਿਲੋਗ੍ਰਾਮ ਸੀ, ਜਦੋਂ ਕਿ ਉਸੇ ਦਿਨ 4:21 ਵਜੇ ਪੀ ਐਮ ਇਹ 5,490 ਕਿਲੋਗ੍ਰਾਮ ਸੀ। ।

(iii) ਰਜਿਸਟ੍ਰੇਸ਼ਨ ਨੰਬਰ ਪੀ ਬੀ 02 ਸੀ ਆਰ 9660 ਵਾਲੇ ਵਾਹਨ ਦਾ ਅਣਲੋਡ ਭਾਰ 08.03.2022 ਨੂੰ 11,400 ਕਿਲੋਗ੍ਰਾਮ ਸੀ, ਜਦੋਂ ਕਿ 31.03.2022 ਨੂੰ ਇਹ 10,390 ਕਿਲੋਗ੍ਰਾਮ ਸੀ।

ਯੂ ਐਲ ਬੀ ਨੇ ਕਿਹਾ (ਅਗਸਤ 2023) ਕਿ ਕਈ ਵਾਰ ਵਾਹਨਾਂ ਵਿੱਚ ਲੀਚੇਟ ਅਤੇ ਰਹਿੰਦ-ਖੂੰਹਦ ਦੇ ਅਵਸ਼ੇਸ਼ ਛੱਡ ਦਿੱਤੇ ਗਏ ਸਨ, ਜੋ ਭਿੰਨਤਾ ਦਾ ਕਾਰਨ ਹੋ ਸਕਦੇ ਹਨ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ 3.02 ਐਮ ਟੀ ਤੱਕ ਦੀ ਮਹੱਤਵਪੂਰਣ ਤਬਦੀਲੀ ਵਾਹਨਾਂ ਵਿੱਚ ਬਚੇ ਹੋਏ ਰਹਿੰਦ-ਖੂੰਹਦ ਦਾ ਇੱਕ ਗੈਰ-ਵਾਜਬ ਕਾਰਨ ਹੋਵੇਗੀ। ਇਹ ਠੋਸ ਰਹਿੰਦ-ਖੂੰਹਦ ਦੀ

[168] ਅਨਲੋਡ ਭਾਰ ਵਾਹਨ ਦਾ ਉਹ ਭਾਰ ਹੁੰਦਾ ਹੈ ਜਦੋਂ ਇਹ ਕੋਈ ਯਾਤਰੀ, ਮਾਲ ਜਾਂ ਹੋਰ ਚੀਜ਼ਾਂ ਨਹੀਂ ਲੈ ਕੇ ਜਾ ਰਿਹਾ ਹੈ।

ਅਸਲ ਆਵਾਜਾਈ ਤੇ ਸ਼ੱਕ ਪੈਦਾ ਕਰਦਾ ਹੈ। ਲੇਖਾ ਪ੍ਰੀਖਿਆ ਨੇ ਢੋਆ ਢੁਆਈ ਕੀਤੇ ਜਾ ਰਹੇ ਰਹਿੰਦ-ਖੂੰਹਦ ਦੇ ਤੋਲ ਵਿੱਚ ਬੇਨਿਯਮੀਆਂ ਵੇਖੀਆਂ। ਬਿਹਤਰ ਨਿਗਰਾਨੀ ਅਤੇ ਪਾਲਣਾ ਨੂੰ ਯਕੀਨੀ ਬਣਾਉਣ ਲਈ ਪ੍ਰੋਸੈਸਿੰਗ ਸੁਵਿਧਾਵਾਂ 'ਤੇ ਉਚਿਤ ਵੇਟਬ੍ਰਿਜ ਪ੍ਰਦਾਨ ਕਰਨ ਦੀ ਜ਼ਰੂਰਤ ਸੀ।

(iii) ਸੈਕੰਡਰੀ ਸੰਗ੍ਰਿਹ ਪੁਆਇੰਟਾਂ ਦਾ ਖਾਤਮਾਂ

ਸਮਝੌਤੇ ਦੇ 'ਕੰਮ ਦੇ ਦਾਇਰੇ' ਅਤੇ ਕਾਰਗੁਜ਼ਾਰੀ ਮਾਪਦੰਡਾਂ ਵਿੱਚ ਇਹ ਨਿਰਧਾਰਤ ਕੀਤਾ ਗਿਆ ਸੀ ਕਿ ਸੰਗ੍ਰਹਿ ਅਤੇ ਆਵਾਜਾਈ (ਸੀ ਐਂਡ ਟੀ) ਕਾਰਜਾਂ ਦੀ ਸ਼ੁਰੂਆਤ ਤੋਂ ਦੋਂ ਤਿੰਨ ਅਤੇ ਪੰਜ ਸਾਲਾਂ ਵਿੱਚ ਕ੍ਰਮਵਾਰ 30 *ਪ੍ਰਤੀਸ਼ਤ*, 60 *ਪ੍ਰਤੀਸ਼ਤ* ਅਤੇ 90-100 *ਪ੍ਰਤੀਸ਼ਤ* ਸੈਕੰਡਰੀ ਪੁਆਇੰਟਾਂ[169] ਨੂੰ ਖਤਮ[170] ਕਰਨ ਦੀ ਲੋੜ ਸੀ। ਸਮਝੌਤੇ ਦੇ ਐਨੇਕਚਰ 18(vii) ਅਨੁਸਾਰ ਇਹ ਨਿਰਧਾਰਤ ਕੀਤਾ ਗਿਆ ਸੀ ਕਿ ਜੇ ਟੀਚੇ ਤੋਂ ਅੰਤਰ ਪੰਜ *ਪ੍ਰਤੀਸ਼ਤ* ਤੋਂ ਵੱਧ ਹੈ, ਤਾਂ ਨਿਰਧਾਰਤ ਟੀਚੇ (ਮਹੀਨੇ ਵਾਰ ਜ਼ਿਕਰ ਕੀਤੇ ਗਏ) ਤੋਂ ਇਨ੍ਹਾਂ ਸੈਕੰਡਰੀ ਪੁਆਇੰਟਾਂ ਨੂੰ ਖਤਮ ਕਰਨ ਵਿੱਚ ਹਰ ਕਮੀ ਲਈ ਕਨਸ਼ੈਸ਼ਨੇਅਰ ਨੂੰ ਇੱਕਤਰ ਕਰਨ ਅਤੇ ਆਵਾਜਾਈ ਲਈ ਭੁਗਤਾਨਯੋਗ ਮਹੀਨਾਵਾਰ ਫੀਸ ਦੇ ਦੋ *ਪ੍ਰਤੀਸ਼ਤ* ਦੀ ਦਰ ਨਾਲ ਜੁਰਮਾਨਾ ਕੀਤਾ ਜਾਵੇਗ।

ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਦਾ ਹੈ ਕਿ ਅੰਮ੍ਰਿਤਸਰ (ਮਾਰਚ 2016) ਦੇ 300 ਸੈਕੰਡਰੀ ਪੁਆਇੰਟਾਂ ਵਿੱਚੋਂ 80 ਸੈਕੰਡਰੀ ਪੁਆਇੰਟ (26.66 *ਪ੍ਰਤੀਸ਼ਤ*) ਨਵੰਬਰ 2021 ਤੱਕ ਖਤਮ ਕਰ ਦਿੱਤੇ ਗਏ ਸਨ, ਭਾਵ ਸਮਝੌਤੇ ਦੀ ਮਿਤੀ ਤੋਂ ਪੰਜ ਸਾਲ ਤੋਂ ਵਧ ਸਮਾਂ ਬੀਤ ਜਾਣ ਤੋਂ ਬਾਅਦ, ਜਦੋਂ ਕਿ ਨਿਰਧਾਰਤ ਸਮੇਂ ਅਨੁਸਾਰ ਜੁਲਾਈ 2021 ਤੱਕ ਸ਼ੱਤ *ਪ੍ਰਤੀਸ਼ਤ* ਖਤਮ ਹੋਣਾ ਚਾਹੀਦਾ ਸੀ। ਸਮਝੌਤੇ ਅਨੁਸਾਰ ਕਾਰਪੋਰੇਸ਼ਨ ਅੰਮ੍ਰਿਤਸਰ ਨੂੰ 73 *ਪ੍ਰਤੀਸ਼ਤ* ਦੀ ਕਮੀ ਲਈ ₹ 43.32 ਕਰੋੜ ਦਾ ਜੁਰਮਾਨਾ ਲਗਾਉਣਾ ਚਾਹੀਦਾ ਸੀ ਜੋ ਨਹੀਂ ਲਗਾਇਆ ਗਿਆ।

ਯੂ ਐਲ ਬੀ ਨੇ ਕਿਹਾ (ਅਕਤੂਬਰ 2024) ਕਿ ਸ਼ੁਰੂ ਵਿੱਚ, 300 ਸੈਕੰਡਰੀ ਪੁਆਇੰਟ ਸਨ, ਅਤੇ ਇਨ੍ਹਾਂ ਬਿੰਦੂਆਂ ਨੂੰ ਹੌਲੀ ਹੌਲੀ ਘਟਾ ਦਿੱਤਾ ਗਿਆ ਅਤੇ ਸੈਕੰਡਰੀ ਡੱਬਿਆਂ ਨਾਲ ਬਦਲ ਦਿੱਤਾ ਗਿਆ। ਇਸ ਲਈ ਸੈਕੰਡਰੀ ਪੁਆਇੰਟਾਂ ਨੂੰ ਹਟਾਉਣ ਲਈ ਜੁਰਮਾਨਾ ਕਨਸ਼ੈਸ਼ਨੇਅਰ 'ਤੇ ਨਹੀਂ ਲਗਾਇਆ ਗਿਆ ਸੀ। ਯੂ ਐਲ ਬੀ ਨੇ ਅੱਗੇ ਕਿਹਾ ਕਿ ਇਸ ਸਮੇਂ 145 ਸੈਕੰਡਰੀ ਡੱਬੇ/ਪੁਆਇੰਟ ਹਨ ਜਿਨ੍ਹਾਂ ਲਈ ਕਨਸ਼ੈਸ਼ਨੇਅਰ ਨੂੰ ਨੋਟਿਸ ਜਾਰੀ ਕੀਤੇ ਗਏ ਸਨ ਤਾਂ ਜੋ ਸ਼ਹਿਰ ਨੂੰ ਸੈਕੰਡਰੀ ਡੱਬਿਆਂ/ਸੈਕੰਡਰੀ ਪੁਆਇੰਟਾਂ ਤੋਂ ਮੁਕਤ ਕੀਤਾ ਜਾ ਸਕੇ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਕੰਟੇਨਰਾਂ ਸਮੇਤ ਸੈਕੰਡਰੀ ਕੁਲੈਕਸ਼ਨ ਪੁਆਇੰਟਾਂ ਨੂੰ ਹਟਾਉਣਾ ਕਨਸ਼ੈਸ਼ਨੇਅਰ ਦੇ ਕੰਮ ਦੇ ਦਾਇਰੇ ਵਿੱਚ ਸੀ, ਜਿਸ ਨੂੰ ਯੂ ਐਲ ਬੀ ਦੁਆਰਾ ਯਕੀਨੀ ਨਹੀਂ ਬਣਾਇਆ ਗਿਆ ਸੀ।

(iv) ਸੈਨੇਟਰੀ ਲੈਂਡਫਿਲ ਸਾਈਟ ਦਾ ਨਿਰਮਾਣ ਨਾ ਕਰਨਾ

ਸਮਝੌਤੇ ਦੇ ਅਨੈਕਸਚਰ 2 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਐਸ ਐਲ ਐਫਜ਼ ਨੂੰ ਰੱਦ ਜਾਂ ਇਨਰਟ ਰਹਿੰਦ-ਖੂੰਹਦ ਦੇ ਵਿਗਿਆਨਕ ਨਿਪਟਾਰੇ ਲਈ ਵਿਕਸਤ ਕੀਤਾ ਜਾਵੇਗਾ।

---

169 ਸੈਕੰਡਰੀ ਸਟੋਰੇਜ ਪੁਆਇੰਟ ਪ੍ਰਾਇਮਰੀ ਕੰਟੇਨਰ ਡੱਬੇ ਜਾਂ ਖੁੱਲੇ ਡੰਪਿੰਗ ਖੇਤਰਾਂ ਵਰਗੇ ਸਥਾਨਾਂ ਨੂੰ ਦਰਸਾਉਂਦੇ ਹਨ ਜਿੱਥੇ ਰਹਿੰਦ-ਖੂੰਹਦ ਜਨਰੇਟਰ ਰਹਿੰਦ-ਖੂੰਹਦ ਦਾ ਨਿਪਟਾਰਾ ਕਰਦੇ ਹਨ।

170 ਸਮਝੌਤੇ ਦੇ ਅਨੈਕਸਚਰ 3.4.2 (ਐਫ) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਨਸ਼ੈਸ਼ਨੇਅਰ ਇਹ ਯਕੀਨੀ ਬਣਾਏਗਾ ਕਿ ਸੈਕੰਡਰੀ ਕੁਲੈਕਸ਼ਨ ਪੁਆਇੰਟਾਂ ਨੂੰ ਖਤਮ ਕਰਨ ਦਾ ਮਤਲਬ ਹੈ ਐਮ ਐਸ ਡਬਲਯੂ ਮੁਕਤ ਪੁਆਇੰਟ।

ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਯੂ ਐਲ ਬੀ ਅੰਮ੍ਰਿਤਸਰ ਵਿੱਚ ਤਿੰਨ ਡੰਪਿੰਗ ਸਾਈਟਾਂ ਵਿੱਚੋਂ ਸਿਰਫ਼ ਇੱਕ ਹੀ ਚਾਲੂ ਸੀ। ਸਤੰਬਰ 2020 ਤੋਂ ਨਵੰਬਰ 2022 ਤੱਕ ਦੇ ਰਿਕਾਰਡਾਂ ਦੀ ਜਾਂਚ ਤੋਂ ਪਤਾ ਲੱਗਿਆ ਕਿ ਕੁੱਲ 12.35 ਲੱਖ ਐਮ ਟੀ ਵਿਰਾਸਤੀ ਰਹਿੰਦ-ਖੂੰਹਦ ਵਿੱਚੋਂ ਸਿਰਫ਼ 4.97 ਲੱਖ ਐਮ ਟੀ ਰਹਿੰਦ-ਖੂੰਹਦ ਦਾ ਬਾਇਓ-ਰਿਮੇਡੀਏਸ਼ਨ ਕੀਤਾ ਗਿਆ ਸੀ। ਇਸ ਬਾਇਓ-ਰਿਮੇਡੀਏਟਿਡ ਰਹਿੰਦ-ਖੂੰਹਦ ਤੋਂ ਅੰਦਾਜ਼ਨ 27,423 ਐਮ ਟੀ ਇਨਰਟ ਬਰਾਮਦ ਕੀਤਾ ਗਿਆ ਸੀ, ਜਿਸ ਨੂੰ ਲੈਂਡਫਿਲ ਸਾਈਟ 'ਤੇ ਭੇਜਣ ਦੀ ਜ਼ਰੂਰਤ ਸੀ। ਹਾਲਾਂਕਿ, ਇਨਰਟ ਰਹਿੰਦ-ਖੂੰਹਦ ਦੇ ਅੰਤਿਮ ਨਿਪਟਾਰੇ ਲਈ ਲੈਂਡਫਿਲ ਸਾਈਟ ਦਾ ਨਿਰਮਾਣ ਕਨਸ਼ੈਸ਼ਨੇਅਰ ਦੁਆਰਾ ਨਹੀਂ ਕੀਤਾ ਗਿਆ ਸੀ ਜਿਸ ਨਾਲ ਇਨਰਟ ਰਹਿੰਦ-ਖੂੰਹਦ ਡੰਪਸਾਈਟ 'ਤੇ ਰਹਿ ਗਈ ਸੀ।

ਯੂ ਐਲ ਬੀ ਨੇ (ਅਕਤੂਬਰ 2024) ਕਿਹਾ ਕਿ ਵਿਰਾਸਤੀ ਰਹਿੰਦ-ਖੂੰਹਦ ਦੇ ਸੁਧਾਰ ਤੋਂ ਬਾਅਦ ਐਸ ਐਲ ਐਫ ਦਾ ਨਿਰਮਾਣ ਕੀਤਾ ਜਾਵੇਗਾ। ਇਹ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਕਨਸ਼ੈਸ਼ਨੇਅਰ ਪਹਿਲਾਂ ਹੀ ਬਾਇਓ-ਰਿਮੇਡੀਏਸ਼ਨ ਕਰ ਚੁੱਕਾ ਸੀ, ਅਤੇ ਐਸ ਐਲ ਐਫ ਦੀ ਉਸਾਰੀ ਨਾ ਹੋਣ ਕਾਰਨ, ਇਨਰਟ ਰਹਿੰਦ-ਖੂੰਹਦ ਵਿਗਿਆਨਕ ਨਿਪਟਾਰੇ ਦੀ ਅਣਹੋਂਦ ਵਿੱਚ ਧਰਤੀ ਹੇਠਲੇ ਪਾਣੀ ਅਤੇ ਸਤਹ ਦੇ ਪਾਣੀ ਨੂੰ ਪ੍ਰਦੂਸ਼ਿਤ ਕਰ ਦੇਵੇਗੀ।

(v) ਲੀਚੇਟ ਕੁਲੈਕਸ਼ਨ ਅਤੇ ਟਰੀਟਮੈਂਟ ਪਲਾਂਟ ਦੀ ਉਸਾਰੀ ਨਾ ਕਰਨਾ

ਕਨਸ਼ੈਸ਼ਨੇਅਰ ਨੂੰ ਲੀਚੇਟ[171] ਇੱਕਤਰ ਕਰਨ ਦੀ ਪ੍ਰਣਾਲੀ ਸਮੇਤ ਘੱਟੋ-ਘੱਟ ਮਾਪਦੰਡਾਂ ਨੂੰ ਪੂਰਾ ਕਰਨ ਅਤੇ ਕਿਸੇ ਵੀ ਸਰਕਾਰੀ ਅਥਾਰਟੀ ਦੁਆਰਾ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਢੁਕਵੇਂ ਢੰਗ ਨਾਲ ਤਿਆਰ ਕੀਤੀਆਂ ਸਹੂਲਤਾਂ ਦਾ ਨਿਰਮਾਣ ਕਰਨਾ ਪੈਦਾ ਸੀ। ਐਨ ਜੀ ਟੀ ਨੇ ਵਿਗਿਆਨਕ ਅਤੇ ਵਾਤਾਵਰਣ ਅਨੁਕੂਲ ਤਰੀਕੇ ਨਾਲ ਲੀਚੇਟ ਦੇ ਨਿਪਟਾਰੇ ਲਈ (ਜਨਵਰੀ 2020) ਨਿਰਦੇਸ਼ ਜਾਰੀ ਕੀਤੇ।

ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ ਲੀਚੇਟ ਕੁਲੈਕਸ਼ਨ ਅਤੇ ਟਰੀਟਮੈਂਟ ਪਲਾਂਟ ਕਨਸ਼ੈਸ਼ਨੇਅਰ ਕਰਤਾ ਦੁਆਰਾ ਨਹੀਂ ਬਣਾਇਆ ਗਿਆ ਸੀ ਅਤੇ ਕਾਰਪੋਰਸ਼ਨ, ਅੰਮ੍ਰਿਤਸਰ ਨੇ ਕਨਸ਼ੈਸ਼ਨੇਅਰ ਨੂੰ ਬਿਨ੍ਹਾਂ ਕਿਸੇ ਦੇਰੀ ਦੇ ਲੀਚੇਟ ਕੁਲੈਕਸ਼ਨ ਅਤੇ ਟਰੀਟਮੈਂਟ ਪਲਾਂਟ ਦੀ ਉਸਾਰੀ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ (ਮਈ 2022)। ਜੋ ਪੀ ਵੀ ਦੌਰਾਨ ਇਹ ਵੇਖਿਆ ਗਿਆ (ਦਸੰਬਰ 2022) ਕਿ ਭਗਤਾਂਵਾਲਾ ਡੰਪ/ਪ੍ਰੋਸੈਸਿੰਗ ਸਾਈਟ 'ਤੇ ਵੱਡੀ ਮਾਤਰਾ ਵਿੱਚ ਬਿਨਾਂ ਟਰੀਟਮੈਂਟ ਕੀਤੇ ਲੀਚੇਟ ਜਮ੍ਹਾਂ ਹੋ ਗਏ ਸਨ। ਲੀਚੇਟ ਟਰੀਟਮੈਂਟ ਪਲਾਂਟ ਦੀ ਡਿਜ਼ਾਈਨਿੰਗ ਦਾ ਕੰਮ (ਦਸੰਬਰ 2021) ਐਨ ਆਈ ਟੀ ਜਲੰਧਰ ਨੂੰ ਸੌਂਪਿਆ ਗਿਆ ਸੀ,



ਪ੍ਰਦਰਸ਼ਨੀ 20: ਅੰਮ੍ਰਿਤਸਰ ਵਿੱਚ ਡੰਪਸਾਈਟ ਭਗਤਾਂਵਾਲਾ ਵਿਖੇ ਖਿਲਰਿਆ ਲੀਚੇਟ

[171] ਲੀਚੇਟ ਇੱਕ ਦੂਸ਼ਿਤ ਤਰਲ ਹੈ ਜੋ ਰਹਿੰਦ-ਖੂੰਹਦ ਦੇ ਨਿਪਟਾਰੇ ਵਾਲੀ ਥਾਂ ਤੇ ਪਾਣੀ ਦੇ ਰਿਸਣ ਤੋਂ ਜਨਰੇਟ ਹੁੰਦਾ ਹੈ, ਦੂਸ਼ਿਤ ਪਦਾਰਥਾਂ ਨੂੰ ਇਕੱਠਾ ਕਰਦਾ ਹੈ ਅਤੇ ਉਪ-ਸਤਹ ਖੇਤਰਾਂ ਵਿੱਚ ਜਾਂਦਾ ਹੈ।

ਜਿਸ ਦੇ ਵਿਰੁੱਧ ਐਨ ਆਈ ਟੀ ਦੁਆਰਾ ਸਟੇਟਸ ਰਿਪੋਰਟ ਤਿਆਰ ਕੀਤੀ ਗਈ ਸੀ (ਅਗਸਤ 2022)।

ਯੂ ਐਲ ਬੀ ਨੇ (ਅਕਤੂਬਰ 2024) ਕਿਹਾ ਕਿ ਲੀਚੇਟ ਟਰੀਟਮੈਂਟ ਪਲਾਂਟ ਦੀ ਉਸਾਰੀ ਲਈ ਡਿਜ਼ਾਈਨ (ਮਈ 2023) ਐਨ ਆਈ ਟੀ ਜਲੰਧਰ ਦੁਆਰਾ ਤਿਆਰ ਕੀਤਾ ਗਿਆ ਸੀ। ਪਰ ਲੀਚੇਟ ਟਰੀਟਮੈਂਟ ਪਲਾਂਟ ਦੀ ਉਸਾਰੀ ਅੱਜ ਤੱਕ ਕਨਸ਼ੈਸ਼ਨੇਅਰ ਦੁਆਰਾ ਸ਼ੁਰੂ ਨਹੀਂ ਕੀਤੀ ਗਈ ਸੀ। ਨੁਕਤਾ ਇਹ ਹੈ ਕਿ ਲੀਚੇਟ ਟਰੀਟਮੈਂਟ ਦੀ ਡਿਜ਼ਾਈਨਿੰਗ ਅਤੇ ਉਸਾਰੀ ਕਨਸ਼ੈਸ਼ਨੇਅਰ ਦੇ ਕੰਮ ਦੇ ਦਾਇਰੇ ਵਿੱਚ ਸੀ। ਹਾਲਾਂਕਿ, ਲੀਚੇਟ ਪਲਾਂਟ ਦਾ ਡਿਜ਼ਾਈਨ ਮਈ 2023 ਵਿੱਚ ਪ੍ਰਦਾਨ ਕੀਤਾ ਗਿਆ ਸੀ, ਸਮਝੌਤੇ ਦੀ ਮਿਤੀ (ਭਾਵ ਮਾਰਚ 2016) ਤੋਂ ਲਗਭਗ ਸੱਤ ਸਾਲਾਂ ਦੀ ਦੇਰੀ ਤੋਂ ਬਾਅਦ, ਜਿਸ ਨਾਲ ਲੀਚੇਟ ਟਰੀਟਮੈਂਟ ਪਲਾਂਟ ਦੇ ਨਿਰਮਾਣ ਵਿੱਚ ਦੇਰੀ ਹੋਈ ਅਤੇ ਲੀਚਟ ਇੱਕਠਾ ਹੋਣ ਦਾ ਕਾਰਨ ਬਣਿਆ। ਇਸ ਦੇਰੀ ਨੇ ਨਾ ਸਿਰਫ਼ ਐਨ ਜੀ ਟੀ ਦੇ ਆਦੇਸ਼ਾਂ ਦੀ ਉਲੰਘਣਾ ਕੀਤੀ ਬਲਕਿ ਵਾਤਾਵਰਣ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਅਤੇ ਧਰਤੀ ਹੇਠਲੇ ਪਾਣੀ ਨੂੰ ਦੂਸ਼ਿਤ ਕਰ ਸਕਦਾ ਹੈ।

2.5.2.2 ਵਾਹਨਾਂ ਦੀ ਓਵਰਲੋਡਿੰਗ ਕਾਰਨ ਕਨਸ਼ੈਸ਼ਨੇਅਰ ਨੂੰ ਲਾਭ

ਸਮਝੌਤੇ ਵਿੱਚ ਇਹ ਨਿਰਧਾਰਤ ਕੀਤਾ ਗਿਆ ਸੀ ਕਿ ਓਵਰਲੋਡਿੰਗ[172] ਦੇ ਕਿਸੇ ਵੀ ਭੁਗਤਾਨ ਤੇ ਵਿੰਚਾਰ ਨਹੀਂ ਕੀਤਾ ਜਾਵੇਗਾ। ਲਿਜਾਇਆ ਗਿਆ ਐਮ ਐਸ ਡਬਲਯੂ ਦਾ ਭੁਗਤਾਨ ਵਾਹਨਾਂ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ (ਆਰ ਸੀ) ਵਿੱਚ ਦਰਸਾਏ ਗਏ ਵੱਧ ਤੋਂ ਵੱਧ ਲਿਜਾਣ ਦੀ ਸਮਰੱਥਾ ਦੁਆਰਾ ਨਿਯੰਤਰਿਤ ਕੀਤਾ ਜਾਵੇਗਾ ਅਤੇ ਕੁੱਲ ਭਾਰ (ਆਰ ਸੀ ਵਿੱਚ ਦੱਸੇ ਗਏ ਵੱਧ ਭਾਰ ਦੇ ਅਧੀਨ) ਤੋਂ ਖਾਲੀ ਭਾਰ ਘੱਟ ਕਰਕੇ ਭਾਰ[173] ਦੇ ਅੰਤਰ 'ਤੇ ਕੀਤਾ ਜਾਵੇਗਾ। ਰਹਿੰਦ-ਖੂੰਹਦ ਨੂੰ ਇੱਕਤਰ ਕਰਨ ਅਤੇ ਲਿਜਾਣ ਲਈ ਤੈਨਾਤ ਸਾਰੇ ਵਾਹਨਾਂ ਦੇ ਆਰ ਸੀ ਕਨਸ਼ੈਸ਼ਨਿੰਗ ਅਥਾਰਟੀ ਨੂੰ ਸੌਂਧੇ ਸਨ ਅਤੇ ਵਾਹਨ ਦੀ ਵੱਧ ਤੋਂ ਵੱਧ ਲਿਜਾਣ ਦੀ ਸਮਰੱਥਾ ਆਰ ਸੀ ਵਿੱਚ ਨਿਰਧਾਰਤ ਕੁੱਲ ਲਿਜਾਣ ਦੀ ਸਮਰੱਥਾ ਤੋਂ ਨਿਰਧਾਰਤ ਕੀਤੀ ਜਾਣੀ ਸੀ।

ਕਾਰਪੋਰੇਸ਼ਨ ਅੰਮ੍ਰਿਤਸਰ ਨੇ ਅਪ੍ਰੈਲ 2020 ਤੋਂ ਮਾਰਚ 2022[174] ਦੀ ਮਿਆਦ ਲਈ ਟਿਪਿੰਗ ਫੀਸ (ਚੁਆ-ਚੁਆਈ ਕੀਤੇ ਗਏ ਰਹਿੰਦ-ਖੂੰਹਦ ਦੇ ਭਾਰ ਦੇ ਅਧਾਰ ਤੇ ਅਦਾ ਕੀਤੀ ਗਈ) ਦਾ ਰਿਕਾਰਡ ਪ੍ਰਦਾਨ ਕੀਤਾ। ਲੇਖਾ ਪ੍ਰੀਖਿਆ ਨੇ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੀ ਵੈੱਬਸਾਈਟ ਤੇ ਉਪਲਬਧ ਵੱਧ ਤੋਂ ਵੱਧ ਲੋਡ ਸਮਰੱਥਾ ਦੇ ਨਾਲ 58 ਵਾਹਨਾ ਦੇ ਭਾਰ ਦੀ ਜਾਂਚ ਕੀਤੀ ਜਿਸ ਵਿੱਚ ਰਹਿੰਦ-ਖੂੰਹਦ ਨੂੰ ਲਿਜਾਇਆ ਗਿਆ ਸੀ। ਇਹ ਨੋਟ ਕੀਤਾ ਗਿਆ ਸੀ ਕਿ ਰਹਿੰਦ-ਖੂੰਹਦ ਨੂੰ 10 ਕਿਲੋਗ੍ਰਾਮ ਤੋਂ ਲੈ ਕੇ 7,870 ਕਿਲੋਗ੍ਰਾਮ ਤੱਕ ਦੇ 22 ਵਾਹਨਾਂ ਦੁਆਰਾ ਲਿਜਾਣ ਦੀ ਸਮਰੱਥਾ ਤੋਂ ਵੱਧ ਲਿਜਾਇਆ ਗਿਆ ਸੀ ਕਾਰਪੋਰੇਸ਼ਨ ਅੰਮ੍ਰਿਤਸਰ ਨੇ ਅਕਤੂਬਰ 2020 ਵਿੱਚ ਸਮਝੌਤੇ ਅਨੁਸਾਰ ਓਵਰਲੋਡਿੰਗ ਸਬੰਧੀ ਨੋਟਿਸ ਜਾਰੀ ਕਰਨ ਦੇ ਬਾਵਜੂਦ ਰਹਿੰਦ-ਖੂੰਹਦ ਦੀ ਓਵਰਲੋਡਿੰਗ ਕਾਰਨ ਕੋਈ ਕਟੌਤੀ ਨਹੀਂ ਕੀਤੀ ਜਿਸ ਕਾਰਨ ਕਨਸ਼ੈਸ਼ਨੇਅਰ ਨੂੰ ₹ 5.69 ਕਰੋੜ ਦੀ ਟਿਪਿੰਗ ਫੀਸ ਦੀ ਵਾਧੂ ਅਦਾਇਗੀ ਕੀਤੀ ਗਈ।

---

172 ਵਾਹਨ ਦੀ ਪ੍ਰਵਾਨਿਤ ਲਿਜਾਣ ਦੀ ਸਮਰੱਥਾ ਤੋਂ ਵੱਧ ਲੋਡ।

173 ਖਾਲੀ ਦਾ ਭਾਰ ਜਿਸ ਨੂੰ ਅਨਲੋਡ ਭਾਰ ਵੀ ਕਿਹਾ ਜਾਂਦਾ ਹੈ, ਇੱਕ ਖਾਲੀ ਵਾਹਨ ਦਾ ਭਾਰ।

174 ਵਾਹਨਾਂ ਦੇ ਆਰ ਸੀ ਦੇ ਨਾਲ ਅਪ੍ਰੈਲ 2017 ਤੋਂ ਮਾਰਚ 2020 ਤੱਕ ਦੇ ਰਿਕਾਰਡ ਪ੍ਰਦਾਨ ਨਹੀਂ ਕੀਤੇ ਗਏ ਸਨ।

ਯੂ ਐਲ ਬੀ ਨੇ ਕਿਹਾ (ਅਕਤੂਬਰ 2024) ਕਿ ਵਾਹਨਾਂ ਦੀ ਲੋਡਿੰਗ ਦੇ ਸਮੇਂ ਭਾਰ ਮਾਪਣ ਦੀ ਕੋਈ ਉਚਿਤ ਵਿਧੀ ਨਹੀਂ ਸੀ, ਹਾਲਾਂਕਿ ਕਨਸ਼ੈਸ਼ਨੇਅਰ ਨੂੰ ਸਿਰਫ਼ ਵਾਹਨਾਂ ਵਿੱਚ ਵੱਧ ਤੋਂ ਵੱਧ ਪ੍ਰਵਾਨਿਤ ਭਾਰ ਲਿਜਾਣ ਦਾ ਨਿਰਦੇਸ਼ ਦਿੱਤਾ ਜਾਵੇਗਾ। ਇਹ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਕਨਸ਼ੈਸ਼ਨੇਅਰ ਦੁਆਰਾ ਮਨਜ਼ੂਰ ਸਮਰੱਥਾ ਤੋਂ ਵੱਧ ਠੋਸ ਰਹਿੰਦ-ਖੂੰਹਦ ਦੀ ਢੋਆ-ਢੁਆਈ ਵਿੱਚ ਲਗਾਤਾਰ ਡਿਫਾਲਟ ਕੀਤੇ ਜਾ ਰਹੇ ਸਨ ਜਿਸ ਲਈ ਯੂ ਐਲ ਬੀ ਨੇ ਨਿਯਮਾਂ ਦੀ ਉਲੰਘਣਾ ਕਰਦਿਆਂ ਵਾਧੂ ਭੁਗਤਾਨ ਕੀਤਾ ਸੀ।

2.5.2.3 ਕਨਸ਼ੈਸ਼ਨੇਅਰ ਨੂੰ ਅਣਉਚਿਤ ਵਿੱਤੀ ਲਾਭ

ਸਮਝੌਤੇ ਦੀ ਧਾਰਾ 3.2(3) ਇਹ ਪ੍ਰਦਾਨ ਕਰਦੀ ਹੈ ਕਿ ਪ੍ਰੋਜੈਕਟ ਸੁਵਿਧਾ ਲਾਗੂ ਕਾਨੂੰਨਾਂ ਅਨੁਸਾਰ ਘੱਟੋ-ਘੱਟ ਮਾਪਦੰਡਾਂ ਨੂੰ ਪੂਰਾ ਕਰਨ ਲਈ ਢੁਕਵੀਂ ਰੂਪ ਵਿੱਚ ਤਿਆਰ ਕੀਤੀ ਜਾਵੇਗੀ ਅਤੇ ਵਿਸ਼ੇਸ਼ ਤੌਰ 'ਤੇ ਸਾਈਟ ਸੀਮਾਵਾਂ ਅਤੇ ਬਫਰ ਖੇਤਰ ਸਮੇਤ ਪ੍ਰੋਜੈਕਟ ਦੇ ਦਾਇਰੇ ਨੂੰ ਪੂਰਾ ਕਰਨ ਦੇ ਯੋਗ ਹੋਵੇਗੀ।

ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ ਪ੍ਰੋਸੈਸਿੰਗ ਸਾਈਟ ਦੀ ਚਾਰਦੀਵਾਰੀ ਦਾ ਨਿਰਮਾਣ ਕਾਰਪੋਰੇਸ਼ਨ, ਅੰਮ੍ਰਿਤਸਰ ਵੱਲੋਂ ਸਤੰਬਰ 2021 ਵਿੱਚ ₹ 1.12 ਕਰੋੜ ਦੀ ਲਾਗਤ ਨਾਲ ਡੰਪਿੰਗ/ਪ੍ਰੋਸੈਸਿੰਗ ਸਾਈਟ ਦੇ ਤਿੰਨ ਪਾਸਿਆਂ ਤੇ ਕੀਤਾ ਗਿਆ ਸੀ, ਹਾਲਾਂਕਿ, ਚਾਰਦੀਵਾਰੀ/ਵਾੜ ਦੀ ਉਸਾਰੀ ਕਨਸ਼ੈਸ਼ਨੇਅਰ ਦੇ ਕੰਮ ਦੇ ਦਾਇਰੇ ਵਿੱਚ ਸੀ। ਇਸ ਤਰ੍ਹਾਂ, ਸਮਝੌਤੇ ਦੇ ਪ੍ਰਬੰਧਾਂ ਦੀ ਉਲੰਘਣਾ ਕਰਦਿਆਂ ₹ 1.12 ਕਰੋੜ ਦਾ ਟਾਲਿਆ ਜਾ ਸਕਦਾ ਖਰਚ ਕੀਤਾ ਗਿਆ।

ਯੂ ਐਲ ਬੀ ਨੇ (ਅਕਤੂਬਰ 2024) ਕਿਹਾ ਕਿ ਸਿਰਫ਼ ਅੰਦਰੂਨੀ ਪ੍ਰੋਸੈਸਿੰਗ ਸਹੂਲਤਾਂ ਦੀ ਵਾੜ ਕਨਸ਼ੈਸ਼ਨੇਅਰ ਦੇ ਕੰਮ ਦੇ ਦਾਇਰੇ ਵਿੱਚ ਸੀ ਅਤੇ ਯੂ ਐਲ ਬੀ ਨੇ ਸਮਝੌਤੇ ਦੀਆਂ ਵਿਵਸਥਾਵਾਂ ਅਨੁਸਾਰ ਪ੍ਰੋਸੈਸਿੰਗ ਸਹੂਲਤ ਪ੍ਰਦਾਨ ਕਰਨ ਲਈ ਪ੍ਰੋਸੈਸਿੰਗ ਸੁਵਿਧਾ ਦੀ ਬਾਹਰੀ ਸੀਮਾ ਦਾ ਨਿਰਮਾਣ ਕੀਤਾ।

ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਸਾਈਟ ਦੀਆਂ ਸੀਮਾਵਾਂ ਨੂੰ ਵਿਸ਼ੇਸ਼ ਤੌਰ ਤੇ ਕਨਸ਼ੈਸ਼ਨੇਅਰ ਦੇ ਕੰਮ ਦੇ ਦਾਇਰੇ ਦੀ ਧਾਰਾ 3.2(3) ਵਿੱਚ ਸ਼ਾਮਲ ਕੀਤਾ ਗਿਆ ਸੀ (ਸਾਈਟ ਦੀਆਂ ਸੀਮਾਵਾਂ ਨੂੰ ਅੰਦਰੂਨੀ ਜਾਂ ਬਾਹਰੀ ਵਜੋਂ ਵੱਖਰੇ ਤੌਰ 'ਤੇ ਪਰਿਭਾਸ਼ਿਤ ਨਹੀਂ ਕੀਤਾ ਗਿਆ ਸੀ)। ਇਸ ਤੋਂ ਇਲਾਵਾ, ਸਮਝੌਤੇ ਦੀ ਧਾਰਾ 3.3.6 ਦੇ ਅਨੁਸਾਰ ਕੰਮ ਦੇ ਦਾਇਰੇ ਵਿੱਚ ਪ੍ਰੋਸੈਸਿੰਗ ਸੁਵਿਧਾ ਦੇ ਆਲੇ-ਦੁਆਲੇ ਘੱਟੋ-ਘੱਟ ਦੋ ਮੀਟਰ ਦੀ ਉਚਾਈ ਦੇ ਨਾਲ ਸਾਈਟ ਦੀਆਂ ਹੱਦਾ ਤੋਂ ਬਾਹਰ ਵੀ ਬਫਰ ਖੇਤਰ ਦੀ ਵਾੜ ਲਗਾਉਣਾ ਸ਼ਾਮਲ ਹੈ।

2.5.2.4 ਵੱਖ-ਵੱਖ ਨਿਗਰਾਨੀ ਪ੍ਰਣਾਲੀਆਂ ਦੀ ਪਾਲਣਾ ਨਾ ਕਰਨਾ

ਕਨਸ਼ੈਸ਼ਨੇਅਰ ਨੇ ਛੇ ਸਾਲਾਂ ਤੋਂ ਵੱਧ ਸਮੇਂ ਲਈ ਐਮ ਐਸ ਡਬਲਯੂ ਦੇ ਇਕੱਤਰ ਕਰਨ ਅਤੇ ਆਵਾਜਾਈ ਲਈ ਨਿਯਮਤ ਮਾਸਿਕ ਟਿਪਿੰਗ ਫੀਸ ਪ੍ਰਾਪਤ ਕਰਨ ਦੇ ਬਾਵਜੂਦ ਸਮਝੌਤੇ ਦੀਆਂ ਜ਼ਿੰਮੇਵਾਰੀਆਂ ਦੇ ਅਧੀਨ ਲੋੜੀਂਦੇ ਪ੍ਰੋਜੈਕਟ ਦੇ ਵੇਰਵੇ ਪ੍ਰਦਾਨ ਕਰਨ ਲਈ ਇੱਕ ਵੈੱਬਸਾਈਟ ਨਹੀਂ ਰੱਖੀ। ਇਸ ਦੇ ਨਤੀਜੇ ਵਜੋਂ ਸਮਝੌਤੇ ਦੀ ਲੋੜ ਅਨੁਸਾਰ ਪ੍ਰਭਾਵਸ਼ਾਲੀ ਸ਼ਿਕਾਇਤ ਨਿਵਾਰਣ ਵਿਧੀ[175] ਦੀ ਘਾਟ ਹੋਈ।

---

[175] ਇਹ ਪ੍ਰਣਾਲੀ (ਫੋਨ, ਵੈੱਬਸਾਈਟ, ਲਿਖਤੀ ਸ਼ਿਕਾਇਤਾਂ, ਜਾਣਕਾਰੀ ਆਦਿ ਸ਼ਾਮਲ ਹਨ) ਨੂੰ ਕਨਸ਼ੈਸ਼ਨੇਅਰ ਦੁਆਰਾ ਸੰਗ੍ਰਹਿ ਅਤੇ ਆਵਾਜਾਈ (ਸੀ ਐਂਡ ਟੀ) ਕਾਰਜਾਂ ਦੀ ਸ਼ੁਰੂਆਤ ਤੋਂ 90 ਦਿਨਾਂ ਦੇ ਅੰਦਰ ਸਥਾਪਤ ਕੀਤਾ ਜਾਣਾ ਚਾਹੀਦਾ ਹੈ।

ਸਮਝੌਤੇ ਦੀ ਬੀਮਾ ਧਾਰਾ ਦੇ ਅਨੁਸਾਰ, ਕਨਸ਼ੈਸ਼ਨੇਅਰ ਨੂੰ ਆਪਣੀ ਲਾਗਤ 'ਤੇ ਪ੍ਰੋਜੈਕਟ ਦੇ ਵੱਖ-ਵੱਖ ਪਹਿਲੂਆਂ[176] ਨੂੰ ਕਵਰ ਵਾਲੀਆਂ ਬੀਮਾ ਪਾਲਸੀਆਂ ਖਰੀਦਣੀਆਂ ਅਤੇ ਬਣਾਈ ਰੱਖਣੀਆਂ ਸਨ। ਹਾਲਾਂਕਿ, ਕਨਸ਼ੈਸ਼ਨੇਅਰ ਨੇ ਇਕਰਾਰਨਾਮੇ ਦੀ ਜ਼ਰੂਰਤ ਅਨੁਸਾਰ ਬੀਮਾ ਪਾਲਸੀਆਂ ਨੂੰ ਕਾਇਮ ਨਹੀਂ ਰੱਖਿਆ।

ਕਨਸ਼ੈਸ਼ਨੇਅਰ ਨੇ ਸਾਲ 2017-22 ਦੌਰਾਨ ਐਸ ਡਬਲਯੂ ਐਮ ਨਿਯਮ, 2016 ਦੇ ਨਿਯਮ 19 ਅਧੀਨ ਲੋੜੀਂਦੀ ਸਾਲਾਨਾ ਰਿਪੋਰਟ ਕਨਸ਼ੈਸ਼ਨਿੰਗ ਅਥਾਰਟੀ ਨੂੰ ਜਮ੍ਹਾਂ ਨਹੀਂ ਕਾਰਵਾਈ।

ਕਨਸ਼ੈਸ਼ਨਿੰਗ ਅਥਾਰਟੀ[177] ਨੇ ਕਨਸ਼ੈਸ਼ਨੇਅਰ ਦੀਆਂ ਠੋਸ ਰਹਿੰਦ-ਖੂੰਹਦ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਲਈ ਨਾ ਤਾਂ ਪ੍ਰੋਜੈਕਟ ਇੰਜੀਨੀਅਰ (ਪੀ ਈ)[178] ਅਤੇ ਨਾ ਹੀ ਸੁਤੰਤਰ ਮਾਹਰ (ਆਈ ਈ)[179] ਦੀ ਨਿਯੁਕਤੀ ਕੀਤੀ ਸੀ।

ਯੂ ਐਲ ਬੀ ਨੇ ਕਿਹਾ (ਅਕਤੂਬਰ 2024) ਕਿ ਕਨਸ਼ੈਸ਼ਨੇਅਰ ਨੂੰ ਵੈੱਬਸਾਈਟ ਬਣਾਉਣ ਸਾਲਾਨਾ ਰਿਪੋਰਟਾਂ ਸਮੇਂ ਸਿਰ ਜਮ੍ਹਾਂ ਕਰਵਾਉਣ ਅਤੇ ਬੀਮੇ ਦੇ ਵੇਰਵੇ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਇਹ ਵੀ ਕਿਹਾ ਗਿਆ ਸੀ ਕਿ ਕਨਸ਼ੈਸ਼ਨ ਸਮਝੌਤੇ ਅਨੁਸਾਰ ਪ੍ਰੋਜੈਕਟ ਇੰਜੀਨੀਅਰ ਅਤੇ ਸੁਤੰਤਰ ਮਾਹਰ ਦੀ ਨਿਯੁਕਤੀ ਬਹੁਤ ਜਲਦੀ ਕੀਤੀ ਜਾਵੇਗੀ।

ਕਨਸ਼ੈਸ਼ਨ ਸਮਝੌਤੇ ਦੀ ਸ਼ੁਰੂਆਤ ਤੋਂ ਛੇ ਸਾਲ ਤੋਂ ਵਧ ਸਮਾਂ ਬੀਤ ਜਾਣ ਅਤੇ ਰਹਿੰਦ-ਖੂੰਹਦ ਦੀ ਢੋਆ-ਢੁਆਈ ਲਈ ਕਨਸ਼ੈਸ਼ਨੇਅਰ ਨੂੰ ਟਿਪਿੰਗ ਫੀਸ ਦੀ ਨਿਯਮਤ ਅਦਾਇਗੀ ਕਰਨ ਦੇ ਬਾਵਜੂਦ, ਯੂ ਐਲ ਬੀ ਅੰਮ੍ਰਿਤਸਰ ਤਿੰਨ ਡੰਪਸਾਈਟਾਂ ਨੂੰ ਬੰਦ ਕਰਨ, ਸਾਰੇ ਸੈਕੰਡਰੀ ਕੁਲੈਕਸ਼ਨ ਪੁਆਇੰਟਾਂ ਨੂੰ ਖਤਮ ਕਰਨ ਅਤੇ ਐਸ ਐਲ ਐਫਜ਼ ਦੀ ਉਸਾਰੀ ਅਤੇ ਵੇਟਬ੍ਰਿਜ ਦੀ ਸਥਾਪਨਾ ਆਦਿ ਨੂੰ ਯਕੀਨੀ ਨਹੀਂ ਬਣਾ ਸਕਿਆ। ਇਹ ਸਾਰੀਆਂ ਕਮੀਆਂ ਇਸ ਪ੍ਰੋਜੈਕਟ ਨੂੰ ਮਾੜੇ ਢੰਗ ਨਾਲ ਲਾਗੂ ਕਰਨ ਦਾ ਕਾਰਨ ਬਣਦੀਆਂ ਹਨ ਅਤੇ ਇਸ ਲਈ ਮਿਉਂਸਪਲ ਠੋਸ ਰਹਿੰਦ-ਖੂੰਹਦ ਪ੍ਰਬੰਧਨ ਅਪ੍ਰਭਾਵੀ ਰਿਹਾ।

2.5.3 ਟੈਂਡਰਿੰਗ ਵਿੱਚ ਮੁੱਦੇ

ਐਮ ਐਸ ਡਬਲਯੂ ਐਮ ਮੈਨੂਅਲ ਕਹਿੰਦਾ ਹੈ ਕਿ ਟੈਂਡਰ ਨੂੰ ਆਊਟਸੋਰਸ ਕੀਤੇ ਜਾਣ ਲਈ ਪ੍ਰਸਤਾਵਿਤ ਕੰਮ ਨੂੰ ਕਰਨ ਲਈ ਲੋੜੀਂਦੀ ਤਕਨੀਕੀ ਅਤੇ ਵਿੱਤੀ ਸਮਰੱਥਾ ਨੂੰ ਸਪੱਸ਼ਟ ਤੌਰ ਤੇ ਦਰਸਾਉਂਣਾ ਚਾਹੀਦਾ ਹੈ। ਯੋਗਤਾ ਦੇ ਮਾਪਦੰਡ ਮਿਆਰੀ ਹੋਣੇ ਚਾਹੀਦੇ ਹਨ ਅਤੇ ਕੰਮ ਕਰਨ ਵਿੱਚ

---

176 (ੳ) ਬਿਲਡਰਾਂ/ਠੇਕੇਦਾਰਾਂ ਦਾ ਸਾਰਾ ਜੋਖਮ ਬੀਮਾ; (ਅ) ਸਥਾਪਨਾ ਬੀਮਾ ਅਤੇ/ਜਾਂ ਬੀਮਾ ਤੋੜਨਾ; (ਏ) ਕਨਸ਼ੈਸ਼ਨ ਦੀ ਮਿਆਦ; ਬੰਦ ਹੋਣ ਅਤੇ ਬੰਦ ਹੋਣ ਤੋਂ ਬਾਅਦ ਦੀ ਮਿਆਦ ਲਈ ਲਾਗੂ ਜਨਤਕ ਦੇਣਦਾਰੀ ਬੀਮਾ; (ਸ) ਕਾਨੂੰਨੀ ਬੀਮਾ ਜਿਵੇਂ ਕਿ ਕਾਮਿਆਂ ਦਾ ਮੁਆਵਜ਼ਾ ਬੀਮਾ ਜਾਂ ਲਾਗੂ ਕਾਨੂੰਨਾਂ ਦੁਆਰਾ ਲੋੜੀਂਦਾ ਕੋਈ ਹੋਰ ਬੀਮਾ; (ਹ) ਵਿਆਪਕ ਤੀਜੀ ਧਿਰ ਦੀ ਦੇਣਦਾਰੀ ਬੀਮਾ ਜਿਸ ਵਿੱਚ ਸਾਈਟ ਵਿੱਚੋਂ ਦਾਖਲ ਹੋਣ ਵਾਲੇ ਵਿਅਕਤੀਆਂ ਨੂੰ ਸੱਟ ਜਾਂ ਮੌਤ ਸ਼ਾਮਲ ਹੈ; (ਕ) ਇਸ ਅਧੀਨ ਕਨਸ਼ੈਸ਼ਨੇਅਰ ਦੀਆਂ ਕਿਸੇ ਵੀ ਜ਼ਿੰਮੇਵਾਰੀਆਂ ਨਾਲ ਸਬੰਧਤ ਬੀਮਾ ਪਾਲਸੀਆਂ; ਅਤੇ (ਖ) ਕੋਈ ਹੋਰ ਬੀਮਾ ਜੋ ਕਨਸ਼ੈਸ਼ਨਿੰਗ ਅਥਾਰਟੀ ਦੁਆਰਾ ਜ਼ਰੂਰੀ ਸਮਝਿਆ ਜਾ ਸਕਦਾ ਹੈ।

177 ਆਰਟੀਕਲ 2 ਧਾਰਾ 2.2.2.1 ਜਿਸ ਨੂੰ ਆਰਟੀਕਲ 4 ਅਤੇ ਅਨੈਕਸਚਰ 10 ਅਤੇ 11 ਦੇ ਨਾਲ ਪੜ੍ਹਿਆ ਜਾਂਦਾ ਹੈ, ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਰਿਆਇਤੀ ਅਥਾਰਟੀ ਦੁਆਰਾ ਇੱਕ ਪ੍ਰੋਜੈਕਟ ਇੰਜੀਨੀਅਰ (ਪੀ ਈ) ਅਤੇ ਸੁਤੰਤਰ ਮਾਹਰ (ਆਈ ਈ) ਨਿਯੁਕਤ ਕੀਤਾ ਜਾਵੇਗਾ।

178 ਪੀ ਈ ਪ੍ਰੋਜੈਕਟ ਦੀ ਨਿਗਰਾਨੀ ਅਤੇ ਨਿਗਰਾਨੀ ਲਈ ਨੋਡਲ ਵਿਅਕਤੀ ਹੋਵੇਗਾ।

179 ਆਈ ਟੀ ਇਕੱਤਰ ਕਰਨ ਅਤ ਆਵਾਜਾਈ ਯੋਜਨਾ ਦੀ ਨਿਗਰਾਨੀ, ਸਮੀਖਿਆ, ਨਿਰੀਖਣ ਅਤੇ ਨਿਰਮਾਣ ਕਾਰਜਾਂ ਅਤੇ ਸੰਚਾਲਨ ਅਤੇ ਰੱਖ-ਰਖਾਅ ਦੀ ਨਿਗਰਾਨੀ ਲਈ ਜ਼ਿੰਮੇਵਾਰ ਸੀ।

ਦਿਲਚਸਪੀ ਰੱਖਣ ਵਾਲੀਆਂ ਸਾਰੀਆਂ ਧਿਰਾਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ। ਲੇਖਾ ਪ੍ਰੀਖਿਆ ਨੇ ਟੈਂਡਰਿੰਗ ਪ੍ਰਕਿਰਿਆ ਵਿੱਚ ਹੇਠ ਲਿਖਿਆ ਬੇਨਿਯਮੀਆਂ ਵੇਖੀਆਂ:

2.5.3.1 ਟੈਂਡਰਿੰਗ ਹਿਦਾਇਤਾਂ ਤੋਂ ਹਟ ਕੇ ਕੰਮ ਦੀ ਅਲਾਟਮੈਂਟ

ਸਥਾਨਕ ਸਰਕਾਰਾਂ ਵਿਭਾਗ ਨੇ (ਅਗਸਤ 2018) ਸਾਰੇ ਤਰ੍ਹਾਂ ਦੇ ਵਿਕਾਸ ਕਾਰਜਾਂ/ਓ ਐਂਡ ਐਮ ਕੰਮਾਂ, ਮਸ਼ੀਨਰੀ ਕਿਰਾਏ ਤੇ ਲੈਣ ਅਤੇ ਵਸਤਾਂ ਦੀ ਖਰੀਦ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ (ਐਸ ਓ ਪੀ) ਬਾਰੇ ਹਦਾਇਤਾਂ ਜਾਰੀ ਕੀਤੀਆਂ। ਐਸ ਓ ਪੀ ਦੇ ਅਨੁਸਾਰ ਖੁੱਲ੍ਹੇ/ਇਸ਼ਤਿਹਾਰ ਦਿੱਤੇ ਟੈਂਡਰਾਂ ਲਈ ਟੈਂਡਰਿੰਗ ਦਾ ਸਭ ਤੋਂ ਪਸੰਦੀਦਾ ਪ੍ਰਤੀਯੋਗੀ ਅਤੇ ਪਾਰਦਰਸ਼ੀ ਢੰਗ ਅਪਣਾਇਆ ਜਾਣਾ ਸੀ। ਇਸ ਤੋਂ ਇਲਾਵਾ ₹ ਪੰਜ ਕਰੋੜ ਤੋਂ ਵੱਧ ਦੀ ਲਾਗਤ ਵਾਲੇ ਕੰਮ ਦੇ ਤੁਲਨਾਤਮਕ ਵਿਵਰਣੀ ਨੂੰ ਤਿੰਨ ਮੁੱਖ ਇੰਜੀਨੀਅਰਾਂ (ਸੀ ਈਜ਼) ਦੀ ਕਮੇਟੀ ਤੋਂ ਪ੍ਰਵਾਨਗੀ ਦਿੱਤੀ ਜਾਣੀ ਚਾਹੀਦੀ ਹੈ।

(i) ਕਾਰਪੋਰੇਸ਼ਨ ਲੁਧਿਆਣਾ ਦੇ ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਿਆ ਹੈ ਕਿ ਲੁਧਿਆਣਾ ਸ਼ਹਿਰ ਵਿੱਚ ਜਨਰੇਟ ਹੋਣ ਵਾਲੇ ਰਹਿੰਦ-ਖੂੰਹਦ ਨੂੰ ਇਕੱਤਰ ਕਰਨ, ਢੋਆ-ਢੁਆਈ, ਨਿਪਟਾਰੇ ਅਤੇ ਪ੍ਰੋਸੈਸਿੰਗ ਦਾ ਕੰਮ ਨਵੰਬਰ 2011 ਵਿੱਚ ਇੱਕ ਏਜੰਸੀ ਨੂੰ 25 ਸਾਲਾਂ ਦੀ ਕਨਸ਼ੈਸ਼ਨ ਮਿਆਦ ਨਾਲ ਅਲਾਟ ਕੀਤਾ ਗਿਆ ਸੀ। ਇਹ ਕੰਮ ਕਨਸ਼ੈਸ਼ਨੇਅਰ ਦੁਆਰਾ ਜਨਵਰੀ 2021 ਤੱਕ ਕੀਤਾ ਗਿਆ ਸੀ। ਠੇਕੇਦਾਰ ਨੇ ਬਕਾਏ ਦਾ ਭੁਗਤਾਨ ਨਾ ਕਰਨ, ਨੋ ਡਿਵੈਲਪਮੈਂਟ ਜ਼ੋਨ ਦਾ ਐਲਾਨ ਨਾ ਕਰਨ, ਆਰ ਡੀ ਐਫ ਦੀ ਵਿਕਰੀ ਲਈ ਮਾਰਕੀਟ ਨਾ ਬਣਾਉਣ ਆਦਿ ਕਾਰਨ (ਫਰਵਰੀ 2021) ਠੇਕਾ ਖਤਮ ਕਰ ਦਿੱਤਾ। ਸਮਝੌਤੇ ਦੀ ਸਮਾਪਤੀ ਦੇ ਸਮੇਂ, ਠੇਕੇਦਾਰ ਨੂੰ ਐਮ ਐਸ ਡਬਲਯੂ ਦੀ ਇੱਕਤਰਤਾ ਅਤੇ ਆਵਾਜਾਈ ਲਈ ₹ 324.18 ਪ੍ਰਤੀ ਐਮ ਟੀ ਦੀ ਦਰ ਨਾਲ ਟਿਪਿੰਗ ਫੀਸ ਦਾ ਭੁਗਤਾਨ ਕੀਤਾ ਜਾ ਰਿਹਾ ਸੀ। .

ਇਹ ਦੇਖਿਆ ਗਿਆ ਕਿ ਸਮਝੌਤਾ ਖਤਮ ਹੋਣ ਤੋਂ ਬਾਅਦ, ਟੇਂਡਰ ਮੰਗੇ ਬਿਨਾਂ ਅਤੇ ਨਵੇਂ ਟੈਂਡਰ ਨੂੰ ਅੰਤਿਮ ਰੂਪ ਦੇਣ ਤੱਕ ਨਵੇਂ ਠੇਕੇਦਾਰ ਦੁਆਰਾ ਰਹਿੰਦ-ਖੂੰਹਦ ਦੀ ਚੁਕਾਈ ਕਰਨ ਦੀ ਰਸਮੀ ਸਹਿਮਤੀ ਤੋਂ ਬਿਨਾ ₹ 324.18 ਪ੍ਰਤੀ ਐਮ ਟੀ ਦੀ ਟਿਪਿੰਗ ਫੀਸ ਦਰ ਤੇ ਕੰਮ (ਫਰਵਰੀ 2021) ਇੱਕ ਹੋਰ ਠੇਕੇਦਾਰ ਨੂੰ ਦਿੱਤਾ ਗਿਆ ਸੀ। ਅਗਸਤ 2021 ਵਿੱਚ ਟਿਪਿੰਗ ਦਰਾਂ ਨੂੰ ਸੋਧ ਕੇ ₹ 425 ਪ੍ਰਤੀ ਐਮ ਟੀ ਕਰ ਦਿੱਤਾ ਗਿਆ ਸੀ। ਫਰਵਰੀ 2021 ਤੋਂ ਮਾਰਚ 2022 ਦੌਰਾਨ ਨਵੇਂ ਠੇਕੇਦਾਰ ਨੇ 4,21,993 ਐਮ ਟੀ ਰਹਿੰਦ-ਖੂੰਹਦ ਚੁੱਕਿਆ, ਜਿਸ ਲਈ ਠੇਕੇਦਾਰ ਨੂੰ ₹ 16.19 ਕਰੋੜ ਦਾ ਭੁਗਤਾਨ ਕੀਤਾ ਗਿਆ। ਠੇਕੇਦਾਰ ਅਜੇ ਵੀ ਕੰਮ ਵਿੱਚ ਲੱਗਾ ਹੋਇਆ ਸੀ ਅਤੇ ਕਾਰਪੋਰੇਸ਼ਨ, ਲੁਧਿਆਣਾ ਨੇ ਅਪ੍ਰੈਲ-2024 ਤੱਕ ਕੋਈ ਨਵਾਂ ਟੈਂਡਰ ਨੋਟਿਸ ਜਾਰੀ ਨਹੀਂ ਕੀਤਾ। ਇਸ ਤਰ੍ਹਾਂ ਬਿਨਾਂ ਕਿਸੇ ਰਸਮੀ ਟੈਂਡਰ ਦੇ ਠੇਕੇਦਾਰ ਨੂੰ ਸ਼ਾਮਲ ਕਰਨਾ ਅਤੇ ਸੋਧੀਆ[180] ਹੋਈਆਂ ਦਰਾਂ ਦੇ ਕਾਰਨ ₹ 2.52 ਕਰੋੜ ਸਮੇਤ ₹ 16.19 ਕਰੋੜ ਦੀ ਅਦਾਇਗੀ ਕਰਨਾ ਅਨਿਯਮਿਤ ਸੀ।

ਯੂ ਐਲ ਬੀ ਨੇ ਕਿਹਾ (ਅਕਤੂਬਰ 2024) ਕਿ ਜਨਤਾ ਨੂੰ ਅਸੁਵਿਧਾ ਤੋਂ ਬਚਣ ਲਈ ਠੇਕੇਦਾਰ ਨੂੰ ਕੰਮ ਅਲਾਟ ਕੀਤਾ ਗਿਆ ਸੀ। ਸੋਧੀਆਂ ਹੋਈਆਂ ਦਰਾਂ ਅਤੇ ਕੰਮ ਨੂੰ ਨਿਗਮ ਦੇ ਸਦਨ (ਭਾਵ ਕਾਰਪੋਰੇਸ਼ਨ ਦੁਆਰਾ) ਵਿੱਚ ਪਾਸ ਕਰਨ ਤੋਂ ਬਾਅਦ ਠੇਕੇਦਾਰ ਨੂੰ ਜਾਰੀ ਰੱਖਣ ਦੀ ਆਗਿਆ ਦਿੱਤੀ ਗਈ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਟੇਂਡਰ ਮੰਗੇ ਬਿਨਾਂ ਜਾਂ

[180] ਅਗਸਤ 2021 ਵਿੱਚ ਦਰਾਂ ਨੂੰ ₹ 324.18 ਤੋਂ ਵਧਾ ਕੇ ₹ 425 ਪ੍ਰਤੀ ਐਮ ਟੀ ਕਰ ਦਿੱਤਾ ਗਿਆ ਸੀ।

ਰਸਮੀ ਸਮਝੌਤੇ ਤੋਂ ਬਿਨਾਂ ਕੰਮ ਦੀ ਅਲਾਟਮੈਂਟ ਨਾ ਸਿਰਫ਼ ਮਿਆਰੀ ਨਿਰਦੇਸ਼ਾਂ ਤੋਂ ਵੱਖ ਸੀ ਬਲਕਿ ਕਾਨੂੰਨੀ ਪੇਚੀਦਗੀਆਂ ਦਾ ਕਾਰਨ ਵੀ ਬਣ ਸਕਦੀ ਸੀ।

(ii) ਰਿਕਾਰਡਾਂ ਦੀ ਪੜਤਾਲ (ਅਕਤੂਬਰ 2022) ਤੋਂ ਪਤਾ ਲੱਗਿਆ ਕਿ ਵਿਰਾਸਤੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਟੈਂਡਰ (ਦਸੰਬਰ 2021) 10 ਯੂ ਐਲ ਬੀਜ਼[181] ਵਿੱਚ ਜਾਰੀ ਕੀਤੇ ਗਏ ਸਨ ਅਤੇ ਕੰਮ (ਦਸੰਬਰ 2021) ਤਿੰਨ ਸੀ ਈਜ਼ ਦੀ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਇੱਕ ਏਜੰਸੀ ਨੂੰ ਅਲਾਟ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ ਇੱਕ ਯੂ ਐਲ ਬੀ ਯਾਨੀ ਦੋਰਾਹਾ ਨੂੰ ਕਾਰਗੁਜਾਰੀ ਲੇਖਾ ਪ੍ਰੀਖਿਆ ਵਿੱਚ ਚੁਣਿਆ ਗਿਆ ਸੀ। ਇਸ ਯੂ ਐਲ ਬੀਜ਼ ਵਿੱਚ ਏਜੰਸੀ ਨੇ ਜੂਨ 2022 ਤੱਕ 13,000 ਐਮ ਟੀ ਵਿਰਾਸਤੀ ਰਹਿੰਦ-ਖੂੰਹਦ ਵਿੱਚੋਂ 10,400 ਐਮ ਟੀ ਵਿਰਾਸਤੀ ਰਹਿੰਦ-ਖੂੰਹਦ ਪ੍ਰੋਸੈਸ ਕੀਤੀ। ਹਾਲਾਂਕਿ ਸਮਰੱਥ ਅਧਿਕਾਰੀਆਂ ਤੋਂ ਮਨਜ਼ੂਰੀ ਨਾ ਮਿਲਣ ਕਾਰਨ ਅਗਸਤ 2022 ਵਿੱਚ ਸਮਝੌਤਾ ਰੱਦ ਕਰਕੇ ਕੰਮ ਰੋਕ ਦਿੱਤਾ ਗਿਆ ਸੀ। ਜੇ ਪੀ ਬੀ ਨੇ ਖੁਲਾਸਾ ਕੀਤਾ ਕਿ ਖਾਦ ਅਤੇ ਇਨਰਟ ਰਹਿੰਦ-ਖੂੱਹਦ ਦੇ ਨਾਲ ਪ੍ਰੋਸੈਸਡ ਵਿਰਾਸਤ ਰਹਿੰਦ-ਖੂੰਹਦ ਸਾਈਟ 'ਤੇ ਪਿਆ ਸੀ ਜਿਵੇਂ ਕਿ ਹੇਠਾਂ ਦਿੱਤੀਆਂ ਤਸਵੀਰਾਂ ਵਿੱਚ ਦਰਸਾਇਆ ਗਿਆ ਹੈ:





ਪ੍ਰਦਰਸ਼ਨੀ 21: ਐਮ ਸੀ ਦੋਰਾਹਾ ਦੇ ਡੰਪਸਾਈਟ ਵਿਖੇ ਪ੍ਰੋਸੈਸ ਕੀਤਾ ਗਿਆ ਰਹਿੰਦ-ਖੂੰਹਦ

ਤੱਥਾਂ ਨੂੰ ਸਵੀਕਾਰ ਕਰਦੇ ਹੋਏ, ਯੂ ਐਲ ਬੀ ਨੇ (ਅਕਤੂਬਰ 2024) ਕਿਹਾ ਕਿ ਐਸ ਓ ਪੀ ਦੀ ਪਾਲਣਾ ਨਾ ਕਰਨ ਕਾਰਨ, ਹੈਡਕੁਆਰਟਰ ਦਫਤਰ ਨੇ ਵਿਰਾਸਤੀ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਟੈਂਡਰ ਰੱਦ ਕਰ ਦਿੱਤੇ ਸਨ। ਹਾਲਾਂਕਿ, ਠੇਕੇਦਾਰ ਦੁਆਰਾ ਬਾਇਓ-ਰਿਮੇਡੀਏਟਿਡ ਸਮੱਗਰੀ ਨੂੰ ਚੁੱਕ ਲਿਆ ਗਿਆ ਸੀ ਅਤੇ ਬਾਕੀ ਵਿਰਾਸਤੀ ਰਹਿੰਦ-ਖੂੰਹਦ ਲਈ ਟੈਂਡਰ ਅਲਾਟ ਕੀਤੇ ਗਏ ਸਨ।

ਇਸ ਤਰ੍ਹਾਂ, ਯੂ ਐਲ ਬੀ ਵੱਲੋਂ ਪ੍ਰੋਸੈਸ ਦੀ ਪਾਲਣਾ ਕੀਤੇ ਬਿਨਾਂ ਕੰਮ ਅਲਾਟ ਕਰਨ ਵਿੱਚ ਲਾਪਰਵਾਹੀ ਕਾਰਨ ਕੰਮ ਅਧੂਰਾ ਰਹਿ ਗਿਆ ਜਿਸ ਦੇ ਨਤੀਜੇ ਵਜੋਂ ਸਾਈਟ 'ਤੇ ਵੱਡੀ ਮਾਤਰਾ ਵਿੱਚ ਰਹਿੰਦ-ਖੂੰਹਦ ਇੱਕਠਾ ਹੋ ਗਿਆ ਅਤੇ ਡੰਪਸਾਈਟ ਦੇ ਨੇੜੇ ਰਹਿਣ ਵਾਲੇ ਲੋਕਾਂ ਲਈ ਵਾਤਾਵਰਣ ਅਤੇ ਸਿਹਤ ਲਈ ਖਤਰੇ ਪੈਦਾ ਹੋਏ।

[181] (i) ਖੰਨਾ; (ii) ਦੋਰਾਹਾ; (iii) ਪਾਇਲ; (iv) ਮਲੌਦ; (v) ਸਾਹਨੇਵਾਲ; (vi) ਸਮਰਾਲਾ; (vii) ਮਾਛੀਵਾੜਾ; (viii) ਰਾਏਕੋਟ; (ix) ਜਗਰਾਓ; ਅਤੇ (x) ਮੁਲਾਂਪੁਰ ਦਾਖਾ।

2.5.3.2 ਟੈਂਡਰਿੰਗ ਪ੍ਰੋਸੈਸ ਵਿੱਚ ਦੇਰੀ ਕਾਰਨ ਲਾਗਤ ਵਿੱਚ ਵਾਧਾ

(i) ਭਾਰਤ ਸਰਕਾਰ, ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰਾਲੇ (ਐਮ ਐਫ ਪੀ ਆਈ) ਨੇ ਮਾਰਚ-2014 ਵਿੱਚ ₹ 19.50 ਕਰੋੜ ਦੀ ਡੀ ਪੀ ਆਰ ਦੇ ਅਧਾਰ 'ਤੇ ₹ 15.86 ਕਰੋੜ[182] ਦੀ ਲਾਗਤ ਨਾਲ ਲੁਧਿਆਣਾ ਵਿੱਚ ਮੌਜੂਦਾ ਬੁੱਚੜਖਾਨੇ ਦੇ ਆਧੁਨਿਕੀਕਰਨ ਲਈ ਇੱਕ ਪ੍ਰੋਜੈਕਟ (ਮਾਰਚ-2015) ਨੂੰ ਪ੍ਰਵਾਨਗੀ ਦਿੱਤੀ। ₹ 15.86 ਕਰੋੜ ਵਿੱਚੋਂ ਭਾਰਤ ਸਰਕਾਰ ਦਾ ਹਿੱਸਾ ₹ 7.93 ਕਰੋੜ ਸੀ ਅਤੇ ਬਾਕੀ ਫੰਡ ਯੂ ਐਲ ਬੀ ਦੁਆਰਾ ਆਪਣੇ ਸਰੋਤਾਂ ਤੋਂ ਪ੍ਰਦਾਨ ਕੀਤਾ ਜਾਣੇ ਸਨ।

ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ ਹਾਲਾਂਕਿ ਪ੍ਰੋਜੈਕਟ ਨੂੰ ਮਾਰਚ 2015 ਵਿੱਚ ਪ੍ਰਵਾਨਗੀ ਦਿੱਤੀ ਗਈ ਸੀ, ਪਰ ਕਾਰਪੋਰੇਸ਼ਨ ਲੁਧਿਆਣਾ ਨੇ ਅਗਸਤ 2016 ਵਿੱਚ ਪ੍ਰੋਜੈਕਟ ਮੈਨੇਜਮੈਂਟ ਕੰਸਲਟੈਂਟ ਨਿਯੁਕਤ ਕੀਤਾ ਸੀ ਭਾਵ ਪ੍ਰਵਾਨਗੀ ਦੀ ਮਿਤੀ ਤੋਂ 17 ਮਹੀਨਿਆਂ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਅਤੇ ਪ੍ਰਸਤਾਵ ਲਈ ਬੇਨਤੀ ਦਸੰਬਰ 2016 ਵਿੱਚ ਪੀ ਐਮ ਆਈ ਡੀ ਸੀ ਨੂੰ ਭੇਜੀ ਗਈ ਸੀ ਜਿਸ ਨੂੰ ਪੀ ਐਮ ਆਈ ਡੀ ਸੀ ਨੇ ਫਰਵਰੀ 2017 ਵਿੱਚ ਵਾਪਸ ਕਰ ਦਿੱਤਾ ਸੀ। ਇਹ ਦੇਖਿਆ ਗਿਆ ਕਿ ਦੋ ਸਾਲ ਬੀਤਜਾਣ ਤੋਂ ਬਾਅਦ, ਯੂ ਐਲ ਬੀ ਨੇ ਟੈਂਡਰ ਬੁਲਾਏ ਸਨ, ਪਰ ਚਾਰ ਮੌਕਿਆਂ ਤੇ ਇੱਕੋ ਬੋਲੀ ਜਮ੍ਹਾਂ ਕਰਨ ਕਾਰਨ ਇਸ ਨੂੰ ਅੰਤਿਮ ਰੂਪ ਨਹੀਂ ਦਿੱਤਾ ਜਾ ਸਕਿਆ। ਚੌਥੀ ਕਾਲ 'ਤੇ ਸਿੰਗਲ ਬਿਡ (ਦਸੰਬਰ 2017) ਪ੍ਰਵਾਨਗੀ ਲਈ ਉੱਚ ਅਧਿਕਾਰੀਆਂ ਨੂੰ ਸੌਂਪੀ ਗਈ ਸੀ ਜਿਸ ਨੂੰ ਮਨਜ਼ੂਰੀ (ਮਈ 2018) ਦਿੱਤੀ ਗਈ ਸੀ। ਹਾਲਾਂਕਿ ਵੈਬਸਾਈਟ ਨਾਲ ਸਮੱਸਿਆਵਾਂ ਕਾਰਨ ਟੈਂਡਰਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਜਾ ਸਕਿਆ। ਇਸ ਦੌਰਾਨ ਜੁਲਾਈ 2017 ਵਿੱਚ ਵਸਤੂ ਅਤੇ ਸੇਵਾ ਕਰ (ਜੀ ਐਸ ਟੀ) ਲਾਗੂ ਕੀਤਾ ਗਿਆ ਸੀ। ਟੈਂਡਰ ਦੁਬਾਰਾ (ਜੂਨ 2018) ₹ 17.72 ਕਰੋੜ ਲਈ ਜਾਰੀ ਕੀਤੇ ਗਏ ਸਨ, ਜਿਸ ਦੇ ਵਿਰੁੱਧ ਬੋਲੀਦਾਤਾ ਨੇ ₹ 20.82 ਕਰੋੜ (₹ 17.65 ਕਰੋੜ *ਜਮ੍ਹਾਂ* ₹ 3.17 ਕਰੋੜ ਦਾ ਵਾਧੂ ਜੀ ਐਸ ਟੀ) ਦੀ ਬੋਲੀ ਦਾ ਹਵਾਲਾ ਦਿੱਤਾ ਸੀ ਜਿਸ ਨੂੰ ਅੰਤਿਮ ਰੂਪ ਦਿੱਤਾ ਗਿਆ ਸੀ (ਸਤੰਬਰ 2018)।

ਇਸ ਤਰ੍ਹਾਂ, ਜੇ ਯੂ ਐਲ ਬੀ ਲੁਧਿਆਣਾ ਨੇ ਪ੍ਰੋਜੈਕਟ ਦੀ ਪ੍ਰਵਾਨਗੀ ਤੋਂ ਬਾਅਦ ਟੈਂਡਰ ਪ੍ਰਕਿਰਿਆ ਨੂੰ ਸਮੇਂ ਸਿਰ ਸ਼ੁਰੂ ਕੀਤਾ ਅਤੇ ਪੂਰਾ ਕੀਤਾ ਹੁੰਦਾ, ਤਾਂ ਜੀ ਐਸ ਟੀ ਲਾਗੂ ਹੋਣ ਕਾਰਨ ₹ 3.17 ਕਰੋੜ ਦੀ ਲਾਗਤ ਵਿੱਚ ਵਾਧੇ ਤੋਂ ਬਚਿਆ ਜਾ ਸਕਦਾ ਸੀ।

ਯੂ ਐਲ ਬੀ ਨੇ (ਅਕਤੂਬਰ 2024) ਕਿਹਾ ਕਿ ਪ੍ਰਕਿਰਿਆਵਾਂ ਅਤੇ ਰਸਮੀ ਕਾਰਵਾਈਆਂ ਨੂੰ ਅਪਣਾਉਣ ਵਿੱਚ ਸਮਾਂ ਲੰਘ ਗਿਆ ਸੀ ਅਤੇ ਇਸ ਸਮੇਂ ਦੌਰਾਨ ਜੀ ਐਸ ਟੀ ਲਾਗੂ ਕੀਤਾ ਗਿਆ ਸੀ। ਜਵਾਬ ਸਵੀਕਾਰ ਯੋਗ ਨਹੀਂ ਸੀ ਕਿਉਂਕਿ ਇਸ ਕੋਲ ਮਨਜ਼ੂਰੀ ਦੀ ਮਿਤੀ ਤੋਂ ਕੰਮ ਦੀ ਅਲਾਟਮੈਂਟ ਤੱਕ ਸਾਰੇ ਕੰਮਾਂ (ਭਾਵ 41 ਮਹੀਨੇ) ਨੂੰ ਪੂਰਾ ਕਰਨ ਲਈ ਕਾਫੀ ਸਮਾਂ ਸੀ।

(ii) ਲੁਧਿਆਣਾ ਵਿੱਚ ਵੱਖ-ਵੱਖ ਥਾਵਾਂ ਤੇ ਐਮ ਆਰ ਐਫ ਲਈ ਨੌਂ ਸ਼ੈਡਾਂ ਦੀ ਉਸਾਰੀ ਦਾ ਅਨੁਮਾਨ (ਨਵੰਬਰ 2019) ₹ 97.39 ਲੱਖ ਵਿੱਚ ਮਨਜ਼ੂਰ ਕੀਤਾ ਗਿਆ ਸੀ ਅਤੇ ਐਸ ਬੀ ਐਮ ਫੰਡਾਂ ਅਧੀਨ ਨਵੰਬਰ 2019 ਵਿੱਚ ਪਾਸ ਕੀਤੇ ਮਤੇ ਵਿੱਚ ਪ੍ਰਸ਼ਾਸਕੀ ਪ੍ਰਵਾਨਗੀ (ਏ ਏ) ਦਿੱਤੀ ਗਈ ਸੀ। ਏ ਏ ਦੇ ਬਾਵਜੂਦ, ਕਾਰਪੋਰੇਸ਼ਨ ਲੁਧਿਆਣਾ ਨੇ ਰਿਕਾਰਡ ਤੋਂ ਬਿਨਾਂ ਕਿਸੇ ਕਾਰਨ ਟੈਂਡਰ ਪ੍ਰਕਿਰਿਆ ਵਿੱਚ ਨੌਂ ਮਹੀਨਿਆਂ ਦੀ ਦੇਰੀ ਕੀਤੀ। ਇਸ ਦੌਰਾਨ, ਦਰਾਂ ਦੀ ਸਾਂਝੀ ਸੂਚੀ

[182] ₹ 19.50 ਕਰੋੜ ਦੀ ਅਨੁਮਾਨਿਤ ਲਾਗਤ ਦੇ ਮੁਕਾਬਲੇ (ਸਿਵਲ ਕੰਮ, ਪਲਾਂਟ ਅਤੇ ਮਸ਼ੀਨਰੀ ਅਤੇ ਵਿਵਿਧ ਜਾਇਦਾਦਾਂ ਦੀ ਲਾਗਤ ਲਈ ₹ 17.72 ਕਰੋੜ ਸਮੇਤ)।

(ਸੀ ਐਸ ਆਰ) ਨੂੰ ਸੋਧਿਆ ਗਿਆ (ਅਗਸਤ 2020) ਅਤੇ ₹ 115.07 ਲੱਖ ਦਾ ਸੋਧਿਆ ਅਨੁਮਾਨ ਤਿਆਰ ਕੀਤਾ ਗਿਆ ਸੀ ਅਤੇ ਸਤੰਬਰ 2020 ਵਿੱਚ ਟੈਂਡਰ ਜਾਰੀ ਕੀਤੇ ਗਏ ਸਨ। ਨਵੀਂ ਸੀ ਐਸ ਆਰ ਦਰਾਂ ਲਾਗੂ ਹੋਣ ਕਾਰਨ, ਦਰਾਂ ਵਿੱਚ ₹ 17.68 ਲੱਖ (18 *ਪ੍ਰਤੀਸ਼ਤ*) ਦਾ ਵਾਧਾ ਕੀਤਾ ਗਿਆ ਸੀ

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਇਸੇ ਤਰ੍ਹਾਂ ਦੇ ਹੋਰ ਕੰਮਾਂ ਦਾ ਅਨੁਮਾਨ ਜਿਵੇਂ ਕਿ ਐਮ ਆਰ ਐਫਜ਼ ਲਈ ਨੌਂ ਸ਼ੈਡਾਂ ਦੀ ਉਸਾਰੀ ਅਗਸਤ 2019 ਵਿੱਚ ₹ 94.78 ਲੱਖ ਵਿੱਚ ਮਨਜ਼ੂਰ ਕੀਤੀ ਗਈ ਸੀ। ਇਹ ਕੰਮ ਦਸੰਬਰ 2019 ਵਿੱਚ ਇੱਕ ਠੇਕੇਦਾਰ ਨੂੰ ₹ 87.30 ਲੱਖ ਵਿੱਚ ਅਲਾਟ ਕੀਤਾ ਗਿਆ ਸੀ ਅਤੇ ਇਹ ₹ 87.15 ਲੱਖ ਦੇ ਖਰਚੇ ਤੋਂ ਬਾਅਦ ਪੂਰਾ ਹੋਇਆ ਸੀ। ਜੇਕਰ ਪਹਿਲਾਂ ਦਾ ਕੰਮ ਸਮੇਂ ਸਿਰ ਸ਼ੁਰੂ ਕੀਤਾ ਜਾਂਦਾ ਤਾਂ ਸੀ ਐਸ ਆਰ ਦਰਾਂ ਵਿੱਚ ਸੋਧ ਕਰਕੇ ₹ 17.68 ਲੱਖ ਦੇ ਵਾਧੂ ਬੋਝ ਤੋਂ ਬਚਿਆ ਜਾ ਸਕਦਾ ਸੀ।

ਕਾਰਪੋਰੇਸ਼ਨ, ਲੁਧਿਆਣਾ ਨੇ ਕਿਹਾ (ਅਕਤੂਬਰ 2024) ਕਿ ਸੀ ਐਸ ਆਰ ਦਰਾਂ ਨੂੰ 2020 ਵਿੱਚ ਸੋਧਿਆ ਜਾਣਾ ਸੀ ਅਤੇ ਕੋਈ ਵੀ ਠੇਕੇਦਾਰ 2010 ਦੀਆਂ ਸੀ ਐਸ ਆਰ ਦਰਾਂ ਤੇ ਕੰਮ ਕਰਨ ਲਈ ਤਿਆਰ ਨਹੀਂ ਸੀ। ਇਸ ਲਈ ਕਾਰਪੋਰੇਸ਼ਨ, ਲੁਧਿਆਣਾ ਸੀ ਐਸ ਆਰ ਦਰਾਂ ਵਿੱਚ ਸੋਧ ਦੀ ਉਡੀਕ ਕਰ ਰਿਹਾ ਸੀ ਅਤੇ ਅਗਸਤ 2020 ਵਿੱਚ ਸੀ ਐਸ ਆਰ ਦਰਾਂ ਵਿੱਚ ਸੋਧ ਤੋਂ ਬਾਅਦ, ਅਨੁਮਾਨ ਨੂੰ ਉਸ ਅਨੁਸਾਰ ਸੋਧਿਆ ਗਿਆ ਸੀ, ਅਤੇ ਠੇਕੇਦਾਰ ਨੂੰ ਕੰਮ ਅਲਾਟ ਕੀਤਾ ਗਿਆ ਸੀ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਉਹਨਾਂ ਦੇ ਦਾਅਵੇ ਦੇ ਸਮਰਥਨ ਵਿੱਚ ਰਿਕਾਰਡ ਤੇ ਕੁਝ ਵੀ ਨਹੀਂ ਸੀ ਕਿ ਠੇਕੇਦਾਰ ਕੰਮ ਕਰਨ ਲਈ ਤਿਆਰ ਨਹੀਂ ਸੀ ਕਿਉਂਕਿ ਸੀ ਐਸ ਆਰ ਦੀ ਸੋਧ ਤੋਂ ਪਹਿਲਾਂ ਟੈਂਡਰ ਜਾਰੀ ਨਹੀਂ ਕੀਤੇ ਗਏ ਸਨ। ਇਸ ਤੋਂ ਇਲਾਵਾ ਦਸੰਬਰ 2019 ਵਿੱਚ ਅਲਾਟ ਕੀਤੇ ਗਏ ਕਾਰਪੋਰੇਸ਼ਨ, ਲੁਧਿਆਣਾ ਅਧੀਨ ਇਸੇ ਕਿਸਮ ਦਾ ਕੰਮ ਏਜੰਸੀ ਦੁਆਰਾ ਸਮੇਂ ਸਿਰ ਪੂਰਾ ਕੀਤਾ ਗਿਆ ਸੀ।

2.5.4 ਚੁਣੇ ਹੋਏ ਯੂ ਐਲ ਬੀਜ਼ ਵਿੱਚ ਕਾਰਕਾਸ ਦਾ ਪ੍ਰਬੰਧਨ

ਪਸ਼ੂਆਂ ਦੀ 20ਵੀਂ ਮਰਦਮਸ਼ੁਮਾਰੀ ਦੇ ਅਨੁਸਾਰ 2019 ਵਿੱਚ ਭਾਰਤ ਵਿੱਚ 535.78 ਮਿਲੀਅਨ ਪਸ਼ੂ ਸਨ ਅਤੇ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਹਰ ਸਾਲ ਲਗਭਗ 25 ਮਿਲੀਅਨ ਪਸ਼ੂ ਕੁਦਰਤੀ ਕਾਰਨਾਂ ਕਰਕੇ ਮਰ ਜਾਂਦੇ ਸਨ। ਮਰੇ ਹੋਏ ਪਸ਼ੂਆਂ ਦੀ ਕਾਰਕਾਸਾਂ ਨੂੰ ਆਮ ਤੌਰ ਤੇ ਚਮੜੀ ਹਟਾਉਣ ਤੋਂ ਬਾਅਦ ਕੈਰੀਅਨ ਲਈ ਛੱਡ ਦਿੱਤਾ ਜਾਂਦਾ ਹੈ। ਇਹ ਨਾ ਸਿਰਫ਼ ਵਾਤਾਵਰਣ ਅਤੇ ਸਿਹਤ ਲਈ ਖਤਰਾ ਹੈ ਬਲਕਿ ਕੀਮਤੀ ਸਰੋਤਾਂ ਦੀ ਬਰਬਾਦੀ ਵੀ ਹੈ। ਕਾਰਕਾਸ ਅਤੇ ਇਸ ਦੇ ਉਪ-ਉਤਪਾਦਾਂ ਦੀ ਵਰਤੋਂ ਆਰਥਿਕ ਅਤੇ ਜਨਤਕ ਸਿਹਤ ਮਹੱਤਤਾ ਲਈ ਕੀਤੀ ਜਾ ਸਕਦੀ ਹੈ ਜਿਸ ਨਾਲ ਪ੍ਰਦੂਸ਼ਣ ਕੰਟਰੋਲ 'ਤੇ ਜ਼ੋਰ ਦਿੱਤਾ ਜਾ ਸਕਦਾ ਹੈ।

ਸੀ ਪੀ ਸੀ ਬੀ ਦੁਆਰਾ ਕਾਰਕਾਸ ਦੇ ਨਿਪਟਾਰੇ ਲਈ (ਨਵੰਬਰ 2020) ਜਾਰੀ ਦਿਸ਼ਾ ਨਿਰਦੇਸ਼ਾਂ ਵਿੱਚ ਕਿਹਾ ਗਿਆ ਹੈ ਕਿ ਕਾਰਕਾਸ ਦੀ ਵਰਤੋਂ ਪੇਸ਼ਕਾਰੀ ਪ੍ਰੋਸੈਸ ਜਾਂ ਇਨਸੀਨਰੇਸ਼ਨ ਦੁਆਰਾ ਕੀਤੀ ਜਾਣੀ ਚਾਹੀਦੀ ਹੈ ਅਤੇ ਕਾਰਕਾਸ ਦੀ ਵਰਤੋਂ ਕਰਨ ਲਈ ਪਲਾਂਟ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਡੂੰਘੀ ਦਫ਼ਨਾਉਣ ਦੁਆਰਾ ਕਾਰਕਾਸ ਦਾ ਨਿਪਟਾਰਾ ਸਿਰਫ਼ ਉਨ੍ਹਾਂ ਮਾਮਲਿਆਂ ਵਿੱਚ ਕੀਤਾ ਜਾਣਾ ਚਾਹੀਦਾ ਹੈ ਜਿੱਥੇ ਕਾਰਕਾਸ ਦੀ ਵਰਤੋਂ ਪਲਾਂਟ ਜਾਂ ਇਨਸੀਨਰੇਟਰ ਦੀਆਂ ਸਹੂਲਤਾਂ ਅਜੇ ਵਿਕਸਤ ਨਹੀਂ ਕੀਤੀਆਂ ਗਈਆਂ ਸਨ।

20 ਚੁਣੇ ਹੋਏ ਯੂ ਐਲ ਬੀਜ਼ ਦੇ ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਕਾਰਕਾਸ ਦਾ ਪ੍ਰਬੰਧਨ ਵੱਖ-ਵੱਖ ਰਵਾਇਤੀ ਤਰੀਕਿਆਂ[183] ਨਾਲ ਕਾਰਕਾਸ ਦਾ ਨਿਪਟਾਰਾ ਕਰਕੇ ਕੀਤਾ ਜਾ ਰਿਹਾ ਸੀ। ਹਾਲਾਂਕਿ, ਸਿਰਫ਼ ਕਾਰਪੋਰੇਸ਼ਨ ਲੁਧਿਆਣਾ ਵਿੱਚ, ਆਧੁਨਿਕ ਕਾਰਕਾਸ ਪਲਾਂਟ ਸਥਾਪਤ ਕੀਤਾ ਗਿਆ ਸੀ ਅਤੇ ਇਸ ਯੂ ਐਲ ਬੀ ਦੇ ਨਾਲ ਨਾਲ ਹੋਰ ਚੁਣ ਹੋਏ ਯੂ ਐਲ ਬੀਜ਼ ਵਿੱਚ ਕਾਰਕਾਸ ਪ੍ਰਬੰਧਨ ਦੀ ਸਥਿਤੀ ਬਾਰੇ ਹੇਠਾਂ ਚਰਚਾ ਕੀਤੀ ਗਈ ਹੈ:

2.5.4.1 ਅਧੁਨਿਕ ਕਾਰਕਾਸ ਵਰਤੋਂ ਪਲਾਂਟ 'ਤੇ ਗੈਰ ਲਾਭਕਾਰੀ ਖਰਚ

ਨਗਰ ਨਿਗਮ, ਲੁਧਿਆਣਾ ਨੇ ਮਰੇ ਹੋਏ ਪਸ਼ੂਆਂ ਦੇ ਵਿਗਿਆਨਕ ਨਿਪਟਾਰੇ ਲਈ ਪਿੰਡ ਨੂਰਪੂਰ ਬੇਟ ਵਿਖੇ ਪੰਜ ਏਕੜ ਜ਼ਮੀਨ ਤੇ ਲਾਸ਼ ਵਰਤੋਂ ਪਲਾਂਟ ਸਥਾਪਤ ਕਰਨ ਦਾ ਪ੍ਰਸਤਾਵ ਰੱਖਿਆ ਹੈ। ਡੀ ਪੀ ਆਰ ਨੇ ਪਲਾਂਟ ਦੀ ਲਾਗਤ ₹ 8.01 ਕਰੋੜ ਹੋਣ ਦਾ ਅਨੁਮਾਨ ਲਗਾਇਆ ਹੈ, ਜਿਸ ਵਿੱਚ ਓ ਐਂਡ ਐਮ ਦੇ ਸੱਤ ਸਾਲ ਸ਼ਾਮਲ ਹਨ। ਪ੍ਰਸਤਾਵਿਤ ਪ੍ਰੋਜੈਕਟ ਲਈ ਕੱਚਾ ਮਾਲ ਮਰੇ ਹੋਏ ਜਾਨਵਰ ਸਨ, ਜਿਸ ਵਿੱਚ ਰੋਜ਼ਾਨਾ 100-150 ਛੋਟੇ ਜਾਨਵਰਾਂ ਅਤੇ 50-70 ਵੱਡੇ ਜਾਨਵਰਾਂ ਦੇ ਦਾਖਲੇ ਹੋਣ ਦੀ ਉਮੀਦ ਸੀ।

ਡੀ ਪੀ ਆਰ ਦੀ ਸ਼ਰਤ 6.2.4 ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਜੋ ਪ੍ਰੋਜੈਕਟ ਨੂੰ ਪੇਸ਼ੇਵਰ ਢੰਗ ਨਾਲ ਪ੍ਰਬੰਧਿਤ ਨਹੀਂ ਕੀਤਾ ਗਿਆ, ਤਾਂ ਇਹ ਜਨਤਕ ਸਿਹਤ ਅਤੇ ਵਾਤਾਵਰਣ ਲਈ ਗੰਭੀਰ ਖਤਰਾ ਪੈਦਾ ਕਰ ਸਕਦਾ ਹੈ ਅਤੇ ਸਥਾਨਕ ਵਸਨੀਕਾਂ ਦੇ ਕਿਸੇ ਵੀ ਇਤਰਾਜ਼ ਨਾਲ ਪ੍ਰੋਜੈਕਟ ਦੀ ਉਸਾਰੀ ਅਤੇ ਪ੍ਰਗਤੀ ਰੁਕ ਸਕਦੀ ਹੈ।

ਇਹ ਕੰਮ (ਜੁਲਾਈ 2019) ₹ 7.99 ਕਰੋੜ ਵਿੱਚ ਅਲਾਟ ਕੀਤਾ ਗਿਆ ਸੀ, ਜਿਸ ਨੂੰ ਪੂਰਾ ਕਰਨ ਦੀ ਆਖਰੀ ਮਿਤੀ ਜੂਨ 2020 ਸੀ। ਹਾਲਾਂਕਿ, ਇਹ ਪ੍ਰੋਜੈਕਟ ਲਗਭਗ 11 ਮਹੀਨਿਆਂ ਦੀ ਦੇਰੀ ਤੋਂ ਬਾਅਦ ਮਈ 2021 ਵਿੱਚ ₹ 8.48 ਕਰੋੜ ਦੀ ਲਾਗਤ ਨਾਲ ਪੂਰਾ ਹੋਇਆ ਸੀ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਲੋਕਾਂ ਦੇ ਵਿਰੋਧ ਕਾਰਨ ਪ੍ਰੋਜੈਕਟ ਦਾ ਉਦਘਾਟਨ ਨਹੀਂ ਕੀਤਾ ਜਾ ਸਕਿਆ ਕਿਉਂਕਿ ਕਾਰਪੋਰੇਸ਼ਨ ਨੇ ਡੀ ਪੀ ਆਰ ਵਿੱਚ ਪਹਿਲਾਂ ਹੀ ਖਤਰੇ ਦੀ ਸੰਭਾਵਨਾਂ ਹੋਣ ਦੇ ਬਾਵਜੂਦ ਸਥਾਨਕ ਭਾਈਚਾਰੇ ਦੀ ਸਹਿਮਤੀ ਲਏ ਬਿਨਾਂ ਪ੍ਰੋਜੈਕਟ ਸ਼ੁਰੂ ਕੀਤਾ ਸੀ। ਕਾਰਪੋਰੇਸ਼ਨ ਲੁਧਿਆਣਾਂ ਨੇ ਪੁਸ਼ਟੀ ਕੀਤੀ (ਅਕਤੂਬਰ 2024) ਕਿ ਲੋਕਾਂ ਦੇ ਵਿਰੋਧ ਕਾਰਨ ਕਾਰਕਾਸ ਵਰਤੋਂ ਪਲਾਂਟ ਸ਼ੁਰੂ ਨਹੀਂ ਕੀਤਾ ਜਾ ਸਕਿਆ।

2.5.4.2 ਗੈਰ-ਵਿਗਿਆਨਕ ਕਾਰਕਾਸ ਪ੍ਰਬੰਧਨ

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ 17 ਯੂ ਐਲ ਬੀਜ਼ ਵਿੱਚ ਕਾਰਕਾਸ ਦਾ ਪ੍ਰਬੰਧਨ ਜਾਂ ਤਾਂ ਇਸ ਕਾਰੋਬਾਰ ਵਿੱਚ ਲੱਗੇ ਹੋਰ ਪਿੰਡਾਂ ਦੇ ਲੋਕਾਂ ਨੂੰ ਸੌਂਪ ਕੇ ਜਾਂ ਟੈਂਡਰਾਂ ਰਾਹੀਂ ਕੀਤਾ ਜਾ ਰਿਹਾ ਸੀ। ਬਾਕੀ ਦੋ ਯੂ ਐਲ ਬੀਜ਼[184] ਵਿੱਚ ਕਾਰਕਾਸ ਦਾ ਨਿਪਟਾਰਾ ਡੰਪਿੰਗ ਸਾਈਟਾਂ ਦੇ ਨੇੜੇ ਕੀਤਾ ਜਾ ਰਿਹਾ ਸੀ। ਕਾਰਪੋਰੇਸ਼ਨ ਅੰਮ੍ਰਿਤਸਰ ਨੇ ਸਿਰਫ਼ ਸੱਤ ਮਹੀਨਿਆਂ (ਜੁਲਾਈ 2021 ਤੋਂ ਫਰਵਰੀ 2022) ਲਈ ਮਰੇ ਹੋਏ ਜਾਨਵਰਾਂ ਦਾ ਡਾਟਾ ਪ੍ਰਦਾਨ ਕੀਤਾ। ਡਾਟੇ ਮੁਤਾਬਕ,

---

183 ਇਸ ਪੇਸ਼ੇ ਨਾਲ ਜੁੜੇ ਵਿਅਕਤੀਆਂ ਦੁਆਰਾ ਕਾਰਕਾਸ ਨੂੰ ਚੁੱਕਣਾ, ਪਛਾਣੀ ਗਈ ਜ਼ਮੀਨ ਤੇ ਕਾਰਕਾਸ ਦਾ ਨਿਪਟਾਰਾ ਕਰਨਾ, ਅਤੇ ਯੂ ਐਲ ਬੀਜ਼ ਦੇ ਅਧਿਕਾਰ ਖੇਤਰ ਤੋਂ ਬਾਹਰ ਨੇੜਲੇ ਪਿੰਡਾਂ ਦੇ ਲੋਕਾਂ ਦੁਆਰਾ ਕਾਰਕਾਸ ਦਾ ਨਿਪਟਾਰਾ ਕਰਨਾ।

184 (i) ਅੰਮ੍ਰਿਤਸਰ; ਅਤੇ (ii) ਰਾਜਪੁਰਾ।

ਗਊਸ਼ਾਲਾਵਾਂ ਵਿੱਚ 342 ਪਸ਼ੂਆਂ ਦੀ ਮੌਤ ਹੋ ਚੁੱਕੀ ਹੈ। ਮਰੇ ਹੋਏ ਜਾਨਵਰਾਂ ਨੂੰ ਮੌਜੂਦਾ ਭਗਤਾਵਾਲਾਂ ਡੰਪਿੰਗ ਸਾਈਟ 'ਤੇ ਦਫਨਾਉਣ ਦੁਆਰਾ ਗੈਰ-ਵਿਗਿਆਨਕ ਢੰਗ ਨਾਲ ਨਿਪਟਾਰਾ ਕੀਤਾ ਜਾ ਰਿਹਾ ਸੀ। ਇਸ ਤੋਂ ਇਲਾਵਾ, ਜੇ ਵੀ ਪੀ ਦੌਰਾਨ, ਅੰਮ੍ਰਿਤਸਰ ਡੰਪਸਾਈਟ ਦੇ ਝਬਾਲ ਰੋਡ ਤੇ ਮਰੇ ਹੋਏ ਜਾਨਵਰਾਂ ਦੀਆਂ ਕਾਰਕਾਸ ਲਾਵਾਰਸ ਵੇਖੀਆਂ ਗਈਆਂ ਸਨ। ਨਗਰ ਨਿਗਮ ਰਾਜਪੁਰਾ ਵਿੱਚ ਕਾਰਕਾਸਾਂ ਨੂੰ ਡੰਪਸਾਈਟ ਨੇੜੇ ਖੁੱਲ੍ਹੀ ਥਾਂ 'ਤੇ ਸੁੱਟ ਦਿੱਤਾ ਗਿਆ।




ਪ੍ਰਦਰਸ਼ਨੀ 22: ਝਬਾਲ ਰੋਡ ਸਾਈਟ ਅੰਮ੍ਰਿਤਸਰ ਕਾਰਕਾਸ ਦਾ ਗੈਰ-ਵਿਗਿਆਨਕ ਨਿਪਟਾਰਾ

ਕਾਰਪੋਰੇਸ਼ਨ ਅੰਮ੍ਰਿਤਸਰ ਨੇ ਕਿਹਾ (ਅਕਤੂਬਰ 2024) ਕਿ ਕਾਰਕਾਸ ਦੇ ਪ੍ਰਬੰਧਨ ਲਈ ਕੋਈ ਵਿਗਿਆਨਕ ਪਲਾਂਟ ਨਹੀਂ ਸੀ ਅਤੇ ਮਰੇ ਹੋਏ ਜਾਨਵਰਾਂ ਨੂੰ ਕਨਸ਼ੈਸ਼ਨੇਅਰ ਦੁਆਰਾ ਚੁੱਕ ਕੇ ਡੰਪਸਾਈਟ ਜਾਂ ਹੋਰ ਥਾਵਾਂ ਤੇ ਦਫਨਾਇਆ ਜਾਂਦਾ ਸੀ। ਕਾਰਕਾਸ ਵਰਤੋਂ ਕੇਂਦਰ ਦੀ ਸਥਾਪਨਾ ਲਈ ਉੱਚ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾਵੇਗਾ। ਪੰਜ ਯੂ ਐਲ ਬੀਜ਼[185] ਨੇ ਕਿਹਾ ਕਿ ਇਹ ਮੁੱਦਾ ਪਾਲਣਾ ਲਈ ਨੋਟ ਕੀਤਾ ਗਿਆ ਹੈ ਅਤੇ ਨਿਯਮ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। 13 ਯੂ ਐਲ ਬੀਜ਼[186] ਨੇ ਕਿਹਾ ਕਿ ਉਹਨਾਂ ਕੋਲ ਕਾਰਕਾਸਾਂ ਦੇ ਰਹਿੰਦ-ਖੂੰਹਦ ਦੇ ਨਿਪਟਾਰੇ ਲਈ ਕੋਈ ਸਾਈਟ/ਪਲਾਂਟ ਨਹੀਂ ਸੀ ਅਤੇ ਮਰੇ ਹੋਏ ਜਾਨਵਰਾਂ ਨੂੰ ਇਸ ਧੰਦੇ ਵਿੱਚ ਲੱਗੇ ਨਿੱਜੀ ਵਿਅਕਤੀਆਂ ਦੁਆਰਾ ਹੱਡਾ-ਰੋੜੀ ਵਾਲੀਆਂ ਥਾਵਾਂ ਤੇ ਲਿਜਾਇਆ ਜਾਂਦਾ ਸੀ। ਹਾਲਾਂਕਿ, ਕਾਰਕਾਸ ਦੇ ਵਿਗਿਆਨਕ ਪ੍ਰਬੰਧਨ ਲਈ ਯਤਨ ਕੀਤੇ ਜਾਣਗੇ।

ਯੂ ਐਲ ਬੀਜ਼ ਦੇ ਜਵਾਬ ਨਾਕਾਫੀ ਸਨ ਕਿਉਂਕਿ ਐਸ ਡਬਲਯੂ ਐਮ ਨਿਯਮ 2016 ਦੇ ਅਧੀਨ ਕਾਰਕਾਸ ਦਾ ਵਿਗਿਆਨਕ ਪ੍ਰਬੰਧਨ ਲਾਜ਼ਮੀ ਸੀ। ਲੁਧਿਆਣਾ ਵਿੱਚ ਆਧੁਨਿਕ ਕਾਰਕਾਸ ਦੀ ਵਰਤੋਂ ਕਰਨ ਵਾਲੇ ਪਲਾਂਟ ਦੀ ਵਰਤੋਂ ਨਾ ਕਰਨਾ ਅਤੇ ਡੰਪਸਾਈਟਾਂ 'ਤੇ ਖੁੱਲ੍ਹੇ ਨਿਪਟਾਰੇ ਅਤੇ ਦਫਨਾਉਣ ਦੀਆਂ ਮੌਜੂਦਾ ਪ੍ਰਥਾਵਾਂ ਵਾਤਾਵਰਣ ਅਤੇ ਸਿਹਤ ਲਈ ਖਤਰਾ ਪੈਦਾ ਕਰਦੀਆਂ ਹਨ।

2.5.5 ਸਲਾਟੱਰ ਦੀ ਰਹਿੰਦ-ਖੂੰਹਦ ਦਾ ਪ੍ਰਬੰਧਨ

ਐਮ ਐਸ ਡਬਲਯੂ ਐਮ ਮੈਨੂਅਲ ਦਾ ਪੈਰ੍ਹਾ 7.6 ਨਿਰਧਾਰਤ ਕਰਦਾ ਹੈ ਕਿ ਲਾਭਦਾਇਕ ਅੰਸ਼ਾਂ ਨੂੰ ਮੁੜ ਪ੍ਰਾਪਤ ਕਰਨ ਅਤੇ ਬਚੇ ਹੋਏ ਰੋਗਾਣੂਆਂ ਦੇ ਜੈਵਿਕ ਰਹਿੰਦ-ਖੂੰਹਦ ਦੇ ਸੁਰੱਖਿਅਤ ਨਿਪਟਾਰੇ

185 (i) ਮੋਗਾ; (ii) ਖਮਾਣੋਂ; (iii) ਫਿਰੋਜ਼ਪੁਰ; (iv) ਸਰਹਿੰਦ; ਅਤੇ (v) ਮਾਨਸਾ।

186 (i) ਰੂਪਨਗਰ; (ii) ਆਦਮਪੁਰ; (iii) ਕਰਤਾਰਪੁਰ; (iv) ਐਸ ਬੀ ਐਸ ਨਗਰ; (v) ਕੀਰਤਪੁਰ ਸਾਹਿਬ; (vi) ਬਿਲਗਾ; (vii) ਮੱਖੂ; (viii) ਮਹਿਰਾਜ; (ix) ਕਾਦੀਆਂ; (x) ਦੋਰਾਹਾ; (xi) ਬਠਿੰਡਾ; (xii) ਰਾਜਪੁਰਾ; ਅਤੇ (xiii) ਐਸ ਏ ਐਸ ਨਗਰ।

ਲਈ ਬੁੱਚੜਖਾਨੇ ਦੇ ਰਹਿੰਦ-ਖੂੰਹਦ ਦੀ ਵਿਗਿਆਨਕ ਪ੍ਰੋਸੈਸਿੰਗ ਅਤੇ ਨਿਪਟਾਰਾ ਜ਼ਰੂਰੀ ਹੈ। ਇੱਕ ਆਧੁਨਿਕ ਬੁੱਚੜਖਾਨੇ ਵਿੱਚ ਕੀਤੇ ਜਾਂਦੇ ਪ੍ਰੋਸੈਸ, ਡਰੈਸਿੰਗ, ਕੱਟਣਾ, ਮੀਟ ਦੀ ਜਾਂਚ, ਰੈਫਰਿਜਰੇਸ਼ਨ, ਟਰੀਟਮੈਂਟ ਅਤੇ ਉਪ-ਉਤਪਾਦਾਂ ਦਾ ਨਿਰਮਾਣ ਸ਼ਾਮਲ ਹਨ। ਲੇਖਾ ਪ੍ਰੀਖਿਆ ਦੁਆਰਾ ਦੇਖਿਆ ਗਿਆ:

ਚੁਣੇ ਗਏ 20 ਯੂ ਐਲ ਬੀਜ਼ ਵਿੱਚੋਂ, 17 ਯੂ ਐਲ ਬੀਜ਼ ਵਿੱਚ ਕੋਈ ਸੰਗਠਿਤ ਬੁੱਚੜਖਾਨੇ ਦੀ ਸਹੂਲਤ ਉਪਲਬਧ ਨਹੀਂ ਸੀ।

16 ਯੂ ਐਲ ਬੀਜ਼[187] ਨੇ ਕਿਹਾ (ਅਕਤੂਬਰ 2024) ਕਿ ਉਨ੍ਹਾਂ ਕੋਲ ਕੋਈ ਬੁੱਚੜਖਾਨਾ ਨਹੀਂ ਸੀ ਅਤੇ ਦੁਕਾਨਦਾਰ ਆਪਣੇ ਆਪ ਜਾਨਵਰਾਂ ਦਾ ਸਲਾਟੱਰਡ ਕਰਦੇ ਹਨ। ਇੱਕ ਯੂ ਐਲ ਬੀ (ਭਾਵ ਯੂ ਐਲ ਬੀ ਮੋਗਾ) ਨੇ ਕਿਹਾ ਕਿ ਯੂ ਐਲ ਬੀ ਨੇ 2012 ਵਿੱਚ ਇੱਕ ਬੁੱਚੜਖਾਨਾ ਬਣਾਇਆ ਸੀ ਪਰ ਨਿਯਮਾਂ ਅਨੁਸਾਰ ਪੀ ਪੀ ਸੀ ਬੀ ਤੋਂ ਲੋੜੀਂਦੀ ਸਹਿਮਤੀ ਪ੍ਰਾਪਤ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਤਿੰਨ ਯੂ ਐਲ ਬੀਜ਼ (ਅੰਮ੍ਰਿਤਸਰ, ਲੁਧਿਆਣਾ ਅਤੇ ਐਸ ਏ ਐਸ ਨਗਰ) ਵਿੱਚ ਜਾਂ ਤਾਂ ਬਣਾਏ ਗਏ ਬੁੱਚੜਖਾਨੇ ਵਰਤੋਂ ਵਿੱਚ ਨਹੀਂ ਸਨ ਜਾਂ ਹੇਠਾਂ ਵੇਰਵੇ ਅਨੁਸਾਰ ਸਾਈਟ ਵਿਸ਼ੇਸ਼ ਮੁੱਦਿਆਂ ਕਰਕੇ ਅਧੂਰੇ ਪਏ ਸਨ।

(i) ਨਗਰ ਨਿਗਮ, ਲੁਧਿਆਣਾ

ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰਾਲੇ ਨੇ ₹ 19.50 ਕਰੋੜ ਦੀ ਡੀ ਪੀ ਆਰ ਦੇ ਅਧਾਰ ਤੇ ਮੌਜੂਦਾ ਬੁੱਚੜਖਾਨੇ ਦੇ ਆਧੁਨਿਕੀਕਰਨ ਲਈ ₹ 15.86[188] ਕਰੋੜ ਦੇ ਪ੍ਰੋਜੈਕਟ (ਮਾਰਚ 2015) ਨੂੰ ਮਨਜ਼ੂਰੀ ਦਿੱਤੀ। ਰੋਜ਼ਾਨਾ 250 ਛੋਟੇ ਜਾਨਵਰਾਂ (ਹਲਾਲ) ਅਤੇ 250 ਛੋਟੇ ਜਾਨਵਰਾਂ (ਝਟਕਾ) ਦੇ ਨਾਲ-ਨਾਲ ਪ੍ਰਤੀ ਘੰਟਾ 2,000 ਪੋਲਟਰੀ ਅਤੇ ਪ੍ਰਤੀ ਦਿਨ 150 ਸੂਰਾਂ ਨੂੰ ਮਾਰਨ ਦੀ ਸਮਰੱਥਾ ਵਾਲੇ ਬੁੱਚੜਖਾਨੇ ਵਿੱਚ 100 ਕਿਲੋ ਲੀਟਰ ਪ੍ਰਤੀ ਦਿਨ ਦੀ ਸਮਰੱਥਾ ਵਾਲੇ ਈ ਟੀ ਪੀ ਦੀ ਉਸਾਰੀ ਵੀ ਸ਼ਾਮਲ ਹੈ।

ਹਾਲਾਂਕਿ, ਕਾਰਪੋਰੇਸ਼ਨ, ਲੁਧਿਆਣਾ ਵਿੱਚ ਡੀ ਪੀ ਆਰ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਸ਼ਹਿਰ ਵਿੱਚ ਸਲਾਟਰ ਦਾ ਕੋਈ ਸਰਵੇਖਣ ਨਹੀਂ ਕੀਤਾ ਗਿਆ ਸੀ। ਇਹ ਕੰਮ ਇੱਕ ਠੇਕੇਦਾਰ (ਸਤੰਬਰ 2018) ਨੂੰ ₹ 20.82 ਕਰੋੜ ਵਿੱਚ ਅਲਾਟ ਕੀਤਾ ਗਿਆ ਸੀ, ਜਿਸ ਨੂੰ ਪੂਰਾ ਕਰਨ ਦਾ ਸਮਾਂ 16 ਮਹੀਨਿਆਂ ਦਾ ਸੀ। ਇਹ ਕੰਮ (ਜਨਵਰੀ-2020) ₹ 20.57 ਕਰੋੜ ਦੇ ਖਰਚੇ ਤੋਂ ਬਾਅਦ ਪੂਰਾ ਹੋਇਆ ਸੀ। ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਹੈ ਕਿ ਜੁਲਾਈ 2021 ਤੋਂ ਮਾਰਚ 2022 ਦੌਰਾਨ ਕ੍ਰਮਵਾਰ 1,29,000[189] ਅਤੇ 5,16,000[190] ਦੀ ਸਥਾਪਿਤ ਸਮਰੱਥਾ ਦੇ

---

187 (i) ਬਠਿੰਡਾ; (ii) ਫਿਰੋਜ਼ਪੁਰ; (iii) ਸਰਹਿੰਦ; (iv) ਰੂਪਨਗਰ; (v) ਆਦਮਪੁਰ; (vi) ਕਰਤਾਰਪੁਰ; (vii) ਐਸ ਬੀ ਐਸ ਨਗਰ; (viii) ਦੋਰਾਹਾ; (ix) ਰਾਜਪੁਰਾ; (x) ਮਾਨਸਾ; (xi) ਖਮਾਣੋਂ; (xii) ਕੀਰਤਪੁਰ ਸਾਹਿਬ; (xiii) ਬਿਲਗਾ; (xiv) ਮੱਖੂ; (xv) ਮਹਿਰਾਜ; ਅਤੇ (xvi) ਕਾਦੀਆਂ।

188 ਡੀ ਪੀ ਆਰ ਲਾਗਤ ਅਤੇ ਪ੍ਰਵਾਨਿਤ ਲਾਗਤ ਵਿਚਕਾਰ ਅੰਤਰ ਪ੍ਰੋਜੈਕਟ ਦੀ ਯੋਗ ਲਾਗਤ ਨਿਰਧਾਰਤ ਕਰਨ ਦੇ ਕਾਰਨ ਸੀ।

189 ਕੁੱਲ ਦਿਨ 304 ਘੱਟ ਕੀਤੇ ਬੰਦ ਹੋਣ ਕਾਰਨ 46 ਦਿਨ ਗੁਣਾ 500 ਛੋਟੇ ਜਾਨਵਰਾਂ।

190 ਕੁੱਲ ਦਿਨ 304 ਘੱਟ ਕੀਤੇ ਬੰਦ ਹੋਣ ਕਾਰਨ 46 ਦਿਨ ਗੁਣਾ 2000 ਪੰਛੀਆਂ।

ਮੁਕਾਬਲੇ 2,215 ਛੋਟੇ ਜਾਨਵਰਾਂ (ਭੇਡਾਂ/ਬੱਕਰੀਆਂ) ਅਤੇ 1,19,949 ਪੋਲਟਰੀ ਦਾ ਸਲਾਟਰ ਕੀਤਾ ਗਿਆ। ਬੁੱਚੜਖਾਨੇ ਦੀ ਘੱਟ ਵਰਤੋਂ ਅਤੇ ਮਾੜੀਆਂ ਮੀਡੀਆ ਰਿਪੋਰਟਾਂ (ਨਵੰਬਰ 2021) ਦੇ ਬਾਵਜੂਦ, ਯੂ ਐਲ ਬੀ ਦੁਆਰਾ ਬੁੱਚੜਖਾਨੇ ਨੂੰ ਆਪਣੀ ਪੂਰੀ ਸਮਰੱਥਾ ਨਾਲ ਚਲਾਉਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

ਯੂ ਐਲ ਬੀ ਨੇ (ਅਕਤੂਬਰ 2024) ਕਿਹਾ ਕਿ ਬੁੱਚੜਖਾਨਾ ਜੂਨ 2020 ਵਿੱਚ ਪੂਰਾ ਹੋਇਆ ਸੀ ਪਰ ਜਾਗਰੂਕਤਾ ਦੀ ਘਾਟ ਕਾਰਨ ਯੋਜਨਾ ਅਨੁਸਾਰ ਨਹੀਂ ਚਲਾਇਆ ਜਾ ਸਕਿਆ। ਇਹ ਯਕੀਨੀ ਬਣਾਉਣ ਲਈ ਯਤਨ ਕੀਤੇ ਜਾਣਗੇ ਕਿ ਇਹ ਪੂਰੀ ਸਮਰੱਥਾ ਨਾਲ ਚੱਲੇ।

(ii) ਨਗਰ ਨਿਗਮ, ਐਸ ਏ ਐਸ ਨਗਰ

ਸਲਾਟਰ ਦੇ ਰਹਿੰਦ-ਖੂੰਹਦ ਦਾ ਵਿਗਿਆਨਕ ਢੰਗ ਨਾਲ ਨਿਪਟਾਰਾ ਕਰਨ ਦੇ ਉਦੇਸ਼ ਨਾਲ ਐਮ ਓ ਐਫ ਪੀ ਆਈ ਨੇ ਕਾਰਪੋਰੇਸ਼ਨ, ਐਸ ਏ ਐਸ ਨਗਰ ਵਿੱਚ ਮੌਜੂਦਾ ਬੁੱਚੜਖਾਨੇ ਦੇ ਆਧੁਨਿਕੀਕਰਨ ਲਈ ₹ 8.09 ਕਰੋੜ (ਨਵੰਬਰ 2014) ਮਨਜ਼ੂਰ ਕੀਤੇ ਅਤੇ (ਫਰਵਰੀ 2015) ਪਹਿਲੀ ਕਿਸ਼ਤ ਵਜੋਂ ₹ 33.25 ਲੱਖ ਜਾਰੀ ਕੀਤੇ। ਇਹ ਕੰਮ ਜਨਵਰੀ 2016 ਵਿੱਚ ਇੱਕ ਠੇਕੇਦਾਰ ਨੂੰ ₹ 7.99 ਕਰੋੜ ਵਿੱਚ ਅਲਾਟ ਕੀਤਾ ਗਿਆ ਸੀ ਜੋ ਜਨਵਰੀ 2017 ਵਿੱਚ ਪੂਰਾ ਹੋਣਾ ਸੀ। ਠੇਕੇਦਾਰ ਨੇ ਫਰਵਰੀ 2016 ਵਿੱਚ ਕੰਮ ਸ਼ੁਰੂ ਕੀਤਾ ਸੀ ਪਰ ਲੋਕਾਂ ਦੇ ਵਿਰੋਧ ਕਾਰਨ ਨਿਗਮ ਦੀਆਂ ਹਦਾਇਤਾਂ ਅਨੁਸਾਰ (ਅਪ੍ਰੈਲ 2016) ਇਸ ਨੂੰ ਰੋਕ ਦਿੱਤਾ ਗਿਆ ਸੀ। ਕਾਰਪੋਰੇਸ਼ਨ ਨੇ ਸਾਈਟ ਨੂੰ ਕਿਸੇ ਹੋਰ ਖੇਤਰ ਵਿੱਚ ਤਬਦੀਲ ਕਰਨ ਲਈ (ਜੂਨ 2017) ਕੋਸ਼ਿਸ਼ਾਂ ਕੀਤੀਆਂ ਸਨ ਪਰ ਕਿਉਂਕਿ ਨਵੀਂ ਸਾਈਟ ਇੱਕ ਉਦਯੋਗਿਕ ਖੇਤਰ ਦੇ ਨੇੜੇ ਉਪਲਬਧ ਸੀ, ਪੀ ਪੀ ਸੀ ਬੀ ਨੇ (ਦਸੰਬਰ 2017) ਇਤਰਾਜ਼ ਸਰਟੀਫਿਕੇਟ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ। ਨਿਗਮ ਨੇ ਕੰਮ ਨੂੰ ਪੂਰਾ ਕਰਨ ਲਈ ਠੇਕੇਦਾਰ ਨੂੰ ਪਹਿਲਾਂ ਹੀ ₹ 39.95 ਲੱਖ ਦਾ ਭੁਗਤਾਨ ਕਰ ਦਿੱਤਾ ਸੀ। ਮਈ 2021 ਵਿੱਚ ਭਾਰਤ ਸਰਕਾਰ ਨੇ ਬੇਲੋੜੀ ਦੇਰੀ ਕਾਰਨ ਪ੍ਰੋਜੈਕਟ ਨੂੰ ਰੱਦ ਕਰ ਦਿੱਤਾ ਅਤੇ ਜਾਰੀ ਕੀਤੇ ਫੰਡਾਂ ਦੀ ਵਾਪਸੀ ਦੀ ਮੰਗ ਕੀਤੀ। ਨਿਰਦੇਸ਼ਾਂ ਦੀ ਪਲਾਣਾ ਕਰਦਿਆਂ, ਕਾਰਪੋਰੇਸ਼ਨ, ਐਸ ਏ ਐਸ ਨਗਰ ਨੇ ਅਕਤੂਬਰ-2021 ਵਿੱਚ ਆਪਣੇ ਉਪਲਬਧ ਫੰਡਾਂ ਵਿੱਚੋਂ ਭਾਰਤ ਸਰਕਾਰ ਨੂੰ ₹ 33.25 ਲੱਖ ਵਾਪਸ ਕੀਤੇ ।

ਇਸ ਤਰ੍ਹਾਂ ਆਧੁਨਿਕ ਬੁੱਚੜਖਾਨੇ ਲਈ ਕਿਸੇ ਢੁਕਵੀਂ ਥਾਂ ਦੀ ਚੋਣ ਨਾ ਹੋਣ ਕਾਰਨ ਨਿਗਮ ਨੇ ਨਾ ਸਿਰਫ਼ ₹ 39.95 ਲੱਖ ਦਾ ਗੈਰ-ਉਤਪਾਦਕ ਖਰਚ ਕੀਤਾ ਸੀ; ਬਲਕਿ ਸਲਾਟਰਿੰਗ ਰਹਿੰਦ-ਖੂੰਹਦ ਦੇ ਵਿਗਿਆਨਕ ਨਿਪਟਾਰੇ ਨੂੰ ਵੀ ਯਕੀਨੀ ਨਹੀਂ ਬਣਾ ਸਕਿਆ।

ਨਗਰ ਨਿਗਮ, ਐਸ ਏ ਐਸ ਨਗਰ ਨੇ (ਅਕਤੂਬਰ-2024) ਕਿਹਾ ਕਿ ਯੂ ਐਲ ਬੀ ਵਿੱਚ ਤਰਲ ਰਹਿੰਦ-ਖੂੰਹਦ ਲਈ ਇੱਕ ਈ ਟੀ ਪੀ ਸਥਾਪਤ ਕੀਤਾ ਗਿਆ ਸੀ। ਸਲਾਟਰ ਕੀਤੇ ਜਾਨਵਰਾਂ ਦੇ ਠੋਸ ਰਹਿੰਦ-ਖੂੰਹਦ ਦਾ ਨਿਪਟਾਰਾ ਇਸ ਸਮੇਂ ਦੁਕਾਨਦਾਰਾਂ ਦੁਆਰਾ ਆਪਣੇ ਪੱਧਰ ਤੇ ਕੀਤਾ ਜਾਂਦਾ ਹੈ। ਇਸ ਰਹਿੰਦ-ਖੂੰਹਦ ਦੇ ਜਲਦੀ ਤੋਂ ਜਲਦੀ ਵਿਗਿਆਨਕ ਨਿਪਟਾਰੇ ਲਈ ਯਤਨ ਕੀਤੇ ਜਾਣਗੇ।

(iii) ਨਗਰ ਨਿਗਮ, ਅੰਮ੍ਰਿਤਸਰ

ਕਾਰਪੋਰੇਸ਼ਨ ਅੰਮ੍ਰਿਤਸਰ ਵਿੱਚ ਸਲਾਟਰ ਕੀਤਾ ਗਿਆ ਸੀ ਅਤੇ ਤਰਲ ਰਹਿੰਦ-ਖੂੰਹਦ ਦਾ ਨਿਪਟਾਰਾ ਈ ਟੀ ਪੀ ਰਾਹੀਂ ਕੀਤਾ ਜਾ ਰਿਹਾ ਸੀ। ਹਾਲਾਂਕਿ, ਠੋਸ ਰਹਿੰਦ-ਖੂੰਹਦ ਦੇ ਨਿਪਟਾਰੇ ਦਾ

ਰਿਕਾਰਡ ਨਹੀਂ ਰੱਖਿਆ ਗਿਆ ਸੀ। ਨਾਂ ਤਾਂ ਯੂ ਐਲ ਬੀਜ਼ ਕੋਲ ਇਸ ਸਬੰਧ ਵਿੱਚ ਕੋਈ ਡਾਟਾ ਸੀ ਅਤੇ ਨਾ ਹੀ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 331 ਅਤੇ 334 ਅਧੀਨ ਦੁਕਾਨਦਾਰਾਂ ਨੂੰ ਕੋਈ ਲਾਇਸੈਂਸ ਜਾਰੀ ਕੀਤਾ ਗਿਆ ਸੀ।

ਯੂ ਐਲ ਬੀ ਅੰਮ੍ਰਿਤਸਰ ਨੇ (ਅਕਤੂਬਰ 2024) ਕਿਹਾ ਕਿ ਯੂ ਐਲ ਬੀ ਵਿੱਚ ਤਰਲ ਰਹਿੰਦ-ਖੂੰਹਦ ਲਈ ਇੱਕ ਈ ਟੀ ਪੀ ਸਥਾਪਤ ਕੀਤਾ ਗਿਆ ਸੀ। ਸਲਾਟਰ ਕੀਤੇ ਜਾਨਵਰਾਂ ਦੇ ਠੋਸ ਰਹਿੰਦ-ਖੂੰਹਦ ਦਾ ਨਿਪਟਾਰਾ ਇਸ ਸਮੇਂ ਦੁਕਾਨਦਾਰਾਂ ਦੁਆਰਾ ਆਪਣੇ ਪੱਧਰ ਤੇ ਕੀਤਾ ਜਾਂਦਾ ਹੈ।

ਯੂ ਐਲ ਬੀਜ਼ ਦੇ ਜਾਵਬ ਸੰਤੁਸ਼ਟੀਜਨਕ ਨਹੀਂ ਸਨ ਕਿਉਂਕਿ ਯੂ ਐਲ ਬੀਜ਼ ਬੁੱਚੜਖਾਨੇ ਦੇ ਰਹਿੰਦ-ਖੂੰਹਦ ਦੇ ਵਿਗਿਆਨਕ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਸਨ। ਰਹਿੰਦ-ਖੂੰਹਦ ਦੇ ਪ੍ਰਬੰਧਨ ਨੂੰ ਬਿਨਾਂ ਨਿਯਮਾਂ ਦੇ ਦੁਕਾਨਦਾਰਾਂ 'ਤੇ ਛੱਡਣਾ ਐਮ ਐਸ ਡਬਲਯੂ ਐਮ ਮੈਨੂਅਲ ਦੀ ਉਲੰਘਣਾ ਕਰਦਾ ਹੈ। ਮੁਕੰਮਲ ਕੀਤੇ ਬੁੱਚੜਖਾਨਿਆਂ ਦਾ ਸੰਚਾਲਨ ਨਾ ਕਰਨਾ ਅਤੇ ਠੋਸ ਰਹਿੰਦ-ਖੂੰਹਦ ਦੇ ਰਿਕਾਰਡਾਂ ਨੂੰ ਸਾਂਭਣ ਵਿੱਚ ਅਸਮਰੱਥਾ ਵਾਤਾਵਰਣ ਪ੍ਰਬੰਧਨ ਵਿੱਚ ਖਾਮੀਆਂ ਨੂੰ ਦਰਸਾਉਂਦੀ ਹੈ।

2.5.6 ਉਸਾਰੀ ਅਤੇ ਡਿਮੋਲਿਸ਼ਨ ਵਾਲੀ ਰਹਿੰਦ-ਖੂੰਹਦ ਦਾ ਪ੍ਰਬੰਧਨ

ਠੋਸ ਰਹਿੰਦ-ਖੂੰਹਦ ਪ੍ਰਬੰਧਨ ਵਿੱਚ ਸੀ ਐਂਡ ਡੀ ਰਹਿੰਦ-ਖੂੰਹਦ ਦਾ ਪ੍ਰਬੰਧਨ ਸ਼ਾਮਲ ਹੈ ਜੋ ਭਾਰਤ ਵਰਗੇ ਤੇਜ਼ੀ ਨਾਲ ਵਿਕਾਸਸ਼ੀਲ ਦੇਸ਼ ਦੁਆਰਾ ਦਰਪੇਸ਼ ਸਭ ਤੋਂ ਚੁਣੌਤੀਪੂਰਨ ਮੁੱਦਿਆਂ ਵਿੱਚ ਇੱਕ ਹੈ। ਸੀ ਐਂਡ ਡੀ ਰਹਿੰਦ-ਖੂੰਹਦ ਵਿੱਚ ਉੱਚ ਰਹਿੰਦ-ਖੂੰਹਦ ਹੁੰਦੀ ਹੈ ਜੋ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ ਦੀ ਨਵੀਂ ਉਸਾਰੀ, ਰੀਮਾਡਲਿੰਗ, ਨਵੀਨੀਕਰਨ, ਮੁਰੰਮਤ ਅਤੇ ਤਬਦੀਲੀ ਦੌਰਾਨ ਜਨਰੇਟ ਹੁੰਦੀ ਹੈ। ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਭਾਰਤ ਵਿੱਚ ਨਿਮਰਾਣ ਉਦਯੋਗ ਸਾਲਾਨਾ ਲਗਭਗ 10-12 ਮਿਲੀਅਨ ਟਨ ਸੀ ਐਂਡ ਡੀ ਰਹਿੰਦ-ਖੂੰਹਦ ਜਨਰੇਟ ਕਰਦਾ ਹੈ। ਸੀ ਐਂਡ ਡੀ ਰਹਿੰਦ-ਖੂੰਹਦ ਅਤੇ ਹੋਰ ਇਨਰਟ ਸਮੱਗਰੀਆਂ ਦੀ ਮੌਜੂਦਗੀ ਮਹੱਤਵਪੂਰਨ[191] ਹੈ ਪਰ ਅਜੇ ਤੱਕ ਇਸ ਨੂੰ ਸੰਗਠਿਤ ਤਰੀਕੇ ਨਾਲ ਵਰਤਣ ਲਈ ਬਹੁਤ ਜ਼ਿਆਦਾ ਵਿਕਾਸ ਨਹੀਂ ਹੋਇਆ ਹੈ।

ਸੀ ਐਂਡ ਡੀ ਵੇਸਟ ਮੈਨੇਜਮੈਂਟ ਰੂਲਜ਼ 2016 ਦੇ ਨਿਯਮ 6(2) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਸਥਾਨਕ ਅਥਾਰਟੀ ਸਮੁੱਚੀ ਗਤੀਵਿਧੀਆਂ ਵਿੱਚ ਸ਼ਾਮਲ ਪਾੜਾਵਾਂ, ਵਿਧੀ ਉਪਕਰਣਾਂ ਅਤੇ ਸਮੱਗਰੀ ਦੀ ਰੂਪ-ਰੇਖਾ ਤਿਆਰ ਕਰਨ ਅਤੇ ਉਸਾਰੀ ਅਤੇ ਡਿਮੋਲਿਸ਼ਨ ਦੇ ਮੁਕੰਮਲ ਹੋਣ ਤੋਂ ਬਾਅਦ ਅੰਤਿਮ ਸਫਾਈ ਕਰਨ ਲਈ ਜ਼ਿੰਮੇਵਾਰ ਹੈ।

20 ਚੁਣੇ ਹੋਏ ਯੂ ਐਲ ਬੀਜ਼ ਦੇ ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ 15 ਯੂ ਐਲ ਬੀਜ਼ ₹ 33.69 ਲੱਖ ਦੀ ਲਾਗਤ ਨਾਲ ਸੀ ਐਂਡ ਡੀ ਕਰੱਸ਼ਰ ਮਸ਼ੀਨਾ ਖਰੀਦੀਆਂ। ਤਿੰਨ ਯੂ ਐਲ ਬੀਜ਼[192] ਨੇ ਇਸ ਨੂੰ ਨਹੀਂ ਖਰੀਦਿਆ ਅਤੇ ਦੋ ਯੂ ਐਲ ਬੀਜ਼[193] ਵਿੱਚ ਇਸਦੀ ਲੋੜ ਨਹੀਂ ਸੀ ਕਿਉਂਕਿ ਵੱਖਰੇ ਸੀ ਐਂਡ ਡੀ ਵੇਸਟ ਮੈਨੇਜਮੈਂਟ ਪ੍ਰੋਜੈਕਟ ਸਥਾਪਤ ਕੀਤੇ ਜਾਣੇ ਸਨ। 15 ਯੂ ਐਲ ਬੀਜ਼ ਵਿੱਚੋਂ, ਮਸ਼ੀਨਰੀ ਦੀ ਵਰਤੋਂ ਸਿਰਫ਼ ਦਸ ਯੂ ਐਲ ਬੀਜ਼ ਵਿੱਚ ਕੀਤੀ ਗਈ ਸੀ

---

191 ਔਸਤਨ ਕੁੱਲ ਐਮ ਐਸ ਡਬਲਯੂ ਦਾ ਲਗਾਤਾਰ ਇੱਕ ਤਿਹਾਈ।

192 (i) ਮਾਨਸਾ; (ii) ਮੋਗਾ; ਅਤੇ (iii) ਕਾਦੀਆਂ।

193 (i) ਅੰਮ੍ਰਿਤਸਰ; ਅਤੇ (ii) ਲੁਧਿਆਣਾ।

ਅਤੇ ਚਾਰ ਯੂ ਐਲ ਬੀਜ਼[194] ਵਿੱਚ ₹ 10.46 ਲੱਖ ਦੀ ਲਾਗਤ ਵਾਲੀ ਮਸ਼ੀਨਰੀ ਦੀ ਵਰਤੋਂ ਨਹੀਂ ਕੀਤੀ ਗਈ ਸੀ, ਜਦੋਂ ਕਿ ਇੱਕ ਯੂ ਐਲ ਬੀ[195] ਨੇ ਵੇਰਵੇ ਨਹੀਂ ਦਿੱਤੇ ***(ਅੰਤਿਕਾ 2.18)***।

ਲੇਖਾ ਪ੍ਰੀਖਿਆ ਵਿੱਚ ਅੱਗੇ ਪਾਇਆ ਗਿਆ ਕਿ ਦਸ ਵਿੱਚੋਂ ਨੌਂ[196] ਯੂ ਐਲ ਬੀਜ਼ ਵਿੱਚ ਜਿੱਥੇ ਮਸ਼ੀਨਾਂ ਦੀ ਵਰਤੋਂ ਕੀਤੀ ਜਾ ਰਹੀ ਸੀ, ਪ੍ਰੋਸੈਸਡ ਸੀ ਐਂਡ ਡੀ ਰਹਿੰਦ-ਖੂੰਹਦ ਉਨ੍ਹਾਂ ਥਾਵਾਂ 'ਤੇ ਪਿਆ ਸੀ ਜਿੱਥੇ ਮਸ਼ੀਨਰੀ ਲਗਾਈ ਗਈ ਅਤੇ ਸੜਕ ਨਿਰਮਾਣ ਲਈ ਨਹੀਂ ਵਰਤੀ ਗਈ ਸੀ।

ਨੌਂ ਯੂ ਐਲ ਬੀਜ਼[197] ਨੇ ਕਿਹਾ (ਅਕਤੂਬਰ-2024) ਕਿ ਸੀ ਐਂਡ ਡੀ ਰਹਿੰਦ-ਖੂੰਹਦ ਦੇ ਪ੍ਰਬੰਧਨ ਅਤੇ ਸੜਕ ਦੇ ਨਿਰਮਾਣ ਵਿੱਚ ਪ੍ਰੋਸੈਸਡ ਰਹਿੰਦ-ਖੂੰਹਦ ਦੀ ਵਰਤੋਂ ਲਈ ਯਤਨ ਕੀਤੇ ਜਾਣਗੇ। ਚਾਰ ਯੂ ਐਲ ਬੀਜ਼[198] ਨੇ ਕਿਹਾ ਕਿ ਬੇਕਾਰ ਪਈ ਸੀ ਐਂਡ ਡੀ ਵੇਸਟ ਮਸ਼ੀਨ ਦੀ ਵਰਤੋਂ ਕਰਨ ਦੀਆਂ ਯੋਜਨਾਵਾਂ ਬਣਾਏਗੀ ਅਤੇ ਪ੍ਰੋਸੈਸਡ ਸਮੱਗਰੀ ਦੀ ਵਰਤੋਂ ਸੜਕ ਨਿਰਮਾਣ ਲਈ ਕੀਤੀ ਜਾਵੇਗੀ। ਯੂ ਐਲ ਬੀ ਮੋਗਾ ਨੇ ਕਿਹਾ ਕਿ ਸੀ ਐਂਡ ਡੀ ਰਹਿੰਦ-ਖੂੰਹਦ ਲਈ ਦੋ ਸਾਈਟਾਂ ਦੀ ਪਛਾਣ ਕੀਤੀ ਗਈ ਅਤੇ ਮਨਜ਼ੂਰੀ ਦਿੱਤੀ ਗਈ ਸੀ। ਵਰਤਮਾਨ ਵਿੱਚ ਰਹਿੰਦ-ਖੂੰਹਦ ਭਰਨ ਲਈ ਇੱਕ ਨੀਵੇਂ ਇਲਾਕੇ ਵਿੱਚ ਰਹਿੰਦ-ਖੂੰਹਦ ਸੁੱਟਿਆ ਜਾ ਰਿਹਾ ਹੈ। ਸੀ ਐਂਡ ਡੀ ਰਹਿੰਦ-ਖੂੰਹਦ ਦੀ ਵਰਤੋਂ ਕਰਨ ਲਈ ਯੋਜਨਾਵਾਂ ਵਿਕਸਤ ਕੀਤੀਆਂ ਜਾਣਗੀਆਂ। ਯੂ ਐਲ ਬੀ ਮਖੂ ਨੇ ਕਿਹਾ ਕਿ ਸੀ ਐਂਡ ਡੀ ਰਹਿੰਦ-ਖੂੰਹਦ ਲਈ ਇੱਕ ਕਰੱਸ਼ਰ ਮਸ਼ੀਨ ਖਰੀਦੀ ਗਈ ਸੀ ਅਤੇ ਕੁੱਝ ਸਮੱਗਰੀ ਨੂੰ ਉਥੇ ਪ੍ਰੋਸੈਸ ਕੀਤਾ ਹਾਲਾਂਕਿ, ਇਹ ਪ੍ਰੋਸੈਸ ਕੀਤੀ ਗਈ ਸਮੱਗਰੀ ਨੂੰ ਨਿਰਮਾਣ ਵਿੱਚ ਨਹੀਂ ਵਰਤਿਆ ਗਿਆ ਸੀ, ਇੱਕ ਯੂ ਐਲ ਬੀ ਦੌਰਾਹਾ ਨੇ ਕਿਹਾ ਕਿ ਜਨਰੇਟ ਹੋਏ ਸੀ ਐਂਡ ਡੀ ਰਹਿੰਦ-ਖੂੰਹਦ ਦੀ ਵਰਤੋਂ ਕਸਬੇ ਦੇ ਨੀਵੇਂ ਇਲਾਕਿਆਂ ਨੂੰ ਭਰਨ ਜਾਂ ਸੜਕਾਂ ਬਣਾਉਣ ਲਈ ਕੀਤੀ ਜਾਂਦੀ ਸੀ। ਯੂ ਐਲ ਬੀ ਐਸ ਏ ਐਸ ਨਗਰ ਨੇ ਕਿਹਾ ਕਿ ਸੀ ਐਂਡ ਡੀ ਪ੍ਰੋਸੈਸਿੰਗ ਪਲਾਂਟ ਚਾਲੂ ਸੀ। ਯੂ ਐਲ ਬੀ ਬਠਿੰਡਾ ਨੇ ਕੋਈ ਜਵਾਬ ਨਹੀਂ ਦਿੱਤਾ।

ਯੂ ਐਲ ਬੀਜ਼ ਦੇ ਜਵਾਬ ਨਾਕਾਫੀ ਸਨ ਕਿਉਂਕਿ ਯੂ ਐਲ ਬੀਜ਼ ਸੀ ਐਂਡ ਡੀ ਰਹਿੰਦ-ਖੂੰਹਦ ਨੂੰ ਪ੍ਰੋਸੈਸ ਕਰਨ ਅਤੇ ਵਰਤਣ ਦੋਵਾਂ ਲਈ ਪਾਬੰਦ ਸਨ। ਬੇਕਾਰ ਮਸ਼ੀਨਰੀ ਅਤੇ ਪ੍ਰੋਸੈਸਡ ਸਮੱਗਰੀ ਦੀ ਗੈਰ-ਵਰਤੋਂ ਸੀ ਐਂਡ ਡੀ ਵੇਸਟ ਮੈਨੇਜੈਂਟ ਰੂਲਜ਼ ਅਤੇ ਨੀਤੀ ਦੀ ਪਾਲਣਾ ਨਾ ਕਰਨ ਨੂੰ ਦਰਸਾਉਂਦਾ ਹੈ।

ਚੰਗਾ ਅਭਿਆਸ

ਯੂ ਐਲ ਬੀ ਐਸ ਏ ਐਸ ਨਗਰ ਵਿੱਚ ਸੀ ਐਂਡ ਡੀ ਰਹਿੰਦ-ਖੂੰਹਦ ਦੀ ਵਰਤੋਂ ਚੈਨਲ ਅਤੇ ਕਰਬ ਬਣਾਉਣ ਲਈ ਕੀਤੀ ਗਈ ਸੀ।

---

194 (i) ਦੌਰਾਹਾ- ₹ 1.50 ਲੱਖ; (ii) ਫਿਰੋਜ਼ਪੁਰ- ₹ 1.99 ਲੱਖ; (iii) ਰਾਜਪੁਰਾ- ₹ 4.98 ਲੱਖ; ਅਤੇ (ix) ਕੀਰਤਪੁਰ ਸਾਹਿਬ- ₹ 1.99 ਲੱਖ।

195 ਕਾਰਪੋਰੇਸ਼ਨ ਬਠਿੰਡਾ।

196 (i) ਆਦਮਪੁਰ; (ii) ਕਰਤਾਰਪੁਰ; (iii) ਰੂਪਨਗਰ; (iv) ਐਸ ਬੀ ਐਸ ਨਗਰ; (v) ਸਰਹਿੰਦ; (vi) ਬਿਲਗਾ; (vii) ਖਮਾਣੋਂ; (viii) ਮੁੱਖੂ; ਅਤੇ (ix) ਮਹਿਰਾਜ;।

197 (i) ਰੂਪਨਗਰ; (ii) ਆਦਮਪੁਰ; (iii) ਕਰਤਾਰਪੁਰ; (iv) ਐਸ ਬੀ ਐਸ ਨਗਰ; (v) ਮਾਨਸਾ; (vi) ਖਮਾਣੋਂ; (vii) ਬਿਲਗਾ; (viii) ਮਹਿਰਾਜ; ਅਤੇ (ix) ਕਾਦੀਆਂ।

198 (i) ਸਰਹਿੰਦ; (ii) ਫਿਰੋਜ਼ਪੁਰ; (iii) ਰਾਜਪੁਰਾ; ਅਤੇ (iv) ਕੀਰਤਪੁਰ ਸਾਹਿਬ।

2.5.6.1 ਸੀ ਐਂਡ ਡੀ ਵੇਸਟ ਮੈਨੇਜਮੈਂਟ ਪ੍ਰੋਜੈਕਟਾਂ ਦਾ ਪੂਰਾ/ਸੰਚਾਲਨ ਨਾ ਹੋਣਾ

ਦੋ ਕਾਰਪੋਰੇਸ਼ਨਾਂ ਭਾਵ ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਸੀ ਐਂਡ ਡੀ ਵੇਸਟ ਮੈਨੇਜਮੈਂਟ ਸਮਾਰਟ ਸਿਟੀ ਮਿਸ਼ਨ (ਐਸ ਸੀ ਐਮ) ਅਧੀਨ ਕੀਤਾ ਜਾਣਾ ਸੀ। ਇਸ ਅਨੁਸਾਰ ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਕ੍ਰਮਵਾਰ ₹ 7.96 ਕਰੋੜ ਅਤੇ ₹ 8.37 ਕਰੋੜ ਦੀ ਲਾਗਤ ਨਾਲ ਸੀ ਐਂਡ ਡੀ ਵੇਸਟ ਮੈਨੇਜੈਂਟ ਲਈ ਪ੍ਰੋਜੈਕਟ (ਅਗਸਤ 2020) ਤਿਆਰ ਕੀਤੇ ਗਏ ਸਨ। ਅਨੁਮਾਨ ਦੋ ਭਾਗਾਂ ਭਾਗ ਏ ਅਤੇ ਬੀ ਵਿੱਚ ਤਿਆਰ ਕੀਤੇ ਗਏ ਸਨ। ਕੰਪੋਨੇਂਟ 'ਏ' ਵਿੱਚ ਪ੍ਰੋਸੈਸਿੰਗ ਪਲਾਂਟ ਯੂਨਿਟ ਜਿਸ ਵਿੱਚ ਡਿਜ਼ਾਈਨ ਇੰਜੀਨੀਅਰਿੰਗ ਅਤੇ ਪੰਜ ਸਾਲਾਂ ਲਈ ਪਲਾਂਟ ਅਤੇ ਉਪਕਰਣਾਂ ਦੀ ਸਪਲਾਈ ਸ਼ਾਮਲ ਹੈ, ਨੂੰ ਸ਼ਾਮਲ ਕੀਤਾ ਗਿਆ ਸੀ। ਕੰਪੋਨੈਂਟ 'ਬੀ' ਵਿੱਚ ਬੁਨਿਆਦੀ ਢਾਂਚੇ ਦੀ ਸਾਈਟ ਦੇ ਵਿਕਾਸ ਨੂੰ ਸ਼ਾਮਲ ਕੀਤਾ ਗਿਆ ਸੀ। ਇਨ੍ਹਾਂ ਪ੍ਰੋਜੈਕਟਾਂ ਲਈ ਲੁਧਿਆਣਾ ਦੇ ਢੰਡਾਰੀ ਕਲਾਂ ਅਤੇ ਅੰਮ੍ਰਿਤਸਰ ਦੇ ਫਤਹਿਪੁਰ ਵਿਖੇ ਜ਼ਮੀਨ ਦੀ ਸ਼ਨਾਖਤ ਕੀਤੀ ਗਈ ਸੀ।

ਲੁਧਿਆਣਾ ਵਿੱਚ ਕੰਪੋਨੈਂਟ 'ਏ' ਦਾ ਕੰਮ (ਜੂਨ 2021) ₹ 4.41 ਕਰੋੜ ਵਿੱਚ ਅਲਾਟ ਕੀਤਾ ਗਿਆ ਸੀ ਜਿਸ ਨੂੰ ਛੇ ਮਹੀਨਿਆਂ ਦੇ ਅੰਦਰ ਪੂਰਾ ਕੀਤਾ ਜਾਣਾ ਸੀ। ਇਸੇ ਤਰ੍ਹਾਂ ਅੰਮ੍ਰਿਤਸਰ ਵਿੱਚ ਕੰਮ (ਸਤੰਬਰ 2021) ₹ 3.64 ਕਰੋੜ ਵਿੱਚ ਓ ਐਂਡ ਐਮ ਦੇ ਨਾਲ ਪੰਜ ਸਾਲਾਂ ਲਈ ਅਲਾਟ ਕੀਤਾ ਗਿਆ ਸੀ ਜਿਸ ਨੂੰ ਛੇ ਮਹੀਨਿਆਂ ਦੀ ਮਿਆਦ ਭਾਵ ਮਾਰਚ 2022 ਤੱਕ ਪੂਰਾ ਕੀਤਾ ਗਿਆ ਸੀ।

ਕੰਪੋਨੈਂਟ 'ਬੀ' ਦਾ ਕੰਮ ਦਸੰਬਰ 2021/ਜੂਨ 2021 ਵਿੱਚ ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਕ੍ਰਮਵਾਰ ₹ 2.70 ਕਰੋੜ ਅਤੇ ₹ 2.62 ਕਰੋੜ ਵਿੱਚ ਅਲਾਟ ਕੀਤਾ ਗਿਆ ਸੀ ਤਾਂ ਜੋ ਚਾਰ ਮਹੀਨੇ ਅਤੇ ਛੇ ਮਹੀਨਿਆਂ ਵਿੱਚ ਪੂਰਾ ਕੀਤਾ ਜਾ ਸਕੇ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ (ਦਸੰਬਰ 2022) ਕਿ ਲੁਧਿਆਣਾ ਵਿੱਚ ਦੋਵਾਂ ਕੰਪੋਨੈਂਟਾਂ ਲਈ ਨਿਰਧਾਰਤ ਮੁਕੰਮਲ ਹੋਣ ਦਾ ਸਮਾਂ ਬੀਤ ਜਾਣ ਦੇ ਬਾਵਜੂਦ, ਸਾਈਟ ਦੀ ਗਲਤ ਚੋਣ ਐਗਜ਼ੀਕਿਊਸ਼ਨ ਸਾਈਟ ਤੇ ਰਹਿੰਦ-ਖੂੰਹਦ ਸੁੱਟਣ, ਪੂਰੇ ਆਰਕੀਟੈਕਚਰਲ ਡਿਜ਼ਾਈਨ ਅਤੇ ਢਾਂਚਾਗਤ ਵਰਕਿੰਗ ਡਰਾਇੰਗ ਦੀ ਸਪਲਾਈ ਨਾ ਹੋਣ ਅਤੇ ਸਾਈਟ ਨੂੰ ਨਾ ਸੌਂਪਣ ਆਦਿ ਕਾਰਨ ਕੰਮ (ਅਕਤੂਬਰ 2024) ਪੂਰਾ ਨਹੀਂ ਹੋ ਸਕਿਆ। ਠੇਕੇਦਾਰ ਵੱਲੋਂ ਅਥਾਰਟੀ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਕਿ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਵੱਲੋਂ ਇਸ ਥਾਂ ਦੀ ਵਰਤੋਂ ਰਹਿੰਦ-ਖੂੰਹਦ ਸੁੱਟਣ ਲਈ ਕੀਤੀ ਜਾ ਰਹੀ ਸੀ ਅਤੇ ਗੰਦਗੀ ਕਾਰਨ ਮਜ਼ਦੂਰਾਂ ਨੇ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ।

ਕਾਰਪੋਰੇਸ਼ਨ ਅੰਮ੍ਰਿਤਸਰ ਵਿੱਚ, ਕੰਪੋਨੈਂਟ ਬੀ 'ਬੁਨਿਆਦੀ ਢਾਂਚੇ ਦੀ ਸਿਰਜਣਾ' ਦਾ ਕੰਮ ₹ 2.65 ਕਰੋੜ ਦੀ ਲਾਗਤ ਨਾਲ ਅਪ੍ਰੈਲ 2022 ਵਿੱਚ ਪੂਰਾ ਕੀਤਾ ਗਿਆ ਸੀ। ਹਾਲਾਂਕਿ, ਕੰਪੋਨੈਂਟ 'ਏ' ਭਾਵ ਸਪਲਾਈ, ਇੰਸਟਾਲੇਸ਼ਨ ਅਤੇ ਕਮਿਸ਼ਨਿੰਗ ਦਾ ਕੰਮ ਨਿਰਧਾਰਤ ਮੁਕੰਮਲ ਹੋਣ ਦੇ ਸਮੇਂ ਤੋਂ ਇੱਕ ਸਾਲ ਬੀਤ ਜਾਣ ਅਤੇ ਪਲਾਂਟ ਅਤੇ ਮਸ਼ੀਨਰੀ ਲਈ ₹ 0.28 ਕਰੋੜ ਦੇ ਖਰਚੇ ਤੋਂ ਬਾਅਦ ਮਾਰਚ 2023 ਵਿੱਚ ਪੂਰਾ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਇਹ ਦੇਖਿਆ ਗਿਆ (ਅਕਤੂਬਰ 2024) ਕਿ ਸੀ ਐਂਡ ਡੀ ਵੇਸਟ ਪ੍ਰੋਸੈਸਿੰਗ ਸੁਵਿਧਾ ਚਾਲੂ ਸੀ, ਹਾਲਾਂਕਿ, ਪਹਿਲੇ ਸਾਲ ਲਈ ਪ੍ਰਤੀ ਦਿਨ 60 ਐਮ ਟੀ ਦੀ ਸਮਰੱਥਾ ਦੇ ਮੁਕਾਬਲੇ, ਇੱਥੇ ਸਿਰਫ਼ 20 ਐਮ ਟੀ ਸੀ ਐਂਡ ਡੀ ਰਹਿੰਦ-ਖੂੰਹਦ ਇਕੱਤਰ ਕੀਤਾ ਅਤੇ ਪ੍ਰੋਸੈਸ ਕੀਤਾ ਜਾ ਰਿਹਾ ਸੀ। ਸਾਰੇ ਪ੍ਰੋਸੈਸਡ ਸੀ ਐਂਡ ਡੀ ਰਹਿੰਦ-ਖੂੰਹਦ ਨੂੰ ਸਾਈਟ ਤੇ ਸਟੋਰ ਕੀਤਾ ਗਿਆ ਸੀ ਅਤੇ ਕਿਸੇ ਵੀ ਸੜਕ ਨਿਰਮਾਣ

ਗਤੀਵਿਧੀਆਂ ਆਦਿ ਵਿੱਚ ਨਹੀਂ ਵਰਤਿਆ ਗਿਆ ਸੀ। ਅਸਲ ਇਨਪੁਟ ਅਤੇ ਆਉਟਪੁੱਟ ਰਿਕਾਰਡ ਲੇਖਾ ਪ੍ਰੀਖਿਆ ਕਰਨ ਲਈ ਨਹੀਂ ਦਿਖਾਏ ਗਏ ਸਨ।

ਕਾਰਪੋਰੇਸ਼ਨ ਲੁਧਿਆਣਾ ਨੇ ਕਿਹਾ (ਅਕਤੂਬਰ 2024) ਕਿ ਇਹ ਜਗ੍ਹਾ ਬਹੁਤ ਪੁਰਾਣੀ ਸੀ ਅਤੇ ਪਹਿਲਾਂ ਇਸ ਨੂੰ ਗਰੀਬਾਂ ਲਈ ਮਕਾਨ ਬਣਾਉਣ ਲਈ ਚੁਣਿਆ ਗਿਆ ਸੀ। ਕੰਮ ਨੂੰ ਅਜਾਮ ਦੇਣ ਦੌਰਾਨ 10-12 ਫੁੱਟ ਡੂੰਘਾਈ ਤੱਕ ਗੰਦਗੀ ਵੇਖੀ ਗਈ ਅਤੇ ਇਸ ਲਈ ਕੰਮ ਸ਼ੁਰੂ ਨਹੀਂ ਕੀਤਾ ਜਾ ਸਕਿਆ। ਹੁਣ ਕੰਮ ਸ਼ੁਰੂ ਹੋ ਗਿਆ ਸੀ ਅਤੇ ਪ੍ਰਗਤੀ ਅਧੀਨ ਸੀ, ਜੋ ਦਸੰਬਰ 2024 ਤੱਕ ਪੂਰਾ ਹੋ ਜਾਵੇਗਾ। ਯੂ ਐਲ ਬੀ ਅੰਮ੍ਰਿਤਸਰ ਨੇ ਕਿਹਾ ਕਿ ਇਸ ਸਮੇਂ ਪ੍ਰੋਸੈਸਿੰਗ ਪਲਾਂਟ ਰਾਹੀਂ ਸਿਰਫ਼ 20 ਐਮ ਟੀ ਪ੍ਰਤੀ ਦਿਨ ਰਹਿੰਦ-ਖੂੰਹਦ ਇਕੱਤਰ ਕੀਤਾ ਜਾ ਰਿਹਾ ਸੀ ਅਤੇ ਪ੍ਰੋਸੈਸ ਕੀਤਾ ਜਾ ਰਿਹਾ ਸੀ। ਭਵਿੱਖ ਵਿੱਚ ਇਕੱਤਰ ਕੀਤੇ ਗਏ ਸੀ ਐਂਡ ਡੀ ਰਹਿੰਦ-ਖੂੰਹਦ ਨੂੰ ਵਧਾਇਆ ਜਾਵੇਗਾ। ਸਾਰਾ ਰਹਿੰਦ-ਖੂੰਹਦ ਸਾਈਟ 'ਤੇ ਸਟੋਰ ਕੀਤਾ ਜਾ ਰਿਹਾ ਸੀ ਅਤੇ ਹੁਣ ਤੱਕ ਸੜਕ ਨਿਰਮਾਣ ਦੀਆਂ ਗਤੀਵਿਧੀਆਂ ਵਿੱਚ ਨਹੀਂ ਵਰਤਿਆ ਜਾ ਰਿਹਾ ਸੀ।

ਇਸ ਤਰ੍ਹਾਂ, ਕਾਰਪੋਰੇਸ਼ਨ ਲੁਧਿਆਣਾ ਸੱਤ[199] ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵਿਗਿਆਨਕ ਤਰੀਕੇ ਨਾਲ ਸੀ ਐਂਡ ਡੀ ਰਹਿੰਦ-ਖੂੰਹਦ ਦਾ ਪ੍ਰਬੰਧਨ ਨਹੀਂ ਕਰ ਸਕਿਆ ਜਿਸ ਨਾਲ ਨਾ ਸਿਰਫ਼ ਵਾਤਾਵਰਣ ਤੇ ਮਾੜਾ ਅਸਰ ਪਵੇਗਾ ਬਲਕਿ ਸੀ ਐਂਡ ਡੀ ਵੇਸਟ ਮੈਨੇਜਮੈਂਟ ਪਾਲਿਸੀ 2020[200] ਵਿੱਚ ਦਿੱਤੇ ਅਨੁਸਾਰ ਵਿੱਤੀ ਨੁਕਸਾਨ ਵੀ ਹੋਵੇਗਾ। ਇਸ ਤੋਂ ਇਲਾਵਾ, ਕਾਰਪੋਰੇਸ਼ਨ ਅੰਮ੍ਰਿਤਸਰ ਵੀ ਨਿਰਮਾਣ ਗਤੀਵਿਧੀਆਂ ਲਈ ਪ੍ਰੋਸੈਸਡ ਸੀ ਐਂਡ ਡੀ ਰਹਿੰਦ-ਖੂੰਹਦ ਦੀ ਵਰਤੋਂ ਨਹੀਂ ਕਰ ਸਕਿਆ ਅਤੇ ਪਲਾਂਟ ਬਹੁਤ ਘੱਟ ਸਮਰੱਥਾ 'ਤੇ ਚਲਾਇਆ ਜਾਂਦਾ ਸੀ।

2.5.7 ਪੋਰਟੇਬਲ ਕੰਪੈਕਟਰਾਂ ਨਾਲ ਸਬੰਧਤ ਕੰਮ ਪੂਰਾ ਨਾ ਹੋਣਾ

ਲੁਧਿਆਣਾ ਵਿੱਚ ਐਸ ਸੀ ਐਮ ਅਧੀਨ 63 ਪੋਰਟੇਬਲ ਕੰਪੈਕਟਰਾਂ ਦੀ ਸਥਾਪਨਾ ਕਰਨ ਲਈ ਇੱਕ ਪ੍ਰੋਜੈਕਟ (ਫਰਵਰੀ 2020) ਦੀ ਯੋਜਨਾ ਬਣਾਈ ਗਈ ਸੀ ਤਾਂ ਜੋ ਸ਼ਹਿਰ ਨੂੰ ਕੂੜੇਦਾਨ-ਮੁਕਤ ਬਣਾਉਣਾ ਅਤੇ ਸਰੋਤ ਤੇ ਰਹਿੰਦ-ਖੂੰਹਦ ਨੂੰ ਰੋਕ ਕੇ ਪ੍ਰਾਇਮਰੀ ਇੱਕਤਰ ਕਰਨ ਦੀ ਪ੍ਰਣਾਲੀ ਦੀ ਕੁਸ਼ਲਤਾ ਨੂੰ ਵਧਾਉਣਾ ਸੀ, ਜਿਸ ਨਾਲ ਪ੍ਰਭਾਵਸ਼ਾਲੀ ਆਵਾਜਾਈ ਸਹੂਲਤ ਨਾਲ ਸੈਕੰਡਰੀ ਰਹਿੰਦ-ਖੂੰਹਦ ਇਕੱਤਰ ਕਰਨ ਦੀ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾ ਸਕੇ।

ਕਾਰਪੋਰੇਸ਼ਨ, ਲੁਧਿਆਣਾ ਦੇ ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਪ੍ਰੋਜੈਕਟ ਅਧੀਨ ਲੋੜੀਂਦੇ ਕੰਪੈਕਟਰ ਲਗਾਉਣ ਲਈ 22 ਸਾਈਟਾਂ ਦੇ ਸਿਵਲ ਕੰਮ ਲਈ ਟੈਂਡਰ (ਮਈ 2020) ਮੰਗੇ ਗਏ ਸਨ ਅਤੇ ਇਸ ਨੂੰ ਪੂਰਾ ਕਰਨ ਲਈ 11 ਮਹੀਨਿਆਂ ਦੀ ਨਿਰਧਾਰਤ ਮਿਆਦ ਦੇ ਨਾਲ ₹ 13.57 ਕਰੋੜ ਦੀ ਲਾਗਤ ਨਾਲ ਕੰਮ (ਦਸੰਬਰ 2020) ਇਕ ਏਜੰਸੀ ਨੂੰ ਅਲਾਟ ਕੀਤਾ ਗਿਆ ਸੀ ਇਹ ਦੇਖਿਆ ਗਿਆ ਕਿ 31 ਅਗਸਤ 2022 ਤੱਕ, ₹ 4.64 ਕਰੋੜ ਦਾ ਖਰਚ ਕੀਤਾ ਗਿਆ ਸੀ ਅਤੇ 55 *ਪ੍ਰਤੀਸ਼ਤ* ਦੀ ਭੌਤਿਕ ਪ੍ਰਗਤੀ ਕੀਤੀ ਗਈ ਸੀ। ਦਸੰਬਰ 2021 ਵਿੱਚ, ਐਸ ਸੀ ਐਮ ਅਥਾਰਟੀ ਨੇ ਠੇਕਾ ਏਜੰਸੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਅਤੇ ਚੇਤਾਵਨੀ ਦਿੱਤੀ ਕਿ ਉਹ ਕੰਮ ਪੂਰਾ ਨਾ ਕਰਨ 'ਤੇ ਜੁਰਮਾਨਾ ਲਗਾਏਗੀ। ਹਾਲਾਂਕਿ, ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ।

---

199 ਸੀ ਐਂਡ ਡੀ ਰਹਿੰਦ-ਖੂੰਹਦ ਪ੍ਰਬੰਧਨ ਸਤੰਬਰ 2017 ਤੱਕ ਸ਼ੁਰੂ ਕੀਤਾ ਜਾਣਾ ਸੀ।

200 ਸੀ ਐਂਡ ਡੀ ਵੇਸਟ ਮੈਨੇਜਮੈਂਟ ਪਾਲਿਸੀ 2020 ਦੇ ਨਿਯਮ 11(ਸੀ) ਦੇ ਅਨੁਸਾਰ।

ਕਾਰਪੋਰੇਸ਼ਨ, ਲੁਧਿਆਣਾ ਨੇ (ਅਕਤੂਬਰ 2024) ਕਿਹਾ ਕਿ ਸਾਈਟ ਦੇ ਮੁੱਦਿਆਂ ਅਤੇ ਸਥਾਨਕ ਇਤਰਾਜ਼ਾਂ ਕਾਰਨ ਕੰਮ ਅਧੂਰਾ ਸੀ, ਪਰ ਹੁਣ ਸਾਰੀਆਂ 22 ਕੰਪੈਕਟਰ ਸਾਈਟਾਂ ਤੇ ਸਿਵਲ ਕੰਮ ਪੂਰਾ ਹੋ ਗਿਆ ਸੀ। ਜਵਾਬ ਸਵੀਕਾਰ ਯੋਗ ਨਹੀਂ ਸੀ ਕਿਉਂਕਿ ਮਸ਼ਨਰੀ ਅਜੇ ਸਥਾਪਤ ਨਹੀਂ ਕੀਤੀ ਗਈ ਸੀ ਅਤੇ ਭੌਤਿਕ ਪ੍ਰਗਤੀ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ ਲੇਖਾ ਪ੍ਰੀਖਿਆ ਲਈ ਪੇਸ਼ ਨਹੀਂ ਕੀਤਾ ਗਿਆ ਸੀ। ਇਸ ਤਰ੍ਹਾਂ ਕੰਮ ਪੂਰਾ ਨਾ ਹੋਣ ਕਾਰਨ, ਵਿਚਕਾਰਲੇ ਸਟੋਰੇਜ਼ ਲਈ ਪੋਰਟੇਬਲ ਕੰਪੈਕਟਰ ਸਥਾਪਤ ਕਰਕੇ ਕੇਂਦਰੀਕ੍ਰਿਤ ਸਥਾਨ 'ਤੇ ਐਮ ਐਸ ਡਬਲਯੂ ਦੀ ਵੱਡੀ ਮਾਤਰਾ ਨੂੰ ਸੰਭਾਲਣ ਦੇ ਬੋਝ ਨੂੰ ਘਟਾਉਣ ਦਾ ਉਦੇਸ਼ ਪ੍ਰਾਪਤ ਨਹੀਂ ਕੀਤਾ ਗਿਆ ਸੀ।

2.5.8 ਸਿੱਟਾ

ਵਿਭਾਗ ਨੇ ਅੱਠ ਠੋਸ ਰਹਿੰਦ-ਖੂੰਹਦ ਪ੍ਰਬੰਧਨ ਪੀ ਪੀ ਪੀ ਪ੍ਰੋਜੈਕਟਾਂ ਦੀ ਪਛਾਣ ਕੀਤੀ ਪਰ ਸਿਰਫ਼ ਇੱਕ ਹੀ ਕਾਰਜਸ਼ੀਲ ਸੀ। ਕਾਰਪੋਰੇਸ਼ਨ, ਅੰਮ੍ਰਿਤਸਰ ਤਿੰਨ ਡੰਪਸਾਈਟਾਂ ਨੂੰ ਬੰਦ ਕਰਨ, ਸਾਰੇ ਸੈਕੰਡਰੀ ਕੁਲੈਕਸ਼ਨ ਪੁਆਇੰਟਾਂ ਨੂੰ ਖਤਮ ਕਰਨ, ਸੈਨੇਟਰੀ ਲੈਂਡਫਿਲਾਂ ਦੀ ਉਸਾਰੀ ਅਤੇ ਵੇਟਬ੍ਰਿਜ ਦੀ ਸਥਾਪਨਾ ਆਦਿ ਨੂੰ ਯਕੀਨੀ ਨਹੀਂ ਬਣਾ ਸਕਿਆ। ਲਾਸ਼ ਪ੍ਰਬੰਧਨ ਅਕੁਸ਼ਲ ਸੀ ਕਿਉਂਕਿ ਕਾਰਪੋਰੇਸ਼ਨ, ਲੁਧਿਆਣਾ ਵਿੱਚ ₹ 8.48 ਕਰੋੜ ਦੀ ਲਾਗਤ ਨਾਲ ਸਥਾਪਤ ਕੀਤਾ ਗਿਆ ਆਧੁਨਿਕ ਲਾਸ਼ ਉਪਯੋਗਤਾ ਪਲਾਂਟ ਲੋਕਾਂ ਦੇ ਵਿਰੋਧ ਕਾਰਨ ਬੇਕਾਰ ਪਿਆ ਸੀ। ਚੁਣੇ ਹੋਏ ਯੂ ਐਲ ਬੀਜ਼ ਵਿੱਚ ਜਾਨਵਰਾਂ ਦਾ ਸਲਾਟਰ ਵਿਗਿਆਨਕ ਤੌਰ ਤੇ ਨਹੀਂ ਕੀਤਾ ਗਿਆ ਸੀ। ਲੁਧਿਆਣਾ ਵਿੱਚ ਆਧੁਨਿਕ ਬੁੱਚੜਖਾਨਾ ₹ 20.57 ਕਰੋੜ ਖਰਚ ਕਰਨ ਦੇ ਬਾਵਜੂਦ ਆਪਣੀ ਸਥਾਪਤ ਸਮਰੱਥਾ 'ਤੇ ਕੰਮ ਨਹੀਂ ਕਰ ਰਿਹਾ ਸੀ। ਯੂ ਐਲ ਬੀਜ਼ ਵਿੱਚ ਗੈਰ-ਕਾਨੂੰਨੀ ਅਤੇ ਗੈਰ-ਵਿਗਿਆਨਕ ਸਲਾਟਰ ਵਾਤਾਵਰਣ ਅਤੇ ਜਨਤਾ ਲਈ ਖਤਰੇ ਪੈਦਾ ਕਰ ਰਿਹਾ ਸੀ। ਨਗਰ ਨਿਗਮ, ਐਸ ਏ ਐਸ ਨਗਰ ਨੂੰ ਛੱਡ ਕੇ ਜਿੱਥੇ ਚੈਨਲਾਂ ਅਤੇ ਕਰਬਾਂ ਦੀ ਉਸਾਰੀ ਲਈ ਸੀ ਐਂਡ ਡੀ ਰਹਿੰਦ-ਖੂੰਹਦ ਦੀ ਵਰਤੋਂ ਕੀਤੀ ਜਾਂਦੀ ਸੀ, ਕਿਸੇ ਵੀ ਚੁਣੇ ਹੋਏ ਯੂ ਐਲ ਬੀਜ਼ ਵਿੱਚ ਉਸਾਰੀ ਅਤੇ ਡਿਮੋਲਿਸ਼ਨ ਵਾਲੇ ਰਹਿੰਦ-ਖੂੰਹਦ ਦਾ ਪ੍ਰਬੰਧਨ ਨਹੀਂ ਕੀਤਾ ਗਿਆ ਸੀ।

2.5.9 ਸਿਫਾਰਸ਼ਾ

ਰਾਜ ਸਰਕਾਰ/ਯੂ ਐਲ ਬੀਜ਼ ਇਹ ਯਕੀਨੀ ਬਣਾ ਸਕਦੇ ਹਨ:

- *ਰਾਜ ਵਿੱਚ ਠੋਸ ਰਹਿੰਦ-ਖੂੰਹਦ ਦੇ ਵਿਗਿਆਨਕ ਪ੍ਰਬੰਧਨ ਲਈ ਵਿਵਹਾਰਕ ਜਨਤਕ- ਨਿੱਜੀ ਭਾਈਵਾਲੀ ਪ੍ਰੋਜੈਕਟਾਂ ਦੀ ਪਛਾਣ ਅਤੇ ਇਨ੍ਹਾਂ ਪ੍ਰੋਜੈਕਟਾਂ ਦੇ ਪੇਸ਼ੇਵਾਰ ਪ੍ਰਬੰਧਨ; ਅਤੇ*
- *ਨਿਯਮਾਂ ਦੇ ਅਧੀਨ ਲੋੜ ਅਨੁਸਾਰ ਹੋਰ ਰਹਿੰਦ-ਖੂੰਹਦ ਜਿਵੇਂ ਕਿ ਲਾਸ਼ਾਂ ਦਾ ਰਹਿੰਦ-ਖੂੰਹਦ, ਸੀ ਐਂਡ ਡੀ ਰਹਿੰਦ-ਖੂੰਹਦ ਅਤੇ ਬੁੱਚੜਖਾਨੇ ਦੇ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਇੱਕ ਏਕੀਕ੍ਰਿਤ ਲਾਗੂ ਕਰਨ ਦੀ ਯੋਜਨਾ ਤਿਆਰ ਕਰਨਾ।*

2.6 ਨਿਗਰਾਨੀ ਅਤੇ ਮੁਲਾਂਕਣ

ਮਿਉਂਸਪਲ ਠੋਸ ਰਹਿੰਦ-ਖੂੰਹਦ ਪ੍ਰਬੰਧਨ ਪ੍ਰਣਾਲੀ ਕੇ ਕਈ ਪਹਿਲੂ ਹਨ ਜਿਨ੍ਹਾਂ ਦੀ ਨਿਗਰਾਨੀ ਰੋਜ਼ਾਨਾ, ਹਫਤਾਵਾਰੀ, ਮਹੀਨਾਵਾਰ ਜਾਂ ਸਾਲਾਨਾ ਆਧਾਰ 'ਤੇ ਕੀਤੀ ਜਾਣੀ ਚਾਹੀਦੀ ਹੈ। ਸੇਵਾ ਪ੍ਰਬੰਧਾਂ ਦਾ ਮੁਲਾਂਕਣ ਕਰਨ ਅਤੇ ਲੋੜੀਂਦੇ ਸੁਧਾਰ ਕਰਨ ਲਈ ਇਕੱਤਰ ਕੀਤੀ ਜਾਣਕਾਰੀ ਦਾ

ਉਚਿਤ ਵਿਸ਼ਲੇਸ਼ਣ ਕੀਤਾ ਜਾਣਾ ਚਹੀਦਾ ਹੈ। ਐਮ ਐਸ ਡਬਲਯੂ ਐਮ ਪ੍ਰਣਾਲੀ ਦੇ ਸਾਰੇ ਭਾਗਾਂ ਦੀ ਕਾਰਗੁਜ਼ਾਰੀ, ਇਕੱਤਰ ਕਰਨ ਤੋਂ ਲੈ ਕੇ ਪ੍ਰੋਸੈਸਿੰਗ ਅਤੇ ਨਿਪਟਾਰੇ ਤੱਕ, ਰੋਜ਼ਾਨਾ ਅਧਾਰ 'ਤੇ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਐਮ ਐਸ ਡਬਲਯੂ ਐਮ ਯੋਜਨਾ ਦੀ ਪ੍ਰਗਤੀ ਨੂੰ ਸਹੀ ਢੰਗ ਨਾਲ ਲਾਗੂ ਕਰਨ ਅਤੇ ਮੁਲਾਂਕਣ ਕਰਨ ਲਈ ਇੱਕ ਵਿਆਪਕ ਨਿਗਰਾਨੀ ਅਤੇ ਮੁਲਾਂਕਣ (ਐਮ ਐਂਡ ਈ) ਵਿਧੀ ਅਪਣਾਈ ਜਾਣੀ ਚਾਹੀਦੀ ਹੈ।

ਐਮ ਐਸ ਡਬਲਯੂ ਐਮ ਦੇ ਐਮ ਐਂਡ ਈ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨ ਲਈ ਹੇਠ ਲਿਖੇ ਲੇਖਾ ਪ੍ਰੀਖਿਆ ਉਦੇਸ਼ ਤਿਆਰ ਕੀਤਾ ਗਿਆ ਸੀ:

"ਕੀ ਠੋਸ ਰਹਿੰਦ-ਖੂੰਹਦ ਪ੍ਰਬੰਧਨ ਪ੍ਰਣਾਲੀ ਦਾ ਐਮ ਐਂਡ ਈ ਜਿਸ ਵਿੱਚ ਜਾਗਰੂਕਤਾ ਪੈਦਾ ਕਰਨ ਦੀ ਯੋਗਤਾ, ਵਿਵਹਾਰਕ ਤਬਦੀਲੀ ਨੂੰ ਪ੍ਰਭਾਵਤ ਕਰਨ ਲਈ ਨਾਗਰਿਕਾਂ ਦੀ ਸ਼ਮੂਲੀਅਤ, ਵਾਤਾਵਰਣ ਪ੍ਰਭਾਵਾਂ ਦਾ ਮੁਲਾਂਕਣ ਅਤੇ ਅੰਦਰੂਨੀ ਨਿਯੰਤਰਣ ਨੂੰ ਲਾਗੂ ਕਰਨਾ ਸ਼ਾਮਲ ਹੈ, ਢੁਕਵਾਂ ਅਤੇ ਪ੍ਰਭਾਵਸ਼ਾਲੀ ਸੀ"।

2.6.1 ਨਿਗਰਾਨੀ ਲਈ ਰਿਕਾਰਡਾਂ ਦੀ ਸਾਂਭ-ਸੰਭਾਲ ਨਾ ਕਰਨਾ

ਐਮ ਐਸ ਡਬਲਯੂ ਐਮ ਮੈਨੂਅਲ ਦਾ ਪੈਰ੍ਹਾ 6.1.1 ਪ੍ਰਦਾਨ ਕਰਦਾ ਹੈ ਕਿ ਇੱਕ ਪ੍ਰਭਾਵਸ਼ਾਲੀ ਐਮ ਐਂਡ ਈ ਪ੍ਰਣਾਲੀ ਨੂੰ ਲਾਗੂ ਕਰਨ ਵੱਲ ਪਹਿਲਾ ਕਦਮ ਐਮ ਐਸ ਡਬਲਯੂ ਐਮ ਪ੍ਰਣਾਲੀ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਲਈ ਲੋੜੀਂਦਾ ਡਾਟਾ[201] ਪ੍ਰਾਪਤ ਕਰਨਾ ਹੈ। ਤਿਆਰ ਕੀਤੀਆਂ ਗਈਆਂ ਰਿਪੋਰਟਾਂ ਵਿੱਚ ਮਹੱਤਵਪੂਰਨ ਜਾਣਕਾਰੀ ਹੋਣੀ ਚਾਹੀਦੀ ਹੈ ਜਿਸਦੀ ਵਰਤੋਂ ਸ਼ਹਿਰ ਦੇ ਜ਼ੋਨ ਜਾਂ ਵਾਰਡ ਪੱਧਰ 'ਤੇ ਫੈਸਲੇ ਲੇਣੇ, ਪਾੜੇ ਦੀ ਪਛਾਣ ਕਰਨ ਅਤੇ ਸੁਧਾਰਾਤਮਕ ਉਪਾਵਾਂ ਨੂੰ ਲਾਗੂ ਕਰਨ ਲਈ ਪ੍ਰਭਾਵਸ਼ਾਲੀ ਢੰਗ ਨਾਲ ਵਰਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਵਾਰਡ ਪੱਧਰੀ ਕਮੇਟੀ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ ਜਿਸ ਵਿੱਚ ਤਿੰਨ ਲੱਖ ਜਾਂ ਇਸ ਤੋਂ ਵੱਧ ਆਬਾਦੀ ਵਾਲੀ ਨਗਰਪਾਲਿਕਾ ਦੇ ਇੱਕ ਜਾਂ ਵਧੇਰੇ ਵਾਰਡ ਸ਼ਾਮਲ ਹੋਣੇ ਚਾਹੀਦੇ ਹਨ।

ਰਿਕਾਰਡਾਂ ਦੀ ਪੜਤਾਲ (ਅਗਸਤ 2022 ਤੋਂ ਮਾਰਚ 2023) ਤੋਂ ਪਤਾ ਲੱਗਿਆ ਹੈ ਕਿ ਚੁਣੇ ਗਏ ਯੂ ਐਲ ਬੀਜ਼ ਵਿੱਚ, ਰਿਕਾਰਡ ਜਾਂ ਤਾਂ ਬਿਲਕੁਲ ਨਹੀਂ ਰੱਖਿਆ ਗਿਆ ਸੀ ਜਾਂ ਹੇਠਾਂ ਵੇਰਵੇ ਅਨੁਸਾਰ ਨਾਕਾਫੀ ਢੰਗ ਨਾਲ ਸਾਂਭਿਆ ਗਿਆ ਸੀ।

- 20 ਯੂ ਐਲ ਬੀਜ਼ ਵਿਚੋਂ, ਸਾਲ 2019 ਦੌਰਾਨ ਆਬਾਦੀ/ਘਰੇਲੂ (ਐਚ ਐਚਜ਼) ਸਰਵੇਖਣ ਸਿਰਫ਼ ਦੋ ਯੂ ਐਲ ਬੀਜ਼[202] ਦੁਆਰਾ ਕੀਤਾ ਗਿਆ ਸੀ। ਹਾਲਾਂਕਿ, ਕੀਰਤਪੁਰ ਸਾਹਿਬ ਯੂ ਐਲ ਬੀ ਨੇ ਆਪਣੀ ਸਾਲਾਨਾ ਰਿਪੋਰਟ (ਏ ਆਰ) ਵਿੱਚ ਆਬਾਦੀ ਦੇ ਡਾਟੇ ਨੂੰ ਅਪਡੇਟ ਨਹੀਂ ਕੀਤਾ ਅਤੇ ਮਾਨਸਾ ਯੂ ਐਲ ਬੀ ਨੇ ਇਸ ਸਰਵੇਖਣ ਤੋਂ ਬਾਅਦ ਸਾਲਾਨਾ ਰਿਪੋਰਟ ਪੇਸ਼ ਨਹੀਂ ਕੀਤੀ। 18 ਯੂ ਐਲ ਬੀਜ਼ ਵਿੱਚ, ਆਬਾਦੀ ਅਤੇ ਐਚ ਐਚਜ਼ ਦੇ ਅੰਕੜੇ 2017-22 ਦੇ ਵਿਚਕਾਰ ਦੀ ਮਿਆਦ ਲਈ ਬਿਨਾਂ ਕਿਸੇ ਸਰਵੇਖਣ ਬੁਨਿਆਦੀ ਰਿਕਾਰਡਾਂ ਦੇ ਲਗਭਗ ਇੱਕੋ ਜਿਹੇ ਲਏ ਗਏ ਸਨ ***(ਅੰਤਿਕਾ 2.19)***।

---

201 ਯੂ ਐਲ ਬੀਜ਼, ਘਰ-ਘਰ ਜਾ ਕੇ ਇੱਕਤਰ ਕਰਨ, ਇਕੱਤਰ ਕੀਤੇ ਰਹਿੰਦ-ਖੂੰਹਦ ਦੀ ਮਾਤਰਾ ਅਤੇ ਇਸ ਨੂੰ ਵੱਖ ਕਰਨ, ਵਾਹਨਾਂ ਅਤੇ ਮਨੁੱਖੀ ਸਰੋਤਾਂ ਦੀ ਉਪਲਬਧਤਾ, ਅਣਅਧਿਕਾਰਤ ਰਹਿੰਦ-ਖੂੰਹਦ ਪੁਆਇੰਟ ਦੀ ਪਛਾਣ, ਪ੍ਰੋਸੈਸਿੰਗ ਡਾਟਾ, ਸੰਚਾਲਨ ਦੀ ਲਾਗਤ, ਹਰ ਦਿਨ ਕੱਢੀਆਂ ਗਈਆਂ ਲਾਸ਼ਾਂ ਦੀ ਔਸਤ ਸੰਖਿਆ ਆਦਿ ਬਾਰੇ ਆਮ ਜਾਣਕਾਰੀ ਲੋੜ ਅਨੁਸਾਰ ਰੋਜ਼ਾਨਾ, ਮਹੀਨਾਵਾਰ, ਤਿਮਾਹੀ ਜਾਂ ਸਾਲਾਨਾ ਆਧਾਰ ਤੇ।

202 (i) ਕੀਰਤਪੁਰ ਸਾਹਿਬ: 7545 (ਏ ਆਰ) 7565 (ਸਰਵੇਖਣ ਤੋਂ ਬਾਅਦ); ਅਤੇ (ii) ਮਾਨਸਾ।

- 20 ਯੂ ਐਲ ਬੀਜ਼ ਵਿੱਚੋਂ, ਤਿੰਨ ਯੂ ਐਲ ਬੀਜ਼[203] ਵਿੱਚ ਰਹਿੰਦ-ਖੂੰਹਦ ਪ੍ਰਬੰਧਨ ਆਊਟਸੋਰਸ ਕੀਤਾ ਗਿਆ ਸੀ। ਦੋ ਯੂ ਐਲ ਬੀਜ਼[204] ਨੇ ਲੰਬਿਤ ਵਿਚੋਲਗੀ ਦੇ ਮਾਮਲਿਆਂ ਕਾਰਨ ਰਿਕਾਰਡ ਪੇਸ਼ ਨਹੀਂ ਕੀਤੇ। ਇੱਕ ਯੂ ਐਲ ਬੀ[205] ਨੇ ਸਿਰਫ਼ ਰਹਿੰਦ-ਖੂੰਹਦ ਦੀ ਢੋਆ-ਢੁਆਈ ਦੇ ਰਿਕਾਰਡ ਅਤੇ ਵਿਰਾਸਤੀ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਦੀ ਲਾਗਬੁੱਕ ਪੇਸ਼ ਕੀਤੀ।
- ਤਿੰਨ ਯੂ ਐਲ ਬੀਜ਼[206] ਵਿੱਚ, ਰਹਿੰਦ-ਖੂੰਹਦ ਪ੍ਰਬੰਧਨ ਰਹਿੰਦ-ਖੂੰਹਦ ਚੁੱਕਣ ਵਾਲੀ ਐਸੋਸੀਏਸ਼ਨ/ਸੁਸਾਇਟੀ ਰਾਹੀਂ ਕੀਤਾ ਜਾ ਰਿਹਾ ਸੀ। ਹਾਲਾਂਕਿ, ਰਹਿੰਦ-ਖੂੰਹਦ ਇਕੱਠਾ ਕਰਨ ਲਈ ਐਮ ਆਰ ਐਫ ਦੀਆਂ ਲਾਗਬੁੱਕਜ਼ ਅਪ੍ਰੈਲ 2020 ਤੋਂ ਸਿਰਫ਼ ਇੱਕ ਯੂ ਐਲ ਬੀ[207] ਵਿੱਚ ਰੱਖੀਆਂ ਗਈਆਂ ਸਨ।
- ਬਾਕੀ 14 ਯੂ ਐਲ ਬੀਜ਼ ਵਿੱਚ, ਘਰ-ਘਰ ਜਾ ਕੇ ਰਹਿੰਦ-ਖੂੰਹਦ ਇਕੱਠਾ ਕਰਨ, ਇਕੱਤਰ ਕੀਤੇ ਰਹਿੰਦ-ਖੂੰਹਦ ਦੀ ਮਾਤਰਾ ਅਤੇ ਇਸ ਨੂੰ ਵੱਖ ਕਰਨ, ਵਾਹਨਾਂ ਅਤੇ ਮਨੁੱਖੀ ਸਰੋਤਾਂ ਦੀ ਉਪਲਬਧਤਾ, ਅਣਅਧਿਕਾਰਤ ਰਹਿੰਦ-ਖੂੰਹਦ ਡੰਪਿੰਗ ਪੁਆਇੰਟ ਦੀ ਸ਼ਨਾਖਤ, ਰਹਿੰਦ-ਖੂੰਹਦ ਪ੍ਰੋਸੈਸਿੰਗ ਡਾਟਾ ਆਦਿ ਦੇ ਲੋੜੀਂਦੇ ਰਿਕਾਰਡ ਲੋੜੀਂਦੀ ਬਾਰੰਬਾਰਤਾ[208] 'ਤੇ ਨਹੀਂ ਰੱਖੇ ਗਏ। ਇਸ ਦੇ ਨਤੀਜੇ ਵਜੋਂ ਜ਼ਮੀਨੀ ਪੱਧਰ 'ਤੇ ਨਿਗਰਾਨੀ ਦੀ ਘਾਟ ਸੀ।
- ਤਿੰਨ ਲੱਖ ਤੋਂ ਵੱਧ ਦੀ ਆਬਾਦੀ ਵਾਲੇ ਤਿੰਨ ਯੂ ਐਲ ਬੀਜ਼[209] ਨੇ ਐਸ ਡਬਲਯੂ ਐਮ ਦੀ ਨਿਗਰਾਨੀ ਲਈ ਵਾਰਡ ਪੱਧਰੀ ਕਮੇਟੀ ਦਾ ਗਠਨ ਨਹੀਂ ਕੀਤਾ ਸੀ ਜਿਵੇਂ ਕਿ ਉਕਤ ਉਪਬੰਧਾਂ ਵਿੱਚ ਲੋੜੀਂਦਾ ਹੈ।

ਉਪਰੋਕਤ ਤੋਂ ਇਹ ਸਪੱਸ਼ਟ ਹੈ ਕਿ ਯੂ ਐਲ ਬੀਜ਼ ਮੈਨੂਅਲ ਵਿੱਚ ਨਿਰਧਾਰਤ ਕੀਤੇ ਅਨੁਸਾਰ ਲੋੜੀਂਦੇ ਰਿਕਾਰਡਾਂ ਦੀ ਸਾਂਭ-ਸੰਭਾਲ ਨੂੰ ਤਰਜੀਹ ਨਹੀਂ ਦੇ ਰਹੇ ਸਨ। ਇਸ ਘਾਟ ਦੇ ਨਤੀਜੇ ਵਜੋਂ ਮਾੜੇ ਪ੍ਰਭਾਵ ਪੈਣਗੇ, ਜਿਵੇਂ ਕਿ ਬਿਨਾਂ ਕਿਸੇ ਬੁਨਿਆਦੀ ਡਾਟੇ/ਰਿਕਾਰਡਾਂ ਦੇ ਉੱਚ ਅਧਿਕਾਰੀਆਂ ਨੂੰ ਗਲਤ ਰਿਪੋਰਟ ਕਰਨਾ, ਪ੍ਰਗਤੀ ਨੂੰ ਟਰੈਕ ਕਰਨ ਵਿੱਚ ਮੁਸ਼ਕਲ ਅਤੇ ਸੁਧਾਰ ਲਈ ਖੇਤਰਾਂ ਦੀ ਪਛਾਣ ਕਰਨ ਵਿੱਚ ਚਣੌਤੀਆਂ।

ਇਸ ਤੋਂ ਇਲਾਵਾ ਐਮ ਐਸ ਡਬਲਯੂ ਐਮ ਮੈਨੂਅਲ ਦਾ ਪੈਰ੍ਹਾ 6.1.2 ਇਹ ਪ੍ਰਦਾਨ ਕਰਦਾ ਹੈ ਕਿ ਸੇਵਾ ਪੱਧਰ ਦੇ ਬੈਂਚਮਾਰਕ (ਐਸ ਐਲ ਬੀਜ਼) ਦਾ ਮੁਲਾਂਕਣ ਨਿਯਮਤ ਅਧਾਰ 'ਤੇ ਐਮ ਐਸ ਡਬਲਯੂ ਐਮ ਪ੍ਰਣਾਲੀ ਦੀ ਨਿਗਰਾਨੀ ਕਰਨ ਲਈ ਇਕੱਤਰ ਕੀਤੀ ਜਾਣਕਾਰੀ ਦੇ ਵਿਸ਼ਲੇਸ਼ਣ 'ਤੇ ਅਧਾਰਤ ਹੈ। ਇਸ ਤਰ੍ਹਾਂ ਰਿਕਾਰਡਾਂ/ਡਾਟੇ ਦੀ ਅਣਹੋਂਦ ਵਿੱਚ ਯੂ ਐਲ ਬੀਜ਼ ਲਈ ਐਸ ਐਲ ਬੀਜ਼ ਦਾ ਸਹੀ ਮੁਲਾਂਕਣ ਯਕੀਨੀ ਬਣਾਉਣਾ ਸੰਭਵ ਨਹੀਂ ਹੋਵੇਗਾ।

---

203 (i) ਅੰਮ੍ਰਿਤਸਰ; (ii) ਬਠਿੰਡਾ; ਅਤੇ (iii) ਲੁਧਿਆਣਾ।

204 (i) ਬਠਿੰਡਾ; ਅਤੇ (ii) ਰਹਿੰਦ-ਖੂੰਹਦ ਦੀ ਢੋਆ-ਢੁਆਈ ਦੇ ਰਿਕਾਰਡ ਨੂੰ ਛੱਡ ਕੇ ਲੁਧਿਆਣਾ।

205 ਅੰਮ੍ਰਿਤਸਰ।

206 (i) ਮਾਨਸਾ; (ii) ਮੋਗਾ; ਅਤੇ (iii) ਰਾਜਪੁਰਾ।


207 ਮਾਨਸਾ।

208 ਰੋਜ਼ਾਨਾ, ਮਹੀਨਾਵਾਰ, ਤਿਮਾਹੀ ਜਾਂ ਸਾਲਾਨਾ ਆਧਾਰ ਤੇ।


209 ਲੁਧਿਆਣਾ, ਬਠਿੰਡਾ ਅਤੇ ਅੰਮ੍ਰਿਤਸਰ ਦੀਆਂ ਨਗਰ ਨਿਗਮ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਐਸ ਐਲ ਬੀਜ਼ ਜ਼ਰੀਏ ਰਿਪੋਰਟ ਕੀਤਾ ਗਿਆ ਡਾਟਾ ਸਾਲ 2018-19[210] ਲਈ ਯੂ ਐਲ ਬੀਜ਼ ਵਿੱਚ ਉਪਲਬਧ ਡਾਟੇ ਨਾਲ ਮੇਲ ਨਹੀਂ ਖਾਂਦੇ ਜਿਵੇਂ ਕਿ ਹੇਠਾਂ ਦਿੱਤੇ ਚਾਰਟਾਂ ਵਿੱਚ ਦਰਸਾਇਆ ਗਿਆ ਹੈ:

ਚਾਰਟ 2.14: ਐਮ ਐਸ ਡਬਲਯੂ ਨੂੰ ਵੱਖ ਕਰਨ ਦੀ ਹੱਦ



ਚਾਰਟ 2.15: ਐਮ ਐਸ ਡਬਲਯੂ ਦੇ ਨਿਪਟਾਰੇ ਦੀ ਹੱਦ



ਸਰੋਤ: ਵਿਭਾਗੀ ਡਾਟਾ

ਯੂ ਐਲ ਬੀ ਰਿਕਾਰਡਾਂ ਅਤੇ ਐਸ ਐਲ ਬੀ ਦੇ ਡਾਟੇ ਅਨੁਸਾਰ ਕ੍ਰਮਵਾਰ ਵੱਖ ਕਰਨ ਅਤੇ ਨਿਪਟਾਰੇ ਦੇ ਡਾਟੇ ਵਿੱਚ ਜ਼ੀਰੋ ਤੋਂ 80 *ਪ੍ਰਤੀਸ਼ਤ* ਅਤੇ ਜ਼ੀਰੋ ਤੋਂ 100 *ਪ੍ਰਤੀਸ਼ਤ* ਦੇ ਵਿਚਕਾਰ ਅੰਤਰ ਦੇਖਿਆ ਗਿਆ। ਇਹ ਐਸ ਐਲ ਬੀਜ਼ ਵਿੱਚ ਦਰਸਾਏ ਗਏ ਡਾਟਾ ਦੀ ਗੈਰ-ਭਰੋਸੇਯੋਗਤਾ ਨੂੰ ਦਰਸਾਉਂਦਾ ਹੈ।

ਤੇਰ੍ਹਾਂ[211] ਯੂ ਐਲ ਬੀਜ਼ ਨੇ ਕਿਹਾ (ਅਕਤੂਬਰ 2024) ਕਿ ਯੂ ਐਲ ਬੀਜ਼ ਨੇ ਕੁਝ ਬੁਨਿਆਦੀ ਰਿਕਾਰਡਾਂ ਨੂੰ ਬਣਾਈ ਰੱਖਣ ਲਈ (ਜੂਨ 2024) ਸ਼ੁਰੂ ਕੀਤਾ ਸੀ ਜਿਵੇਂ ਕਿ ਅਨੁਮਾਨ ਦੇ ਅਧਾਰ ਤੇ ਰਹਿੰਦ-ਖੂੰਹਦ ਨੂੰ ਇਕੱਤਰ ਕਰਨਾ, ਵੱਖ ਕਰਨਾ ਅਤੇ ਪ੍ਰੋਸੈਸ ਕਰਨਾ। ਹਾਲਾਂਕਿ, ਭਵਿੱਖ ਵਿੱਚ ਸਾਰੇ ਰਿਕਾਰਡ ਉਪਬੰਧਾਂ ਅਨੁਸਾਰ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਲੁਧਿਆਣਾ ਯੂ ਐਲ ਬੀ ਨੇ ਕਿਹਾ ਕਿ ਰਿਕਾਰਡਾਂ ਦੀ ਸਾਂਭ-ਸੰਭਾਲ ਰਾਹੀਂ ਐਸ ਡਬਲਯੂ ਐਮ ਦੀ ਨਿਗਰਾਨੀ ਕਰਨ ਦੇ ਯਤਨ ਕੀਤੇ ਜਾ ਰਹੇ ਸਨ। ਬਠਿੰਡਾ ਯੂ ਐਲ ਬੀ ਨੇ ਕਿਹਾ ਕਿ ਰਹਿੰਦ-ਖੂੰਹਦ ਇਕੱਠਾ ਕਰਨ ਅਤੇ ਵੱਖ ਕਰਨ ਦੇ ਰਿਕਾਰਡਾਂ ਹਰ ਰੋਜ਼ ਦੇ ਅਧਾਰ 'ਤੇ ਰੱਖੇ ਜਾਂਦੇ ਸਨ ਅਤੇ ਆਰਬਿਟਰੇਸ਼ਨ ਟ੍ਰਿਬਿਊਨਲ ਵਿੱਚ ਮਾਮਲਾ ਵਿਚਾਰ ਅਧੀਨ ਸੀ ਅਤੇ ਕਨਸ਼ੈਸ਼ਨੇਅਰ ਸਿਰਫ਼ ਡਾਟਾ ਪ੍ਰੋਸੈਸਿੰਗ ਦੀਆਂ ਰਿਪੋਰਟਾਂ ਪ੍ਰਦਾਨ ਕਰ ਰਿਹਾ ਹੈ। ਪੰਜ[212] ਯੂ ਐਲ ਬੀਜ਼ ਨੇ ਕਿਹਾ ਕਿ ਮੈਨੂਅਲ ਵਿੱਚ ਦਿੱਤੀ ਗਈ ਪ੍ਰਕਿਰਿਆ ਅਨੁਸਾਰ ਰਿਕਾਰਡਾਂ ਦੀ ਸਾਂਭ-ਸੰਭਾਲ ਬਹੁਤ ਚੁਣੌਤੀਪੂਰਨ ਸੀ ਅਤੇ ਰਿਕਾਰਡਾਂ ਨੂੰ ਬਣਾਈ ਰੱਖਣ ਲਈ ਸਿਖਲਾਈ ਪ੍ਰਾਪਤ ਸਟਾਫ ਦੀ ਲੋੜ ਸੀ।

---

210 ਯੂ ਐਲ ਬੀਜ਼ ਦੁਆਰਾ 2018-19 ਤੋਂ ਬਾਅਦ ਦੀਆਂ ਐਸ ਐਲ ਬੀ ਰਿਪੋਰਟਾਂ ਉਪਲਬਧ ਨਹੀਂ ਕਰਵਾਈਆਂ ਗਈਆਂ ਸਨ।

211 (i) ਬਿਲਗਾ; (ii) ਕਰਤਾਰਪੁਰ; (iii) ਮੱਖੂ; (iv) ਮਹਿਰਾਜ; (v) ਰੂਪਨਗਰ; (vi) ਦੋਰਾਹਾ; (vii) ਮੋਗਾ; (viii) ਅੰਮ੍ਰਿਤਸਰ; (ix) ਕਾਦੀਆਂ; (x) ਆਦਮਪੁਰ; (xi) ਕੀਰਤਪੁਰ ਸਾਹਿਬ; (xii) ਐਸ ਏ ਐਸ ਨਗਰ; ਅਤੇ (xiii) ਐਸ ਬੀ ਐਸ ਨਗਰ।

212 (i) ਫਿਰੋਜ਼ਪੁਰ; (ii) ਖਮਾਣੋਂ; (iii) ਮਾਨਸਾ; (iv) ਰਾਜਪੁਰਾ; ਅਤੇ (v) ਸਰਹਿੰਦ।

ਜਵਾਬ ਸਵੀਕਾਰਯੋਗ ਨਹੀਂ ਸਨ ਕਿਉਂਕਿ ਅਨੁਮਾਨ 'ਤੇ ਨਿਰਭਰਤਾ ਡਾਟਾ ਭਰੋਸੇਯੋਗਤਾ ਨੂੰ ਕਮਜ਼ੋਰ ਕਰਦੀ ਹੈ, ਜਿਸ ਨਾਲ ਗਲਤ ਰਿਪੋਰਟਿੰਗ ਹੁੰਦੀ ਹੈ। ਲੇਖਾ ਪ੍ਰੀਖਿਆ ਵਿੱਚ ਕਿਹਾ ਗਿਆ ਕਿ ਨਾ ਸਿਰਫ਼ ਐਸ ਐਲ ਬੀ ਦੀ ਰਿਪੋਰਟਿੰਗ ਗਲਤ ਸੀ, ਬਲਕਿ ਪੀ ਪੀ ਸੀ ਬੀ ਅਤੇ ਬਾਅਦ ਵਿੱਚ ਪੀ ਪੀ ਸੀ ਬੀ ਦੁਆਰਾ ਸੀ ਪੀ ਸੀ ਬੀ ਨੂੰ ਸੌਂਪੀਆਂ ਗਈਆਂ ਸਾਲਾਨਾ ਰਿਪੋਰਟਾਂ ਵੀ ***ਪੈਰ੍ਹਾ 2.6.5*** ਵਿੱਚ ਵਿਚਾਰੇ ਗਏ ਅਨੁਮਾਨਾਂ 'ਤੇ ਅਧਾਰਤ ਸਨ।

2.6.2 ਸੂਚਨਾ, ਸਿੱਖਿਆ ਅਤੇ ਸੰਚਾਰ ਵਿਧੀ ਦੀ ਪ੍ਰਭਾਵਸ਼ੀਲਤਾ

ਐਸ ਡਬਲਯੂ ਐਮ ਨਿਯਮ, 2016 ਦੇ ਨਿਯਮ 15(ਜ਼ੈਡ ਜੀ) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਐਲ ਜੀ ਡੀ ਨੂੰ ਆਪਣੀ ਨਿਰਧਾਰਤ ਏਜੰਸੀ[213] ਅਤੇ ਸਾਰੇ ਯੂ ਐਲ ਬੀ ਨੂੰ ਸੂਚਨਾ, ਸਿੱਖਿਆ ਅਤੇ ਸੰਚਾਰ (ਆਈ ਈ ਸੀ) ਮੁਹਿੰਮ ਰਾਹੀਂ ਜਨਤਕ ਜਾਗਰੂਕਤਾ ਪੈਦਾ ਕਰਨ ਅਤੇ ਰਹਿੰਦ-ਖੂੰਹਦ ਜਨਰੇਟਰਾਂ ਨੂੰ ਐਸ ਡਬਲਯੂ ਐਮ ਦੇ ਵੱਖ-ਵੱਖ ਭਾਗਾਂ[214] ਬਾਰੇ ਜਾਗਰੂਕ ਕਰਨ ਦੀ ਲੋੜ ਸੀ। ਐਸ ਬੀ ਐਮ ਦਿਸ਼ਾ-ਨਿਰਦੇਸ਼ਾਂ ਦੇ ਪੈਰ੍ਹਾ 8.4 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਜਨਤਕ ਜਾਗਰੂਕਤਾ ਅਤੇ ਆਈ ਈ ਸੀ ਗਤੀਵਿਧੀਆਂ ਲਈ ਰਾਜ ਫੰਡਿੰਗ ਪ੍ਰਤੀਬੱਧਤਾ ਦੇ ਵੇਰਵਿਆਂ ਨਾਲ ਇੱਕ ਸਾਲਾਨਾ ਕਾਰਜ ਯੋਜਨਾ ਤਿਆਰ ਕਰਨਗੇ।

ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ ਪੀ ਐਮ ਆਈ ਡੀ ਸੀ ਨੇ 2017-22 ਦੀ ਮਿਆਦ ਦੌਰਾਨ ਐਸ ਬੀ ਐਮ (ਸ਼ਹਿਰੀ) ਅਧੀਨ ₹ 76.06 ਕਰੋੜ[215] ਦੀ ਸਾਲਾਨਾ ਆਈ ਈ ਸੀ ਯੋਜਨਾਵਾਂ ਤਿਆਰ ਕੀਤੀਆਂ ਜਿਸ ਵਿੱਚ ਯੂ ਐਲ ਬੀ ਦੁਆਰਾ ਨਿਰਧਾਰਤ ਫ੍ਰੀਕੁਐਂਸੀ ਵਿੱਚ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਆਈ ਈ ਸੀ ਗਤੀਵਿਧੀਆਂ[216] ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਚੁਣੇ ਗਏ ਯੂ ਐਲ ਬੀ ਨੇ ਅਗਸਤ 2018 ਅਤੇ ਦਸੰਬਰ 2019 ਦੌਰਾਨ ਤਿਆਰ ਕੀਤੇ ਆਪਣੇ ਏ ਪੀ ਐਸ ਡਬਲਯੂ ਐਮ ਵਿੱਚ ਆਈ ਈ ਸੀ ਗਤੀਵਿਧੀਆਂ ਨੂੰ ਸ਼ਾਮਲ ਕੀਤਾ। ਇਸ ਤੋਂ ਇਲਾਵਾ, ਬਜਟ ਦੇ ਵਿਰੁੱਧ ਖਰਚੇ ਦੇ ਨਾਲ-ਨਾਲ ਐਸ ਡਬਲਯੂ ਐਮ ਹਿੱਸੇ 'ਤੇ ਆਈ ਈ ਸੀ ਗਤੀਵਿਧੀਆਂ 'ਤੇ ਵੱਖਰੇ ਖਰਚੇ ਅਤੇ ਯੋਜਨਾਵਾਂ ਦੇ ਵਿਰੁੱਧ ਕੀਤੀਆਂ ਗਈਆਂ ਗਤੀਵਿਧੀਆਂ ਦੀ ਸੰਖਿਆ ਲੇਖਾ ਪ੍ਰੀਖਿਆ ਲਈ ਉਪਲਬਧ ਨਹੀਂ ਕਰਵਾਈ ਗਈ ਸੀ।

ਹਾਲਾਂਕਿ, **ਚਾਰਟ** 2.16 ਵਿੱਚ ਦਿੱਤੇ ਅਨੁਸਾਰ ਚੁਣੇ ਗਏ ਯੂ ਐਲ ਬੀਜ਼ ਦੁਆਰਾ ਸੱਤ ਕਿਸਮਾਂ ਦੀਆਂ ਆਈ ਈ ਸੀ ਗਤੀਵਿਧੀਆਂ (***ਅੰਤਿਕਾ 2.20***) ਕੀਤੀਆਂ ਗਈਆਂ ਸਨ।

---


213 ਪੰਜਾਬ ਮਿਉਂਸਪਲ ਇਨਫਰਾਸਟ੍ਰਕਚਰ ਡਿਵੈਲਪਮੈਂਟ ਕੰਪਨੀ।

214 ਰਹਿੰਦ-ਖੂੰਹਦ ਨਾ ਸੁੱਟਣਾ, ਰਹਿੰਦ-ਖੂੰਹਦ ਜਨਰੇਸ਼ਨ ਨੂੰ ਘੱਟ ਤੋਂ ਘੱਟ ਕਰਨਾ; ਰਹਿੰਦ-ਖੂੰਹਦ ਨੂੰ ਜਿੰਨਾ ਸੰਭਵ ਹੋ ਸਕੇ ਦੁਬਾਰਾ ਵਰਤੋਂ ਕਰੋ; ਰਹਿੰਦ-ਖੂੰਹਦ ਨੂੰ ਵੱਖ ਕਰਨ ਦਾ ਅਭਿਆਸ; ਘਰੇਲੂ ਖਾਦ ਬਣਾਉਦ ਦਾ ਅਭਿਆਸ ਕਰੋ; ਸੁਰੱਖਿਅਤ ਤਰੀਕੇ ਨਾਲ ਵਰਤੇ ਗਏ ਸੈਨੇਟਰੀ ਰਹਿੰਦ-ਖੂੰਹਦ ਨੂੰ ਲਪੇਟੋ, ਵੱਖ-ਵੱਖ ਡੱਬਿਆਂ ਵਿੱਚ ਸਰੋਤ 'ਤੇ ਵੱਖਰੇ ਰਹਿੰਦ-ਖੂੰਹਦ ਦਾ ਭੰਡਾਰਨ, ਵੱਖਰੇ ਰਹਿੰਦ-ਖੂੰਹਦ ਨੂੰ ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਨੂੰ ਸੌਂਪ ਦਿਓ ਅਤੇ ਮਹੀਨਾਵਾਰ ਉਪਭੋਗਤਾ ਫੀਸ ਜਾਂ ਚਾਰਜਜ਼ ਦਾ ਭੁਗਤਾਨ ਕਰੋ।

215 2017-18: ₹ 21.04 ਕਰੋੜ; 2018-19: ₹ 11.29 ਕਰੋੜ; 2019-20: ₹ 15.25 ਕਰੋੜ; 2020-21: ₹ 13.17 ਕਰੋੜ; ਅਤੇ 2021-22: ₹ 15.31 ਕਰੋੜ।

216 ਐਚ ਐਚਜ਼, ਸਕੂਲਾਂ, ਬਲਕ ਵੇਸਟ ਜਨਰੇਟਰਾਂ, ਪ੍ਰਿੰਟ ਮੀਡੀਆ, ਆਡੀਓ ਅਤੇ ਵਾਲ ਪੇਂਟਿੰਗ ਆਦਿ ਬਾਰੇ ਜਾਗਰੂਕਤਾ।

ਚਾਰਟ 2.16: ਚੁਣੇ ਗਏ ਯੂ ਐਲ ਬੀਜ਼ ਦੁਆਰਾ ਕੀਤੀਆਂ ਗਈਆਂ ਆਈ ਈ ਸੀ ਗਤੀਵਿਧੀਆਂ



ਸ੍ਰੋਤ: ਯੂ ਐਲ ਬੀ ਦੁਆਰਾ ਪ੍ਰਦਾਨ ਕੀਤਾ ਡਾਟਾ

ਇਹ ਦੇਖਿਆ ਗਿਆ ਸੀ ਕਿ 14 ਯੂ ਐਲ ਬੀਜ਼ ਨੇ ਸਾਰੀਆਂ ਸੱਤ ਯੋਜਨਾਬੱਧ ਆਈ ਈ ਸੀ ਗਤੀਵਿਧੀਆਂ ਦਾ ਸੰਚਾਲਨ ਨਹੀਂ ਕੀਤਾ ਸੀ। ਨਤੀਜੇ ਵਜੋਂ, ਐਸ ਡਬਲਯੂ ਐਮ ਦੇ ਹਿੱਸੇ ਜਿਵੇਂ ਕਿ ਸਰੋਤ 'ਤੇ ਵੱਖ ਕਰਨਾ, ਸੈਨੇਟਰੀ ਅਤੇ ਖਤਰਨਾਕ ਰਹਿੰਦ-ਖੂੰਹਦ ਨੂੰ ਵੱਖ ਕਰਨਾ, ਘਰੇਲੂ ਖਾਦ ਬਣਾਉਣ ਜਾਂ ਕਮਿਊਨਿਟੀ ਕੰਪੋਸਟਿੰਗ ਨੂੰ ਉਤਸ਼ਾਹਤ ਕਰਨਾ ਆਦਿ ਪ੍ਰਭਾਵਿਤ ਹੋਏ।

ਅਠਾਰਾਂ[217] ਯੂ ਐਲ ਬੀਜ਼ ਨੇ ਕਿਹਾ (ਅਕਤੂਬਰ 2024) ਕਿ ਆਈ ਈ ਸੀ ਦੀਆਂ ਗਤੀਵਿਧੀਆਂ ਨਿਯਮਤ ਤੌਰ ਤੇ ਆਯੋਜਿਤ ਕੀਤੀਆਂ ਗਈਆਂ ਸਨ। ਹਾਲਾਂਕਿ, ਭਵਿੱਖ ਵਿੱਚ ਇਸ ਸਬੰਧ ਵਿੱਚ ਬੁਨਿਆਦੀ ਰਿਕਾਰਡ ਕਾਇਮ ਰੱਖਿਆ ਜਾਵੇਗਾ। ਲੁਧਿਆਣਾ ਯੂ ਐਲ ਬੀ ਨੇ ਕਿਹਾ ਕਿ ਐਸ ਬੀ ਐਮ (ਸ਼ਹਿਰੀ) ਅਧੀਨ ਲੋੜ ਪੈਣ 'ਤੇ ਆਈ ਈ ਸੀ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਸਨ ਅਤੇ ਸਾਲਾਨਾ ਯੋਜਨਾ ਤਿਆਰ ਕੀਤੀ ਜਾਵੇਗੀ। ਐਸ ਏ ਐਸ ਨਗਰ ਯੂ ਐਲ ਬੀ ਨੇ ਕਿਹਾ ਕਿ ਆਈ ਈ ਸੀ ਗਤੀਵਿਧੀਆਂ ਕਮਿਊਨਿਟੀ ਫੈਸਿਲੀਟੇਟਰਾਂ[218] ਦੁਆਰਾ ਕੀਤੀਆਂ ਜਾ ਰਹੀਆਂ ਸਨ।

ਰਹਿੰਦ-ਖੂੰਹਦ ਨੂੰ ਵੱਖ ਕਰਨ ਅਤੇ ਸਹੀ ਨਿਪਟਾਰੇ ਦੀ ਮਹੱਤਤਾ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਆਈ ਈ ਸੀ ਯੋਜਨਾਵਾਂ ਨੂੰ ਚੰਗੀ ਤਰ੍ਹਾਂ ਡਿਜ਼ਾਈਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਯੂ ਐਲ ਬੀਜ਼ ਦੀ ਅਸਮਰੱਥਾ ਦੇ ਕਾਰਨ, ਲੇਖਾ ਪ੍ਰੀਖਿਆ ਦੀ ਮਿਆਦ ਦੌਰਾਨ ਰਹਿੰਦ-ਖੂੰਹਦ ਪ੍ਰਬੰਧਨ ਅਭਿਆਸਾਂ ਵਿੱਚ ਮਹੱਤਵਪੂਰਨ ਤਬਦੀਲੀਆਂ ਨਹੀਂ ਵੇਖੀਆਂ ਗਈਆਂ।

---

217 (i) ਆਦਮਪੁਰ; (ii) ਅੰਮ੍ਰਿਤਸਰ; (iii) ਬਠਿੰਡਾ; (iv) ਬਿਲਗਾ; (v) ਦੋਰਾਹਾ; (vi) ਫਿਰੋਜ਼ਪੁਰ; (vii) ਕਰਤਾਰਪੁਰ; (viii) ਖਮਾਣੋਂ; (ix) ਕੀਰਤਪੁਰ ਸਾਹਿਬ; (x) ਮੱਖੂ; (xi) ਮਾਨਸਾ; (xii) ਮਹਿਰਾਜ; (xiii) ਮੋਗਾ; (xiv) ਰਾਜਪੁਰਾ; (xv) ਰੂਪਨਗਰ; (xvi) ਐਸ ਬੀ ਐਸ ਨਗਰ; (xvii) ਕਾਦੀਆਂ; ਅਤੇ (xviii) ਸਰਹਿੰਦ।

218 ਮਿਸ਼ਨ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਭਾਈਚਾਰੇ ਨੂੰ ਸ਼ਾਮਲ ਕਰਨ ਲਈ ਸਵੱਛ ਭਾਰਤ ਮਿਸ਼ਨ ਦੇ ਅਧੀਨ ਕਮਿਊਨਿਟੀ ਫੈਸਿਲੀਟੇਟਰ ਲੱਗੇ ਹੋਏ ਹਨ।

2.6.3 ਰਾਜ ਪੱਧਰੀ ਸਲਾਹਕਾਰ ਸੰਸਥਾ ਦੁਆਰਾ ਐਸ ਡਬਲਯੂ ਐਮ ਦੀ ਨਿਗਰਾਨੀ

ਐਸ ਡਬਲਯੂ ਐਮ ਨਿਯਮ, 2016 ਦੇ ਨਿਯਮ 23(1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਪ੍ਰਸ਼ਾਸਨ ਦਾ ਐਲ ਜੀ ਡੀ ਐਸ ਡਬਲਯੂ ਐਮ ਨਿਯਮਾਂ ਦੀ ਨੋਟੀਫਿਕੇਸ਼ਨ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਅੰਦਰ ਇੱਕ ਰਾਜ ਪੱਧਰੀ ਸਲਾਹਕਾਰ ਸੰਸਥਾ (ਐਸ ਐਲ ਏ ਬੀ) ਦਾ ਗਠਨ ਕਰੇਗਾ। ਇਸ ਤੋਂ ਇਲਾਵਾ ਨਿਯਮ 23(2 ਅਤੇ 3) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਨਿਯਮਾਂ ਨੂੰ ਲਾਗੂ ਕਰਨ ਨਾਲ ਸਬੰਧਤ ਮਾਮਲਿਆਂ ਦੀ ਸਮੀਖਿਆ ਕਰਨ ਲਈ ਐਸ ਐਲ ਏ ਬੀ ਹਰ ਛੇ ਮਹੀਨਿਆਂ ਵਿੱਚ ਘੱਟੋ ਘੱਟ ਇੱਕ ਵਾਰ ਮੀਟਿੰਗ ਕਰੇਗਾ ਅਤੇ ਸਮੀਖਿਆ ਰਿਪੋਰਟ ਨੂੰ ਲੋੜੀਂਦੀ ਕਾਰਵਾਈ ਲਈ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਜਾਂ ਪ੍ਰਦੂਸ਼ਣ ਕੰਟਰੋਲ ਕਮੇਟੀ ਨੂੰ ਭੇਜਿਆ ਜਾਵੇਗਾ।

ਪੰਜਾਬ ਵਿੱਚ, ਇਹ ਐਸ ਐਲ ਏ ਬੀ ਅਕਤੂਬਰ 2016 ਵਿੱਚ ਸਥਾਪਤ ਕੀਤਾ ਗਿਆ ਸੀ। ਹਾਲਾਂਕਿ, ਕਮੇਟੀ ਦੀ ਸਥਾਪਨਾ ਤੋਂ ਬਾਅਦ, ਮਾਰਚ 2022 ਤੱਕ ਲੋੜੀਂਦੀਆਂ 11 ਮੀਟਿੰਗਾਂ ਦੇ ਮੁਕਾਬਲੇ ਸਿਰਫ਼ ਸੱਤ[219] ਮੀਟਿੰਗਾਂ ਕੀਤੀਆਂ ਗਈਆਂ ਸਨ। ਐਸ ਐਲ ਏ ਬੀ ਦੀ ਪਹਿਲੀ ਮੀਟਿੰਗ ਸਤੰਬਰ 2017 ਵਿੱਚ ਹੀ ਹੋਈ ਸੀ ਭਾਵ ਐਸ ਐਲ ਏ ਬੀ ਦੀ ਸਥਾਪਨਾ ਦੇ ਇੱਕ ਸਾਲ ਬਾਅਦ। 2018-19 ਦੌਰਾਨ, ਫਰਵਰੀ 2019 ਵਿੱਚ ਸਿਰਫ਼ ਇੱਕ ਮਿਟਿੰਗ ਹੋਈ ਸੀ। 2021-22 ਦੌਰਾਨ, ਸਤੰਬਰ 2021 ਵਿੱਚ ਸਿਰਫ਼ ਇੱਕ ਮਿਟਿੰਗ ਹੋਈ ਸੀ। ਐਸ ਡਬਲਯੂ ਐਮ ਨਾਲ ਸਬੰਧਤ ਮੁੱਦਿਆਂ 'ਤੇ ਐਸ ਐਲ ਏ ਬੀ ਮਿਟਿੰਗ ਵਿੱਚ ਵਿਚਾਰ-ਵਟਾਂਦਰਾ ਕੀਤਾ ਗਿਆ ਸੀ ***(ਅੰਤਿਕਾ 2.21)***। ਹਾਲਾਂਕਿ, ਵਿਰਾਸਤੀ ਰਹਿੰਦ-ਖੂੰਹਦ ਦੇ ਪ੍ਰਬੰਧਨ, ਐਸ ਐਲ ਐਫ ਦੀ ਉਸਾਰੀ, ਬੁਨਿਆਦੀ ਢਾਂਚੇ ਦੀ ਸਿਰਜਣਾ, ਰੈਗ-ਪਿਕੱਰ/ਰਹਿੰਦ-ਖੂੰਹਦ ਇਕੱਠਾ ਕਰਨ ਵਾਲਿਆਂ ਦੇ ਏਕੀਕਰਨ ਆਦਿ ਨਾਲ ਸਬੰਧਤ ਪ੍ਰਮੁੱਖ ਮੁੱਦਿਆਂ ਨੂੰ ਅਜੇ ਹੱਲ ਨਹੀਂ ਕੀਤਾ ਗਿਆ ਸੀ ਅਤੇ ਤੱਕ ਇਸ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟ ਵਿੱਚ ਇਸ ਸਬੰਧ ਵਿੱਚ ਵੇਖੀਆਂ ਗਈਆਂ ਗੜਬੜੀਆਂ ਬਾਰੇ ਚਰਚਾ ਕੀਤੀ ਗਈ ਹੈ।

ਸਰਕਾਰ ਨੇ ਕਿਹਾ (ਅਗਸਤ 2023) ਕਿ ਲੋੜ ਪੈਣ ਤੇ ਮੀਟਿੰਗਾਂ ਕੀਤੀਆਂ ਗਈਆਂ ਸਨ ਅਤੇ ਰਾਜ ਠੋਸ ਰਹਿੰਦ-ਖੂੰਹਦ ਦੇ ਪ੍ਰਬੰਧਨ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰ ਰਿਹਾ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਐਸ ਐਲ ਏ ਬੀ ਦੁਆਰਾ ਨਿਗਰਾਨੀ ਨਿਯਮਤ ਤੌਰ 'ਤੇ ਲੋੜੀਂਦੀ ਸੀ। ਨਿਯਮਾਂ ਨੂੰ ਲਾਗੂ ਕਰਨ ਦੀ ਨਾਕਾਫੀ ਨਿਗਰਾਨੀ ਦਾ ਪ੍ਰਭਾਵ ਸੀ ਪੀ ਸੀ ਬੀ ਸੂਚੀ ਵਿੱਚ ਰਾਜ ਦੀ ਹੇਠਲੀ ਦਰਜਾਬੰਦੀ ਵਿੱਚ ਝਲਕਦਾ ਸੀ। ਇਸ ਤੋਂ ਇਲਾਵਾ ਪੀ ਐਮ ਆਈ ਡੀ ਸੀ (ਅਕਤੂਬਰ 2024) ਤੋਂ ਇਸ ਸਬੰਧ ਵਿੱਚ ਜਵਾਬ ਦੀ ਉਡੀਕ ਕੀਤੀ ਜਾ ਰਹੀ ਸੀ।

ਐਸ ਐਲ ਏ ਬੀ ਰਾਹੀਂ ਨਿਯਮਤ ਮੀਟਿੰਗਾਂ ਦੀ ਨਿਗਰਾਨੀ, ਜਿਵੇਂ ਕਿ ਲਾਜ਼ਮੀ ਹੈ, ਐਸ ਡਬਲਯੂ ਐਮ ਦੇ ਮੁੱਦਿਆਂ ਨੂੰ ਸਮੇਂ ਸਿਰ ਹੱਲ ਕਰਨ ਵਿੱਚ ਸਹਾਇਤਾ ਕਰ ਸਕਦੀ ਸੀ ਅਤੇ ਰਾਜ ਵਿੱਚ ਐਸ ਡਬਲਯੂ ਐਮ ਨਿਯਮਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਸਹਾਇਤਾ ਕਰ ਸਕਦੀ ਸੀ।

---

[219] 2019-20 ਅਤੇ 2020-21 ਦੌਰਾਨ ਹਰ ਸਾਲ ਦੋ ਮੀਟਿੰਗਾਂ ਕੀਤੀਆਂ ਜਾਣੀਆਂ ਲੋੜੀਂਦੀਆਂ ਸਨ।

2.6.4 ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੀਟਿੰਗਾਂ ਵਿੱਚ ਕਮੀ

ਐਸ ਡਬਲਯੂ ਐਮ ਨਿਯਮ, 2016 ਦੇ ਨਿਯਮ 12(ਬੀ) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜ਼ਿਲ੍ਹਾ ਮੈਜਿਸਟਰੇਟ ਜਾਂ ਜ਼ਿਲ੍ਹਾ ਕੁਲੈਕਟਰ ਜਾਂ ਜਿਵੇਂ ਵੀ ਮਾਮਲਾ ਹੋਵੇ, ਰਹਿੰਦ-ਖੂੰਹਦ ਨੂੰ ਵੱਖ ਕਰਨ, ਪ੍ਰੋਸੈਸਿੰਗ, ਟਰੀਟਮੈਂਟ ਅਤੇ ਨਿਪਟਾਰੇ ਬਾਰੇ ਤਿਮਾਹੀ ਵਿੱਚ ਘੱਟੋ ਘੱਟ ਇੱਕ ਵਾਰ ਸਥਾਨਕ ਸੰਸਥਾਵਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰੇਗਾ ਅਤੇ ਕਮਿਸ਼ਨਰ ਜਾਂ ਨਗਰ ਨਿਗਮ ਪ੍ਰਸ਼ਾਸਨ ਦੇ ਡਾਇਰੈਕਟਰ ਜਾਂ ਸਥਾਨਕ ਸਰਕਾਰਾਂ ਦੇ ਡਾਇਰੈਕਟਰ ਅਤੇ ਰਾਜ ਦੇ ਸ਼ਹਿਰੀ ਵਿਕਾਸ ਵਿਭਾਗ ਦੇ ਇੰਚਾਰਜ ਸਕੱਤਰ ਨਾਲ ਸਲਾਹ ਮਸ਼ਵਰਾ ਕਰਕੇ ਸੁਧਾਰਾਤਮਕ ਉਪਾਅ ਕਰੇਗਾ। ਇਸ ਤੋਂ ਇਲਾਵਾ ਐਨ ਜੀ ਟੀ ਨੇ ਮੀਟਿੰਗਾਂ ਦੀ ਬਾਰੰਬਾਰਤਾ ਵਿੱਚ ਸੋਧ ਕੀਤੀ ਅਤੇ ਆਦੇਸ਼ ਦਿੱਤਾ (ਜਨਵਰੀ 2019) ਕਿ ਐਸ ਡਬਲਯੂ ਐਮ ਨਿਯਮ, 2016 ਦੇ ਨਿਯਮ 12 ਅਧੀਨ ਜ਼ਿਲ੍ਹਾ ਪੱਧਰੀ ਕਮੇਟੀ ਮਹੀਨਾਵਾਰ ਮੀਟਿੰਗ ਕਰੇਗੀ ਅਤੇ ਰਿਪੋਰਟ ਰਾਜ ਦੇ ਸ਼ਹਿਰੀ ਵਿਕਾਸ ਵਿਭਾਗ ਨੂੰ ਭੇਜੇਗੀ ਜਿਸਦੀ ਇੱਕ ਕਾਪੀ ਰਾਜ ਪੱਧਰੀ ਕਮੇਟੀ ਨੂੰ ਕਰੇਗੀ।

ਅਪ੍ਰੈਲ 2017 ਤੋਂ ਦਸੰਬਰ 2018 ਦੌਰਾਨ, ਸੱਤ ਤਿਮਾਹੀ ਮੀਟਿੰਗਾਂ ਹੋਣੀਆਂ ਸਨ ਜਦੋਂ ਕਿ ਜਨਵਰੀ 2019 ਤੋਂ ਮਾਰਚ 2022 ਤੱਕ 39 ਮਹੀਨਾਵਾਰ ਮੀਟਿੰਗਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਯੂ ਐਲ ਬੀਜ਼ ਵਿੱਚ ਐਸ ਡਬਲਯੂ ਐਮ ਪ੍ਰਬੰਧਨ ਦੀ ਸਮੀਖਿਆ ਕਰਨ ਲਈ ਕੀਤੀਆਂ ਜਾਣੀਆਂ ਸਨ। ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ 20 ਚੁਣੇ ਹੋਏ ਯੂ ਐਲ ਬੀਜ਼ ਵਿੱਚ 920 (ਮਹੀਨਾਵਾਰ/ਤਿਮਾਹੀ) ਮੀਟਿੰਗਾਂ ਦੀ ਲੋੜ ਦੇ ਮੁਕਾਬਲੇ, 2017-22 ਦੌਰਾਨ ਸਿਰਫ਼ 72 ਮੀਟਿੰਗਾਂ (ਸਿਰਫ਼ ਅੱਠ *ਪ੍ਰਤੀਸ਼ਤ*) ਹੋਈਆਂ ***(ਅੰਤਿਕਾ 2.22)***।

ਸਾਰੇ ਚੁਣੇ ਗਏ ਯੂ ਐਲ ਬੀਜ਼[220] ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬੁਲਾਏ ਜਾਣੇ ਤੇ ਮੀਟਿੰਗਾਂ ਵਿੱਚ ਹਿੱਸਾ ਲਿਆ ਗਿਆ ਅਤੇ ਭਵਿੱਖ ਵਿੱਚ ਮੀਟਿੰਗਾਂ ਦੇ ਵੇਰਵੇ ਇਕੱਤਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਲੇਖਾ ਪ੍ਰੀਖਿਆ ਨੇ (ਦਸੰਬਰ 2022, ਮਈ 2023, ਅਪ੍ਰੈਲ 2024 ਅਤੇ ਸਤੰਬਰ 2024) ਜ਼ਿਲ੍ਹਾ ਪ੍ਰਸ਼ਾਸਨ ਨਾਲ ਵੀ ਸੰਪਰਕ ਕੀਤਾ, ਜਿਸ ਲਈ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਸੀ (ਅਕਤੂਬਰ 2024)। ਜਲੰਧਰ ਦੇ ਜ਼ਿਲ੍ਹਾ ਪ੍ਰਸ਼ਾਸਨ ਦਾ ਜਵਾਬ ਪ੍ਰਾਪਤ ਹੋਇਆ (ਜੂਨ 2024) ਸੀ, ਜਿਸ ਤੋਂ ਇਹ ਸਪੱਸ਼ਟ ਸੀ ਕਿ ਮੀਟਿੰਗਾਂ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਵਿੱਚ ਕਵਰ ਕੀਤੀ ਗਈ ਮਿਆਦ ਤੋਂ ਬਾਅਦ ਮੀਟਿੰਗਾਂ ਕੀਤੀਆਂ ਗਈਆਂ ਸਨ।

2.6.5 ਸਾਲਾਨਾ ਰਿਪੋਰਟ

2.6.5.1 ਸਾਲਾਨਾ ਰਿਪੋਰਟਾਂ ਜਮ੍ਹਾਂ ਨਾ ਕਰਨਾ/ਦੇਰੀ ਨਾਲ ਜਮ੍ਹਾਂ ਕਰਵਾਉਣਾ

ਐਸ ਡਬਲਯੂ ਐਮ ਨਿਯਮਾਂ ਦੇ ਨਿਯਮ 24(2) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਸਥਾਨਕ ਸੰਸਥਾ ਨੂੰ ਫਾਰਮ-IV ਵਿੱਚ ਆਪਣੀ ਸਾਲਾਨਾ ਰਿਪੋਰਟ (ਏ ਆਰ) ਰਾਜ ਪ੍ਰਦੂਸ਼ਣ ਕੰਟਰੋਲ ਬੋਰਡ

---

220 (i) ਦੋਰਾਹਾ; (ii) ਫਿਰੋਜ਼ਪੁਰ; (iii) ਖਮਾਣੋਂ; (iv) ਕੀਰਤਪੁਰ ਸਾਹਿਬ; (v) ਲੁਧਿਆਣਾ; (vi) ਮੱਖੂ; (vii) ਮੋਗਾ; (viii) ਰਾਜਪੁਰਾ; (ix) ਰੂਪਨਗਰ; (x) ਐਸ ਏ ਐਸ ਨਗਰ; (xi) ਸਰਹਿੰਦ; (xii) ਆਦਮਪੁਰ; (xiii) ਬਿਲਗਾ; (xiv) ਕਾਦੀਆਂ; (xv) ਕਰਤਾਰਪੁਰ; (xvi) ਮਾਨਸਾ; (xvii) ਮਹਿਰਾਜ; (xviii) ਐਸ ਬੀ ਐਸ ਨਗਰ; (xix) ਅੰਮ੍ਰਿਤਸਰ; ਅਤੇ (xx) ਬਠਿੰਡਾ।

ਅਤੇ ਸ਼ਹਿਰੀ ਵਿਕਾਸ ਵਿਭਾਗ ਦੇ ਸਕੱਤਰ-ਇੰਚਾਰਜ ਨੂੰ ਹਰ ਸਾਲ 30 ਜੂਨ ਦੇ ਦਿਨ ਨੂੰ ਜਾਂ ਇਸ ਤੋਂ ਪਹਿਲਾਂ ਜਮ੍ਹਾਂ ਕਰਵਾਉਣੀ ਚਾਹੀਦੀ ਹੈ। ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਕਰਨ ਬਾਰੇ ਹਰ ਸਾਲ 31 ਜੁਲਾਈ ਤੱਕ ਫਾਰਮ-V ਵਿੱਚ ਸੀ ਪੀ ਸੀ ਬੀ ਅਤੇ ਸ਼ਹਿਰੀ ਵਿਕਾਸ ਮੰਤਰਾਲੇ ਨੂੰ ਇੱਕ ਸੰਗਠਿਤ ਸਾਲਾਨਾ ਰਿਪੋਰਟ ਤਿਆਰ ਕਰਕੇ ਸੌਂਪੇਗਾ।

ਯੂ ਐਲ ਬੀਜ਼ ਦੁਆਰਾ ਪੀ ਪੀ ਸੀ ਬੀ ਨੂੰ ਏ ਆਰ ***(ਅੰਤਿਕਾ 2.23)*** ਜਮ੍ਹਾਂ ਕਰਨ ਦੇ ਵੇਰਵਿਆਂ ਤੋਂ ਪਤਾ ਚੱਲਦਾ ਹੈ ਕਿ:

- 20 ਯੂ ਐਲ ਬੀਜ਼ ਦੁਆਰਾ ਕੁੱਲ 100 ਏ ਆਰਜ਼ ਜਮ੍ਹਾਂ ਕਰਵਾਉਣੇ ਸਨ, ਜਿਨ੍ਹਾਂ ਵਿੱਚੋਂ ਸਿਰਫ਼ 74 ਏ ਆਰਜ਼ ਉੱਚ ਅਧਿਕਾਰੀਆਂ ਨੂੰ ਸੌਂਪੇ ਗਏ ਸਨ। ਇਨ੍ਹਾਂ ਵਿੱਚੋਂ 40 ਰਿਪੋਰਟਾਂ ਇੱਕ ਤੋਂ 1530 ਦਿਨਾਂ ਦੀ ਦੇਰੀ ਨਾਲ ਸੌਂਪੀਆਂ ਗਈਆਂ ਸਨ।
- ਦਸ[221] ਯੂ ਐਲ ਬੀਜ਼ ਨੇ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੀ ਸੰਖਿਆ ਵਿੱਚ ਏ ਆਰਜ਼ ਜਮ੍ਹਾਂ ਕਰਵਾਏ। ਬਾਕੀ ਦਸ ਯੂ ਐਲ ਬੀਜ਼ ਨੇ ਆਪਣੇ ਏ ਆਰਜ਼ ਜਮ੍ਹਾਂ ਕੀਤੇ ਜਿਨ੍ਹਾਂ ਵਿੱਚ ਇੱਕ ਤੋਂ ਚਾਰ ਰਿਪੋਰਟਾਂ ਭਾਵ 20 ਤੋਂ 80 *ਪ੍ਰਤੀਸ਼ਤ* ਦੀ ਕਮੀ ਸੀ।
- ਇੱਕ ਯੂ ਐਲ ਬੀ (ਭਾਵ ਆਦਮਪੁਰ) ਵਿੱਚ, 2017-22 ਦੀ ਮਿਆਦ ਦੀਆਂ ਰਿਪੋਰਟਾਂ ਸਤੰਬਰ 2022 ਵਿੱਚ ਪੀ ਪੀ ਸੀ ਬੀ ਨੂੰ ਭੇਜੀਆਂ ਗਈਆਂ ਸਨ।
- ਪੀ ਪੀ ਸੀ ਬੀ ਨੂੰ ਸਾਰੇ ਯੂ ਐਲ ਬੀਜ਼ ਦੀਆਂ ਸੰਕਲਿਤ ਰਿਪੋਰਟਾਂ ਸੀ ਪੀ ਸੀ ਬੀ ਨੂੰ ਸੌਂਪਣੀਆਂ ਸਨ। 2017-18 ਤੋਂ 2021-22 ਦੀ ਮਿਆਦ ਦੌਰਾਨ, ਪੀ ਪੀ ਸੀ ਬੀ ਨੇ 167 ਦਿਨਾਂ ਦੀ ਦੇਰੀ ਨਾਲ 2017-18 ਲਈ ਸੰਕਲਿਤ ਰਿਪੋਰਟ ਪੇਸ਼ ਕੀਤੀ, ਜਿਸ ਕਾਰਨ 2017-18 ਲਈ ਠੋਸ ਰਹਿੰਦ-ਖੂੰਹਦ ਦੇ ਡਾਟੇ ਨੂੰ ਸੀ ਪੀ ਸੀ ਬੀ ਦੀ ਸਾਲਾਨਾ ਰਿਪੋਰਟ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ। ਹੋਰ ਸਾਲਾਂ ਲਈ ਰਿਪੋਰਟਾਂ ਸਮੇਂ ਸਿਰ ਜਮ੍ਹਾਂ ਕੀਤੀਆਂ ਗਈਆਂ ਸਨ।

ਇਸ ਤਰ੍ਹਾਂ, ਨਿਗਰਾਨੀ ਪ੍ਰਣਾਲੀ ਨੇ ਸਾਲਾਨਾ ਰਿਪੋਰਟਾਂ ਜਮ੍ਹਾਂ ਕਰਨ/ਨਾ ਜਮ੍ਹਾਂ ਕਰਨ ਵਿੱਚ ਦੇਰੀ ਦਾ ਹੱਲ ਨਹੀਂ ਕੀਤਾ ਜਿਸ ਰਾਹੀਂ ਨਿਯਮਾਂ/ਵਿਨਿਯਮਾਂ ਦੀ ਪਾਲਣਾ ਦੀ ਨਿਗਰਾਨੀ ਕੀਤੀ ਜਾ ਸਕਦੀ ਸੀ। ਪੀ ਪੀ ਸੀ ਬੀ/ਪੀ ਐਮ ਆਈ ਡੀ ਸੀ ਨੇ ਯੂ ਐਲ ਬੀਜ਼ ਦੁਆਰਾ ਏ ਆਰ ਜਮ੍ਹਾਂ ਨਾ ਕਰਨ/ਦੇਰੀ ਨਾਲ ਜਮ੍ਹਾਂ ਕਰਨ ਦਾ ਵੀ ਨੋਟਿਸ ਨਹੀਂ ਲਿਆ।

ਛੇ[222] ਯੂ ਐਲ ਬੀਜ਼ ਨੇ ਕਿਹਾ ਕਿ ਸਾਲਾਨਾ ਰਿਪੋਰਟਾਂ ਹੁਣ ਸਮੇਂ ਸਿਰ ਪੇਸ਼ ਕੀਤੀਆਂ ਜਾ ਰਹੀਆਂ ਹਨ। ਤੇਰ੍ਹਾਂ[223] ਯੂ ਐਲ ਬੀਜ਼ ਨੇ ਕਿਹਾ ਕਿ ਭਵਿੱਖ ਵਿੱਚ ਸਾਰੇ ਏ ਆਰ ਸਾਰੇ ਉੱਚ ਅਧਿਕਾਰੀਆਂ ਨੂੰ ਸਮੇਂ ਸਿਰ ਜਮ੍ਹਾਂ ਕਰਵਾਏ ਜਾਣਗੇ।

2.6.5.2 ਨਾਕਾਫੀ ਸਾਲਾਨਾ ਰਿਪੋਰਟਾਂ

ਐਸ ਡਬਲਯੂ ਐਮ ਨਿਯਮਾਂ ਦੇ ਨਿਯਮ 24(3) ਵਿੱਚ ਕਿਹਾ ਗਿਆ ਹੈ ਕਿ ਪੀ ਪੀ ਸੀ ਬੀ ਸਥਾਨਕ ਅਧਿਕਾਰੀਆਂ ਦੁਆਰਾ ਸੌਂਪੀਆਂ ਗਈਆਂ ਅਤੇ ਭੇਜੀਆਂ ਗਈਆਂ ਬੇਨਤੀਆਂ ਦੇ ਅਧਾਰ 'ਤੇ ਏ ਆਰਜ਼ ਨੂੰ ਇਕੱਠਾ ਕਰੇਗਾ ਅਤੇ ਉਨ੍ਹਾਂ ਨੂੰ ਸੀ ਪੀ ਸੀ ਬੀ ਨੂੰ ਭੇਜੇਗਾ। ਇਸ ਤੋਂ ਇਲਾਵਾ,

---

221 (i) ਅੰਮ੍ਰਿਤਸਰ; (ii) ਲੁਧਿਆਣਾ; (iii) ਆਦਮਪੁਰ; (iv) ਫਿਰੋਜ਼ਪੁਰ; (v) ਰੂਪਨਗਰ; (vi) ਐਸ ਬੀ ਐਸ ਨਗਰ; (vii) ਸਰਹਿੰਦ; (viii) ਖਮਾਣੋਂ; (ix) ਮੱਖੂ; ਅਤੇ (x) ਮਹਿਰਾਜ।

222 (i) ਆਦਮਪੁਰ; (ii) ਕਰਤਾਰਪੁਰ; (iii) ਕੀਰਤਪੁਰ ਸਾਹਿਬ; (iv) ਲੁਧਿਆਣਾ; (v) ਮੱਖੂ; ਅਤੇ (vi) ਰੂਪਨਗਰ।

223 (i) ਅੰਮ੍ਰਿਤਸਰ; (ii) ਬਿਲਗਾ; (iii) ਦੋਰਾਹਾ; (iv) ਫਿਰੋਜ਼ਪੁਰ; (v) ਖਮਾਣੋਂ; (vi) ਮਾਨਸਾ; (vii) ਮਹਿਰਾਜ; (viii) ਮੋਗਾ; (ix) ਰਾਜਪੁਰਾ; (x) ਐਸ ਏ ਐਸ ਨਗਰ; (xi) ਐਸ ਬੀ ਐਸ ਨਗਰ; (xii) ਸਰਹਿੰਦ; ਅਤੇ (xiii) ਕਾਦੀਆਂ।

ਐਸ ਡਬਲਯੂ ਨਿਯਮ, 2016 ਦੇ ਨਿਯਮ 14(ਜੀ) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਸੀ ਪੀ ਸੀ ਬੀ ਰਾਜ ਪ੍ਰਦੂਸ਼ਣ ਕੰਟਰੋਲ ਬੋਰਡਾਂ ਅਤੇ ਕਮੇਟੀਆਂ ਤੋਂ ਪ੍ਰਾਪਤ ਰਿਪੋਰਟਾਂ ਦੇ ਅਧਾਰ ਤੇ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਤੇ ਇੱਕ ਏ ਆਰ ਤਿਆਰ ਕਰੇਗਾ ਅਤੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਨੂੰ ਸੌਂਪੇਗਾ। ਰਿਪੋਰਟ ਨੂੰ ਜਨਤਕ ਡੋਮੇਨ ਵਿੱਚ ਵੀ ਰੱਖਿਆ ਜਾਣਾ ਜ਼ਰੂਰੀ ਹੈ। ਇਸ ਤਰ੍ਹਾਂ, ਸਾਲਾਨਾ ਰਿਪੋਰਟ ਵਿੱਚ ਲਏ ਗਏ ਡਾਟੇ ਪ੍ਰਮਾਣਿਕ ਅਤੇ ਭਰੋਸੇਯੋਗ ਹੋਣੇ ਚਾਹੀਦੇ ਹਨ।

2017-18 ਤੋਂ 2021-22 ਦੀ ਮਿਆਦ ਦੌਰਾਨ ਪੀ ਪੀ ਸੀ ਬੀ ਨੂੰ ਸੌਂਪੇ ਗਏ ਯੂ ਐਲ ਬੀਜ਼ ਦੇ ਏ ਆਰਜ਼ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਐਚ ਐਚਜ਼, ਆਬਾਦੀ, ਰਹਿੰਦ-ਖੂੰਹਦ ਜਨਰੇਸ਼ਨ, ਰਹਿੰਦ-ਖੂੰਹਦ ਇਕੱਠਾ ਕਰਨ ਅਤੇ ਇਸ ਦੀ ਪ੍ਰੋਸੈਸਿੰਗ ***(ਅੰਤਿਕਾ 2.19)*** ਦੇ ਸਬੰਧ ਵਿੱਚ ਡਾਟੇ ਵਿੱਚ ਕਮੀਆਂ ਸਨ ਜਿਵੇਂ ਕਿ ਹੇਠਾਂ ਚਰਚਾ ਕੀਤੀ ਗਈ ਹੈ:

- ਛੇ[224] ਯੂ ਐਲ ਬੀਜ਼ ਨੇ ਪਿਛਲੇ ਪੰਜ ਸਾਲਾਂ ਦੌਰਾਨ ਏ ਆਰ ਵਿੱਚ ਏ ਆਰਜ਼ ਵਿੱਚ ਬਰਾਬਰ ਆਬਾਦੀ ਅਤੇ ਐਚ ਐਚ ਦੀ ਸੰਖਿਆ ਲਈ ਸੀ। ਚਾਰ ਯੂ ਐਲ ਬੀ[225] ਨੇ ਆਬਾਦੀ ਵਿੱਚ ਤਬਦੀਲੀ ਦਿਖਾਈ, ਪਰ ਐਚ ਐਚਜ਼ ਸਥਿਰ ਰਹੇ ਅਤੇ ਚਾਰ[226] ਯੂ ਐਲ ਬੀਜ਼ ਨੇ ਐਚ ਐਚਜ਼ ਨੂੰ ਬਦਲ ਦਿੱਤਾ, ਪਰ ਆਬਾਦੀ ਸਥਿਰ ਰਹੀ। ਤਿੰਨ ਯੂ ਐਲ ਬੀਜ਼[227] ਨੇ ਸਿਰਫ਼ ਇੱਕ ਰਿਪੋਰਟ ਪੇਸ਼ ਕੀਤੀ ਇਸ ਲਈ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਿਆ। ਆਦਮਪੁਰ ਯੂ ਐਲ ਬੀ ਵਿੱਚ, 2018-21 ਦੀ ਮਿਆਦ ਦੌਰਾਨ ਐਚ ਐਚਜ਼ ਅਤੇ ਆਬਾਦੀ ਦਾ ਡਾਟਾ ਸਥਿਰ ਰਿਹਾ।
- ਕਾਰਪੋਰੇਸ਼ਨ, ਅੰਮ੍ਰਿਤਸਰ ਵੱਲੋਂ ਵਿਰਾਸਤੀ ਰਹਿੰਦ-ਖੂੰਹਦ ਦੇ ਬਾਇਓ-ਰਿਮੇਡੀਏਸ਼ਨ ਦੀ ਲਾਗਬੁੱਕ ਅਨੁਸਾਰ, ਸਤੰਬਰ 2020 ਤੋਂ ਦਸੰਬਰ 2021 ਦੀ ਮਿਆਦ ਦੌਰਾਨ ਆਰ ਡੀ ਐਫ ਦੀ ਮਾਤਰਾ 60,602 ਐਮ ਟੀ ਸੀ, ਜਦੋਂ ਕਿ 2020-21 ਅਤੇ 2021-22 ਦੀ ਮਿਆਦ ਲਈ ਏ ਆਰ ਜ਼ਰੀਏ ਜਨਰੇਟ ਹੋਈ ਆਰ ਡੀ ਐਫ 1,080 ਐਮ ਟੀ ਦਰਸਾਈ ਗਈ ਸੀ।
- 2017-18 ਤੋਂ 2021-22 ਦੌਰਾਨ ਰਹਿੰਦ-ਖੂੰਹਦ ਜਨਰੇਸ਼ਨ, ਇਕੱਤਰ ਕਰਨ, ਪ੍ਰੋਸੈਸਿੰਗ ਅਤੇ ਨਿਪਟਾਰੇ ਦੀ ਮਾਤਰਾ ਨੂੰ ਵੀ ਅਸਲ ਅਧਾਰ ਤੇ ਲੈਣ ਦੀ ਬਜਾਏ ਬੇਤਰਤੀਬੇ ਢੰਗ ਨਾਲ ਸ਼ਾਮਲ ਕੀਤਾ ਗਿਆ ਸੀ।

ਇਸ ਤਰ੍ਹਾਂ, ਯੂ ਐਲ ਬੀਜ਼ ਐਸ ਡਬਲਯੂ ਐਮ ਦੇ ਸਿਰਫ਼ ਅਨੁਮਾਨਿਤ ਡਾਟੇ ਦੀ ਰਿਪੋਰਟ ਕਰ ਰਹੇ ਸਨ ਜੋ ਡਾਟਾ ਦੀ ਕ੍ਰਾਸ ਚੈਕਿੰਗ ਜਾਂ ਵਿਸ਼ਲੇਸ਼ਣ ਕੀਤੇ ਬਿਨਾਂ ਸਵੀਕਾਰ ਕੀਤੇ ਜਾ ਰਹੇ ਸਨ। ਇਸ ਨੇ ਰਹਿੰਦ-ਖੂੰਹਦ ਦੇ ਗਲਤ ਅਨੁਮਾਨਾਂ ਦੀ ਵਰਤੋਂ ਅਤੇ ਰਿਪੋਰਟਿੰਗ ਪ੍ਰੋਸੈਸ ਵਿੱਚ ਜਵਾਬਦੇਹੀ ਦੀ ਘਾਟ ਨੂੰ ਉਤਸ਼ਾਹਤ ਕੀਤਾ।

---

224 (i) ਬਠਿੰਡਾ; (ii) ਲੁਧਿਆਣਾ; (iii) ਕਾਦੀਆਂ; (iv) ਐਸ ਬੀ ਐਸ ਨਗਰ; (v) ਬਿਲਗਾ; ਅਤੇ (vi) ਮਹਿਰਾਜ।

225 (i) ਅੰਮ੍ਰਿਤਸਰ; (ii) ਐਸ ਏ ਐਸ ਨਗਰ; (iii) ਕਰਤਾਰਪੁਰ; ਅਤੇ (iv) ਖਮਾਣੋਂ।

226 (i) ਫਿਰੋਜ਼ਪੁਰ; (ii) ਰੂਪਨਗਰ; (iii) ਕੀਰਤਪੁਰ ਸਾਹਿਬ; ਅਤੇ (iv) ਮੱਖੂ।

227 (i) ਮਾਨਸਾ; (ii) ਮੋਗਾ; ਅਤੇ (iii) ਰਾਜਪੁਰਾ।

ਸਤਾਰ੍ਹਾਂ[228] ਯੂ ਐਲ ਬੀਜ਼ ਨੇ ਕਿਹਾ ਕਿ ਉਨ੍ਹਾ ਨੇ ਰਹਿੰਦ-ਖੂੰਹਦ ਜਨਰੇਸ਼ਨ, ਵੱਖ ਕਰਨ ਅਤੇ ਪ੍ਰੋਸੈਸਿੰਗ ਦਾ ਰਿਕਾਰਡ ਰੱਖਣਾ ਸ਼ੁਰੂ ਕਰ ਦਿੱਤਾ ਸੀ। ਭਵਿੱਖ ਵਿੱਚ ਏ ਆਰਜ਼ ਵਿੱਚ ਇਨ੍ਹਾਂ ਰਿਕਾਰਡਾਂ ਦੇ ਅਧਾਰ 'ਤੇ ਡਾਟਾ/ਅੰਕੜਿਆਂ ਨੂੰ ਸਹੀਂ ਢੰਗ ਨਾਲ ਸ਼ਾਮਲ ਕੀਤਾ ਜਾਵੇਗਾ। ਅੰਮ੍ਰਿਤਸਰ ਯੂ ਐਲ ਬੀ ਨੇ ਕਿਹਾ ਕਿ ਏ ਆਰ ਬਣਾਉਣ ਵਿੱਚ ਕਦੇ ਜਨਗਣਨਾ 2011 ਦੀ ਆਬਾਦੀ ਨੂੰ ਧਿਆਨ ਵਿੱਚ ਰੱਖਿਆ ਗਿਆ ਸੀ ਅਤੇ ਕਦੇ ਡੀ ਪੀ ਆਰ ਦੀ ਆਬਾਦੀ ਦੇ ਅਨੁਮਾਨ ਨੂੰ ਧਿਆਨ ਵਿੱਚ ਰੱਖਿਆ ਗਿਆ ਸੀ। ਇਸ ਲਈ, ਇੱਕ ਭਿੰਨਤਾ ਸੀ, ਹਾਲਾਂਕਿ, ਭਵਿੱਖ ਵਿੱਚ ਡੀ ਪੀ ਆਰ ਆਬਾਦੀ ਦੇ ਅਨੁਮਾਨ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ, ਬਠਿੰਡਾ ਯੂ ਐਲ ਬੀ ਨੇ ਕਿਹਾ ਕਿ ਕਮੀਆਂ ਨੂੰ ਦੂਰ ਕਰਨ ਲਈ ਯਤਨ ਕੀਤੇ ਜਾਣਗੇ ਅਤੇ ਵਿਸਥਾਰਤ ਜਵਾਬ ਬਾਅਦ ਵਿੱਚ ਦਿੱਤਾ ਜਾਵੇਗਾ। ਲੁਧਿਆਣਾ ਯੂ ਐਲ ਬੀ ਨੇ ਰਿਪੋਰਟਾਂ ਵਿੱਚ ਅਯੋਗਤਾ ਦਾ ਕਾਰਨ ਐਚ ਐਚਜ਼ ਦਾ ਘਰ-ਘਰ ਸਰਵੇਖਣ ਨਾ ਕਰਨਾ ਦੱਸਿਆ।

ਯੂ ਐਲ ਬੀਜ਼ ਦੇ ਜਵਾਬ ਨਾਕਾਫੀ ਸਨ ਕਿਉਂਕਿ ਉਹਨਾਂ ਨੂੰ ਸਹੀ ਅਤੇ ਤਸਦੀਕ ਕੀਤੇ ਡਾਟੇ ਦੀ ਰਿਪੋਰਟ ਕਰਨ ਦੀ ਲੋੜ ਸੀ। ਏ ਆਰਜ਼ ਵਿੱਚ ਅਨੁਮਾਨਿਤ ਡਾਟੇ ਦੀ ਵਰਤੋਂ ਅਤੇ ਅਸਮਾਨਤਾਵਾਂ ਐਸ ਡਬਲਯੂ ਐਮ ਨਿਯਮਾਂ ਦੀ ਪਾਲਣਾ ਨਾ ਕਰਨ ਨੂੰ ਦਰਸਾਉਂਦੀਆਂ ਹਨ ਅਤੇ ਇਨ੍ਹਾਂ ਰਿਪੋਰਟਾਂ ਦੀ ਭਰੋਸੇਯੋਗਤਾ ਨੂੰ ਕਮਜ਼ੋਰ ਕਰਦੀਆਂ ਹਨ।

2.6.6 ਪ੍ਰਬੰਧਨ ਸੂਚਨਾ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ

ਐਮ ਐਸ ਡਬਲਯੂ ਐਮ ਮੈਨੂਅਲ, 2016 ਦਾ ਪੈਰ੍ਹਾ 6.1.3 ਪ੍ਰਦਾਨ ਕਰਦਾ ਹੈ ਕਿ ਮੌਜੂਦਾ ਸਥਿਤੀ ਦਾ ਮੁਲਾਂਕਣ ਕਰਨ ਅਤੇ ਸੇਵਾ ਪ੍ਰਦਾਨ ਕਰਨ ਵਿੱਚ ਸੁਧਾਰ ਲਈ ਉਚਿਤ ਧਾਰਾਵਾਂ ਦਾ ਪ੍ਰਸਤਾਵ ਦੇਣ ਲਈ ਐਮ ਐਸ ਡਬਲਯੂ ਐਮ ਨਾਲ ਸਬੰਧਤ ਡਾਟੇ ਨੂੰ ਇਕੱਤਰ ਕਰਨ ਅਤੇ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਮੈਨੇਜਮੈਂਟ ਇਨਫਰਮੇਸ਼ਨ ਸਿਸਟਮ (ਐਮ ਆਈ ਐਸ) ਇੱਕ ਕੰਪਿਊਟਰਾਈਜ਼ਡ ਪ੍ਰਣਾਲੀ ਹੈ ਜੋ ਫੈਸਲਾ ਲੈਣ ਵਾਲਿਆਂ ਲਈ ਡਾਟਾ ਜਾਂ ਸੂਚਨਾ ਨੂੰ ਕੈਪਚਰ ਕਰਨ, ਸਟੋਰ ਕਰਨ ਅਤੇ ਮੁੜ ਪ੍ਰਾਪਤ ਕਰਨ ਲਈ ਤਿਆਰ ਕੀਤੀ ਗਈ ਹੈ। ਐਮ ਆਈ ਐਸ ਜੁਲਾਈ 2020 ਵਿੱਚ ਯੂ ਐਲ ਬੀਜ਼ ਵਿੱਚ ਸ਼ੁਰੂ ਕੀਤਾ ਗਿਆ ਸੀ।

ਇਸ ਤੋਂ ਇਲਾਵਾ ਪੀ ਐਮ ਆਈ ਡੀ ਸੀ ਨੇ ਨਿਰਦੇਸ਼ (ਜੂਨ 2021) ਜਾਰੀ ਕੀਤੇ ਕਿ ਐਮ ਆਈ ਐਸ ਵਿੱਚ ਸਾਰੇ ਯੂ ਐਲ ਬੀਜ਼ ਦੁਆਰਾ ਭਰੇ ਗਏ ਡਾਟੇ ਨੂੰ ਕਿਸੇ ਵੀ ਰਿਪੋਰਟਿੰਗ ਅਤੇ ਮੁਲਾਂਕਣ ਪ੍ਰੋਸੈਸ ਲਈ ਸੱਚਾਈ ਦਾ ਇਕੋ ਸਰੋਤ ਮੰਨਿਆ ਜਾਵੇਗਾ। ਇਹ ਕਦਮ ਯੂ ਐਲ ਬੀਜ਼ ਦੁਆਰਾ ਰਿਪੋਰਟ ਕੀਤੇ ਗਏ ਡਾਟੇ ਅਤੇ ਰਾਜ ਦੁਆਰਾ ਮਹੀਨਾਵਾਰ ਰਿਪੋਰਟਾਂ ਵਿੱਚ ਪ੍ਰਦਾਨ ਕੀਤੇ ਗਏ ਡਾਟੇ ਵਿਚਕਾਰ ਅੰਤਰ ਨੂੰ ਦੂਰ ਕਰਨ ਲਈ ਸ਼ੁਰੂ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਹੈ ਕਿ ਐਮ ਆਈ ਐਸ ਵਿੱਚ ਡਾਟਾ ਕੈਪਚਰਿੰਗ ਜੁਲਾਈ 2020 ਵਿੱਚ ਸ਼ੁਰੂ ਹੋਈ ਸੀ ਅਤੇ ਘਰਾਂ, ਰਹਿੰਦ-ਖੂੰਹਦ ਜਨਰੇਸ਼ਨ ਦੀ ਮਾਤਰਾ, ਵਪਾਰਕ

---

228 (i) ਆਦਮਪੁਰ; (ii) ਬਿਲਗਾ; (iii) ਕਰਤਾਰਪੁਰ; (iv) ਕੀਰਤਪੁਰ ਸਾਹਿਬ; (v) ਰੂਪਨਗਰ; (vi) ਐਸ ਏ ਐਸ ਨਗਰ; (vii) ਕਾਦੀਆਂ; (viii) ਐਸ ਬੀ ਐਸ ਨਗਰ; (ix) ਦੋਰਾਹਾ; (x) ਫਿਰੋਜ਼ਪੁਰ; (xi) ਖਮਾਣੋਂ; (xii) ਮੱਖੂ; (xiii) ਮਾਨਸਾ; (xiv) ਮਹਿਰਾਜ; (xv) ਮੋਗਾ; (xvi) ਰਾਜਪੁਰਾ; ਅਤੇ (xvii) ਸਰਹਿੰਦ।

ਅਦਾਰਿਆਂ ਦੀ ਸੰਖਿਆ, ਰਹਿੰਦ-ਖੂੰਹਦ ਨੂੰ ਵੱਖ ਕਰਨ, ਪ੍ਰੋਸੈਸਿੰਗ ਸਹੂਲਤਾਂ ਦੀ ਉਪਲਬਧਤਾ ਆਦਿ ਵਰਗੀਆਂ ਸੂਚਨਾ/ਡਾਟੇ ਨੂੰ ਐਮ ਆਈ ਐਸ ਦੀਆਂ ਮਹੀਨਾਵਾਰ ਪ੍ਰਗਤੀ ਰਿਪੋਰਟਾਂ ਵਿੱਚ ਸ਼ਾਮਲ ਕੀਤਾ ਜਾ ਰਿਹਾ ਸੀ। ਲੇਖਾ ਪ੍ਰੀਖਿਆ ਨੇ ਐਮ ਆਈ ਐਸ ਤੋਂ ਮਹੀਨਾਵਾਰ ਰਿਪੋਰਟਾਂ ਇਕੱਤਰ ਕੀਤੀਆਂ ਅਤੇ ਉਨ੍ਹਾਂ ਦੀ ਤੁਲਨਾ 2021-22 ਲਈ ਚੁਣੇ ਗਏ ਯੂ ਐਲ ਬੀਜ਼ ਦੁਆਰਾ ਪ੍ਰਦਾਨ ਕੀਤੇ ਗਏ ਡਾਟੇ ਨਾਲ ਕੀਤੀ ਅਤੇ ਹੇਠ ਲਿਖਿਆਂ ਦੇਖਿਆ ***(ਅੰਤਿਕਾ 2.24)***:

- 20 ਯੂ ਐਲ ਬੀਜ਼ ਵਿਚੋਂ, ਅੱਠ[229] ਯੂ ਐਲ ਬੀਜ਼ ਵਿੱਚ, ਐਮ ਆਈ ਐਸ ਨੇ ਐਸ ਐਲ ਐਫਜ਼ ਦੀ ਉਪਲਬਧਤਾ ਦਾ ਸੰਕੇਤ ਦਿੱਤਾ, ਜਦੋਂ ਕਿ ਜੇ ਪੀ ਵੀ ਦੌਰਾਨ ਇਹ ਦੇਖਿਆ ਗਿਆ ਕਿ ਉਨ੍ਹਾਂ ਦਾ ਨਿਰਮਾਣ ਨਹੀਂ ਕੀਤਾ ਗਿਆ ਸੀ।
- ਐਮ ਆਈ ਐਸ ਦੀ ਰਿਪੋਰਟ ਵਿੱਚ ਚੁਣੇ ਹੋਏ ਯੂ ਐਲ ਬੀਜ਼ ਵਿੱਚ ਉਪਭੋਗਤਾ ਚਾਰਜਜ਼ ਵਜੋਂ ₹ 24.59 ਕਰੋੜ ਇਕੱਠੇ ਕੀਤੇ ਗਏ, ਜਦੋਂ ਕਿ ਅਸਲ ਕੁਲੈਕਸ਼ਨ ਸਿਰਫ਼ ₹ 0.52 ਕਰੋੜ ਸੀ।
- ਐਮ ਆਈ ਐਸ ਦੀ ਰਿਪੋਰਟ ਨੇ ਸੰਕੇਤ ਦਿੱਤਾ ਕਿ ਸੰਚਾਲਨ ਲਾਗਤ ₹ 53.99 ਕਰੋੜ ਸੀ ਜਦੋਂ ਕਿ ਸੰਚਾਲਨ ਲਾਗਤ ਦੇ ਅਸਲ ਅੰਕੜੇ ₹ 63.72 ਕਰੋੜ ਸੀ।
- ਐਮ ਆਈ ਐਸ ਵਿੱਚ ਕੈਪਚਰ ਕੀਤੇ ਗਏ ਡਾਟੇ ਅਤੇ ਐਚ ਐਚਜ਼ ਦੀ ਸੰਖਿਆ, ਐਸ ਡਬਲਯੂ ਐਮ ਦੇ ਸੰਗ੍ਰਹਿ ਦੇ ਵੇਰਵੇ ਅਤੇ ਪ੍ਰੋਸੈਸਿੰਗ ਦੀ ਮਾਤਰਾ ਦੇ ਸਬੰਧ ਵਿੱਚ ਯੂ ਐਲ ਬੀਜ਼ ਦੁਆਰਾ ਪ੍ਰਦਾਨ ਕੀਤੀ ਸੂਚਨਾ ਵਿੱਚ ਅੰਤਰ ਸੀ।

ਇਸ ਤਰ੍ਹਾਂ, ਐਮ ਆਈ ਐਸ ਵਿੱਚ ਦਾਖਲ ਕੀਤਾ ਗਿਆ ਡਾਟਾ ਭਰੋਸੇਯੋਗ ਨਹੀਂ ਸੀ।

ਅਠਾਰਾਂ[230] ਯੂ ਐਲ ਬੀਜ਼ ਨੇ ਕਿਹਾ ਕਿ ਉਨ੍ਹਾਂ ਦੇ ਰਹਿੰਦ-ਖੂੰਹਦ ਜਨਰੇਸ਼ਨ, ਵੱਖਕਰਨ ਅਤੇ ਪ੍ਰੋਸੈਸਿੰਗ ਦਾ ਰਿਕਾਰਡ ਰੱਖਣਾ ਸ਼ੁਰੂ ਕਰ ਦਿੱਤਾ ਸੀ ਅਤੇ ਭਵਿੱਖ ਵਿੱਚ ਰੱਖੇ ਗਏ ਰਿਕਾਰਡਾਂ ਅਨੁਸਾਰ ਐਮ ਆਈ ਐਸ ਡਾਟਾ ਦਰਜ ਕੀਤਾ ਜਾਵੇਗਾ ਅਤੇ ਹੋਰ ਵਿਸੰਗਤੀਆਂ ਨੂੰ ਵੀ ਠੀਕ ਕੀਤਾ ਜਾਵੇਗਾ। ਬਠਿੰਡਾ ਯੂ ਐਲ ਬੀ ਨੇ ਕਿਹਾ ਕਿ ਐਮ ਆਈ ਐਸ ਵਿੱਚ ਸ਼ਾਮਲ ਅੰਕੜੇ ਗਲਤੀ ਨਾਲ ਲਏ ਗਏ ਸਨ। ਲੁਧਿਆਣਾ ਯੂ ਐਲ ਬੀ ਨੇ ਕਿਹਾ ਕਿ ਸਿਸਟਮ ਵਿੱਚ ਦਾਖਲ ਕੀਤਾ ਗਿਆ ਐਮ ਆਈ ਐਸ ਡਾਟਾ ਅਸਥਾਈ ਸੀ ਕਿਉਂਕਿ ਸਟਾਫ ਦੀ ਘਾਟ ਅਤੇ ਸਮਰੱਥਾ ਨਿਰਮਾਣ ਕਾਰਨ ਮਹੀਨਾਵਾਰ ਅਧਾਰ ਤੇ ਡਾਟਾ ਭਰਨ ਲਈ ਅਸਲ ਰਿਕਾਰਡ ਦੀ ਸਾਂਭ-ਸੰਭਾਲ ਨਹੀਂ ਸੀ। ਸਹੀ ਰਿਪੋਰਟਿੰਗ ਲਈ ਐਮ ਆਈ ਐਸ ਵਿੱਚ ਸਹੀ ਅੰਕੜੇ ਭਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਇਸ ਤਰ੍ਹਾਂ, ਐਮ ਆਈ ਐਸ ਵਿੱਚ ਗਲਤ ਡਾਟਾ ਕੈਪਚਰ ਕਰਨਾ ਨਾ ਸਿਰਫ਼ ਯੋਜਨਾਬੰਦੀ, ਬਜਟ ਅਤੇ ਲਾਗੂ ਕਰਨ ਲਈ ਰਹਿੰਦ-ਖੂੰਹਦ ਦੇ ਪ੍ਰਬੰਧਨ ਬਾਰੇ ਗੁੰਮਰਾਹਕੁੰਨ ਜਾਣਕਾਰੀ ਪ੍ਰਦਾਨ ਕਰੇਗਾ, ਬਲਕਿ ਇਛੁੱਕ ਉਪਭੋਗਤਾਵਾਂ/ਹਿੱਸੇਦਾਰਾਂ ਨੂੰ ਐਸ ਡਬਲਯੂ ਐਮ ਦੀ ਗਲਤ ਤਸਵੀਰ ਵੀ

---

229 (i) ਅੰਮ੍ਰਿਤਸਰ; (ii) ਬਠਿੰਡਾ; (iii) ਮਾਨਸਾ; (iv) ਰੂਪਨਗਰ; (v) ਐਸ ਬੀ ਐਸ ਨਗਰ; (vi) ਸਰਹਿੰਦ; (vii) ਬਿਲਗਾ; ਅਤੇ (viii) ਮੋਗਾ।

230 (i) ਆਦਮਪੁਰ; (ii) ਬਿਲਗਾ; (iii) ਕਰਤਾਰਪੁਰ; (iv) ਕੀਰਤਪੁਰ ਸਾਹਿਬ; (v) ਰੂਪਨਗਰ; (vi) ਐਸ ਏ ਐਸ ਨਗਰ; (vii) ਕਾਦੀਆਂ; (viii) ਐਸ ਬੀ ਐਸ ਨਗਰ; (ix) ਅੰਮ੍ਰਿਤਸਰ; (x) ਦੋਰਾਹਾ; (xi) ਫਿਰੋਜ਼ਪੁਰ; (xii) ਖਮਾਣੋਂ; (xiii) ਮੱਖੂ; (xiv) ਮਾਨਸਾ; (xv) ਮਹਿਰਾਜ; (xvi) ਮੋਗਾ; (xvii) ਰਾਜਪੁਰਾ; ਅਤੇ (xviii) ਸਰਹਿੰਦ।

ਪ੍ਰਦਾਨ ਕਰੇਗਾ। ਇਸ ਲਈ, ਐਮ ਆਈ ਐਸ ਨੂੰ ਸੱਚ ਦਾ ਇਕੋ ਸਰੋਤ ਮੰਨਣ ਦਾ ਉਦੇਸ਼ ਅਸਫਲ ਹੋ ਗਿਆ।

2.6.7 ਵਾਤਾਵਰਣ ਦੇ ਮਿਆਰਾਂ ਦੀ ਨਿਗਰਾਨੀ ਨਾ ਕਰਨਾ

ਐਮ ਐਸ ਡਬਲਯੂ ਐਮ ਮੈਨੂਅਲ, 2016 ਦੇ ਪੈਰ੍ਹਾ 6.5.1 ਨੂੰ ਐਸ ਡਬਲਯੂ ਐਮ ਨਿਯਮਾਂ ਦੇ ਨਿਯਮ 16(4) ਅਤੇ 16(ਏ) ਦੇ ਨਾਲ ਪੜ੍ਹਿਆ ਜਾਂਦਾ ਹੈ, ਇਹ ਨਿਰਧਾਰਤ ਕਰਦਾ ਹੈ ਕਿ ਵਾਤਾਵਰਣ ਨਿਗਰਾਨੀ ਦੇ ਡਾਟੇ[231] ਦੀ ਰਿਪੋਰਟ ਯੂ ਐਲ ਬੀਜ਼ ਦੁਆਰਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ (ਐਸ ਪੀ ਸੀ ਬੀ) ਨੂੰ ਸਾਲਾਨਾ ਅਧਾਰ ਤੇ ਕੀਤੀ ਜਾਣੀ ਚਾਹੀਦੀ ਹੈ। ਐਸ ਪੀ ਸੀ ਬੀ ਨੂੰ ਸਾਲ ਵਿੱਚ ਘੱਟੋ ਘੱਟ ਇੱਕ ਵਾਰ ਅਨੁਸੂਚੀ I ਅਤੇ II ਦੇ ਅਧੀਨ ਨਿਰਧਾਰਤ ਕੀਤੇ ਅਨੁਸਾਰ ਧਰਤੀ ਹੇਠਲੇ ਪਾਣੀ, ਆਲੇ-ਦੁਆਲੇ ਦੀ ਹਵਾ, ਲੀਚੇਟ, ਖਾਦ ਦੀ ਗੁਣਵੱਤਾ ਅਤੇ ਇਨਸੀਨਰੇਸ਼ਨ ਲਈ ਮਾਪਦੰਡਾਂ ਦੀ ਪਾਲਣਾ ਦੀ ਨਿਗਰਾਨੀ ਅਤੇ ਸਮੀਖਿਆ ਕਰਨੀ ਚਾਹੀਦੀ ਹੈ। ਯੂ ਐਲ ਬੀ ਅਣਉਚਿਤ ਰਹਿੰਦ-ਖੂੰਹਦ ਪ੍ਰਬੰਧਨ ਕਾਰਨ ਵਾਤਾਵਰਣ ਅਤੇ ਸਿਹਤ ਤੇ ਪੈਣ ਵਾਲੇ ਪ੍ਰਭਾਵ ਦਾ ਮੁਲਾਂਕਣ ਕਰਨ ਅਤੇ ਅਣਉਚਿਤ ਰਹਿੰਦ-ਖੂੰਹਦ ਪ੍ਰਬੰਧਨ ਕਾਰਨ ਹਵਾ, ਮਿੱਟੀ ਅਤੇ ਧਰਤੀ ਹੇਠਲੇ ਪਾਣੀ ਦੇ ਦੂਸ਼ਿਤ ਹੋਣ ਦਾ ਮੁਲਾਂਕਣ ਕਰਨ ਲਈ ਇੱਕ ਅਧਿਐਨ/ਮੁਲਾਂਕਣ ਕਰੇਗਾ।

ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਯੂ ਐਲ ਬੀਜ਼ ਨੇ ਨਾ ਤਾਂ ਧਰਤੀ ਹੇਠਲੇ ਪਾਣੀ, ਆਲੇ ਦੁਆਲੇ ਦੀ ਹਵਾ, ਲੀਚੇਟ, ਖਾਦ ਦੀ ਗੁਣਵੱਤਾ ਦੇ ਸਬੰਧ ਵਿੱਚ ਨਿਗਰਾਨੀ ਕੀਤੇ ਡਾਟੇ ਦੀ ਰਿਪੋਰਟ ਪੀ ਪੀ ਸੀ ਬੀ ਨੂੰ ਕੀਤੀ ਅਤੇ ਨਾ ਹੀ ਅਣਉਚਿਤ ਰਹਿੰਦ-ਖੂੰਹਦ ਪ੍ਰਬੰਧਨ ਕਾਰਨ ਵਾਤਾਵਰਣ ਅਤੇ ਸਿਹਤ ਤੇ ਪੈਣ ਵਾਲੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਕੋਈ ਅਧਿਐਨ/ਮੁਲਾਂਕਣ ਕੀਤਾ।

ਇਹ ਵੀ ਦੇਖਿਆ ਗਿਆ ਕਿ ਪੀ ਪੀ ਸੀ ਬੀ ਨੇ 2017-18 ਤੋਂ 2021-22 ਦੀ ਮਿਆਦ ਦੌਰਾਨ ਐਸ ਡਬਲਯੂ ਐਮ ਨਿਯਮਾਂ ਨੂੰ ਲਾਗੂ ਕਰਨ ਵਿੱਚ ਯੂ ਐਲ ਬੀਜ਼ ਦੀ ਕਾਰਗੁਜ਼ਾਰੀ ਦੀ ਸਮੀਖਿਆ ਨਹੀਂ ਕੀਤੀ ਸੀ। ਪੀ ਪੀ ਸੀ ਬੀ ਨੇ 2018 ਅਤੇ 2021 ਦਰਮਿਆਨ, 166 ਯੂ ਐਲ ਬੀਜ਼ ਵਿੱਚੋਂ ਸਿਰਫ਼ 28 ਯੂ ਐਲ ਬੀਜ਼ ਵਿੱਚ ਪਾਣੀ ਦੀ ਗੁਣਵੱਤਾ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ ਛੇ ਯੂ ਐਲ ਬੀਜ਼[232] ਨੂੰ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਵਿੱਚ ਚੁਣਿਆ ਗਿਆ ਸੀ।

ਚਾਰਟ 2.17 ਚੁਣੇ ਹੋਏ ਯੂ ਐਲ ਬੀਜ਼ ਦੀ ਸੰਖਿਆ ਨੂੰ ਦਰਸਾਉਂਦਾ ਹੈ ਜਿੱਥੇ ਭੂਮੀਗਤ ਪਾਣੀ ਦੇ ਟੈਸਟਿੰਗ ਮਾਪਦੰਡ ਨਿਰਧਾਰਤ ਸੀਮਾਵਾਂ ਤੋਂ ਵੱਧ ਪਾਏ ਗਏ ਸਨ।

---

231 ਮਿਊਂਸਪਲ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ, ਟਰੀਟਮੈਂਟ ਅਤੇ ਨਿਪਟਾਰੇ ਦੀ ਸਹੂਲਤ ਦੇ ਆਲੇ-ਦੁਆਲੇ ਮਿੱਟੀ, ਪਾਣੀ ਅਤੇ ਹਵਾ ਦੀ ਗੁਣਵੱਤਾ ਦੀ ਨਿਗਰਾਨੀ।

232 (i) ਅੰਮ੍ਰਿਤਸਰ; (ii) ਖਮਾਣੋਂ; (iii) ਐਸ ਏ ਐਸ ਨਗਰ; (iv) ਮਾਨਸਾ; (v) ਦੋਰਾਹਾ; ਅਤੇ (vi) ਮੋਗਾ।

ਚਾਰਟ 2.17: ਚੁਣੇ ਹੋਏ ਯੂ ਐਲ ਬੀਜ਼ ਵਿੱਚ ਧਰਤੀ ਹੇਠਲੇ ਪਾਣੀ ਦੀ ਜਾਂਚ ਦੇ ਨਤੀਜੇ



ਸ੍ਰੋਤ: ਪੀ ਪੀ ਸੀ ਬੀ ਡਾਟਾ

ਸਤਾਰ੍ਹਾਂ[233] ਯੂ ਐਲ ਬੀਜ਼ ਨੇ ਕਿਹਾ ਕਿ ਭਵਿੱਖ ਵਿੱਚ ਐਸ ਡਬਲਯੂ ਐਮ ਦੇ ਨਿਯਮਾਂ ਅਨੁਸਾਰ ਟੈਸਟਿੰਗ ਕਰਨ ਲਈ ਯਤਨ ਕੀਤੇ ਜਾਣਗੇ। ਦੋ[234] ਯੂ ਐਲ ਬੀਜ਼ ਨੇ ਕਿਹਾ ਕਿ ਵਾਤਾਵਰਣ ਦੇ ਮਿਆਰ ਦੀ ਨਿਗਰਾਨੀ ਪੀ ਪੀ ਸੀ ਬੀ ਦੁਆਰਾ ਨਿਯਮਤ ਅਧਾਰ 'ਤੇ ਕੀਤੀ ਜਾਂਦੀ ਸੀ। ਇਸ ਦੇ ਨਤੀਜੇ ਪੀ ਪੀ ਸੀ ਬੀ ਤੋਂ ਪ੍ਰਾਪਤ ਕੀਤੇ ਜਾਣਗੇ ਅਤੇ ਅਗਲੇਰੀ ਪੜਤਾਲ ਲਈ ਲੇਖਾ ਪ੍ਰੀਖਿਆ ਨੂੰ ਪ੍ਰਦਾਨ ਕੀਤੇ ਜਾਣਗੇ। ਅੰਮ੍ਰਿਤਸਰ ਯੂ ਐਲ ਬੀ ਨੇ ਕਿਹਾ ਕਿ ਯੂ ਐਲ ਬੀ ਨੇ ਡੰਪਿੰਗ ਸਾਈਟ 'ਤੇ ਬੋਰਵੈਲ ਸਥਾਪਤ ਕੀਤਾ ਹੈ ਅਤੇ ਹਵਾ ਵਿੱਚ ਮੀਥੇਨ ਦੀ ਇਕਾਗਰਤਾ ਦੀ ਨਿਗਰਾਨੀ ਲਈ ਪੰਜ ਮੀਥੇਨ ਗੈਸ ਡਿਟੈਕਟਰ ਲਗਾਉਣ ਦੀ ਪੋਸੈਸ ਵਿੱਚ ਹੈ ਅਤੇ ਬਾਕੀ ਹਵਾ ਦੀ ਗੁਣਵੱਤਾ ਦੀ ਨਿਗਰਾਨੀ ਪੀ ਪੀ ਸੀ ਬੀ ਦੁਆਰਾ ਕੀਤੀ ਜਾ ਰਹੀ ਸੀ।

2.6.8 ਸਿੱਟਾ

ਇਸ ਰਿਪੋਰਟ ਵਿੱਚ ਦਰਸਾਏ ਗਏ ਯੂ ਐਲ ਬੀਜ਼ ਨੇ ਐਮ ਐਸ ਡਬਲਯੂ ਐਮ ਨਿਯਮਾਂ ਅਧੀਨ ਲੋੜੀਂਦੇ ਰਿਕਾਰਡਾਂ ਨੂੰ ਕਾਇਮ ਨਹੀਂ ਰੱਖਿਆ। ਰਾਜ ਪੱਧਰੀ ਸਲਾਹਕਾਰ ਸੰਸਥਾ ਦੀ ਲੋੜੀਂਦੀ ਬਾਰੰਬਾਰਤਾ ਅਨੁਸਾਰ ਮੀਟਿੰਗ ਨਹੀਂ ਹੋਈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋੜ ਅਨੁਸਾਰ ਤਿਮਾਹੀ/ਮਹੀਨਾਵਾਰ ਮੀਟਿੰਗਾਂ ਨਹੀਂ ਕੀਤੀਆਂ ਗਈਆਂ ਸਨ। 2017-22 ਦੌਰਾਨ 20 ਯੂ ਐਲ ਬੀਜ਼ ਵੱਲੋਂ 100 ਸਾਲਾਨਾ ਰਿਪੋਰਟਾਂ ਪੇਸ਼ ਕਰਨ ਦੀ ਲੋੜ ਦੇ ਮੁਕਾਬਲੇ ਸਿਰਫ਼ 74 ਰਿਪੋਰਟਾਂ ਉੱਚ ਅਧਿਕਾਰੀਆਂ ਨੂੰ ਸੌਂਪੀਆਂ ਗਈਆਂ ਸਨ। ਯੂ ਐਲ ਬੀਜ਼ ਦੇ ਰਿਕਾਰਡਾਂ ਅਤੇ ਐਮ ਆਈ ਐਸ ਵਿੱਚ ਰਿਪੋਰਟ ਕੀਤੇ ਡਾਟੇ ਵਿਚਕਾਰ ਭਿੰਨਤਾਵਾਂ ਵੇਖੀਆਂ ਗਈਆਂ ਸਨ। ਮਿਉਂਸਪਲ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਅਤੇ ਨਿਪਟਾਰੇ ਦੀਆਂ ਸਹੂਲਤਾਂ ਦੇ ਆਲੇ-ਦੁਆਲੇ ਮਿੱਟੀ, ਪਾਣੀ ਅਤੇ ਹਵਾ ਦੀ ਗੁਣਵੱਤਾ ਦੀ ਵਾਤਾਵਰਣ ਨਿਗਰਾਨੀ ਯੂ ਐਲ ਬੀਜ਼ ਦੁਆਰਾ ਨਹੀਂ ਕੀਤੀ ਗਈ ਸੀ।

---

233 (i) ਆਦਮਪੁਰ; (ii) ਬਿਲਗਾ; (iii) ਦੋਰਾਹਾ; (iv) ਫਿਰੋਜ਼ਪੁਰ; (v) ਕਰਤਾਰਪੁਰ; (vi) ਖਮਾਣੋਂ; (vii) ਕੀਰਤਪੁਰ ਸਾਹਿਬ; (viii) ਮੱਖੂ; (ix) ਮਾਨਸਾ; (x) ਮਹਿਰਾਜ; (xi) ਮੋਗਾ; (xii) ਰਾਜਪੁਰਾ; (xiii) ਰੂਪਨਗਰ; (xiv) ਐਸ ਏ ਐਸ ਨਗਰ; (xv) ਐਸ ਬੀ ਐਸ ਨਗਰ; (xvi) ਕਾਦੀਆਂ; ਅਤੇ (xvii) ਸਰਹਿੰਦ।

234 (i) ਬਠਿੰਡਾ; ਅਤੇ (ii) ਲੁਧਿਆਣਾ।

2.6.9 ਸਿਫਾਰਸ਼ਾਂ

ਰਾਜ ਸਰਕਾਰ/ਯੂ ਐਲ ਬੀਜ਼ ਇਹ ਕਰ ਸਕਦੇ ਹਨ:

- *ਰਿਕਾਰਡਾਂ ਅਤੇ ਡਾਟੇ ਦੀ ਰੱਖ-ਰਖਾਅ ਵਿੱਚ ਸੁਧਾਰ ਕਰਨਾਂ ਤਾਂ ਜੋ ਐਸ ਡਬਲਯੂ ਐਮ ਪ੍ਰਣਾਲੀ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕੀਤਾ ਜਾ ਸਕੇ ਅਤੇ ਭਵਿੱਖ ਦੇ ਪ੍ਰੋਜੈਕਟਾਂ ਲਈ ਸਹੀ ਯੋਜਨਾਬੰਦੀ ਤਿਆਰ ਕੀਤੀ ਜਾ ਸਕੇ ;*
- *ਇਹ ਸੁਨਿਸ਼ਚਿਤ ਕਰਨਾ ਕਿ ਨਿਗਰਾਨੀ ਕਮੇਟੀਆਂ/ਬੋਰਡਾਂ ਦੀਆਂ ਮੀਟਿੰਗਾਂ ਲੋੜੀਂਦੀ ਬਾਰੰਬਾਰਤਾ ਅਨੁਸਾਰ ਕੀਤੀਆਂ ਜਾਣ ਅਤੇ ਨਿਯਮਾਂ ਅਤੇ ਵਿਨਿਯਮਾਂ ਅਨੁਸਾਰ ਐਸ ਡਬਲਯੂ ਐਮ ਦੀ ਪ੍ਰਗਤੀ ਦੀ ਨਿਗਰਾਨੀ ਕਰਨ ਲਈ ਫੈਸਲਿਆਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ;*
- *ਇਹ ਸੁਨਿਸ਼ਚਿਤ ਕਰਨਾ ਕਿ ਐਸ ਡਬਲਯੂ ਐਮ ਪ੍ਰੋਜੈਕਟਾਂ ਦੀ ਯੋਜਨਾਬੰਦੀ ਬਜਟ ਅਤੇ ਲਾਗੂਕਰਨ ਲਈ ਐਮ ਆਈ ਐਸ ਵਿੱਚ ਪ੍ਰਮਾਣਿਕ ਅਤੇ ਸਹੀ ਡਾਟੇ ਨੂੰ ਸਖਤੀ ਨਾਲ ਕੈਪਚਰ ਕੀਤਾ ਜਾਵੇ; ਅਤੇ*
- *ਭੂਮੀਗਤ ਪਾਣੀ, ਆਲੇ-ਦੁਆਲੇ ਦੀ ਹਵਾ, ਅਤੇ ਲੀਚੇਟ ਆਦਿ ਦੇ ਪ੍ਰਬੰਧਨ ਲਈ ਵਾਤਾਵਰਣ ਦੇ ਮਿਆਰਾਂ ਦੀ ਨਿਯਮਤ ਨਿਗਰਾਨੀ ਨੂੰ ਯਕੀਨੀ ਬਣਾਉਣਾ।*

ਚੰਡੀਗੜ੍ਹ
ਮਿਤੀ 24 ਅਕਤੂਬਰ 2025

(ਨਾਜ਼ਲੀ ਜੇ. ਸ਼ਾਇਨ)
ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ

ਹਸਤਾਖਰ

ਨਵੀਂ ਦਿੱਲੀ
ਮਿਤੀ 12 ਨਵੰਬਰ 2025

(ਕੇ. ਸੰਜੇ ਮੂਰਤੀ)
ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ

ਅੰਤਿਕਾਵਾਂ

ਅੰਤਿਕਾ 1.1

(ਪੈਰ੍ਹਾ 1.1.2, 1.1.4 ਅਤੇ 1.5 ਦੇ ਹਵਾਲੇ ਵਿੱਚ)

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਕੁੱਲ ਇਕਾਇਆਂ ਦੇ ਵੇਰਵੇ

(ੳ) ਕਾਲਜ ਅਤੇ ਵਿਭਾਗ

ਲੜੀ ਨੰ.	ਕਾਲਜ ਦਾ ਨਾਂਅ	ਲੜੀ ਨੰ.	ਵਿਭਾਗ ਦਾ ਨਾਂਅ
I.	ਮੁੱਢਲਾ ਵਿਗਿਆਨ ਅਤੇ ਹਿਊਮੈਨਿਟੀਜ਼ ਕਾਲਜ	1.	ਖੇਤੀਬਾੜੀ ਪੱਤਰਕਾਰੀ, ਭਾਸ਼ਾਵਾਂ ਅਤੇ ਸੱਭਿਆਚਾਰ
		2.	ਜੀਵ-ਰਸਾਇਣ
		3.	ਬਨਸਪਤੀ ਵਿਗਿਆਨ
		4.	ਰਸਾਇਣ ਵਿਗਿਆਨ
		5.	ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ
		6.	ਗਣਿਤ, ਅੰਕੜਾ ਵਿਗਿਆਨ ਅਤੇ ਭੌਤਿਕ ਵਿਗਿਆਨ
		7.	ਮਾਈਕਰੋਬਾਇਓਲੋਜੀ
		8.	ਸਕੂਲ ਆਫ਼ ਬਿਜਨਸ ਸਟੱਡੀਜ਼
		9.	ਜੀਵ ਵਿਗਿਆਨ
II.	ਕਮਿਊਨਿਟੀ ਵਿਗਿਆਨ ਕਾਲਜ (ਹੋਮ ਸਾਇੰਸ)	10.	ਪੁਸ਼ਾਕ ਅਤੇ ਟੈਕਸਟਾਇਲਜ਼ ਵਿਗਿਆਨ
		11.	ਪਰਿਵਾਰਕ ਸਰੋਤ ਪ੍ਰਬੰਧਨ
		12.	ਭੋਜਨ ਅਤੇ ਪੋਸ਼ਣ
		13.	ਵਿਸਥਾਰ ਸਿੱਖਿਆ ਅਤੇ ਸੰਚਾਰ ਪ੍ਰਬੰਧਨ
		14.	ਮਨੁੱਖੀ ਵਿਕਾਸ ਅਤੇ ਪਰਿਵਾਰਕ ਅਧਿਐਨ
III.	ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ	15.	ਸਿਵਲ ਇੰਜੀਨੀਅਰਿੰਗ
		16.	ਇਲੈਕਟ੍ਰੀਕਲ ਇੰਜੀਨੀਅਰਿੰਗ ਅਤੇ ਸੂਚਨਾ ਤਕਨਾਲੋਜੀ
		17.	ਡਾਇਰੈਕਟਰ ਸਕੂਲ ਆਫ਼ ਐਨਰਜੀ ਸਟੱਡੀਜ਼ (ਨਵਿਆਉਣਯੋਗ ਊਰਜਾ)
		18.	ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ
		19.	ਮਕੈਨੀਕਲ ਇੰਜੀਨੀਅਰਿੰਗ
		20.	ਪ੍ਰੋਸੈਸਿੰਗ ਅਤੇ ਫੂਡ ਇੰਜੀਨੀਅਰਿੰਗ
		21.	ਮਿੱਟੀ ਅਤੇ ਪਾਣੀ ਇੰਜੀਨੀਅਰਿੰਗ
IV.	ਖੇਤੀਬਾੜੀ ਕਾਲਜ	22.	ਖੇਤੀ ਵਿਗਿਆਨ
		23.	ਕੀਟ ਵਿਗਿਆਨ
		24.	ਵਿਸਥਾਰ ਸਿੱਖਿਆ ਵਿਭਾਗ
		25.	ਭੋਜਨ ਵਿਗਿਆਨ ਅਤੇ ਤਕਨਾਲੋਜੀ
		26.	ਪਲਾਂਟ ਬਰੀਡਿੰਗ ਅਤੇ ਜੈਨੇਟਿਕਸ (ਕਣਕ, ਚੌਲ, ਮੱਕੀ, ਕਪਾਹ, ਚਾਰਾ ਅਤੇ ਬਾਜਰਾ, ਦਾਲਾਂ, ਤੇਲ ਬੀਜ ਗੁਣਵੱਤਾ ਮੁੱਖ)
		27.	ਪੌਦਾ ਰੋਗ ਵਿਗਿਆਨ
		28.	ਐਗਰੀਲ ਬਾਇਓਤਕਨਾਲੋਜੀ ਸਕੂਲ
		29.	ਜਲਵਾਯੂ ਪਰਿਵਰਤਨ ਅਤੇ ਐਗਰੀਲ ਮੌਸਮ ਵਿਗਿਆਨ ਸਕੂਲ
		30.	ਮਿੱਟੀ ਵਿਗਿਆਨ
		31.	ਡਾਇਰੈਕਟਰ ਆਰਗੈਨਿਕ ਫਾਰਮਿੰਗ ਸਕੂਲ
V.	ਬਾਗਬਾਨੀ ਅਤੇ ਜੰਗਲਾਤ ਕਾਲਜ	32.	ਸਬਜ਼ੀ ਵਿਗਿਆਨ
		33.	ਫਲ ਵਿਗਿਆਨ
		34.	ਫੁਲਾਂ ਦੀ ਖੇਤੀ ਅਤੇ ਲੈਂਡਸਕੇਪਿੰਗ
		35.	ਜੰਗਲਾਤ ਅਤੇ ਕੁਦਰਤੀ ਸਰੋਤ
VI.	ਬੱਲੋਵਾਲਸੌਂਖੜੀ[1], ਐਸ ਬੀ ਐਸ ਨਗਰ ਵਿਖੇ ਖੇਤੀਬਾੜੀ ਕਾਲਜ	--	--

[1] ਅਕਾਦਮਿਕ ਸਾਲ 2021-22 ਤੋਂ ਕੰਮ ਕਰਨਾ ਸ਼ੁਰੂ ਕੀਤਾ ਅਤੇ ਖੋਜ ਸਟੇਸ਼ਨ, ਬੱਲੋਵਾਲ ਸੌਂਖੜੀ, ਐਸ ਬੀ ਐਸ ਨਗਰ ਦੇ ਪ੍ਰਬੰਧਕੀ ਨਿਯੰਤਰਣ ਅਧੀਨ ਕੰਮ ਕਰਦਾ ਹੈ।

(ਅ) ਖੇਤਰੀ ਖੋਜ ਸਟੇਸ਼ਨ

ਲੜੀ ਨੰ.	ਖੋਜ ਸਟੇਸ਼ਨ ਦਾ ਨਾਂਅ
1.	ਖੇਤਰੀ ਖੋਜ ਸਟੇਸ਼ਨ, ਅਬੋਹਰ
2.	ਖੋਜ ਸਟੇਸ਼ਨ, ਦਿਆਲ ਭਰੰਗ, ਅੰਮ੍ਰਿਤਸਰ
3.	ਖੋਜ ਸਟੇਸ਼ਨ, ਬੱਲੋਵਾਲ ਸੌਂਖੜੀਂ, ਐਸ ਬੀ ਐਸ ਨਗਰ
4.	ਖੋਜ ਸਟੇਸ਼ਨ, ਬਠਿੰਡਾ
5.	ਖੋਜ ਸਟੇਸ਼ਨ, ਫਰੀਦਕੋਟ
6.	ਖੋਜ ਸਟੇਸ਼ਨ, ਗੁਰਦਾਸਪੁਰ
7.	ਫਲ ਖੋਜ ਸਟੇਸ਼ਨ, ਬਹਾਦੁਰਗੜ੍ਹ, ਪਟਿਆਲਾ
8.	ਐਮ ਐਸ ਰੰਧਾਵਾ ਫਲ ਖੋਜ ਸਟੇਸ਼ਨ, ਗੰਗੀਆਂ, ਹੁਸ਼ਿਆਰਪੁਰ
9.	ਫਲ ਖੋਜ ਸਟੇਸ਼ਨ, ਜੱਲੋਵਾਲ/ਲੇਸਰੀਵਾਲ (ਜਲੰਧਰ)

(ਏ) ਬੀਜ ਫਾਰਮ

ਲੜੀ ਨੰ.	ਬੀਜ ਫਾਰਮ ਦਾ ਨਾਂਅ
1.	ਯੂਨੀਵਰਸਿਟੀ ਬੀਜ ਫਾਰਮ, ਕਪੂਰਥਲਾ
2.	ਯੂਨੀਵਰਸਿਟੀ ਬੀਜ ਫਾਰਮ, ਲਾਡੋਵਾਲ, ਲੁਧਿਆਣਾ
3.	ਯੂਨੀਵਰਸਿਟੀ ਬੀਜ ਫਾਰਮ, ਨਾਭਾ, ਪਟਿਆਲਾ
4.	ਯੂਨੀਵਰਸਿਟੀ ਬੀਜ ਫਾਰਮ, ਨਰਾਇਣਗੜ੍ਹ, ਫਤਿਹਗੜ੍ਹ ਸਾਹਿਬ
5.	ਬੀਜ ਫਾਰਮ, ਫਰੀਦਕੋਟ (ਆਰ ਐਚ ਐਸ ਐਸ ਐਫ)
6.	ਬੀਜ ਫਾਰਮ, ਉਸਮਾਨ, ਤਰਨ ਤਾਰਨ

(ਸ) ਕ੍ਰਿਸ਼ੀ ਵਿਗਿਆਨ ਕੇਂਦਰ (ਕੇ ਵੀ ਕੇ)

ਲੜੀ ਨੰ.	ਕ੍ਰਿਸ਼ੀ ਵਿਗਿਆਨ ਕੇਂਦਰ ਦਾ ਨਾਂਅ
1.	ਕੇ ਵੀ ਕੇ ਅੰਮ੍ਰਿਤਸਰ
2.	ਕੇ ਵੀ ਕੇ ਬਠਿੰਡਾ
3.	ਕੇ ਵੀ ਕੇ ਫਰੀਦਕੋਟ
4.	ਕੇ ਵੀ ਕੇ ਫਿਰੋਜ਼ਪੁਰ
5.	ਕੇ ਵੀ ਕੇ ਫਤਿਹਗੜ੍ਹ ਸਾਹਿਬ
6.	ਕੇ ਵੀ ਕੇ ਗੁਰਦਾਸਪਰ
7.	ਕੇ ਵੀ ਕੇ ਬਾਹੋਵਾਲ, ਹੁਸ਼ਿਆਰਪੁਰ
8.	ਕੇ ਵੀ ਕੇ ਕਪੂਰਥਲਾ
9.	ਕੇ ਵੀ ਕੇ ਸਮਰਾਲਾ, ਲੁਧਿਆਣਾ
10.	ਕੇ ਵੀ ਕੇ ਸ਼੍ਰੀ ਮੁਕਤਸਰ ਸਾਹਿਬ
11.	ਕੇ ਵੀ ਕੇ ਬੁਧਸਿੰਘਵਾਲਾ, ਮੋਗਾ
12.	ਕੇ ਵੀ ਕੇ ਲੰਗੜੋਆ, ਐਸ ਬੀ ਐਸ ਨਗਰ
13.	ਕੇ ਵੀ ਕੇ ਪਟਿਆਲਾ
14.	ਕੇ ਵੀ ਕੇ ਪਠਾਨਕੋਟ

ਲੜੀ ਨੰ.	ਕ੍ਰਿਸ਼ੀ ਵਿਗਿਆਨ ਕੇਂਦਰ ਦਾ ਨਾਂਅ
15.	ਕੇ ਵੀ ਕੇ ਰੂਪਨਗਰ
16.	ਕੇ ਵੀ ਕੇ ਖੇੜੀ, ਸੰਗਰੂਰ
17.	ਕੇ ਵੀ ਕੇ ਨੂਰਮਹਿਲ, ਜਲੰਧਰ
18.	ਕੇ ਵੀ ਕੇ ਖੋਖਰ ਖੁਰਦ, ਮਾਨਸਾ

ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

ਨੋਟ: ਉਜਾਗਰ ਕੀਤੀਆਂ ਇਕਾਈਆਂ ਜਿਵੇਂ ਪੰਜ ਕਾਲਜਾਂ ਦੇ 12 ਵਿਭਾਗਾਂ, ਤਿੰਨ ਖੋਜ ਸਟੇਸ਼ਨਾਂ, ਦੋ ਬੀਜ ਫਾਰਮਾਂ ਅਤੇ ਛੇ ਕੇ ਵੀ ਕੇਜ਼ ਨੂੰ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਲਈ ਚੁਣਿਆ ਗਿਆ ਸੀ।

ਅੰਤਿਕਾ 1.2

(ਪੈਰ੍ਹਾ 1.2.1.5(ii)(4) ਦੇ ਹਵਾਲੇ ਵਿੱਚ)

ਲੇਖਿਆਂ ਦੀਆਂ ਕਿਤਾਬਾਂ ਤੋਂ ਬਾਹਰ ਰੱਖੇ ਗਏ ਬੈਂਕ ਖਾਤਿਆਂ ਦੇ ਵੇਰਵੇ

(₹ ਰਾਸ਼ੀ ਵਿੱਚ)

ਕਾਲਜ ਦਾ ਨਾਂਅ	ਲੜੀ ਨੰ.	ਬੈਂਕ ਦਾ ਨਾਂਅ	ਬੈਂਕ ਖਾਤਾ ਨੰਬਰ	31.03.2020[2] ਨੂੰ ਅੰਤਿਮ ਬਕਾਇਆ
ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ	1.	ਭਾਰਤੀ ਸਟੇਟ ਬੈਂਕ	XXXXXXX7067	20,47,088
	2.	ਬੈਂਕ ਆਫ਼ ਬੜੌਦਾ	XXXXXXXXXX4350	15,90,478
	3.	ਬੈਂਕ ਆਫ਼ ਬੜੌਦਾ	XXXXXXXXXX4352	40,60,899
	4.	ਬੈਂਕ ਆਫ਼ ਬੜੌਦਾ	XXXXXXXXXX0103	5,13,619
	5.	ਭਾਰਤੀ ਸਟੇਟ ਬੈਂਕ	XXXXXXX5649	3,13,094
	6.	ਬੈਂਕ ਆਫ਼ ਬੜੌਦਾ	XXXXXXX5605	7,83,196
ਖੇਤੀਬਾੜੀ ਕਾਲਜ	7.	ਭਾਰਤੀ ਸਟੇਟ ਬੈਂਕ	XXXXXXX7726	7,46,057
	8.	ਭਾਰਤੀ ਸਟੇਟ ਬੈਂਕ	XXXXXXX8389	5,50,409
	9.	ਭਾਰਤੀ ਸਟੇਟ ਬੈਂਕ	XXXXXXX8378	5,41,982
	10.	ਭਾਰਤੀ ਸਟੇਟ ਬੈਂਕ	XXXXXXX7034	7,03,983
	11.	ਭਾਰਤੀ ਸਟੇਟ ਬੈਂਕ	XXXXXXX5593	6,38,198
	12.	ਭਾਰਤੀ ਸਟੇਟ ਬੈਂਕ	XXXXXXX5616	31,51,466
	13.	ਭਾਰਤੀ ਸਟੇਟ ਬੈਂਕ	XXXXXXX5627	3,17,671
	14.	ਐਚ ਡੀ ਐਫ ਸੀ ਬੈਂਕ	XXXXXXXXXX9501	1,20,760
ਬਾਗਬਾਨੀ ਅਤੇ ਜੰਗਲਾਤ ਕਾਲਜ	15.	ਭਾਰਤੀ ਸਟੇਟ ਬੈਂਕ	XXXXXXX5537	6,65,750
	16.	ਭਾਰਤੀ ਸਟੇਟ ਬੈਂਕ	XXXXXXX7608	3,33,500
	17.	ਭਾਰਤੀ ਸਟੇਟ ਬੈਂਕ	XXXXXXX5715	1,47,000
	18.	ਭਾਰਤੀ ਸਟੇਟ ਬੈਂਕ	XXXXXXX8961	92,400
	19.	ਭਾਰਤੀ ਸਟੇਟ ਬੈਂਕ	XXXXXXX2623	61,600
	20.	ਭਾਰਤੀ ਸਟੇਟ ਬੈਂਕ	XXXXXXX0494	522
	21.	ਐਚ ਡੀ ਐਫ ਸੀ ਬੈਂਕ	XXXXXXXXXX4351	28,64,236
ਕਮਿਊਨਿਟੀ ਵਿਗਿਆਨ ਕਾਲਜ	22.	ਭਾਰਤੀ ਸਟੇਟ ਬੈਂਕ	XXXXXXX8673	25,22,690
	23.	ਭਾਰਤੀ ਸਟੇਟ ਬੈਂਕ	XXXXXXX7862	52,69,382
	24.	ਭਾਰਤੀ ਸਟੇਟ ਬੈਂਕ	XXXXXXX7078	58,84,380
	25.	ਭਾਰਤੀ ਸਟੇਟ ਬੈਂਕ	XXXXXXX7089	1,89,113
	26.	ਬੈਂਕ ਆਫ਼ ਬੜੌਦਾ	XXXXXXXXXX0948	8,73,561
ਮੁੱਢਲਾ ਵਿਗਿਆਨ ਅਤੇ ਹਿਊਮੈਨਿਟੀਜ਼ ਕਾਲਜ	27.	ਬੈਂਕ ਆਫ਼ ਬੜੌਦਾ	XXXXXXXXXX0794	4,18,481
	28.	ਬੈਂਕ ਆਫ਼ ਬੜੌਦਾ	XXXXXXXXXX4792	9,22,251
	29.	ਬੈਂਕ ਆਫ਼ ਬੜੌਦਾ	XXXXXXXXXX0793	9,27,946
	30.	ਭਾਰਤੀ ਸਟੇਟ ਬੈਂਕ	XXXXXXX5661	14,82,897
	31.	ਬੈਂਕ ਆਫ਼ ਬੜੌਦਾ	XXXXXXXXXX8211	13,57,596
	32.	ਐਚ ਡੀ ਐਫ ਸੀ ਬੈਂਕ	XXXXXXXXXX9480	23,101
	33.	ਭਾਰਤੀ ਸਟੇਟ ਬੈਂਕ	XXXXXXX8800	9,972
			ਜੋੜ	**4,01,25,278**

ਸ੍ਰੋਤ: ਪੀ ਏ ਯੂ ਰਿਕਾਰਡ

[2] 2020-21 ਅਤੇ 2021-22 ਦੀ ਮਿਆਦ ਲਈ ਬੈਲੇਂਸ ਸ਼ੀਟਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਸੀ (ਮਾਰਚ 2023)।

ਅੰਤਿਕਾ 1.3

(ਪੈਰ੍ਹਾ 1.2.1.6 ਦੇ ਹਵਾਲੇ ਵਿੱਚ)

ਸਾਲ 2017-18 ਤੋਂ 2021-22 ਦੇ ਦੌਰਾਨ ਬਕਾਇਆ ਅਸਥਾਈ ਪੇਸ਼ਗੀਆਂ ਦੀ ਸਥਿਤੀ ਨੂੰ ਦਰਸਾਉਂਦੀ ਵਿਵਰਣੀ

(₹ ਲੱਖ ਵਿੱਚ)

ਸਾਲ	ਵਿੱਤੀ ਸਾਲ ਦੇ ਅਪ੍ਰੈਲ ਦੇ ਪਹਿਲੇ ਦਿਨ ਨੂੰ ਮੁੱਢਲਾ ਬਕਾਇਆ	ਵਿੱਤੀ ਸਾਲ ਦੌਰਾਨ ਦਿੱਤੀ ਗਈ ਅਸਥਾਈ ਪੇਸ਼ਗੀ ਦੀ ਰਾਸ਼ੀ	ਅਸਥਾਈ ਪੇਸ਼ਗੀਆਂ ਦੀ ਕੁੱਲ ਰਾਸ਼ੀ	ਵਿੱਤੀ ਸਾਲ ਦੌਰਾਨ ਸਮਾਯੋਜਨ ਕੀਤੀਆਂ ਗਈਆਂ ਅਸਥਾਈ ਪੇਸ਼ਗੀਆਂ	ਵਿੱਤੀ ਸਾਲ ਦੇ ਅੰਤ 'ਤੇ ਬਕਾਇਆ ਅਸਥਾਈ ਪੇਸ਼ਗੀਆਂ
2017-18	8,455.55	1,986.88	10,442.43	2,893.12	7,549.31
2018-19	7,549.31	1,673.14	9,222.45	2,598.32	6,624.13
2019-20	6,624.13	1,811.01	8,435.14	2,826.26	5,608.88
2020-21	5,608.88	3,053.32	8,662.20	3,358.53	5,303.67
2021-22	5,303.67	1,691.00	6,994.67	533.24	6,461.43

ਸ੍ਰੋਤ: ਪੀ ਏ ਜੂ ਰਿਕਾਰਡ

ਅੰਤਿਕਾ 1.4

(ਪੈਰ੍ਹਾ 1.3.2 ਦੇ ਹਵਾਲੇ ਵਿੱਚ)

2017-22 ਦੀ ਮਿਆਦ ਦੌਰਾਨ ਵਿਦਿਆਰਥੀਆਂ ਦੇ ਦਾਖਲੇ ਵਿੱਚ ਕੋਰਸ-ਵਾਰ ਕਮੀ

ਲੜੀ ਨੰ.	ਕੋਰਸ ਦੇ ਨਾਂਅ (ਮਿਆਦ)	2017-18			2018-19			2019-20			2020-21			2021-22		
		ਦਾਖਲਾ ਸਮਰੱਥਾ	ਦਾਖਲੇ	ਕਮੀ ਪ੍ਰਤੀਸ਼ਤ ਵਿੱਚ	ਦਾਖਲਾ ਸਮਰੱਥਾ	ਦਾਖਲੇ	ਕਮੀ ਪ੍ਰਤੀਸ਼ਤ ਵਿੱਚ	ਦਾਖਲਾ ਸਮਰੱਥਾ	ਦਾਖਲੇ	ਕਮੀ ਪ੍ਰਤੀਸ਼ਤ ਵਿੱਚ	ਦਾਖਲਾ ਸਮਰੱਥਾ	ਦਾਖਲੇ	ਕਮੀ ਪ੍ਰਤੀਸ਼ਤ ਵਿੱਚ	ਦਾਖਲਾ ਸਮਰੱਥਾ	ਦਾਖਲੇ	ਕਮੀ ਪ੍ਰਤੀਸ਼ਤ ਵਿੱਚ
ਅੰਡਰਗ੍ਰੈਜੂਏਟ ਕੋਰਸ																
1.	ਸੀ ਈ ਟੀ ਬੀ.ਐਸ.ਸੀ. (ਆਨਰਜ਼) ਖੇਤੀਬਾੜੀ 4 ਸਾਲ	98	98	0.00	111	107	3.60	116	116	0.00	96	94	2.08	94	91	3.19
2.	ਸੀ ਈ ਟੀ ਬੀ.ਐਸ.ਸੀ. (ਆਨਰਜ਼) ਬਾਗਬਾਨੀ 4 ਸਾਲ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	60	56	6.67	61	61	0.00	61	61	0.00
3.	ਸੀ ਈ ਟੀ ਬੀ.ਐਸ.ਸੀ. (ਆਨਰਜ਼) ਕਮਿਊਨਿਟੀ ਵਿਗਿਆਨ 4 ਸਾਲ	62	41	33.87	59	53	10.17	59	51	13.56	60	33	45.00	59	23	61.02
4.	ਬੀ ਐਸ ਈ ਟੀ ਬੀ.ਐਸ.ਸੀ. (ਆਨਰਜ਼) ਖੇਤੀਬਾੜੀ ਬੱਲੋਵਾਲ ਸੌਖੜੀ ਵਿਖੇ 4 ਸਾਲ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	60	58	3.33
5.	ਏ ਏ ਟੀ ਬੀ.ਐਸ.ਸੀ. (ਆਨਰਜ਼) ਖੇਤੀਬਾੜੀ 6 ਸਾਲ (2+4) ਬਠਿੰਡਾ, ਗੁਰਦਾਸਪੁਰ ਵਿਖੇ	127	127	0.00	126	126	0.00	124	124	0.00	132	132	0.00	124	124	0.00
6.	ਬੀ.ਟੈਕ. (ਖੇਤੀਬਾੜੀ ਇੰਜੀਨਿਅਰਿਗ) 4-ਸਾਲ ਜੇ ਈ ਈ ਮੇਨ	86	86	0.00	82	79	3.66	83	80	3.61	84	79	5.95	82	35	57.32
7.	ਖੇਤੀਬਾੜੀ ਦਾ ਡਿਪਲੋਮਾ 2 ਸਾਲ, ਲੁਧਿਆਣਾ, ਬੱਲੋਵਾਲ ਸੌਖੜੀ ਵਿਖੇ	60	30	50.00	120	79	34.17	90	81	10.00	90	33	63.33	90	8	91.11
8.	ਹਾਈਬ੍ਰਿਡ ਬੀਜ ਉਤਪਾਦਨ ਤਕਨਾਲੋਜੀ ਵਿੱਚ ਇੱਕ ਸਾਲ ਦਾ ਡਿਪਲੋਮਾ ਕੋਰਸ	40	10	75.00	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ
9.	ਸੀ ਈ ਟੀ ਬੀ.ਟੈਕ. ਫੂਡ ਤਕਨਾਲੋਜੀ 4 ਸਾਲ	63	63	0.00	64	64	0.00	60	60	0.00	60	60	0.00	60	60	0.00
10.	ਸੀ ਈ ਟੀ ਬੀ.ਟੈਕ. (ਬਾਇਓ ਤਕਨਾਲੋਜੀ) 4 ਸਾਲ	62	62	0.00	62	62	0.00	60	56	6.67	60	56	6.67	60	51	15.00
11.	ਸੀ ਈ ਟੀ ਬੀ.ਐਸ.ਸੀ. (ਆਨਰਜ਼) ਪੋਸ਼ਣ ਅਤੇ ਖੁਰਾਕ 4 ਸਾਲ	63	63	0.00	62	62	0.00	60	60	0.00	60	60	0.00	60	59	1.67
12.	ਸੀ ਈ ਟੀ ਡਿਜ਼ਾਈਨ ਬੀ.ਐਸ.ਸੀ. (ਆਨਰਜ਼) ਫੈਸ਼ਨ ਡਿਜ਼ਾਈਨਿੰਗ 4 ਸਾਲ	63	35	44.44	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ

ਲੜੀ ਨੰ.	ਕੋਰਸ ਦੇ ਨਾਂਅ (ਮਿਆਦ)	2017-18			2018-19			2019-20			2020-21			2021-22		
		ਦਾਖਲਾ ਸਮਰੱਥਾ	ਦਾਖਲੇ ਹੋਏ	ਕਮੀ ਪ੍ਰਤੀਸ਼ਤ ਵਿੱਚ	ਦਾਖਲਾ ਸਮਰੱਥਾ	ਦਾਖਲੇ ਹੋਏ	ਕਮੀ ਪ੍ਰਤੀਸ਼ਤ ਵਿੱਚ	ਦਾਖਲਾ ਸਮਰੱਥਾ	ਦਾਖਲੇ ਹੋਏ	ਕਮੀ ਪ੍ਰਤੀਸ਼ਤ ਵਿੱਚ	ਦਾਖਲਾ ਸਮਰੱਥਾ	ਦਾਖਲੇ ਹੋਏ	ਕਮੀ ਪ੍ਰਤੀਸ਼ਤ ਵਿੱਚ	ਦਾਖਲਾ ਸਮਰੱਥਾ	ਦਾਖਲੇ ਹੋਏ	ਕਮੀ ਪ੍ਰਤੀਸ਼ਤ ਵਿੱਚ
13.	ਸੀ ਈ ਟੀ ਬੀ.ਐਸ.ਸੀ. (ਆਨਰਜ਼) ਐਗਰੀਬਿਜ਼ਨਸ ਪ੍ਰਬੰਧਨ 4 ਸਾਲ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	40	30	25.00
ਪੋਸਟਗ੍ਰੈਜੂਏਟ ਕੋਰਸ																
14.	ਐਮ.ਐਸ.ਸੀ. ਖੇਤੀਬਾੜੀ (ਘੱਟੋਂ ਘੱਟ 4 ਸਮੈਸਟਰ ਅਤੇ ਵੱਧ ਤੋਂ ਵੱਧ 6 ਸਮੈਸਟਰ)	203	188	7.39	182	178	2.20	172	172	0.00	178	175	1.69	175	161	8.00
15.	ਐਮ.ਐਸ.ਸੀ. ਬਾਗਬਾਨੀ ਅਤੇ ਜੰਗਲਾਤ (ਘੱਟੋਂ ਘੱਟ 4 ਸਮੈਸਟਰ ਅਤੇ ਵੱਧ ਤੋਂ ਵੱਧ 6 ਸਮੈਸਟਰ)	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	57	57	0.00	58	58	0.00	62	62	0.00
16.	ਐਮ.ਟੈਕ (ਘੱਟੋਂ ਘੱਟ 4 ਸਮੈਸਟਰ ਅਤੇ ਵੱਧ ਤੋਂ ਵੱਧ 6 ਸਮੈਸਟਰ)	73	24	67.12	62	34	45.16	58	21	63.79	51	28	45.10	66	24	63.64
17.	ਐਮ.ਐਸ.ਸੀ. ਮੁੱਢਲਾ ਵਿਗਿਆਨ ਅਤੇ ਹਿਊਮੈਨਿਟੀਜ਼ (ਘੱਟੋਂ ਘੱਟ 4 ਸਮੈਸਟਰ ਅਤੇ ਵੱਧ ਤੋਂ ਵੱਧ 6 ਸਮੈਸਟਰ)	165	124	24.85	140	103	26.43	139	99	28.78	136	84	38.24	143	57	60.14
18.	ਵਪਾਰ ਪ੍ਰਸ਼ਾਸਨ (ਖੇਤੀਬਾੜੀ ਬਿਜਨਸ) (ਘੱਟੋਂ ਘੱਟ 4 ਸਮੈਸਟਰ ਅਤੇ ਵੱਧ ਤੋਂ ਵੱਧ (6 ਸਮੈਸਟਰ)	40	20	50.00	40	36	10.00	40	21	47.50	40	35	12.50	40	23	42.50
19.	ਵਪਾਰ ਪ੍ਰਸ਼ਾਸਨ (ਘੱਟੋਂ ਘੱਟ 4 ਸਮੈਸਟਰ ਅਤੇ ਵੱਧ ਤੋਂ ਵੱਧ 6 ਸਮੈਸਟਰ)	50	38	24.00	50	39	22.00	50	32	36.00	50	29	42.00	50	13	74.00
20.	ਐਮ.ਐਸ.ਸੀ. ਹੋਮ ਸਾਇੰਸ/ਕਮਿਊਨਿਟੀ ਸਾਇੰਸ (ਘੱਟੋਂ ਘੱਟ 4 ਸਮੈਸਟਰ ਅਤੇ ਵੱਧ ਤੋਂ ਵੱਧ 6 ਸਮੈਸਟਰ)	69	23	66.67	55	25	54.55	61	39	36.07	63	25	60.32	61	23	62.30
21.	ਸੀ ਈ ਟੀ 5 ਸਾਲ ਏਕੀਕ੍ਰਿਤ ਐਮ.ਐਸ.ਸੀ. (ਆਨਰਜ਼)	80	76	5.00	80	76	5.00	80	74	7.50	80	43	46.25	90	39	56.67
22.	ਐਮ ਸੀ ਏ 3 ਸਾਲ ਅਤੇ ਐਮ ਸੀ ਏ (ਲੈਟਰਲ ਐਂਟਰੀ) 2 ਸਾਲ	60	28	53.33	40	8	80.00	40	13	67.50	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ	ਐਨ ਏ
ਡਾਕਟਰਲ ਪ੍ਰੋਗਰਾਮ																
23.	ਪੀ.ਐਚ.ਡੀ. (ਘੱਟੋਂ ਘੱਟ 5 ਸਮੈਸਟਰ ਅਤੇ ਵੱਧ ਤੋਂ ਵੱਧ 10 ਸਮੈਸਟਰ)	125	111	11.20	131	128	2.29	225	166	26.22	231	175	24.24	219	165	24.66

ਸ੍ਰੋਤ: ਪੀ ਏ ਯੂ ਦੁਆਰਾ ਇਕੱਤਰ ਕੀਤਾ ਡਾਟਾ

ਅੰਤਿਕਾ 1.5

(ਪੈਰ੍ਹਾ 1.4.1.1 ਦੇ ਹਵਾਲੇ ਵਿੱਚ)

ਪ੍ਰਸਤਾਵਿਤ ਖੋਜ ਪ੍ਰੋਜੈਕਟਾਂ ਨੂੰ ਮਨਜ਼ੂਰੀ ਨਾ ਦੇਣ ਲਈ ਫੰਡਿੰਗ ਏਜੰਸੀਆਂ ਦੀਆਂ ਟਿੱਪਣੀਆਂ

ਲੜੀ ਨੰ.	ਪ੍ਰਸਤਾਵਿਤ ਖੋਜ ਪ੍ਰੋਜੈਕਟ ਦਾ ਨਾਂਅ	ਫੰਡਿੰਗ ਏਜੰਸੀ ਦਾ ਨਾਂਅ	ਫੰਡਿੰਗ ਏਜੰਸੀ ਦੀਆਂ ਟਿੱਪਣੀਆਂ
1.	ਟ੍ਰਾਂਸਕ੍ਰਿਪਟੋਮ, ਜੀਨੋਮ, ਅਤੇ ਕੋਡਿੰਗ ਕ੍ਰਮ (ਏ ਟੀ ਜੀ ਸੀ) ਦੀ ਵਿਆਖਿਆ ਲਈ ਵੈੱਬ-ਅਧਾਰਿਤ ਪਲੇਟਫਾਰਮ ਦਾ ਵਿਕਾਸ	ਬਾਇਓਤਕਨਾਲੋਜੀ ਵਿਭਾਗ	ਨਵੀਨਤਾ ਦੀ ਘਾਟ, ਉਦੇਸ਼ ਸਪੱਸ਼ਟ ਨਹੀਂ ਸੰਕਲਪ ਦਾ ਸਬੂਤ ਏ ਟੀ ਜੀ ਸੀ ਮਿਸ਼ਨ ਉਦੇਸ਼ਾਂ ਨਾਲ ਇਕਸਾਰ ਨਹੀਂ ਹੈ।
2.	ਐਕਸਟਰੂਸ਼ਨ ਅਤੇ ਅਲਟਰਾਸਾਊਂਡ ਮੋਡਿਊਲੇਟਡ ਫਲੀਦਾਰ ਪ੍ਰੋਟੀਨ ਤੋਂ ਪਲਾਂਟ ਅਧਾਰਤ ਲਿਕਯੂਡ ਐੱਗ	ਵਿਗਿਆਨ ਅਤੇ ਇੰਜੀਨੀਅਰਿੰਗ ਖੋਜ ਬੋਰਡ	ਉਤਪਾਦ ਦੇ ਵਿਕਾਸ ਲਈ ਲੋੜੀਂਦੇ ਤੀਬਰ ਆਵਰਤੀ ਇਨਪੁਟਸ ਦੇ ਮੱਦੇਨਜ਼ਰ ਇਸਦਾ ਵਿੱਤੀ ਤੌਰ ਤੇ ਵਿਹਾਰਕ ਹੋਣ ਦੀ ਸੰਭਾਵਨਾ ਨਹੀਂ ਹੈ। ਦਾਲਾਂ ਤੋਂ ਪ੍ਰੋਟੀਨ ਕੱਢਣ ਲਈ ਬੀਜ ਸਮੱਗਰੀ ਦੀ ਬਰਬਾਦੀ ਦੇ ਨਾਲ ਮਿਹਨਤ ਕਰਨ ਵਾਲੀ ਪ੍ਰਕਿਰਿਆ ਨਿਰਰਥਕ ਜਾਪਦੀ ਹੈ ਜਦੋਂ ਦੇਸ਼ ਵਿੱਚ ਸਦੀਆਂ ਤੋਂ ਦਾਲਾਂ ਦੀ ਖਪਤ ਹੁੰਦੀ ਰਹੀ ਹੈ। ਇਸ ਤੋਂ ਇਲਾਵਾ, ਸਫਲਤਾ ਦੀ ਸਥਿਤੀ ਵਿੱਚ ਵੀ ਰਵਾਇਤੀ ਦਾਲਾਂ ਨਾਲੋਂ ਅਜਿਹੇ ਪ੍ਰੋਟੀਨ ਸਰੋਤ ਦੀ ਸਵਿਕਾਰਤਾ ਸ਼ਕੀ ਜਾਪਦੀ ਹੈ।
3.	ਘੱਟ ਬੈਂਡੀਕੂਟ ਚੂਹੇ, ਬੈਂਡੀਕੋਟਾ ਬੇਂਗਲੇਨਸਿਸ ਵਿੱਚ ਇਮਿਊਨ ਗਰਭ ਨਿਰੋਧਕ ਸਮਰੱਥਾ ਵਾਲੇ ਸ਼ੁਕਰਾਣੂ ਝਿੱਲੀ ਦੇ ਐਂਟੀਜੇਨਾਂ ਦੀ ਵਿਸ਼ੇਸ਼ਤਾ	ਵਿਗਿਆਨ ਅਤੇ ਇੰਜੀਨੀਅਰਿੰਗ ਖੋਜ ਬੋਰਡ	ਪ੍ਰਸਾਤਿਵ ਅਧਿਐਨ ਦੀ ਯੋਜਨਾ ਸ਼ੁਕਰਾਣੂ ਝਿੱਲੀ ਦੇ ਪ੍ਰੋਟੀਨ ਨੂੰ ਦਰਸਾਉਣ ਦੀ ਯੋਜਨਾ ਹੈ ਤਾਂ ਜੋ ਖੇਤੀਬਾੜੀ ਮੱਹਤਤਾ ਇਸ ਰੋਡੈਂਟ ਪੈਸਟ ਦੇ ਪ੍ਰਬੰਧਨ ਲਈ ਉਹਨਾਂ ਦੀ ਇਮਿਊਨ-ਗਰਭ ਨਿਰੋਧਕ ਸਮਰੱਥਾ ਦਾ ਮੁਲਾਂਕਣ ਕੀਤਾ ਜਾ ਸਕੇ। ਰੋਡੈਂਟ ਨੂੰ ਫੜਨਾ ਅਤੇ ਜੰਗਲ ਤੋਂ ਰੋਗ ਆਦਿ ਤੋਂ ਸੁਰੱਖਿਅਤ ਬਣਾਉਣਾ ਅਵਿਵਹਾਰਕ ਵਿਚਾਰ ਹੈ। ਇਸ ਦੇ ਨਾਲ ਹੀ ਵਿਗਿਆਨ ਵਿੱਚ ਕੋਈ ਨਵੀਨਤਾ ਨਹੀਂ ਹੈ।
4.	ਘਾਤਕ ਡੇਂਗੂ ਵੈਕਟਰ ਏਓਡਸ ਏਜਿਪਟੀ ਦੇ ਨਿਯੰਤਰਣ ਲਈ ਖਮੀਰ ਇਨਕੈਪਸੂਲੈਟਡ ਅਸੈਂਸ਼ੀਅਲ ਆਇਲ ਅਧਾਰਤ ਬਾਇਓ ਲਾਰਵਾਈਸਾਈਡ ਫਾਰਮੂਲੇ ਦਾ ਦੇਸੀ ਵਿਕਾਸ	ਵਿਗਿਆਨ ਅਤੇ ਇੰਜੀਨੀਅਰਿੰਗ ਖੋਜ ਬੋਰਡ	ਇਸ ਪ੍ਰਸਤਾਵ ਦਾ ਬੁਨਿਆਦੀ ਵਿਗਿਆਨਕ ਸਵਾਲ ਨਹੀਂ ਹੈ। ਇਹ ਇੱਕ ਲਾਗੂ ਪ੍ਰੋਜੈਕਟ ਹੈ ਅਤੇ ਇਸ ਵਿੱਚ ਨਵੀਨਤਾ ਦੀ ਘਾਟ ਹੈ। ਇਹ ਵਿਚਾਰਨ ਯੋਗ ਨਹੀਂ ਹੈ।
5.	ਏ ਬੀ ਏ ਨਿਯਮ-ਜੀ ਏ ਬੀ ਏ (ਵਾਈ-ਐਮੀਨੋ ਬਿਊਟੀਰਿਕ ਐਸਿਡ) ਦਾ ਚੌਲਾਂ (ਓਰੀਜ਼ਾ ਸੈਟੀਵਾ ਐਲ) ਵਿੱਚ ਮਿਸ਼ਰਤ ਖਾਰੇਪਣ-ਖਾਰੀਤਾ ਤਣਾਅ ਦੇ ਅਧੀਨ ਬੰਦ ਕਰਨਾ	ਵਿਗਿਆਨ ਅਤੇ ਇੰਜੀਨੀਅਰਿੰਗ ਖੋਜ ਬੋਰਡ	ਅਧਿਐਨ ਵਿੱਚ ਨਵੀਨਤਾ ਦੀ ਘਾਟ ਹੈ। ਵਿਧੀਆਂ ਯਕੀਨਨ ਨਹੀਂ ਹਨ ਅਤੇ ਪ੍ਰਮੁੱਖ ਜਾਂਚ ਕਰਤਾ ਦਾ ਪ੍ਰਕਾਸ਼ਨ ਰਿਕਾਰਡ ਪ੍ਰਭਾਵਸ਼ਾਲੀ ਨਹੀਂ ਹੈ।
6.	ਭਾਰਤ ਤੋਂ ਪੀਜਨਪੀ ਦੇ ਕੀਟ ਨਾਸ਼ਕਾਂ ਦੀ ਜੈਵ ਵਿਭੰਨਤਾ, ਭੂਗੋਲਿਕ ਵੰਡ ਅਤੇ ਡੀ ਐਨ ਏ ਬਾਰਕੋਡਿੰਗ	ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ	ਪ੍ਰਸਤਾਵ ਮਹੱਤਵਪੂਰਨ ਖੇਤਰਾਂ ਅਧੀਨ ਨਹੀਂ ਆਉਂਦਾ ਹੈ।

ਲੜੀ ਨੰ.	ਪ੍ਰਸਤਾਵਿਤ ਖੋਜ ਪ੍ਰੋਜੈਕਟ ਦਾ ਨਾਂਅ	ਫੰਡਿੰਗ ਏਜੰਸੀ ਦਾ ਨਾਂਅ	ਫੰਡਿੰਗ ਏਜੰਸੀ ਦੀਆਂ ਟਿੱਪਣੀਆਂ
7.	ਨਿੰਬੂ ਪ੍ਰਜਾਤੀ ਵਿੱਚ ਮਾਰਕਰ ਦੀ ਸਹਾਇਤਾ ਨਾਲ ਹਾਈਬ੍ਰਿਡ ਚੋਣ	ਬਾਇਓਤਕਨਾਲੋਜੀ ਵਿਭਾਗ	ਕਿਸੇ ਵਪਾਰਕ ਨਤੀਜਿਆਂ ਦੀ ਉਮੀਦ ਨਹੀਂ ਕੀਤੀ ਜਾ ਰਹੀ ਹੈ।
8.	ਜੀਨੋਮਿਕਸ ਦੀ ਸਹਾਇਤਾ ਨਾਲ ਟੀ. ਡੁਰਮ-ਏਸਪਲੈਟੋਇਡਜ਼ ਕ੍ਰੋਮੋਸੋਮਲ ਲਾਈਬ੍ਰੇਰੀ ਵਿੱਚ ਨਵੇਂ ਜੈਨੇਟਿਕ ਪਰਿਵਰਤਨ ਦੀ ਖੋਜ ਅਤੇ ਮਹੱਤਵਪੂਰਨ ਜੀਨਜ਼/ਕਿਯੂ ਟੀ ਐਲ ਤੋਂ ਹੈਕਸਾਪਲਾਟਿਡ ਕਣਕ ਦੀ ਗਤੀਸ਼ੀਲਤਾ	ਬਾਇਓਤਕਨਾਲੋਜੀ ਵਿਭਾਗ	ਕੋਈ ਵਿਭਿੰਨਤਾ ਪ੍ਰਦਾਨ ਕਰਨ ਯੋਗ ਨਹੀਂ, ਪ੍ਰਿਸੀਪਲ ਜਾਂਚ ਕਰਤਾ ਦੇ ਨਾਲ ਕਈ ਪ੍ਰੋਜੈਕਟ ਚੱਲ ਰਹੇ ਹਨ।
9.	ਭਾਰਤੀ ਸਰ੍ਹੋ (ਬ੍ਰਾਸਿਕਾ ਜੁੰਸੀਆ ਐਲ ਜ਼ੇਰਨ ਅਤੇ ਕੌਸ) ਦੀਆਂ ਇੰਟਰੋਗ੍ਰੈਸ਼ਨ ਲਾਈਨਾਂ ਵਿੱਚ ਸੰਯੁਕਤ ਸੋਕੇ ਅਤੇ ਗਰਮੀ ਸਹਿਣਸ਼ੀਲਤਾ ਦੇ ਰੂਪ ਵਿਗਿਆਨਿਕ, ਭੌਤਿਕ ਕੈਮੀਕਲ ਅਤੇ ਅਣੂ ਅਧਾਰ ਨੂੰ ਸਮਝਣਾ	ਵਿਗਿਆਨ ਅਤੇ ਇੰਜੀਨੀਅਰਿੰਗ ਖੋਜ ਬੋਰਡ	ਪੀ ਆਈ ਨੇ ਜੀ ਡਬਲਯੂ ਏ ਐਸ ਵਿਸ਼ਲੇਸ਼ਣ ਦਾ ਪ੍ਰਸਤਾਵ ਰੱਖਿਆ ਹੈ, ਜੋ ਕਿ ਨਿਊਨਤਮ ਜੈਨੇਟਿਕ ਵਿਭਿੰਨਤਾ ਦੇ ਨਾਲ ਇੰਟਰੋਗ੍ਰੈਸ਼ਨ ਲਾਈਨਾਂ ਵਿੱਚ ਇੱਕ ਵਧੀਆ ਤਰੀਕਾ ਨਹੀਂ ਹੋਵੇਗਾ। ਵਿਧੀ ਸਹੀ ਢੰਗ ਨਾਲ ਨਹੀਂ ਲਿਖੀ ਗਈ ਹੈ।
10.	ਪੰਜਾਬ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ ਦੇ ਵਿਕਾਸ ਲਈ ਸਵੈ-ਸਹਾਇਤਾ ਸਮੂਹਾਂ ਦਾ ਗਠਨ।	ਵਿਗਿਆਨ ਅਤੇ ਤਕਨਾਲੋਜੀ ਵਿਭਾਗ	ਕੋਈ ਵਿਗਿਆਨਕ ਯੋਗਤਾ, ਸਮਾਜ ਸ਼ਾਸਤਰ ਜਾਂ ਸਮਾਨ ਖੇਤਰਾਂ ਲਈ ਉਚਿਤ ਨਹੀਂ। ਪ੍ਰਸਤਾਵ ਸਮਾਜਿਕ ਮੁੱਦਿਆਂ ਤੇ ਜ਼ਿਆਦਾ ਕੇਂਦ੍ਰਿਤ ਹੈ ਅਤੇ ਵਿਗਿਆਨਕ ਨਹੀਂ ਹੈ। ਕੋਈ ਵਿਗਿਆਨਕ ਯੋਗਦਾਨ ਦੀ ਉਮੀਦ ਨਹੀਂ ਹੈ।
11.	ਗੁਲਾਬੀ ਸੁੰਡੀ, ਪੈਕਟੀਨੌਫੋਰਾ, ਗੌਸਪੀਆਲਾ ਲਈ ਸੀ ਆਰ ਆਈ ਐਸ ਪੀ ਆਰ-ਸੀ ਏ ਐਸ 9 ਅਧਾਰਤ ਜੀਨੋਮ ਸੰਪਾਦਨ ਪ੍ਰਣਾਲੀ ਦਾ ਵਿਕਾਸ ਕਰਨਾ	ਵਿਗਿਆਨ ਅਤੇ ਇੰਜੀਨੀਅਰਿੰਗ ਖੋਜ ਬੋਰਡ	ਪ੍ਰੋਜੈਕਟ ਲਈ ਵਿਗਿਆਨਕ ਤਰਕ ਨੂੰ ਮਜਬੂਤ ਸ਼ੁਰੂਆਤੀ ਸਬੂਤਾਂ ਦੇ ਨਾਲ ਵਿਸ਼ਵਾਸਯੋਗ ਢੰਗ ਨਾਲ ਪੇਸ਼ ਨਹੀਂ ਕੀਤਾ ਗਿਆ ਹੈ। ਪ੍ਰੋਜੈਕਟ ਵਿੱਚ ਫੋਕਸ ਅਤੇ ਵਿਗਿਆਨਕ ਯੋਗਤਾ ਦੀ ਘਾਟ ਹੈ।
12.	ਸਿੱਧੀ ਬਿਜਾਈ ਵਾਲੀ ਚੌਲਾਂ ਦੀ ਕਾਸ਼ਤ ਪ੍ਰਣਾਲੀ ਦੇ ਅਧੀਨ ਵੱਡੀ ਸ਼ੁਰੂਆਤੀ ਬਿਜਾਦੀ ਤਾਕਤ ਦੇ ਜੀਨੋਮਿਕ ਫੂਟਪਰਿੰਟ ਨੂੰ ਸਮਝਣ ਵਿੱਚ ਨਵੀਂ ਸਮਝ	ਵਿਗਿਆਨ ਅਤੇ ਇੰਜੀਨੀਅਰਿੰਗ ਖੋਜ ਬੋਰਡ	ਕੁੱਝ ਸਵਾਲ ਜਿਵੇਂ-ਫੀਨੋਟਾਈਪਿਕ ਗੁਣਾਂ ਨੂੰ ਕਿਵੇਂ ਮਾਪਣ ਜਾ ਰਹੇ ਹਨ, ਬਿਜਾਈ ਦੀ ਡੂੰਘਾਈ ਕੀ ਹੈ, ਆਦਿ ਦਾ ਸਪੱਸ਼ਟ ਤੌਰ ਤੇ ਜ਼ਿਕਰ ਕਰਨ ਦੀ ਲੋੜ ਹੈ। ਮੌਜੂਦਾ ਰੂਪ ਵਿੱਚ, ਇਸਦਾ ਜ਼ਿਕਰ ਨਹੀਂ ਹੈ। ਇੱਕ ਹੋਰ ਕਾਰਨ ਇਹ ਹੈ ਕਿ ਪ੍ਰੋਜੈਕਟ ਦੀਆਂ ਗਤੀਵਿਧੀਆਂ ਨੂੰ ਭਾਰੀ ਵਿੱਤੀ ਸਹਾਇਤਾ ਦੀ ਲੋੜ ਹੁੰਦੀ ਹੈ ਜੋ ਐਸ ਪੀ ਆਰ ਅਧੀਨ ਸੰਭਵ ਨਹੀਂ ਹੈ।
13.	ਟਿਸ਼ੂ ਕਲਚਰ ਵਿੱਚ ਬਾਇਓ-ਹਾਰਡਨਿੰਗ ਅਤੇ ਵਿਕਾਸ ਦੀ ਗਤੀ ਨੇ ਸਟ੍ਰਾਬੇਰੀ ਪੌਦਿਆਂ ਨੂੰ ਉਭਾਰਿਆ	ਬਾਇਓਤਕਨਾਲੋਜੀ ਵਿਭਾਗ	ਆਮ ਪ੍ਰਸਤਾਵ। ਕਈ ਪ੍ਰਾਈਵੇਟ ਕੰਪਨੀਆਂ ਅਜਿਹਾ ਕਰ ਰਹੀਆਂ ਹਨ।

ਲੜੀ ਨੰ.	ਪ੍ਰਸਤਾਵਿਤ ਖੋਜ ਪ੍ਰੋਜੈਕਟ ਦਾ ਨਾਂਅ	ਫੰਡਿੰਗ ਏਜੰਸੀ ਦਾ ਨਾਂਅ	ਫੰਡਿੰਗ ਏਜੰਸੀ ਦੀਆਂ ਟਿੱਪਣੀਆਂ
14.	ਆਰਥਿਕ ਤੌਰ ਤੇ ਮਹੱਤਵਪੂਰਨ ਗੁਣਵੱਤਾ ਵਾਲੇ ਗੁਣਾਂ ਵਾਲੇ ਨਵੇਂ ਇੰਟਰ/ਇੰਟਰਾ-ਸਪੈਸਿਫਿਕ ਨਿੰਬੂ ਜਾਤੀ ਦੇ ਹਾਈਬ੍ਰਿਡਜ਼ ਦਾ ਜੀਨੋਮ ਅਧਾਰਤ ਮੈਪਿੰਗ ਅਤੇ ਵਿਕਾਸ	ਬਾਇਓਤਕਨਾਲੋਜੀ ਵਿਭਾਗ	ਪਹਿਲਾਂ ਹੀ ਸਮਰੂਪ ਪ੍ਰੋਜੈਕਟ ਪੀ ਆਈ ਨੂੰ ਫੰਡ ਕੀਤਾ ਗਿਆ ਹੈ।
15.	ਬੇਮਿਸੀਆ ਟੈਬਾਸੀ ਵਿੱਚ ਟੈਚਿਕਿਨਿਨਸ ਅਤੇ ਇਸਦੇ ਰੀਸੈਪਟਰ ਜੀਨ ਦੀ ਢਾਂਚਾਗਤ ਅਤੇ ਕਾਰਜਸ਼ੀਲ ਵਿਸ਼ੇਸ਼ਤਾ ਅਤੇ ਨਵੇਂ ਕੀਟਨਾਸ਼ਕਾਂ ਦੇ ਵਿਕਾਸ ਲਈ ਸੰਭਾਵੀ ਸੂਡੋਪੇਪਟਾਈਡਸ ਦੀ ਪਛਾਣ	ਜੈਨੇਟਿਕ ਇੰਜੀਨੀਅਰਿੰਗ ਅਤੇ ਬਾਇਓਤਕਨਾਲੋਜੀ ਲਈ ਅੰਤਰਰਾਸ਼ਟਰੀ ਕੇਂਦਰ	ਪੂਰਾ ਪ੍ਰੋਜੈਕਟ ਇਸ ਧਾਰਨਾ ਤੇ ਨਿਰਭਰ ਕਰਦਾ ਹੈ ਕਿ ਰੀਸੈਪਟਰ ਜਰੂਰੀ ਹਨ ਪਰ ਜੇਕਰ ਅਜਿਹਾ ਨਹੀਂ ਹੋਵੇਗਾ, ਤਾਂ ਸਾਰੇ ਪ੍ਰਸਤਾਵਿਤ ਕੰਮ ਆਪਣਾ ਮਤਲਬ ਗੁਆ ਦੇਣਗੇ। ਸੀ ਆਰ ਆਈ ਐਸ ਪੀ ਆਰ-ਸੀ ਏ ਐਸ 9 ਦਾ ਵੀ ਜ਼ਿਕਰ ਕੀਤਾ ਗਿਆ ਹੈ ਅਤੇ ਸਿਖਲਾਈ ਲਈ ਅਨੁਮਾਨ ਲਗਾਇਆ ਗਿਆ ਹੈ, ਪਰ ਅਸਲ ਪ੍ਰਸਤਾਵ ਵਿੱਚ ਕੋਈ ਵੇਰਵੇ ਸ਼ਾਮਲ ਨਹੀਂ ਕੀਤੇ ਗਏ ਹਨ। ਪੀ ਆਈ ਦਾ ਸੀ ਵੀ ਦਰਸਾਉਂਦਾ ਹੈ ਕਿ ਉਸਨੇ ਆਪਣਾ ਪੂਰਾ ਕਰੀਅਰ ਉਸੇ ਥਾਂ ਤੇ ਬਿਤਾਇਆ ਅਤੇ ਪ੍ਰਕਾਸ਼ਨ ਰਿਕਾਰਡ ਪ੍ਰਤੀਯੋਗੀ ਨਹੀਂ ਹੈ।

ਸ੍ਰੋਤ: ਪੀ ਏ ਯੂ ਰਿਕਾਰਡ

ਅੰਤਿਕਾ 1.6

(ਪੈਰ੍ਹਾ 1.4.2.1(i) ਦੇ ਹਵਾਲੇ ਵਿੱਚ)

ਨਵੰਬਰ 2022 ਤੱਕ ਯੂਨੀਵਰਸਿਟੀ ਦੀਆਂ ਪੇਟੈਂਟ ਤਕਨਾਲੋਜੀਆਂ ਦੀ ਸੂਚੀ

ਲੜੀ ਨੰ.	ਤਕਨਾਲੋਜੀ ਦਾ ਨਾਂਅ	ਪੇਟੈਂਟ ਦੀ ਮਨਜ਼ੂਰੀ ਦੀ ਮਿਤੀ
1.	ਫਸਲਾਂ ਦੀ ਸਿੰਚਾਈ ਪਾਣੀ ਪ੍ਰਬੰਧਨ ਲਈ ਇੱਕ ਸੁਧਾਰਿਆ ਹੋਇਆ ਫੀਲਡ ਟੈਂਸ਼ੀਓਮੀਟਰ	11.10.2013
2.	ਹਾਈਬ੍ਰਿਡ ਕੰਬਾਇਨ ਹਾਰਵੈਸਟਰ	28.02.2017
3.	ਗਾੜ੍ਹੇ ਗੰਨੇ ਦੇ ਸਿਰਕੇ ਨੂੰ ਤਿਆਰ ਕਰਨ ਲਈ ਫਰਮੈਂਟੇਸ਼ਨ ਪ੍ਰਕਿਰਿਆ	22.01.2018
4.	ਪੈਕਡ ਬੈੱਡ ਕੁਦਰਤੀ ਸਰਕੁਲੇਸ਼ਨ ਦੀ ਵਰਤੋਂ ਕਰਦੇ ਹੋਏ ਉਨੱਤ ਸੋਲਰ ਡ੍ਰਾਇਅਰ	23.01.2018
5.	ਉਨੱਤ ਸੋਲਰ ਕੂਕਰ	18.06.2018
6.	ਪੌਲੀਗੋਨਮ ਬਿਸਟੋਰਟਾ ਅਤੇ ਸਾਈਪ੍ਰਸ ਰੋਟੰਡਸ ਪਲਾਂਟ ਸਾਧਨਾਂ ਦੀ ਵਰਤੋਂ ਕਰਦੇ ਟੈਕਸਟਾਈਲ ਨੂੰ ਰੰਗਣ ਦੀ ਪ੍ਰਕਿਰਿਆ	06.09.2018
7.	ਭਾਰੀ ਧਾਤੂ ਮੁਕਤ ਖਣਿਜਾਂ ਵਾਲੇ ਫਾਸਫੋਰਸ ਨੂੰ ਵੱਖ ਕਰਨ ਲਈ ਫਾਸਫੇਟ ਪੱਥਰ ਦਾ ਲਾਭਕਾਰੀਕਰਨ	19.09.2018
8.	ਫਲਾਂ ਦੇ ਜੂਸ ਤੋਂ ਗੈਰ-ਅਲਕੋਹਲ ਕੁਦਰਤੀ ਕਾਰਬੋਨੇਟਿਡ ਬੈੱਵਰਿਜ ਦੇ ਉਤਪਾਦਨ ਲਈ ਤਕਨਾਲੋਜੀ ਵਿਕਾਸ	16.01.2019
9.	ਕਾਓਲਿਨ ਖਣਿਜ ਭੰਡਾਰਾਂ 'ਤੇ ਫਾਸਫੋਰਸ ਦੀ ਨੈਨੋਫੈਬਰੀਕੇਸ਼ਨ	24.07.2019
10.	ਉਨੱਤ ਗ੍ਰੀਨਹਾਊਸ ਕਿਸਮ ਦਾ ਸੋਲਰ ਡ੍ਰਾਇਅਰ	14.08.2019
11.	ਪ੍ਰੈਸ਼ਰਾਈਜ਼ਡ ਆਲ-ਗਲਾਸ ਇਵੈਕੁਏਟਡ ਟਿਊਬ ਸੋਲਰ ਵਾਟਰ ਹੀਟਰ	22.10.2019
12.	ਨੈਨੋ ਫਾਰਮਾਂ ਵਿੱਚ ਮਿੱਟੀ-ਖਣਿਜ ਭੰਡਾਰਾਂ ਵਿੱਚ ਜ਼ਿੰਕ ਅਗਾਊਂ ਖਣਿਜਾਂ ਦੇ ਤੌਰ ਤੇ ਉਹਨਾਂ ਦੀ ਵਰਤੋਂ ਲਈ ਜਿਸ ਵਿੱਚ ਨਵੀਂ ਖਾਦ ਸ਼ਾਮਲ ਹੈ	26.12.2020
13.	ਇਲੈਕਟ੍ਰਿਕ ਮਿੱਟੀ ਕੀਟਾਣੂਨਾਸ਼ਕ	18.02.2021
14.	ਨੈਨੋਫੈਬਰੀਕੇਸ਼ਨ ਪ੍ਰਕਿਰਿਆ ਜਿਸ ਵਿੱਚ ਮਿੱਟੀ ਦੇ ਖਣਿਜਾਂ ਨੂੰ ਭੰਡਾਰਾਂ ਵਜੋਂ ਸ਼ਾਮਲ ਕੀਤਾ ਗਿਆ ਹੈ, ਜਿਸ ਵਿੱਚ ਨਵਿਆਂ ਖਾਦਾਂ (ਪ੍ਰਕਿਰਿਆ) ਸਮੇਤ ਉਨੱਤ ਨੈਨੋ ਖਣਿਜਾਂ ਦਾ ਨਿਰਮਾਣ ਸ਼ਾਮਲ ਹੈ	21.07.2021

ਲੜੀ ਨੰ.	ਤਕਨਾਲੋਜੀ ਦਾ ਨਾਂਅ	ਪੇਟੈਂਟ ਦੀ ਮਨਜ਼ੂਰੀ ਦੀ ਮਿਤੀ
15.	ਐਸਿਡ ਥਰਮੋਫਿਲਿਕ ਫੰਗਲ ਸੈਲੂਲੋਜ਼ ਦੀ ਵਰਤੋਂ ਕਰਦੇ ਹੋਏ ਮਿੱਠੇ ਸੋਰਘਮ ਬੈਗਾਸ ਤੋਂ ਵਧੇ ਹੋਏ ਗਲੂਕੋਜ਼ ਦੇ ਉਤਪਾਦਨ ਲਈ ਫਰਮੈਂਟੇਸ਼ਨ ਪ੍ਰਕਿਰਿਆ	01.09.2021
16.	ਹੀਲ ਪੁਸ਼ਡ ਡੂਅਲ ਫੂਟ ਆਪਰੇਟਡ ਸ਼ੁਗਰਕੇਨ ਬੱਡ ਚੀਪਿੰਗ ਅਪਰੇਟਸ	23.05.2022
17.	ਪਾਣੀ ਦੀ ਜਾਂਚ ਲਈ ਵਿਧੀ ਅਤੇ ਪਾਣੀ ਦੀ ਜਾਂਚ ਕਿੱਟ	13.06.2022
18.	ਪੋਟ-ਅਧਾਰਤ ਸਬਸਟਰੇਟ ਹਾਈਡ੍ਰੋਪੋਨਿਕਸ ਲਈ ਪਾਣੀ ਅਤੇ ਪੌਸ਼ਟਿਕ ਤੱਤਾਂ ਦਾ ਛੇਕ ਬਣਾਉਣ ਦੀ ਕਿਰਿਆ ਅਤੇ ਰੀਸਰਕੁਲੇਸ਼ਨ ਪ੍ਰਣਾਲੀ ਵਿੱਚ ਸੁਧਾਰ	28.10.2022

ਸ੍ਰੋਤ: ਪੀ ਏ ਯੂ ਦੁਆਰਾ ਦਿੱਤੀ ਗਈ ਜਾਣਕਾਰੀ

ਨੋਟ: ਆਈ ਸੀ ਏ ਆਰ ਦੇ ਨਾਂਅ 'ਤੇ, ਲੜੀ ਨੰਬਰ 4,9,12 ਅਤੇ 14 ਤੇ ਸਹਿਯੋਗੀ ਵਿਕਸਤ ਤਕਨਾਲੋਜੀਆਂ ਦੇ ਸਬੰਧ ਵਿੱਚ ਪੇਟੈਂਟ ਦਿੱਤਾ ਗਿਆ ਹੈ।

ਅੰਤਿਕਾ 1.7

(ਪੈਰ੍ਹਾ 1.4.2.1(i) ਦੇ ਹਵਾਲੇ ਵਿੱਚ)

